੧ੴ ਸਤਿਗੁਰ ਪ੍ਰਸਾਦਿ

# ਵਿਸ਼ਾ ਸੂਚੀ ਭਾਗ ਪਹਿਲਾ

## ਪਹਿਲਾ ਕਾਂਡ

ਮੁਖ ਬੰਦ ੧
ਗਯਾਨ ਕੀ ਆਈ ਆਂਧੀ ੨
ਭੂਮਿਕਾ ੪
ਦਜੈ ਐਡੀਸ਼ਨ ਬਾਰੇ ੧੫

## ਪਹਿਲਾ ਕਾਂਡ

੧ ਧਰਤੀ ਮਾਤਾ ਦੀ ਪੁਕਾਰ ੧੬
੨ ਸੁਣੀ ਪੁਕਾਰ ਦਾਤਾਰ ਪ੍ਰਭੁ ੨੦
੩ ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ ੨੩
੪ ਜਬ ਇਹ ਗਹੇ ਬਿਪੱਰਨ ਕੀ ਰੀਤ ੨੬

## ਦੂਜਾ ਕਾਂਡ

੧ ਬਿੱਪ੍ਰ ਅਤੇ ਉਸ ਦੀ ਰੀਤ (ਬਿੱਪ੍ਰਨ ਕੀ ਰੀਤ) ੩੨
੨ ਬ੍ਰਾਹਮਣ ਕਦੋਂ ਪ੍ਰਗਟ ਹੋਇਆ ੩੨
੩ ਮੰਨੂ ੩੪
੪ ਭ੍ਰਿਗੁ ੩੬
੫ ਮਾਤਾ ਪਿਤਾ ਦੋਵੇਂ ਜ਼ਰੂਰੀ ੩੬
੬ ਬ੍ਰਾਹਮਣ ਦੇ ਪ੍ਰਗਟ ਹੋਣ ਦੀ ਅਸਲੀਅਤ ੩੮
੭ ਵਰਨ ਵੰਡ ੩੮
੮ ਬ੍ਰਾਹਮਣ ਇੱਕ ਪਦਵੀ ੩੯
੯ ਤ੍ਰਿਸ਼ਨਾ ੩੯
੧੦ ਵਿਦਿਆ ਦੀਆਂ ਕਰਾਮਾਤਾਂ ੪੧

## ਤੀਜਾ ਕਾਂਡ

੧ ਬ੍ਰਾਹਮਣ ਬਨਾਮ ਤੇਤੀ ਕ੍ਰੋੜ ਦੇਵੀ ਦੇਵਤੇ ੪੭
੨ ਵਸ਼੍ਵਕਰਮਾ (ਕਥਿਤ ਪਰਮ ਮਿਸਤਰੀ) ੪੮
੩ ਦੇਵੀ ਦੇਵਤਿਆਂ ਦੀ ਸਵਾਰੀ ਦਾ ਪ੍ਰਬੰਧ ੪੮
੪ ਦੇਵੀ ਦੇਵਤਿਆਂ ਦੀ ਅਪਾਰ ਕਿਰਪਾ ੪੯
੫ ਵਰਾਂ ਸਰਾਪਾਂ, ਅਥਵਾ ਅਸੀਸਾਂ ਬਦ-ਅਸੀਸਾਂ ਦਾ ਬਿੱਪ੍ਰੀ ਮਾਇਆ ਜਾਲ ੫੧
੬ ਵਰ-ਸਰਾਪ, ਅਸੀਸਾਂ ਬਦ-ਅਸੀਸਾਂ ਸਤੇ ਗੁਰਮਤਿ ੫੨
੭ ਪੂਜਾ-ਅਰਚਾ ੫੬
੮ ਦੇਵੀ ਦੇਵਤੇ ਦੀ ਪੂਜਾ ਅਤੇ ਗੁਰਮਤਿ ੫੬
੯ ਪੂਜਾ ਦਾ ਜ਼ੁਲਮੀ ਅਤੇ ਨਿਸਫ਼ਲ ਪੱਖ ੫੮
੧੦ ਪੂਜਾ ਸੰਬੰਧੀ ਗੁਰਮਤਿ ਪਰਯਾਦਾ ੫੯
੧੧ ਗੁਰ ਪਰਮੇਸਰੁ ਪੂਜੀਐ ੬੩
੧੨ ਅਕਾਲ ਪੁਰਖ ਦੀ ਪੂਜਾ ੬੧
੧੩ ਆਰਤੀ ੬੩
੧੪ ਦੇਵੀ ਦੇਵਤੇ ਅਤੇ ਮਾਸ ਸ਼ਰਤਾਬ ੬੭
੧੫ ਵੈਸਨੋ ਦੇਵੀ ਨੂੰ ਮਨੁੱਖ ਦਾ ਮਾਸ ਭੇਟਾ ਕਰਨ ਦੀ ਅਜੋਕੀ ਘਟਨਾ ੬੮
੧੬ ਭੋਗ ਲਾਉਣ ਦੀ ਪਰਿਪਾਟੀ ੬੯
੧੭ ਕਾਮ ਵਾਸ਼ਨਾ ਦੀ ਤ੍ਰਿਪਤੀ ਦੇ ਸਾਧਨ ਦੇਵਤੇ ? ੭੦

੧੮ ਭੋਗ ਲਾਉਣ ਦੀ ਮਰਯਾਦਾ ਘੋਰ ਪਾਪਾਂ ਦਾ ਮੂਲ ੭੧
੧੯ ਭੋਗ ਲਾਉਣਾ ਅਤੇ ਗੁਰਮਤਿ ੭੫
੨੦ ਦੇਵੀ ਦੇਵਤੇ ਅਤੇ ਗੁਰਬਾਣੀ ੮੧
੨੧ ਗਾਇਤ੍ਰੀ ਮੰਤ੍ਰ ੮੭
੨੨ ਪ੍ਰਭੂ ਆਪੇ ਹੀ ਆਪ ਹੈ ੮੯ ੧੫+੨੨= ੩੭

**ਚੌਥਾ ਕਾਂਡ**

੧ ਅਵਤਾਰ ਪ੍ਰਥਾ ਅਤੇ ਗੁਰਮਤਿ ੯੩
੨ ਬ੍ਰਾਹਮਣ ਬਨਾਨ ਮਿਥਹਾਸਕ ਅਵਤਾਰ ੯੫
੩ ਭਗਵਾਨ ਰਾਮਚੰਦ੍ਰ ਜੀ ੧੦੧
੪ ਰਾਮਾਇਣ ਕਥਾ ਪ੍ਰਤੀ ਗੰਭੀਰ ਸ਼ੰਕਿਆਂ ਦਾ ਵੇਰਵਾ ੧੦੫
੫ ਮਰਯਾਦਾ ਪਰਸੋਤਮ ਦੀ ਉਪਾਧੀ ੧੧੧
੬ ਪੈਰ ਕੁਹਾੜਾ ੧੧੪
੭ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਜੀ ਦੇ ਨਾਮ ਚਿੱਠੀ ੧੧੫
੮ ਕ੍ਰਿਸ਼ਨ ਅਵਤਾਰ ੧੨੩
੯ ਕ੍ਰਿਸ਼ਨ ਭਗਵਾਨ ਤੇ ਕਲਗ਼ੀਧਰ ੧੨੫
੧੦ ਕੌੜਾ ਸੱਚ ੧੩੮
੧੧ ਬਿੰਦ੍ਰਾ ਬੰਨ ਮਹਿ ਰੰਗ ਕੀਆ ੧੪੦
੧੨ ਗਿਆਨੀ ਈਸ਼ਰ ਸਿੰਘ ਨਾਰਾ
ਅਤੇ ਦਸਮ ਗੁਰੂ ਗ੍ਰੰਥ ਸਾਹਿਬ ੧੪੧
੧੩ ਰੰਗ-ਮੰਚ ਵਾਲੀ ਬਿੱਪ੍ਰੀ ਲੀਲ੍ਹਾ
ਤੇ ਵੀ ਰੱਬੀ ਦਫ਼ਤਰ ਦੀ ਮੋਹਰ ੧੪੮
੧੪ ਵਿਚਾਰ ਦੀ ਗੱਲ ੧੫੦
੧੫ ਸੁਚਅਚਾਰ ਅਤੇ ਗੁਰਮਤਿ ੧੫੧-੧੫੩


# ਮੁਖ-ਬੰਦ

ਕਲਾ ਕੌਸ਼ਲਤਾ ਜਿਸ ਦਾ ਦੂਜਾ ਨਾਮ ਸਾਹਿਤ ਹੈ । ਮਾਨਵ ਚੇਤਨਤਾ ਦੇ ਨਿਚੋੜ ਦਾ ਪ੍ਰਤੀਬਿੰਬ ਹੈ । ਇਸ ਚੇਤਨਤਾ ਦਾ ਵਿਕਾਸ ਭਾਵ ਰਜ, ਤਮ ਸਤਿ ਦਾ ਪ੍ਰਕਾਸ਼ ਅਤੇ ਸਤਿ, ਚਿਤ ਆਨੰਦ ਦਾ ਅਨੁਭਵ ਇਕ ਵਿਸ਼ੇਸ ਗੁਰ ਅਨੁਸਾਰ ਸੂਖਮ ਤੇ ਸਥੂਲ ਰਾਹੀਂ ਸਦੀਵੀ ਹੋ ਰਿਹਾ ਹੈ । ਇਸ ਪਰਾਭੌਤਿਕ ਅਗੰਮ ਅਗੋਚਰ ਅਤੇ ਅਥਾਹ ਗਿਆਨ ਦਾ ਪ੍ਰਕਾਸ਼ ਕਰਨ ਵਾਲੀ ਬਾਣੀ ਨੂੰ ਗੁਰਬਾਣੀ ਆਖਿਆ ਗਿਆ ਹੈ । ਇਹ ਧੁਰ ਕੀ ਬਾਣੀ, ਅਕਾਲੀ ਬਾਣੀ ਦਾ ਪ੍ਰਕਾਸ਼ ਕਲਜੁਗੀ ਜੀਵਾਂ ਦੇ ਉਧਾਰ ਲਈ ਸਤਿਗੁਰੂ ਨਾਨਕ ਦੇਵ ਜੀ ਨੇ ਆਪਣੇ ਦਸ ਜਾਮੇਂ ਧਾਰਣ ਕਰਕੇ ਆਦਿ ਗੁਰੂ ਗ੍ਰੰਥ ਦੇ ਰੂਪ ਵਿਚ ਪ੍ਰਕਾਸ਼ਮਾਨ ਕੀਤਾ । ਵਰਤਮਾਨ ਮਨੁਖ ਪਦਾਰਥਵਾਦੀ ਮਾਇਆ ਦੇ ਲਿਸ਼ਕਾਰੇ ਅਤੇ ਭੁੱਲ ਭੁਲੱਈਆਂ ਤੇ ਅੰਧਕਾਰ ਵਿਚ ਫਸਿਆ ਹੋਇਆ ਹੈ । ਪ੍ਰਾਰਥਕ ਗਿਆਨ ਵਲੋਂ ਅੱਖਾਂ ਮੀਟ ਕੇ ਮਾਇਆ ਦੀ ਚਕਾਚੌਂਧ ਵਿਚ ਉਲਝਿਆ ਹੋਇਆ ਹੈ । ਗੁਰਬਾਣੀ ਦਾ ਮਹਾਨ ਸੂਰਜ ਅਨੁਭਵ ਪ੍ਰਕਾਸ਼ ਅਕਾਲ ਪੁਰਖ ਦੇ ਸੱਚੇ ਪੰਥ ਨੂੰ ਦਰਸਾਉਂਦਾ ਹੋਇਆ ਮ੍ਰਿਤ ਲੋਕ ਦੀਆਂ ਮਾਨਵ ਲੋੜਾਂ ਨੂੰ ਪੂਰਾ ਕਰਦਾ ਹੈ ਪਰ ਇਸ ਤਤ ਗੁਰਮਤਿ ਸਤਿ ਦਾ ਗਿਆਨ ਵਿਰਲੇ ਗੁਰਮੁਖ ਸਿੱਖਾਂ ਨੂੰ ਹੀ ਹੈ । ਜਿਨ੍ਹਾਂ ਦੇ ਅੰਤੁਸ਼ਕਰਣ ਦੀ ਸੁਧੀ ਕਾਰਣ ਲਿਵ ਸਤਿਗੁਰਾਂ ਦੇ ਚਰਨਾਂ ਨਾਲ ਜੁੜੀ ਹੈ । ਇਸ ਪੰਥ ਦਾ ਮਹਾਨ ਵਿਰਸਾ ਗੁਰਮਤਿ ਗਿਆਨ ਸਮੇਂ ਦੇ ਗੇੜ ਅਨੁਸਾਰ ਉਹਨਾਂ ਬੱਦਲਾਂ ਹੇਠ ਹੀ ਅਲੋਪ ਹੋ ਗਿਆ ਹੈ । ਜਿਸ ਧੁੰਦੂਕਾਰ ਵਿਚੋਂ ਸਤਿਗੁਰ ਨਾਨਕ ਦੇਵ ਜੀ ਨੇ ਮਾਨਵਤਾ ਨੂੰ ਕਢ ਕੇ ਸਤਿ ਦਾ ਮਾਰਗ ਦ੍ਰਿੜ ਕਰਵਾਇਆ ਹੈ ।

"ਗੁਰਮੁਖ ਸੱਚਾ ਪੰਥ ਹੈ ਸਿੱਖ ਸਹਿਜ ਕਰ ਜਾਇ ਖਲੋਵੈ " ਇਸ ਸੱਚ ਮਾਰਗ ਉਤੇ ਗੁਰਬਾਣੀ ਦੇ ਗਿਆਨ ਦੀ ਰੌਸ਼ਨੀ ਵਿਚ ਚੱਲਣ ਲਈ ਪੁਸਤਕ ' ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ " ਵਿਚ ਗੁਰਮੁਖ ਪਿਆਰੇ ਸ੍ਰ: ਗੁਰਬਾਖ਼ਸ਼ ਸਿੰਘ ਜੀ ਨੇ ਗੁਰੂ ਪੰਥ ਨੂੰ ਚੱਲਣ ਲਈ ਜੋਦੜੀ ਕੀਤੀ ਹੈ । ਧਨ ਦੌਲਤ ਦੇ ਲਿਸ਼ਕਾਰ ਦੇ ਘੋਰ ਅੰਧਕਾਰ ਸਮੇਂ ਗੁਰਮਤਿ ਦੇ ਸੂਰਜ ਨੂੰ ਰੌਸ਼ਨ ਕਰਨਾ ਪਦਾਰਥ-ਵਾਦੀ ਯੁੱਗ ਵਿਚ ਕੋਈ ਮਾਮੂਲੀ ਗੱਲ ਨਹੀਂ, ਕੋਈ ਗੁਰਮੁਖ ਹੋ ਕੇ ਹੀ ਬਾਣੀ ਵਿਚਾਰ ਸਕਦਾ ਹੈ । " ਬਾਣੀ ਬਿਰਲਉ ਬਿਚਾਰਸੀ ਜੇ ਕੋ ਗੁਰਮੁਖ ਹੋਇ " ਯਥਾ, ' ਏਵਡ ਊਚਾ ਹੋਵੈ ਕੋਇ ॥ ਤਿਸ ਊਚੇ ਕਉ ਜਾਣੈ ਸੋਇ ॥ " ਉਚੀ ਆਤਮਕ ਅਵਸਥਾ ਦੁਆਰਾ ਸ੍ਰ: ਗੁਰਬਖ਼ਸ਼ ਸਿੰਘ ਜੀ ਨੇ ਹੰਸਾਂ ਲਈ ਮੋਤੀਆਂ ਦੀ ਚੋਣ ਕਰਕੇ ਗੁਰਮਤਿ ਬਿਬੇਕਸ਼ੀਲ ਦ੍ਰਿਸ਼ਟੀ ਪ੍ਰਕਾਸ਼ਮਾਨ ਕੀਤੀ ਹੈ । ਇਸ ਲਈ ਉਹ ਇਸ ਮਹਾਨ ਪੰਥਕ ਸੇਵਾ ਕਾਰਨ ਪ੍ਰਸੰਸਾ ਦੇ ਪਾਤਰ ਬਣੇ ਰਹਿਣਗੇ ।

ਇਸ ਪੁਸਤਕ ਵਿਚ ਸਰਦਾਰ ਜੀ ਨੇ ਸਿੱਖਾਂ ਵਿਚ ਆਈਆਂ ਕੁਰੀਤੀਆਂ ਕਰਮ ਕਾਂਡੀ ਰਸਮਾ ਬਾਰੇ, ਕਚ-ਘਰੜ ਵਿਦਵਾਨਾਂ ਵਲੋਂ ਪਾਏ ਗਏ ਭੁਲੇਖਿਆਂ ਬਾਰੇ, ਵਿਸ਼ੇਸ਼ ਕਰਕੇ ਬਿਪਰਵਾਦੀ ਕਰਮ ਕਾਂਡਾਂ ਦੀ ਜਿਲ੍ਹਣ ਵਿਚ ਫਸਾਉਣ ਵਾਲੇ ਸੰਤਾਂ, ਮਹਾਤਮਾਂ ਡੇਰੇਦਾਰਾਂ ਪੁਜਾਰੀਆਂ, ਅਖੌਤੀ

ਪੰਥਕ ਆਗੂਆਂ ਤੇ ਧਰਮ ਦੇ ਠੇਕੇਦਾਰਾਂ ਨੂੰ ਸਹੀ ਸੇਧ ਦੇਣ ਦਾ ਯਤਨ ਕੀਤਾ ਹੈ । ਬਹੁਤੇ ਵਿਦਵਾਨ ਜਾਣੇ ਜਾਂ ਅਣਜਾਣੇ ਆਪਣੀਆਂ ਰਚਨਾਵਾਂ ਰਾਹੀਂ ਗੁਰਮਤਿ ਸਿਧਾਂਤਾਂ ਨੂੰ ਵਿਗਾੜਣ ਦਾ ਕਾਰਣ ਬਣ ਰਹੇ ਹਨ ਜਿਵੇਂ ਗਿਆਨੀ ਈਸ਼ਰ ਸਿੰਘ ' ਨਾਰਾ ' ਨੇ ਪੁਸਤਕ 'ਕ੍ਰਿਸ਼ਨ ਭਗਵਾਨ ਤੇ ਕਲਗ਼ੀਧਰ ' ਵਿਚ ਖਾਲਸਾ ਪੰਥ ਨੂੰ ਹਿੰਦੂ ਮਾਇਥੋਲੋਜੀ ਵਿਚ ਗਲਗੱਡ ਕਰਕੇ ਮਿਲਗੋਭਾ ਕਰਨ ਦਾ ਯਤਨ ਕੀਤਾ ਹੈ । ਸਰਦਾਰ ਜੀ ਨੇ ੪੦-੫੦ ਸਫ਼ੇ ਲਿਖ ਕੇ ਉਸ ਕੂੜ ਨੂੰ ਨੰਗਾ ਕੀਤਾ ਹੈ । ਨਾਰਾ ਜੀ ਨੇ ਦਸਮ ਗ੍ਰੰਥ ਦੀ ਗ਼ਲਤ ਵਰਤੋਂ ਕੀਤੀ ਹੈ ।

ਅਵਤਾਰਵਾਦ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਹੈ ਭਾਵੇਂ ਉਸ ਦੇ ਦੂਜੇ ਪੱਖ ਅਵਤਾਰਵਾਦ ਦੀ ਪ੍ਰੀਭਾਸ਼ਾ ਨੂੰ ਉਹਨਾਂ ਨੇ ਨਹੀਂ ਛੋਹਿਆ ਹਿੰਦੁਸਤਾਨ ਵਿਚ ਸਤਿਗੁਰੂ ਨਾਨਕ ਦੇਵ ਜੀ ਦੇ ਆਉਣ ਤੋਂ ਪਹਿਲਾਂ ਹਿੰਦੂ ਧਰਮ ਦੀ ਦੁਰਦਸ਼ਾ, ਦੇਵੀ ਦੇਵਤਿਆਂ ਬਾਰੇ ਅੰਧ ਅਗਿਆਨ ਅਤੇ ਮੁਸਲਮਾਨ ਹਮਲਾਵਰਾਂ ਵਲੋਂ ਅਤਿ ਦੇ ਕਹਿਰ ਜ਼ੁਲਮ ਤੇ ਧਰਮ ਭ੍ਰਿਸ਼ਟ ਕਰਨ ਦੀਆਂ ਘਟਨਾਵਾਂ ਨੂੰ ਵਿਸਥਾਰ ਪੂਰਬਕ ਦੱਸ ਕੇ ਚੇਤਨਤਾ ਪ੍ਰਗਟ ਕੀਤੀ ਹੈ । ਗੁਰੂ ਨਾਨਕ ਦੇਵ ਜੀ ਦਾ ਮਿਸ਼ਨ ਅਵਤਾਰ-ਵਾਦ ਗੁਰਮਤਿ ਦਾ ਤੁਲਨਾਤਮਕ ਅਧਿਅਨ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਕੀਤਾ ਹੈ ।

ਨਿਮਰਤਾ ਤੇ ਨਾਮ ਬਾਰੇ ਬਿਪਰਵਾਦ ਦਾ ਖੰਡਣ ਗੁਰਬਾਣੀ ਦੀਆਂ ਬੇਅੰਤ ਉਦਾਹਰਣਾਂ ਦੇ ਨਵੇਂ ਢੰਗ ਨਾਲ ਕੀਤਾ ਹੈ । ਵਰਤਮਾਨ ਗ੍ਰੰਥੀਆਂ ਵਲੋਂ ਕਰਮ ਕਾਂਡੀ ਤਾਂਤਰਿਕ ਢੰਗ ਨਾਲ ਕੀਤੇ ਜਾ ਰਹੇ ਅਖੰਡ ਪਾਠ, ਪੂਜਾ, ਵਿਸ਼ੇਸ਼ ਕਰਕੇ ਕਿਰਤਮ ਦੀ ਪੂਜਾ ਸਿੱਖਾਂ ਵਿਚ ਘੁਸੀ ਹੋਈ ਬਿਪਰਵਾਦੀ ਜਾਤ ਪਾਤ ਦੀ ਪ੍ਰਥਾ, ਅਤੇ ਜਾਤ ਪਾਤ ਦੀ ਉਤਪਤੀ ਉਤੇ ਸਰਦਾਰ ਜੀ ਨੇ ਡੂੰਘਾ ਚਾਨਣਾ ਪਾਇਆ ਹੈ ।

ਰਿਸ਼ੀਆਂ ਮੁਨੀਆਂ ਦੇ ਜੰਮਣ ਤੇ ਉਹਨਾਂ ਦੇ ਤਪ ਸਾਧਨ ਦੇ ਤਰੀਕਿਆਂ ਦਾ ਵਿਅੰਗਾਤਿਮਕ ਢੰਗ ਨਾਲ ਖੰਡਣ ਕੀਤਾ ਹੈ । ਬ੍ਰਾਹਮਣ ਦਾ ਰਾਜ, ਸਮਾਜ ਤੇ ਧਰਮ ਉਤੇ ਪੂਰਾ ਗ਼ਲਬਾ, ਮੰਨੂਵਾਦੀ, ਚਾਣਕੀਆਵਾਦੀ ਕੁਟਲ ਨੀਤੀਆਂ ਨੂੰ ਭਲੀ ਭਾਂਤ ਨੰਗਾ ਕੀਤਾ ਹੈ । ਵਿਸ਼ੇਸ਼ ਕਰਕੇ ਸ਼ੂਦਰਾਂ ਦੀ ਦੁਰਦਸ਼ਾ ਬ੍ਰਾਹਮਣ ਦੀ ਸਦੀਵੀ ਸਰਦਾਰੀ ਨੂੰ ਕਾਇਮ ਰੱਖਣ ਵਾਲੀਆਂ ਅਖੌਤੀ ਧਾਰਮਿਕ ਪੁਸਤਕਾਂ ਦਾ ਪਾਜ ਉਘੇੜਿਆ ਹੈ । ਦੇਵੀ ਦੇਵਤੇ, ਪ੍ਰਕ੍ਰਿਤੀ ਦਾ ਵਰਨਣ, ਕੁਦਰਤੀ ਸ਼ਕਤੀਆਂ, ਪਸ਼ੂਆਂ ਦਾ ਡਰ, ਭੈ ਭੀਤ ਹੋਣਾ, ਵਿਸ਼ਕਰਮਾਂ ਵਰਗੇ ਫ਼ਰਜ਼ੀ ਦੇਵਤਿਆਂ ਨੂੰ ਕੁਦਰਤੀ ਕਾਨੂੰਨ ਦੇ ਵਿਰੁੱਧ ਚੱਲਣ ਵਾਲੇ ਸਾਬਤ ਕੀਤਾ ਹੈ । ਰਾਮ ਚੰਦਰ ਤੇ ਕ੍ਰਿਸ਼ਨ ਬਾਰੇ ਉਚੇਚੇ ਲੇਖ ਦੇ ਕੇ ਉਹਨਾਂ ਦੀ ਅਸਲੀਅਤ ਬਿਆਨ ਕੀਤੀ ਹੈ । ਰਾਮ ਲੀਲਾ ਤੇ ਰਾਸ ਲੀਲਾ ਨੂੰ ਮਾਨਵ ਆਚਰਣ ਲਈ ਹਾਨੀ ਕਾਰਕ ਦੱਸਿਆ ਹੈ । ਅਕਾਲ ਤਖ਼ਤ ਦੇ ਜਥੇਦਾਰ ਨੂੰ ੨੦ ਸਫ਼ੇ ਦੇ ਕਰੀਬ ਚਿੱਠੀ ਲਿਖ ਕੇ ਪੰਥਕ ਸਮੱਸਿਆ ਤੋਂ ਜਾਣੂ ਕਰਵਾਇਆ ਹੈ ।

ਗੁਰਮਤਿ ਵਿਚ ਪ੍ਰਚਲਤ ਹੋ ਰਹੇ ਨਵੇਂ ਸੁੱਖਣਾ ਵਹਿਮ ਵਰ, ਸਰਾਪ, ਭਰਮ, ਪੂਜਾ ਦਾ ਵਹਿਮ, ਦਾਨ ਦਾ ਵਹਿਮ ਅਤੇ ਹੋਰ ਭਰਮ ਭੁਲੇਖਿਆਂ ਨੂੰ ਗੁਰਬਾਣੀ ਦੇ ਅਨੇਕ ਪ੍ਰਮਾਨ ਦੇ ਕੇ ਖੰਡਣ ਕੀਤਾ ਹੈ । ਲੇਖਕ ਨੂੰ ਹਿੰਦੂ ਧਰਮ ਗ੍ਰੰਥਾਂ ਦਾ, ਥਤੇ ਗੁਰਮਤਿ ਦਾ ਵਿਸ਼ਾਲ ਗਿਆਨ ਹੈ । ਵੇਦ ਸ਼ਾਸਤਰਾਂ ਦੇ ਪੌਰਾਣਾਂ ਦੇ ਪਰਮਾਣ ਢੁੱਕਵੇਂ ਤੇ ਨਿਆਇ ਅਨੁਸਾਰ ਦਿੱਤੇ ਹਨ । ਵੇਦਾਂ ਦੀ ਠੀਕ ਪ੍ਰਭਾਸ਼ਾ ਕਰਕੇ ਗੁਰਮਤਿ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ ।

ਗੁਰੂ ਡੰਮ ਚਲਾਉਣ ਵਾਲੇ ਕਈ ਸਾਧੂ ਸੰਤ, ਮਾਸ ਨਾ ਖਾਣ ਵਾਲੇ ਵੈਸ਼ਨਵ ਤੇ ਅਣਜਾਣ ਵਿਦਵਾਨ ਗੁਰਬਾਣੀ ਦੇ ਸ਼ਬਦ ਵਿਚੋਂ ਇੱਕ ਤੁਕ ਦੇ ਕੇ ਸੰਗਤਾਂ ਨੂ ਭੁਲੇਖਾ ਪਾਉਣ ਦਾ ਯਤਨ ਕਰਦੇ ਹਨ । ਸਿੱਖੀ ਸਿਧਾਂਤਾਂ ਨੂੰ ਤਰੋੜ ਮਰੋੜ ਕੇ ਪੇਸ਼ ਕਰਦੇ ਹਨ । ਇਸ ਬਾਰੇ ਸਰਦਾਰ ਜੀ ਨੇ ਗੁਰਬਾਣੀ ਦੇ ਹਵਾਲੇ ਦੇ ਕੇ ਬਹੁਤ ਸਾਰੇ ਭਰਮ ਭੁਲੇਖੇ ਦੂਰ ਕੀਤੇ ਹਨ ।

ਉਸਤਤਿ ਨਿੰਦਿਆ ਗੁਣ ਦੋਸ਼ ਦੇ ਅਧਾਰ ਤੇ ਗੁਰਮਤਿ ਅਨੁਸਾਰ ਸਿਧ ਕੀਤਾ ਹੈ । ਸੰਤ ਸ਼ਬਦ ਦੀ ਗੁਰਮਤਿ ਪ੍ਰਭੀਭਾਸ਼ਾ, ਲੱਛਣ, ਇਤਿਹਾਸਕ ਪਿਛੋਕੜ ਅਤੇ ਵਿਲੱਖਣਤਾ ਦੇ ਕੇ ਸਾਧਾਂ ਸੰਤਾਂ, ਦੇਰੇਦਾਰਾਂ, ਗੱਦੀ ਦਾਰਾਂ ਦੇ ਦੰਭ ਪ੍ਰਪੰਚ ਨੂੰ ਨੰਗਾ ਕੀਤਾ ਹੈ । ਸਾਧੂ ਮੰਡਲੀਆਂ ਤੇ ਸੰਤ ਸਮਾਜ ਤੋਂ ਪੰਥ ਨੂੰ ਹੋਣ ਵਾਲੇ ਨੁਕਸਾਨ ਤੋਂ ਜਾਣੂ ਕਰਵਾਇਆ ਹੈ । ਜੰਤਰ ਮੰਤਰਾਂ ਦੇ ਪਖੰਡ ਨੂੰ ਗੁਰਮਤਿ ਅਨੁਸਾਰ ਖੰਡਨ ਕੀਤਾ ਹੈ । ਕਰਾਮਾਤਾਂ, ਰਿਧੀਆਂ ਸਿਧੀਆਂ ਨੂੰ ਖੰਡਨ ਕਰਕੇ ਗੁਰਮਤਿ ਅਨੁਸਾਰ ਇਹਨਾਂ ਦਾ ਵਿਸ਼ਲੇਸ਼ਣ ਕੀਤਾ ਹੈ । ਭੇਖਧਾਰੀਆਂ ਦਾ ਖੰਡਨ ਕਰਕੇ ਰਹਿਤ ਮਰਿਯਾਦਾ ਤੇ ਭੇਖ ਵਿਚ ਫਰਕ ਦਸਿਆ ਹੈ । ਅੱਜ ਕੱਲ੍ਹ ਪ੍ਰਚਲਤ ਹੋ ਰਹੇ ਕੰਜਰਲ ਪ੍ਰੋਗਰਾਮ (ਨਾਚ ਗਾਣੇ) ਸ਼ਿੰਗਾਰ ਦਾ ਗੁਰਮਤਿ ਅਨੁਸਾਰ ਖੰਡਣ ਕਰਕੇ ਅਸਲ ਸ਼ਿੰਗਾਰ ਨਾਮ ਜਪਣਾ, ਜੀਵਨ ਚੱਜ ਆਚਾਰ ਦੱਸਿਆ ਹੈ । ਤਿਲਕ, ਧੋਤੀ, ਟੋਪੀ, ਜਪਮਾਲੀ ਆਦਿ ਅਨੁਸਾਰ ਫੋਕਟ ਕਰਮ ਸਾਬਤ ਕੀਤੇ ਹਨ । ਗੁਰਗੱਦੀ ਅਥਵਾ ਗੁਰਤਾ ਗੱਦੀ ਬਾਰੇ ਗੁਰਬਾਣੀ ਦੇ ਪ੍ਰਮਾਣ ਦੇ ਕੇ ਗੁੰਝਲ ਖੋਲ੍ਹੀ ਹੈ । ਵਿਹਲੜਾਂ ਦੀ ਧਾੜ, ਮੰਗਣ ਤੇ ਮੰਗਤਿਆਂ ਨੂੰ ਖ਼ੈਰ ਪਾਉਣਾ ਗੁਰਮਤਿ ਅਨੁਸਾਰ ਵਰਜਤਿ ਹੈ । ਹੱਥੀਂ ਕੰਮ ਕਰਕੇ ਦਸਵੰਧ ਕਢਣਾ ਹੀ ਗੁਰਮਤਿ ਹੈ । ਮਨੁੱਖ ਤੇ ਅਕਾਲ ਦੇ ਦਰਮਿਆਨ ਕੋਈ ਵਿਚੋਲਾ ਨਹੀਂ ਉਹ ਦਾਤਾਰ ਦੇ ਰਿਹਾ ਹੈ ਤੇ ਜੀਵ ਨੂੰ ਅਕਾਲ ਪੁਰਖ ਨਾਲ ਅਭੇਦ ਕਰਨ ਵਾਲਾ ਕੇਵਲ ਗੁਰੂ ਗਿਆਨ ਹੀ ਵਿਚੋਲਾ ਹੈ । ਗੱਲ ਕੀ ਸ: ਗੁਰਬਖ਼ਸ਼ ਸਿੰਘ ਜੀ ਨੇ ਇਸ ਪੁਸਤਕ ਵਿਚ ਅਨੇਕ ਵਿਸ਼ਿਆਂ ਨੂੰ ਛੋਹਕੇ ਗੁਰਬਾਣੀ ਦੇ ਅਨੇਕ ਢੁਕਵੇਂ ਪ੍ਰਮਾਣ ਦੇ ਦੇ ਗੁਰੂ ਪੰਥ ਨੂੰ ਸਮੇਂ ਦੀ ਲੋੜ ਅਨੁਸਾਰ ਸਰਬਾਂਗੀ ਗਿਆਨ ਦੇਣ ਦਾ ਯਤਨ ਕੀਤਾ ਹੈ । ਅਕਾਲਪੁਰਖ ਸਰਦਾਰ ਸਾਹਿਬ ਦੀ ਮਿਹਨਤ ਤੇ ਲਗਨ ਨੂੰ ਸਫ਼ਲ ਕਰਨ ਦੀ ਕ੍ਰਿਪਾਲਤਾ ਕਰੇ ਤਾਂਕਿ ਪੰਥ ਦੀਆਂ ਦੇਸ਼ ਵਿਦੇਸ਼ ਵਿਚ ਧਰਮ ਪਰਚਾਰ ਲਈ ਯਤਨਸ਼ੀਲ ਸਭਾ ਸੋਸਾਇਟੀਆਂ, ਸਿੰਘ ਸਭਾਵਾਂ ਵਿਸ਼ੇਸ਼ ਕਰਕੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਪ੍ਰਤੀਨਿਧ ਜਥੇਬੰਦੀਆਂ ਇਸ ਪੁਸਤਕ ਦੀਆਂ ਵਧ ਤੋਂ ਵਧੇ ਕਾਪੀਆਂ ਹਾਸਲ ਕਰਕੇ ਪਰਚਾਰ ਹਿੱਤ ਵੰਡਣ ਕਿਉਂਕਿ ਅਜਿਹੀ ਨਵੀਨ ਢੰਗ ਨਾਲ ਅਨੇਕ ਵਿਸ਼ਿਆਂ ਤੇ ਲਿਖੀ ਹੋਈ ਪੁਸਤਕ ਸੁਲੱਭ ਨਹੀਂ ਹੈ । ਇਹ ਪਰਚਾਰਕਾਂ, ਕਥਾਵਾਚਕਾਂ, ਖੋਜਕਾਰਾਂ ਲਈ ਉੱਤਮ ਤੇ ਵਧੀਆ ਹਵਾਲਾ ਪੁਸਤਕ ਹੈ ।

ਗਿਆਨੀ ਭਗਤ ਸਿੰਘ
ਸੰਪਾਦਿਕ , ਸੰਤ ਸਿਪਾਹੀ (ਮਾਸਕ ਪੱਤਰ)
੩੫੦੧ ਰਣਜੀਤ ਪੁਰਾ ਪੁਤਲੀਘਰ

ਡਾ: ਖਾਲਸਾ ਕਾਲਜ ਅੰਮ੍ਰਿਤਸਰ

# ਗਯਾਨ ਕੀ ਆਈ ਆਂਧੀ

ਆਧੁਨਿਕ ਯੁਗ ਗੁਰਮਤਿ ਦਾ ਯੁੱਗ ਹੈ । ਕਿਉਂਕਿ ਗੁਰਮਤਿ ਵਿਗਿਆਨਕ ਮਤ ਜਾਂ ਵਿਚਾਰਧਾਰਾ ਹੈ । ਆਉਣ ਵਾਲੇ ਸਮੇਂ ਵਿਚ ਗੁਰਮਤਿ ਨੇ ਵਿਗਿਆਨ ਦੀ ਅਗਵਾਈ ਕਰਨੀ ਹੈ । ਗੁਰਮਤਿ ਵਿਚ ਅੰਧ-ਵਿਸ਼ਵਾਸ਼ਾਂ, ਵਹਿਮਾਂ-ਭਰਮਾਂ ਤੇ ਰੂੜੀਵਾਦੀ ਫੋਕਟ ਗਿਆਨ ਦਾ ਕੋਈ ਸਥਾਨ ਨਹੀਂ । ਵਿਗਿਆਨ ਵਿਚ ਵੀ ਇਨ੍ਹਾਂ ਚੀਜ਼ਾਂ ਦਾ ਕੋਈ ਮਹੱਤਵ ਨਹੀਂ ਹੁੰਦਾ । ਵਿਗਿਆਨਕਾਂ ਦੀਆਂ ਥੀਊਰੀਆਂ ਬਾਰੇ ਮਤਭੇਦ ਹੋ ਸਕਦੇ ਹਨ, ਪਰ ਗੁਰਮਤਿ (ਅਕਾਲੀ ਵਿਚਾਰ ਧਾਰਾ) ਵਿਚ ਆਮ ਵਿਗਿਆਨਕ ਥੀਊਰੀਆਂ ਵਾਲੇ ਦੋਸ਼ ਨਹੀਂ ।

ਇਕ ਗੱਲ ਗੁਰਮਤਿ ਦੇ ਸੰਬੰਧ ਵਿਚ ਇਹ ਵੀ ਸਮਝਣੀ ਜ਼ਰੂਰੀ ਹੈ ਕਿ ਗੁਰਮਤਿ ਆਮ ਪ੍ਰਚਲਤ ਧਰਮਾਂ ਵਰਗਾ ਧਰਮ ਨਹੀਂ ਹੈ । ਸਾਡੇ ਆਮ ਲੋਕ ਤੇ ਇਥੋਂ ਤਕ ਕਿ ਬਹੁਤ ਸਾਰੇ ਸਿੱਖ ਵਿਦਵਾਨ ਤੇ ਪ੍ਰਚਾਰਕ, ਜਦੋਂ ਸਿੱਖੀ ਨੂੰ ਹਿੰਦੂ, ਇਸਲਾਮ ਜਾਂ ਈਸਾਈ ਮਤ ਵਰਗਾ ਧਰਮ ਮੰਨ ਲੈਂਦੇ ਹਨ ਤਾਂ ਸਿੱਖੀ ਬਾਰੇ ਗ਼ਲਤ-ਬਿਆਨੀ ਸੁਭਾਵਕ ਹੀ ਹੋ ਜਾਂਦੀ ਹੈ । ਸਿੱਖ ਧਰਮ ਵਿਚ ਪੁਰੋਹਿਤਵਾਦ ਤੇ ਸੰਪਦਾਇਕਤਾ ਕੋਈ ਸਥਾਨ ਨਹੀਂ ਹੈ । ਪਰ ਇਨ੍ਹਾਂ ਦੋਹਾਂ ਧਰਮ-ਵਿਰੋਧੀ ਤੱਤਾਂ ਨੇ ਅੱਜ ਦੇ ਸਿੱਖਾਂ ਵਿਚ ਗਹਿਰੀਆਂ ਜੜ੍ਹਾਂ ਲਾ ਰਖੀਆਂ ਹਨ ਅਤੇ ਆਮ ਸਿੱਖ ਨੂੰ ਇਹ ਗੱਲ ਸਮਝ ਹੀ ਨਹੀਂ ਆਉਂਦੀ ਕਿ ਪੁਰੋਹਿਤ ਤੇ ਸੰਪਰਦਾ ਤੋਂ ਬਿਨਾਂ ਵੀ ਕੋਈ ਧਰਮ ਹੋ ਸਕਦਾ ਹੈ । ਪੁਰੋਹਿਤਵਾਦ ਦਾ ਹਿੱਤ ਸੰਪਰਦਾਇਕਤਾ ਹੈ ਤੇ ਸੰਪਰਦਾਇਕਤਾ ਪੁਰੋਹਿਤਵਾਦ ਤੋਂ ਬਿਨਾਂ ਚੱਲ ਨਹੀਂ ਸਕਦੀ । ਇਨ੍ਹਾਂ ਚ ਪ੍ਰਸਪਰ ਡੂੰਘਾ ਸੰਬੰਧ ਹੈ । ਧਰਮ ਦੀ ਰੂਹ ਦਾ ਇਨ੍ਹਾਂ ਨਾਲ ਵਿਰੋਧ ਹੈ । ਪੁਰੋਹਿਤ ਤੇ ਸੰਪਰਦਾ ਧਰਮ ਦੀ ਵਰਤੋਂ ਲੋਕ-ਹਿਤਾਂ ਦੀ ਥਾਂ ਆਪਣੇ ਹਿੱਤਾਂ ਲਈ ਕਰਦੇ ਹਨ । ਇੱਕ ਗੱਲ ਇਹ ਵੀ ਨੋਟ ਕਰਨ ਵਾਲੀ ਹੈ ਕਿ ਪੁਰੋਹਿਤ ਤੇ ਸੰਪਰਦਾ, ਗਿਆਨ ਤੇ ਤਰਕ ਵਿਰੋਧੀ ਹੁੰਦੇ ਹਨ । ਇਹ ਹਮੇਸ਼ਾ ਗਿਆਨ ਤੇ ਤਰਕ ਦਾ ਦਮਨ ਕਰਨ ਵਿਚ ਹੀ ਆਪਣਾ ਤੇ ਧਰਮ ਦਾ ਭਲਾ ਮੰਨਦੇ ਹਨ । ਇਸੇ ਕਰਕੇ ਇਹ ਟੋਲਾ ਹਮੇਸ਼ਾ ਗੁਰਮਤਿ ਦਾ ਵਿਰੋਧ ਕਰਨ ਨੂੰ ' ਗੁਰਮਤਿ ' ਵਜੋਂ ਪ੍ਰਚਾਰ ਕਰਦਾ ਹੈ । ' ਅੰਧੀ ਰਯਤਿ ਗਿਆਨ ਵਿਹੂਣੀ ' ਅਤੇ ਮਾਨਸਿਕ ਪੱਖੋਂ ਕਮਜ਼ੋਰ ਹੋਣ ਕਰਕੇ ਇਨ੍ਹਾਂ ਦੇ ਅਧਰਮ ਅਤੇ ਕਪਟੀ ਕਰਮਾਂ ਨੂੰ ਹੀ ਧਰਮ ਮੰਨੀ ਜਾਂਦੀ ਹੈ ।

ਗੁਰਮਤਿ ਅਤੇ ਅਗਿਆਨਤਾ ਇਕੱਠੇ ਨਹੀਂ ਚੱਲ ਸਕਦੇ । ਸਿੱਖ ਦਾ ' ਗਿਆਨੀ ' ਹੋਣਾ ਲਾਜ਼ਮੀ ਸ਼ਰਤ ਹੈ । ਗੁਰਮਤਿ ਮਾਰਗ ਵਿਚ ਬਿਬੇਕ ' ਬੁੱਧੀ ' ਦਾ ਬੜਾ ਮਹੱਤਵ ਹੈ । ਇਸੇ ਲਈ ਗੁਰਬਾਣੀ ਦੁਆਰਾ ਗੁਰਸਿੱਖ ਜੋਦੜੀ ਕਰਦੇ ਹਨ:-

**ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥**
**ਹਾਰ ਪਰਿਓ ਸੁਆਮੀ ਕੈ ਦੁਆਰੇ ਦੀਜੈ ਬੁਧਿ ਬਿਬੇਕਾ ॥** [ਮ: ੫ ਪੰਨਾ ੬੪੧]

ਪਰ ਪੁਰੋਹਿਤ ਨੇ ਆਪਣੇ ਹਿੱਤਾਂ ਲਈ ਗੁਰਮਤਿ ਦਾ ਵਿਰੋਧ, ਇਸਦੇ ਜਨਮ ਤੋਂ ਹੀ ਸ਼ੁਰੂ ਕਰ ਦਿੱਤਾ ਸੀ । ਹਰਿਮੰਦਰ ਸਾਹਿਬ ਦੇ ਪੂਰੋਹਿਤਾਂ ਨੇ ਗੁਰੂ ਤੇਗ਼ਬਹਾਦਰ ਸਾਹਿਬ ਨੂੰ ਹਰਿਮੰਦਰ ਸਾਹਿਬ ਦਾਖ਼ਲ ਨਹੀਂ ਹੋਣ ਦਿੱਤਾ ਸੀ । ਦਸਮ ਪਿਤਾ ਵੀ ਇਥੇ ਨਹੀਂ ਆਏ । ਅੱਜ ਦੇ ਗ੍ਰੰਥੀ ਵੀ ਆਪਣੇ ਆਪ ਨੂੰ ਗੁਰੂ ਕੇ ਵਜ਼ੀਰ ' ਅਖਵਾ ਕੇ ਭੋਲੀਆਂ ਸੰਗਤਾਂ ਨੂੰ ਗੁਮਰਾਹ ਕਰ ਰਹੇ ਹਨ ਤੇ ਮਨ ਆਈ ਗੁਰਮਤਿ ਦੀ ਵਿਆਖਿਆ ਕਰਦੇ ਹਨ । ਅੱਜ ਗੁਰਮਤਿ ਸਿਧਾਤਾਂ ਉਪਰ ਬ੍ਰਹਮਣੀ ਗਰਦ ਲੱਗੀ ਹੋਈ ਹੈ । ਗੁਰਮਤਿ ਸਿਧਾਂਤਾਂ ਦੀ ਕੀਤੀ ਜਾ ਰਹੀ ਵਿਆਖਿਆ ਉਪਰ ਵੇਦਾਂਤ ਅਤੇ ਪੌਰਾਣਿਕ ਮਤ ਦਾ ਡੂੰਘਾ ਪ੍ਰਭਾਵ ਹੈ ਤੇ ਇਸ ਵਿਆਖਿਆ ਨੂੰ ਦੇਖ ਕੇ, ਗੁਰਮਤਿ ਦੇ ਕਿਸੇ ਨਿਆਰੇਪਣ ਦੀ ਸਮਝ ਕਿਸੇ ਨੂੰ ਨਹੀਂ ਪੈਂਦੀ ।

ਜੇ ਸਿੱਧਾਂਤ ਅਤੇ ਰਹੁ-ਰੀਤਾਂ ਉਪਰ ਬਿਪਰਵਾਦੀ ਅਸਰ ਪਿਆ ਹੈ ਤਾਂ ਗੁਰ-ਇਤਿਹਾਸ ਵੀ ਇਸ ਅਸਰ ਤੋਂ ਬਚਿਆ ਨਹੀਂ ਹੈ । ਗੁਰ-ਇਤਿਹਾਸ ਨੂੰ ਵਿਗਾੜਨ ਦਾ ਇਕ ਮੰਤਵ ਪੁਰੋਹਿਤ ਸ਼੍ਰੇਣੀ ਦੀ ਸੇਵਾ ਵੀ ਸੀ । ਇਹ ਇਤਿਹਾਸ ਗੁਰੂ ਸਾਹਿਬਾਨ ਦੀ ਸਖਸ਼ੀਅਤਾਂ ਬਾਰੇ ਕਈ ਸ਼ੰਕੇ ਖੜੇ ਕਰਦਾ ਹੈ । ਪਰ ਸਾਡੇ ਵਿਦਵਾਨ ਇਤਿਹਾਸਕਾਰਾਂ ਨੇ ਇਸ ਪਾਸੇ ਲੋੜੀਂਦੀ ਤਵੱਜੋਂ ਨਹੀਂ ਦਿੱਤੀ ।

ਇਨ੍ਹਾਂ ਸਾਰੀਆਂ ਬਿਮਾਰੀਆਂ ਦਾ ਇੱਕ ਵੱਡਾ ਕਾਰਣ ਇਹ ਵੀ ਸਮਝ ਆਉਂਦਾ ਹੈ ਕਿ ਬਿਪਰ ਪ੍ਰਭਾਵ ਸਦਕਾ ਤਾਂਤਰਿਕ ਵਿਧੀ ਨਾਲ ਪਾਠ ਕਰਨ ਤੇ ਕੀਰਤਨ ਦਰਬਾਰਾਂ ਦਾ ਬੋਲਬਾਲਾ ਹੋ ਗਿਆ ਹੈ ਤੇ ' ਸ਼ਬਦ ਵੀਚਾਰ' ਜਾਂ ' ਗੁਰਮਤਿ ਵਿਚਾਰ ' ਨੂੰ ਮਹੱਤਵ ਨਹੀਂ ਮਿਲ ਸਕਿਆ । ਇਸ ਰੁਚੀ ਦੀ ਘਾਟ ਕਾਰਣ, ਸੰਗਤਾਂ ਵਿਚ ਗੁਰਮਤਿ ਗਿਆਨ ਦਾ ਅਭਾਵ ਹੈ । ਇਸ ਸਮੇਂ ਪੰਥ ਡੂੰਘੀ ਨੀਂਦ ਤੇ ਬੇਹੋਸ਼ੀ ਦੀ ਉਸ ਅਵਸਥਲਾ ਤਕ ਪਹੁੰਚ ਚੁੱਕਾ ਹੈ, ਜਿਸ ਤੋਂ ਅੱਗੇ ਉਹ ਮੁਰਦਾ ਹੀ ਹੋ ਜਾਵੇਗਾ ।

ਸਰਦਾਰ ਗੁਰਬਖ਼ਸ਼ ਸਿੰਘ ਜੀ ਨੇ ਬੜੇ ਵਿਸਥਾਰ-ਪੂਰਬਕ ਢੰਗ ਨਾਲ ਸਿੱਖ ਪੰਥ ਉਪਰ ਪਏ ਬ੍ਰਾਹਮਣੀ ਪ੍ਰਭਾਵ ਦਾ ਵੇਰਵਾ ਦੇ ਕੇ ਗੁਰਮਤਿ ਗਿਆਨ ਦੀ ਠੋਸ ਜਾਣਕਾਰੀ ਦਿੱਤੀ ਹੈ । ਬਿਪਰਵਾਦ ਤੇ ਖ਼ਾਲਸਈ ਵਿਚਾਰਧਾਰਾ ਦਾ ਆਪਸ ਚ ਸ਼ੁਰੂ ਤੋਂ ਹੀ ਵਿਰੋਧ ਹੈ । ਪਰ ਬਿਪਰਵਾਦ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਹ ਆਪਣੇ ਦੁਸ਼ਮਣ ਨਾਲ ਟਕਰਾਉਣ ਦੀ ਥਾਂ ਸਮਝੌਤਾ ਕਰਦਾ ਹੈ । ਇਉਂ ਇਹ ਵਿਰੋਧੀ ਦੇ ਖੇਮੇ ਵਿਚ ਘੁਸਪੈਠ ਕਰਕੇ, ਉਸ ਦੀ ਹੋਂਦ ਹੀ ਖ਼ਤਮ ਪਰ ਦਿੰਦਾ ਹੈ । ਇਸੇ ਢੰਗ ਨਾਲ ਬੁਧ ਮਤ ਵਰਗੇ ਧਰਮ ਦਾ ਇਸਨੇ ਸਫ਼ਾਇਆ ਕੀਤਾ ਤੇ ਇਹੀ ਢੰਗ ਸਿੱਖੀ ਵਿਰੁੱਧ ਵਰਤਿਆ ਜਾ ਰਿਹਾ ਹੈ ।

ਹਥਲੀ ਪੁਸਤਕ ਦੇ ਆਉਣ ਨਾਲ ਸਿੱਖ ਸਮਾਜ ਵਿਚ ਚੇਤਨਾ ਦਾ ਪ੍ਰਕਾਸ਼ ਹੋਏਗਾ ਤੇ ਆਸ ਕੀਤੀ ਜਾਂਦੀ ਹੈ ਕਿ ਪੁਸਤਕ ਹਰ ਸਿੱਖ ਘਰਾਣੇ ਦਾ ਹਿੱਸਾ ਬਣ ਜਾਏਗੀ । ਇਸ ਕੰਮ ਲਈ ਪੰਥ ਜਥੇਬੰਦੀਆਂ ਨੂੰ ਇਸ ਪੁਸਤਕ ਦਾ ਵਧ ਤੋਂ ਵਧ ਪ੍ਰਚਾਰ ਕਰਨਾ ਚਾਹੀਦਾ ਹੈ ਤਾਂ ਜੋ ਸੰਪਰਦਾਇਕਤਾ ਦੀ ਥਾਂ ਖ਼ਾਲਸਾ ਪੰਥ ਦਾ ਬੋਲਬਾਲਾ ਹੋ ਸਕੇ । ਸਤਿਗੁਰੂ ਜੀ ਉਸ ਮਿਸ਼ਨ ਨੂੰ ਸਫ਼ਲਾ ਕਰਨ, ਜੋ ਪੁਸਤਕ ਦੇ ਕਰਤਾ ਨੇ ਅਪਣਾਇਆ ਹੈ ।

ਗੁਰੂ ਪੰਥ ਦਾ ਦਾਸ
ਗੁਰਸ਼ਰਨਜੀਤ ਸਿੰਘ (ਡਾ) ਗੁਰੂ ਨਾਨਕ ਅਧਿਐਨ ਵਿਭਾਗ
ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ॥।

# ਭੂਮਿਕਾ

੧- **ਕੁਝ ਆਪਣੇ ਬਾਰੇ**--ਦਾਸ ਦਾ ਜਨਮ ੧੯੨੨ ਵਿਚ ਹੋਇਆ ਸੀ । ਪਿਤਾ ਜੀ ਨੂੰ ਫ਼ੌਜੀ ਸੇਵਾ ਦੇ ਕਾਰਨ ਜ਼ਿਲ੍ਹਾ ਮਿੰਟਗੁਮਰੀ ਦੇ ਚੱਕ ਨੰ: ੩੯-੧੪/L ਵਿਖੇ ਜ਼ਮੀਨ ਮਿਲੀ ਹੋਣ ਕਾਰਨ ਬਚਪਨ ਉਥੇ ਬੀਤਿਆ । ਉਰਦੂ ਦੀਆਂ ਛੇ ਜਮਾਤਾਂ ਆਪਣੇ ਪਿੰਡ ਦੇ ਸਕੂਲੇ ਪੜ੍ਹ ਕੇ ਫਿਰ (ਪਾਕਿਸਤਾਨ ਦੇ) ਜ਼ਿਲ੍ਹਾ ਮੁਲਤਾਨ ਦੇ ਨੱਗਰ ਮੀਆਂ-ਚੰਨੂੰ ਦੇ ਹਾਈ ਸਕੂਲ ਵਿਚੋਂ ਦਸਵੀਂ ਪਾਸ ਕੀਤੀ ।

ਮਾਤਾ ਜੀ ਦੇ ਹੁਕਮ ਦੀ ਪਾਲਣਾ ਵਿਚ, ਦਾਸ ਨੇ ਨੌਂਵੀਂ ਕਲਾਸ ਵਿਚ ਪੜ੍ਹਦਿਆਂ ਅੰਮ੍ਰਿਤ ਪਾਨ ਕਰ ਲਿਆ । ਸਕੂਲ ਦੀ ਪੜ੍ਹਾਈ ਸਮੇਂ ਸਿੱਖ ਵਦਿਆਰਥੀਆਂ ਨੇ ਭੁਜੰਗੀ ਸਭਾ ਬਣਾ ਕੇ ਦਾਸ ਨੂੰ ਪ੍ਰਧਾਨਗੀ ਦੀ ਸੇਵਾ ਦਿੱਤੀ ਹੋਈ ਸੀ । ਸਾਡੀ ਸਭਾ ਧਾਰਮਿਕ ਜੋੜ-ਮੇਲਿਆਂ ਸਮੇਂ ਛਬੀਲਾਂ ਲਾ ਕੇ ਜਲ ਪਿਲਾਉਣ ਦੀ ਅਤੇ ਸੰਗਤਾਂ ਦੇ ਜੋੜਿਆਂ ਦੀ ਰਾਖੀ ਕਰਨ ਦੀ ਸੇਵਾ ਤੇ ਹੁੰਦੀ । ਦਸਵੀਂ ਪਾਸ ਕਰਨ ਉਪ੍ਰੰਤ ਗੌਰਮਿੰਟ ਕਾਲਜ ਮਿੰਟਗੁਮਰੀ ਵਿਚ ਦਾਖ਼ਲ ਹੋਇਆ । ਉਸ ਕਾਲਜ ਵਿਚ ਸਿੱਖ ਸਟੂਡੈਂਟ ਫ਼ੈਡਰੇਸ਼ਨ ਤਿਆਰ ਹੋ ਰਹੀ ਸੀ । ਦਾਸ ਨੇ ਇਸ ਕਾਰਜ ਵਿਚ ਉਚੇਚੀ ਰੁਚੀ ਦਿਖਲਾਈ ਤਾਂ ਸਾਥੀਆਂ ਨੇ ਪ੍ਰਧਾਨ ਚੁਣ ਲਿਆ । ਇਹ ਸੇਵਾ ਅਪਰੈਲ ੧੯੪੭ ਤੱਕ ਨਿਭਾਈ । ਮਾਸਟਰ ਤਾਰਾ ਸਿੰਘ ਜੀ, ਹੁਕਮ ਸਿੰਘ ਜੀ ਵਕੀਲ, ਗਿਆਨੀ ਕਰਤਾਰ ਸਿੰਘ ਜੀ ਪੰਥਕ ਕੰਮਾ ਲਈ ਦਾਸ ਨੂੰ ਬੜਾ ਉਤਸ਼ਾਹ ਅਤੇ ਪਿਆਰ ਦਿਆ ਕਰਦੇ ਸਨ । ਸੋ ਅਜੇ ਵਦਿਆਰਥੀ ਹੀ ਸਾਂ, ਕਿ ਪੰਥਕ ਸੇਵਾ ਦੀ ਲਗਨ ਲੱਗ ਗਈ ।

ਅਗਸਤ ੧੯੪੭ ਵਿਚ ਦੇਸ਼ ਦੀ ਵੰਡ ਹੋ ਗਈ । ਉਸੇ ਸਾਲ ਸਤੰਬਰ ਦੇ ਮਹੀਨੇ ਗੋਲੀਆਂ ਦੀ ਛਾਵੇਂ ਆਪਣਾ ਘਰ ਘਾਟ, ਜ਼ਮੀਨ ਜਾਇਦਾਦ, ਅਤੇ ਇਲਾਕਾ ਛੱਡਣਾ ਪਿਆ । ਆਪਣੀਆਂ ਜਾਨਾਂ, ਅਤੇ ਤਨ ਦੇ ਕੱਪੜੇ ਲੈ ਕੇ ਗੁਰਦਾਸ ਪੁਰ ਪੁੱਜੇ । ਮਾਤਾ ਪਿਤਾ ਬਿਰਧ ਸਨ । ਪਿਤਾ ਜੀ ਦੀ Pension ਅਤੇ ਜ਼ਮੀਨ ਪਿਛੇ ਰਹਿ ਗਈ । ਦੋਬਾਰਾ ਸੱਭ ਕੁਝ ਮਿਲ ਜਾਣ ਦੀ ਆਸ ਬੜੀ ਮੱਧਮ ਸੀ । ਦਿਨ ਕੱਟਣੇ ਔਖੇ ਹੋ ਗਏ । ਕਾਲਜ ਵਿਚ ਪੜ੍ਹਦੇ ਸਮੇ ਜਿਸ ਮਹਿਕਮੇ ਨੂੰ ਮਖ਼ੌਲ ਕਰਿਆ ਕਰਦੇ ਸਾਂ, ਆਖ਼ਰ ਤੰਗੀ ਤੋਂ ਮਜਬੂਰ ਹੋ ਕੇ ਉਸੇ ਪੁਲੀਸ ਦੇ ਮਹਿਕਮੇ ਵਿਚ ੫੯ ਰੁਪਏ ਮਹੀਨੇ ਤੇ ਨੌਕਰੀ ਕਰਨੀ ਪਈ ।

ਹਾਲਾਤ ਦੀ ਬਦਲਦੀ ਹਨੇਰੀ ਵਿਚ ਚੇਤਾ ਹੀ ਭੁੱਲ ਗਿਆ ਕਿ ਕਦੇ ਮਾਤਾ ਜੀ ਨਾਲ ਜਾ ਕੇ ਅੰਮ੍ਰਿਤ ਵੀ ਛਕਿਆ ਸੀ । ਨੌਕਰੀ ਵਿਚ ਕਈ ਭੁੱਲਾਂ ਅਤੇ ਕੁਰੀਤੀਆਂ ਹੋਈਆਂ । ਉਮਰ ਦਾ ਚੰਗਾ ਹਿੱਸਾ ਲੰਘ ਜਾਣ ਪਿਛੋਂ ਸਮਝ ਆਈ ਕਿ, ਖੰਡੇ ਬਾਟੇ ਦੀ ਪਾਹੁਲ ਛਕਣ ਤੋਂ ਪਹਿਲਾਂ ਅੰਮ੍ਰਿਤ ਅਭਿਲਾਖੀ ਨੂੰ ਚਾਹੀਦਾ ਹੈ ਕਿ ਉਹ ਆਤਮ-ਨਿਰਭਰ ਹੋ ਜਾਵੇ ਅਤੇ ਗੁਰਮਤਿ ਗਿਆਨ ਨੂੰ ਚੰਗੀ ਤਰ੍ਹਾਂ ਸਮਝ ਕੇ ਨਾਮ-ਅੰਮ੍ਰਿਤ ਦੀ ਦਾਤ ਦੀ ਪੂਰੀ ਸੰਭਾਲ ਕਰ ਸਕਣ ਦੀ ਹਿਰਦੇ ਵਿਚ ਲਗਨ ਬਣਾਏ । ਅੰਮ੍ਰਿਤ ਅਭਿਲਾਖੀ ਵਿਚ ਉਸ ਪ੍ਰਣ ਨੂੰ ਪੂਰੀ ਤਰ੍ਹਾਂ ਨਿਭਾਉਣ ਦੀ ਯੋਗਤਾ ਦਾ ਹੋਣਾ ਬੜਾ ਜ਼ਰੂਰੀ ਹੈ ਜਿਹੜੀ ਪੰਜਾਂ ਪਿਆਰਿਆਂ ਨੇ ਸਿੱਖੀ ਦੇ ਨਿਯਮ ਨਿਭਾਉਣ ਲਈਂ (ਗੁਰੂ ਮਹਾਰਾਜ ਦੀ ਹਾਜ਼ਰੀ ਵਿਚ) ਲੈਣੀ ਹੁੰਦੀ ਹੈ । ਉਹ ਪ੍ਰਤਿਗਿਆ ਹੀ ਅਸਲੀ ਅੰਮ੍ਰਿਤ ਹੁੰਦਾ ਹੈ । ਉਸੇ ਨੂੰ ਨਿਭਾਉਣਾ ਹੀ ਅੰਮ੍ਰਿਤ ਪਾਨ ਕਰਨ ਦਾ ਮੰਤਵ ਹੁੰਦਾ ਹੈ । ਉਸ ਪ੍ਰਣ ਵਿਚ ਢਿੱਲ ਸਤਿਗੁਰਾਂ ਦੇ ਅੰਮ੍ਰਿਤ ਦੀ ਬੇਅਦਬੀ ਹੈ ।

ਨੌਕਰੀ ਅਥਵਾ ਪਰ-ਅਧੀਨਗੀ ਦੇ ਸਮੇ ਕਈ ਉਤਾਰ ਚੜ੍ਹਾ ਆਏ, ਪਰ ਸਤਿਗੁਰਾਂ ਨੇ ਦਾਸ ਦੇ ਸਿਰ ਤੇ ਹੱਥ ਰੱਖਦਿਆਂ ਅਜੇਹਾ ਕੋਈ ਗੁਨਾਹ ਨਹੀਂ ਹੋਣ ਦਿੱਤਾ ਜਿਸ ਤੋਂ ਅੰਦਰ ਲੱਗੇ ਪ੍ਰਭੂ ਦੇ ਦਰਬਾਰ ਵਿਚ (--**ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ ॥**(੧੦੯੨-੧੮) ਹਾਜ਼ਰ ਹੋਣ ਤੇ ਸ਼ਰਮਸਾਰ ਹੋਣਾ ਪੈਂਦਾ ਹੋਵੇ । ਗੁਰਦੇਵ ਜੀ ਨੇ ਉਚੇਚੀ ਕਿਰਪਾ ਕਰਦਿਆਂ ਦਾਸ ਦੇ ਮਨ ਵਿਚਲੇ ਪੰਥਕ ਪਿਆਰ ਵਿਚ ਕਦੇ ਕਮੀ ਨਹੀਂ ਆਉਣ ਦਿੱਤੀ, ਅਤੇ ਪੰਥ ਦੀ ਚੜ੍ਹਦੀ ਕਲਾ ਦੇ ਕਾਰਜਾਂ ਵਿਚ ਤਨੋਂ ਮਨੋਂ ਹਿੱਸਾ ਲੈਂਦਾ ਰਿਹਾ ।

## ੨- ਪੰਥਕ ਮੋਰਚਿਆਂ ਦੇ-ਆਦਿ ਤੇ ਅੰਤ-ਦਾ ਪ੍ਰਭਾਵ

ਸਾਰਿਆਂ ਪੰਥਕ ਮੋਰਚਿਆਂ ਵਿਚ ਸਾਡੇ ਪਰਵਾਰ ਤੋਂ ਸੇਵਾ ਲੈਣ ਦੀ ਸਤਿਗੁਰਾਂ ਨੇ ਸਦਾ ਹੀ ਉਚੇਚੀ ਕਿਰਪਾ ਕੀਤੀ । ਦਾਸ ਸਰਕਾਰੀ ਨੌਕਰੀ ਵਿਚ ਹੋਣ ਕਰਕੇ ਜਥੇ ਵਿਚ ਆਪ ਭਾਵੇਂ ਨਹੀਂ ਸੀ ਜਾ ਸਕਦਾ ਪਰ ਮਾਤਾ ਜੀ ਯਥਾ-ਸ਼ਕਤ ਮਾਇਕ ਸਹਾਇਤਾ ਦੇਣ ਦੇ ਨਾਲ, ਹਰ ਵਾਰ ਗ੍ਰਿਫ਼ਤਾਰੀ ਦਿੰਦੇ ਰਹੇ । ਅਕਾਲੀ ਲੀਡਰਾਂ ਨਾਲ ਬੜੀ ਨੇੜੇ ਦੀ ਜਾਣ ਪਛਾਣ ਸਦਾ ਬਣੀ ਰਹੀ । ਮਾਸਟਰ ਤਾਰਾ ਸਿੰਘ ਜੀ ਅਥਵਾ ਸੰਤ ਫਤਹਿ ਸਿੰਘ ਜੀ, ਅਤੇ ਫਿਰ ਸੰਤ ਹਰਚੰਦ ਸਿੰਘ ਜੀ ਦੀ ਅਗਵਈ ਵਾਲੇ ਮੋਰਚੇ ਲੱਗਦੇ ਅਤੇ ਬੰਦ ਹੁੰਦੇ ਬੜੇ ਲਾਗੇ ਹੋ ਕੇ ਵੇਖੇ । ੧੯੭੮ ਦੀ ਵਿਸਾਖੀ ਤੇ ਵਰਤਦਾ ਸਾਕਾ ਅਤੇ ਭਾਈ ਫ਼ੌਜਾ ਸਿੰਘ ਜੀ ਨੂੰ ਆਪਣੇ ਜਥੇ ਸਮੇਤ ਸ਼ਹੀਦੀ ਪਾਉਂਦਾ ਵੀ ਵੇਖਿਆ । ਪੰਥਕ ਲੀਡਰਾਂ ਦਾ ਪੰਥ ਪ੍ਰਤੀ ਪਿਆਰ ਅਥਵਾ ਉਨ੍ਹਾਂ ਦੇ ਚਲਾਏ (ਕਥਿਤ ਕੁਰਸੀ-) ਜੁੱਧ ਦਾ ਗਿਆਨ, ਵੇਰਵੇ ਸਹਿਤ ਨਾਲੋ ਨਾਲ ਹੁੰਦਾ ਰਿਹਾ । ੧੯੮੧ ਤੋਂ ਨੌਕਰੀ ਦਾ ਜੂਲਾ ਗਲੋਂ ਲਹਿ ਗਿਆ । ਹੁਣ ਪੰਥ ਦੀ ਸੇਵਾ ਕਰਨ ਲਈ ਆਜ਼ਾਦ ਸਾਂ ।

ਪੰਥਕ ਲੀਡਰਾਂ ਦੇ ਪੰਥਕ ਪਿਆਰ ਅਤੇ ਤਿਆਗੀ ਸੁਭਾ ਵਿਚਲੀ ਦੁਰੰਗੀ-ਚਾਲ ਕਾਰਨ ਪੰਥਕ ਸਮਸਿਆ ਦੀ ਤਾਣੀ ਸਦਾ ਉਲਝਦੀ ਹੀ ਗਈ । ਪੰਥ ਦੇ ਤੇਜ-ਪਰਤਾਪ ਦੇ ਮੁੜ ਆਉਣ ਦੀ ਆਸ ਵਾਲੇ ਸਾਰੇ ਲਾਰੇ, ਛਲਾਵਾ ਸਿੱਧ ਹੁੰਦੇ ਰਹੇ । ਆਖ਼ਰ ਸੰਤ ਜਰਨੈਲ ਸਿੰਘ ਨੇ ਪੰਥ ਦੀ ਵਾਗ ਡੋਰ ਸਾਂਭ ਲਈ । ਗਲ੍ਹੀ ਗਲ੍ਹੀ ਵਿਚ ਸੰਤ ਭਿੰਡਰਾਂ ਵਾਲੇ ਦੀ ਜੈ-ਜੈਕਾਰ ਦੀ ਗੂੰਜ ਪੈਣ ਲੱਗ ਪਈ । ਸਾਰੇ ਕਹਿੰਦੇ ਸਨ ਕਿ, ਪੰਥ ਨੂੰ ਆਖ਼ਰ ਸੱਚਾ ਸੁੱਚਾ ਅਤੇ ਬਚਨਾਂ ਦਾ ਪੱਕਾ, ਲੀਡਰ ਲੱਭ ਗਿਆ ਹੈ । ਪਹਿਲੇ ਮੋਰਚਿਆਂ ਵਾਂਗ ਹੁਣ ਵਾਲਾ ਮੋਰਚਾ " ਕੁਰਸੀ-ਜੁੱਧ " ਨਹੀਂ ਬਣਨ ਲੱਗਾ । ਬਹੁਗਿਣਤੀ ਦੇ ਮੂੰਹੋਂ ਏਹੋ ਸੁਣੀਂਦਾ ਸੀ---ਇਸ ਵਾਰ, ਰੋਜ਼ ਦੀ ਘੈਂਸ ਘੈਂਸ ਮੁੱਕ ਕੇ ਹੀ ਰਹੇਗੀ, ' ਹਾਏ ਹੁਣ ਫ਼ੇਰ ਦਿੱਲੀ ਸਰਕਾਰ ਮੁੱਕਰ ਗਈ ! ' ਵਾਲੀ ਨਿੱਤ ਦੀ ਮੁਹਾਰਨੀ, ਹੁਣ ਜ਼ਰੂਰ ਬੰਦ ਹੋ ਕੇ ਰਹੇਗੀ, ਆਦਿ ।

ਦਾਸ ਨੇ ਘਰ ਘਾਟ ਛੱਡ ਕੇ ਗੁਰੂ ਨਾਨਕ ਨਿਵਾਸ ਵਿਖੇ ਸੰਤਾਂ ਕੋਲ ਹੀ ਜਾ ਡੇਰਾ ਲਾਇਆ । ਸ: ਰਛਪਾਲ ਸਿੰਘ ਸੰਤਾਂ ਦਾ PA ਅਤੇ ਭਾਈ ਕੰਵਰ ਸਿੰਘ, ਚੰਗੀ ਤਰ੍ਹਾਂ ਜਾਣਦੇ ਹਨ ਕਿ ਸੰਤ ਜੀ, ਦਾਸ ਕੋਲੋਂ ਕਿਹੋ ਜਿਹੇ ਜ਼ਰੂਰੀ ਕਾਰਜਾਂ ਵਿਚ ਸੇਵਾ ਲੈਂਦੇ ਰਹੇ ਸਨ । ਦਾਸ ਨੂੰ ਵੀ

ਪੂਰਾ ਵਿਸ਼ਵਾਸ਼ ਸੀ ਕਿ ਸੰਤਾਂ ਦਾ ਕਿਹਾ ਕਦੇ ਝੂਠਾ ਨਹੀਂ ਹੋਣਾ । ਸੰਤਾਂ ਕੋਲੋਂ ਦਸਮ ਗ੍ਰੰਥ ਦੀ ਕਥਾ ਅਤੇ ਹੋਰ ਗੁਰਬਾਣੀ ਸ਼ਬਦਾਂ ਦੀ ਵਿਚਾਰ ਸੁਣਦੇ ਰਹਿੰਦੇ ਸਾਂ । ਉਨ੍ਹਾਂ ਪ੍ਰਤੀ ਬਣੀ ਸ਼ਰਧਾ ਨਵੇਂ ਤੋਂ ਨਵੇਂ ਰੂਪ ਵਾਲਾ ਗੂੜ੍ਹਾ ਰੰਗ ਫੜਦੀ ਜਾਂਦੀ ਸੀ । ਉਨ੍ਹਾਂ ਦੇ ਨੇੜੇ ਰਹਿੰਦੇ ਮੇਰੇ ਜਿਹੇ ਸਾਰਿਆਂ ਸਿੱਖਾਂ ਨੂੰ ਉਨ੍ਹਾਂ ਦੀ ਹਰ ਮਰਯਾਦਾ ਕਲਗ਼ੀਧਰ ਦੀ ਆਪਣੀ ਹੀ ਮਰਯਾਦਾ ਹੋ ਦਿਸਦੀ ਸੀ । ਨਿਕਟ ਵਰਤੀਆਂ ਨੂੰ ਇਹ ਕਹਿੰਦੇ ਰੋਜ਼ ਸੁਣਦੇ ਹੁੰਦੇ ਸਾਂ ਕਿ ਸੁਖਮਨੀ ਸਾਹਿਬ ਵਿਚ ਜਿਸ ਸੰਤ ਅਤੇ ਜਿਸ ਬ੍ਰਹਮ-ਗਿਆਨੀ ਨੂੰ ਪਰਮੇਸ਼ਰ ਕਰਕੇ ਆਖਿਆ ਹੈ, ਹੁਣ ਪੰਥ ਦੀ ਵਾਗ-ਡੋਰ ਉਸ ਸੰਤ ਬ੍ਰਹਮ-ਗਿਆਨੀ ਦੇ ਹੱਥ ਵਿਚ ਆ ਚੁੱਕੀ ਹੈ । ਪੰਥ ਕੋਲੋਂ ਖੁੱਸਾ ਹੋਇਆ ਤਖ਼ਤ-ਤਾਜ ਨੇੜੇ ਆਉਂਦਾ ਦਿੱਸਣ ਲੱਗ ਪਿਆ ।

ਜ਼ਰੂਰੀ ਪਰਿਵਾਰਕ-ਮਸਲਿਆਂ ਦੇ ਕਾਰਨ ਜਨਵਰੀ ੧੯੮੪ ਵਿਚ ਦਾਸ ਨੂੰ ਕੈਨੇਡਾ ਆਉਣਾ ਪਿਆ । ਸੰਤਾਂ ਨੇ ਬੜੀ ਉਦਾਰਤਾ ਨਾਲ ਵਿਦਾ ਕੀਤਾ ਅਤੇ ਆਪਣੇ ਭਾਸ਼ਨ ਦੀਆਂ ਕਈ ਉਚੇਚੀਆਂ ਟੇਪਾ ਦਿੱਤੀਆਂ । ਪਹੁੰਚਿਆਂ ਥੋਹੜੀ ਦੇਰ ਹੀ ਹੋਈ ਸੀ ਕਿ ਜੂਨ ੧੯੮੪ ਵਿਚ ਸ੍ਰੀ ਦਰਬਾਰ ਸਾਹਿਬ ਤੇ ਹਮਲੇ ਵਾਲਾ ਜ਼ੁਲਮੀ ਕਾਰਾ ਵਰਤ ਗਿਆ । ਸਰਕਾਰ ਦਾ ਇਹ ਹਮਲਾ ਪੰਥ ਦੀ ਸਮੁੱਚੀ ਹੋਂਦ ਅਥਵਾ ਪੰਥ ਦੀ ਅਣਖ ਤੇ ਹੋਇਆ ਮੰਨਿਆਂ ਗਿਆ । ਫਿਰ ਸਿੰਘਾਂ ਦੇ ਆਮ ਕਤਲਾਂ ਦੀਆਂ ਖ਼ਬਰਾਂ ਆਉਣ ਲੱਗ ਪਈਆਂ । ਇੰਦ੍ਰਾ ਗਾਂਧੀ ਦੇ ਕਤਲ ਕਾਰਨ ਲੋਕਾਂ ਵਿਚ ਭੜਕਾਹਟ ਆ ਜਾਣ ਦਾ ਬਹਾਨਾ ਬਣਾ ਕੇ ਸਰਕਾਰੀ ਬੰਦਿਆਂ ਨੇ ਹਜ਼ਾਰਾਂ ਸਿਖ-ਪਰਵਾਰ ਤਬਾਹ ਕਰ ਦਿੱਤੇ । ਸੈਂਕੜੇ ਸਿਖ ਬੱਚੀਆਂ ਦੀ ਪੱਤ ਲੁਟੀ ਗਈ, ਕ੍ਰੋੜਾਂ ਦਾ ਧਨ ਬਰਬਾਦ ਹੋਇਆ । ਸੰਤ ਜੀ ਦੇ ਨਿਕਟ ਵਰਤੀਆਂ ਨੇ ਉਦੋਂ ਦਾ ਕਹਿਣਾ ਅਰੰਭ ਕੀਤਾ ਅੱਜ ਤਾਂਈ ਨਹੀਂ ਤਿਆਗਿਆ, ਕਿ ਸੰਤ ਜੀ ਬਚ ਕੇ ਨਿਕਲ ਗਏ ਸਨ ਅਤੇ ਢੁਕਵੇਂ ਸਮੇਂ ਦੀ ਉਡੀਕ ਵਿਚ ਕਿਤੇ ਛੁਪੇ ਬੈਠੇ ਹਨ । ਜਿਸ ਮਹਾਂਪੁਰਖ ਨੇ ਜੈਕਾਰਿਆਂ ਦੀ ਗੂੰਜ ਵਿਚ ਕਈ ਵਾਰੀ ਇਹ ਬਚਨ ਕੀਤੇ ਸਨ---**ਜਾਂ ਪੰਥ ਨੂੰ ਪੂਰਨ ਫ਼ਤਹਿ ਲੈ ਕੇ ਦਿਆਂਗਾ ਅਤੇ ਜਾਂ ਦਾਸ ਦਾ ਸੀਸ ਏਥੇ ਹੀ ਲੱਗੇਗਾ**--ਉਸ ਬਾਰੇ ਅਜੇਹਾ ਆਖਣਾ ਤੇ ਦੂਰ ਦੀ ਗੱਲ ਹੈ ਅਜੇਹਾ ਸੋਚਣਾ ਵੀ ਮਹਾਂ-ਪਾਪ ਹੈ । ਇਹ ਕਿਵੇਂ ਹੋ ਸਕਦਾ ਹੈ ਕਿ ਅਜੇਹਾ ਬ੍ਰਹਮ ਗਿਆਨੀ ਸੰਤ-ਸੂਰਮਾਂ ਮਹਾਂ ਪੁਰਖ, ਭਖਦੇ ਜੰਗ ਵਿਚੋਂ ਸਹੀ ਸਲਾਮਤ ਭੱਜ ਗਿਆ ? ਦਿਲ ਇਸ ਗੱਲ ਨੂੰ ਮੰਨਣ ਨੂੰ ਤਿਆਰ ਨਹੀਂ ਸੀ ਕਿ ਏਡੀ ਵੱਡੀ ਤਬਾਹੀ ਹੋ ਜਾਣ ਉਪ੍ਰੰਤ ਅਤੇ ਪੰਥ ਦੀ ਰਹਿੰਦੀ ਖੂਹੰਦੀ ਮਿੱਟੀ ਵੀ ਪੁੱਟੀ ਜਾਣ ਉਪ੍ਰੰਤ, ਸੰਤ ਜੀ ਕਿਤੇ ਛੁਪਣ ਹੋਏ ਇਸ ਤੋਂ ਵੀ ਭੈੜੀ ਹਾਲਤ ਦੀ ਉਡੀਕ ਕਰ ਰਹੇ ਹਨ ? ਪਰ ਸੰਤ ਜੀ ਦੇ ਮਾਤਾ ਪਿਤਾ ਵੀ ਜਦ ਸੰਤਾਂ ਦੇ ਬਚ-ਨਿਕਲਣ ਦੀ ਗੱਲ ਸਗੋਂ ਬਹੁਤੀ ਦ੍ਰਿੜ੍ਹਤਾ ਨਾਲ ਕਹਿ ਰਹੇ ਹੋਣ ਤਾਂ ਲੋਕਾਂ ਵਲੋਂ ਕੀਤੀਆਂ ਜਾਂਦੀਆਂ ਤਰਕਾਂ ਦਾ ਕੀ ਉੱਤਰ ਬਣੇ ? ਸੰਤਾਂ ਪ੍ਰਤੀ ਬਣਿਆ ਸਤਿਕਾਰ ਦਾਸ ਦੇ ਅੰਦਰੋਂ ਵੀ ਢਿੱਲਾ ਪੈਣ ਲੱਗ ਪਿਆ । ਇਸ ਸਨਮਾਨ ਜੋਗ ਲੀਡਰ ਜੀ ਨੇ ਵੀ ਚੰਗੀ ਰੱਖ ਵਿਖਾਈ ? ਪੂਰਨ ਆਜ਼ਾਦੀ ਮਿਲ ਸਕਣ ਦਾ ਵਿਸ਼ਵਾਸ਼ ਦੇ ਕੇ (ਅਲ੍ਹੜ ਅਤੇ ਗੁਰਮਤਿ-ਗਿਆਨ ਤੋਂ ਸੱਖਣੇ) ਸਿੱਖ ਨੌਜਵਾਨਾਂ ਦੇ ਹੱਥਾਂ ਵਿਚ ਪਸਤੌਲ, ਬੰਦੂਕਾਂ ਅਤੇ ਮੋਟਰ ਸਾਈਕਲ ਫੜਾ ਗਏ । **ਸਾਧ ਬਚਨ ਅਟਲਾਧਾ**--ਸਮਝਣ ਵਾਲੇ ਸਿੰਘ ਬੱਚੇ, ਸੰਤਾਂ ਦੇ ਵਰ ਦੀ ਸ਼ਕਤੀ ਵਿਚ ਗਲੇਫੇ ਹੋਏ ਸ਼ਸਤ੍ਰ ਸਾਂਭ ਕੇ, ਸੰਤਾਂ ਦੇ ਦੱਸੇ ਰਾਹ ਤੇ ਪੂਰੀ ਸ਼ਕਤੀ ਨਾਲ ਭੱਜ ਪਏ । ਸੰਤਾਂ ਦੇ ਬਚਨਾਂ ਵਾਲੀ ਆਜ਼ਾਦੀ ਦਾ ਤਾਂ ਪਤਾ ਨਹੀਂ ਕੀ ਬਣੇ, ਪਰ ਬੜਾ ਗੰਭੀਰ ਪ੍ਰਸ਼ਨ ਉੱਭਰ ਕੇ ਸਾਹਮਣੇ ਆ ਖਲੋਤਾ । ਕੀ ਖ਼ਾਲਸਈ ਆਨ-ਸ਼ਾਨ ਨੂੰ ਸਿਖ਼ਰੀਂ ਲੈ ਜਾਣ ਵਾਲੀਆਂ ਪਰੰਪਰਾਵਾਂ ਅਤੇ ਖ਼ਲਸਈ-ਨਿਆਰੇ-ਆਚਰਨ ਕਾਰਨ ਬਣੀਆਂ ਧਾਰਣਾਵਾਂ, ਖ਼ਾਲਸੇ ਦੇ ਆਪਣੇ ਹੀ ਹੱਥੋਂ ਮਿੱਟੀ ਵਿਚ ਤਾਂ ਨਹੀਂ ਰੁਲੀਆਂ ? ਕੀ ਪੰਥ ਦਾ ਕੀਮਤੀ ਸਰਮਾਇਆ (ਕੌਮ ਦਾ ਹੋਣਹਾਰ ਨੌਜਵਾਨ) ਭੋ ਦੇ ਭਾੜੇ ਹੀ ਤਬਾਹ ਤੇ ਨਹੀਂ ਹੋ ਗਿਆ ?

ਕਲਗੀਧਰ ਨੇ ਆਪਣੇ ਬਚਨਾਂ ਅਨੁਸਾਰ ਗ਼ਰੀਬ ਸਿੱਖਾਂ ਨੂੰ ਪਾਤਿਸ਼ਾਹੀ ਦੀ ਬਖ਼ਸ਼ਸ਼ ਕਰ ਦਿੱਤੀ ਸੀ । ਮਹਾਰਾਜਾ ਰਣਜੀਤ ਸਿੰਘ ਦੀ ਜਥੇਦਾਰੀ ਸਮੇਂ, ਸਿਖ ਪੰਥ ਦੀ ਅਦੁਤੀ ਚੜ੍ਹਤ ਵਿਚ ਕਿਹੜੀ ਕਸਰ ਸੀ ? ਉਸ ਸਮੇਂ ਦੁਨੀਆਂ ਵਿਚੋਂ ਸਿਰ ਕੱਢ ਸ਼ਕਤੀ ਵਾਲੀ ਅੰਗ੍ਰੇਜ਼ ਕੌਮ, ਜਿਸ ਨੇ ਬਰ੍ਹਮਾ ਤੋਂ ਲੈ ਕੇ ਸਤਲੁਜ ਤਾਈਂ ਸਾਰਾ ਭਾਰਤ ਆਪਣੇ ਪੈਰਾਂ ਹੇਠ ਕਰ ਲਿਆ ਸੀ, ਖ਼ਾਲਸਾ ਰਾਜ ਦੀ ਸਰਹੱਦ ਕੋਲ ਆ ਕੇ ਠਠੰਬਰ ਗਈ ਸੀ । ਖ਼ਾਲਸਾ ਜੀ ਨਾਲ ਮਿੱਤਰਤਾ ਲਈ ਗੋਡੇ ਟੇਕ ਖਲੋਤੀ ਸੀ । ਫਿਰ ਕੀ ਇਹ ਰਾਜ ਭਾਗ ਏਡੀ ਛੇਤੀ ਗੁਰੂ ਨੇ ਆਪ ਹੀ ਖੋਹ ਲਿਆ ? ਪਰ ਕਦੇ ਪਿਤਾ ਨੇ ਵੀ ਆਪਣੇ ਬੱਚੇ ਕੋਲੋਂ ਕੋਈ ਪਦਾਰਥ ਖੋਹਿਆ ਹੈ ? ਫਿਰ ਭਾਣਾ ਕੀ ਵਰਤਦਾ ਜਾ ਰਿਹਾ ਹੈ ? ਅਜੇਹੇ ਪ੍ਰਸ਼ਨਾਂ ਦੇ ਉੱਤਰ ਲੱਭਣ ਵਿਚ ਮਨ ਡੁੱਬਾ ਰਹਿੰਦਾ ਸੀ । ਪੰਥਕ ਲੀਡਰਾਂ ਵਲੋਂ ਸਰਕਾਰ ਨੂੰ ਦਬਕੇ ਵੀ ਉਸੇ ਤਰ੍ਹਾਂ ਦੇ ਵਜਦੇ ਆ ਰਹੇ ਹਨ ਅਥਵਾ Ultimatum ਵੀ ਉਹੀ ਦਿੱਤੇ ਜਾ ਰਹੇ ਹਨ ਜਿਹੜੇ ਅੰਗਰੇਜ਼ੀ ਰਾਜ ਵੇਲੇ ਅਰੰਭ ਹੋਏ ਸਨ । ਹਿੰਦੂ ਸਰਕਾਰ ਵਲੋਂ ਕੀਤੇ ਹੋਏ ਬਚਨਾਂ ਤੋਂ ਮੁੱਕਰ ਜਾਣ ਦੇ ਅਤੇ ਪੱਖ-ਪਾਤ ਵਾਲੀ ਧੱਕੇ ਸ਼ਾਹੀ ਨਾਲ ਕੀਤੇ ਜਾਂਦੇ ਜ਼ੁਲਮੀ ਕਾਰਿਆਂ ਦੇ ਰੋਣੇ ਵੀ ਸਿੱਖ ਲੀਡਰ ਲਗਾਤਾਰ ਉਸੇ ਤਰ੍ਹਾਂ ਦੇ ਹੀ ਰੋਈ ਜਾ ਰਹੇ ਹਨ ਜਿਹੜੇ ੧੯੪੭ ਵਿਚ ਅਰੰਭ ਹੋ ਗਏ ਸਨ । ਤਿੰਨ ਸੰਤਾਂ (ਸੰਤ ਫ਼ਤਹਿ ਸਿੰਘ, ਸੰਤ ਹਰਚੰਦ ਸਿੰਘ ਅਤੇ ਫਿਰ ਸੰਤ ਜਰਨੈਲ ਸਿੰਘ) ਨੇ ਵੀ ਪੰਥ ਦੀ ਕਿਸਮਤ ਦੀ ਵਾਗ਼ ਡੋਰ ਸਾਂਭੀ, ਪਰ ਪੰਥ ਦਾ ਪੈਰ ਅੱਗੇ ਪੈਣ ਦੀ ਥਾਂ ਸਗੋਂ ਕੋਹਾਂ ਦੇ ਹਿਸਾਬ ਨਾਲ ਪਿੱਛੇ ਹੀ ਪੈਂਦਾ ਰਿਹਾ । ਗੁਰੂ ਨਾਨਕ ਨਿਰੰਕਾਰੀ ਵਰਗੇ ਪੂਰਨ ਗੁਰ ਪਰਮੇਸ਼ਰ ਦੇ ਸਿਰਜੇ ਹੋਏ ਖ਼ਾਲਸਾ ਪੰਥ ਦੀ ਢਹਿੰਦੀ ਕਲਾ ਦਾ ਅਸਲ ਕਾਰਨ ਕੀ ਹੈ ? ਪੰਥ ਦਾ ਦਰਦ ਕਲੇਜੇ ਵਿਚ ਛੇਕ ਪਾਈ ਜਾਂਦਾ ਸੀ । ਆਖ਼ਰ ਕਲਗੀਧਰ ਜੀ ਦੇ ਨਾਮ ਨਾਲ ਜੁੜੇ ਹੋਏ ਇਸ ਬਚਨ ਵੱਲ ਖ਼ਿਆਲ ਗਿਆ--

**ਜਬ ਲਗ ਖਾਲਸਾ ਰਹੇ ਨਿਆਰਾ । ਤਬ ਲਗ ਤੇਜ ਦੀਆ ਮੈਂ ਸਾਰਾ ।**
**ਜਬ ਇਹ ਗਹੇ ਬਿਪ੍ਨ ਕੀ ਰੀਤ । ਮੈਂ ਨਾ ਕਰੂੰ ਇਨਕੀ ਪਰਤੀਤ ।**

## ੩- <u>ਗੁਰਬਾਣੀ ਵਿਚਾਰ ਦੀ ਲਗਨ</u>

ਪੰਥ ਤੇ ਬਣੀ ਭੀੜ ਤੋਂ ਚਿੰਤਾਤੁਰ ਮੰਨ ਨਾਲ ਜਦ ਦਸਵੇਂ ਜਾਮੇ ਵਿਚ ਆਏ ਗੁਰੂ ਨਾਨਕ ਦੇਵ ਜੀ ਦਾ ਇਹ ਫ਼ੁਰਮਾਨ ਵਿਚਾਰਿਆ ਤਾਂ ਸਮਝ ਪਈ ਕਿ, ਤੇਜ ਪ੍ਰਤਾਪ ਤਾਂ ਖਾਲਸੇ ਦੇ **ਨਿਆਰੇ ਰਹਿਣ** ਨਾਲ ਜੁੜਿਆ ਹੋਇਆ ਸੀ । ਪੰਥ ਦੇ ਹਿਤੈਸ਼ੀ ਕਈ ਵਿਦਵਾਨਾਂ ਕੋਲੋਂ, ਬੜੀ ਉਤਸੁਕਤਾ ਨਾਲ ਪੁਛਿਆ ਕਿ ਕੀ ਕਿਤੇ ਖਾਲਸਾ ਆਪਣਾਂ ਨਿਆਰਾ-ਪੁਣਾ, ਹੀ ਤਾਂ ਨਹੀਂ ਗੁਆ ਬੈਠਾ ? ਅਗੋਂ ਉਤੱਰ ਏਹੋ ਮਿਲਿਆ ਕਿ--**ਪੰਥ**

**ਆਪਣੀ ਨਿਆਰੀ ਹਸਤੀ ਨੂੰ ਕਾਇਮ ਰੱਖਣ ਵਾਸਤੇ ਹੀ ਤਾਂ ਜੂਝ ਰਿਹਾ ਹੈ । ਜਦ ਪੰਥ ਦੀ ਨਿਆਰੀ ਹਸਤੀ ਹੀ ਨਾ ਰਹੀ ਤਾਂ ਸਰਕਾਰ ਨਾਲ ਮੋਰਚੇ ਲਾਉਣ ਦੀ ਲੋੜ ਹੀ ਨਹੀਂ ਰਹਿਣੀ ।**

ਪੰਥ ਦੇ ਕਈ ਵਿਦਵਾਨ ਸਿਆਸਤਦਾਨਾ ਨੇ ਸਿੱਖ ਧਰਮ ਵਿਚ ਹੋਏ ਵਾਧੇ ਦੇ ਇਸ ਪੱਖ ਵੱਲ ਧਿਆਨ ਦਿਵਾਉਂਦਿਆਂ ਬੜੇ ਭਰੋਸੇ ਭਰੇ ਜੋਸ਼ ਨਾਲ ਕਹਿਣਾ--ਅੱਜ ਤੋ ੫੦/੬੦ ਸਾਲ ਪਹਿਲਾਂ ਅਖੰਡ ਪਾਠ, ਅਥਵਾ ਹੋਰ ਧਾਰਮਿਕ ਜੋੜ ਮੇਲੇ ਸਾਲ ਵਿਚ ਇੱਕ ਅੱਧ ਵਾਰ ਹੀ ਵੇਖਣੇ ਨਸੀਬ ਹੁੰਦੇ ਸਨ । ੧੯੪੭ ਤੋ ਪਿਛੋਂ ਅਖੰਡ ਪਾਠ ਅਥਵਾ ਸਹਿਜ ਪਾਠ ਕਰਾਉਣ ਦੀ ਗਿਣਤੀ ਦਿਨੋ ਦਿਨ ਵਧਦੀ ਰਹੀ ਹੈ । ਸ੍ਰੀ ਅੰਮ੍ਰਿਤਸਰ ਅਤੇ ਹੋਰ ਇਤਿਹਾਸਕ ਗੁਰੂ ਘਰਾਂ ਦੀਆਂ ਕਮੇਟੀਆਂ ਕੋਲ ਅਖੰਡ ਪਾਠ ਕਰਾਉਣ ਵਾਲਿਆਂ ਦੀ ਲਿਸਟ ਲੰਮੀ ਤੋਂ ਲੰਮੀ ਹੁੰਦੀ ਗਈ ਅਤੇ ਪਾਠ ਕਰਨ ਦੀ ਵਾਰੀ ਆਉਣ ਵਿਚ ਕਈ ਸਾਲ ਲੱਗਣ ਲੱਗ ਪਏ ਹਨ । ੧੦੧ ਅਖੰਡ ਪਾਠਾਂ ਦੀਆਂ ਲੜੀਆਂ, ਰੈਣ ਸਬਾਈ ਕੀਰਤਨ, ਕੀਰਤਨ-ਦਰਬਾਰ, ਸੁਖਮਨੀ ਪਾਠ ਸਭਾਵਾਂ, ਅਤੇ ਹੋਰ ਧਾਰਮਿਕ ਸਮਾਗਮਾਂ ਵਿੱਚ ਵੀ ਬੜਾ ਵਾਧਾ ਹੋਇਆ ਹੈ । ਅੰਮ੍ਰਿਤ ਪ੍ਰਚਾਰ ਵੱਲ ਵੀ ਕਮੇਟੀਆਂ ਧਿਆਨ ਦੇ ਹੀ ਰਹੀਆਂ ਹਨ । ਸੰਤਾਂ ਦੇ ਡੇਰੇ ਗੁਰਮਤਿ ਦਾ ਪਰਚਾਰ ਕਰਨ ਅਤੇ ਆਪਣੀ ਆਪਣੀ ਵਿਧੀ ਨਾਲ ਸਿਮਰਨ ਅਥਵਾ ਵਾਹਿਗੁਰੂ ਗੁਰਮੰਤ੍ਰ ਦਾ ਜਾਪ ਕਰਵਾਉਣ ਵਿਚ ਤਰੱਕੀ ਕਰੀ ਜਾ ਰਹੇ ਹਨ । ਪਰਚਾਰਕਾਂ ਰਾਗੀਆਂ, ਪਾਠੀਆਂ, ਦਾਨੀਆਂ ਅਥਵਾ ਗੁਰੂ-ਘਰਾਂ ਦੀ ਨਵੀਂ ਤੋਂ ਨਵੀਂ ਉਸਾਰੀ ਦੀ ਗਿਣਤੀ ਅਤੇ ਫਿਰ ਇਸ ਸੱਭ ਕੁਝ ਦੇ ਨਾਲ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਦੀ ਆਮਦਨ ਹਰ ਸਾਲ ਵਾਧੇ ਤੇ ਹੈ । ਗਲ ਕੀ ਧਰਮ ਕਰਮ ਵਿਚ ਹਰ ਪੱਖੋਂ ਵਾਧਾ ਹੀ ਹੁੰਦਾ ਆਇਆ ਹੈ । ਕੀ ਇਹ ਸਭ ਕੁਝ ਸਾਬਤ ਨਹੀਂ ਕਰਦਾ ਕਿ ਪੰਥ ਨੇ ਆਪਣਾ ਨਿਆਰਾ ਧਰਮ ਸਾਂਭਿਆ ਹੋਇਆ ਹੈ ? ਕੀ ਇਸ ਸੱਭ ਕੁਝ ਤੋਂ ਇਹ ਯਕੀਨ ਨਹੀਂ ਬੱਝਦਾ ਕਿ ਸਮੁੱਚਾ ਪੰਥ ਪੂਰਨ ਰੂਪ ਵਿਚ ਗੁਰੂ ਨਾਲ ਜੁੜਿਆ ਹੋਇਆ ਹੈ ?

ਫਿਰ ਕਿਤੇ ਅਸੀਂ ਬਿੱਪ੍ਰਨ ਕੀ ਰੀਤ ਦੇ ਧਾਰਨੀ ਤਾਂ ਨਹੀਂ ਹੋ ਗਏ ? ਇਸ ਸੁਆਲ ਦੇ ਜਵਾਬ ਵਿਚ ਉਲਟੇ ਦਾਸ ਤੇ ਹੀ ਕਈ ਪ੍ਰਸ਼ਨ ਹੋਣ ਲੱਗ ਪੈਂਦੇ ਸਨ---ਕੀ ਅਸੀ ਬੋਦੀਆਂ ਰੱਖ ਲਈਆਂ ਹਨ ? ਕਿ ਜਾਂ ਸਿੱਖਾਂ ਨੇ ਜਨੇਊ ਪਾ ਲਏ ਹਨ ? ਕੀ ਸਿਖ ਮੂਰਤੀਆਂ ਪੂਜਣ ਲੱਗ ਪਿਆ ਹੈ ਕਿ ਜਾਂ ਗੁਰਬਾਣੀ ਦੇ ਥਾਂ ਗੀਤਾ ਗਾਇਤ੍ਰੀ ਦਾ ਪਾਠ ਕਰਨ ਲੱਗ ਪਿਆ ਹੈ ? ਪੰਥ ਬਿੱਪ੍ਰਨ ਕੀ ਰੀਤ ਦਾ ਧਾਰਨੀ ਕਿਵੇਂ ਬਣ ਗਿਆ ? ਫਿਰ ਕਲਗੀਧਰ ਦੇ ਬਚਨਾਂ ਬਾਰੇ ਸ਼ੰਕਾ ਹੋ ਜਾਣ ਕਾਰਨ ਦਾਸ ਨੇ ਹਉਕਾ ਭਰ ਕੇ ਜੇ ਇਹ ਕਹਿਣਾ---**ਤਾਂ ਫਿਰ ਇਹ (**ਉਪਰ ਲਿਖੇ**) ਬਚਨ ਸਤਿਗੁਰਾਂ ਦੇ ਨਹੀਂ ਹੋਣੇ** ? ਤਦ ਬੜੇ ਵਿਸ਼ਵਾਸ਼ ਵਾਲੀ ਦ੍ਰਿੜਤਾ ਨਾਲ ਇਹ ਤਸੱਲੀ ਵੀ ਨਾਲ ਹੀ ਕਰਾਈ ਜਾਂਦੀ ਸੀ ਕਿ **ਇਹ ਬਚਨ ਕਲਗ਼ੀ ਧਰ ਜੀ ਦੇ ਆਪਣੇ ਹੀ ਮੁਖਾਰਬਿੰਦ ਦੇ ਹਨ।**

ਹਿਰਦੇ ਵਿਚੋਂ ਇਹ ਆਵਾਜ਼ ਆਉਣੋ ਨਹੀਂ ਸੀ ਹਟਦੀ ਕਿ ਜੇ ਬਚਨ ਸਤਿਗੁਰਾਂ ਦੇ ਹਨ ਤਾਂ ਫਿਰ ਇਸ ਵਿਚ ਕੋਈ ਸੰਦੇਹ ਨਹੀਂ ਹੋਣਾ ਚਾਹੀਦਾ ਕਿ, ਪੰਥ ਵਿਚ ਜ਼ਰੂਰ ਗ਼ੰਭੀਰ ਭੁੱਲਾਂ ਆ ਚੁੱਕੀਆਂ ਹਨ । ਅਤੇ ਜੇ ਪੰਥ ਅਜੇ ਉਸੇ ਤਰ੍ਹਾਂ ਨਿਆਰਾ ਹੀ ਹੈ ਤਾਂ ਇਹ ਬਚਨ ਮੇਰੇ ਸਤਿਗੁਰਾਂ ਦੇ ਕਦੇ ਨਹੀਂ ਹੋ ਸਕਦੇ । ਅਭੁੱਲ ਸਤਿਗੁਰਾਂ ਦੇ ਬਚਨ ਦਾ ਹਰ ਇੱਕ ਅੱਖਰ ਅਟੱਲ ਸਚਾਈ ਵਾਲਾ ਹੋਣਾ ਚਾਹੀਦਾ ਹੈ । ਜੇ ਖ਼ਾਲਸਾ ਹਰ ਪੱਖੋਂ ਠੀਕ ਠਾਕ ਹੈ ਤਾਂ ਫਿਰ ਇਸ ਦਾ **ਤੇਜ ਪਰਤਾਪ ਕਿਵੇਂ ਅਲੋਪ ਹੋਇਆ ? ਰਾਜ ਭਾਗ ਪੰਥ ਦੇ ਨੇੜੇ ਕਿਉਂ ਨਹੀਂ ਢੁੱਕ ਰਿਹਾ ?**

ਆਖ਼ਰ ਉਸ ਜਾਗਤ ਜੋਤਿ ਗੁਰੂ-ਗ੍ਰੰਥ ਸਾਹਿਬ ਵੱਲ ਧਿਆਨ ਗਿਆ ਜਿਸ ਦੀ ਪ੍ਰਦੱਖਣਾ ਕਰਕੇ, ਤੇਜ ਪ੍ਰਤਾਪਾਂ ਦੇ ਦਾਤੇ, ਸੂਰਜਾਂ ਦੇ ਮਹਾਨ ਸੂਰਜ, ਮਹਾਂ ਬਲੀ, ਦਸਮ ਗੁਰੂ ਨਾਨਕ ਨੇ, ਅਥਾਹ ਬਰਕਤਾਂ ਵਾਲਾ ਆਪਣਾ ਉਹ ਪਾਵਨ ਸੀਸ ਝੁਕਾ ਦਿੱਤਾ ਸੀ, ਜਿਹੜਾ ਸਵਾਏ ਪਰਮਾਤਮਾ ਦੇ ਕਿਸੇ ਅੱਗੇ ਝੁਕਣਾ ਜਾਣਦਾ ਹੀ ਨਹੀਂ ਸੀ । ਜਿਸ ਗੁਰੂ ਗ੍ਰੰਥ ਨੂੰ, ਦੁੱਖ-ਭੰਜਣ ਸੂਰਮੇ ਗੁਰੂ ਨੇ, ਆਪਣੇ ਥਾਂ ਜਗਤ-ਗੁਰਿਆਈ ਦਾ ਸਦੀਵੀ ਮਾਲਕ ਥਾਪਿਆ ਸੀ ਉਸ ਵਲ ਧਿਆਨ ਗਿਆ । ਉਸੇ ਨਿਆਰੇ ਅਤੇ ਅਨੂਪਮ ਗੁਰੂ ਕੋਲੋਂ ਪਤਾ ਕਰਨਾ ਚਾਹੀਦਾ ਹੈ ਕਿ ਪੰਥ ਦਾ ਤੇਜ ਪ੍ਰਤਾਪ ਦੂਰ ਤੋਂ ਦੂਰ ਕਿਉਂ ਹੁੰਦਾ ਜਾ ਰਿਹਾ ਹੈ ? ਪਹਿਲਾਂ ਆਪਣੀ ਭੁੱਲਾਂ ਬਖ਼ਸ਼ਾ ਕੇ ਗੁਰੂ-ਬਾਣੀ ਦੀ ਤਾਬਿਆ ਬੈਠਣ ਜੋਗਾ ਬਣ ਲਵਾਂ ।

ਆਪਣੀ ਸਿੰਘਣੀ ਨੂੰ ਨਾਲ ਲੈ ਵੈਨਕੂਵਰ (ਕੈਨੇਡਾ) ਦੇ ਗੁਰੂ ਘਰ ਜਾ ਕੇ ਗੁਰੂ ਜੀ ਦੇ ਦਰਬਾਰ ਵਿਚ ਹਾਜ਼ਰ ਹੋਇਆ । ਸੱਚੇ ਦਿਲ ਦੇ ਪਛਤਾਵੇ ਨਾਲ, ਪੰਜ ਪਿਆਰਿਆਂ ਦੀ ਕਚਿਹਰੀ ਵਿਚ ਆਪਣੀਆਂ ਭੁੱਲਾਂ ਮੰਨੀਆਂ । ਉਨ੍ਹਾਂ ਨੇ ਯੋਗ ਦੰਡ ਸੁਣਾ ਕੇ ਦਾਸ ਨੂੰ ਹੁਣ ਦੂਜੀ ਵਾਰ, ਅਤੇ ਮੇਰੀ ਸਿੰਘਣੀ ਪ੍ਰਕਾਸ਼ ਕੌਰ ਨੂੰ ਪਹਿਲੀ ਵਾਰੀ ਗੁਰੂ ਦਾ ਅੰਮ੍ਰਿਤ ਪਾਨ ਕਰਾਇਆ । ਫਿਰ ਭਾਈ ਵੀਰ ਸਿੰਘ ਜੀ ਦਾ ਲਿਖਿਆ--**ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ** (ਜੋ ਪੂਰਾ ਨਹੀ ਸੀ ਮਿਲਿਆ) ਅਤੇ ਗੁਰਮੁਖ ਪਿਆਰੇ ਪ੍ਰਫ਼ੈਸਰ ਸਾਹਿਬ ਸਿੰਘ ਜੀ ਦੇ ਲਿਖੇ **ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ** ਦੀਆਂ ਪੋਥੀਆਂ ਤੋਂ ਗੁਰਬਾਣੀ ਦਾ ਪਾਠ ਕਰਨਾ ਅਰੰਭ ਕਰ ਦਿੱਤਾ । ਪਤਾ ਨਹੀਂ ਕਿਸ ਜਨਮ ਦੇ ਪੁੰਨ ਕਰਮਾ ਦਾ ਅੰਕੁਰ ਫੁਟਿਆ ਜੋ ਗੁਰਬਾਣੀ ਸਿਧਾਂਤ ਸਮਝਾਉਣ ਲਈ ਸਤਿਗੁਰਾਂ ਨੇ ਇਸ ਕੀਟ ਨੂੰ ਆਪਣੀ ਚਰਨੀ ਲਾ ਲਿਆ--**ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ, ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥**(੧੬੭--੪੯) ਬੁਢੀ ਅਵਸਥਾ ਵਿਚ ਪੁਜੇ ਇਸ ਨੀਚ ਭੁਲੱੜ ਦੇ ਸਿਰ ਤੇ ਸਤਿਗੁਰਾਂ ਨੇ ਮਿਹਰਾਂ ਭਰਿਆ ਹੱਥ ਰੱਖਣਾਂ ਮਨਜ਼ੂਰ ਕਰ ਲਿਆ :- **ਹਮ ਨੀਚ ਮਧਿਮ ਕਰਮ ਕੀਏ ਨਹੀ ਚੇਤਿਓ ਹਰਿ ਰਾਇਓ ॥**

**ਹਰਿ, ਆਨਿ ਮੇਲਿਓ ਸਤਿਗੁਰੂ, ਖਿਨੁ ਬੰਧ ਮੁਕਤਿ ਕਰਾਇਓ ॥ ੧ ॥**[੯੯੫]

ਪੰਜਾਬੀ ਵਿਦਿਆ ਵਿਚ ਦਾਸ ਦੀ ਸਕੂਲੀ ਪੜ੍ਹਾਈ ਐਵੇਂ ਨਾਮ ਮਾਤ੍ਰ ਹੀ ਸੀ । ਨੌਕਰੀ ਵਿਚ ਵੀ ਬਹੁਤਾ ਵਾਹ ਅੰਗ੍ਰੇਜ਼ੀ ਉਰਦੂ ਨਾਲ ਹੀ ਰਿਹਾ ਸੀ । ਇਸ ਘਾਟ ਕਾਰਨ, ਗੁਰਬਾਣੀ ਪੜ੍ਹਨ ਅਤੇ ਸਮਝਣ ਵਿਚ ਕਾਫ਼ੀ ਔਕੜ ਆਈ । ਲਗਾਤਾਰ **ਦੋ ਸਾਲ** ਦੀ ਕਰੜੀ ਮਿਹਨਤ ਅਤੇ ਲਗਨ ਨਾਲ ਪੜ੍ਹਦੇ ਰਹਿਣ ਪਿਛੋਂ ਸਤਿਗੁਰਾਂ ਦੀ ਮਿਹਰ ਹੋਈ ਅਤੇ ਵਿਕਾਰਾਂ ਵੱਲ ਭਜਣ ਗਿੱਝਾ ਇਹ ਖੁਟਹਰ ਮਨ ਗੁਰਬਾਣੀ ਵਿਚਾਰ ਵਿਚ ਲੀਨ ਰਹਿਣ ਲਈ ਮੰਨ ਗਿਆ । ਗੁਰਮਤਿ ਸਿਧਾਂਤ ਦੀ ਸਮਝ ਆਉਣ ਲੱਗ ਪਈ, ਜਿਸ ਤੋਂ ਗੁਰਬਾਣੀ ਪੜ੍ਹਨ ਵਿਚ ਨਿਰਾਲਾ ਰਸ ਆਉਣ ਲਗ ਪਿਆ।

ਗੁਰੂ-ਸ਼ਬਦ ਅਰਥ ਵਿਚਾਰ ਤੋਂ ਗੁਰਦੇਵ ਜੀ ਦੇ **ਨਿਆਰੇ ਸਿਧਾਂਤ** ਅਤੇ **ਬਿੱਪ੍ਰਨ ਕੀ ਰੀਤ** ਦਾ ਭੇਤ ਵੇਰਵੇ ਨਾਲ ਸਮਝਣ ਵਿਚ ਪੂਰੀ ਸਫ਼ਲਤਾ ਨਾ ਹੋਈ । ਫਿਰ ਅੰਦਰੋਂ ਹੀ ਆਵਾਜ਼ ਆਈ ਕਿ ਬ੍ਰਾਹਮਣੀ ਗ੍ਰੰਥ ਵੀ ਪੜ੍ਹਨੇ ਚਾਹੀਦੇ ਹਨ । ਭਾਈ ਬੰਤਾ ਸਿੰਘ ਵਿਕਟੋਰੀਆ ਨਿਵਾਸੀ ਦੇ ਹਿਰਦੇ ਵਿਚ ਪੰਥ ਨਾਲ ਡੂੰਘਾ ਪਿਆਰ ਹੈ । ਉਸ ਨਾਲ ਦਾਸ ਦੀ ਸਾਂਝ ਬਣ ਗਈ । ਉਸ ਨੇ ਦਾਸ ਦੀ ਲਗਨ ਵੇਖ ਕੇ ਅਤੇ ਵਿਚਾਰ ਸੁਣ ਕੇ ਉਹ ਪੁਰਾਣਕ ਗ੍ਰੰਥ ਜਿਨ੍ਹਾਂ ਦੇ ਪੰਜਾਬੀ ਉਲੱਥੇ ਹੋ ਚੁੱਕੇ ਸਨ, ਖ਼ਰੀਦ ਕੇ ਦਾਸ ਕੋਲ ਪੁਚਾਉਣੇ ਅਰੰਭ ਕਰ ਦਿੱਤੇ । ਕੁਝ ਗ੍ਰੰਥ ਪੰਜਾਬ ਵਿਚੋਂ ਵੀ ਮੰਗਵਾ ਲਏ । ਹੋਰ ਵੀ ਬਹੁਪੱਖੀ ਜਾਣਕਾਰੀ ਵਾਸਤੇ ਭਾਈ ਵੀਰ ਸਿੰਘ, ਭਾਈ ਸਾਹਿਬ ਸਿੰਘ ਜੀ ਦੀਆਂ ਲਿਖੀਆਂ ਜਿੰਨੀਆਂ ਹੋਰ ਪੁਸਤਕਾਂ ਵੀ ਮਿਲੀਆਂ ਉਹ ਵੀ ਲੈ ਲਈਆਂ । ਭਾਈ ਕਾਨ੍ਹ ਸਿੰਘ ਜੀ ਨਾਭਾ, ਰਤਨ ਸਿੰਘ ਭੰਗੂ, ਪ੍ਰਿੰਸੀਪਲ ਸਤਬੀਰ ਸਿੰਘ ਜੀ, ਡਾ: ਰਤਨ ਸਿੰਘ ਜੱਗੀ, ਸ: ਜਸਵੰਤ ਸਿੰਘ ਨੇਕੀ, ਭਾਈ ਸਾਹਿਬ ਰਣਧੀਰ ਸਿੰਘ ਜੀ, ਸੰਤ ਸਿੰਘ ਮਸਕੀਨ, ਪ੍ਰੋ: ਜੋਗਿੰਦਰ ਸਿੰਘ ਦਿੱਲੀ, ਭਾਸ਼ਾ ਵਿਭਾਗ ਪੰਜਾਬ, ਸਿੱਖ ਮਿਸ਼ਨਰੀ ਕਾਲਜ ਲੁਧਿਆਣਾ, ਗਿਆਨੀ ਨਰੈਣ ਸਿੰਘ, ਸੰਤ ਕਿਰਪਾਲ ਸਿੰਘ, ਸੰਤ ਗੁਰਬਚਨ ਸਿੰਘ

ਭਿਡਰਾਂ ਵਾਲੇ, ਸੰਤ ਤੇਜਾ ਸਿੰਘ ਹਾਵਰਡ ਅਮਰੀਕਾ, ਗਿਆਨੀ ਈਸ਼ਰ ਸਿੰਘ ਨਾਰਾ, ਅਤੇ ਸੰਸਕ੍ਰਿਤ ਦੇ ਮਹਾਨ ਵਿਦਵਾਨ ਸਵਾਮੀ ਰਾਮ ਤੀਰਥ ਜੀ ਦੰਡੀ ਸੰਨਿਆਸੀ, ਓਸ਼ੋ ਰਜਨੀਸ਼, ਹਰਨਾਮ ਦਾਸ ਸਹਿਰਾਈ, ਦੌਲਤ ਰਾਏ ਆਦਿ ਵਿਦਵਾਨਾਂ ਦੀਆਂ ਪੁਸਤਕਾਂ, ਜਿਨੀਆਂ ਮਿਲ ਸਕੀਆਂ ਭਾਈ ਬੰਤਾ ਸਿੰਘ ਦੀ ਠੋਸ ਸਹਾਇਤਾ ਨਾਲ, ਸੱਭ ਖ਼ਰੀਦ ਲਈਆਂ । ਉਸ ਵੇਲੇ ਤਾਂਈ ਪ੍ਰਾਪਤ ਹੋ ਚੁੱਕੇ ਗੁਰਬਾਣੀ ਗਿਆਨ ਦੀ ਲੋ ਵਿਚ, ਪੁਸਤਕਾਂ ਦਾ ਅਧਿਐਨ ਕਰਨ ਵਿਚ ਜੁੱਟ ਗਿਆ । ਫਿਰ ਹਿੰਦੂ ਗ੍ਰੰਥਾਂ ਵਿਚ ਲਿਖੀਆਂ ਹੋਈਆਂ ਜਿਨ੍ਹਾਂ ਰੀਤਾਂ ਦੀ ਖੰਡਣਾ ਗੁਰਬਾਣੀ ਵਿਚ ਕੀਤੀ ਹੋਈ ਸੀ ਉਨ੍ਹਾਂ ਰੀਤਾਂ ਨੂੰ ਚੰਗੀ ਤਰ੍ਹਾਂ ਸਮਝਿਆ ।

ਕਈ ਲਿਖਾਰੀਆਂ ਨੇ ਆਪਣੀ ਧਾਰਨਾਂ ਦੀ ਪੁਸ਼ਟੀ ਲਈ ਗੁਰਬਾਣੀ ਦੇ ਸ਼ਬਦ ਵਰਤ ਕੇ ਲੋਕਾਂ ਦੇ ਮਨਾਂ ਵਿਚ ਇਹ ਸ਼ੰਕਾ ਬਣਾ ਦਿੱਤਾ ਹੋਇਆ ਸੀ ਕਿ ਗੁਰਬਾਣੀ ਦਾ ਇੱਕ ਪੱਕਾ ਸਿਧਾਂਤ ਨਹੀਂ ਹੈ । ਦ੍ਰਿਸ਼ਟਾਂਤ ਵਜੋਂ, ਇੱਕ ਲਿਖਾਰੀ ਗੁਰਬਾਣੀ ਦੇ ਸ਼ਬਦ ਵਰਤ ਕੇ ਸਾਬਤ ਕਰਦਾ ਹੈ ਕਿ ਮਾਸ ਖਾਣਾ ਗੁਰਮਤਿ ਦੇ ਵਿਰੁੱਧ ਹੈ, ਦੂਜਾ ਲਿਖਾਰੀ ਵੀ ਗੁਰਬਾਣੀ ਦੇ ਹੀ ਸ਼ਬਦ ਵਰਤ ਕੇ ਸਾਬਤ ਕਰਦਾ ਹੈ ਕਿ ਮਾਸ ਖਾਣ ਤੋਂ ਰੋਕਣਾ ਗੁਰਮਤਿ ਨਹੀਂ ਹੈ । ਇੱਕ ਲਿਖਾਰੀ ਤਾਂ ਭੂਤ ਪ੍ਰੇਤ, ਜਮ, ਧਰਮਰਾਜ, ਦੇਵਤੇ, ਅਵਤਾਰ, ਚਿਤ੍ਰਗੁਪਤ ਆਦਿ ਦੀ ਅਸਰਦਾਰ ਹੋਂਦ ਨੂੰ ਸਾਬਤ ਕਰਨ ਲਈ ਗੁਰਬਾਣੀ ਸ਼ਬਦਾਂ ਦੀ ਵਰਤੋਂ ਨਾਲ--**ਅਣਡਿਠੀ ਦੁਨੀਆਂ**--ਨਾਮਕ ਪੁਸਤਕ ਲਿਖ ਰਿਹਾ ਹੈ, ਪਰ ਕਈ ਪਰਚਾਰਕ ਅਤੇ ਹੋਰ ਵਿਦਵਾਨ ਗੁਰਬਾਣੀ ਦੇ ਹੀ ਸ਼ਬਦਾਂ ਦੇ ਅਧਾਰ ਤੇ ਇਹ ਸਾਬਤ ਕਰ ਰਹੇ ਹਨ ਕਿ ਅਜੇਹੀ ਅਣਡਿੱਠੀ ਦੁਨੀਆਂ ਨਾਲ ਗੁਰਮਤ ਦਾ ਕੋਈ ਸੰਬੰਧ ਨਹੀਂ ਹੈ । ਕੁਝ ਸੁਹਿਰਦ ਵਿਦਵਾਨ ਦਸਮ ਗ੍ਰੰਥ ਦੀਆਂ ਬਹੁਤੀ ਬਾਣੀਆਂ ਨੂੰ ਗੁਰਮਤ ਦੇ ਵਿਰੁੱਧ ਅਤੇ ਪੰਥ ਲਈ ਹਾਨੀ-ਕਾਰਕ ਦੱਸ ਰਹੇ ਹਨ ਅਤੇ ਕਈ ਲਿਖਾਰੀ ਅਥਵਾ ਸੰਤ ਉਸ ਨੂੰ ਗੁਰਬਾਣੀ ਦਾ ਹੀ ਦਰਜਾ ਦੇ ਰਹੇ ਹਨ, ਆਦਿ ਆਦਿ । ਕਿੱਡੀ ਬਦਕਿਸਮਤੀ ਹੈ ਕਿ ਗੁਰੂ ਦਾ ਸਿੱਖ, ਆਪ ਹੀ ਆਪਣੇ ਗੁਰੂ ਨੂੰ ਬੇ-ਅਸੂਲਾ ਅਥਵਾ ਇੱਕ ਪੱਕੇ ਗਿਆਨ ਦਾ ਦਾਤਾ ਹੋਣ ਤੋਂ ਅਸਮਰਥ ਸਿੱਧ ਕਰ ਰਿਹਾ ਹੈ ।

ਇਹ ਨਿਰਮੂਲ ਸੋਚ ਪਿੱਛਾ ਨਾ ਛੱਡੇ ਕਿ ਗੁਰਬਾਣੀ ਵਿਚੋਂ ਮਨਮਤੀ ਧਾਰਨਾਂ ਸਿੱਧ ਕੀਤੀ ਜਾਣ ਵਿਚ ਸਫ਼ਲਤਾ ਮਿਲ ਸਕਣ ਦਾ ਰਾਹ ਤਾਂ ਪਹਿਲਾਂ ਹੀ ਖੁਲ੍ਹ ਚੁੱਕਾ ਹੈ । ਜੇ ਕਦੇ ਕੋਈ ਦਲੀਲ ਦੇਣ ਦੀ ਹਿੰਮਤ ਕੀਤੀ ਤਾਂ ਵਿਰੋਧੀਆਂ ਨੇ ਕੋਈ ਨਾ ਕੋਈ ਗੁਰਬਾਣੀ ਸ਼ਬਦ ਲੱਭ ਕੇ ਦਾਸ ਦੀ ਦਲੀਲ ਨੂੰ ਰੱਦ ਕਰ ਦੇਣਾ ਹੈ । ਸੱਚੇ ਗੁਰੂ ਦੀ ਸਦੀਵੀ ਸੱਚ ਵਾਲੀ ਬਾਣੀ ਦੇ ਅਟੱਲ ਸਿਧਾਂਤ ਦੇ ਅਧਾਰ ਤੇ ਕੋਈ ਦਲੀਲ ਪੰਥ ਦੀ ਸੇਵਾ ਵਿਚ ਪੇਸ਼ ਕਰ ਸਕਣ ਵਾਲਾ ਉਪਜਿਆ ਖ਼ਿਆਲ, ਫੋਕਾ ਲੱਗਣ ਲੱਗ ਪਿਆ ।

ਕਿਸੇ ਵਿਦਵਾਨ ਦੀ ਕਿਰਪਾ ਨਾਲ Hermeneutics ਦੇ ਵਿਦਵਾਨਾਂ ਦੀ ਰਾਏ ਪੜ੍ਹਨ ਨੂੰ ਮਿਲ ਗਈ । ਉਨ੍ਹਾਂ ਦਾ ਫ਼ਤਵਾ ਹੈ ਕਿ ਕਿਸੇ ਖ਼ਾਸ ਸ਼ਬਦ ਜਾਂ ਤੁਕ ਦੇ ਸਥਾਈ ਅਰਥ ਕਰਕੇ ਕਿਸੇ ਗ੍ਰੰਥ ਦੇ ਸਿਧਾਂਤ ਬਾਰੇ ਸਿੱਟਾ ਕੱਢਣਾ ਗ਼ਲਤ ਹੈ ਅਥਵਾ ਕੂੜ ਮਤ ਹੈ । ਹਰ ਤੁਕ ਦਾ ਭਾਵ ਪੂਰੀ ਪੁਸਤਕ ਅਥਵਾ ਪੂਰੇ ਗ੍ਰੰਥ ਦੇ ਸਮੁਚੇ ਆਸ਼ੇ ਦੇ ਅਨਕੂਲ ਹੋਣਾ ਚਾਹੀਦਾ ਹੈ । ਇਹ ਪੜ੍ਹ ਕੇ ਹਿਰਦੇ ਵਿਚੋਂ ਹਉਕਾ ਨਿਕਲਿਆ ਕਿ ਸਾਡੇ ਲਿਖਾਰੀਆਂ ਨੇ ਤਾਂ ਲੱਕ ਹੀ ਇਸ ਭੁੱਲ ਨੂੰ ਕਰੀ ਜਾਣ ਤੇ ਬੰਨ੍ਹ ਲਿਆ ਹੋਇਆ ਹੈ । ਦਿੱਲ ਨੂੰ ਇਹ ਪੱਕਾ ਵਿਸ਼ਵਾਸ਼ ਸੀ, ਕਿ ਗੁਰੂ ਗ੍ਰੰਥ ਸਾਹਿਬ ਦਾ ਗਿਆਨ ਆਪਣੇ ਆਪ ਵਿਚ ਵਿਰੋਧੀ ਧਾਰਨਾ ਵਾਲਾ ਕਦੇ ਨਹੀਂ ਸੋ ਸਕਦਾ । ਵਿਦਵਾਨਾ ਦੀ ਉਪਰ ਲਿਖੀ ਰਾਏ ਤੋ ਇਹ ਉਤਸ਼ਾਹ ਮਿਲਿਆ ਕਿ ਹਰ ਇੱਕ ਵਿਸ਼ੇ ਦੇ ਅਵੱਲ ਤਾਂ ਸਾਰੇ ਦੇ ਸਾਰੇ ਹੀ ਸ਼ਬਦ ਅੱਡ ਕੱਢ ਲੈਣੇ ਚਾਹੀਦੇ ਹਨ, ਨਹੀਂ ਤਾਂ ਘੱਟੋ ਘੱਟ ਏਨੇ ਕੁ ਸ਼ਬਦ ਜ਼ਰੂਰ ਹੋ ਜਾਣ ਕਿ ਕੋਈ ਮਨਮੁਖ ਉਸ ਵਿਸ਼ੇ ਵਾਲੇ ਸਿਧਾਂਤ ਦੀ ਅਟੱਲਤਾ ਤੇ ਹਮਲਾ ਕਰਨ ਲਈ, ਗੁਰਬਾਣੀ ਦੇ ਹੋਰ ਸ਼ਬਦ ਲੱਭ ਸਕਣ ਦੀ ਬਹੁਤੀ ਕਾਹਲ ਨਾ ਕਰ ਸਕੇ । । ਕਾਰਜ ਬੜਾ ਵੱਡਾ ਅਤੇ ਕਠਨ ਸੀ । ਉਮਰ ਅਤੇ ਸਿਹਤ ਦਿਲ ਨੂੰ ਘਬਰਾ ਪਾ ਰਹੀ ਸੀ । ਦਸਾਂ ਗੁਰਾਂ ਦੀ ਜੋਤਿ ਦੀਆਂ ਅਪਾਰ ਬਰਕਤਾਂ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਸਰਾ ਲੈ ਕੇ, ਇਸ ਕਾਰਜ ਦਾ ਬੀੜਾ ਚੁੱਕ ਲਿਆ ।

ਔਕੜ ਪੈ ਜਾਣ ਤੇ ਸਤਿਗੁਰੂ ਜੀ ਨੇ ਸਹਾਈ ਹੋ ਕੇ ਹੌਸਲਾ ਵਧਾਈ ਰਖਿਆ । ਆਖ਼ਰ ਪੰਜ ਸਾਲ ਦੀ ਕਰੜੀ ਮਿਹਨਤ ਅਤੇ ਲਗਨ ਤੋਂ ਪ੍ਰਸੰਨ ਹੋ ਕੇ ਗੁਰੂ ਨਾਨਕ ਨਿਰੰਕਾਰੀ ਜੀ ਨੇ ਬਿੱਪ੍ਰਨ ਕੀ ਰੀਤ ਅਤੇ ਉਸ ਨੂੰ ਖੰਡਨ ਕਰਨ ਵਾਲੇ ਗੁਰੂ ਸ਼ਬਦਾਂ ਦੇ ਗਿਆਨ ਦੀ ਬਖ਼ਸ਼ਸ਼ ਕਰ ਦਿੱਤੀ ।

## ੪= **ਡੂੰਘੀਆਂ ਰਮਜ਼ਾਂ ਦਾ ਗਿਆਨ**

ਬਚਪਨ ਤੋਂ ਹੀ ਸਾਰੇ ਧਰਮ ਅਸਥਾਨਾ ਵਿਚ ਪੁੱਜ ਕੇ ਉਨ੍ਹਾਂ ਦੇ ਵਿਦਵਾਨਾ ਦੇ ਭਾਸ਼ਨ ਸੁਣਨ ਦੀ ਲਗਨ ਸੀ । ਨੌਕਰੀ ਸਮੇ ਵੀ, ਰਾਧਾ ਸਵਾਮੀਆਂ, ਨਾਮ ਧਾਰੀਆਂ, ਸੰਤਾਂ ਮਹਾਤਮਾਂ ਦੇ ਡੇਰਿਆਂ ਦੇ ਅੰਦਰ ਅਤੇ ਬਾਹਰ ਦੀ ਸਾਰੀ ਮਰਯਾਦਾ ਨੂੰ ਬੜੀ ਚੰਗੀ ਤਰ੍ਹਾਂ ਵੇਖ ਚੁੱਕਾ ਸਾਂ । ਸੰਤ ਕਰਤਾਰ ਸਿੰਘ ਜੀ ਭਿੰਡਰਾਂ ਵਾਲਿਆਂ ਨਾਲ ਦਾਸ ਦੀ ਨਿੱਜੀ ਮਿੱਤਰਤਾਈ ਸੀ । ਸੰਤ ਜੀ ਸਾਡੇ ਪਿੰਡ ਦਾਸ ਦੇ ਘਰ ਵਿਚ ਚਰਨ ਪਾਉਣ ਵਿਚ ਖ਼ੁਸ਼ੀ ਅਨਭਵ ਕਰਦੇ । ਬਾਬਾ ਗੁਰਬਚਨ ਸਿੰਘ ਭਿੰਡਰਾਂ ਵਾਲਿਆਂ ਦੇ ਲਿਖੇ--**ਗੁਰਮਤ ਰਹਿਤ ਮਰਯਾਦਾ**--ਅਤੇ **ਗੁਰਬਾਣੀ ਪਾਠ ਦਰਸ਼ਨ** ਗ੍ਰੰਥ ਵੀ ਮੰਗਾ ਕੇ ਪੜ੍ਹੇ । ਨਾਮ ਦਾ ਸਿਮਰਨ ਕਰਾਉਣ ਵਾਲੇ ਅਤੇ ਬਚਿਆਂ ਦੇ ਕੈਂਪ Camp ਲਾਉਣ ਵਾਲੇ ਮਹਾਂ-ਪੁਰਖਾਂ ਦੀ ਸੰਗਤ ਵੀ ਕੀਤੀ । ਨਾਮ ਸਿਮਰਨ ਦੀਆਂ ਵੱਖ ਵੱਖ ਵਿਧੀਆਂ ਭਾਵ, ਕੱਪੜੇ ਦਾ ਝੁੰਬ ਮਾਰ ਕੇ ਸਿਰ ਹਿਲਾ ਹਿਲਾ ਕੇ ਨਾਮ ਦਾ ਜਾਪ ਕਰਨਾ, ਵਾਹਿਗੁਰੂ ਗੁਰਮੰਤ੍ਰ ਦਾ ਜਾਪ ਕਰਦੇ ਸਮੇਂ **ਵਾਹਿ** ਕਹਿਣ ਸਮੇ ਸਾਹ ਅੰਦਰ ਨੂੰ ਖਿਚਣਾ ਅਤੇ **ਗੁਰੂ** ਉਚਾਰਨ ਸਮੇਂ ਸਾਹ ਬਾਹਰ ਨੂੰ ਕਢਣ ਦੀ ਵਿਧੀ, ਤੜਕੇ ਇਸ਼ਨਾਨ ਕਰਕੇ ਇਕਾਂਤ ਵਿਚ ਬੈਠ ਕੇ ਕੋਲ ਧੂਪ ਧੁਖਾ ਕੇ ਨੇਤ੍ਰ ਬੰਦ ਕਰਕੇ ਸਮਾਧੀ ਲਾਉਣੀ ਅਤੇ ਗੁਰਮੰਤ੍ਰ ਦਾ ਜਾਪ ਕਰਨ ਵਾਲੀ ਵਿਧੀ ਸਿਖੀ, ਨਾਮ-ਧਾਰੀਆਂ ਦੇ ਪਿੰਡ **ਭੈਣੀ ਸਾਹਿਬ** ੧੯੫੧ ਤੋਂ ਵਾਹਿਗੁਰੂ ਗੁਰਮੰਤ੍ਰ ਦਾ ਅਖੰਡ ਜਾਪ ਹੁੰਦਾ ਵੇਖਿਆ ਅਤੇ ਸੁਣਿਆਂ । ਪ੍ਰਭੂ ਮਿਲਾਪ ਦਾ ਅਥਵਾ ਮਨ ਦੇ ਟਿਕਾਉ ਦਾ ਪੱਕਾ ਭਰੋਸਾ ਦਿਵਾ ਕੇ ਨਾਮ ਸਿਮਰਨ ਦੀਆਂ ਹੋਰ ਅਨੇਕ ਵਿਧੀਆਂ ਵਾਲੇ ਜਾਪ ਹੁੰਦੇ ਵੇਖੇ ਅਤੇ ਆਪ ਵੀ ਅਭਿਆਸ ਕੀਤਾ । ਵਿਧੀਆਂ ਵਾਲੇ ਜਾਪ ਕਰਨ ਦੇ ਕਿਸੇ ਹੀਲੇ ਨਾਲ ਦਾਸ ਦਾ ਮਨ ਸਥਿਰ ਨਾ ਹੋ ਸਕਿਆ । ਅਜੇਹੇ ਢੰਗਾਂ ਨਾਲ ਜਾਪ ਕਰਨ ਵਾਲੇ ਕਿਸੇ ਵੱਡੇ ਤੋਂ ਵੱਡੇ ਨਾਮ-ਅਭਿਆਸੀ ਦੇ ਅੰਦਰ ਪੂਰਨ ਠੰਡ ਵਰਤੀ ਹੋਈ ਕਿਤੋਂ ਨਜ਼ਰ ਨਾ ਆਈ ।

ਗੁਰਬਾਣੀ ਵਿਚ ਅਜੇਹੇ ਪਾਵਨ ਸ਼ਬਦ ਕਈ ਹਨ ਜਿਨ੍ਹਾਂ ਵਿੱਚ ਪ੍ਰਭੂ ਦਾ ਮਿਲਾਪ ਹੋ ਸਕਣ ਦਾ ਵਿਸ਼ਵਾਸ਼ ਤਾਂ ਬੜੇ ਸਪੱਸ਼ਟ ਸ਼ਬਦਾਂ ਵਿਚ ਹੈ ਪਰ ਪਰਮਾਤਾਮਾ ਦੇ ਨਾਮ ਦਾ ਜਾਪ, ਜਾਂ ਸਿਮਰਨ ਕਰਨ ਦੇ ਕਿਸੇ ਵਿਧੀ ਵਿਧਾਨ ਆਦਿ ਦਾ ਇੱਕ ਅੱਖਰ ਵੀ ਨਹੀਂ । ਬੜਾ ਹੈਰਾਨ ਸਾਂ

ਕਿ ਇਸ ਵਿਚ ਕੀ ਭੇਤ ਹੈ ? ਗੁਰਮਤ-ਗਿਆਨ ਦੀ ਸੂਝ ਲੈਣ ਦੇ ਯਤਨਾਂ ਦੀ ਲੜੀ ਵਿਚ ਦਾਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਤੋਂ ਅਰੰਭ ਹੋ ਕੇ, ਉਪਰ ਲਿਖੇ ਸੰਤਾਂ ਮਹਾਤਮਾਂ ਅਥਵਾ ਪਰਚਾਰਕਾਂ ਸੁਧਾਰਕਾਂ ਕੋਲੋਂ ਪੁਛਣਾ ਅਰੰਭ ਕੀਤਾ ਪਰ ਅੱਜ ਤਾਂਈਂ ਕਿਸੇ ਇੱਕ ਨੇ ਵੀ ਦਾਸ ਨੂੰ ਇਹ ਭੇਤ ਨਹੀਂ ਸਮਝਾਇਆ । ਉਨ੍ਹਾਂ ਪਾਵਨ ਗੁਰੂਬਾਣੀ-ਸ਼ਬਦਾਂ ਵਿਚੋਂ ਕੁਝ ਇਸ ਪ੍ਰਕਾਰ ਹਨ :-

੧) **ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ, ਤਜਿ ਮਾਇਆ ਅਹੰਕਾਰੁ ਚੁਕਾਵੈ ॥**
**ਤਜਿ ਕਾਮੁ ਕਾਮਿਨੀ ਮੋਹੁ ਤਜੈ, ਤਾ ਅੰਜਨ ਮਾਹਿ ਨਿਰੰਜਨੁ ਪਾਵੈ ॥** [੧੪੧]-ਵਾ-੮(੨)

੨) **ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥** [੨੮੬]-੧੮(੨)

੩) **ਹੈ ਹਜੂਰਿ ਕਤ ਦੂਰਿ ਬਤਾਵਹੁ ॥ ਦੁੰਦਰ ਬਾਧਹੁ ਸੁੰਦਰ ਪਾਵਹੁ ॥ ਰਹਾਉ ॥**[੧੧੬੦]-੧੧

੪) **ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥**
**ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥੧੦੪॥** [੧੩੮੩]

੫) **ਖੁਦੀ ਮਿਟੀ ਤਬ ਸੁਖ ਭਏ ਤਨ ਮਨ ਭਏ ਅਰੋਗ ॥**
**ਨਾਨਕ ਦ੍ਰਿਸਟੀ ਆਇਆ ਉਸਤਤਿ ਕਰਨੈ ਜੋਗੁ ॥ ੧ ॥** [੨੬੦]--੪੯

੬) **ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ ॥ ਰਹਾਉ ॥** [੪੮੮]--੨

੭) **ਮਾਣੁ ਨਾ ਕੀਜੈ ਸਰਣਿ ਪਰੀਜੈ ਕਰੈ ਸੁ ਭਲਾ ਮਨਾਈਐ ॥**
**ਸੁਣਿ ਮੀਤਾ ਜੀਉ ਪਿੰਡੁ ਸਭੁ ਤਨੁ ਅਰਪੀਜੈ ਇਉ ਦਰਸਨੁ ਹਰਿ ਜੀਉ ਪਾਈਐ ॥ ੩ ॥** [੬੧੨]-੧੨

੮) **ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ ॥**
**ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ ॥ ੨ ॥** [੧੩੯]--ਵਾ ੩

੯) **ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥**
**ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥ ੧੩੦॥** [੧੩੮੪]

੧੦) **ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ ॥** [ ਸਵੱਯੇ ਪਾਤਸ਼ਹੀ ੧੦]

ਸਤਿਗੁਰਾਂ ਦੀ ਡੂੰਘੀ ਰਮਜ਼ ਨੂੰ ਸਮਝਣ ਲਈ ਹੋਰ ਵੱਧ ਇਕਾਗਰਤਾ ਨਾਲ ਗੁਰਬਾਣੀ ਸਿਧਾਂਤ ਦੀ ਵਿਚਾਰ ਕਰਨ ਦੀ ਲੋੜ ਸੀ । ਪ੍ਰਭੂ ਨੂੰ ਯਾਦ ਕਰਨ ਲਈ ਖ਼ਾਸ ਢੰਗ ਲਿਖਣ ਵਾਲਿਆਂ ਜਾਂ ਦਿਖਾਵੇ ਵਾਲੀ ਸਰੀਰਕ ਕਿਰਿਆ ਦੇ ਵਿਧੀ ਵਿਧਾਨ ਸਮਝਾਉਣ ਵਾਲਿਆਂ ਮਹਾਂ ਪੁਰਖਾਂ ਵਿਚੋ ਕੋਈ ਵੀ ਇਸ ਗੱਲ ਦਾ ਭੇਤ ਚੰਗੇ ਢੰਗ ਨਾਲ ਸਮਝਾਉਣ ਨੂੰ ਤਿਆਰ ਨਹੀਂ ਸੀ ਕਿ, ਕੀ ਕਾਰਨ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਅਥਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬੇਅੰਤ ਬਚਨ, ਅਜੇਹੇ ਢੰਗਾਂ ਨਾਲ ਜਾਪ ਕਰਨ ਦੀ ਖੰਡਣਾ ਕਰਦੇ ਹਨ ? ਜਿਵੇਂ :-

੧) **ਸੀਸ ਪਟਕਤ, ਜਾ ਕੇ ਕਾਨ ਮੈ ਖਜੂਰਾ ਧਸੈ ,** (ਸਿਰ ਮਾਰ ਮਾਰ ਕੇ ਅਥਵਾ ਵਾਹ ਅੰਦਰ ਤੇ ਗੁਰੂ ਬਾਹਰ ਕੱਢਣ ਵਾਲੇ ਨਾਮ ਰਸੀਏ)
**ਮੰਡ ਛਟਕਤ, ਮਿਤ੍ਰ ਪੁੱਤ੍ਰ ਹੂੰ ਕੇ ਸੋਕ ਸੋਂ- - ॥ ,**
**ਕਾਮਨਾ ਅਧੀਨ, ਕਾਮ ਕ੍ਰੋਧ ਮੈ ਪ੍ਰਬੀਨ**
**ਏਕ ਭਾਵਨਾ ਬਿਹੀਨ, ਕੈਸੇ ਭੇਟੈ ਪਰਲੋਕ ਸੋਂ ॥ ੮੦ ॥** (ਅਕਾਲ ਉਸਤਤਿ)

੨) **ਜਾਪ ਕੇ ਕੀਏ ਤੇ, ਜੋ ਪੈ ਪਾਯਤ ਅਜਾਪ ਦੇਵ,**
**ਪੂਦਨਾ ਸਦੀਵ, ਤੁਹੀ ਤੂਹੀ ਉਚਰਤ ਹੈ ॥ ੮੪ ॥**(ਅਕਾਲ ਉਸਤਤਿ)

ਹਾਜ਼ਰਾ ਹਜ਼ੂਰ ਗੁਰੂਗ੍ਰੰਥ ਸਾਹਿਬ ਜੀ ਦੇ ਫ਼ੁਰਮਾਨ ਇਉਂ ਹਨ :-

੩) **ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥ ਜਾ ਕੈ ਰਿਦੈ ਭਾਉ ਹੈ ਦੂਜਾ ॥** ੧ ॥[੩੨੪]-੬

੪) **ਜਪੁ ਤਪੁ ਕਰਿ ਕਰਿ ਸੰਜਮ ਥਾਕੀ ਹਠਿ ਨਿਗ੍ਰਹਿ ਨਹੀ ਪਾਈਐ ॥**
**ਨਾਨਕ ਸਹਜਿ ਮਿਲੇ ਜਗ ਜੀਵਨ ਸਤਿਗੁਰ ਬੂਝ ਬੁਝਾਈਐ ॥ ੨ ॥** [੪੩੬]-੨

੫) **ਰਾਮ ਰਾਮ ਸਭੁ ਕੋ ਕਹੈ, ਕਹਿਐ ਰਾਮੁ ਨਾ ਹੋਇ ॥**
**ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥ ੧ ॥**(੪੯੧-੬)

੬) **ਮੁਖਹੁ ਹਰਿ ਹਰਿ ਸਭੁ ਕੋ ਕਰੈ, ਵਿਰਲੈ ਹਿਰਦੈ ਵਸਾਇਆ ॥**
**ਨਾਨਕ ਜਿਨ ਕੈ ਹਿਰਦੈ ਵਸਿਆ, ਮੋਖ ਮੁਕਤਿ ਤਿਨ੍ਹ ਪਾਇਆ ॥** [੫੬੫]-੨

੭) **ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥**
**ਸਹਿਬੁ ਸਦਾ ਹਦੂਰਿ ਹੈ ਕਿਆ ਉਚੀ ਕਰਹਿ ਪੁਕਾਰ ॥ ੬੩ ॥** [੧੪੨੦]

੮) **ਜਪੁ ਤਪੁ ਸੰਜਮੁ ਹੋਰੁ ਕੋਈ ਨਾਹੀ ॥ ਜਬ ਲਗੁ ਗੁਰ ਕਾ ਸਬਦੁ ਨ ਕਮਾਹੀ ॥**
**ਗੁਰ ਕੈ ਸਬਦਿ ਮਿਲਿਆ ਸਚੁ ਪਾਇਆ, ਸਚੇ ਸਚਿ ਸਮਾਇਦਾ ॥ ੧੨ ॥** [੧੦੬੦]-੨-੧੬

ਜਾਪ ਦਾ ਅਸਲ ਭੇਤ ਸਮਝਣ ਲਈ ਨਾਲ ਹੀ ਹੇਠ ਲਿਖੇ, ਫ਼ੁਰਮਾਨਾ ਨੂੰ ਵੀ ਧਿਆਨ ਵਿਚ ਰੱਖਣ ਦੀ ਲੋੜ ਸੀ :-

੯) **ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ ॥**
**ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ ॥ ੧ ॥** [੭੨੯]

੧੦) **ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥ ਸੁਣਤ ਕਹਤ ਰਹਤ ਗਤਿ ਪਾਵਹੁ ॥... ੬ ॥** [੨੮੯]-੧੯

੧੧) **ਸਿਮਿਰਿ ਸਿਮਰਿ ਸਿਮਰਿ ਸੁਖ ਪਾਵਹੁ ॥ ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥ ... ੫ ॥**[੨੯੦]-੨੦

੧੨) **ਸਭ ਘਟ ਤਿਸ ਕੇ ਸਭ ਤਿਸ ਕੇ ਨਾਉ ॥ ਜਪਿ ਜਪਿ ਜੀਵੈ ਨਾਨਕ ਹਰਿ ਨਾਉ ॥ ੪ ॥**[੨੮੪]-੧੬(੪)

ਅਤੇ ਫਿਰ ਇਸ ਅਵਸਥਾ ਬਾਰੇ ਵਿਚਾਰ ਵੀ ਨਾਲ ਹੀ ਧਿਆਨ ਵਿਚ ਰੱਖ ਕੇ ਗੁਰਦੇਵ ਜੀ ਦੀ ਨਾਮ ਸਿਮਰਨ ਦੇ ਅਸਲ ਨਿਸ਼ਾਨੇ ਨੂੰ ਸਮਝ ਕੇ ਉਸ ਤੱਕ ਪੁਜਣ ਲਈ ਉਚੇਚੀ ਘਾਲਣਾ ਦੀ ਲੋੜ ਸੀ :-

੧੩) **ਨਾਮਾ ਕਹੈ ਤਿਲੋਚਨਾ, ਮੁਖ ਤੇ ਰਾਮੁ ਸੰਮ੍ਹਾਲਿ ॥**
**ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥ ੨੧ ॥**[੧੩੭੫]

੧੪) **ਜਿਨ ਪਿਰੀਆ ਸਉ ਨੇਹੁ ਸੇ ਸਜਣ ਮੈ ਨਾਲਿ ॥**
**ਅੰਤਰਿ ਬਾਹਰਿ ਹਉ ਫਿਰਾਂ ਭੀ ਹਿਰਦੈ ਰਖਾ ਸਮਾਲਿ ॥ ੨੧ ॥**[੧੪੨੩]

੧੫) **ਸਾਚਿ ਨਾਮਿ ਮੇਰਾ ਮਨੁ ਲਾਗਾ ॥ ਲੋਗਨ ਸਿਉ ਮੇਰਾ ਠਾਠਾ ਬਾਗਾ ॥ ੧ ॥**
**ਬਾਹਰਿ ਸੂਤੁ ਸਗਲ ਸਿਉ ਮਉਲਾ ॥ ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ ॥੧॥ ਰਹਾਉ ॥**
**ਮੁਖ ਕੀ ਬਾਤ ਸਗਲ ਸਿਉ ਕਰਤਾ ॥ ਜੀਅ ਸੰਗਿ ਪ੍ਰਭੁ ਅਪੁਨਾ ਧਰਤਾ ॥ ੨ ॥**
**ਦੀਸਿ ਆਵਤ ਹੈ ਬਹੁਤੁ ਭੀਹਾਲਾ ॥ ਸਗਲ ਚਰਨ ਕੀ ਇਹੁ ਮਨੁ ਰਾਲਾ ॥ ੩ ॥**
**ਨਾਨਕ ਜਨਿ ਪੂਰਾ ਪਾਇਆ ॥ ਅੰਤਰਿ ਬਾਹਰਿ ਏਕੁ ਦਿਖਾਇਆ ॥ ੪ ॥**[੩੮੪]-੩-੫੪

ਗੁਰਬਾਣੀ ਦੇ ਅਜੇਹੇ ਪੱਖ ਵਿਚਾਰ ਕੇ ਗੁਰ-ਪਰਮੇਸ਼ਰ ਜੀ ਦੀ ਅਸਲ ਰਮਜ਼ ਬਾਰੇ ਕੋਈ ਠੋਸ ਸੇਧ ਕਿਤੋਂ ਨਾ ਮਿਲ ਸਕੀ । ਆਖ਼ਰ ਸਤਿਗੁਰਾਂ ਆਪ ਹੀ ਮਿਹਰ ਕੀਤੀ ਅਤੇ ਆਪਣੀ ਇਸ ਅਨੂਪਮ ਰਮਜ਼ ਦਾ ਭੇਤ, ਆਪਣੇ ਇਸ ਨਿਮਾਣੇ ਵਦਿਆਰਥੀ ਨੂੰ ਸਮਝਾ ਦੇਣ ਦੀ ਕ੍ਰਿਪਾਲਤਾ ਕੀਤੀ । ਹੋਰ ਵੀ ਕਈ ਮਿਹਰਾਂ ਹੋਈਆਂ ਜਿਨ੍ਹਾਂ ਤੋਂ ਮਨ ਦੀਆਂ ਕਈ ਕਮਜ਼ੋਰੀਆਂ ਦੂਰ ਹੋਈਆਂ । ਸਤਿਗੁਰਾਂ ਦੀ ਮਿਹਰ ਨਾਲ ਨਿਰਪੱਖ ਅਤੇ ਨਿਰਭੈ ਹੋ ਕੇ ਸੱਚ ਲਿਖੀ ਜਾਣ ਦਾ ਉਤਸ਼ਾਹ ਮਿਲਿਆ । ਹੋਰ ਜੋ ਬਖ਼ਸ਼ਸ਼ਾਂ ਹੋਈਆਂ, ਇਕਾਗਰਤਾ ਨਾਲ ਪੁਸਤਕ ਪੜ੍ਹਨ ਤੋਂ ਸਮਝ ਵਿਚ ਆ ਜਾਵੇਗਾ ।

## ੫- <u>ਮਰਯਾਦਾ ਦਾ ਮਨੁੱਖੀ ਆਚਰਨ ਉਤੇ ਡੂੰਘਾ ਅਸਰ</u>

ਜਿਸ ਮਨੁੱਖ ਦੇ ਜੀਵਨ ਦੀ ਮਰਯਾਦਾ ਠੀਕ ਨਾ ਹੋਵੇ, ਉਹ ਮਨੁੱਖ ਉਚੇ ਆਚਰਨ ਵਾਲਾ ਕਦੇ ਨਹੀਂ ਬਣ ਸਕਦਾ । ਰੋਜ਼ ਦੀ ਜੀਵਨ-ਮਰਯਾਦਾ, ਮਨੁੱਖ ਦੇ ਸੁਭਾਵ ਤੇ ਡੂੰਘਾ ਅਸਰ ਪਾਉਂਦੀ ਹੈ । ਰੋਜ਼ ਵਿਚਰਨ ਵਾਲੀ ਮਰਯਾਦਾ ਨੂੰ ਖ਼ਾਸ ਅਤੇ ਪੱਕੇ ਢੰਗ ਨਾਲ ਮੋੜ ਦੇ ਕੇ ਮਨੁੱਖ ਦੇ ਆਚਰਨ ਅਤੇ ਸੋਚਣ ਢੰਗ ਨੂੰ ਮਰਜ਼ੀ ਅਨੁਸਾਰ ਬਦਲ ਲਿਆ ਜਾਂਦਾ ਹੈ । ਜਿਵੇਂ ਕਿ, ਫ਼ੌਜ ਵਿਚ ਭਰਤੀ ਹੋਣ ਤੋਂ ਪਹਿਲਾਂ ਮਨੁੱਖ ਦੀ ਆਦਤ ਆਪਣੀ ਮਰਜ਼ੀ ਦੇ ਅਧੀਨ ਵਿਚਰਨ ਦੀ ਬਣੀ ਹੋਈ ਹੁੰਦੀ ਹੈ ਅਤੇ ਕਈ ਅਜੇਹੇ ਜ਼ਿੱਦੀ ਅਤੇ ਹੰਕਾਰੀ ਸੁਭਾਵ ਵਾਲੇ ਮਨੁੱਖ ਵੀ ਹਨ ਜਿਹੜੇ ਕਿਸੇ ਦੂਜੇ ਦੇ ਕਹੇ ਇਕ ਪੈਰ ਪੁੱਟਣਾ ਵੀ ਆਪਣੀ ਹੇਠੀ ਮੰਨਦੇ ਹਨ । ਫ਼ੌਜ ਦੇ ਸਿਖਲਾਈ-ਕੇਂਦਰਾਂ (Training Centers) ਵਿੱਚ ਇੱਕ ਮਰਯਾਦਾ ਅਨੁਸਾਰ ਵਿਚਰਨ ਦੀ ਸਿਖਲਾਈ ਦਿੱਤੀ ਜਾਂਦੀ ਹੈ । ਅਰਥਾਤ ਉਸ ਨੂੰ ਕਿਸੇ ਦੂਜੇ ਦੀ ਬਣਾਈ ਮਰਯਾਦਾ ਅਨੁਸਾਰ ਪਗੜੀ ਤੋਂ ਲੈ ਕੇ ਪੈਰ ਦੀ ਜੁੱਤੀ ਤੱਕ ਸਾਰੀ ਪੁਸ਼ਾਕ ਅਥਵਾ ਵਰਦੀ ਪਹਿਨਣ ਦਾ ਵੱਲ ਸਿਖਾਇਆ ਜਾਂਦਾ ਹੈ । ਰੰਗਰੂਟ ਨੂੰ ਦੂਜੇ ਦੇ ਹੁਕਮ ਅਨੁਸਾਰ ਸੌਣਾ, ਜਾਗਣਾ, ਇਸ਼ਨਾਨ ਕਰਨਾ, ਖਾਣਾ, ਪੀਣਾ, ਉਠਣਾ, ਬੈਠਣਾ, ਖਲੋਣਾ, ਸਿੱਧਾ ਤੁਰਨਾ, ਮੁੜਨਾ, ਦੋੜਨਾ, ਲੇਟਣਾ, ਸ਼ਸਤਰ ਫੜਨਾ ਅਥਵਾ ਸ਼ਸਤ੍ਰ ਨੂੰ ਵਰਤਨਾ ਆਦਿ ਸਭ ਕੁਝ ਇੱਕ ਬੱਝੀ ਹੋਈ ਮਰਯਾਦਾ ਅਨੁਸਾਰ ਕਰਨ ਦੀ ਆਦਤ ਪਾਈ ਜਾਂਣ ਤੇ ਹੀ, ਫ਼ੌਜ ਦੀ ਸਿਖਲਾਈ ਦਾ ਸਾਰਾ ਜ਼ੋਰ ਹੁੰਦਾ ਹੈ । ਤੇ ਫਿਰ ਅਜੇਹੀ ਮਰਯਾਦਾ ਨੂੰ ਭੰਗ ਕਰਨ ਵਾਲੇ ਫ਼ੌਜੀ ਨੂੰ ਕਰੜੀ ਸਜ਼ਾ ਦਿੱਤੀ ਜਾਂਦੀ ਹੈ । ਸਿੱਟਾ ਇਹ ਹੁੰਦਾ ਹੈ ਕਿ ਉਹੀ ਅੱਥਰਾ ਜਵਾਨ ਜਿਹੜਾ ਕਿਸੇ ਦੂਜੇ ਦੇ ਕਹੇ ਪਾਣੀ ਦਾ ਗਲਾਸ ਵੀ ਫੜਾਉਣ ਨੂੰ ਤਿਆਰ ਨਹੀਂ ਹੁੰਦਾ, ਅਥਵਾ ਆਪਣੀ ਮੱਤ ਅਨੁਸਾਰ ਵਿਚਰਨ ਦੀ ਆਦਤ ਵਾਲਾ ਉਹੀ ਮਨੁੱਖ, ਕਿਸੇ ਦੂਜੇ ਦੇ ਹੁਕਮ ਦੀ ਪਾਲਣਾ ਵਿਚ, ਮਰ ਮਿਟਣ ਨੂੰ ਤਿਆਰ ਹੋ ਜਾਂਦਾ ਹੈ । ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਲਈ ਕੁਰਬਾਨ ਹੋ ਜਾਣ ਲਈ ਤਿਆਰ ਰਹਿੰਦਾ ਹੈ । ਫ਼ੌਜੀ ਕਾਨੂੰਨ ਦੀ ਕਿਤਾਬ ਦਾ ਪਾਠ ਬੇਸ਼ਕ ਭਾਵੇਂ ਰੋਜ਼ ਹੀ ਕਰਦਾ ਹੋਵੇ ਪਰ ਜੇ ਫੌਜੀ ਮਰਯਾਦਾ ਵਿੱਚ ਵਿਚਰਨਾ ਛੱਡ ਦੇਵੇ ਤਾਂ ਉਸ ਨੂੰ ਫ਼ੌਜੀ ਨਹੀਂ ਮੰਨਿਆਂ ਜਾਂਦਾ । ਕਾਨੂੰਨ ਭਾਵੇਂ ਸਾਰੇ ਜਾਣਦਾ ਹੋਵੇ ਪਰ ਫੌਜੀ ਅਨੁਸ਼ਾਸਨ (=ਪੱਕੀ ਮਰਯਾਦਾ) ਦੀ ਪਰਵਾਹ ਨਾ ਕਰਨ ਵਾਲੇ ਨੂੰ ਫ਼ੌਜ ਵਿਚੋਂ ਕੱਢ ਦਿੱਤਾ ਜਾਂਦਾ ਹੈ ।

ਭਾਰਤੀ ਇਤਿਹਾਸ ਵਿਚ, ਮਰਯਾਦਾ ਨੂੰ ਬਦਲ ਦੇਣ ਨਾਲ ਹੋ ਵਾਪਰੀ ਬੜੀ ਵੱਡੀ ਕਰਾਮਾਤ ਦਾ ਸੰਖੇਪ ਜ਼ਿਕਰ ਇਸ ਪ੍ਰਕਾਰ ਹੈ--ਮਹਾਤਮਾ ਬੁੱਧ **੬੨੪ B.C** ਵਿਚ ਜਨਮੇ ਅਤੇ ਉਨ੍ਹਾਂ ਨੇ **੫੪੪ B.C** ਵਿਚ ਆਪਣਾ ਬੁੱਧ ਪੰਥ ਤੋਰਿਆ । **੩੩੦ B.C** ਵਿਚ ਭਾਰਤ ਦੇ ਸ਼ਕਤੀ ਸ਼ਾਲੀ **ਮਹਾਰਾਜ ਅਸ਼ੋਕ** ਨੇ ਬੁੱਧ ਧਰਮ ਨੂੰ ਸ਼ਾਹੀ ਤਖ਼ਤ ਤੇ ਲਿਆ ਬਿਠਾਇਆ । ਹਿੰਦ ਵਿਚੋਂ ਬ੍ਰਾਹਮਣ ਗੁਰੂ ਦਾ ਰਾਜ-ਭਾਗ ਅਜੇਹਾ ਅਲੋਪ ਹੋਇਆ ਕਿ ਸੈਂਕੜੇ ਸਾਲ ਬ੍ਰਾਹਮਣ ਗੁਲਾਮਾਂ ਵਾਂਗ ਦੁਖੀ ਜੀਵਨ ਜੀਵਿਆ । ਆਖ਼ਰ ਬੜੇ ਤੀਖਣ ਬੁੱਧੀ ਬ੍ਰਹਮਣ **ਸ਼ੰਕਰਾਚਾਰੀਆ** ਨੇ ਮਰਯਾਦਾ ਦੇ ਅਸਰ ਦਾ ਭੇਤ ਆਪਣੀ ਬ੍ਰਾਹਮਣ ਬਰਾਦਰੀ ਨੂੰ ਸਮਝਾਇਆ । ਜਿਸ ਬ੍ਰਾਹਮਣੀ ਮਰਯਾਦਾ ਤੋਂ ਦੁਖੀ ਹੋ ਕੇ ਲੋਕੀ ਬੁੱਧ ਦੇ ਝੰਡੇ ਹੇਠਾਂ ਜਾ ਵੜੇ ਸਨ, ਉਸ ਬ੍ਰਾਹਮਣੀ ਕੱਟੜ-ਵਾਦ ਵਾਲੀ ਮਰਯਾਦਾ ਨੂੰ ਨਰਮ ਕੀਤਾ । ਬੁੱਧ ਧਰਮ ਵਿਚ ਮਾਇਆ ਜਾਲ ਦੀ ਉਪਜ ਆਪਣੀ ਮਰਯਾਦਾ ਵਾੜ ਦੇਣ ਦਾ ਢੰਗ ਸਮਝਾਇਆ । ਬ੍ਰਾਹਮਣ ਭੇਸ ਬਦਲ ਕੇ ਛਾਲਾਂ ਮਾਰਦਾ ਬੁੱਧ ਧਰਮ ਵਿਚ ਜਾ ਵੜਿਆ ਅਤੇ **ਬਿੱਪ੍ਰਨ ਕੀ ਰੀਤ** (ਭਾਵ, ਬ੍ਰਾਹਮਣੀ ਮਰਯਦਾ) ਬੋਧੀਆਂ ਦੇ ਧਰਮ ਵਿਚ ਅਜੇਹੇ ਢੰਗ ਨਾਲ ਰਲਾ ਦਿੱਤੀ ਕਿ ਲਗ ਪਗ ੧੪੦੦ ਸਾਲ ਦੇ ਰਾਜ ਭਾਗ ਸਮੇਤ ਬੁਧ ਧਰਮ ਦਾ ਭਾਰਤ ਵਿਚੋਂ ਖੁਰਾ ਖੋਜ ਮਿਟ ਗਿਆ । ਸਾਰੇ ਬੋਧੀ ਬ੍ਰਾਹਮਣ ਦੇ ਚਲਾਏ ਕਰਮ ਕਾਂਡ ਦੇ ਧਾਰਨੀ ਬਣਦੇ ਗਏ ਤੇ ਇਹ ਸਮਝ ਹੀ ਨਾ ਸਕੇ ਕਿ ਉਹ ਕਦੋਂ ਤੋਂ ਪੱਕੇ ਬ੍ਰਾਹਮਣ ਵਾਦੀ, ਹਿੰਦੂ ਬਣ ਚੁੱਕੇ ਸਨ ।

ਗੁਰੂ ਨਾਨਕ ਨਿਰੰਕਾਰੀ ਨੇ **ਅਜੇਹੇ ਮਨੁੱਖ ਦੀ ਸਿਰਜਣਾ** ਦਾ ਸੰਕਲਪ ਕੀਤਾ ਸੀ ਜਿਹੜਾ, ਕਰਣੀ ਅਤੇ ਕਥਨੀ ਦਾ ਸੂਰਾ, ਦਸਾਂ ਨੌਹਾਂ ਦੀ ਨੇਕ ਕਮਾਈ ਨੂੰ ਗ਼ਰੀਬਾਂ ਵਿਚ ਵੰਡ ਛਕਣ ਵਾਲਾ, ਗਰੀਬ ਨਿਤਾਣੇ, ਨਿਆਸਰੇ ਅਤੇ ਲੋੜਵੰਦ ਦੀ ਸਹਾਇਤਾ ਕਰਨ ਸਮੇ ਜੇ ਲੋੜ ਆ ਬਣੇ ਤਾਂ ਪੁਰਜਾ ਪੁਰਜਾ ਹੋ ਕੇ ਕੱਟ ਮਰਨ ਵਿਚ ਆਪਣੇ ਧੰਨ ਭਾਗ ਸਮਝਣ ਵਾਲਾ ਹੋਵੇ । ਅਜੇਹਾ ਮਨੁੱਖ ਜਿਹੜਾ, ਸਰਬੱਤ ਦੀ ਭਲਾਈ ਦੀ ਲੋਚਣਾ ਕਰਨ ਵਾਲੇ ਦਿਲ ਦਾ ਮਾਲਕ ਹੋਵੇ । ਗੁਰਦੇਵ ਜੀ ਦਾ ਮਨੱਖ, ਮਾਇਆ ਵਿਚ ਵਿਚਰਦਾ ਹੋਇਆ ਵੀ ਇਸ ਦੇ ਮੋਹ ਤੋਂ ਅਭਿੱਜ ਰਹਿਣ ਵਾਲਾ, ਪਰ-ਉਪਕਾਰੀ, ਪਰਸਪਰ ਪਿਆਰ, ਸਾਂਝੀਵਾਲਤਾ ਅਤੇ ਸਨੇਹ ਦੀ ਭਾਵਨਾ ਵਿੱਚ ਭਿੱਜਾ ਹੋਇਆ ਅਤੇ ਮਿਠ-ਬੋਲੜਾ ਹੋਵੇ । ਜਿਹੜਾ ਨਿਰਭੈ, ਨਿਰਵੈਰ, ਖਿਮਾ ਦਾ ਪੁਤਲਾ, ਪਰ-ਨਾਰੀ ਨੂੰ ਧੀ ਭੈਣ ਸਮਝਣ ਵਾਲਾ ਹੋਵੇ । ਗੁਰੂ ਨਾਨਕ ਦਾ ਬੰਦਾ ਆਪਣੀ ਨੇਕ ਕਮਾਈ ਦਾ ਦਸਵਾਂ ਹਿੱਸਾ ਨੇਕੀ ਦੇ ਕੰਮਾ ਤੇ ਖਰਚਣ ਵਾਲਾ, ਉੱਚੇ ਅਤੇ ਸੁੱਚੇ ਆਚਰਨ ਵਾਲਾ, ਭਰਮਾਂ ਤੋਂ ਅਣਜਾਣ ਆਪਣੇ ਗੁਰੂ ਦੀ ਆਗਿਆ ਵਿੱਚ ਸਦਾ ਵਿਚਰਦਾ ਹੋਇਆ ਸਿਰਫ਼ ਇੱਕ ਅਕਾਲ ਦਾ ਪੁਜਾਰੀ ਹੋਵੇ । ਗੱਲ ਕੀ ਗੁਰੂ ਨਾਨਕ ਜੀ ਨੇ ਪੂਰਨ ਮਨੁੱਖ ਅਥਵਾ **ਸੱਚਾ ਸੰਤ ਅਤੇ ਸੂਰਮਾ-ਸਿਪਾਹੀ** ਸਿਰਜਣ ਦਾ ਬੀੜਾ ਚੁਕਿਆ ਸੀ । ਇਸ ਕਾਰਜ ਦੀ ਸਿੱਧੀ ਲਈ ਗੁਰੂ ਨਾਨਕ ਜੀ ਨੇ ਮਨੁੱਖ ਦੇ ਅੰਦਰੋਂ, ਝੂਠ, ਠੱਗੀ, ਸੁਆਰਥ ਸਿੱਧੀ, ਬੇਅਣਖੀ, ਨਿਰਦੈਤਾ, ਭਰਮ, ਪਖੰਡ, ਨਿਰਬਲਤਾ, ਦੇਵ ਪੂਜਾ, ਆਦਿ ਦੇ ਹਜ਼ਾਰਾਂ ਸਾਲਾਂ ਦੇ ਬਣੇ ਸੰਸਕਾਰਾਂ ਨੂੰ ਕੱਢਣਾ ਸੀ । ਸੋ ਇਸ ਨਿਰਾਲੇ ਸੁਧਾਰਕ ਨਾਨਕ ਨਿਰੰਕਾਰੀ ਜੀ ਨੇ ਮਨੁੱਖ ਨੂੰ ਇੱਕ ਖ਼ਾਸ ਮਰਯਾਦਾ ਵਿੱਚ ਵਿਚਰਨਾ ਸਿਖਾਉਣ ਲਈ ਇੱਕ **ਪੱਕਾ ਵਿਧਾਨ ਬਣਾਇਆ ਸੀ ਜੋ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਪ੍ਰਗਟ ਹੋਇਆ । ਸਦੀਵੀ-ਸੱਚ ਦੀ ਸੋਧ ਦੇਣ ਵਾਲਾ ਉਹੀ ਵਿਧਾਨ, ਮਨੁੱਖਤਾ ਦਾ ਗੁਰੂ ਥਾਪਿਆ ਗਿਆ ।**

ਸਮਝ ਇਹ ਆਈ ਕਿ ਗੁਰੂ ਦੀ ਸਿਖਿਆ ਅਨੁਸਾਰ ਜੀਵਨ-ਜੁਗਤ ਨੂੰ ਢਾਲਣ ਲਈ ਹਰ ਸਮੇਂ ਯਤਨਸ਼ੀਲ ਰਹਿਣ ਦੇ ਨਾਲ ਬ੍ਰਾਹਮਣੀ ਗ੍ਰੰਥਾਂ ਵਿਚਲੀ ਕਰਮਕਾਂਡੀ-ਮਰਯਾਦਾ ਦੇ ਧਾਰਨੀ ਹੋ ਜਾਣ ਤੋਂ ਬਚੇ ਰਹਿਣਾ, **ਗੁਰੂ ਨਾਨਕ ਦੇਵ ਜੀ ਦੀ ਸਿੱਖੀ ਦੀ ਮਰਯਾਦਾ ਦਾ ਪਰਮੁੱਖ ਸਿਧਾਂਤ ਹੈ ।** ਕਿਉਂਕਿ ਗੁਰਦੇਵ ਜੀ ਦੇ ਇਸ ਹੁਕਮ ਵਿਚ (ਕਿ--**ਜਬ ਇਹ ਗਹੇ ਬਿੱਪ੍ਰਨ ਕੀ ਰੀਤ, ਮੈਂ ਨਾ ਕਰੂੰ ਇਨ ਕੀ ਪਰਤੀਤ**) ਕਿਤੇ ਕੋਈ ਸੰਕੇਤ ਨਹੀਂ ਹੈ ਕਿ, ਬਾਣੀਆਂ ਦੇ ਪਾਠ ਦਾ ਨਿਤ ਨੇਮੀ ਅਤੇ ਅੰਮ੍ਰਿਤ-ਧਾਰੀ ਸਿੰਘ ਬਿੱਪ੍ਰਨ ਕੀ ਰੀਤ ਦਾ ਧਾਰਨੀ ਹੋ ਸਕਦਾ ਹੈ । ਅਰਥਾਤ ਵੇਖਣ ਨੂੰ ਚੜ੍ਹਦੀ ਕਲਾ ਵਾਲਾ ਨਿਤ ਨੇਮੀ, ਅਖੰਡਪਾਠੀ ਵੀ ਜੇ ਬਿੱਪ੍ਰਨ ਕੀ ਰੀਤ ਦਾ ਧਾਰਨੀ ਹੈ ਤਾਂ ਉਸ ਵਾਸਤੇ ਵੀ ਸਤਿਗੁਰਾਂ ਕੋਲ ਕੋਈ ਥਾਂ ਨਹੀਂ ਹੈ । ਫ਼ੌਜ ਦੀ ਮਰਯਾਦਾ ਨੂੰ ਭੰਗ ਕਰਨ ਵਾਲਾ ਤਾਂ ਸਿਰਫ਼ ਫ਼ੌਜ ਦੀ ਨੌਕਰੀ ਵਿਚੋਂ ਕਢਿਆ ਜਾਂਦਾ ਹੈ ਪਰ ਬਿੱਪ੍ਰਨ ਕੀ ਰੀਤ ਦਾ ਧਾਰਨੀ ਹੋ ਜਾਣ ਵਾਲਾ ਮਨੁੱਖ, ਗੁਰੂ ਦੀਆਂ ਨਜ਼ਰਾਂ ਵਿਚ ਬੇਪ੍ਰਤੀਤਾ ਹੋ ਕੇ ਨਾ ਦੀਨ ਦਾ ਰਹਿੰਦਾ ਹੈ ਅਤੇ ਨਾ ਹੀ ਦੁਨੀਆਂ ਦਾ--**ਆਪਣੀ ਪ੍ਰਤੀਤਿ ਆਪ ਹੀ ਖੋਵੈ ॥ ਬਹੁਰਿ ਉਸ ਕਾ ਬਿਸ੍ਵਾਸ ਨਾ ਹੋਵੈ** ॥ (ਸੁਖਮਨੀ) ਇਹ ਸਮਝਣ ਵਿਚ ਕੋਈ ਕਸਰ ਨਾ ਰਹੀ ਕਿ ਬਿੱਪ੍ਰਨ ਕੀ ਰੀਤ ਤੋ ਦੂਰ ਰਹਿ ਕੇ ਗੁਰੂ ਦੇ ਹੁਕਮ ਅਨੁਸਾਰ ਵਿਚਰਨ ਵਾਲਾ ਮਨੁੱਖ ਆਪਣੇ ਆਪ ਹੀ ਸੁੱਚ-ਆਚਾਰ ਦਾ ਮਾਲਕ ਬਣ ਜਾਂਦਾ ਹੈ । ਦੂਜੇ ਸ਼ਬਦਾਂ ਵਿੱਚ, ਬਿੱਪ੍ਰਨ ਕੀ ਰੀਤ ਦਾ ਧਾਰਨੀ ਮਨੁੱਖ ਹੋਰ ਕਿਸੇ ਵੀ ਜਪ, ਤਪ ਅਥਵਾ ਸਿਮਰਨ ਨਾਲ, ਨਾ ਭਗਤ ਬਣ ਸਕਦਾ ਹੈ ਅਤੇ ਨਾ ਹੀ ਪੂਰਨ ਤੌਰ ਤੇ ਸੁੱਚ ਆਚਾਰ ਵਾਲਾ ਪਰਉਪਕਾਰੀ ਅਤੇ ਪੁਰਸ਼ਾਰਥੀ ਹੀ ਬਣ ਸਕਦਾ ਹੈ ।

ਹੁਣ ਇਹ ਗੰਭੀਰ ਪ੍ਰਸ਼ਨ ਪ੍ਰੇਸ਼ਾਨ ਕਰ ਰਹੇ ਸਨ--

**੧)** ਕੀ ਸਿੱਖ ਪੰਥ ਬਿੱਪ੍ਰਨ ਕੀ ਰੀਤ ਦਾ ਧਾਰਨੀ ਹੋ ਚੁੱਕਾ ਹੈ ?

**੨)** ਆਖ਼ਰ ਬਿੱਪ੍ਰਨ ਕੀ ਰੀਤ ਦਾ ਏਡਾ ਘਾਤਕ ਅਸਰ ਹੋ ਸਕਣ ਦਾ ਕਾਰਨ ਕੀ ਹੈ ? ਹਿੰਦੂ ਵੀ ਤਾਂ ਹਜ਼ਾਰਾਂ ਸਾਲਾਂ ਦੇ ਏਸ ਰੀਤ ਦੇ ਧਾਰਨੀ ਬਣੇ ਹੋਏ ਅੱਜ ਫ਼ੇਰ ਰਾਜ ਭਾਗ ਦੇ ਮਾਲਕ ਬਣ ਗਏ ਹਨ ।

**੩)** ਕੀ ਕਾਰਨ ਹੈ ਜੋ ਸਿੱਖਾਂ ਨੂੰ ਗੁਰਦੇਵ ਜੀ ਨੇ ਇਸ ਰੀਤ ਤੋਂ ਦੂਰ ਰਹਿਣ ਲਈ ਏਡੀ ਕਰੜਾਈ ਨਾਲ ਵਰਜਿਆ ?

## ੬- ਖ਼ਾਲਸਾ ਪੰਥ, ਬਿੱਪ੍ਰਨ ਕੀ ਰੀਤ ਦਾ ਧਾਰਨੀ ?

ਗੁਰਬਾਣੀ ਅਤੇ ਹਿੰਦੂ ਧਰਮ ਦੇ ਪੁਰਾਣਕ ਗ੍ਰੰਥਾਂ ਦੀ ਵਿਚਾਰ ਕਰਨ ਤੋਂ ਇਹ ਸਪੱਸ਼ਟ ਹੋ ਗਿਆ ਕਿ ਸਿੱਖ-ਜਗਤ ਪੂਰਨ ਤੌਰ ਤੇ ਬਿੱਪ੍ਰਨ ਕੀ ਰੀਤ ਨਾਲ ਜੁੜ ਚੁੱਕਾ ਹੈ । ਕੋਈ ਵਿਰਲਾ ਹੀ ਭਾਗਾਂ ਵਾਲਾ ਪਰਵਾਰ ਹੋਵੇਗਾ ਜਿਹੜਾ ਇਸ ਘਾਤਕ ਰੀਤ ਤੋਂ ਬਚ ਸਕਿਆ ਹੋਵੇ । ਉਦਾਹਰਣ ਵਜੋਂ--ਦਾਸ ਨੇ ਵੀ ੧੯੭੧ ਵਿੱਚ ਸੰਤ ਕਰਤਾਰ ਸਿੰਘ ਜੀ ਭਿੰਡਰਾਂ ਵਾਲਿਆ ਕੋਲੋਂ ਉਨ੍ਹਾਂ ਦੀ ਵਿਧੀ ਅਨੁਸਾਰ ਅਖੰਡ ਪਾਠ ਅਤੇ ਉਨ੍ਹਾਂ ਦੀ ਹੀ ਦੇਖ-ਰੇਖ ਵਿਚ ਲੰਗਰ ਕਰਾਇਆ । ਸਾਡੇ ਸਾਰੇ ਰਿਸ਼ਤੇਦਾਰ, ਸੱਜਣ--ਮਿੱਤਰ, ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਦੇ ਸਹਿਜ ਪਾਠ ਅਥਵਾ ਅਖੰਡ ਪਾਠ ਕਰਾਉਣ ਦੇ ਸ਼ਰਧਾਲੂ ਹਨ । ਪਰ ਜਦ ਪਤਾ ਲੱਗਾ ਕਿ ਵਿਧੀਆਂ ਨਾਲ ਕੀਤੇ ਪਾਠਾਂ ਤੋਂ ਕਿਸੇ ਉਚੇਚੇ ਫਲ ਮਿਲ ਸਕਣ ਦੀ ਆਸ ਰੱਖਣੀ ਇੱਕ ਭਰਮ ਹੈ ਅਤੇ ਇਹ ਭਰਮ ਬ੍ਰਾਹਮਣ ਦੇ ਤੰਤ੍ਰ ਸ਼ਾਸਤ੍ਰ ਦੀ ਦੇਣ ਹੈ, ਤਾਂ ਬੜੀ ਸਖ਼ਤ ਘਬਰਾਹਟ ਹੋਈ । ਇਹ ਤੌਖ਼ਲਾ ਵਧਿਆ ਕਿ ਕਿਤੇ ਸਤਿਗੁਰਾਂ ਨੇ ਵੀ ਅਪਣੇ ਸ਼ਬਦਾਂ ਦੁਆਰਾ ਅਜੇਹੇ ਮੰਤ੍ਰ-ਪਾਠਾਂ ਦੀ ਖੰਡਣਾ ਹੀ ਨਾ ਕੀਤੀ ਹੋਵੇ ? ਇਸ ਸ਼ੰਕੇ ਦੀ ਨਿਵ੍ਰਿਤੀ ਲਈ ਦਾਸ ਨੇ ਉਚੇਚੇ ਧਿਆਨ ਨਾਲ ਗੁਰਬਾਣੀ ਨੂੰ ਵਿਚਾਰਿਆ ਤਾਂ ਜੋ ਕੁਝ ਪ੍ਰਾਪਤ ਹੋਇਆ ਉਸ ਤੋਂ ਆਪਣੀ ਸਿਖੀ ਇਕ ਡਰਾਮਾ ਅਤੇ ਪਖੰਡ ਹੋ ਦਿੱਸੀ । ਤੰਤ੍ਰ-ਸ਼ਾਸਤ੍ਰ ਵਾਲੀ ਵਿਧੀ ਨਾਲ ਮੰਤ੍ਰ ਪਾਠਾਂ ਦੀ ਖੰਡਣਾ ਵਾਲੇ ਜਿਹੜੇ ਸ਼ਬਦ ਗੁਰੂ ਨਾਨਕ ਜੀ ਨੇ ਆਪਣੇ ਅੱਡ ਅੱਡ ਸਰੂਪਾਂ ਵਿਚ ਲਿਖੇ ਹਨ ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :-

| | | | |
|---|---|---|---|
| **੧= ਸ੍ਰੀ ਗੁਰੂ ਨਾਨਕ ਜੀ ਪਹਿਲੇ ਸਰੂਪ---** | ੩੯ ਸ਼ਬਦ । | **੨= ਸ੍ਰੀ ਗੁਰੂ ਨਾਨਕ ਜੀ ਤੀਸਰਾ ਸਰੂਪ---** | ੩੩ ਸ਼ਬਦ । |
| **੩= ਸ੍ਰੀ ਗੁਰੂ ਨਾਨਕ ਜੀ ਚੋਥਾ ਸਰੂਪ--** | ੧੨ ਸ਼ਬਦ । | **੪= ਸ੍ਰੀ ਗੁਰੂ ਨਾਨਕ ਜੀ ਪੰਜਵਾਂ ਸਰੂਪ---** | ੧੪ ਸ਼ਬਦ । |
| **੫= ਸ੍ਰੀ ਗੁਰੂ ਨਾਨਕ ਜੀ ਨਙੌਵਾ ਸਰੂਪ---** | ੧ ਸ਼ਬਦ । | **੬= ਭਗਤ ਕਬੀਰ ਸਾਹਿਬ ਜੀ** | ੪ ਸ਼ਬਦ । |

ਖ਼ਿਆਲ ਆਇਆ ਕਿ ਅਖੰਡ ਪਾਠ ਸਾਹਿਬ ਦੀ ਖੰਡਣਾ ਹੋ ਜਾਣ ਤੇ ਤਾਂ ਪੰਥ ਨੇ ਜੈਤੋ ਵਿਖੇ ਅੰਗ੍ਰੇਜ਼ ਸਰਕਾਰ ਦੇ ਵਿਰੁੱਧ ਮੋਰਚਾ ਲਾ ਦਿੱਤਾ ਸੀ ਤੇ ਸੈਂਕੜਿਆਂ ਨੇ ਸ਼ਹੀਦੀਆਂ ਪਾ ਲਈਆਂ ਸਨ । ਕੀ ਕਿਸੇ ਨੂੰ ਵੀ ਇਨ੍ਹਾਂ ਪਾਵਨ ਹੁਕਮਾਂ ਦਾ ਪਤਾ ਨਹੀਂ ਸੀ ? ਇਸ ਸ਼ੰਕੇ ਦੀ ਨਿਵਿਰਤੀ ਦੇ ਯਤਨ ਵਿਚ ਨਵੰਬਰ ੧੯੮੮ ਵਿਚ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰੋ: ਦਰਸ਼ਨ ਸਿੰਘ ਜੀ ਦੀ ਸੇਵਾ ਵਿਚ ਰਜਿਸਟ੍ਰੀ ਚਿਠੀ ਭੇਜੀ । ਕਰੀਬ ੩੦ ਗੁਰੂ-ਸ਼ਬਦ ਵੀ ਲਿਖ ਭੇਜੇ । ਆਸ ਸੀ ਕਿ ਠੀਕ ਸੇਧ ਮਿਲ ਸਕੇਗੀ । ਪਰ ਕੋਈ ਉੱਤਰ ਨਾ ਆਇਆ ।

ਦੂਜੇ ਨੰਬਰ ਤੇ ਭਿੰਡਰਾਂ ਵਾਲਿਆਂ ਦਾ ਸਤਿਕਾਰ ਕਰਦਾ ਸਾਂ । ਦਾਸ ਨੇ ੭ ਦਸੰਬਰ ੧੯੯੨ ਨੂੰ ਭਿੰਡਰਾਂ ਪਿੰਡ ਵਾਲੇ ਡੇਰੇ ਦੇ ਮਾਲਕ ਸੰਤ ਮੋਹਨ ਸਿੰਘ ਜੀ ਅਤੇ ਮਹਿਤੇ ਸੰਤ ਠਾਕੁਰ ਸਿੰਘ ਜੀ ਨੂੰ, ਦੋਹੀ ਥਾਂਈ ਰਜਿਸਟ੍ਰੀ ਚਿਠੀਆਂ ਵਿਚ ਗੁਰਮਤਿ ਸਿਧਾਂਤ ਬਾਰੇ ਸੇਧ ਦੇਣ ਲਈ ਬੇਨਤੀ ਲਿਖ ਭੇਜੀ ਪਰ ਏਧਰੋਂ ਕੋਈ ਨਾ ਬੋਲਿਆ । ੫/੧੦/੯੨ ਨੂੰ ਹਰਿਮੰਦਰ ਸਾਹਿਬ ਦੇ ਮੁਖ ਗ੍ਰੰਥੀ ਸਾਹਿਬ ਦੀ ਸੇਵਾ ਵਿਚ ਅਤੇ ਫਿਰ ੩/੧੧/੯੨ ਨੂੰ ਸ਼੍ਰੋਮਣੀ ਕੇਮਟੀ ਦੇ ਸਕੱਤਰ ਸਾਹਿਬ ਨੂੰ ਤੇ ਅੰਤ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਵੇਂ ਜਥੇਦਾਰ ਸਾਹਿਬ ਪ੍ਰੋ: ਮਨਜੀਤ ਸਿੰਘ ਨੂੰ ਬ੍ਰਾਹਮਣੀ ਰੀਤਾਂ ਦੇ ਨਾਲ ਮੰਤ੍ਰ-ਪਾਠਾਂ ਬਾਰੇ ਭੁਲੇਖੇ ਕੱਢਣ ਲਈ ਵਿਸਥਾਰ ਨਾਲ ਬੇਨਤੀ, ਮਿਤੀ ੭ ਜੂਨ ੧੯੯੩ ਨੂੰ ਲਿਖ ਭੇਜੀ । ਪਰ ਜਵਾਬ ਕਿਸੇ ਧਿਰ ਵਲੋਂ ਵੀ ਨਾ ਆਇਆ ।

ਵਿਦਵਾਨ ਇਤਿਹਾਸਕਾਰਾਂ ਦੀ ਲਿਖਤਾਂ ਨੂੰ ਗਹੁ ਨਾਲ ਪੜ੍ਹਨ ਤੋਂ ਇਹੀ ਸਮਝ ਆਈ ਕਿ ਬ੍ਰਾਹਮਣ ਨੇ ਸਿਖ ਗੁਮੁਰਖਾਂ ਵਾਲਾ ਵੇਸ ਬਣਾ ਕੇ ਮੰਤ੍ਰ ਪਾਠ ਵਾਲੀ ਆਪਣੀ ਰੀਤ ਨੂੰ, ਪੰਥ ਵਿਚ ਵਾੜ ਦਿੱਤਾ । ਫਿਰ ਪਾਠਾਂ ਨਾਲ ਮਿਲਦੇ ਫਲਾਂ ਦੇ ਭਰਮ ਨਾਲ ਸ਼ਰਧਾ ਅਜੇਹੀ ਬਣੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਕਿਸੇ ਪ੍ਰਕਾਰ ਦੀ ਸੇਧ ਲੈਣ ਦੀ ਲੋੜ ਹੀ ਮੁਕਦੀ ਗਈ । ਹੌਲੀ ਹੌਲੀ ਬਿੱਪ੍ਰਨ ਕੀ ਰੀਤ ਦੇ ਮਿੱਠੇ ਜ਼ਹਿਰ ਨੇ ਆਪਣਾ ਅਸਰ ਕਰ ਲਿਆ । ਅੱਜ ਹਾਲਤ ਇਹ ਬਣ ਚੁੱਕੀ ਹੈ ਕਿ ਸੱਚ ਦੇ ਅਵਤਾਰ ਗੁਰੂ ਨਾਨਕ ਜੀ ਦਾ ਸਿੱਖ--**ਆਦਿ ਸਚੁ ਜੁਗਾਦ ਸਚੁ**--ਦਾ ਜਾਪ ਕਰਨ ਵਾਲਾ ਨਿਤਨੇਮੀ, ਅਤੇ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਬਾਣੀ ਅਤੇ ਬਾਣੇ ਵਾਲਾ ਇਹ ਤਿਆਰ-ਬਰ-ਤਿਆਰ ਖ਼ਾਲਸਾ (ਕਿਸੇ ਵਿਰਲੇ ਗੁਰੂ ਸੁਆਰੇ ਪਰਵਾਰ ਤੋਂ ਛੁੱਟ) ਸੱਚ ਨੂੰ ਸੱਚ ਕਹਿਣ ਜੋਗਾ ਨਹੀਂ ਰਿਹਾ । ਲਿਖਤੀ ਸਬੂਤ ਮੌਜੂਦ ਹਨ ਕਿ ਸਮੁਚੇ ਖ਼ਾਲਸੇ ਦੇ ਆਚਰਨ ਦਾ ਪ੍ਰਤੀਕ, ਖ਼ਾਲਸੇ ਦਾ ਸ਼੍ਰੋਮਣੀ ਜਥੇਦਾਰ **ਸੱਚ ਨੂੰ ਸੱਚ ਮੰਨ ਲੈਣ ਦੀ ਸਮਰਥਾ ਗੁਆ ਚੁੱਕਾ ਹੈ ।** ਏਹੀ ਕਾਰਨ ਹੈ ਕਿ ਸਮੁੱਚਾ ਸਿੱਖ ਜਗਤ ਉਸ ਦਿੱਨ ਨੂੰ ਖ਼ਾਲਸੇ ਦਾ ਜਨਮ ਦਿਨ ਮੰਨੀ ਜਾ ਰਿਹਾ ਹੈ ਜਿਸ ਦਿਨ ਇਹ ਬੜੀ ਅਨੋਖੀ ਅਤੇ ਭਿਆਨਕ ਹੱਦ ਤੱਕ ਕਰੜੀ ਪ੍ਰੀਖਿਆ ਵਿਚੋਂ ਸਫ਼ਲ ਹੋ ਕੇ, " ਸਿੰਘ " ਲਕਬ ਦਾ ਮਾਲਕ ਬਣ ਕੇ ਨਿਰਮਲ ਪੰਥ ਤੋਂ " ਖ਼ਾਲਸਾ ਪੰਥ ' ਦੇ ਨਾਮ ਨਾਲ ਸੰਸਾਰ ਵਿਚ ਪਰਗਟ ਹੋਇਆ ਸੀ । ਗੁਰੂ ਦਾ ਸਿੱਖ ਇਹ ਸਮਝ ਲੈਣਾ ਆਪਣੀ ਹੇਠੀ ਮੰਨਦਾ ਹੈ, ਕਿ ਖ਼ਾਲਸੇ ਦਾ ਸਿਧਾਂਤ ਲੈ ਕੇ ਆਏ **ਪਰਮ-ਖ਼ਾਲਸੇ** ਦਾ ਆਗਮਨ ਦਿਵਸ ਹੀ **ਖ਼ਾਲਸੇ ਦਾ ਜਨਮ ਦਿਨ** ਹੈ । ਅਤੇ ਉਹ **ਜਨਮ ਦਿਨ** ੧੬੯੯ ਵਾਲੀ ਵਿਸਾਖੀ ਨਹੀਂ ਸਗੋਂ ਖ਼ਾਲਸੇ ਦਾ ਜਨਮ ਦਿਨ ੧੪੬੯ ਦੀ ਵਿਸਾਖੀ ਹੈ । ਬ੍ਰਾਹਮਣੀ ਲਿਖਾਰੀਆਂ ਦੇ ਜਾਦੂ ਦੇ ਅਸਰ ਹੇਠ ਆਇਆ ਸਿੰਘ **ਜਨਮ ਲੈਣ** ਅਤੇ **ਪ੍ਰਗਟ ਹੋਣ*** ਦੇ ਫ਼ਰਕ ਨੂੰ ਸਮਝਣ ਦੀ ਲੋੜ ਮੁਕਾ ਬੈਠਾ ਹੋਇਆ ਹੈ ।

ਪੰਥ ਨੂੰ ਗੁਰੂ ਨਾਨਕ ਜੀ ਨੇ ਆਪਣੇ ਪਹਿਲੇ ਸਰੂਪ ਸਮੇ ਹੀ ਪੈਦਾ ਕਰ ਲਿਆ ਸੀ ਪਰ ਅਸਾਂ ਪਹਿਲੇ ਸਰੂਪ ਦੇ ਥਾਂ ਖ਼ਾਲਸਾ ਪੰਥ ਦਾ ਜਨਮ ਦਾਤਾ ਦਸਵਾਂ ਸਰੂਪ ਥਾਪ ਲਿਆ । ਗੁਰੂ ਸਾਹਿਬਾਨ ਦੇ ਆਗਮਨ ਦਿਨ ਮਣਾਉਣ ਨਾਲੋਂ ਆਪਣਾ ਜਨਮ ਦਿਨ ਮਨਾਉਂਣ ਵਾਲਾ ਹਉਮੈ-ਰੋਗ ਸਹੇੜ ਲਿਆ । ਇਹ ਇਹ ਨ੍ਰਿਣਾ ਕਰ ਸਕਣ ਦੀ ਲੋੜ ਹੀ ਨਾ ਉਪਜੀ ਕਿ ਖ਼ਾਲਸੇ ਦਾ ਜਨਮ ਅਸਥਾਨ ਅਤੇ ਜਨਮ ਦਿਨ ਸ੍ਰੀ ਗੁਰੂ ਨਾਨਕ ਜੀ (ਪਹਿਲਾ ਸਰੂਪ) ਨਾਲ ਕਿਸ ਕਾਰਨ ਜੁੜਿਆ ਹੋਇਆ ਨਹੀਂ ਹੈ ?

ਪੰਥ ਦੇ ਸਰਬ-ਉੱਚ ਜਥੇਦਾਰਾਂ ਦਾ ਅਤੇ ਡੇਰੇ-ਦਾਰ ਸੰਤਾਂ ਦਾ ਇਹ ਹਾਲ ਹੈ ਕਿ ਕਿਸੇ ਸੁਹਿਰਦ ਗੁਰ ਸਿੱਖ ਦਾ ਸ਼ੰਕਾ ਦੂਰ ਕਰਨ ਦੀ ਲੋੜ ਮੁਕਾ ਚੁੱਕੇ ਹਨ ਤਾਂ ਬਾਕੀ ਸਿੱਖ-ਜਗਤ ਦਾ ਹਾਲ ਕੀ ਹੋਵੇਗਾ ? ਸਪੱਸ਼ਟ ਹੈ ਕਿ ਅਜੇਹੀਆਂ ਕਮਜ਼ੋਰੀਆਂ ਬ੍ਰਾਹਮਣੀ ਰੀਤਾਂ ਦੇ ਧਾਰਨੀ ਹੋਈ ਜਾਣ ਦੇ ਕਾਰਨ ਹੀ ਆ ਰਹੀਆਂ ਹਨ । **ਬਾਕੀ ਪ੍ਰਸ਼ਨਾਂ ਦਾ ਉਂਤਰ** ਜੋ ਗੁਰਦੇਵ ਜੀ ਨੇ ਸਮਝਾਇਆ, ਉਸ ਦਾ ਵੇਰਵਾ, ਪੁਸਤਕ ਵਿਚੋਂ ਮਿਲ ਜਾਵੇਗਾ ।

## ੭- <u>ਪੁਸਤਕ --ਬਿੱਪ੍ਰ ਕੀ ਰੀਤ ਅਤੇ ਸੱਚ ਦਾ ਮਾਰਗ--ਲਿਖਣ ਦੀ ਪ੍ਰੇਰਨਾ</u>

ਸਤਿਗੁਰਾਂ ਨੇ ਜਿਸ ਤਰ੍ਹਾਂ ਦੀ ਕਿਸੇ ਕੋਲੋ ਸੇਵਾ ਲੈਣੀ ਹੋਵੇ ਉਸੇ ਤਰ੍ਹਾਂ ਦੇ ਸੰਜੋਗ ਬਣਾ ਦਿੰਦੇ ਹਨ । ਡਾਕਟਰ ਜਸਵਿੰਦਰ ਸਿੰਘ ਢਿੱਲੋਂ ਡਾਕਟਰੀ ਦੀ ਉਚੀ ਵਿਦਿਆ ਲੈਣ ਲਈ ਕਨੇਡਾ ਦੇ ਸੈਸਕਾਟੂਨ ਸ਼ਹਿਰ ਯੂਨੀਵਰਿਸਿਟੀ ਵਿਚ ਪੜ੍ਹਦਾ ਸੀ । ਉਸ ਨੌਜਵਾਨ ਨੇ ਦਾਸ ਦੀ ਉਚੇਚੀ ਲਗਨ ਗੁਰਬਾਣੀ ਪੜ੍ਹਨ ਵਿਚ ਦੇਖੀ ਤਾਂ ਹੈਰਾਨ ਹੋ ਕੇ ਪੁਛਿਆ ਕਿ ਇਸ ਸਿਰ-ਖਪਾਈ ਦਾ ਕੋਈ ਲਾਭ ਵੀ ਹੋਇਆ ਹੈ ? ਫਿਰ ਗੱਲ ਚੱਲ ਪੈਣ ਤੇ ਉਸ ਨੇ ਸਿੱਖ ਧਰਮ ਵਿਚਲੀਆਂ ਪਰਚਲਤ ਰਸਮਾਂ ਅਤੇ ਅੱਡ ਅੱਡ ਵਿਧੀਆਂ ਦੁਆਰਾ ਕੀਤੇ ਪਾਠਾਂ ਦੇ, ਅਥਵਾ ਦਾਂਨ ਪੁੰਨ ਦੇ ਵਟਾਂਦਰੇ ਕਰਾਮਾਤੀ ਫਲਾਂ ਦੇ ਮਿਲਣ ਵਾਲੇ ਫੋਕੇ ਭਰਮਾਂ ਨਾਲ ਜੁੜੇ ਕੁਝ ਅਜੇਹੇ ਪੱਖ ਦੱਸੇ ਜਿਨ੍ਹਾਂ ਕਾਰਨ ਉਸ ਨੂੰ ਧਰਮਾਂ ਕੋਲੋਂ ਨਫਰਤ ਹੋ ਗਈ ਸੀ ਅਤੇ ਉਹ ਨਾਸਤਕ ਰੁਚੀਆਂ ਵਾਲਾ ਹੋ ਗਿਆ ਸੀ । ਦਾਸ ਨੇ ਧਿਆਨ ਨਾਲ ਡਾਕਟਰ ਜੀ ਦੀਆਂ ਗੱਲਾਂ ਸੁਣੀਆਂ । ਫਿਰ ਉਸ ਸੁਹਿਰਦ ਬੱਚੇ ਨਾਲ ਤਕਰੀਬਨ ਦੋ ਘੰਟੇ ਗੁਰਮਤ ਦੇ ਅਸਲ ਸਿਧਾਂਤ ਬਾਰੇ ਵਿਚਾਰ ਵਿਟਾਂਦਰਾ ਹੋਇਆ । ਦਾਸ ਨੇ ਦੱਸਿਆ ਕਿ ਜਿਹੜੀਆਂ ਗੱਲਾਂ ਨਾਲ ਉਸ ਦਾ ਮਨ ਦੁਖਿਆ ਹੈ ਉਹ ਸਾਰੀਆਂ ਹੀ ਅੱਜ ਤੋਂ ਸੈਂਕੜੇ ਸਾਲ ਪਹਿਲਾਂ, ਗੁਰੂ ਨਾਨਕ ਦੇਵ ਜੀ ਨੇ, ਰੱਦ ਕਰ ਦਿੱਤੀਆਂ ਸਨ । ਜੇ ਆਪਣੇ ਗੁਰੂ ਵਲੋਂ ਵਰਜੀਆਂ ਹੋਈਆਂ ਬ੍ਰਾਹਮਣੀ ਰੀਤਾਂ ਅਤੇ ਭਰਮ, ਸਿੱਖ ਸਾਂਭ ਬੈਠੇ ਹਨ, ਤਾਂ ਇਸ ਵਿਚ ਗੁਰੂ ਨਾਨਕ ਜੀ ਦੇ ਧਰਮ ਨੂੰ ਤਿਆਗਣ ਵਾਲੀ ਗੱਲ ਬੜੀ ਬੇਦਲੀਲੀ ਹੈ । ਗੁਰੂ ਦੀ ਮਿਹਰ ਹੋਈ ਡਾਕਟਰ ਜੀ ਦਾ ਮਨ ਗੁਰੂ ਨਾਨਕ ਨਿਰੰਕਾਰੀ ਜੀ ਦੀ ਗੁਰਸਿੱਖੀ ਨਾਲ ਅਜੇਹਾ ਜੁੜਿਆ, ਕਿ ਫਿਰ ਜਦੋਂ ਵੀ ਦਾਸ ਨੂੰ ਮਿਲਿਆ ਏਹੀ ਸੁਝਾ ਦਿੱਤਾ ਕਿ ਗੁਰਬਾਣੀ ਦੀ ਅਜੇਹੀ ਮਹਾਨ ਅਸਲੀਅਤ ਤੋਂ ਲੋਕਾਂ ਨੂੰ ਜਾਣੂੰ ਕਰਾਉਣ ਲਈ ਕੋਈ ਪੁਸਤਕ ਲਿਖਣੀ ਚਾਹੀਦੀ ਹੈ ਅਤੇ ਨਾਲ ਹਰ ਪ੍ਰਕਾਰ ਦੀ ਸਹਾਇਤਾ ਕਰਨ ਦਾ ਭਰੋਸਾ ਵੀ ਦਿੰਦਾ ਸੀ ।

ਵਿਟੋਰੀਆ ਵਾਲੇ ਭਾਈ ਬੰਤਾ ਸਿੰਘ ਨੇ ਵੀ ਪੁਸਤਕ ਲਿਖਣ ਦੇ ਕਾਰਜ ਲਈ ਤਨ ਮਨ ਧਨ ਦੀ ਸੇਵਾ ਕਰਨ ਦਾ ਨਿਸਚਾ ਪ੍ਰਗਟ ਕੀਤਾ । ਆਪਣੀ ਸੂਝ ਬੂਝ ਅਤੇ ਪੰਜਾਬੀ ਭਾਸ਼ਾ ਦੇ ਲਿਖਣ ਵਿਚ ਐਵੇਂ ਨਾਮ-ਮਾਤ੍ਰ ਗਿਆਨ ਦੇ ਖ਼ਿਆਲ ਨਾਲ, ਪੁਸਤਕ ਲਿਖ ਸਕਣ ਦਾ ਵਿਚਾਰ ਅਸੰਭਵ ਅਤੇ ਐਵੇਂ ਸੁਪਨਾਂ ਜਿਹਾ ਹੀ ਅਨਭਵ ਹੁੰਦਾ ਸੀ । ਦਾਸ ਦੀ ਸਿੰਘਣੀ ਨੇ ਵੀ ਭਰਪੂਰ ਪ੍ਰੇਰਨਾ ਦਿੱਤੀ, ਪੁਸਤਕ ਨੂੰ ਨਾਮ ਦੇਣ ਦੀਆਂ ਵਿਚਾਰਾਂ ਤੁਰ ਪਈਆਂ । ਆਖ਼ਰ--**ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ**-ਪੁਸਤਕ ਦਾ ਨਾਮ ਮਿਥ ਲਿਆ । ਪੰਜਾਬੀ ਟਾਈਪ ਰਾਈਟਰ ਮਸ਼ੀਨ ਪੰਜਾਬੋਂ ਮੰਗਾ ਲਈ ਹੋਈ ਸੀ । ਗੁਰੂ ਮਹਾਰਾਜ ਦਾ ਹੁਕਮ-ਨਾਮਾ ਲੈ ਕੇ ਖਰੜਾ ਤਿਆਰ ਕਰਨਾ ਅਰੰਭ ਕਰ ਦਿੱਤਾ ।

ਸ਼ਾਇਦ ਸਤਿਗੁਰਾਂ ਸਿਦਕ ਦੀ ਅਜੇ ਹੋਰ ਪਰਖ ਕਰਨੀ ਸੀ । ਇੱਕ ਨਵੀਂ ਔਕੜ ਆ ਬਣੀ । ਟਾਈਪ ਮਸ਼ੀਨ ਦੇ ਲੋਹੇ ਦੀ ਨਿਰੰਤਰ ਠੱਕ-ਠੱਕ ਦੀ ਆਵਾਜ਼ ਕਾਰਨ ਦਾਸ ਦੇ ਸਿਰ ਵਿਚ ਅਜੇਹਾ ਨੁਕਸ ਪੈ ਗਿਆ ਕਿ ਮਸ਼ੀਨ ਦੇ ਨੇੜੇ ਜਾਣ ਤੋਂ ਵੀ ਦਿਲ ਘਾਬਰਦਾ ਸੀ । ਡਾਕਟਰ ਜਸਵਿੰਦਰ ਸਿੰਘ ਜੀ ਨੂੰ ਆਪਣੀ ਬਿਮਾਰੀ ਦੀ ਗੱਲ ਦੱਸੀ । ਪਰਮ ਪਿਆਰੇ ਡਾਕਟਰ ਜੀ ਨੇ ਪੰਜਾਬੀ ਲਿਖ ਸਕਣ ਵਾਲਾ ਕੰਪੀਊਟਰ ਲੈ ਦਿੱਤਾ । ਕੰਪਿਊਟਰ ਵਿੱਚ ਪੰਜਾਬੀ ਲਿੱਪੀ ਦੀ ਵਰਤੋਂ ਕਰਨ ਦਾ ਢੰਗ ਸਿਖਣਾ ਬੜਾ ਕਠਣ ਜਾਪਿਆ । ਇਸ ਔਕੜ ਨੂੰ ਵੀ ਡਾ: ਜਸਵਿੰਦਰ ਸਿੰਘ ਅਤੇ ਫਿਰ ਕਾਕਾ ਸੰਦੀਪ ਸਿੰਘ ਸੇਖੋਂ ਨੇ ਬੜੀ ਲਗਨ ਅਤੇ ਯੋਗਤਾ ਨਾਲ ਦੂਰ ਕਰ ਦਿੱਤਾ । ਕੰਪੀਉਟਰ ਦੀ ਲਿਖਾਈ, ਟਾਈਪ ਮਸ਼ੀਨ ਦੀ ਲਿਖਾਈ ਨਾਲ ਮੇਲ ਨਹੀਂ ਸੀ ਖਾਂਦੀ, ਇਸ ਕਾਰਨ ਸਾਰੀ ਲਿਖਾਈ ਨਵੇਂ ਸਿਰੇ ਤੋਂ ਕਰਨੀ ਪਈ ।

੭੫ ਵਿਸ਼ਿਆਂ ਦਾ ਖਰੜਾ ਤਿਆਰ ਕਰ ਲਿਆ । ਹਰ ਵਿਸ਼ੇ ਵਿਚ ੨੫ ਗੁਰਬਾਣੀ ਸ਼ਬਦਾਂ ਤੋ ਲੈ ਕੇ ੯੦ ਸ਼ਬਦਾਂ ਤੱਕ ਲਿਖੇ ਹੋਏ ਸਨ । ਡਾ: ਜਸਵਿੰਦਰ ਸਿੰਘ ਦੀ ਉਚੇਚੀ ਮੰਗ ਹੋਣ ਕਾਰਨ ਸਾਰੇ ਸ਼ਬਦਾਂ ਦੇ ਅਰਥ ਵੀ ਨਾਲ ਲਿਖੇ ਸਨ । ਰਾਏ ਲੈਣ ਵਾਸਤੇ ਪੁਸਤਕ ਦਾ ਖਰੜਾ ਕਈ ਵਿਦਵਾਨਾ ਨੂੰ ਪੜ੍ਹਾਇਆ । ਡਾਕਟਰ ਗੁਰਬਖ਼ਸ਼ ਸਿੰਘ ਜੀ ਗਿੱਲ U.S.A ਨੇ ਆਪਣਾ ਕੀਮਤੀ ਸਮਾ ਕੱਢ ਕੇ ਖਰੜੇ ਨੂੰ ਪੜ੍ਹਿਆ ਅਤੇ ਬਹੁਮੁਲੀਆਂ ਹੋਰ ਕਈ ਹਦਾਇਤਾਂ ਦੇਣ ਦੇ ਨਾਲ ਇਹ ਵੀ ਕਿਹਾ ਕਿ ਗੁਰਬਾਣੀ ਦੇ ਸ਼ਬਦ, ਏਨੇ ਜ਼ਿਆਦਾ ਲਿਖਣੇ ਲਾਹੇਵੰਦ ਨਹੀਂ ਰਹਿਣੇ । ਉਨ੍ਹਾਂ ਦਾ ਵਿਚਾਰ ਸੀ ਕਿ ਸ਼ਬਦ ਪੜ੍ਹਨ ਵਿਚ ਲੋਕ ਬਹੁਤਾ ਸਮਾਂ ਖ਼ਰਚ ਕਰਨਾ ਪਸੰਦ ਨਹੀਂ ਕਰਨਗੇ ਅਤੇ ਹੋ ਸਕਦਾ ਹੈ ਅੱਕ ਕੇ ਪੁਸਤਕ ਸਾਰੀ ਪੜ੍ਹੇ ਬਿਨਾਂ ਹੀ ਰੱਖ ਦਿਆ ਕਰਨ । ਸੋ ਹੋਰ ਵੀ ਕਈ ਵਿਦਵਾਨਾ ਨਾਲ ਸਲਾਹ ਹੋਈ, ਬਹੁਤਿਆਂ ਦੀ ਸਲਾਹ ਇਹ ਵੀ ਸੀ ਕਿ ਬਿੱਪ੍ਰਨ ਕੀ ਰੀਤ ਦੀ ਖੰਡਣਾ ਕਰਨ ਵਾਲੇ ਏਨੇ ਜ਼ਿਆਦਾ ਸ਼ਬਦ ਲਿਖਣ ਦੀ ਜਿਹੜੀ ਅਪਾਰ ਖੇਚਲ ਸਤਿਗੁਰਾਂ ਨੇ ਕੀਤੀ ਹੈ ਉਸ ਦਾ ਗਿਆਨ ਲੋਕਾਂ ਨੂੰ ਵੀ ਹੋਣਾ ਚਾਹੀਦਾ ਹੈ । ਕੁਝ ਵਿਦਵਾਨ, ਗਿਲ ਸਾਹਿਬ ਦੇ ਵਿਚਾਰ ਨਾਲ ਵੀ ਸਹਿਮਤ ਸਨ । ਆਖ਼ਰ ਡਾ: ਦੇਵਿੰਦਰ ਸਿੰਘ ਸੇਖੋਂ ਦੀ ਰਾਏ ਤੇ ਇਹ ਫੈਸਲਾ ਹੋਇਆ ਕਿ ਹਰ ਵਿਸ਼ੇ ਦੇ ਪੰਜ ਤੋਂ ਦਸ ਸ਼ਬਦ ਅਰਥਾਂ ਸਮੇਤ ਲਿਖ ਕੇ ਬਾਕੀਆਂ ਦੀ ਸੂਚੀ ਨਾਲੋ ਨਾਲ ਦੇ ਦਿੱਤੀ ਜਾਇਆ ਕਰੇ ।

## ੮- <u>ਪੁਸਤਕ ਦਾ ਲਿਖਣ ਢੰਗ</u>

ਜਿਨ੍ਹਾਂ ਦਿਨਾਂ ਵਿਚ ਹਿੰਦੂ-ਧਰਮ ਦੇ ਗ੍ਰੰਥ ਲਿਖੇ ਗਏ ਸਨ ਉਦੋਂ ਵਿਦਿਆ ਦਾ ਮਾਲਕ ਕੇਵਲ ਬ੍ਰਾਹਮਣ ਹੀ ਸੀ । ਵੇਦਾਂ ਤੋਂ ਅਰੰਭ ਹੋ ਕੇ, ਉਪਨਿਸ਼ਦ, ਸਿਮਿਰਿਤੀਆਂ, ਸ਼ਾਸਤ੍ਰ, ਪੁਰਾਣ ਆਦਿ ਸਾਰੇ ਗ੍ਰੰਥ ਬ੍ਰਾਹਮਣ ਤੋਂ ਬਿਨਾਂ ਹੋਰ ਕੋਈ ਲਿਖਣ ਦਾ ਅਧਿਕਾਰੀ ਹੀ ਨਹੀਂ ਸੀ । ਇਸ ਲਈ ਹਿੰਦੂ ਧਰਮ ਦੇ ਗਰੰਥਾਂ ਵਿਚ ਲਿਖੀਆਂ **ਰੀਤਾਂ** ਜਾਂ **ਮਰਯਾਦਾਂ** ਸੱਭ **ਬਿੱਪ੍ਰਨ ਕੀ ਰੀਤ** ਹਨ । **ਸਾਡਾ ਵਾਸਤਾ ਸਿਰਫ਼ ਉਨ੍ਹਾਂ ਪ੍ਰੋਹਿਤ-ਵਾਦੀ ਰੀਤਾਂ ਨਾਲ ਹੈ, ਗੁਰੂ-ਬਾਣੀ ਵਿਚ ਜਿਨ੍ਹਾਂ ਦੀ ਖੰਡਣਾ ਕੀਤੀ ਹੈ ।**

ਕਿਸੇ ਵਿਸ਼ੇ ਨੂੰ ਵਿਚਾਰਨਾ ਅਰੰਭ ਕਰਨ ਤੋਂ ਪਹਿਲਾਂ ਬ੍ਰਾਹਮਣ ਵਿਦਵਾਨਾ ਦੇ ਲਿਖੇ ਗ੍ਰੰਥਾਂ ਵਿਚੋਂ ਮਿਥਿਹਾਸਕ ਕਥਾ ਕਾਹਾਣੀਆਂ ਅਥਵਾ ਉਸ ਵਿਸ਼ੇ ਨਾਲ ਸੰਬੰਧਤ ਲਿਖਤਾਂ ਦਾ ਹਵਾਲਾ ਦੇ ਕੇ ਇਹ ਸਮਝਾਉਣ ਦਾ ਯਤਨ ਕੀਤਾ ਹੈ ਕਿ ਉਸ ਰੀਤ ਦੇ ਚਾਲੂ ਕਰਨ ਦੇ ਪਿੱਛੇ ਬ੍ਰਾਹਮਣ ਦਾ ਆਪਣਾ ਖ਼ਾਸ ਮੰਤਵ ਕੀ ਸੀ । ਫਿਰ ਗੁਰਬਾਣੀ ਦੇ ਉਹ ਸ਼ਬਦ ਅਰਥਾਂ ਸਮੇਤ ਲਿਖੇ ਹਨ, ਜਿਨ੍ਹਾਂ ਵਿਚ ਉਸ ਰੀਤ ਦੀ ਭਰਪੂਰ ਖੰਡਣਾ ਕੀਤੀ ਹੋਈ ਹੈ । ਗੁਰਬਾਣੀ ਦੇ ਅਰਥ ਲਿਖਣ ਵਿਚ ਪ੍ਰਿੰ: ਸਾਹਿਬ ਸਿੰਘ ਜੀ ਦੇ ਸਟੀਕ ਦਾ ਪਰਮੁੱਖ ਭਾਗ ਹੈ । ਲੋੜ ਅਨੁਸਾਰ ਪਦ-ਅਰਥ ਵੀ ਲਿਖੇ ।

ਬਿੱਪਨ੍ਰ ਕੀ ਰੀਤ ਪੰਥ ਵਿਚ ਆਉਣ ਦੇ ਕਾਰਨਾ ਦੇ ਨਾਲ, ਉਨ੍ਹਾਂ ਸਾਧਨਾ ਨੂੰ ਵੀ ਸਮਝਣਾ ਸੀ, ਜਿਨ੍ਹਾਂ ਕਰਕੇ ਇਹ ਰੀਤ ਪੰਥ ਵਿੱਚ ਆ ਰਲੀ ਹੈ । ਉਹ ਕੌਣ ਹੱਨ ਜੋ ਅੰਦਰ ਖਾਤੇ ਅੱਜ ਵੀ ਗੁਰੂ ਦੇ ਸਿੱਖ ਨੂੰ ਬਿੱਪ੍ਰ ਦਾ ਚੇਲਾ ਬਣਾਈ ਜਾ ਰਹੇ ਹਨ ? ਇਨ੍ਹਾਂ ਗੰਭੀਰ ਮਸਲਿਆਂ ਦੇ ਉਤੱਰ ਲੱਭਣ ਲਈ ਕੇਵਲ ਗੁਰਬਾਣੀ ਦੇ ਪਾਵਨ ਸ਼ਬਦਾਂ ਨੂੰ ਜਾਂ ਸੁਲਝੇ ਹੋਏ ਅਤੇ ਭਰਮਾਂ ਤੋਂ ਰਹਿਤ ਵਿਦਵਾਨਾਂ ਦੀਆਂ ਲਿਖੀਆਂ ਪੁਸਤਕਾਂ ਅਥਵਾ, ਭਾਈ ਨੰਦ-ਲਾਲ (ਸਿੰਘ) ਜੀ ਅਤੇ ਭਾਈ ਗੁਰਦਾਸ ਜੀ ਦੀਆਂ ਲਿਖਤਾਂ ਨੂੰ ਅਧਾਰ ਮੰਨਿਆਂ ਹੈ ।

ਹਿੰਦੂ ਧਰਮ ਦੇ ਗ੍ਰੰਥਾਂ ਵਿਚਲੀਆਂ ਕਥਾ ਕਹਾਣੀਆਂ ਨੂੰ ਲਿਖਣ ਦਾ ਮੰਤਵ ਇਹ ਨਹੀਂ ਕਿ ਉਨ੍ਹਾਂ ਦਾ ਪ੍ਰਾਕ੍ਰਿਤਕ ਨੇਮਾਂ ਦੇ ਵਿਪ੍ਰੀਤ ਹੋਣਾਂ ਦਰਸਾ ਕੇ ਕਿਸੇ, ਹਿੰਦੂ ਅਥਵਾ ਬ੍ਰਾਹਮਣ ਵੀਰ ਦੇ ਦਿਲ ਨੂੰ ਦੁਖੀ ਕੀਤਾ ਜਾਵੇ । ਉਨ੍ਹਾਂ ਗਾਥਾਵਾਂ ਦੇ ਲਿਖਾਰੀ ਦੀ ਸੁਆਰਥ ਸਿੱਧੀ ਵਾਲੀ ਯੋਜਨਾਂ ਨੂੰ ਸਮਝ ਕੇ, ਬਿੱਪ੍ਰ ਰੀਤੀ ਤੋਂ ਗੁਰਸਿੱਖ ਨੂੰ ਸੁਚੇਤ ਕਰਨ ਦਾ ਸੁਹਿਰਦਕ ਯਤਨ ਹੈ । ਪੁਰਾਣਕ ਗਾਥਾਵਾਂ ਵਾਲੇ ਦੇਵੀ ਦੇਵਤਿਆਂ ਦੀ ਅਸਲੀਅਤ ਜਾਨਣ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਾਂ ਦੀ ਠੀਕ ਤਰ੍ਹਾਂ ਸਮਝ ਆਉਂਦੀ ਹੈ । **ਕਿਸੇ ਬ੍ਰਾਹਮਣ ਦੇ ਗੱਲ ਨਹੀਂ ਹੈ, ਬ੍ਰਾਹਮਣ ਦੀ ਰੀਤ ਤੋਂ ਬਚਨ ਦਾ ਉਪਰਾਲਾ ਹੈ ।**

ਪੁਸਤਕ ਦੇ ਤੀਜੇ ਕਾਂਡ ਦੇ ਪ੍ਰਕਰਣ ੪ " **ਦੇਵੀ ਦੇਵਤਿਆਂ ਦੀ ਅਪਾਰ ਕਿਰਪਾ ਅਤੇ**--ਪ੍ਰਕਰਣ ੭--**ਦੇਵੀ ਦੇਵਤੇ ਅਤੇ ਮਾਸ ਸ਼ਰਾਬ**--ਵਿਚ ਦੇਵੀ ਦੇਵਤਿਆਂ ਦੀਆਂ ਆਚਰਨ ਹੀਣਤਾ ਵਾਲੀਆਂ ਅਸ਼ਲੀਲ ਹਰਕਤਾਂ ਲਿਖਣ ਦਾ ਸਾਧਨ ਬ੍ਰਾਹਮਣ ਦੇ ਆਪਣੇ ਲਿਖੇ ਧਰਮ ਗ੍ਰੰਥ ਹੀ ਹਨ । ਅਜੇਹਾ ਕੁਝ ਇਸ ਪੁਸਤਕ ਵਿਚ ਲੈ ਆਉਣ ਦੀ ਲੋੜ ਪੈਣ ਦਾ ਕਾਰਣ ਵੀ ਗੁਰਮਤ ਸਿਧਾਂਤ ਨੂੰ ਹੀ ਸਪੱਸ਼ਟ ਕਰਨ ਦਾ ਹੈ । ਦੁਨੀਆਂ ਵਿਚ ਅਜੇਹਾ ਮਨੁੱਖ ਕੋਈ ਨਹੀਂ ਹੈ ਜਿਹੜਾ ਆਪਣੇ ਇਸ਼ਟ ਦੀ ਪੂਜਾ ਵੀ ਕਰਦਾ ਹੋਵੇ ਅਤੇ ਉਸ ਨੂੰ ਗਿਰੇ ਹੋਏ ਆਚਰਨ ਵਾਲਾ ਵੀ ਆਪ ਹੀ ਸਿੱਧ ਕਰਦਾ ਹੋਵੇ । ਅਜੇਹੀ ਨੀਂਵੀ ਹਰਕਤ ਉਹੀ ਕਰ ਸਕਦਾ ਹੈ ਜਿਸ ਨੇ ਆਪ ਹੀ ਅਜੇਹੇ ਇਸ਼ਟ ਦੀ ਹੋਂਦ ਦਾ ਪਖੰਡ ਰਚਾ ਕੇ ਲੋਕਾਂ ਨੂੰ ਉਲੂ ਬਣਾਇਆ ਹੋਵੇ । ਸਾਡਾ ਮੰਤਵ ਗੁਰੂ ਦੇ ਸਿੱਖ ਨੂੰ ਸੁਚੇਤ ਕਰਨ ਦਾ ਅਤੇ ਗੁਰੂ ਸ਼ਬਦਾਂ ਦੀ ਅਸਲ ਰਮਜ਼ ਨੂੰ ਸਮਝਾਉਣ ਦਾ ਹੈ ।

ਪਿਛੇ ਜਿਹੇ ਰਾਮਾਇਣ ਦੀ ਵੀਡੀਉ ਫ਼ਿਲਮ T.V ਤੇ ਵਿਖਾਈ ਤਾਂ, ਵੇਖਣ ਵਾਸਤੇ ਬੇਅੰਤ ਸਿਖ ਆਪਣੇ ਕੰਮ ਕਾਜ ਭੁਲਾ ਦੇਂਦੇ ਸਨ ਅਤੇ ਰਾਮਾਇਣ ਗਾਥਾ ਵਾਲੇ ਰਾਮਚੰਦ੍ਰ ਜੀ ਪ੍ਰਤੀ ਸ਼ਰਧਾ ਬਣਾ ਲੈਣ ਦੀ ਭੁੱਲ ਕਰੀ ਜਾ ਰਹੇ ਸਨ । ਸੋ **ਅਵਤਾਰ ਪ੍ਰਥਾ** ਪ੍ਰਕਰਣ (ਚੌਥੇ ਕਾਂਡ ਦਾ ਪਹਿਲਾ) ਵਿਚ ਇਹ ਸਿੱਧ ਕੀਤਾ ਹੈ ਕਿ ਬ੍ਰਾਹਮਣ ਨੇ ਜਿਹੜੀ ਮਰਯਾਦਾ ਕੇਵਲ ਠੱਗ ਨੀਤੀ ਨਾਲ ਬਣਾਈ ਹੋਈ ਸੀ ਉਸ ਕਰਮ-ਕਾਂਡੀ ਫੋਕਟ ਮਰਯਾਦਾ ਤੇ ਰੱਬੀ ਦਫ਼ਤਰ ਦੀ ਮੋਹਰ ਲੁਆ ਕੇ ਉਸ ਨੂੰ ਪੱਕੇ ਤੌਰ ਤੇ ਧਰਮ ਦਾ ਅੰਗ ਬਣਾ ਲੈਣ ਲਈ ਫ਼ਰਜ਼ੀ ਰਾਮ-ਰੱਬ ਪੈਦਾ ਕੀਤਾ ਸੀ । ਦਾਸ ਨੂੰ ਪੂਰਨ ਵਿਸ਼ਵਾਸ਼ ਹੈ ਰਾਮ ਚੰਦ੍ਰ ਜੀ ਦੀ ਗਾਥਾ ਨੂੰ ਬ੍ਰਾਹਮਣੀ ਦਿਮਾਗ਼ ਦੀ ਉਪਜ ਸਾਬਤ ਕਰਨ ਵਿਚ, ਦਾਸ ਨੇ ਬ੍ਰਾਹਮਣੀ ਲਿਖਤਾਂ ਦੇ ਅਸਲ ਭੇਤ ਨੂੰ ਸਮਝਣ ਵਿਚ ਕੋਈ ਉਕਾਈ ਨਹੀਂ ਖਾਧੀ ।

ਚੌਥੇ ਕਾਂਡ ਦਾ " **ਕ੍ਰਿਸ਼ਨ ਅਵਤਾਰ** " ਪ੍ਰਕਰਣ ੯ ਲਿਖਣ ਸਮੇ ਗਿਆਨੀ ਈਸ਼ਰ ਸਿੰਘ ਦੀ ਲਿਖੀ ਪੁਸਤਕ--**ਕ੍ਰਿਸ਼ਨ ਭਗਵਾਨ ਤੇ ਕਲਗ਼ੀਧਰ**--ਵਿਚਾਰ ਅਧੀਨ ਲਿਆਂਦੀ ਗਈ ਹੈ । ਇਸ ਪੁਸਤਕ ਵਿਚ ਲੇਖਕ ਨੇ ਆਪਣੀ ਮਰਜ਼ੀ ਨਾਲ ਚੁਣੇ ਹੋਏ ਗੁਰਬਾਣੀ-ਸ਼ਬਦਾਂ ਦੇ ਗ਼ਲਤ ਅਰਥ ਕਰਕੇ ਕਈ ਹੋਰ ਭੁਲੇਖੇ ਪਾਉਣ ਦੇ ਯਤਨ ਨਾਲੋਂ ਹੋਰ ਵੀ ਵੱਧ ਦੁਖਦਾਈ ਗੱਲ ਇਹ ਲਿਖੀ ਹੈ ਕਿ, **ਜਿਹੜੇ ਸਿੱਖ ਕ੍ਰਿਸ਼ਨ ਨੂੰ ਸਾਖਸ਼ਾਤ ਵਾਹਿਗੁਰੂ ਨਹੀਂ ਮੰਨਦੇ, ਉਹ ਗੁਰੂ ਗ੍ਰੰਥ ਸਾਹਿਬ ਜੀ ਦੇ ਸਿੱਖ ਨਹੀਂ ਸਮਝੇ ਜਾ ਸਕਦੇ ।** ਦਸਮ ਗ੍ਰੰਥ ਵਿਚੋਂ ਕੁਝ ਲਿਖਤਾਂ ਚੁਣ ਕੇ ਕਲਗ਼ੀਧਰ ਜੀ ਨੂੰ ਕ੍ਰਿਸ਼ਨ ਜੀ ਦਾ ਭਗਤ ਅਥਵਾ ਕ੍ਰਿਸ਼ਨ ਦਾ ਅਵਤਾਰ ਸਿੱਧ ਕੀਤਾ ਹੈ । ਮਾਤਾ ਸਾਹਿਬ ਦੇਵਾਂ ਵਾਲੀ ਸ਼ਾਦੀ ਨੂੰ ਕ੍ਰਿਸ਼ਨ ਦੀਆਂ ੧੬੦੦੦ ਸ਼ਾਦੀਆਂ ਜਿਹਾ ਹੀ ਲਿਖਿਆ ਹੈ । ਇਹ ਵੀ ਲਿਖਿਆ ਹੈ ਕਿ ਜਿਵੇਂ ਮਾਤਾ ਸਾਹਿਬ ਦੇਵਾਂ ਜੀ ਨਾਲ ਦਸ਼ਮੇਸ਼ ਜੀ ਦਾ ਸਿਰਫ਼ ਆਤਮਕ ਸੰਬੰਧ ਹੋਣ ਕਰਕੇ ਉਨ੍ਹਾਂ ਤੋ ਕੋਈ ਔਲਾਦ ਪੈਦਾ ਨਹੀਂ ਸੀ ਹੋਈ, ਏਸੇ ਤਰ੍ਹਾਂ ਕ੍ਰਿਸ਼ਨ ਜੀ ਦਾ ਵੀ ਸਾਰੀਆਂ ਇਸਤ੍ਰੀਆਂ ਨਾਲ ਆਤਮਕ ਪਿਆਰ ਹੋਣ ਕਰਕੇ ਕੋਈ ਬੱਚਾ ਨਹੀਂ ਸੀ ਹੋਇਆ । ਹਾਲਾਂ ਕਿ **ਸ਼੍ਰੀ-ਮਦ-ਭਾਗਵਤ ਪੁਰਾਣ** ਵਿਚ ਲਿਖੇ ਅਨੁਸਾਰ ਕ੍ਰਿਸ਼ਨ ਜੀ ਦੀਆਂ ਸਿਰਫ਼ ੧੬੦੦੦ ਇਸਤ੍ਰੀਆਂ ਹੀ ਨਹੀਂ ਸਨ ਸਗੋਂ ੧੬੧੦੮ ਵਿਆਹੁਤਾ ਰਾਣੀਆਂ ਸਨ ਅਤੇ ਸਾਰੀਆਂ ਵਿਚੋਂ ੧੦/੧੦ ਕਾਕੇ ਅਤੇ ੧/੧ ਕੰਨਿਆਂ ਪੈਦਾ ਹੋਈ ਸੀ । ਏਡਾ ਪਰਵਾਰ ਨਿਰਾ ਆਤਮਕ ਸੰਬੰਧ ਨਾਲ ਨਹੀਂ ਸੀ ਬਣਿਆ । ਅਰਜਨ ਦੇ ਨਾਲ ਮਿਲ ਕੇ ਸ਼ਰਾਬ, ਭੰਗ, ਪੋਸਤ ਅਤੇ ਅਫ਼ੀਮ ਚਾਰ ਨਸ਼ੇ ਇਕੋ ਸਮੇ ਕਰਦੇ, ਰਾਮਜਣੀਆਂ ਭਾਵ ਵੇਸਵਾਂ ਦਾ ਨਾਚ ਵੇਖਦੇ ਅਤੇ ਉਨ੍ਹਾਂ ਨਾਲ ਖ਼ਰਮਸਤੀਆਂ ਕਰਦੇ, ਕਈ ਕਿਸਮਾਂ ਦਾ ਭੋਨਵਾਂ ਮਾਸ ਖਾਂਦੇ ਅਤੇ ਫਿਰ ਦੁੰਬੇ ਦੀ ਚੱਕੀ ਦੀ ਯਖਣੀ ਖਾਂਦੇ, ਪਰਾਈਆਂ ਇਸਤ੍ਰੀਆਂ ਦੇ ਸਤ ਭੰਗ ਕਰਦੇ, ਕੰਵਾਰੀ ਰਾਧਾ ਨਾਲ ਅਯੋਗ ਸੰਬੰਧਾਂ ਵਾਲੇ, ਅਤੇ ਹੋਰ ਕਈ ਅਸ਼ਲੀਲ ਹਰਕਤਾਂ ਕਰਦੇ ਹੋਏ ਕ੍ਰਿਸ਼ਨ ਜੀ ਨੂੰ ਬ੍ਰਾਹਮਣ ਨੇ ਆਪ ਦਰਸਾਇਆ ਹੈ । ਦਾਸ ਨੇ ਤਾਂ ਸਿਰਫ਼ ਬ੍ਰਾਹਮਣ ਦਾ ਲਿਖਿਆ ਹੀ ਵਿਚਾਰਿਆ ਹੈ ।

ਜੋ ਕੁਝ ਵੀ ਦਾਸ ਨੇ ਲਿਖਿਆ ਹੈ ਉਹ ਪਹਿਲਾਂ ਤੋਂ ਬ੍ਰਾਹਮਣ ਨੇ ਆਪ ਹੀ ਆਪਣੇ ਗ੍ਰੰਥਾਂ ਵਿਚ ਲਿਖਿਆ ਹੋਇਆ ਹੈ । ਸੋ ਦਾਸ ਨੇ ਕਿਸੇ ਵੀ ਮਿਥਿਆਕਾਰ ਨੂੰ ਕੋਲੋਂ ਘੜ ਕੇ ਕਿਸੇ ਨੂੰ ਜਾਣ ਬੁੱਝ ਦੁਖੀ ਕਰਨ ਵਾਲੀ ਭੁੱਲ ਨਹੀਂ ਕੀਤੀ । ਇਹ ਕੁੱਝ ਵੀ ਸਿਰਫ਼ ਗੁਰੂ ਕੇ ਸਿੱਖ ਨੂੰ ਅਸਲੀਅਤ ਦਾ ਗਿਆਨ ਕਰਾ ਕੇ ਉਸ ਦੇ ਅੰਦਰੋਂ ਭੁਲੇਖੇ ਕੱਢ ਕੇ ਆਪਣੇ ਗੁਰੂ ਨਾਲ ਜੋੜੀ ਰੱਖਣ ਦਾ ਯਤਨ ਹੈ । ਇਨ੍ਹਾਂ ਕਥਿਤ ਅਵਤਾਰੀ ਦੀ ਹਸਤੀ ਨੂੰ ਕਲਪਣਾ ਦੀ ਉਪਜ ਸਾਬਤ ਕਰਨ ਲਈ ਦਾਸ ਨੇ ਆਪਣੇ ਕੋਲੋ ਇੱਕ ਅੱਖਰ ਵੀ ਨਹੀਂ ਲਿਖਿਆ । ਬ੍ਰਾਹਮਣਾਂ ਦੇ ਆਪਣੇ ਲਿਖੇ ਗ੍ਰੰਥਾਂ ਦੇ ਹਵਾਲੇ ਪੂਰੇ ਵੇਰਵੇ ਨਾਲ ਦਿੱਤੇ ਹਨ । ਕਿਸੇ ਬ੍ਰਾਹਮਣ ਦੀ ਵਿਰੋਧਤਾ ਦਾ ਮੰਤਵ ਨਹੀਂ ਹੈ । ਕਈ ਵਿਦਵਾਨ ਬ੍ਰਾਹਮਣ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸਸ਼ੋਭਤ ਹੋਣ ਕਾਰਨ ਸਿੱਖ ਲਈ ਪੂਜਨੀਕ ਹੈ ਅਥਵਾ ਗੁਰੂ ਦਾ ਹੀ ਦਰਜਾ ਰੱਖਦੀ ਹੈ । **ਵਿਰੋਧਤਾ ਸਿਰਫ਼ ਬ੍ਰਾਹਮਣ ਦੀ ਉਸ ਰੀਤ ਨਾਲ ਹੈ ਜਿਸ ਦੀ ਖੰਡਣਾ ਗੁਰਬਾਣੀ ਨੇ ਕੀਤੀ ਹੈ ।**

ਪੁਸਤਕ ਦੇ ਇਸ ਪਹਿਲੇ ਭਾਗ ਵਿਚ ੧੦੭ ਦੇ ਕਰੀਬ ਵਿਸ਼ੇ ਵਿਚਾਰੇ ਹਨ । ਬਾਕੀ ਲਗ-ਪਗ ੨੦੦ ਵਿਸ਼ੇ, ਪੁਸਤਕ ਦੇ ਦੂਜੇ ਅਤੇ ਤੀਜੇ ਭਾਗ ਵਿਚ ਵਿਚਾਰੇ ਜਾ ਰਹੇ ਹਨ । ਗੁਰਬਾਣੀ ਸ਼ਬਦਾਂ ਦੇ ਪਦ ਅਰਥ ਜਾਂ ਕੁਝ ਪੁਰਾਣਕ ਕਹਾਣੀਆਂ ਬਰੀਕ ਅੱਖਰਾਂ ਵਿਚ ਲਿਖਣ ਦਾ ਮੰਤਵ ਇਹ ਹੈ ਕਿ ਜੇ ਕਿਸੇ ਨੇ ਕੋਈ ਸ਼ੰਕਾ ਕੱਢਣਾ ਹੈ ਤਾਂ ਖੇਚਲ ਕਰਕੇ ਪੜ੍ਹ ਲਵੇ । ਕਿਉਂਕਿ ਇਸ ਪੁਸਤਕ ਦੇ ਲਿਖਣ ਦਾ ਮੰਤਵ ਜਿਥੇ ਬਿੱਪ੍ਰਨ ਕੀ ਰੀਤ ਨੂੰ ਸਮਝਣਾ ਹੈ ਉਥੇ ਵਿਸ਼ੇਸ਼ ਯਤਨ ਗੁਰਮਤ ਸਿਧਾਂਤ ਦੇ ਸਾਰੇ ਪੱਖਾਂ ਨੂੰ ਸਪੱਸ਼ਟ ਕਰਨ ਦਾ ਵੀ ਹੈ । ਏਸੇ ਕਰਕੇ (ਵਿਸ਼ੇ ਵਿਚਲੀ ਹੋਰ ਲੋੜ ਤੋਂ ਬਿਨਾਂ ਵੀ) ਵੱਧ ਤੋਂ ਵੱਧ ਗੁਰੂ-ਸ਼ਬਦਾਂ ਦੇ ਠੀਕ ਭਾਵ ਨੂੰ ਸਮਝਾਉਂਣ ਦਾ ਪੂਰਾ ਯਤਨ ਕੀਤਾ ਹੈ, ਅਤੇ ਪੁਸਤਕ ਦਾ ਅਕਾਰ ਵਧ ਜਾਣ ਦੀ ਚਿੰਤਾ ਨਹੀਂ ਕੀਤੀ । ਬਿੱਪ੍ਰਨ ਕੀ ਰੀਤ ਨਾਲ ਸਬੰਧਤ ਗੁਰਬਾਣੀ ਸ਼ਬਦਾਂ ਤੋਂ ਛੁੱਟ ਗੁਰਮਤਿ ਦੇ ਹੋਰ ਸਿਧਾਂਤ ਵੀ ਗੁਰੂ ਸ਼ਬਦਾਂ ਦੁਆਰਾ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ । ਪਾਠਕਾਂ ਦੀ ਰੁਚੀ ਵੇਖ ਕੇ ਪੁਸਤਕ ਦੇ ਅਗਲੇ ਹਿਸਿਆਂ ਵਿਚ ਵੀ ਹਿੰਦੂ ਮਿਥਿਹਾਸ ਦੀਆਂ ਸਬੰਧਤ ਅਦੁਭੁਤ ਕਥਾ ਕਹਣੀ ਲਿਖੀਆਂ ਜਾਣਗੀਆਂ ।

ਜਿਨ੍ਹਾਂ ਬਿੱਪ੍ਰੀ ਰੀਤਾਂ ਦਾ ਖੰਡਣ ਗੁਰਬਾਣੀ ਵਿਚ ਹੈ ਉਨ੍ਹਾਂ ਸਾਰੀਆਂ ਨੂੰ ਵਿਚਾਰ ਲੈਣ ਦਾ ਯਤਨ ਹੈ । ਨਾਲ ਹੀ ਉਹ ਸਾਰੀਆਂ ਚਿੱਠੀਆਂ ਵੀ ਪੁਸਤਕ ਦਾ ਹਿੱਸਾ ਬਣਾਈਆਂ ਜਾ ਰਹੀਆਂ ਹਨ, ਜਿਹੜੀਆਂ ਪੰਥ ਦੀਆਂ ਮਹਾਨ ਹਸਤੀਆਂ ਨੂੰ ਲਿਖੀਆਂ ਸਨ । ਭਾਂਵੇਂ ਕਈ ਵਿਦਵਾਨਾਂ ਨੇ ਵਰਜਿਆ ਵੀ ਸੀ ਪਰ ਗੁਰਬਾਣੀ ਦੇ ਵੱਧ ਤੋਂ ਵੱਧ ਸਿਧਾਂਤ ਵਿਚਾਰ ਲੈਣ ਦਾ ਪੱਕਾ ਇਰਾਦਾ ਹੈ । ਅੱਗੇ ਜੋ ਗੁਰੂ ਨਾਨਕ ਜੀ ਨੂੰ ਭਾਵੇ । ਕਲਮ ਵੀ ਉਸ ਦੀ ਹੈ ਮੱਤ ਵੀ ਉਸ ਦੀ ਹੀ ਹੈ । ਦਾਸ ਤਾਂ ਨਿਮਾਣਾ ਟਹਿਲੂਆ ਹੈ । ਦੰਪਤੀ ਦੀ ੯ ਸਾਲ ਅਤੇ ਪੰਜ ਮਹੀਨੇ ਦੀ ਮਿਹਨਤ ਸਫ਼ਲ ਹੋਈ ਹੈ । ਜੋ ਅੱਜ ਪੁਸਤਕ ਦਾ ਪਹਿਲਾ ਭਾਗ ਸੰਪੂਰਨ ਹੋਇਆ ਹੈ ।

## ੯- ਧੰਨਵਾਦ

ਗੁਰਬਾਣੀ ਸ਼ਬਦ-ਰਤਨਾਂ ਭਰਪੂਰ, ਮਹਾਨ ਸਾਗਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਸ਼ਬਦਾਂ ਨੂੰ ਢੂੰਡਣ ਅਤੇ ਲਿਖਣ ਦੀ ਸੇਵਾ ਨਿਭਾਉਣ ਦਾ ਸੁਭਾਗ ਮਿਲਣਾਂ, ਗੁਰਦੇਵ ਜੀ ਦੀ ਅਪਾਰ ਮਿਹਰ ਦਾ ਫਲ ਹੈ । ਸੋ ਸਭ ਤੋ ਪਹਿਲਾਂ ਆਪਣੇ ਸਤਿਗੁਰਾਂ ਦਾ ਕੋਟਾਨ ਕੋਟ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਇਸ ਨਿਮਾਣੇ ਕੀਟ ਦੇ ਸਿਰ ਤੇ ਮਿਹਰਾਂ ਭਰਿਆ ਹੱਥ ਰਖ ਕੇ ਇਹ ਸੇਵਾ ਲੈ ਰਹੇ ਹਨ ।

ਗੁਰਬਾਣੀ ਦੇ ਅਰਥ ਲਿਖਣ ਵਿਚ ਸਿੱਖ ਮਿਸ਼ਨਰੀ ਕਾਲਜ ਦੇ ਹੋਰ ਵਿਦਵਾਨਾਂ ਦੇ ਨਾਲ ਪ੍ਰਿੰਸੀਪਲ ਸਾਹਿਬ ਸਿੰਘ ਜੀ ਦੇ ਲਿਖੇ ਸਟੀਕਾਂ ਨੂੰ ਪਰਮੁਖ ਸਥਾਨ ਦਿੱਤਾ ਹੈ । ਇਨ੍ਹਾਂ ਦਾ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਦੀ ਵਿਦਵਤਾ ਦਾ ਸਦਕਾ ਗੁਰਬਾਣੀ ਸਿਧਾਂਤ ਲਿਖ ਸਕਿਆ ਹਾਂ । ਦਸਮ ਗ੍ਰੰਥ ਵਿਚਲੀਆਂ ਲਿਖਤਾਂ ਦੇ ਅਰਥ ਉਹੀ ਹਨ ਜੋ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਕੀਤੇ ਹੋਏ ਹਨ । ਭਾਈ ਬੰਤਾ ਸਿੰਘ ਜੀ ਵਿਕਟੋਰੀਆ ਦਾ ਦਿਲੋਂ ਧੰਨਾਵਾਦੀ ਹਾਂ ਜਿਸ ਦੀ ਮਿਹਨਤ ਨਾਲ ਪੁਸਤਕਾਂ ਦਾ ਭੰਡਾਰ ਮਿਲ ਸਕਿਆ । ਅਤੇ ਹੋਰ ਵੀ ਬੇਅੰਤ ਸੇਵਾ ਕੀਤੀ ਹੈ ।

ਉਪੱਰ ਪੈਰਾ ੩ ਵਿਚ ਵਰਣਨ ਵਿਦਵਾਨਾਂ ਦਾ ਰਿਣੀ ਹਾਂ ਜਿਨ੍ਹਾਂ ਦੀਆਂ ਵਿਦਵਤਾ ਭਰਪੂਰ ਅਤੇ ਰਸ-ਦਾਇਕ ਮਿਠੀ ਸ਼ਬਦਾਵਲੀ ਨਾਲ ਗੁੰਦੀਆਂ ਪੁਸਤਕਾਂ ਵਿਚੋਂ ਸੇਧ ਅਤੇ ਸ਼ਬਦ ਲੈ ਸਕਿਆ ਹਾਂ । ਗੁਰਬਾਣੀ ਦੇ ਸ਼ਬਦ ਲਿਖਦਿਆਂ ਦਾਸ ਕੋਲੋਂ ਅਖਰਾਂ ਵਿਚ ਕਈ ਗ਼ਲਤੀਆਂ ਹੋ ਜਾਂਦੀਆਂ ਸਨ, ਸਰਲ ਸੁਭਾਵ, ਅਤੇ ਨਿਸ਼ਕਪਟ ਹਿਰਦੇ ਵਾਲੀ ਦਾਸ ਦੀ ਸਿੰਘਣੀ ਪ੍ਰਕਾਸ਼ ਕੌਰ ਜੀ ਵਲੋ ਪੋਥੀਆਂ ਦੀ ਛਪਾਈ ਅਨੁਸਾਰ ਗੁਰਬਾਣੀ ਦੇ ਉਨ੍ਹਾਂ ਸ਼ਬਦਾਂ ਦੀ ਨਾਲੋ ਨਾਲ ਸੁਧਾਈ ਕਰਦੇ ਰਹਿਣ ਵਾਲੀ ਸੇਵਾ, ਇਸ ਕਾਰਜ ਨੂੰ ਸਿਰੇ ਚਾੜ੍ਹਨ ਵਿਚ ਸ਼ਲਾਘਾ ਯੋਗ ਅਤੇ ਸਦਾ ਯਾਦ ਰਹਿਣ ਵਾਲੀ ਬਹੁਮੁੱਲੀ ਸਹਾਇਤਾ ਹੈ । ਗੁਰਦੇਵ ਜੀ ਇਨ੍ਹਾਂ ਨੂੰ ਸਿਹਤ ਅਤੇ ਆਪਣੇ ਚਰਨਾ ਦਾ ਪਿਆਰ ਅਤੇ ਸਿੱਖੀ ਜੀਵਨ ਵਿਚ ਪ੍ਰਪੱਕਤਾ ਬਖਸ਼ਣ । ਪੁਸਤਕ ਲਿਖਣੀ ਅਰੰਭ ਕਰਨ ਦਾ ਉਤਸ਼ਾਹ ਦੇ ਕੇ ਲਗਾਤਾਰ ਸਹਾਇਤਾ ਕਰੀ ਰੱਖਣ ਵਾਲੀ ਵਡਮੁੱਲੀ ਸੇਵਾ ਕਰਦੇ ਰਹਿਣ ਵਾਲੇ ਡ: ਜਸਵਿੰਦਰ ਸਿੰਘ ਅਤੇ ਭਾ: ਬੰਤਾ ਸਿੰਘ ਦਾ ਇੱਕ ਵਾਰੀ ਫਿਰ ਧਨਵਾਦ ਕਰਦਾ ਹਾਂ । ਦਿਲੋਂ ਅਰਦਾਸ ਹੈ ਕਿ ਸਤਿਗੁਰ ਇਨ੍ਹਾਂ ਦੀ ਸੇਵਾ ਨੂੰ ਪਰਵਾਨ ਕਰਨ ਅਤੇ ਚੜ੍ਹਦੀ ਕਲਾ ਵਾਲਾ ਜੀਵਨ ਬਖ਼ਸ਼ਣ ।

**ਗੁਰੂ ਦੀਆਂ ਸੰਗਤਾਂ ਦੀ ਸੇਵਾ ਵਿਚ ਸਨਿਮਰ ਬੇਨਤੀ**

ਪਿਉ ਦਾਦੇ ਦੇ ਅਨਮੋਲ ਰਤਨਾ ਭਰਪੂਰ ਖ਼ਜਾਨੇ ਨੂੰ ਖੋਹਲ ਸਕਣ ਦਾ ਜੋ ਸੁਭਾਗ ਸਤਿਗੁਰਾਂ ਨੇ ਬਖ਼ਸ਼ਿਆ ਹੈ, ਉਸ ਨੂੰ ਰਲ ਮਿਲ ਕੇ ਖਾਣ ਖ਼ਰਚਨ ਦੇ ਸੱਦੇ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ । ਆਉ ਵੇਖੋ ਅਸੀਂ **(ਗੁਰੂ ਨਾਨਕ ਨਾਮ ਲੇਵਾ)** ਵਾਸਤਵ ਵਿਚ ਕਿਡੇ ਧਨਵੰਤ ਹਾਂ:-

**ਹਮ ਧਨਵੰਤ ਭਾਗਠ ਸਚ ਨਾਇ ॥ ਹਰਿ ਗੁਣ ਗਾਵਹ ਸਹਿਜ ਸੁਭਾਇ ॥ ੧ ॥ ਰਹਾਉ ॥**
**ਪੀਊ ਦਾਦੇ ਕਾ ਖੋਲਿ ਡਿਠਾ ਖ਼ਜਾਨਾ ॥ ਤਾ ਮੇਰੈ ਮਨਿ ਭਇਆ ਨਿਧਾਨਾ ॥ ੧ ॥**
**ਰਤਨ ਲਾਲ ਜਾ ਕਾ ਕਛੂ ਨ ਮੋਲੁ ॥ ਭਰੇ ਭੰਡਾਰ ਅਖੂਟ ਅਤੋਲ ॥ ੨ ॥**
**ਖਾਵਹਿ ਖਰਚਹਿ ਰਲਿ ਮਿਲਿ ਭਾਈ ॥ ਤੋਟਿ ਨ ਆਵੈ ਵਧਦੋ ਜਾਈ ॥ ੩ ॥**
**ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ ॥ ਸੁ ਏਤੁ ਖਜਾਨੈ ਲਇਆ ਰਲਾਇ ॥ ੪ ॥**[੧੮੫]-੩੧-੧੦੦

ਆਉ ਆਪਣੇ ਸਤਿਗੁਰਾਂ ਦੇ ਇਸ ਖ਼ਜਾਨੇ ਨੂੰ ਵਰਤ ਕੇ ਨਿਆਰੇ ਗੁਰੂ ਦੀ ਸਿਖਿਆ ਤੇ ਚੱਲ ਕੇ ਨਿਆਰੇ ਬਣ ਕੇ ਤਖ਼ਤ ਤਾਜ ਦੇ ਅਧਿਕਾਰੀ ਬਣ ਜਾਈਏ ਕਿਉਂਕਿ--**ਤਖਤਿ ਰਾਜਾ ਸੋ ਬਹੈ ਜਿ ਰਖਤੈ ਲਾਇਕ ਹੋਈ ॥**[੧੦੮੮]-੬

**ਪਾਂਇ ਪਰਉ ਗੁਰ ਕੈ ਬਲਿਹਾਰੈ ਜਿਨਿ ਸਾਚੀ ਬੂਝ ਬੁਝਾਈ ॥**

ਪੁਸਤਕ ਗੁਰੂ ਪੰਥ ਦੇ ਸਮਰਪਨ ਕਰਦਾ ਹੋਇਆ, ਸਤਿਗੁਰੂ ਨਾਨਕ ਦੇਵ ਜੀ ਦਾ ਨਿਮਾਣਾ ਸੇਵਕ-
ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ
ਬਟਾਲਾ (ਪੰਜਾਬ) ਮਿਤੀ ੧੫-੧੧-੧੯੯੩

**ਹਮ ਅਪਰਾਧ ਪਾਪ ਬਹੁ ਕੀਨੈ ਕਰਿ ਦੁਸਟੀ ਚੋਰ ਚੁਰਾਇਆ ॥**
**ਅਬ ਨਾਨਕ ਸਰਣਾਗਤਿ ਆਏ ਹਰਿ ਰਾਖਹੁ ਲਾਜ ਹਰਿ ਭਾਇਆ ॥ ੪ ॥**[੧੭੨]੧੧-੨੫--੬੩

## ਦੂਜੀ ਐਡੀਸ਼ਨ ਬਾਰੇ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕੋਟਨ-ਕੋਟ ਧਨਵਾਦ ਹੈ ਜਿੰਨ੍ਹਾਂ ਦੀ ਮਿਹਰ ਦਾ ਸਦਕਾ ਅਜੇਹੀ ਪੁਸਤਕ ਲਿਖੀ ਜਾ ਸਕੀ ਜਿਸ ਦੀ ਪ੍ਰਸ਼ੰਸਾ ਲਗ-ਪਗ ਸਾਰੇ ਪਾਠਕਾਂ ਨੇ ਕੀਤੀ । ਕਈ ਪੱਤਰ ਆਏ ਅਤੇ ਕਈਆਂ ਸੁਹਿਰਦ ਵਿਦਵਾਨਾਂ ਨੇ ਟੈਲੀ ਫੋਨ ਤੇ ਪੁਸਤਕ ਦੇ ਲਾਹੇਵੰਦ ਹੋਣ ਬਾਰੇ ਬੜਾ ਕੁਝ ਕਹਿ ਕੇ ਦਾਸ ਦਾ ਹੌਸਲਾ ਵਧਾਇਆ । ਪੁਸਤਕ ਲਿਖਣ ਦਾ ਦਾਸ ਨੂੰ ਕੋਈ ਤਜਰਬਾ ਨਹੀਂ ਸੀ । ਦਾਸ ਨੂੰ ਇਸ ਗੱਲ ਦਾ ਬੜਾ ਭੈ ਸੀ ਕਿ ਜਿਹੜੀਆਂ ਪ੍ਰੋਹਿਤਵਾਦੀ ਰੀਤਾਂ, ਸਿੱਖ ਪੰਥ ਵਿਚ ਸਿੱਖੀ ਮਰਯਾਦਾ ਦਾ ਹਿੱਸਾ ਬਣ ਚੁਕੀਆਂ ਹਨ ਉਨ੍ਹਾਂ ਦੀ ਖੰਡਨਾਂ ਕਰਨ ਵਾਲੀ ਇਹ ਪੁਸਤਕ ਸ਼ਾਇਦ ਪਸੰਦ ਕੀਤੀ ਜਾਵੇ ਕਿ ਨਾ । ਕਿਸੇ ਥਾਉਂ ਵੀ ਕੋਈ ਵਿਰੋਧੀ ਭਾਵਨਾ ਵਾਲੀ ਹਵਾ ਤੱਕ ਨਹੀਂ । ਛੇਤੀ ਹੀ ਦੂਜੀ ਐਡੀਸ਼ਨ ਛਾਪੀ ਜਾਣ ਵਾਸਤੇ ਮੰਗਾਂ ਆਉਣ ਲੱਗ ਪਈਆਂ । ਭਰੋਸਾ ਬਣਿਆਂ ਕਿ ਸਿੱਖ ਜਗਤ ਵਿਚ ਅਜੇਹੇ ਪਰਵਾਰ ਬੇਅੰਤ ਹਨ ਜੋ ਬ੍ਰਾਹਮਣੀ ਰੀਤਾਂ ਨੂੰ ਪਸੰਦ ਨਹੀਂ ਕਰਦੇ । ਵਾਹਿਗੁਰੂ ਜੀ ਦੀ ਮਿਹਰ ਹੈ ਕਿ ਸਤਿਗੁਰਾਂ ਦਾ ਪੰਥ ਪੂਰੀ ਤਰ੍ਹਾਂ ਬ੍ਰਾਹਮਣ ਦੀ ਝੋਲੀ ਵਿਚ ਪੈ ਜਾਣ ਤੋਂ ਅਜੇ ਬਚਿਆ ਹੋਇਆ ਹੈ । ਮੋੜਾ ਪੈ ਜਾਣ ਦੀ ਆਸ ਨਾਲ ਦਿਲ ਗਦ ਗਦ ਹੋ ਗਿਆ । ਪੁਸਤਕ ਦੀ ਪ੍ਰਸ਼ੰਸਾ ਵਿਚ ਪੁੱਜੇ ਖ਼ਤਾਂ ਅਤੇ ਟਲੀਫ਼ੂਨਾਂ ਤੋਂ ਦਾਸ ਦਾ ਦਿਲ ਵਧਿਆ ਅਤੇ ਪੁਸਤਕ ਦੇ ਰਹਿੰਦੇ ਭਾਗ ਲਿਖਣ ਲਈ ਦੂਣਾ ਚੌਣਾ ਉਤਸ਼ਾਹ ਵਧਿਆ । ਵਾਹਿਗੁਰੂ ਜੀ ਆਪਣੇ ਇਸ ਪੰਥ ਦੇ ਸਿਰ ਤੇ ਆਪਣਾ ਮਿਹਰਾਂ ਭਰਿਆ ਹੱਥ ਰੱਖਣ ਅਤੇ ਇਸ ਦੂਲੇ ਪੰਥ ਨੂੰ ਮੁੜ ਉਸੇ ਸੂਝ ਬੂਝ ਵਾਲੀ ਨਿਆਰੀ ਗੁਰਮਤਿ ਜੀਵਨੀ ਨਾਲ ਅਤੇ ਉਸੇ ਨਿਆਰੀ ਆਚਰਨਕ ਸ਼ਕਤੀ ਨਾਲ ਜੋੜ ਦੇਣ, ਜਿਸ ਦਾ ਸਦਕਾ ਇਹ ਨਿਰਮਲ ਪੰਥ ਨਿਆਰੇ ਤੇਜ ਪ੍ਰਤਾਪ ਦਾ ਮਾਲਕ ਬਣਿਆਂ ਸੀ ।

ਬਹੁਤ ਸਾਰੇ ਸੱਜਣਾ ਨੇ ਪੁਸਤਕ ਦੇ ਅਕਾਰ ਤੇ ਇਤਰਾਜ਼ ਕਰ ਕੇ ਸੁਝਾ ਦਿੱਤਾ ਸੀ ਕਿ ਇਸ ਦੇ ਘੱਟੋ ਘੱਟ ਦੋ ਹਿੱਸੇ ਕਰ ਦਿੱਤੇ ਜਾਣ ਅਤੇ ਅਗਲੇ ਭਾਗ ਵੀ ਉਸੇ ਅਨੁਸਾਰ ਹੀ ਬਣਾਏ ਜਾਣ । ਪੁਸਤਕ ਦਾ ਮੁੱਖ-ਬੰਦ ਲਿਖਣ ਵਾਲੇ ਗੁਰਮੁਖ ਪਿਆਰੇ, (ਸੰਤ ਸਿਪਾਹੀ ਰਸਾਲੇ ਦੇ ਨਿਰਾਲੀ ਚਮਕ ਵਾਲੇ ਸਤਾਰੇ, ਗਿਆਨੀ ਭਗਤ ਸਿੰਘ ਜੀ, ਰਸਾਲੇ ਵਿਚੋਂ ਵਿਚਾਰ ਪੜ੍ਹ ਪੜ੍ਹ ਕੇ, ਬਿਨਾਂ ਵੇਖਿਉਂ ਹੀ ਜਿਨ੍ਹਾਂ ਪ੍ਰਤੀ ਹਿਰਦੇ ਵਿਚ ਅਥਾਹ ਸ਼ਰਧਾ ਅਤੇ ਸਤਿਕਾਰ ਬਣ ਚੁੱਕਾ ਸੀ) ਦੇ ਵਿਛੋੜੇ ਦਾ ਅਜੇਹਾ ਸੱਲ ਹੈ ਜੋ ਕਦੇ ਭੁੱਲਣ ਨਹੀਂ ਲੱਗਾ । ਉਨ੍ਹਾਂ ਨੇ ਵੀ ਪੁਸਤਕ ਦਾ ਅਕਾਰ ਛੋਟਾ ਕਰਨ ਲਈ ਫ਼ੁਰਮਾਨ ਕੀਤਾ ਸੀ ਅਤੇ ਨਾਲ ਹੀ ਉਨ੍ਹਾਂ ਨੇ ਕਿਹਾ ਸੀ ਕਿ ਕਈ ਵਿਸ਼ੇ ਅਜੇਹੇ ਹਨ ਜੋ ਇਕੋ ਥਾਂ ਹੋਣ ਦੀ ਥਾਂ ਇੱਕ ਤੋ ਵੱਧ ਥਾਵੀਂ ਆਏ ਹਨ । ਸੋ ਦਾਸ ਨੇ ਉਚੇਚਾ ਸਮਾ ਕੱਢ ਕੇ ਪਹਿਲੇ ਭਾਗ ਦੇ ਦੋ ਹਿੱਸੇ ਕਰ ਦਿੱਤੇ । ਵਿਸ਼ਿਆਂ ਦੀ ਤਰਤੀਬ ਵੀ ਬਦਲੀ ਹੈ ਅਤੇ ਲੋੜੀਂਦੇ ਘਾਟੇ ਵਾਧੇ ਵੀ ਕੀਤੇ ਹਨ । " ਦੇਵੀ ਦੇਵਤੇ ਤੇ ਗੁਰਮਤਿ " ਅਤੇ ' ਕ੍ਰਿਸ਼ਨ ਅਵਤਾਰ ' ਵਿਸ਼ਿਆਂ ਵਿਚਲੇ ਦਸਮ ਗੁਰੂ ਗ੍ਰੰਥ ਸਾਹਿਬ ਬਾਰੇ ਲਿਖੇ ਉਚੇਚੇ ਵਿਚਾਰਾਂ ਬਾਰੇ ਸੱਚ ਖੰਡ ਵਾਸੀ ਗੁਰਮੁਖ ਪਿਆਰੇ ਗਿਆਨੀ ਭਗਤ ਸਿੰਘ ਜੀ ਨੇ ਇਤਰਾਜ਼ ਲਿਖ ਭੇਜੇ ਸਨ । ਵਿਛੋੜਾ ਦੇ ਗਏ ਗਿਆਨੀ ਜੀ ਦੇ ਸੁਝਾ ਦਾ ਸਤਿਕਾਰ ਕਰਦਿਆਂ, ਉਨ੍ਹਾਂ ਦੋਹਾਂ ਲੇਖਾਂ (ਕ੍ਰਿਸ਼ਨ ਅਵਤਾਰ ਅਤੇ ਦੇਵੀ ਦੇਵਤੇ ਅਤੇ ਗੁਰਮਤਿ) ਵਿਚੋਂ ਉਹ ਵਿਚਾਰ ਵੀ ਦਾਸ ਨੇ ਕੱਢ ਦਿੱਤੇ ਹਨ । [ਪਰ ਇਸ ਦਾ ਅਰਥ ਇਹ ਨਹੀਂ ਹੈ ਕਿ ਦਸਮ ਗ੍ਰੰਥ ਬਾਰੇ ਦਾਸ ਦੇ ਵਿਚਾਰ ਬਦਲ ਗਏ ਹਨ । ਜੇ ਸਤਿਗੁਰਾਂ ਚਾਹਿਆ ਅਤੇ ਸਮਾਂ ਬਖ਼ਸ਼ਿਆ ਤਾਂ ਦਾਸ ਦਸਮ ਗ੍ਰੰਥ ਬਾਰੇ (ਗੁਰਬਾਣੀ ਦੀ ਕਸਵੱਟੀ ਨੂੰ ਧੁਰਾ ਮੰਨ ਕੇ ਵਿਸਥਾਰ ਪੂਰਬਕ) ਗੁਰਮਤਿ ਵਿਚਾਰ, ਅੱਡਰੀ

ਪੁਸਤਕ ਵਿਚ ਲਿਖੇ ਗਾ ] ਗਿਆਨੀ ਜੀ ਨੇ ਗੁਰਬਾਣੀ ਸ਼ਬਦਾਂ ਦੇ ਪਦ ਅਰਥ ਲਿਖਣ ਤੋਂ ਵੀ ਵਰਜਦਿਆਂ ਸਮਝਾਇਆ ਕਿ ਇਹ ਪੁਸਤਕ ਗੁਰਬਾਣੀ ਸਟੀਕ ਨਹੀਂ ਹੈ ਕੇਵਲ ਪਾਠਕਾਂ ਨੂੰ ਗੁਰਮਤਿ ਸਿਧਾਂਤ ਸਮਝਾਉਣਾ ਹੈ। ਉਹ ਮੰਤਵ ਕੇਵਲ ਅਰਥ ਲਿਖ ਦੇਣ ਨਾਲ ਪੂਰਾ ਹੋ ਜਾਂਦਾ ਹੈ। ਸੋ ਪਦ ਅਰਥ ਵੀ ਕੱਢ ਦਿੱਤੇ ਹਨ।

ਇਸ ਪਹਿਲੀ ਪੁਸਤਕ ਦੇ ਦੋ ਭਾਗ ਹੋ ਜਾਣ ਤੇ ਨਵੇਂ ਤਿਆਰ ਹੋਏ ਭਾਗ ਦਾ ਨੰਬਰ ਤੀਜਾ ਹੋ ਗਿਆ ਅਤੇ ਏਸੇ ਤਰ੍ਹਾਂ ਦੇ ਪੰਜ ਭਾਗ ਹੋਰ ਤਿਆਰ ਹੋ ਗਏ ਹਨ। ਪੁਰੋਹਿਤਵਾਦ ਅਥਵਾ ਬਿੱਪ੍ਰਨ ਕੀ ਰੀਤ ਨੂੰ ਨੰਗਾ ਕਰੀ ਜਾਣ ਦੇ ਨਾਲ ਗੁਰਬਾਣੀ ਸਿਧਾਂਤ ਦੇ ਵੱਧ ਤੋਂ ਵੱਧ ਪੱਖ ਵਿਸਥਾਰ ਨਾਲ ਲਿਖਣ ਦਾ ਜੋ ਸੰਕਲਪ ਸਤਿਗੁਰਾਂ ਨੇ ਕਰਵਾਇਆ ਹੈ ਉਸ ਦੀ ਪੂਰਤੀ ਲਈ ਪੁਤਕ ਦੇ ੧੦ ਭਾਗ ਬਣ ਜਾਣ ਦੀ ਆਸ ਹੈ। ਸਤਿਗੁਰਾਂ ਨੇ ਚਾਹਿਆ ਅਤੇ ਦਾਤਾਰ ਜੀ ਨੇ ਮਾਇਆ ਦੀ ਥੁੜ ਪੂਰੀ ਕਰ ਦਿੱਤੀ ਤਾਂ ਹੁਣ ਘਟੋ ਘੱਟ ੭ ਭਾਗ ਇਕੋ ਸਮੇਂ ਛਪ ਸਕਣਗੇ। ' ਮਾਸੁ ਮਾਸੁ ਕਰਿ ਮੂਰਖ ਝਗੜੇ " ਪੁਸਤਕ ਪਹਿਲਾਂ ਹੀ ਛਪ ਚੁੱਕੀ ਹੈ। ਮਾਸ ਪ੍ਰਤੀ ਗੁਰਮਤਿ ਦੇ ਸਾਰੇ ਪੱਖ ਵਿਸਥਾਰ ਨਾਲ ਲਿਖਣ ਉਪ੍ਰੰਤ ਗੁਰਬਾਣੀ ਸਿੰਧਾਂਤ ਦੇ ਜਿੰਨੇ ਲੇਖ ਇਨ੍ਹਾਂ ਸੱਤ ਭਾਗਾਂ ਵਿਚ ਆ ਚੁੱਕੇ ਹਨ ਉਨ੍ਹਾਂ ਤੋਂ ਸੁਹਿਰਦ ਪਾਠਕਾਂ ਨੂੰ ਗੁਰਮਤਿ ਦੀ ਕਾਫ਼ੀ ਜਾਣਕਾਰੀ ਹੋ ਸਕਣ ਦੀ ਆਸ ਹੈ।

ਪਹਿਲੀ ਪੁਸਤਕ ਵਿਚਲੇ ਪੂਜਾ, ਭੇਟਾ ਮੰਗਣ ਆਦਿ ਲੇਖਾਂ ਵਿਚ ਹੋਰ ਉਚੇਚਾ ਨਵਾਂ ਵਾਧਾ ਕੀਤਾ ਗਿਆ ਹੈ ਅਤੇ। ਇਸ ਪੁਸਤਕ ਦੇ ਦੂਜੇ ਭਾਗ ਵਿਚ ਨਿੰਦਿਆ ਅਤੇ " ਕਰਾਮਾਤਾਂ ਅਤੇ ਗੁਰੂ ਇਤਿਹਾਸ " ਵਿਸ਼ਿਆਂ ਵਿਚ ਵੀ ਉਚੇਚਾ ਵਾਧਾ ਹੋਇਆ ਹੈ। ਦੂਜੇ ਭਾਗ ਦੇ ਹੀ ਪੰਜਵੇਂ ਕਾਂਡ ਦਾ ਨੌਵਾਂ ਲੇਖ **" ਨਾਨਕ ਨਾਮ ਜਹਾਜ਼ ਦੀ ਸ਼ੂਟਿੰਗ "** ਹੋਰ ਵਧਾਇਆ ਹੈ। ਪਹਿਲਾਂ **੧੧੧** ਵਿਸ਼ੇ ਸਨ ਪਰ ਹੁਣ { ਉਹੀ ਪੁਸਤਕ ਦੋ ਹਿੱਸਿਆਂ ਵਿਚ ਕਰਨ ਸਮੇ ਸਤਿਗੁਰਾਂ ਨੇ ਕੁੱਲ **੧੪੬** ਵਿਸ਼ੇ ਲਿਖ ਸਕਣ ਦਾ ਉੱਦਮ ਬਖ਼ਸ਼ਿਆ ਹੈ। ਆਸ ਹੈ ਪੰਥ ਦਾ ਕੀਮਤੀ ਗਭਰੂ ਸਰਮਾਇਆ ਦਾਸ ਦੀ ਇਸ ਮਿਹਨਤ ਤੋਂ ਸੁਖਾਵੀਂ ਗੁਰਮਤਿ ' ਸੇਧ ਲੈ ਕੇ ਆਪਣੀ ਨਿਆਰੀ ਨੁਹਾਰ ਨੂੰ ਨਿਖਾਰਨ ਦਾ ਉੱਦਮ ਕਰਕੇ ਸਤਿਗੁਰਾਂ ਦੀਆਂ ਖ਼ੁਸ਼ੀਆਂ ਲਵੇਗਾ।

ਇਸ ਪੁਸਤਕ ਦੀ ਪ੍ਰਸੰਸਾ ਵਿਚ ਕੈਨੇਡਾ, ਅਮਰੀਕਾ, ਅਸਟਰੇਲੀਆ, ਡੁਬਈ ਅਤੇ ਪੰਜਾਬ ਤੋਂ ਕਈ ਪਾਠਕਾਂ ਦੇ ਫੋਨ ਅਤੇ ਖ਼ਤ ਮਿਲ ਰਹੇ ਹਨ। ਕਈ ਸੱਜਣਾ ਨੇ ਪ੍ਰਸੰਸਾ ਦੇ ਉਨ੍ਹਾਂ ਪੱਤ੍ਰਾਂ ਨੂੰ ਪੁਸਤਕ ਵਿਚ ਛਾਪ ਦੇਣ ਲਈ ਕਿਹਾ ਹੈ। ਪਰ ਕਿਉਂਕਿ ਉਨ੍ਹਾਂ ਤੋਂ ਪਾਠਕਾਂ ਨੂੰ ਕੋਈ ਲਾਭ ਨਹੀਂ ਸੀ ਪੁੱਜ ਸਕਦਾ। ਇਸ ਲਈ ਉਨ੍ਹਾਂ ਵਿਸ਼ੇਸ਼ ਪੱਤ੍ਰਾਂ ਦੇ ਖ਼ਜਾਨੇ ਨੂੰ ਛਾਪਣ ਨਾਲੋਂ ਆਦਰ ਸਤਿਕਾਰ ਨਾਲ ਰੀਕਾਰਡ ਵਿਚ ਰੱਖਣਾ ਬਹੁਤਾ ਠੀਕ ਸਮਝਿਆ ਹੈ। ਜੇ ਕੋਈ ਅਜੇਹਾ ਪੱਤ੍ਰ ਆਇਆ ਜਿਸ ਤੋਂ ਪਾਠਕਾਂ ਦੀ ਜਾਣਕਾਰੀ ਵਿਚ ਵਾਧਾ ਹੋ ਸਕਦਾ ਹੋਇਆ ਤਾਂ ਜ਼ਰੂਰ ਪੁਸਤਕ ਦੇ ਕਿਸੇ ਭਾਗ ਦਾ ਹਿੱਸਾ ਬਣਾ ਦਿੱਤਾ ਜਾਵੇਗਾ।

ਗੁਰਮਤਿ ਦਾ ਆਦਰ ਕਰਨ ਵਾਲੇ ਜਿਨ੍ਹਾਂ ਗੁਰਮੁਖਾਂ ਨੇ ਹੌਸਲਾ ਵਧਾਉਣ ਵਿਚ ਜ਼ਰਾ ਵੀ ਖੇਚਲ ਕੀਤੀ ਹੈ ਦਾਸ ਉਨ੍ਹਾ ਸੁਹਿਰਦ ਸੱਜਣਾ ਦਾ ਦਿਲੋਂ ਧਨਵਾਦੀ ਹੈ।

ਪ੍ਰਸ਼ਨ-- **ਸੁਣਿ ਸੁਆਮੀ ਅਰਦਾਸਿ ਹਮਾਰੀ, ਪੂਛਉ ਸਾਚੁ ਬੀਚਾਰੋ ॥**
**ਰੋਸੁ ਨ ਕੀਜੈ ਉਤਰੁ ਦੀਜੈ, ਕਿਉ ਪਾਈਐ ਗੁਰ ਦੁਆਰੋ ॥**

ਉਤਰ- **ਇਹ ਮਨ ਚਲਤਉ ਸਚ ਘਰਿ ਬੈਸੈ, ਨਾਨਕ ਨਾਮੁ ਅਧਾਰੋ ॥**
**ਆਪੇ ਮੇਲਿ ਮਿਲਾਏ ਕਰਤਾ, ਲਾਗੈ ਸਾਚਿ ਪਿਆਰੋ ॥ ੬ ॥** [੬੩੮]

ਗੁਰੂ ਪੰਥ ਦਾ ਦਾਸ

ਗੁਰਬਖ਼ਸ਼ ਸਿੰਘ

ੴ ਸਤਿਗੁਰ ਪ੍ਰਸਾਦਿ ॥

# ਬਿੱਪ੍ਰਨ ਕੀ ਰੀਤ

# ਤੋਂ

# ਸੱਚ ਦਾ ਮਾਰਗ

## ਪਹਿਲਾ ਕਾਂਡ

## ਧਰਤੀ ਮਾਤਾ ਦੀ ਪੁਕਾਰ

ਗਿਆਨੀ ਈਸ਼ਰ ਸਿੰਘ ਨਾਰਾ ਜੀ ਨੇ ਆਪਣੀ ਪੁਸਤਕ **ਕ੍ਰਿਸ਼ਨਭਗਵਾਨ ਤੇ ਕਲਗੀਧਰ** ਦੇ ਚੌਥੇ ਸਫ਼ੇ ਤੇ ਗੀਤਾ ਦੇ ਸਲੋਕ ਦੇ ਅਰਥ ਇਸ ਪ੍ਰਕਾਰ ਲਿਖੇ ਹਨ :- ਹੇ ਅਰਜਨ ! ਜਦੋਂ ਜਦੋਂ ਧਰਮ ਦਾ ਗਿਰਾਉ ਹੁੰਦਾ ਹੈ, ਤੇ ਅਧਰਮ ਸਿਰ ਉਠਾਂਉਂਦਾ ਹੈ, ਤਾਂ ਯੁਗਾਂ ਯੁਗਾਂ ਦੇ ਅੰਦਰ, ਤਦੋਂ ਤਦੋਂ ਹੀ ਸੰਤਾਂ ਦੀ ਰਖਿਆ, ਦੁਸ਼ਟਾਂ ਦਾ ਦੰਮਨ ਅਤੇ ਧਰਮ ਦੀ ਸਥਾਪਨਾ ਲਈ ਮੈਂ ਆਪ ਨੂੰ (ਕਿਸੇ ਵੀ ਰੂਪ ਵਿੱਚ ਪ੍ਰਗਟਾਂਦਾ ਹਾਂ) । ਲਿਖਿਆ ਹੈ ਕਿ ਇਸ ਪ੍ਰਸਿੱਧ ਸਲੋਕ ਦੇ ਉਚਾਰਨ-ਹਾਰੇ ਕ੍ਰਿਸ਼ਨ ਜੀ ਸਨ । ਪੁਰਾਣਾਂ ਵਿਚ ਹਿੰਦੂ ਅਵਤਾਰਾਂ ਦੀ ਗਿਣਤੀ ਅੱਡ ਅੱਡ ਦੱਸੀ ਹੈ । ਸ੍ਰੀ ਮਦ ਭਾਗਵਤ ਪੁਰਾਣ ਵਿੱਚ ਵਿਸ਼ਨੂੰ ਦੇ ੨੪ ਅਵਤਾਰ ਲਿਖੇ ਹਨ ਪਰ ਮਾਹਾਭਾਰਤ ਗ੍ਰੰਥ ਵਿੱਚ ਇਨ੍ਹਾਂ ਦੀ ਗਿਣਤੀ ੧੦ ਲਿਖੀ ਹੈ, ਅਤੇ ਸ਼ਿਵ ਪੁਰਾਣ ਇਨ੍ਹਾਂ ਦੋਹਾਂ ਗ੍ਰੰਥਾਂ ਨਾਲ ਸਹਿਮਤ ਨਹੀਂ ਹੈ ਉਸ ਵਿਚਲੇ ਵੱਖ ਵੱਖ ਅਵਤਾਰਾਂ ਦੀ ਗਿਣਤੀ ਸੱਠਾਂ ਤੋਂ ਟੱਪ ਤੁਰਦੀ ਹੈ ।

ਤ੍ਰੇਤਾ ਜੁੱਗ ਦੇ ਸ੍ਰੀ ਰਾਮਚੰਦ੍ਰ ਜੀ ਅਤੇ ਦੁਆਪਰ ਜੁਗ ਦੇ ਸ੍ਰੀ ਕ੍ਰਿਸ਼ਨ ਜੀ, ਇਨ੍ਹਾਂ ਦੋਹਾਂ ਅਵਤਾਰਾਂ ਤੋਂ ਛੁੱਟ ਬਾਕੀ ਅਵਤਾਰਾਂ ਬਾਰੇ ਬਹੁਤੀ ਜਾਣਕਾਰੀ ਸਿਆਣੇ ਹਿੰਦੂਆਂ ਅਥਵਾ ਬ੍ਰਾਹਮਣਾਂ ਤੱਕ ਹੀ ਸੀਮਤ ਹੈ । ਉਪੱਰ ਲਿਖਿਆ ਗੀਤਾ ਜੀ ਦਾ ਸਲੋਕ ਵੀ ਵਿਸ਼ੇਸ਼ ਕਰਕੇ ਇਨ੍ਹਾਂ ਦੋਹਾਂ ਅਵਤਾਰਾਂ (ਸ੍ਰੀ ਰਾਮ ਜੀ ਅਤੇ ਸ੍ਰੀ ਕ੍ਰਿਸ਼ਨ ਜੀ) ਨਾਲ ਹੀ ਢੁੱਕਦਾ ਅਨੁਭਵ ਹੁੰਦਾ ਹੈ । ਕਾਰਨ ਸ਼ਾਇਦ ਇਹ ਹੈ ਕਿ, ਇਨ੍ਹਾਂ ਦੋਹਾਂ ਹੀ ਅਵਤਾਰਾਂ ਦੀ ਜੀਵਨ ਲੀਲਾ ਨੂੰ ਪਰਚਾਰਨ ਖਾਤਰ ਪ੍ਰਸਿੱਧ ਰਿਸ਼ੀਆਂ ਅਤੇ ਦੇਵਤਿਆਂ ਦੇ ਨਾਂਵਾਂ ਨਾਲ ਜੋੜੇ ਧਰਮ ਗ੍ਰੰਥਾਂ ਦੇ ਆਧਾਰ ਤੇ, ਉੱਚ ਕੋਟੀ ਦੇ ਕਈ ਵਿਦਵਾਨਾਂ ਨੇ ਵੱਖ ਵੱਖ ਪ੍ਰਦੇਸਾਂ ਦੀਆਂ ਬੋਲੀਆਂ ਵਿੱਚ ਬੇਅੰਤ ਕਿਤਾਬਾਂ ਲਿਖੀਆਂ ਅਤੇ ਲੋਕਾਂ ਤਾਂਈ ਪੁਚਾਈਆਂ । ਦੋਹਾਂ ਹੀ ਅਵਤਾਰਾਂ ਦੀ ਹੋਰ ਵੀ ਪ੍ਰਸਿੱਧੀ ਕਰਨ ਖਾਤਰ ਇਨ੍ਹਾਂ ਦੀ ਜੀਵਨੀ ਦੀਆਂ ਅਦਭੁਤ ਗਾਥਾਵਾਂ ਨੂੰ ਡਰਾਮਿਆਂ ਅਤੇ ਰਾਸ ਲੀਲ੍ਹਾ ਦੁਆਰਾ ਖੇਡ ਖੇਡ ਕੇ ਪਿੰਡਾਂ, ਨਗਰਾਂ ਅਤੇ ਸ਼ਹਿਰਾਂ ਵਿੱਚ, ਹਜ਼ਾਰਾਂ ਸਾਲਾਂ ਤੋਂ ਪ੍ਰਚਾਰਿਆ ਜਾਂਦਾ ਆ ਰਿਹਾ ਹੈ । ਪ੍ਰਚਾਰ ਦੀ ਰਹਿੰਦੀ ਖੂਹੰਦੀ ਕਸਰ ਨਿਤ ਨਵੇਂ ਢੰਗ ਨਾਲ ਤਿਆਰ ਕੀਤੀਆਂ ਧਾਰਮਕ ਫਿਲਮਾਂ ਨੇ ਪੂਰੀ ਕਰ ਦਿੱਤੀ ਸੀ । ਪਿਛੇ ਜਹੇ ਹਿੰਦ ਸਰਕਾਰ ਦੀ ਸਹਾਇਤਾ ਨਾਲ ਬੜੇ ਸੂਝਵਾਨ ਅਤੇ ਤਜਰਬੇਕਾਰ ਵਿਦਵਾਨਾਂ ਨੇ **ਰਾਮਾਇਣ** ਅਤੇ **ਮਹਾਂਭਾਰਤ** ਗਾਥਾਵਾਂ ਨੂੰ ਬੜੇ ਯੋਜਨਾਂ ਬੱਧ ਢੰਗ ਨਾਲ, ਲਗ ਪਗ ਸਮੁੱਚੇ ਭਾਰਤ ਵਿੱਚ ਟੀ ਵੀ (Television) ਤੇ ਵਿਖਾਇਆ ਸੀ, ਜਿਸ ਦੀਆਂ ਵੀਡੀਓ (Video) ਰੀਲਾਂ ਵਿਦੇਸ਼ਾਂ ਵਿੱਚ ਵੀ ਘਰ ਘਰ ਵੇਖੀਆਂ ਗਈਆਂ ਅਤੇ ਵਿਖਾਈਆਂ ਜਾ ਰਹੀਆਂ ਹਨ । ਗੀਤਾ ਜੀ ਦੇ ਸਲੋਕ ਨਾਲ ਸਬੰਧਤ, ਵਿਸ਼ਨੂੰ ਜੀ ਦੇ ਹੋਰ ਕਿਸੇ ਵੀ ਅਵਤਾਰ ਦਾ ਏਨਾ ਖੁਲ੍ਹਾ ਪ੍ਰਚਾਰ ਨਹੀਂ ਸੀ ਹੋਇਆ । ਦਸਮ ਗ੍ਰੰਥ ਵਿੱਚ ਵੀ ੨੪ ਅਵਤਾਰਾਂ ਵਿਚੋਂ ਸ੍ਰੀ ਰਾਮ ਚੰਦ੍ਰ ਅਤੇ ਸ੍ਰੀ ਕ੍ਰਿਸ਼ਨ ਜੀ ਦੀ ਜੀਵਨ ਗ਼ਾਥਾ ਬੜੇ ਵਿਸਥਾਰ ਨਾਲ ਲਿਖੀ ਹੋਈ ਹੈ । ਰਾਮਾਇਣ ਅਤੇ ਮਹਾਭਾਰਤ ਦੀਆਂ ਵੀਡੀਓ ਤਸਵੀਰਾਂ ਤਿਆਰ ਕਰਨ ਵਾਲੇ ਵਿਦਵਾਨਾਂ ਨੇ ਆਪ ਮੂਰਤੀਮਾਨ ਹੋ ਕੇ, ਬੜੀ ਦ੍ਰਿੜ੍ਹਤਾ ਨਾਲ ਕਿਹਾ ਹੋਇਆ ਹੈ ਕਿ ਇਹ ਫਿਲਮਾਂ, ਵੱਖ ਵੱਖ ਜ਼ਬਾਨਾਂ ਵਿੱਚ ਲਿਖੇ, ਪੁਰਾਤਨ ਅਤੇ ਨਵੀਨ, ਪ੍ਰਮਾਣੀਕ ਗ੍ਰੰਥਾਂ ਦੀ ਡੂੰਘੀ ਘੋਖ ਤੋਂ ਪ੍ਰਾਪਤ ਹੋਏ ਗਿਆਨ ਦੇ ਅਧਾਰ ਤੇ ਬਣਾਈਆਂ ਸਨ ਅਤੇ ਉਨ੍ਹਾਂ ਦਾ ਯਕੀਨ ਹੈ ਕਿ ਇਨ੍ਹਾਂ ਤਸਵੀਰਾਂ ਦੁਆਰਾ ਦਰਸਾਈ ਗ਼ਾਥਾ, ਖੁਨਾਮੀ ਰਹਿਤ ਹੈ ।

ਇਨ੍ਹਾਂ ਅਵਤਾਰਾਂ ਦੀਆਂ ਗਾਥਾਵਾਂ ਨੂੰ ਪ੍ਰਚਾਰਨ ਵਾਲੀ ਸਾਰੀ ਸਮੱਗ੍ਰੀ ਨੂੰ ਗਹੁ ਨਾਲ ਵੇਖਣ ਅਤੇ ਪੜ੍ਹਨ ਤੋਂ ਏਹੋ ਸਿੱਧ ਹੁੰਦਾ ਹੈ ਕਿ ਪ੍ਰਿਥਵੀ ਦੀ ਪੁਕਾਰ ਸੁਣ ਕੇ ਉਸਦਾ ਭਾਰ ਹੌਲਾ ਕਰਨ ਆਏ ਇਹ ਦੋਵੇਂ ਈਸ਼ਵਰੀ-ਅਵਤਾਰ ਆਪਣੇ ਸਮੁਚੇ ਜੀਵਨ ਕਾਲ ਵਿੱਚ, ਸਿਰਫ ਯੂ ਪੀ ਅਥਵਾ ਮਹਾਂਰਾਸ਼ਟਰ ਦੇ ਸੀਮਤ ਜਿਹੇ ਕੁਝ ਇਲਾਕਿਆਂ ਵਿਚ ਹੀ ਵਿਚਰਦੇ ਰਹੇ । ਸ੍ਰੀ ਰਾਮਚੰਦਰ ਜੀ ਨੂੰ ਭਾਰਤ ਤੋਂ ਬਾਹਰ, ਲੰਕਾ ਤੱਕ ਪੁਜਦੇ ਵਿਖਾਇਆ ਜ਼ਰੂਰ ਗਿਆ ਹੈ, ਪਰ ਉਨ੍ਹਾਂ ਦਾ ਇਹ ਮਿਸ਼ਨ ਵੀ ਪਰਸੁਆਰਥ ਵਾਲਾ ਨਹੀਂ ਸਗੋਂ ਸੁਆਰਥ ਸਿੱਧੀ ਵਾਲਾ ਸੀ । (ਫਿਲਮਾਈ ਹੋਈ ਰਾਮਾਇਣ ਗਾਥਾ ਵਿਚ ਇਸ ਪੱਖ ਨੂੰ ਚੰਗੀ ਤਰ੍ਹਾਂ ਨਿਖੇੜ ਕੇ ਸਮਝਾਇਆ ਗਿਆ ਹੈ ਕਿ ਸ੍ਰੀ ਰਾਮਚੰਦ੍ਰ ਜੀ ਆਪਣੀ ਧਰਮ ਪਤਨੀ, ਸ੍ਰੀ ਮਤੀ ਸੀਤਾ ਜੀ ਨੂੰ ਰਾਵਣ ਕੋਲੋਂ ਛਡਵਾਉਣ ਹੀ ਲੰਕਾ ਗਏ ਸਨ । ਅੰਗਦ ਦੇ ਸਮਝਾਉਣ ਤੇ ਰਾਵਣ ਜੇ ਸੀਤਾ ਜੀ ਨੂੰ ਵਾਪਸ ਮੋੜ ਦਿੰਦਾ ਤਾਂ ਰਾਮ ਜੀ ਨੇ ਜੰਗ ਬੰਦੀ ਦਾ ਬਿਗੁਲ ਵਜਾ ਕੇ ਵਾਪਸ ਪਰਤ ਆਉਣਾ ਸੀ) । ਉਪ੍ਰੋਕਤ ਨੂੰ ਵਿਚਾਰਿਆਂ, ਉਪਰ ਲਿਖੇ ਗੀਤਾ ਜੀ ਦੇ ਸਲੋਕ ਪ੍ਰਤੀ, ਹੇਠ ਲਿਖੇ ਪ੍ਰਸ਼ਨ ਪੈਦਾ ਹੋ ਜਾਣ, ਅਚੰਭੇ ਵਾਲੀ ਗੱਲ ਨਹੀਂ ਹੈ: -

੧= ਕੀ ਗੀਤਾ ਜੀ ਦੇ ਅਰਥਾਂ ਵਾਲਾ ਜਗਤ ਅਥਵਾ ਸੰਸਾਰ, ਓਨਾ ਕੁ ਹੀ ਹੈ, ਜਿਥੇ ਕਿ ਇਹ ਦੋਵੇਂ ਜਾਂ ਬਾਕੀ ਦੇ ਅਵਤਾਰ ਪ੍ਰਗਟ ਹੋਏ ਅਤੇ ਵਿਚਰਦੇ ਰਹੇ ?

੨= ਸਤਜੁਗ ਤੋਂ ਲੈ ਕੇ ਸ੍ਰੀ ਕ੍ਰਿਸ਼ਨ ਜੀ ਦੇ ਜੁੱਗ ਤੱਕ, ਕੀ ਭਾਰਤ ਦੇ ਬਾਕੀ ਕਿਸੇ ਹਿਸੇ ਵਿੱਚ ਵੀ ਨਾ ਕਿਸੇ ਪਾਪ ਆਤਮਾਂ ਨੇ ਜਨਮ ਲਿਆ ਅਤੇ ਨਾਂ ਅਜੇਹੇ ਪਾਪ ਹੀ ਹੋਏ ਜਿਨ੍ਹਾਂ ਦੇ ਭਾਰ ਨੇ ਪ੍ਰਿਥਵੀ ਨੂੰ ਦੁਖੀ ਕੀਤਾ ? ਕਿ ਜਾਂ ਉਨ੍ਹਾਂ ਸਮਿਆਂ ਵਿਚ ਕੁਰਖੇਤ੍ਰ ਤੋਂ ਅਫਗਾਨਿਸਤਾਨ ਤਕ ਵਾਲੇ ਭਾਰਤ ਵਿਚ ਕੋਈ ਵਸੋਂ ਹੈ ਹੀ ਨਹੀਂ ਸੀ ?

੩=ਰਿਸ਼ੀ ਵਿਸ਼ਵਾ ਮਿੱਤ੍ਰ, ਵਸ਼ਿਸ਼ਟ, ਵੇਦ-ਵਿਆਸ, ਸੱਤਾਂ ਸਮੁੰਦਰਾਂ ਨੂੰ ਚੁਲੀ ਨਾਲ ਪੀ ਜਾਣ ਵਾਲਾ ਅਗਸਤ ਮੁਨੀ ਅਤੇ ਹੋਰ ਬੇਅੰਤ ਜਪੀ ਤਪੀ ਅਤੇ ਰਿਧੀਆਂ ਸਿਧੀਆਂ ਦੇ ਮਾਲਕ ਰਿਸ਼ੀ-ਜਨ ਵੀ ਸਿਰਫ਼ ਓਨੇ ਕੁ ਹੀ ਥਾਂ ਵਿਚ ਜੰਮਦੇ ਅਤੇ ਵਿਚਰਦੇ ਰਹੇ ? ਭਗਤਾਂ ਨੂੰ ਦੁਖੀ ਕਰਨ ਵਾਲੇ ਅਥਵਾ ਰਿਸ਼ੀਆਂ ਤੇ ਤਪੱਸਵੀਆਂ ਨੂੰ ਖਾ ਜਾਣ ਵਾਲੇ ਆਦਮ-ਖੋਰ ਦੈਂਤਾਂ ਨੂੰ ਵੀ ਓਸੇ ਥਾਂ ਵਿੱਚ ਹੀ ਉਪੱਦਰ ਕਰਨ ਦੀ ਕਿਉਂ ਸੁੱਝਦੀ ਰਹੀ ? ਏਡੀ ਵਿਸ਼ਾਲ ਧਰਤੀ ਮਾਂ ਨੂੰ, ਕੀ ਸਿਰਫ ਓਨੇ ਕੁ ਹੀ ਥਾਂ ਉਤੇ ਉਪਜੇ ਕਥਿਤ ਪਾਪੀਆਂ ਦਾ ਭਾਰ ਅਸਹਿ ਹੋ ਜਾਂਦਾ ਸੀ ? ਇਹ ਦੇਵਤੇ ਵੀ ਕਿਹੋ ਜਿਹੇ ਸਨ ਜੋ ਬੜੀ ਸੀਮਤ ਜਿਹੀ ਥਾਂ ਤੇ ਵਾਪਰੀ ਕਥਿਤ ਗੜਬੜ ਕਾਰਨ ਝੱਟ ਵਿਸ਼ਨੂੰ ਜੀ ਕੋਲ ਜਾ ਫ਼ਰਿਆਦੀ ਹੁੰਦੇ ਸਨ ?

੪= ਹਿੰਦੂਆਂ ਦੇ ਲਗ-ਪਗ ਸਾਰੇ ਧਰਮ-ਗ੍ਰੰਥ ਦਸਦੇ ਹਨ ਕਿ ਵਿਸ਼ਨੂੰ ਦੇ ਹੀ ਅਵਤਾਰ, ਭਗਵਾਨ ਪਰਸਰਾਮ ਨੇ ਆਪਣੇ ਪਿਤਾ ਦੇ ਕਾਤਲ ਸਹੰਸਰ ਬਾਹੂ ਨੂੰ ਪਿਤਾ ਦਾ ਕਿਰਿਆ-ਕਰਮ ਕਰਨ ਤੋਂ ਪਹਿਲਾਂ ਹੀ ਮਾਰ ਦਿੱਤਾ ਸੀ । ਇਹ ਵੀ ਸਿੱਧ ਹੁੰਦਾ ਹੈ ਕਿ ਉਸ ਦੇ ਪਿਤਾ ਦੇ ਕਤਲ ਵਿੱਚ ਹੋਰ ਕਿਸੇ ਵੀ ਖੱਤਰੀ ਦਾ ਕੋਈ ਹੱਥ ਨਹੀਂ ਸੀ । ਪਰ ਇਸ ਕਥਿਤ ਭਗਵਾਨ ਪਰਸਰਾਮ ਨੇ ਬੜੇ ਕਠੋਰ-ਚਿਤ ਹਤਿਆਰੇ ਵਾਂਗ, ਖੱਤਰੀਆਂ ਦੇ ਦੁੱਧ ਚੁੰਘਦੇ ਬੱਚੇ ਬੱਚੀਆਂ ਤੋਂ ਲੈ ਕੇ ਬਿਰਧਾਂ ਸਮੇਤ ਉਨ੍ਹਾਂ ਦੀ ਸਾਰੀ ਨਸਲ ਹੀ ਕਤਲ ਕਰ ਦਿੱਤੀ ਸੀ । ਰਾਮਾਇਣ ਗਾਥਾ ਵਾਲੀ ਫਿਲਮ ਵਿੱਚ ਸ੍ਰੀ ਰਾਮ ਚੰਦ੍ਰ ਦੀ ਸ਼ਾਦੀ ਦੇ ਸਮਾਗਮ ਵਿੱਚ ਇਹ ਕਥਿਤ ਭਗਵਾਨ ਪਰਸਰਾਮ ਬੜੇ ਕ੍ਰੋਧ ਵਿਚ ਕਹਿੰਦਾ ਦਰਸਾਇਆ ਹੋਇਆ ਹੈ ਕਿ ਉਸ ਨੇ ਇਨ੍ਹਾਂ ਖੱਤਰੀਆਂ ਦੀਆਂ ਕੁਲਾਂ (ਇੱਕ ਦੋ ਵਾਰੀ ਨਹੀਂ ਸਗੋਂ) ੨੧ ਵਾਰੀ ਮੁਕਾ ਕੇ ਧਰਤੀ ਖੱਤਰੀਆਂ ਤੋਂ ਸਾਫ ਕਰ ਦੱਤੀ ਸੀ । ਧਰਮ ਗ੍ਰੰਥਾਂ ਵਿੱਚ ਇਹ ਵੀ ਲਿਖਿਆ ਹੈ ਕਿ ਇਸ ਭਗਵਾਨ ਨੇ ਉਨ੍ਹਾਂ ਮਾਸੂਮਾਂ ਦੇ ਲਹੂ ਦੀ ਨਦੀ ਵਿੱਚ ਖੜੇ ਹੋ ਕੇ ਆਪਣੇ ਪਿੱਤ੍ਰਾਂ ਨੂੰ ਉਸੇ ਲਹੂ ਦਾ ਤਰਪਣ[*] (ਤ੍ਰਿਪਤ) ਕੀਤਾ ਸੀ । ਕੀ ਕਾਰਨ ਹੈ ਕਿ ਏਡੇ ਮਹਾਂ ਪਾਪੀ ਅਤੇ ਜ਼ਾਲਮ ਹਤਿਆਰੇ ਦਾ ਭਾਰ ਧਰਤੀ ਨੂੰ ਨਾ ਲੱਗਾ ? ਦੂਜੇ ਪਾਸੇ ਰਾਵਣ ਦੇ ਵਿਰੁੱਧ ਅਜੇਹਾ ਕੋਈ ਦੋਸ਼ ਨਹੀਂ ਹੈ ਕਿ ਉਸ ਨੇ ਵੀ ਮਨੁੱਖਾਂ ਦੀ ਕਿਸੇ ਕੁੱਲ ਦਾ ਕਦੇ ਨਾਸ ਕੀਤਾ ਸੀ । ਭਗਵਾਨ ਪਰਸਰਾਮ ਦੇ ਜ਼ੁਲਮਾਂ ਦੇ ਟਾਕਰੇ ਤੇ, ਰਾਵਣ ਬੇ-ਗੁਨਾਹ ਹੋ ਦਿਸਦਾ ਹੈ । ਬ੍ਰਾਹਮਣ ਨੇ ਅਜੇਹੀ ਕੋਈ ਸਾਖੀ ਨਹੀਂ ਲਿਖੀ ਜਿਸ ਤੋਂ ਧਰਤੀ ਦੇ ਵਾਸੀ ਮਨੁੱਖਾਂ ਨੂੰ ਰਾਵਣ ਨੇ ਸਮੂਹਕ ਤੌਰ ਤੇ ਦੁਖੀ ਕੀਤਾ ਸਿੱਧ ਹੁੰਦਾ ਹੋਵੇ । (*Foot note--ਹਿੰਦੂ ਧਰਮ ਅਨੁਸਾਰ ਦੇਵਤੇ ਅਤੇ ਪਿਤਰਾਂ ਨੂੰ ਤ੍ਰਿਪਤ ਕਰਨ ਲਈ ਹਥ ਅਥਵਾ ਅਰਘੇ ਨਾਲ ਮੰਤ੍ਰਪਾਠ ਕਰਕੇ ਜਲ ਦੇਣ ਦੇ ਕਰਮ ਨੂੰ ਤਰਪਣ ਕਹਿੰਦੇ ਹਨ)

੫= ਵਿਸ਼ਵ ਦਾ ਇਤਿਹਾਸ ਗਵਾਹ ਹੈ ਕਿ ਇਸੇ ਧਰਤੀ-ਮਾਤਾ ਦੀ ਕੁੱਖ ਤੋਂ ਚੰਗੇਜ਼ ਖਾਂ, ਹਲਾਕੂ ਖਾਂ, ਹਿਟਲਰ ਜਿਹੇ ਕਈ ਜ਼ਾਲਮਾਂ ਨੇ ਜਨਮ ਲਿਆ ਜਿਨ੍ਹਾਂ ਬਾਰੇ ਮਸ਼ਹੂਰ ਹੈ ਕਿ ਉਨ੍ਹਾਂ ਨੇ ਸੈਂਕੜੇ ਨਗਰ ਲੁੱਟ ਕੇ ਸਾੜ ਫੂਕ ਦਿੱਤੇ, ਲੱਖਾਂ ਕ੍ਰੋੜਾਂ ਬੇਗੁਨਾਹ ਮਨੁੱਖ ਕਤਲ ਕੀਤੇ, ਅਨਗਿਣਤ ਨਿਤਾਣੀਆਂ ਇਸਤ੍ਰੀਆਂ ਦੀ ਪਤ ਲੁੱਟੀ ਅਤੇ ਫਿਰ ਆਪਣੀ ਜ਼ਾਲਮ ਫੌਜ ਕੋਲੋਂ ਬੇਦਰਦੀ ਨਾਲ ਮਰਵਾ ਦਿਤੀਆਂ । ਲੱਖਾਂ ਪਰਵਾਰ (ਖਾਸ ਕਰਕੇ ਹਿਟਲਰ ਦੇ ਸਮੇਂ ਯਹੂਦੀਆਂ ਦੇ) ਜੀਊਂਦੇ ਹੀ, ਏਸੇ ਧਰਤੀ-ਮਾਤਾ ਦੇ ਖਾਤਿਆਂ ਵਿਚ ਦਫਨਾ ਦਿੱਤੇ ਗਏ । ਅਤੇ ਫਿਰ ਸਟਾਲਨ ਜਿਹੇ ਜਰਵਾਣਿਆਂ ਦੇ ਰਾਜ ਵਿੱਚ ਧਰਮ ਦੀ ਗਲ ਕਰਨੀ ਅਥਵਾ ਭਗਵਾਨ ਦਾ ਨਾਮ ਲੈਣਾ, ਮੌਤ ਨੂੰ ਸੱਦਾ ਦੇਣਾਂ ਹੁੰਦਾ ਸੀ । ਕਈ ਸਮੁਚੇ ਦੇਸ਼ ਨਾਸਤਕ ਬਣਾ ਦਿੱਤੇ ਗਏ ਸਨ । ਏਡੇ ਅਧਰਮ ਨਾਲ ਵੀ ਗੀਤਾ ਦੇ ਸਲੋਕ ਵਾਲੀ ਇਸ ਧਰਤੀ-ਮਾਂ ਨੂੰ ਕਿਉਂ ਕੋਈ ਭਾਰ ਅਨਭਵ ਨਾ ਹੋਇਆ ? **ਕੀ ਭਾਰਤ ਦੇ ਉਸ ਥੋਹੜੇ ਜਿਹੇ ਥਾਂ ਤੋਂ ਬਿਨਾਂ ਲੱਖਾਂ ਗੁਣਾ ਵੱਡੀ ਵਿਸ਼ਾਲ ਧਰਤੀ ਨਾਲ ਵਿਸ਼ਨੂੰ ਜੀ ਦਾ ਕੋਈ ਰਿਸ਼ਤਾ ਹੀ ਨਹੀਂ ਸੀ ?**

੬= ਇਸ ਤੱਥ ਨੂੰ ਭਲੀ ਪ੍ਰਕਾਰ ਪਰਚਾਰਿਆ ਹੋਇਆ ਹੈ ਕਿ ਸ੍ਰੀ ਰਾਮ ਅਤੇ ਸ੍ਰੀ ਕ੍ਰਿਸ਼ਨ ਨੇ, ਵਸ਼ਿਸ਼ਟ ਅਤੇ ਸੰਦੀਪਨ ਜੀ ਕੋਲ (ਕਰਮਵਾਰ) ਪੜ੍ਹਦਿਆਂ ਸਾਰਾ ਬਾਲਪਨ ਬਿਤਾਇਆ ਸੀ ਅਤੇ ਸੰਸਕ੍ਰਿਤ ਦੇ ਉਚ ਕੋਟੀ ਦੇ ਵਿਦਵਾਨ ਬਣ ਕੇ ਆਸ਼ਰਮ ਵਿਚੋਂ ਪਰਤੇ ਸਨ । ਜੇ ਇਹ ਦੋਵੇਂ ਭਗਵਾਨ ਭਾਰਤ ਦੇ ਉਸ ਛੋਟੇ ਜਿਹੇ (ਸਾਰੇ ਸੰਸਾਰ ਦੇ ਟਾਕਰੇ ਤੇ) ਥਾਂ ਵਿਚੋਂ ਬਾਹਰ ਨਹੀਂ ਸਨ ਜਾ ਸਕੇ ਤਾਂ ਘੱਟੋ ਘੱਟ, ਜਗਤ ਦੇ ਮਨੁੱਖ ਮਾਤ੍ਰ ਨੂੰ ਸੁਖਾਂਵੀਂ ਜ਼ਿੰਦਗੀ ਬਿਤਾ ਸਕਣ ਜੋਗਾ ਬਣਾਂਉਣ, ਵਾਸਤੇ ਆਪਣੇ ਕਰ-ਕੰਵਲਾਂ ਨਾਲ ਕੋਈ ਨਰੋਆ ਗਿਆਨ ਹੀ ਲਿਖ ਕੇ ਛੱਡ ਜਾਂਦੇ ! ਬ੍ਰਾਹਮਣੀ ਗ੍ਰੰਥਾਂ ਨੂੰ ਵਾਚਣ ਤੋਂ ਏਹੋ ਸੂਝ ਮਿਲਦੀ ਹੈ ਕਿ ਵਿਸ਼ਨੂੰ ਜੀ ਦੇ ਸਾਰੇ ਕਥਿਤ ਅਵਤਾਰ ਆਪਣੇ ਹੀ ਸਾਕ-ਸਬੰਧੀਆਂ ਜਾਂ ਬ੍ਰਾਹਮਣ ਰਿਖੀਆਂ ਦੀ ਖਾਤਰ ਹੀ ਜੂਝਦੇ ਰਹੇ ਸਨ । ਕਿਸ ਦਲੀਲ ਨਾਲ ਸਾਬਤ ਹੋਵੈ ਕਿ ਇਹ ੨੪ ਜਾਂ ਘੱਟ-ਵੱਧ ਭਗਵਾਨ ਸਾਰੀ ਧਰਤੀ ਤੋਂ ਪਾਪੀਆਂ ਦਾ ਨਾਸ ਕਰਕੇ ਸ਼ਾਂਤੀ ਸਥਾਪਤ ਕਰਨ ਅਥਵਾ ਸ਼ਾਂਤੀ ਦਾ ਰਬੀ ਸੁਨੇਹਾ ਦੇਣ ਲਈ ਪ੍ਰਗਟ ਹੁੰਦੇ ਰਹੇ ਸਨ ? ਇਨ੍ਹਾਂ ਗੰਭੀਰ ਪ੍ਰਸ਼ਨਾਂ ਦੇ ਉਤੱਰ ਸ਼ਾਇਦ ਕਦੇ ਵੀ ਨਾ ਮਿਲ ਸਕਣ ।

ਭਾਰਤ ਤੋਂ ਬਾਹਰ ਦੀ ਧਰਤੀ ਦੀ ਗੱਲ ਛੱਡ ਕੇ ਦੇਸ਼ ਵਾਸੀਆਂ ਦੀ ਹਾਲਤ ਹੀ ਵਿਚਾਰ ਲਈਏ । ਹਜ਼ਰਤ ਈਸਾ ਤੋਂ ੩੨੭ ਸਾਲ ਪਹਿਲਾਂ ਸਿਕੰਦਰ, ਨੇ ਹਿੰਦ ਦੇ ਸਿਰਤਾਜ ਹਿੱਸੇ, **ਪੰਜਾਬ** ਦੀ ਅਣਖ ਨੂੰ ਰੋਲਣਾਂ ਚਾਹਿਆ । ਪਰ ਦੇਸ਼ ਦਾ ਇਹ ਹਿੱਸਾਂ ਸ਼ਾਇਦ ਵਿਸ਼ਨੂੰ ਜੀ ਦੇ ਅਧਿਕਾਰ ਖੇਤਰ ਵਿੱਚ ਨਹੀਂ ਸੀ, ਸੋ ਉਨ੍ਹਾਂ ਦੇ ਨਾ ਆ ਸਕਣ ਦੀ ਮਜਬੂਰੀ ਸਮਝ ਵਿਚ ਆ ਸਕਦੀ ਹੈ । ਪਰ ਕੀ ਇਨ੍ਹਾਂ ਅਵਤਾਰਾਂ ਨੇ ਆਪਣੀ ਜਨਮ ਭੂਮੀ ਅਥਵਾ ਲੀਲ੍ਹਾ ਅਸਥਾਨਾਂ ਦੀ ਰਖਿਆ ਕੀਤੀ ? ਕੀ ਆਪਣੀ ਜਨਮ ਭੂਮੀ ਦੇ ਨੇੜੇ ਤੇੜੇ ਦੇ ਉਨ੍ਹਾਂ ਥਾਵਾਂ ਦੀ ਵੀ ਕੋਈ ਪੁਕਾਰ ਸੁਣੀ ਜਿਥੇ ਉਨ੍ਹਾਂ ਦੇ ਪਰਮ ਭਗਤ ਅਤੇ ਪੁਜਾਰੀ ਵਸਦੇ ਸਨ ? ਇਸ ਬਾਰੇ ਸੂਝ ਲੈਣ ਲਈ ਹਿੰਦੂ ਵੀਰ **ਸ੍ਰੀ ਦੌਲਤ ਰਾਏ** ਜੀ ਦੀ ਹੀ ਲਿਖੀ ਪੁਸਤਕ---**ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ**---ਦੀ ਲਿਖਤ ਵਿਚਾਰਦੇ ਹਾਂ । ਪੁਸਤਕ ਦੇ ੩੬ ਸਫੇ ਤੋਂ ਦੌਲਤ ਰਾਏ ਜੀ ਇਸ ਪਰਕਾਰ ਲਿਖਦੇ ਹਨ :-

ਭਾਵੇਂ ਐਸ ਵੇਲੇ ਪੁਰਾਣੀਆਂ ਕਬਰਾਂ ਪੁਟਣੀਆਂ ਸ਼ੋਭਾ ਨਹੀਂ ਦਿੰਦੀਆਂ, ਫਿਰ ਵੀ ਜੋ ਜੋ ਅਤਿਆਚਾਰ ਮਜ਼ਹਬੀ ਜੋਸ਼ ਵਿਚ ਹਿੰਦੂਆਂ ਉਪਰ, ਖੁਦਾਈ ਸ਼ਰ੍ਹਾ ਦਾ ਫੁਰਮਾਨ ਸਮਝ ਕੇ ਕੀਤੇ, ਉਨ੍ਹਾਂ ਨੂੰ ਪੁੰਨ-ਕਰਮ ਸਮਝ ਕੇ ਉਹ ਖੁਸ਼ ਹੁੰਦੇ । ਉਨ੍ਹਾਂ ਵਿਚੋਂ ਸੰਖੇਪ, ਭਾਵ ਥੋੜੀਆਂ ਜਹੀਆਂ ਦਾ ਵਰਨਣ ਉਦਾਹਰਣ ਦੇ ਤੌਰ ਤੇ ਕੀਤਾ ਜਾਂਦਾ ਹੈ । ਇੰਜ ਕਰਨਾ ਕਿਸੇ ਸ਼ਿਕਾਇਤੀ ਪੱਖ ਨਾਲ ਨਹੀਂ, ਸਗੋਂ ਸਚਾਈ ਉਘੇੜਨ ਲਈ ਅਤੀ ਲੋੜੀਂਦਾ ਭਾਸਦਾ ਹੈ । ਕੁਤਬੁ-ਉ-ਦੀਨ ਐਬਕ ਨੇ ਮੇਰਠ ਦੇ ਸਾਰੇ ਮੰਦਰਾਂ ਤੇ ਬੁੱਤਾਂ ਨੂੰ ਤੋੜਿਆ ਤੇ ਉਨ੍ਹਾਂ ਦੀ ਥਾਂ ਮਸਜਦਾਂ ਉਸਾਰੀਆਂ । ਜਿਸ ਨੇ ਵੀ ਇਸਲਾਮ ਕਬੂਲ ਕਰਨ ਤੋਂ ਇਨਕਾਰ ਕੀਤਾ ਉਸਨੂੰ ਕਤਲ ਕਰ ਦਿੱਤਾ । ਕੇਵਲ ਇੱਕ ਕਾਲੰਜਰ ਸ਼ਹਿਰ ਵਿਚ ਹੀ ੧੧੩ ਹਿੰਦੂ ਮੰਦਰ ਢਾਹ ਕੇ ਮਸਜਦਾਂ ਬਣਵਾ ਦਿਤੀਆਂ । ਹਜ਼ਾਰਾਂ ਹਿੰਦੂ ਕਤਲ ਕੀਤੇ ਗਏ ਤੇ ਗ਼ੁਲਾਮ ਬਣਾਏ ਗਏ । " ਤਿਬਕਾਤੇ ਨਾਸਰੀ " ਦੇ ਨਾਂਵੇਂ ਸਫੇ ਤੇ ਦਰਜ ਹੈ, ਕਿ ਬਿਹਾਰ ਦੀ ਫਤਹ ਦੇ ਸਮੇਂ ਇਸੇ ਕੁਤਬਦੀਨ ਨੇ ਹੀ ਇਕ ਲੱਖ ਦੇ ਕਰੀਬ ਤਾਂ ਕੇਵਲ ਬ੍ਰਾਹਮਣ ਹੀ ਕਤਲ ਕੀਤੇ ਤੇ ਹਿੰਦੂਆਂ ਦਾ ਪ੍ਰਸਿੱਧ ਤੇ ਪੁਰਾਣਾ ਪੁਸਤਕਾਲਾ ਸਾੜ ਦਿਤਾ । ਤੈਮੂਰ ਨੇ

ਦਿਆਲਪੁਰ ਦੇ ਪੰਜ ਹਜ਼ਾਰ ਅਯੁਧਿਆ ( ਭਗਵਾਨ ਰਾਮ ਦੀ ਕਥਿਤ ਜਨਮ ਭੂਮੀ ) ਦੇ ਚੌਦਾਂ ਹਜ਼ਾਰ ਬਨਾਰਸ ਦੇ ਵੀਹ ਹਜ਼ਾਰ ਬੁਤਪੂਜ ਹਿੰਦੂਆਂ ਅਤੇ ਬ੍ਰਾਹਮਣਾਂ ਨੂੰ ਕਤਲ ਕੀਤਾ। ਉਨ੍ਹਾਂ ਦੇ ਬਾਲ ਬੱਚਿਆਂ ਅਤੇ ਜ਼ਨਾਨੀਆਂ ਨੂੰ ਗ਼ੁਲਾਮ ਬਣਾ ਕੇ ਆਪਣੇ ਫ਼ੌਜੀਆਂ ਵਿਚ ਵੰਡ ਦਿੱਤਾ। ਉਸ ਨੇ ਭਟਨੇਰ ਸ਼ਹਿਰ ਦੇ ੨੯ ਹਜ਼ਾਰ ਹਿੰਦੂਆਂ ਨੂੰ ਇਕ ਥਾਂ ਇਕੱਤਰ ਕਰਕੇ ਜੀਊਂਦਿਆਂ ਹੀ ਅੱਗ ਲਾ ਕੇ ਸਾੜ ਦਿੱਤਾ ਤੇ ਅੱਗ ਵਿਚੋਂ ਨਿਕਲ ਕੇ ਭਜਦੇ ਦਸ ਹਜ਼ਾਰ ਹਿੰਦੂਆਂ ਨੂੰ ਕਤਲ ਕੀਤਾ। ( ਪੰਨਾ ੧੪)

ਅਮੀਰ ਖੁਸਰੋ ਅਨੁਸਾਰ ਜਲਾਲੁਦੀਨ ਨੇ ਸਾਰੇ ਮਾਲਵੇ ਤੇ ਗੁਜਰਾਤ ਦੇ ਇਲਾਕੇ ਨੂੰ ਇਥੋਂ ਤਕ ਲੁਟਿਆ ਕਿ ਉਥੇ ਦੀ ਹਿੰਦੂ ਵਸੋਂ ਕੋਲ ਨੰਗੇਜ ਢਕਣ ਵਾਲੇ ਕਪੜੇ ਤੇ ਮਿਟੀ ਦੇ ਭਾਂਡਿਆਂ ਤੋਂ ਬਿਨਾਂ ਕੱਖ ਵੀ ਨ ਰਿਹਾ। ਵੀਹ ਹਜ਼ਾਰ ਬੱਚੇ ਮਰਦ ਤੇ ਸੁੰਦਰੀਆਂ ਉਸ ਨੇ ਲੋਕਾਂ ਵਿਚ ਇਨਾਮ ਵਜੋਂ ਵੰਡੀਆਂ। ਚੌਦਾਂ ਹਜ਼ਾਰ ਹਿੰਦੂ ਰਿਸ਼ੀਆਂ ਦੇ ਸਿਰ ਵੱਢ ਕੇ ਕਿਲ੍ਹੇ ਦੀਆਂ ਕੰਧਾਂ ਉਤੇ ਰਖਵਾਏ ਤੇ ਹਰ ਇਕ ਉਤੇ ਦੀਵਾ ਜਗਾ ਕੇ ਰੋਸ਼ਨੀ ਕੀਤੀ ਤੇ ਪਿਛੋਂ ਜਮਨਾਂ ਨਦੀ ਵਿਚ ਸੁਟਵਾ ਦਿੱਤੇ।

ਅਲਫ਼ਿਨਸਟਨ ਦੀ ਤਾਰੀਖ ਦੇ ਉਰਦੂ ਉਲੱਥੇ ਦੇ ਪੰਨਾ ੪੯੧ ਤੇ ਲਿਖਿਆ ਹੈ, ਸਮੁੰਦਰ ਰਾਹੀਂ ਅਰਬ ਵਾਲੇ ਸਿੰਧ ਉਤੇ ਕਾਫੀ ਪਹਿਲੇ ਸਮੇਂ (ਅਠਵੀਂ ਨੌਵੀਂ ਸਦੀ) ਤੋਂ, ਭਾਵ ਖਲੀਫ਼ਾ ਉਮਰ ਵੇਲੇ ਹੀ ਆਉਣੇ ਸ਼ੁਰੂ ਹੋ ਗਏ ਸਨ। ਇਨ੍ਹਾਂ ਹਮਲਿਆਂ ਦਾ ਕਾਰਨ ਅਰਬ ਦੇ ਲੁਟੇਰਿਆਂ ਦੇ ਦਿਲਾਂ ਵਿੱਚ ਇਸ ਦੇਸ਼ ਦੀਆਂ ਸੁੰਦਰੀਆਂ ਲਈ ਡਾਢੀ ਖਿੱਚ ਸੀ। ਏਸੇ ਤਾਰੀਖ ਦੇ ੪੯੩ ਪੰਨੇ ਤੇ ਲਿਖਿਆ ਹੈ, ਦੇਵਲ ਦੇ ਅਸਥਾਨ ਤੇ ਮੁਹੰਮਦ-ਬਿਨ-ਕਾਸਮ ਨੇ ਕਿਲ੍ਹਾ ਜਿਤਦਿਆਂ ਹੀ ਬ੍ਰਾਮਣਾਂ ਦੀ ਸੁਨੱਤ ਕਰਨ ਦਾ ਹੁਕਮ ਦਿੱਤਾ , ਉਨ੍ਹਾਂ ਨੇ ਇਨਕਾਰ ਕੀਤਾ ਤਾਂ ੧੭ ਸਾਲ ਤੋਂ ਉਪਰ ਵਾਲੇ ਸੱਭ ਕਤਲ ਕਰਕੇ ਬਾਕੀ ਦਿਆਂ ਨੂੰ ਗ਼ੁਲਾਮ ਬਣਾ ਕੇ ਬਗ਼ਦਾਦ ਭੇਜ ਦਿੱਤਾ। ਰਾਜੇ ਦਾਹਰ ਦੀਆਂ ਦੋ ਪੁਤੱਰੀਆਂ ਦੇ ਨਾਲ ਹਜ਼ਾਰਾਂ ਇਸਤ੍ਰੀਆਂ ਵੀ ਬਗਦਾਦ ਦੇ ਖਲੀਫੇ ਨੂੰ ਤੁਹਫਾ ਭੇਜੀਆਂ।

ਅਲਾਉਦੀਨ ਖਿਲਜੀ ਨੇ ਹੁਕਮ ਜਾਰੀ ਕਰ ਦਿੱਤਾ ਸੀ ਕਿ ਹਿੰਦੂਆਂ ਨੂੰ ਜ਼ਰੂਰੀ ਪਹਿਨਣ ਦੇ ਕਪੜਿਆਂ ਅਤੇ ਛੇ ਮਹੀਨੇ ਦੀ ਲੋੜ ਤੋਂ ਵਧੀਕ ਖਾਣ ਪੀਣ ਦਾ ਸਾਮਾਨ ਰੱਖਣ ਦੀ ਆਗਿਆ ਨਹੀਂ। ਇਸ ਤੋਂ ਵੱਧ ਸਭ ਮੁਸਲਮਾਨਾ ਦੇ ਹਵਾਲੇ ਕਰ ਦਿੱਤਾ ਜਾਵੇ। ਹਿੰਦੂ ਕਾਫਰ ਹਨ ਉਨ੍ਹਾਂ ਦੇ ਸਭ ਮਾਲ ਮਤਾਹ, ਖ਼ੂਬਸੂਰਤ ਲੜਕੀ ਯਾਂ ਇਸਤ੍ਰੀ ਉਤੇ ਮੁਸਲਮਾਨ ਦਾ ਹੱਕ ਹੈ। ਜੇ ਮੁਸਲਮਾਨ ਚਾਹੇ ਤਾਂ ਹਿੰਦੂ ਉਸਦੀ ਘੋੜੀ ਬਣ ਜਾਵੇ ਅਤੇ ਉਸਦੇ ਥੁੱਕਣ ਵਾਸਤੇ ਆਪਣਾ ਮੂੰਹ ਖੋਹਲ ਦੇਵੇ।

੧- **ਕਲਿ ਕਾਤੀ ਰਾਜੇ ਕਾਸਾਈ, ਧਰਮੁ ਪੰਖ ਕਰਿ ਉਡਰਿਆ ॥**
**ਕੂੜੁ ਅਮਾਵਸ ਸਚੁ ਚੰਦ੍ਰਮਾ, ਦੀਸੈ ਨਾਹੀ ਕਹ ਚੜਿਆ ॥.... ੧ ॥** [੧੪੫]-ਵਾ-੧੬
**ਰਾਜੇ ਪਾਪੁ ਕਮਾਵਦੇ, ਉਲਟੀ ਵਾੜ ਖੇਤ ਕਉ ਖਾਈ ॥**
**ਕਾਜੀ ਹੋਏ ਰਿਸ਼ਵਤੀ, ਵਢੀ ਲੈ ਕੈ ਹਕੁ ਗਵਾਈ ॥...** ੩੦ ॥ [ ਭਾ: ਗੁ: ਵਾ:੧)

ਦੌਲਤ ਰਾਏ ਜੀ ਨੇ ਅੱਡ ਅੱਡ ਇਤਿਹਾਸਕਾਰਾਂ ਦੇ ਹਵਾਲੇ ਨਾਲ ਮੁਸਲਮਾਨਾਂ ਵਲੋਂ ਕੀਤੇ ਗਏ ਦਿਲ ਕੰਬਾਊ ਜ਼ੁਲਮਾਂ ਦੀ ਬੜੀ ਲੰਮੀ ਸਾਖੀ ਭਰੀ ਹੈ। ਅਜੇਹਾ ਦੁਖਦਾਈ ਜ਼ੁਲਮ ਅਤੇ ਹਿੰਦੂ ਧਰਮ ਨੂੰ ਮਿਟਾ ਦੇਣ ਵਾਸਤੇ ਯਤਨ, ਸੈਂਕੜੇ ਸਾਲ ਹੁੰਦੇ ਰਹੇ ਪਰ ਭਗਵਾਨ ਵਿਸ਼ਨੂੰ ਜੀ ਦੇ ਕੰਨ ਤੇ ਜੂੰ ਨਾ ਸਰਕੀ। ਧਰਮ ਦੀ ਰਖਿਆ ਕਰਨ ਵਾਸਤੇ ਆਉਣ ਵਾਲਾ ਆਪਣਾ ਬਚਨ ਸ਼ਾਇਦ ਉਹ ਭੁੱਲ ਹੀ ਗਏ ਸਨ ?(ਬ੍ਰਾਹਮਣ ਦੇ ਹੱਦੋਂ ਵੱਧ ਚਪਲਤਾ ਨੇ ਰੱਬ ਨੂੰ ਵੀ ਭੁੱਲੜ ਅਤੇ ਪੱਖਪਾਤੀ ਬਣਾ ਦਿੱਤਾ ? )। ਪੁਸਤਕ ਦੇ ੪੯ ਸਫੇ ਤੇ ਦੌਲਤ ਰਾਏ ਜੀ ਲਿਖਦੇ ਹਨ ਕਿ ਜਿਨ੍ਹਾਂ ਨੂੰ ਬੜੇ ਅਣਖੀ ਸੂਰਮੇ ਮੰਨਿਆਂ ਜਾਂਦਾ ਸੀ, ਉਨ੍ਹਾਂ ਰਾਜਪੂਤਾਂ ਵਿੱਚ ਅਜੇਹੀ ਗਿਰਾਵਟ ਆ ਗਈ ਸੀ ਕਿ ਆਪਣੀਆਂ ਧੀਆਂ ਦੇ ਡੋਲੇ ਮੁਸਲਮਾਨਾਂ ਨੂੰ ਦੇਣ ਵਿੱਚ ਫ਼ਖਰ ਸਮਝਦੇ ਸਨ। ਗੱਲ ਕੀ ਸੈਕੜੇ ਸਾਲਾਂ ਦੀ ਜ਼ੁਲਮਾਂ ਭਰੀ ਗੁਲਾਮੀਂ ਨੇ ਹਿੰਦ ਵਾਸੀਆਂ ਦੀ ਗ਼ੈਰਤ ਅਤੇ ਸਵੈਮਾਨ ਦਾ ਭੋਗ ਪਾ ਦਿਤਾ ਸੀ।

ਪਰਜਾ ਦੀ ਜਾਨ ਮਾਲ ਅਤੇ ਸਭਿਅਤਾ ਦੀ ਰਾਖੀ ਕਰਨ ਵਾਲੀ ਹਕੂਮਤ, ਅਜੇਹੇ ਤੰਗ ਦਿਲ ਲੋਕਾਂ ਦੇ ਹੱਥ ਵਿਚ ਆ ਚੁੱਕੀ ਸੀ ਜਿਹੜੇ ਹਿੰਦੂਆਂ ਨੂੰ ਕਾਫ਼ਰ ਸਮਝਦੇ ਸਨ ਅਤੇ ਉਨ੍ਹਾਂ ਨੂੰ ਲੁਟਣਾ ਮਾਰਨਾ ਇਸਲਾਮ ਦੀ ਸੇਵਾ ਸਮਝਦੇ ਸਨ। ਉਨ੍ਹਾਂ ਨਿਰਦਈ ਹਾਕਮਾਂ ਨੂੰ ਧਰਮ ਦੀ ਸਿਖਿਆ ਦੇਣ ਵਾਲੇ ਮੌਲਵੀ, ਇਸਲਾਮੀ ਸ਼ਰ੍ਹਾ ਦੀ ਗ਼ਲਤ ਵਰਤੋ ਕਰਕੇ ਗ਼ਰੀਬਾਂ ਤੇ ਜ਼ੁਲਮ ਕਰਨ ਨੂੰ ਧਰਮ ਦੀ ਸੇਵਾ ਅਥਵਾ ਸਵਾਬ (ਪੁੰਨ) ਦਾ ਕੰਮ ਦਸ ਰਹੇ ਸਨ। ਮੁਸਲਮਾਨ ਪੀਰਾਂ ਫਕੀਰਾਂ ਦੀ ਪੂਰੀ ਚੜ੍ਹਤ ਸੀ। ਠੱਗ ਖਾਣ ਵਾਸਤੇ ਜਾਦੂ ਟੂਣੇ, ਧਾਗੇ ਤਵੀਤ, ਮਸਾਣ ਜਗਾਉਣੇ, ਜਿੰਨ ਭੂਤ ਚੰਬੇੜਨੇ ਅਤੇ ਫਿਰ ਕੱਢਣ ਵਾਲੇ ਸੌਰੀਏ, ਪੀਰਾਂ-ਫਕੀਰਾਂ ਦੀਆਂ ਅਖੌਤੀ ਕਰਾਮਾਤਾਂ ਦੀ ਸ਼ਕਤੀ ਦੇ ਪਰਚਾਰ ਨਾਲ ਕਬਰਾਂ, ਖਾਨਕਾਹਾਂ ਤੇ ਮੰਨਤਾਂ ਮੰਨਣ ਦੇ ਚੱਕਰਾਂ ਵਿਚ ਫਸਾ ਕੇ ਜੰਤਾ ਦੀ ਸਮੂਹਕ ਲੁੱਟ ਅਰੰਭੀ ਹੋਈ ਸੀ। ਦੂਜੇ ਪਾਸੇ ਬ੍ਰਾਹਮਣ ਨੇ ਜਦ ਵੇਖਿਆ ਕਿ ਜਿਨ੍ਹਾਂ ਖੱਤਰੀਆਂ ਅਥਵਾ ਰਾਜਪੂਤਾਂ ਨੇ ਬ੍ਰਾਹਮਣ ਅਥਵਾ ਹਿੰਦੂ ਧਰਮ ਦੀ ਰਖਿਆ ਕਰਨ ਦਾ ਕੰਮ ਸਾਂਭਿਆ ਹੋਇਆ ਸੀ, ਉਹ ਤਾਂ ਸਗੋਂ ਆਪਣੀਆਂ ਧੀਆਂ ਠਾਕਰਾਂ (ਭਾਵ, ਕ੍ਰਿਸ਼ਨ-ਮੂਰਤੀ) ਨਾਲ ਵਿਆਹੁਣ ਦੀ ਥਾਂ ਮੁਸਲਮਾਨ ਹਾਕਮਾਂ ਦੇ ਘਰੀਂ ਭੇਜਣੀਆਂ ਕਲਿਆਣ ਕਾਰੀ ਮੰਨ ਬੈਠੇ ਸਨ ਅਤੇ ਮੁਖਬਰੀਆਂ ਕਰਕੇ ਭਰਾਂਵਾਂ ਨੂੰ ਮਰਵਾਂਨ ਵਾਲੇ ਜੈਚੰਦ ਬਣ ਰਹੇ ਸਨ, ਤਾਂ ਉਸ (ਬ੍ਰਾਹਮਣ) ਨੇ ਵੀ, ਕਲਾਬਾਜ਼ੀ ਖਾ ਕੇ ਰੰਗ ਵਟਾ ਲੈਣ ਵਾਲੇ, ਬ੍ਰਹਮ-ਅਸਤ੍ਰ ਦਾ ਪ੍ਰਯੋਗ ਕਰ ਲਿਆ। ਰਾਜ-ਗੁਰੂ ਅਤੇ ਰਾਜ ਪ੍ਰੋਹਤ ਦੀ ਥਾਂ ਰਾਜ-ਮਸਖ਼ਰਾ (ਬੀਰਬਲ- ਭੱਟ ਵੰਸ਼ ਦਾ ਬ੍ਰਾਹਮਣ ) ਰਾਜ ਗਵੱਈਆ ( ਤਾਨਸੇਨ-ਇਸ ਪ੍ਰੋਹਤ ਦਾ ਅਸਲ ਨਾਮ ਤ੍ਰਿਲੋਚਨ ਮਿਸ਼੍ਰ ਸੀ) ਅਤੇ ਰਾਜ-ਦਲਾਲ (ਧੱਨਾਡ ਹਿੰਦੂਆਂ ਦੇ ਧਨ-ਦੌਲਤ ਅਤੇ ਸੁੰਦਰ ਸੁਸ਼ੀਲ ਇਸਤ੍ਰੀਆਂ ਦੀ ਖ਼ਬਰ ਮੁਸਲਮਾਨ ਹਾਕਮਾਂ ਤੱਕ ਪੁਚਾਉਣੀ ਅਤੇ ਫਿਰ ਆਪ ਹੀ ਵਿਚੋਲਾ) ਬਣ ਕੇ ਨਵੇਂ ਮਾਲਕਾਂ ਦੀਆਂ ਖੁਸ਼ੀਆਂ ਦਾ ਪਾਤਰ ਬਣ ਗਿਆ। ਜਿਸ ਹਾਕਮ ਨੂੰ ਮਲੇਛ ਆਖਦਾ ਸੀ, ਉਸ ਜ਼ਾਲਮ ਨੂੰ ਸਗੋਂ ਅੰਨ-ਦਾਤਾ ਆਖ ਕੇ ਉਸ ਨੂੰ ਆਪਣਾ ਮਾਲਕ ਥਾਪ ਲਿਆ। ਤੇ ਹੁਣ ਜਦ ਕੁਤਵਾਲ ਜੀ ਸਈਆਂ ਬਣ ਗਏ, ਫਿਰ ਡਰ ਕਿਸ ਦਾ ਸੀ **?** ਦੋਹੀਂ ਹੱਥੀਂ ਜੰਤਾ ਨੂੰ ਲੁੱਟਣਾ ਅਰੰਭ ਕਰ ਦਿੱਤਾ।

ਧਾਰਮਿਕ ਆਗੂਆਂ ਦੀ ਵਿਖਾਵੇ ਦੀ ਜ਼ਿੰਦਗੀ ਅਸਲ ਨਾਲੋਂ ਵਖੱਰੀ ਸੀ। ਉਸ ਸਮੇਂ ਦੇ ਮੁੱਲਾਂ, ਬ੍ਰਾਹਮਣ ਅਤੇ ਖਤ੍ਰੀਆਂ ਦੇ ਆਚਰਨ ਦਾ ਵਰਣਨ ਗੁਰੂ ਨਾਨਕ ਦੇਵ ਜੀ ਨੇ ਇਸ ਪ੍ਰਕਾਰ ਕੀਤਾ ਹੈ :-

੨- **ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥**
**ਤਿਨ ਘਰਿ ਬ੍ਰਾਹਮਣ ਪੂਰਹਿ ਨਾਦ ॥ ਉਨ੍ਹਾ ਭਿ ਆਵਹਿ ਓਈ ਸਾਦ ॥**
**ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥**
**ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥**
**ਮਥੈ ਟਿਕਾ ਤੇੜਿ ਧੋਤੀ ਕਖਾਈ ॥ ਹਥਿ ਛੁਰੀ ਜਗਤ ਕਾਸਾਈ ॥**
**ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥**
**ਅਭਾਖਿਆ ਕਾ ਕੁਠਾ ਬਕਰਾ ਖਾਣਾ ॥ ਚਉਕੇ ਉਪਰਿ ਕਿਸੈ ਨ ਜਾਣਾ ॥**

**ਦੇ ਕੈ ਚਉਕਾ ਕਢੀ ਕਾਰ ॥ ਉਪਰਿ ਆਇ ਬੈਠੇ ਕੂੜਿਆਰ ॥**
**ਮਤੁ ਭਿਟੈ ਵੇ ਮਤੁ ਭਿਟੈ ॥ ਇਹੁ ਅੰਨੁ ਅਸਾਡਾ ਫਿਟੈ ॥**
**ਤਨਿ ਫਿਟੈ ਫੇੜ ਕਰੇਨਿ ॥ ਮਨਿ ਜੂਠੈ ਚੁਲੀ ਭਰੇਨਿ ॥**
**ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ ਤਾ, ਸਚੁ ਪਾਈਐ ॥ ੨ ॥[੪੭੧]-ਵਾਰ-੧੬**

**ਅਰਥ** :- (ਕਾਜ਼ੀ ਤੇ ਮੁਸਲਮਾਨ ਹਾਕਮ) ਹਨ ਤਾਂ ਮਾਣਸ ਖਾਣੇ (ਵੱਢੀ-ਖੋਰ) ਪਰ ਪੜ੍ਹਦੇ ਹਨ ਨਮਾਜ਼ਾਂ ।(ਇਨਾਂ ਹਾਕਮਾਂ ਦੇ ਅਗੇ ਮੁਨਸ਼ੀ ਉਹ ਖਤ੍ਰੀ ਹਨ ਜੋ) ਛੁਰੀ ਚਲਾਂਦੇ ਹਨ (ਭਾਵ ਗਰੀਬਾਂ ਦਾ ਲਹੂ ਨਿਚੋੜਦੇ ਹਨ) ਪਰ ਗਲ ਵਿਚ ਜਨੇਊ ਹੈ । ਇਨ੍ਹਾਂ ਜ਼ਾਲਮ ਖੱਤ੍ਰੀਆਂ) ਦੇ ਘਰ ਬ੍ਰਾਹਮਣ ਜਾ ਕੇ ਸੰਖ ਵਜਾਂਦੇ ਹਨ , ਤੇ ਜ਼ੁਲਮ ਨਾਲ ਕਮਾਇਆ ਹੋਇਆ ਪਦਾਰਥ ਸੁਆਦ ਲਾ ਲਾ ਕੇ ਖਾਂਦੇ ਹਨ । ਸਭ ਝੂਠ ਬੋਲ ਬੋਲ ਕੇ ਰੋਜ਼ੀ ਕਮਾਉਂਦੇ ਹਨ ਬਸ ਝੂਠ ਦੇ ਹੀ ਵਪਾਰੀ ਹਨ । ਇਹ ਲੋਕ ਨਾ ਆਪਣੀ ਸ਼ਰਮ ਹਯਾ ਦਾ ਖਿਆਲ ਕਰਦੇ ਹਨ ਅਤੇ ਨਾ ਹੀ ਧਰਮ ਦੇ ਕੰਮ ਕਰਦੇ ਹਨ । ਗੁਰਦੇਵ ਜੀ ਫ਼ੁਰਮਾਨ ਕਰਦੇ ਹਨ ਕਿ ਸਭ ਥਾਂਈਂ ਝੂਠ ਹੀ ਪਰਧਾਨ ਹੋ ਰਿਹਾ ਹੈ ।

ਇਹ ਲੋਕ ਮੱਥੇ ਉਤੇ ਟਿੱਕਾ ਲਾ ਕੇ ਗੇਰੂਏ ਰੰਗ ਦੀ (ਕਖਾਈ=ਗੇਰੂਏ ਰੰਗ ਦੀ) ਧੋਤੀ ਬੰਨ੍ਹਦੇ ਹਨ ਪਰ ਹਥ ਵਿਚ ਮਾਨੋ ਛੁਰੀ ਫੜੀ ਹੋਈ ਹੈ ਤੇ ਵਸ ਲਗਦਿਆਂ ਹਰੇਕ ਜੀਵ ਉਤੇ ਜ਼ੁਲਮ ਕਰਦੇ ਹਨ । (ਤੁਰਕ ਹਾਕਮਾਂ ਦੀ ਕਚਹਿਰੀ ਵਿੱਚ ਦਾਖਲੇ ਦੀ ਪਰਵਾਨਗੀ ਵਾਸਤੇ) ਨੀਲੇ ਰੰਗ ਦੇ ਕਪੜੇ ਪਾਉਂਦੇ ਹਨ । ਜਿਨ੍ਹਾਂ ਨੂੰ ਮਲੇਛ ਆਖਦੇ ਹਨ ਉਨ੍ਹਾਂ ਪਾਸੋਂ ਰੋਜ਼ੀ ਲੈਂਦੇ ਹਨ, ਤਰ ਫਿਰ ਪੁਰਾਣ ਪੂਜਦੇ ਹੋਏ ਏਹੋ ਸਮਝਦੇ ਹਨ ਕਿ ਅਸੀਂ ਪੁਰਾਣ ਦੇ ਅਨੁਸਾਰ ਹੀ ਚਲ ਰਹੇ ਹਾਂ । (ਏਥੇ ਹੀ ਬਸ ਨਹੀਂ) ਕਲਮਾਂ ਪੜ੍ਹ ਕੇ ਹਲਾਲ ਕੀਤਾ ਹੋਇਆ (ਅਭਾਖਿਆ ਕਾ ਕੁਠਾ) ਬੱਕਰਾ ਲੈ ਕੇ ਖਾਂਦੇ ਹਨ, ਪਰ (ਦਿਖਾਵੇ ਦਾ ਪਖੰਡ ਇਹ ਹੈ ਕਿ) ਕਿਸੇ ਹੋਰ ਨੂੰ ਆਪਣੇ ਚੌਕੇ ਉਤੇ ਨਹੀਂ ਚੜ੍ਹਨ ਦਿੰਦੇ । ਚਉਕਾ ਬਣਾ ਕੇ ਦੁਆਲੇ ਲਕੀਰਾਂ ਕਢਦੇ ਹਨ ਪਰ ਇਸ ਚੌਕੇ ਵਿੱਚ ਬੈਠਣ ਵਾਲੇ ਆਪ ਝੂਠੇ ਹਨ । (ਹੋਰਨਾਂ ਨੂੰ ਆਖਦੇ ਹਨ ਕਿ) ਨੇੜੇ ਆ ਕੇ ਸਾਡਾ ਚੌਕਾ ਭਿਟ ਕੇ ਸਾਰਾ ਅੰਨ ਹੀ ਖਰਾਬ ਨਾ ਕਰ ਦਇਉ ਪਰ ਆਪ ਇਹ ਲੋਕ ਅਪਵਿਤੱਰ ਸਰੀਰ ਨਾਲ ਮੰਦੇ ਕਰਮ ਕਰਦੇ ਹਨ, ਅਤੇ ਪਾਪਾਂ ਕਾਰਨ ਮਲੀਨ ਹੋਏ ਮਨ ਵਾਲੇ ਇਹ ਲੋਕ ਹੋਰਨਾਂ ਨੂੰ ਦੱਸਣ ਲਈ ਕਿ ਅਸੀਂ ਬੜੀ ਸੁੱਚ ਰਖਣ ਵਾਲੇ ਹਾਂ, ਚੁਲੀਆਂ ਕਰਦੇ ਹਨ । ਗੁਰਦੇਵ ਜੀ ਫ਼ੁਰਮਾਨ ਕਰਦੇ ਹਨ ਕਿ ਸਦਾ ਪ੍ਰਭੂ ਨੂੰ ਧਿਆਉਣਾ ਚਾਹੀਦਾ ਹੈ । ਪਵਿਤ੍ਰਤਾ ਹੋਈ ਤਦ ਹੀ ਸਮਝੀ ਜਾਂ ਸਕਦੀ ਹੈ ਜੇ ਪਰਮਾਤਮਾ ਹਿਰਦੇ ਵਿਚ ਆ ਵਸਿਆ ਹੋਵੇ । ਅਥਵਾ ਸੱਚੀ ਪਵਿਤ੍ਰਾ ਪ੍ਰਭੂ ਮਿਲਾਪ ਵਿਚ ਹੀ ਹੈ । ਅੰਦਰੋਂ ਅਤੇ ਬਾਹਰੋਂ ਉਹੀ ਮਨੱਖ ਪਵਿਤ੍ਰ ਹੈ ਜਿਹੜਾ ਪ੍ਰਭੂ ਨਾਲ ਜੁੜਿਆ ਹੋਇਆ ਹੈ । (ਹਿਰਦੇ ਵਿਚ ਪਰਮਾਤਮਾ ਦਾ ਨਿਵਾਸ ਨਾ ਹੋਣ ਦਾ ਅਰਥ ਹੈ ਕਿ ਹਿਰਦਾ ਅਪਵਿੱਤ੍ਰ ਹੈ)

ਧਰਮ ਦੀ ਰੂਪ ਰੇਖਾ ਵਿਗੜਦੀ ਵਿਗੜਦੀ ਵਿਗੜ ਚੁੱਕੀ ਸੀ । ਹਰ ਪਾਸੇ ਅਧਰਮ ਹੀ ਅਧਰਮ ਪਸਰਿਆ ਹੋਇਆ ਸੀ । ਸੱਚ ਆਚਾਰ ਨੂੰ ਸਮਝਣ ਦੀ ਤਾਂ ਭਾਵਨਾਂ ਹੀ ਅਲੋਪ ਹੋ ਚੁਕੀ ਸੀ । ਆਚਰਨ ਵਿਚ ਆਈ ਗਿਰਾਵਟ ਦਾ ਜ਼ਿਕਰ ਸਤਿਗੁਰਾਂ ਨੇ ਇਸ ਤਰ੍ਹਾਂ ਫ਼ੁਰਮਾਨ ਕੀਤਾ ਹੈ:--

੩- **ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ ॥**
**ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮ ਬੀਚਾਰੁ ॥**
**ਜਿਨ ਜੀਵੰਦਿਆਂ ਪਤਿ ਨਹੀ ਮੁਇਆ ਮੰਦੀ ਸੋਇ ॥**
**ਲਿਖਿਆ ਹੋਵੈ ਨਾਨਕਾ ਕਰਤਾ ਕਰੇ ਸੁ ਹੋਇ ॥ ੧ ॥**[੧੨੪੨]-ਪਉ-੧੪

ਭਾਵ, ਕਿ ਲੋਕ ਕੁੱਤ-ਮੂੰਹੇ ਹੋ ਕੇ ਪਰਾਇਆ ਹੱਕ ਖਾਣ ਲੱਗ ਪਏ ਹਨ । ਝੂਠ, ਬੇਈਮਾਨੀ ਤੇ ਅਧਰਮ ਲੋਕਾਂ ਦੇ ਆਚਰਨ ਦਾ ਹਿੱਸਾ ਬਣ ਚੁੱਕੇ ਸਨ । ਆਪਣਾ ਲੋਕ ਅਤੇ ਪ੍ਰਲੋਕ ਗੁਆ ਬੈਠੇ ਹੋਏ ਸਨ । ਬੜੇ ਯੋਜਨਾਬੱਧ ਢੰਗ ਨਾਲ ਲੁਕਾਈ ਨੂੰ ਅਗਿਆਨਤਾ ਦੇ ਅਨ੍ਹੇਰੇ ਖੂਹ ਵਿੱਚ ਧੱਕਾ ਦੇ ਦਿੱਤਾ ਹੋਇਆ ਸੀ । ਧਰਮ ਦਾ ਰਾਖਾ ਬ੍ਰਾਹਮਣ ਅਤੇ ਮੌਲਾਣਾ, ਆਪ ਹੀ ਨਿਰਦਈ ਲੁਟੇਰਾ ਅਤੇ ਠੱਗ ਬਣੀ ਬੈਠਾ ਗ਼ਰੀਬ ਜੰਤਾ ਦਾ ਖ਼ੂਨ ਨਿਚੋੜੀ ਜਾ ਰਿਹਾ ਸੀ । ਲੁਟਣਹਾਰੇ ਦੇ ਕਸਬ ਦਾ ਕਮਾਲ ਇਹ ਸੀ ਕਿ ਲੋਕ ਉਸਦੇ ਕਰਵੱਤ ਹੇਠ ਬੈਠ ਕੇ ਦੋਫਾੜ ਹੋ ਜਾਣ ਨੂੰ ਆਪਣੀ ਮੁਕਤੀ ਦਾ ਸਾਧਨ ਮੰਨ ਚੁੱਕੇ ਸਨ । ਅਜੇਹੀ ਗਿਰਾਵਟ ਆ ਗਈ ਕਿ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦੀ ਪੂਜਾ ਤੋਂ ਵੀ ਹੇਠਾਂ ਪਸ਼ੂਆਂ, ਪੰਖੀਆਂ, ਜ਼ਹਿਰੀਲੇ ਸੱਪਾਂ, ਦ੍ਰਖ਼ਤਾਂ, ਮੜ੍ਹੀਆਂ ਮਸਾਣਾਂ, ਮਕਬਰਿਆਂ, ਭੂਤਾਂ-ਪ੍ਰੇਤਾਂ ਆਦਿ ਦੀ ਪੂਜਾ ਕੀਤੀ ਅਤੇ ਕਰਵਾਈ ਜਾ ਰਹੀ ਸੀ । ਕਈ ਪ੍ਰਕਾਰ ਦੇ ਭੇਖ ਬਣਾਈ ਬੈਠੇ ਸਾਧ ਸੰਤ, ਜੋਗੀ, ਜੰਗਮ ਆਦਿ ਨੇ ਰਿਧੀਆਂ ਸਿਧੀਆਂ ਦੇ ਚਮਤਕਾਰੀ ਛਲਾਵਿਆਂ ਅਤੇ ਵਰਾਂ ਸਰਾਪਾਂ ਦੇ ਫੋਕੇ ਭਰਮਾਂ ਵਿਚ ਜੰਤਾ ਨੂੰ ਫਸਾ ਕੇ, ਮਨ ਆਈ ਲੁੱਟ ਮਚਾਈ ਹੋਈ ਸੀ । ਪੂਜਾ ਅਥਵਾ ਦਾਨ ਦੇ ਵੱਟੇ ਪ੍ਰਭੂ ਮਿਲਾਪ ਦੇ ਮਨਘੜਤ ਲਾਰਿਆਂ ਨਾਲ ਮਚਾਈ ਲੁੱਟ, ਗ਼ਰੀਬਾਂ ਦਾ ਲਹੂ ਨਿਚੋੜ ਕੇ, ਅਛੋਪਲੇ ਹੀ, ਉਨ੍ਹਾਂ ਨੂੰ ਪੀਲੇ ਭੂਕ ਕਰੀ ਜਾ ਰਹੀ ਸੀ । ਧਰਮ ਦੇ ਨਾਂ ਹੇਠ ਰਚਾਏ ਇਸ ਚਕ੍ਰਵਿਊ ਵਿੱਚ ਫਸੀ ਹੋਈ ਲੁਕਾਈ ਆਪਣੇ ਲਹੂ ਪਸੀਨੇ ਦੀ ਕਮਾਈ ਲੁਟਾਈ ਜਾ ਰਹੀ ਸੀ । ਸੁਖਣਾਂ ਦੇ ਸਹਾਰੇ ਹੁੰਦੇ ਕਾਰਜਾਂ ਦੇ ਫੋਕੇ ਭਰਮਾਂ ਵਿੱਚ ਲੋਕ ਅਜੇਹੇ ਫਸੇ ਹੋਏ ਸਨ ਕਿ ਆਪਣਾ ਮਨੋ-ਬਲ ਅਤੇ ਸਵੈ-ਭਰੋਸਾ ਗੁਆ ਚੁੱਕੇ ਸਨ । ਛੂਤ ਛਾਤ ਦਾ ਭੂਤ ਪਰਸਪਰ ਹਮਦਰਦੀ ਅਤੇ ਸਨੇਹ ਦੀ ਭਾਵਨਾਂ ਨੂੰ ਨਿਗਲ ਚੁੱਕਾ ਸੀ ।

ਸੈਂਕੜੇ ਸਾਲਾਂ ਤੋਂ ਅਜੇਹੇ ਨਿਰਦਈ ਜਰਵਾਣਿਆਂ ਦੀ ਗ਼ੁਲਾਮੀ, ਜਿਨ੍ਹਾਂ ਕੋਲੋਂ ਜਾਨ, ਮਾਲ ਅਤੇ ਇਜ਼ੱਤ ਨੂੰ ਹਰ ਸਮੇ ਗੰਭੀਰ ਖਤਰਾ ਬਣਿਆ ਰਹਿੰਦਾ ਸੀ, ਜਿਹੜੇ ਨਿਤ ਨਵੇਂ ਢੰਗ ਨਾਲ ਲੋਕਾਂ ਦੇ ਸਵੈਮਾਣ ਅਤੇ ਅਣਖ ਦਾ ਭੋਗ ਪਾਉਂਦੇ ਆ ਰਹੇ ਸਨ, ਬ੍ਰਾਹਮਣ ਦੀ ਕੁਟਲਨੀਤੀ ਕਾਰਨ ਹਜ਼ਾਰਾਂ ਸਾਲਾਂ ਤੋਂ ਲਗਾਤਾਰ ਪੱਸਰਦੀ ਆ ਰਹੀ ਅਨਪੜ੍ਹਤਾ, ਅਤੇ ਧਰਮ ਦੇ ਨਾਂ ਤੇ ਖਿਲਾਰੇ ਭਰਮ-ਜਾਲਾਂ ਨੇ, ਮਨੁੱਖ ਦੀ ਸ਼ਕਲ ਅੰਦਰੋਂ ਅਤੇ ਬਾਹਰੋਂ ਅਜੇਹੀ ਤਰਸਜੋਗ ਬਣਾ ਦਿੱਤੀ ਸੀ ਕਿ ਜਿਸ ਨੂੰ ਦੇਖ ਕੇ ਕਵੀ ਹਿਰਦਾ ਹਉਕਾ ਭਰਨੋ ਨਾਂ ਰਹਿ ਸਕਿਆ--**ਨਜ਼ਰ ਆਤੀ ਹੈ ਤਸਵੀਰ, ਲੇਕਨ, ਯਿਹ ਹੈ ਇਨਸਾਨ ਕੀ ਯਾ ਜਾਨਵਰ ਕੀ ?**

ਅਗਿਆਨਤਾ ਅਤੇ ਬਹੁਪੱਖੀ ਜ਼ੁਲਮ ਦੀ ਮਾਰੂ ਕਾਂਗ ਵਿੱਚ ਰੋਹੜੇ ਪਈ ਪਰਜਾ, ਆਪਣਾ ਸਾਹ-ਸਤ ਉਕਾ ਹੀ ਗੁਆ ਬੈਠੀ ਸੀ । ਸਾਰੇ ਦਾ ਸਾਰਾ ਭਾਰਤ ਜ਼ੁਲਮ ਦੇ ਕੋਹਲੂ ਵਿੱਚ ਪਿਆ ਹੋਇਆ ਪੀੜਿਆ ਜਾ ਰਿਹਾ ਸੀ । ਕੋਈ ਵੀ ਦੇਵੀ ਦੇਵਤਾ ਬਹੁੜੀ ਨਹੀਂ ਸੀ ਕਰ ਰਿਹਾ । ਏਸੇ ਭਾਰਤ ਦੀ ਇੱਕ ਬੱਚੀ, **ਸੀਤਾ** ਦੇ ਉਧਾਲੇ ਜਾਣ ਤੇ ਲੱਖਾਂ ਬੇਗੁਨਾਹਾਂ ਨੂੰ ਮੌਤ ਦੇ ਮੂੰਹ ਵਿੱਚ ਵਗਾਹ ਮਾਰਨ ਵਾਲਾ ਰਾਮ-ਰੂਪ **ਵਿਸ਼ਨੂੰ,** ਅਜ ਲੱਖਾਂ ਬੇਗੁਨਾਹ ਬੱਚੀਆਂ ਦੇ ਕਤਲ, ਬਲਾਤਕਾਰ ਅਤੇ ਉਧਾਲੇ ਜਾਣ ਨੂੰ ਸ਼ਾਇਦ ਪਾਪ ਜਾਂ ਧੱਕਾ, ਮੰਨਦਾ ਹੀ ਨਹੀਂ ਸੀ ? ਸ਼ਾਇਦ ਉਸ ਭਗਵਾਨ ਦੇ ਦਰਬਾਰ ਵਿਚ ਸਿਰਫ਼ ਭਗਵਾਨ ਦੀ ਆਪਣੀ ਪਤਨੀ ਨੂੰ ਚੁੱਕ ਖੜਨਾਂ ਹੀ ਅਪਰਾਧ ਮੰਨਿਆਂ ਜਾਂਦਾ ਹੋਵੇ ? ਗੀਤਾ ਵਿਚ ਲਿਖੇ ਇਕਰਾਰ ਵਾਲਾ ਕ੍ਰਿਸ਼ਨ-ਰੂਪ **ਵਿਸ਼ਨੂੰ** ਸ਼ਾਇਦ ਇਸ ਪੱਸਰ ਰਹੇ ਅਧਰਮ ਨੂੰ, ਅਧਰਮ ਸਮਝਦਾ ਹੀ ਨਾ ਹੋਵੇ ? ਹੋਰ ਸਭ ਕੁਝ ਇਕ ਪਾਸੇ ਰਿਹਾ ਕ੍ਰਿਸ਼ਨ ਜੀ ਦੀ ਜਨਮ-ਅਸਥਾਨ ਤੇ ਬਣੇ ਕੇਸ਼ਵਦੇਵ ਮੰਦਰ ਨੂੰ ਢਾਹ ਕੇ ਮਸੀਤ ਬਣਾ ਦਿੱਤੀ ਅਤੇ ਮਥੁਰਾ ਸ਼ਹਿਰ ਦਾ ਨਾਮ ਬਦਲ ਕੇ ਔਰੰਗਾਬਾਦ ਰੱਖ ਦਿਤਾ

ਅਤੇ ਅਜੁਧਿਯਾ ਵਿਚਲੇ ਰਾਮਚੰਦਰ ਜੀ ਦੇ ਕਥਿਤ ਜਨਮ ਅਸਥਾਨ ਵਾਲੇ ਮੰਦਰ ਦੀ ਮਸੀਤ ਬਣਾ ਦਿੱਤੀ ਸੀ । ਭਗਵਾਨ ਦੇ ਆਪਣੇ ਘਰਾਂ ਦੀ ਏਡੀ ਦੁਰਦਿਸ਼ਾ ਹੋਣ ਤੇ ਵੀ ਉਸ ਨੇ ਧਰਤੀ ਤੇ ਆਉਣ ਦੀ ਲੋੜ ਨਾ ਸਮਝੀ । ਕੀ, ਏਨੀ ਮਾਰ ਪੈਣ ਤੇ ਵੀ ਭਗਵਾਨ ਦੜ ਵੱਟੀ ਸ਼ੇਸ਼ਨਾਗ ਦੀ ਸੇਜ ਤੇ ਹੀ ਪਿਆ ਰਿਹਾ ?

ਭਾਰਤ ਦੀ ਇੱਕ ਬੱਚੀ **ਸੀਤਾ ਜੀ** ਦੀ ਪੱਤ ਰੱਖਣ ਖਾਤਰ ਆਪਣਾ ਕਲੇਜਾ ਪਾੜ ਖਲੋਣ ਵਾਲੀ, ਇਹ **ਧਰਤੀ**-ਮਾਤਾ, ਓਸੇ ਭਾਰਤ ਦੀਆਂ ਅਨਗਿਣਤ ਬੱਚੀਆਂ ਦੀ ਦੁਖਦਾਈ ਕੁਰਲਾਹਟ ਨਹੀਂ ਸੀ ਸੁਣ ਰਹੀ । ਸੈਂਕੜੇ ਸਾਲਾਂ ਤੋਂ ਹੋ ਰਿਹਾ ਇਹ ਜ਼ੁਲਮੀ ਨਾਚ, ਚੁੱਪ ਚਾਪ ਵੇਖਿਆ ਜਾ ਰਿਹਾ ਸੀ । ਗੀਤਾ ਦੇ ਉਚਾਰਨ ਹਾਰੇ ਭਗਵਾਨ ਵਿਸ਼ਨੂੰ, ਸ੍ਰੀ ਕ੍ਰਿਸ਼ਨ, ਬ੍ਰਹਮਾਂ, ਸ਼ਿਵ, ਦੁਰਗਾ ਮੱਯਾ, ਲਾਟਾਂ ਵਾਲੀ ਜੁਆਲਾ ਜੀ, ਸ਼ੇਰਾਂ ਵਾਲੀ ਵੈਸ਼ਨੋ ਦੇਵੀ ਅਥਵਾ ਹੋਰ ਕ੍ਰੋੜਾਂ ਦੇਵੀ ਦੇਵਤਿਆਂ, ਸਭ ਨੇ, ਜੰਤਾ ਦਾ ਇਹ ਨਾਸੂਰ ਨਿਰਸੰਦੇਹ, ਅਸਾਧ ਮੰਨ ਕੇ ਕੰਨਾ-ਘੇਸਲ ਮਾਰ ਲਈ ਹੋਈ ਸੀ । ਜੰਤਾ ਸੱਭ ਥਾਈਂ ਜੋਦੜੀਆਂ ਬੇਨਤੀਆਂ ਕਰ ਕੇ ਹਾਰ ਹੁੱਟ ਗਈ । ਲਾਵਾਰਸ ਬਣੇ ਹੋਏ ਲੋਕਾਂ ਦੇ ਮਨਾਂ ਵਿਚ ਕਿਸੇ ਭਗਵਾਨ ਜਾਂ ਦੇਵੀ ਦੇਵਤੇ ਦੀ ਕਥਿਤ ਹੋਂਦ ਬਾਰੇ ਸ਼ੰਕੇ ਪੈਦਾ ਹੋ ਰਹੇ ਸਨ । ਕਿਤੇ ਇਹ ਪੁਰਾਤਨ ਕਹਾਣੀਆਂ ਮਨ-ਘੜਤ ਹੀ ਤਾਂ ਨਹੀਂ ?

## ੨

# ਸੁਣੀ ਪੁਕਾਰ ਦਾਤਾਰ ਪ੍ਰਭ

ਦੁਖੀਆਂ ਦੇ ਹਾੜਿਆਂ ਅਤੇ ਤਰਲਿਆਂ ਨਾਲ ਜਦ ਬ੍ਰਾਹਮਣ ਦਾ ਕੋਈ ਵੀ ਦੇਵੀ ਦੇਵਤਾ ਜਾਂ ਭਗਵਾਨ ਨਾ ਪਸੀਜਿਆ ਤਾਂ ਆਖ਼ਰ ਉਸ ਪਰਮਾਤਮਾ ਨੇ ਦੁਖੀ ਲੋਕਾਂ ਦੀ ਪੁਕਾਰ ਸੁਣ ਲਈ ਜਿਹੜਾ ਆਦਿ, ਅਜੋਨ ਅਬਿਨਾਸੀ ਹੈ । ਜਿਹੜਾ ਪ੍ਰਭੂ--**ਆਪਿ ਪਿਤਾ ਆਪਿ ਮਾਇਆ**-(੭੮੩) ਹੈ । ਜੋ ਕਦੇ ਕਿਸੇ ਸਮੇ, ਕਿਸੇ ਵੀ ਸਥਿਤੀ ਕਾਰਨ, ਗਰਭ ਵਿਚ ਨਹੀਂ ਆਇਆ (**ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ** ॥(੪੭੩) । ਕਿਸੇ ਨਾਲ ਕੋਈ ਇਕਰਾਰ ਕਰਨ ਦੀ ਲੋੜ, ਪਰਮਾਤਮਾ ਨੂੰ ਭਲਾ ਕਿਉਂ ਪਵੇ ?

ਮਨੁੱਖ ਦੀ ਵਿਗੜ ਚੁੱਕੀ ਸ਼ਕਲ-ਸੂਰਤ ਨੂੰ ਨਿਖਾਰ ਕੇ ਅਤੇ ਸੁਆਰ ਕੇ, ਵਿਕਾਰਾਂ ਤੋਂ ਰਹਿਤ, ਇਕ **ਨਿਆਰੇ ਆਚਰਨ ਵਾਲਾ ਖ਼ਾਲਸ-ਮਨੁੱਖ** ਬਣਾ ਦੇਣ ਲਈ **ਪਰਮ-ਖ਼ਾਲਸਾ** ਜੀ ਦਾ ਆਗਮਨ ਹੋਇਆ--**ਸੁਣੀ ਪੁਕਾਰ ਦਾਤਾਰ ਪ੍ਰਭ ਗੁਰੁ ਨਾਨਕ ਜਗ ਮਾਹਿ ਪਠਾਇਆ** । ਇਨਸਾਨੀਅਤ ਦੇ ਦਰਦ ਨੂੰ ਸਮਝ ਕੇ, ਇਸ ਨੂੰ ਲੱਗ ਚੁੱਕੇ ਅਸਾਧ ਰੋਗ ਦਾ ਠੀਕ ਇਲਾਜ ਕਰ ਸਕਣ ਵਾਲੇ **ਇਕ ਅਨੋਖੇ ਵੈਦ, ਅਤੇ ਸੱਚ ਦੇ ਢੰਡੋਰਚੀ, ਸ੍ਰੀ ਗੁਰੂ ਨਾਨਕ ਦੇਵ ਜੀ ਸੰਸਾਰ ਵਿਚ ਆਏ** (ਸੰਨ ੧੪੬੯) । ਇਹ ਅਜੇਹਾ ਅਵਤਾਰ ਨਹੀਂ ਸੀ ਜਿਸ ਨੇ ਸ੍ਰੀ ਕ੍ਰਿਸ਼ਨ ਜੀ ਵਾਂਗ ਆਪਣੇ ਆਪ ਨੂੰ ਸ੍ਰਿਸ਼ਟੀ ਦਾ ਰਚਨਹਾਰ ਅਤੇ ਖੈ ਕਰਨਹਾਰਾ **ਰੱਬ** ਕਿਹਾ ਹੋਵੇ ਜਾਂ ਲੋਕਾਂ ਨੂੰ ਕੋਈ ਲਾਰਾ ਲਾਇਆ ਹੋਵੇ । । ਉਹ ਰੱਬ ਤਾਂ ਨਹੀਂ ਸੀ, ਪਰ ਉਸ ਵਿਚ ਸਾਰੇ ਦੇ ਸਾਰੇ ਗੁਣ ਰੱਬ ਵਾਲੇ ਹੀ ਸਨ । ਉਹ ਪੂਰਨ ਗੁਰ ਅਵਤਾਰ ਸੀ । ਉਹ ਹਿੰਦ ਦੇ ਕਿਸੇ ਖਾਸ ਹਿੱਸੇ ਦੇ ਖਾਸ ਵਾਸੀਆਂ ਵਾਸਤੇ ਨਹੀਂ ਸਗੋਂ ਸੰਸਾਰ ਭਰ ਦੇ ਮਨੱਖਾਂ ਦੇ ਤਪਦੇ ਹਿਰਦਿਆਂ ਨੂੰ ਠੰਡ ਪਾਉਣ ਆਇਆ ਸੀ । ਤਦੇ ਤਾਂ ਭਾਈ ਗੁਰਦਾਸ ਜੀ ਨੇ ਇਹ ਉਚਾਰਿਆ ਸੀ--**ਬਾਬਾ ਦੇਖੈ ਧਿਆਨ ਧਰ ਜਲਤੀ ਸਭਿ ਪ੍ਰਿਥਵੀ ਦਿਸ ਆਈ** । ਗੀਤਾ ਦੇ ਸਲੋਕ ਵਾਲੀ ਯੂ-ਪੀ-ਪ੍ਰਿਥਵੀ ਨਹੀਂ ਸਗੋਂ ਭਾਈ ਸਾਹਿਬ ਨੇ ਸਾਰੀ ਸ੍ਰਿਸ਼ਟੀ ਦੀ ਗਲ ਕੀਤੀ ਹੈ।

ਇਸ ਅਨੋਖੇ ਵੈਦ ਨੇ ਮਨੁੱਖ ਦੇ ਰੋਗਾਂ ਦੀ ਜਾਂਚ ਪੜਤਾਲ ਕਰਨੀ ਅਰੰਭ ਦਿੱਤੀ । ਭਾਰਤੀ ਜੀਵਨ ਨੂੰ ਬਹੁਤੇ ਇਸ਼ਟਾਂ ਦੀ ਪੂਜਾ ਕਰਨ ਦੀ ਅਥਵਾ ਮਾਇਆ ਮੋਹ ਦੇ ਨਸ਼ੇ ਦੀ ਘੂਕੀ ਚੜ੍ਹੀ ਹੋਈ ਸੀ--**ਮਾਇਆ ਮੋਹਿ ਇਹੁ ਜਗੁ ਸੁਤਾ ॥ ਨਾਮੁ ਵਿਸਾਰਿ ਅੰਤਿ ਵਿਗੁਤਾ** ॥(੬੮੦)--**ਮੋਨਿ ਵਿਗੂਤਾ ਕਿਉ ਜਾਗੈ ਗੁਰ ਬਿਨੁ ਸੂਤਾ** ॥(੪੬੫) ਅਗਿਆਨਤਾ ਕਾਰਨ ਸੁਤੀ ਆਤਮਾ ਦੀ ਇਸ ਗੂਹੜੀ ਨੀਂਦ ਨੂੰ ਤੋੜ ਕੇ ਜਾਗ੍ਰਤ ਅਵਸਥਾ ਵਿੱਚ ਲਿਆਉਣ ਵਾਲੇ ਕਠਨ ਕੰਮ ਦੇ ਨਾਲ ਸਮਾਜਕ, ਰਾਜਨੀਤਕ, ਅਤੇ ਸਭਿਆਚਾਰਕ ਜਾਗ੍ਰਤੀ ਦੀ ਬੜੀ ਲੋੜ ਸੀ । ਮਾਇਆ ਦੇ ਅਡੋ-ਅੱਡਰੇ ਰੰਗਾਂ ਦੀ ਨੀਂਦ ਤੋਂ ਜੰਤਾ ਨੂੰ ਜਗਾ ਕੇ ਪੈਰਾਂ ਤੇ ਖੜਾ ਕਰਨ ਆਇਆ ਸੀ, ਸਤਿਗੁਰੂ ਬਾਬਾ ਨਾਨਕ । ਉਰਦੂ-ਫ਼ਾਰਸੀ ਦੇ ਮਸ਼ਹੂਰ ਸ਼ਾਇਰ ਅਤੇ ਉਚ-ਕੋਟੀ ਦੇ ਫ਼ਲਾਸਫ਼ਰ ਮੁਹੱਮਦ-ਇਕਬਾਲ ਨੇ ਬੜਾ ਢੁਕਵਾਂ ਕਿਹਾ ਸੀ ਕਿ : -

**ਫਿਰ ਉਠੀ ਆਖ਼ਰ ਸਦਾ ਤੌਹੀਦ ਕੀ ਪੰਜਾਬ ਸੇ ।**
**ਹਿੰਦ ਕੋ ਇੱਕ ਮਰਦੇ-ਕਾਮਲ ਨੇ ਜਗਾਇਆ ਖ਼ਾਬ ਸੇ ।**

ਜਨਤਾ ਵਿੱਚ ਆ ਚੁੱਕੀ ਗਿਰਾਵਟ ਵਲ ਝਾਤੀ ਮਾਰੀ । ਆਪਣੀ ਜਾਨ, ਆਪਣੀ ਧੀ-ਭੈਣ, ਆਪਣੀ ਇਸਤ੍ਰੀ ਅਤੇ ਆਪਣੀ ਮਾਤਾ ਦੀ ਬੇਪਤੀ ਹੁੰਦੀ ਦੇਖ ਕੇ ਕੋਈ ਰੋਸ ਕਰ ਸਕਣ ਦਾ ਜਿਗਰਾ ਗੁਆ ਬੈਠਿਆਂ ਹੋਇਆਂ ਵਿਚੋਂ, ਆਪਣਾਂ ਲਹੂ ਪੀਣੇ ਨੂੰ ਹੀ ਮੁਕਤੀ ਦਾਤਾ ਮੰਨ ਚੁਕਿਆਂ ਅਥਵਾ ਹਰ ਪਖੋਂ ਦੁਰਬਲਤਾ ਦਾ ਸ਼ਿਕਾਰ ਹੋ ਕੇ ਭੇਡਾਂ ਦਾ ਵੱਗ ਬਣ ਚੁੱਕਿਆਂ ਵਿਚੋਂ ਇਕ ਅਣਖੀ-ਸੂਰਮੇਂ, ਸ਼ੇਰ-ਮਰਦ, ਪੂਰੇ-ਸੰਤ ਅਤੇ ਸਿਦਕੀ-ਸਪਾਹੀ ਦਾ ਨਿਰਮਾਣ ਕਰਨ ਦਾ ਸੰਕਲਪ ਕਰ ਲਿਆ ਸੀ ਗੁਰਦੇਵ ਜੀ ਨੇ । ਅਰਥਾਤ ਸਮਾਜੀ ਅਤੇ ਇਖ਼ਲਾਕੀ ਗਿਰਾਵਟਾਂ ਪੈਦਾ ਕਰਨ ਵਾਲੇ ਵਹਿਮਾਂ ਅਤੇ ਭਰਮਾ ਵਿੱਚ ਗ੍ਰਸੀ, ਘਿਣਾਵਣੇ ਅਪਰਾਧਾਂ ਦੀ ਦੁਰਗੰਧ ਨਾਲ ਭਰੇ ਜਨਤਾ ਦੇ ਸਮੁੰਦਰ ਨੂੰ ਰਿੜਕ ਕੇ ਦੁਨੀਆਂ ਨੂੰ ਰੁਸ਼ਨਾ ਸਕਣ ਵਾਲੇ ਜਗਮਗਾਉਂਦੇ **ਰਤਨ** ਦੀ ਪ੍ਰਾਪਤੀ ਦੀ ਮਹਾਨ ਯੋਜਨਾ ਬਣਾ ਲਈ ਸੀ , ਸੂਰਮੇ ਗੁਰ ਬਾਬਾ ਜੀ ਨੇ ।

ਹਜ਼ਾਰਾਂ ਸਾਲਾਂ ਤੋਂ ਹੋ ਰਹੀ ਨਿਰੋਲ ਝੂਠ ਦੀ ਪੂਜਾ ਨੂੰ, ਸਚ ਮੰਨ ਕੇ ਲੋਕਾਈ ਉਸ ਕੋਰੇ ਝੂਠ ਪ੍ਰਤੀ ਡੂੰਘੀ ਸ਼ਰਧਾ ਬਣਾ ਚੁੱਕੀ ਹੋਈ ਸੀ । ਪਖੰਡ ਨੂੰ ਅਸਲੀਅਤ ਦਾ ਨਾਮ ਮਿਲ ਚੁਕਾ ਸੀ । ਗੁਰੂ ਨਾਨਕ ਦੇਵ ਜੀ ਦੇ **ਸੱਚ** ਦੀ ਸਮਝ ਤਾਂ ਬੀਬੀ ਨਾਨਕੀ ਦੇ ਸਿਵਾ, ਗੁਰੂ ਜੀ ਦੇ ਪਰਵਾਰ ਵਿੱਚ ਹੀ ਕਿਸੇ ਨੂੰ ਨਹੀਂ ਸੀ ਆ ਰਹੀ । ਅਜੇ ਬਾਲ ਉਮਰਾ ਹੀ ਸੀ ਕਿ ਜਨੇਊ ਪਾਂਉਣ ਲਗੇ ਬ੍ਰਾਹਮਣ ਨੂੰ ਰੋਕ ਕੇ ਇੱਕ ਅਜੇਹੇ ਜਨੇਊ ਦੀ ਮੰਗ ਕੀਤੀ - **ਦਇਆ ਕਪਾਹ, ਸੰਤੋਖ ਸੂਤੁ, ਜਤੁ ਗੰਢੀ ਸਤੁ ਵਟ । ਏਹ ਜਨੇਊ ਜੀਅ ਕਾ ਹਈ ਤ ਪਾਡੇ ਘਤੁ** ॥ (੪੭੧) ॥ ਕਦੇ ਵੀ ਮੈਲਾ ਨਾ ਹੋਣ ਵਾਲਾ ਅਤੇ ਨਾ ਹੀ ਟੁਟਣ ਵਾਲਾ, ਜਨੇਊ ਮੰਗਣ ਤੇ **ਪਾਂਡਾ** ਜੀ ਦੇ ਅਹੰਕਾਰ ਨੂੰ ਸੱਟ ਲੱਗੀ । ਆਪਣੀ ਗੱਦੀ ਡੋਲਦੀ ਦਿਸ ਆਈ ।

ਹਿੰਦੂ ਘਰ ਵਿਚ ਜਨਮ ਲੈ ਕੇ, ਬ੍ਾਹਮਣ ਦੇਵਤਾ ਜੀ ਦੇ ਜਨੇਊ ਨੂੰ ਨਿੰਦਣ ਵਾਲਾ ਇਹ ਕੌਣ ਹੈ ? ਬ੍ਾਹਮਣੀ ਸਮਾਜ ਉਸ ਦਿਨ ਤੋਂ ਹੀ ਗੁਰਦੇਵ ਜੀ ਦਾ ਦੁਸ਼ਮਨ ਬਣ ਗਿਆ । ਠੱਗੀ ਭਾਵਨਾ ਨਾਲ ਵਛਾਏ ਹੋਏ ਭਰਮ ਜਾਲ ਦੀਆਂ ਤੰਦਾਂ ਟੁਟਦੀਆਂ ਅਨਭਵ ਕਰਕੇ ਬ੍ਾਹਮਣ, ਡੇਰੇਦਾਰ ਸਾਧ, ਜੋਗੀ ਆਦਿ ਸਭ ਗੁਰਦੇਵ ਜੀ ਦੇ ਵਿਰੋਧੀ ਬਣ ਖਲੋਤੇ । ਜਨੇਊ ਪਾਉਣ ਤੋਂ ਨਾਹ ਕਰ ਦੇਣ ਵਾਲੀ ਗੱਲ ਦਾ ਜ਼ਖਮ ਅਜੇ ਰਿੱਸ ਹੀ ਰਿਹਾ ਸੀ ਕਿ ਗੁਰੂ ਜੀ ਨੇ ਸ਼ਾਦੀ ਸਮੇਂ ਅੱਗ ਦੁਆਲੇ ਫੇਰੇ ਲੈਣ ਤੋਂ ਨਾਹ ਕਰ ਦਿੱਤੀ । ਬ੍ਾਹਮਣ ਨੂੰ ਸਮੇਤ ਕੱਪੜੀਂ ਅੱਗ ਲੱਗ ਗਈ । ਈਰਖਾ ਗ੍ਸਿਆ ਪ੍ਰੋਹਤ ਏਥੋਂ ਤੱਕ ਗਿਰ ਗਿਆ ਕਿ, ਸਮਝਾਉਂਣ ਦੇ ਬਹਾਨੇ, ਗੁਰੂ ਜੀ ਨੂੰ ਖੋਲੇ ਵਿੱਚ ਲੈ ਵੜਿਆ, ਅਤੇ ਖੋਲੇ ਵਿਚਲੀ ਪੁਰਾਣੀ ਕੰਧ ਥਲੇ ਦੇ ਦੇਣ ਦਾ ਅਸੱਫਲ ਯਤਨ ਵੀ ਕੀਤਾ* । ( * Foot note:- ਸੰਤ ਗੁਰਬਚਨ ਸਿੰਘ ਭਿੰਡਰਾਂ ਵਾਲਿਆਂ ਦੀ ਲਿਖੀ ਗੁਰਮਤਿ ਰਹਿਤ ਮਰਯਾਦਾ ਦਾ ਪੰਨਾ ੧੧੯) ,

ਆਵਾ-ਜਾਈ ਅਥਵਾ ਪ੍ਚਾਰ ਕਰਨ ਦੇ ਸਾਧਨਾਂ ਦੀ ਵੀ ਅਣਹੋਂਦ ਸੀ । ਰਾਜ ਸੱਤਾ ਤੰਗ-ਦਿਲ ਦੀਨੀ-ਤਅੱਸਬ ਨਾਲ ਭਰੇ, ਬੇਦਲੀਲੇ ਹੱਥਾਂ ਵਿਚ ਹੋਣ ਕਾਰਨ ਗੁਰਦੇਵ ਜੀ ਦੇ **ਸੱਚ** ਨੂੰ ਕਿਵੇਂ ਝੱਲ ਸਕਦੀ ਸੀ ? ਅਗਿਆਨਤਾ ਦੀ **ਧੁੰਦ** ਨੂੰ ਹਟਾ ਕੇ **ਸੱਚ-ਚਾਂਨਣ** ਦੀ ਸੂਝ ਕਰਾਉਣ ਵਾਸਤੇ ਦੂਰ ਦੁਰਾਡੇ ਦੇ ਪ੍ਦੇਸਾਂ ਦੇ ਵਾਸੀਆਂ ਤੱਕ ਪੁਜਣ ਲਈ ਜਾਨ-ਲੇਵਾ ਖਤਰਿਆਂ ਨਾਲ ਭਰੇ ਰਸਤਿਆਂ ਤੇ ਸਫਰ ਕਰਨਾਂ ਪੈਣਾਂ ਸੀ । ਬੇਅੰਤ ਖਤਰਨਾਕ ਔਕੜਾਂ ਰਾਹ ਮੱਲੀ ਖਲੋਤੀਆਂ ਸਨ । ਗ਼ਰੀਬ ਦੁਖਿਆਰਿਆਂ ਦੇ ਸੱਚੇ ਹਮਦਰਦ, ਅਨੋਖੇ ਰਹਿਬਰ ਨੇ ਇਸ ਅਤੀ ਕਠਨ ਕਾਰਜ ਨੂੰ ਸਗੋਂ ਦੂਣੀ ਚੋਣੀ ਦ੍ਰਿੜਤਾ ਨਾਲ ਅਰੰਭ ਕਰ ਦਿੱਤਾ । ਸਚਾਈ ਨਾਲ ਜੋੜਨ ਵਾਲੀ ਵਿਚਾਰ ਦੀ ਗੱਲ ਸਮਝਾਉਣ ਲੱਗਿਆਂ ਗੁਰਦੇਵ ਜੀ ਨੇ ਆਪਣੇ ਆਪ ਨੂੰ ਨੀਚ ਕਿਹਾ--**ਨਾਨਕੁ ਨੀਚੁ ਕਹੈ ਵੀਚਾਰ ॥**(ਜਪੁਜੀ) । ਇਸ ਅਨੋਖੇ ਵੈਦ ਨੇ ਦੁਖੀਆਂ ਦੇ ਦਰਦ ਨੂੰ ਸਦਾ ਲਈ ਦੂਰ ਕਰ ਦੇਣ ਲਈ ਮਨੁੱਖ ਨੂੰ ਪਰਮ ਅਨੰਦ ਦੇ ਸੋਮੇਂ ਪ੍ਰਭੂ ਦੇ ਨਾਲ ਜੋੜ ਦੇਣ ਦੀ ਯੋਜਣਾ ਬਣਾਈ । ਤ੍ਰਿਸ਼ਨਾਂ ਅਤੇ ਈਰਖਾ ਦੀ ਅੱਗ ਵਿਚ ਸੜਦੇ ਹਿਰਦਿਆਂ ਵਿੱਚ ਠੰਡ ਵਰਤਦੀ ਦੇਖਣ ਦੀ ਚਾਹ ਵਾਲੇ ਗੁਰੂ-ਹਿਰਦੇ ਵਿਚੋਂ ਅਰਦਾਸ ਨਿਕਲੀ **ਜਗਤ ਜਲੰਦਾ ਰਖ ਲੈ ਅਪਣੀ ਕਿਰਪਾ ਧਾਰਿ ।** ਸਰਬ ਸੁਖਾਂ ਦੇ ਸੋਮੇਂ, **ਸੱਚ-ਪਿਤਾ** ਦੇ ਲੜ ਲਾਉਂਣ ਵਾਸਤੇ ਸਾਰੇ ਭਾਰਤ, ਬ੍ਹਮਾਂ, ਅਤੇ ਤਿਬੱਤ ਦੇ ਰਸਤੇ ਚੀਨ ਤੱਕ ਪੁਜੇ । ਵਾਪਸੀ ਤੇ ਪਹਾੜੀ ਰਿਆਸਤਾਂ ਵਿੱਚ ਵਿਚਰਦੇ ਲੱਦਾਖ਼ ਗਏ । ਇਸਲਾਮੀ ਦੇਸ਼ਾਂ ਵਿੱਚ ਰਟਨ ਕਰਦੇ ਬਗ਼ਦਾਦ ਤੱਕ ਹੋ ਕੇ ਰਸਤੇ ਦੇ ਦੇਸ਼ਾਂ ਵਿਚਦੀ ਰੂਸ ਤੱਕ ਗਏ । ਸਫਰ ਦਾ ਵੇਰਵਾ ਦਿੰਦਿਆਂ ਪ੍ਰੋ: ਜੋਗਿੰਦਰ ਸਿੰਘ ਨੇ ਆਪਣੀ ਪੁਸਤਕ **ਅਕਾਲ ਰੂਪ ਗੁਰੂ ਨਾਨਕ ਦੇਵ**--ਵਿਚ ਕੁਲ ਸਫਰ, ਜੋ ਗੁਰੂ ਪਾਤਿਸ਼ਾਹ ਜੀ ਨੇ ਪੈਦਲ ਕੀਤਾ ਸੀ**, ੩੫ ਹਜ਼ਾਰ ਮੀਲ ਲਿਖਿਆ ਹੈ ।**

ਜ਼ਾਤ-ਪਾਤ ਦੇ ਭਿੰਨ ਭੇਤ ਨੂੰ ਛੱਡ ਕੇ, ਦੂਰ ਦੁਰਾਡੇ ਪ੍ਦੇਸਾਂ ਵਿਚਲੇ ਭਗਤ ਜਨਾਂ ਦੇ ਘਰਾਂ ਵਿੱਚ ਪੁੱਜ ਪੁੱਜ ਕੇ ਮਨੁੱਖ ਨੂੰ ਆਤਮਕ ਉੱਚਤਾ ਤੇ ਪੁਚਾ ਸਕਣ ਵਾਲੀ, ਉਨ੍ਹਾਂ ਦੀ ਰਚਨਾਂ ਇਕੱਤ੍ ਕਰਕੇ ਮਨੁੱਖ ਦੀ ਕਲਿਆਨ ਵਾਸਤੇ ਸਾਂਭੀ । ਗੁਰਬਾਣੀ ਦਾ ਰਸ ਮਾਨਣ ਅਤੇ, ਗੁਰੂ-ਉਪਦੇਸ਼ ਨੂੰ ਇਕਾਗਰਤਾ ਨਾਲ ਸੁਣਨ ਲਈ ਤਿਆਰ ਕਰ ਦੇਣ ਵਾਲੇ **ਰਾਗ ਦੇ ਜਾਦੂ** ਦੀ ਵਰਤੋਂ ਪਰਚਲਤ ਕੀਤੀ । ਸੁੱਚਾ ਆਚਰਨ ਅਤੇ ਚੜ੍ਹਦੀ ਕਲਾ ਦਾ ਜੀਵਨ ਪ੍ਦਾਨ ਕਰਨ ਵਾਲੇ **ਗੁਰੂਸ਼ਬਦ** ਦਾ ਵਿਚਾਰ ਕਰਦੇ ਰਹਿਨ ਦੀ ਪਰਿਪਾਟੀ ਪਾਉਂਣ ਲਈ ਸਤ-ਸੰਗਤ ਵਿਚ ਦੋਵੇਂ ਵੇਲੇ ਜੁੜ ਬੈਠਣ ਦਾ ਨੇਮ ਬਣਾਇਆ । ਛੂਤਛਾਤ ਦੀ ਲਾਣਤ ਨੂੰ ਜੜ੍ਹੋਂ ਉਖਾੜਨ ਲਈ, ਆਪਣੇ ਸਫਰਾਂ ਦਾ ਸਾਥੀ ਅਤੇ ਵਜੰਤ੍ਰੀ ਉਹ ਚੁਣਿਆਂ ਜਿਸ ਨੂੰ ਡੂਮ ਆਖ ਕੇ ਭਿੱਟੜ ਕੀਤਾ ਹੋਇਆ ਸੀ । ਭਰਮਾਂ ਗ੍ਸੇ ਸਮਾਜ ਦੇ ਮੂੰਹ ਤੇ ਇਹ ਚਪੇੜ ਹੋਰ ਕਰੜੀ ਹੋ ਕੇ ਓਦੋਂ ਵੱਜੀ ਜਦ ਗੁਰਦੇਵ ਜੀ ਨੇ ਮਰਦਾਨੇ ਨੂੰ **ਭਾਈ** ਕਰਕੇ ਬੁਲਾ ਲਿਆ ਅਤੇ ਉਸਦੇ ਘਰੋ ਪ੍ਸ਼ਾਦ ਜਾ ਛਕਿਆ । ਵਿਸ਼ਵਾਸ਼ਘਾਤੀ ਅਤੇ ਕਾਤਲ-ਠੱਗ, **ਸੱਜਣ,** ਆਦਮ-ਖੋਰ **ਕੌਡਾ**, ਅਤੇ **ਭੂਮੀਏਂ** ਜੇਹੇ ਹੋਰ ਬੇਅੰਤ ਪਾਪ ਕਮਾਵੰਦਿਆਂ ਦੇ ਡੇਰੇ ਤੇ ਪੁੱਜ ਕੇ ਪਿਆਰਾਂ ਲੱਦੇ ਮਿਠ-ਬੋਲੜੇ ਸੱਜਣ-ਸਾਈਂ ਨੇ ਸਭ ਨੂੰ ਨੇਕੀ ਦੇ ਰਸਤੇ ਤੇ ਤੁਰਨਾਂ ਸਿਖਾ ਕੇ ਜਗਤ ਨੂੰ ਬਹੁਮੁੱਲਾ ਉਪਦੇਸ਼ ਦਿੱਤਾ ਕਿ, **ਦੁਸ਼ਮਣੀ, ' ਪਾਪ ' ਨਾਲ ਹੋਣੀ ਚਾਹੀਦੀ ਹੈ, ' ਪਾਪੀ ' ਨਾਲ ਨਹੀਂ** । ਇਨਸਾਨੀਅਤ ਦੇ ਵੈਰੀ, ਭੇਖੀ ਠੱਗ-ਸੱਜਣ ਨੂੰ ਭਾਈ-ਸੱਜਣ ਬਣਾ ਕੇ, ਪਾਪਾਂ ਦਾ ਅੱਡਾ ਬਣੇ ਉਸ ਦੇ ਘਰ ਨੂੰ ਗੁਰਮਤਿ ਦੀ ਪਹਿਲੀ ਪਾਠਸ਼ਾਲਾ ਬਣਾ ਕੇ ਉਸ ਦਾ ਨਾਮ **ਧਰਮਸ਼ਾਲਾ** ਰੱਖ ਕੇ **ਭਾਈ-ਸੱਜਣ ਜੀ** ਨੂੰ ਗੁਰਮਤਿ ਪਰਚਾਰ ਦੀ ਸੇਵਾ ਬਖ਼ਸ਼ੀ ।

ਮਨੁੱਖ ਨੂੰ ਭਰਮਾਂ ਵਿਚੋਂ ਕਢਣ ਵਾਸਤੇ ਗੁਰੂ ਬਾਬਾ ਜੀ ਨੂੰ ਕਈ ਵਾਰੀ ਨਾਟਕ ਵੀ ਕਰਨਾਂ ਪਿਆ । ਹਰਦੁਆਰ ਵਿਖੇ, ਚੜ੍ਹਦੇ ਵੱਲ ਮੂੰਹ ਕਰਕੇ, ਪਿੱਤ੍ਾਂ ਅਥਵਾ ਸੂਰਜ ਨੂੰ ਪਾਣੀ ਪੁਚਾ ਰਹੇ ਅੰਧ ਵਿਸ਼ਵਾਸ਼ੀ ਸ਼ਰਧਾਲੂ ਨੂੰ ਵੇਖ ਕੇ ਗੁਰੂ ਜੀ ਨੇ ਸੂਰਜ ਵੱਲ ਪਿੱਠ ਕਰ ਲਈ ਅਤੇ ਗੰਗਾ ਦਾ ਪਾਣੀ ਲਹਿੰਦੇ ਵਲ ਨੂੰ ਸੁਟਣਾ ਸ਼ੁਰੂ ਕਰ ਦਿੱਤਾ । ਉਲਟਾ ਕੰਮ ਹੁੰਦਾ ਵੇਖ ਕੇ ਮੱਤ ਦੇਣ ਵਾਲੇ ਪਾਂਡਿਆਂ ਦੀ ਅਥਵਾ ਤਮਾਸ਼ ਬੀਨਾਂ ਦੀ ਭੀੜ ਆ ਜੁੜੀ । ਰੌਲਾ ਪਾਉਣ ਲੱਗ ਪਏ ---ਇਹ ਕੀ ਕਰਦਾ ਹੈਂ ? ਪੁਠੇ ਪਾਸੇ ਪਾਣੀ ਕਿਉਂ ਡੱਟਦਾ ਹੈਂ ? ਦਾਤਾਰ ਜੀ ਮੁਸਕਰਾ ਕੇ ਬੋਲੇ--ਭਾਈ ! ਤੁਸੀਂ ਕਿਸ ਨੂੰ ਪਾਣੀ ਦੇ ਰਹੇ ਹੋ ? ਅਸੀਂ ਤਾਂ ਪਿਤ੍-ਲਪਕ ਵਿਚ ਬੈਠੇ ਆਪਣੇ ਪਿੱਤ੍ਾਂ ਨੂੰ ਅਥਵਾ ਸੂਰਜ ਦੇਵਤਾ ਨੂੰ ਜਲ ਅਰਪਣ ਕਰ ਰਹੇ ਹਾਂ " । ਇਹ ਪਿਤ੍ਲੋਕ ਕਿੱਡੀ ਕੁ ਦੂਰ ਹੈ ? ਭੋਲਿਓ ! ਉਹ ਤਾਂ ਲਖਾਂ ਯੋਜਨ ਦੂਰ ਹੈ । " ਅਤੇ ਸੂਰਜ ? ਉਹ ਵੀ ਕ੍ਰੋੜਾਂ ਮੀਲ ਦੀ ਉਚਾਈ ਤੇ ਹੈ । ਸਤਿਗੁਰਾਂ ਫਿਰ ਲਹਿੰਦੇ ਵਲ ਪਾਣੀ ਡੱਟਣਾ ਅਰੰਭ ਕਰ ਦਿੱਤਾ । ਆਪਣੀ ਸਿਆਣਪ ਦੇ ਹੰਕਰੀ ਪਾਂਡਿਆਂ ਨੇ ਉਲਟੇ ਬੰਨੇ ਅਜਾਈਂ ਪਾਣੀ ਸੁਟਿਆ ਜਾਂਦਾ ਵੇਖ ਕੇ ਫਿਰ ਕਿਹ--ਭਲੇ ਲੋਕ ਤੂੰ ਏਧਰ ਕਿਸ ਵੱਲ ਪਾਣੀ ਸੁੱਟ ਰਿਹਾ ਹੈ ? " ਏਥੋਂ ਲਗ-ਪਗ ਦੋ ਕੁ ਸੌ ਕੋਹ ਪੰਜਾਬ ਵਿਚ ਮੇਰੀ ਖੇਤੀ ਸੁੱਕ ਰਹੀ ਹੈ ਮੈਂ ਉਸ ਨੂੰ ਪਾਣੀ ਦੇ ਰਿਹਾ ਹਾਂ " । " ਬੜਾ ਕਮਲਾ ਹੈਂ । ਏਡੀ ਦੂਰ ਤੇਰੀਆਂ ਖੇਤੀਆਂ ਨੂੰ ਪਾਣੀ ਕਿਵੇਂ ਪੁੱਜ ਸਕਦਾ ਹੈ ?' ਭਾਈ ! ਜੇ ਤੁਹਾਡਾ ਪਾਣੀ ਕ੍ਰੋੜਾਂ ਮੀਲ ਉਪੱਰ ਨੂੰ ਸੂਰਜ ਕੋਲ ਲਖਾਂ ਮੀਲ ਉੱਚੇ ਪਿਤੱਰ ਲੋਕ ਵਿੱਚ ਪੁਜ ਸਕਦਾ ਹੈ, ਤਾਂ ਮੇਰਾ ਪਾਣੀ, ਕੁੱਝ ਸੈਕੜੇ ਮੀਲਾਂ ਤੇ ਏਸੇ ਧਰਤੀ ਉਤੇ ਮੇਰੀ ਸੁੱਕ ਰਹੀ ਫਸਲ ਤੱਕ ਕਿਵੇਂ ਨਹੀਂ ਪੁਜ ਸਕਦਾ ? ਸ਼ਰਮਸਾਰ ਹੋ ਗਏ ਸੂਰਜ ਵਲ ਨੂੰ ਪਾਣੀ ਸੁੱਟਣ ਵਾਲੇ ।

ਅਰਬ ਦੇਸ਼ ਵਿੱਚ ਮੁਸਲਮਾਨਾ ਦੇ ਸਰਬ-ਉਚ ਧਰਮ ਅਸਥਾਨ **ਮੱਕਾ-ਸ਼ਰੀਫ਼** ਪੁੱਜੇ । ਵੇਖਿਆ ਕਿ ਲੋਕਾਂ ਨੇ ਮਸਜਦ (ਕਾਬੇ) ਨੂੰ ਰੱਬ ਦਾ ਘਰ ਥਾਪ ਰਖਿਆ ਸੀ । ਗੁਰਦੇਵ ਜੀ ਮਹਿਰਾਬੇ ਵਲ ਨੂੰ ਪੈਰ ਕਰ ਕੇ ਲੇਟ ਗਏ । ਰੱਬ ਦੇ ਘਰ ਵੱਲ ਕੀਤੇ ਪੈਰ ਵੇਖ ਕੇ ਅੰਧ ਵਿਸ਼ਵਾਸ਼ੀ ਜਨੂਨੀ ਮਨੁੱਖ ਗੁੱਸੇ ਨਾਲ ਸੜਦਾ, ਗੁਰੂ ਬਾਬਾ ਜੀ ਨੂੰ ਮਾਰਨ ਆਇਆ । ਵਧੀਕੀ ਕਰਕੇ ਕੁਬਚਨ ਵੀ ਬੋਲੇ । ਭਲਾ ਰੱਬ ਵੀ ਕਦੇ ਕੌੜਾ ਬੋਲ ਸਕਦਾ ਹੈ ? ਮਿੱਠੇ ਪ੍ਰੀਤਮ ਜੀ ਨੇ ਪਿਆਰੀ ਜਹੀ ਮੁਸਕਾਨ ਨਾਲ ਫੁਰਮਾਇਆ, **ਭਾਈ ! ਜਿੱਧਰ ਅੱਲਾ ਦੀ ਪਹੁੰਚ ਨਹੀਂ ਹੈ ਮੇਰੇ ਪੈਰ ਓਧਰ ਨੂੰ ਕਰ ਦਿਓ !** ਕਿਸੇ (ਜੀਵਨ ਨਾਮੀ) ਮਨ-ਚਲੇ ਮੁਸਲਮਾਨ ਨੇ ਲੱਤੋਂ ਫੜ ਕੇ ਘਸੀਟਣ ਦੀ ਘੋਰ ਗੁਸਤਾਖ਼ੀ ਵੀ ਕੀਤੀ---**ਟੰਗੋ ਪਕੜਿ ਘਸੀਟਿਆ,**

**ਫਿਰਿਆ ਮਕਾ ਕਲਾ ਦਿਖਾਰੀ** ।(ਭਾ:ਗੁ: ਵਾ:੧ ਪਉ:੩੨) ਜਿੱਧਰ ਬਾਬੇ ਦੇ ਪੈਰ ਹੋਣ ਮੱਕਾ ਓਧਰੇ ਹੀ ਖੜ੍ਹਾ ਦਿੱਸੇ । ਕੱਟੜ ਵਾਦੀ ਹੰਕਾਰੀ ਹਾਜੀ ਨੂੰ ਹਰ ਪਾਸੇ, ਹਰ ਥਾਂ ਅੱਲਾ ਹੀ ਅੱਲਾ ਦਿੱਸ ਆਇਆ, ਹਿਰਦੇ ਵਿਚ ਠੰਢ ਵਰਤ ਗਈ ਤੇ ਉਹ ਸਤਿਗੁਰਾਂ ਦੇ ਚਰਨੀ ਢੈ ਪਿਆ ।

ਮਨੁੱਖ ਵਾਸਤੇ ਬੜਾ ਨਰੋਆ ਉਪਦੇਸ਼ ਸੀ ਕਿ, ਕਿਤੇ **ਰੱਬ ਨੂੰ ਬੇਘਰਾ ਅਥਵਾ ਆਪਣਾ ਘਰ ਵੀ ਨਾ ਬਣਾ ਸਕਣ ਜੋਗਾ ਸਿੱਧ ਕਰਨ ਲਈ, ਆਪ ਉਸ ਲਈ ਘਰ ਬਣਾਉਣ ਵਾਲੇ ਨਾ ਬਣ ਬੈਠਿਓ ।** ਕਿਸੇ ਕੋਠੇ ਨੂੰ ਈਸ਼ਵਰ ਦਾ ਘਰ ਥਾਪ ਕੇ ਉਸ ਨੂੰ (ਮੁਰਾਦਾਂ ਅਥਵਾ ਸੁਖਣਾ ਪੂਰੀਆਂ ਕਰਨ ਦੀ ਸ਼ਕਤੀ ਵਾਲਾ ਹੋਣ ਦਾ ਭ੍ਰਮ ਪਾ ਕੇ ਦਾਨ ਦੇ ਬਹਾਨੇ) ਲੁੱਟ ਦਾ ਅੱਡਾ ਨਾ ਬਣਾ ਲਇਓ । ਗੁਰਦੇਵ ਜੀ ਦੀ ਸੱਧਰ ਸੀ ਕਿ ਮਨੁੱਖ ਧਰਮ ਅਸਥਾਨ ਜ਼ਰੂਰ ਬਣਾਏ । ਪਰ ਅਜੇਹੇ ਅਸਥਾਨ ਧਰਮ ਦੇ ਵਿਦਿਆਲੇ (College) ਹੋਣੇ ਚਾਹੀਦੇ ਹਨ । ਗੁਰੂ ਬਾਬਾ ਜੀ ਦੇ ਹਿਰਦੇ ਵਿਚ, ਇਨ੍ਹਾਂ ਧਰਮਸ਼ਾਲਾਂ ਦੁਆਰਾ ਮਨੁੱਖ ਨੂੰ ਸੁੱਚ--ਆਚਾਰ ਵਾਲਾ ਬਣਾਉਣ ਦੀ ਸਿਖਲਾਈ ਦਿੱਤੀ ਜਾਂਦੀ ਵੇਖਣ ਦੀ ਸੱਧਰ ਸੀ । ਅਥਵਾ ਇਨ੍ਹਾਂ ਘਰਾਂ ਤੋਂ ਬ੍ਰਹਮ ਦਾ ਗਿਆਨ ਦਿੱਤਾ ਜਾਣਾ ਸੀ । ਏਸੇ ਲਈ ਗੁਰਦੇਵ ਜੀ ਨੇ ਇਸ ਦਾ ਨਾਮ--**ਧਰਮਸ਼ਾਲਾ**-- ਰਖਿਆ ਸੀ । ਭਾਈ ਸਜਣ ਦੀ ਹਵੇਲੀ ਦਾ ਨਾਮ ਗੁਰਘਰ ਜਾਂ ਰੱਬ ਦਾ ਘਰ ਨਹੀਂ ਸੀ ਮਿਥਿਆ ।

ਊਚ ਨੀਚ, ਜ਼ਾਤ ਪਾਤ ਦੇ ਭੇਦ ਮਿਟਾ ਕੇ ਪਿਆਰਾਂ ਲੱਦੀ ਸਾਂਝੀਵਾਲਤਾ ਦੀ ਸੂਝ ਪੈਦਾ ਕਰਨ ਵਾਸਤੇ ਸਾਂਝੇ ਖੂਹ ਲੁਆਏ ਅਤੇ ਇਕੋ ਥਾਂ ਤੇ ਰਲ-ਮਿਲ ਕੇ ਨਹਾਉਣ-ਧੋਣ ਲਈ ਸਰੋਵਰ ਲੁਆਏ । ਰਾਜਾ ਅਤੇ ਰੰਕ ਨੂੰ ਇਕੋ ਪੱਧਰ ਤੇ ਇਕੱਠੇ ਬੈਠ ਕੇ ਪ੍ਰਸ਼ਾਦ ਛਕਣ ਲਈ ਸਾਂਝੇ ਲੰਗਰ ਚਲਾਏ । ਅਹੰਕਾਰ ਨੂੰ ਨੱਥ ਪਾਉਣ ਲਈ, ਨਿਮਰਤਾ ਭਰਪੂਰ ਸ਼ਰਧਾ ਨਾਲ ਲੰਗਰ ਦੇ ਜੂਠੇ ਭਾਂਡੇ ਸਾਫ ਕਰਨ, ਗੁਰੂ ਸੰਗਤ ਦੇ ਜੋੜੇ ਝਾੜਨ, ਪੱਖਾ ਝੱਲਣ, ਪਿਛਲੇ ਪਹਿਰ ਉਠ ਕੇ ਸੰਗਤਾਂ ਦੇ ਇਸ਼ਨਾਨ ਵਾਸਤੇ ਪਾਣੀ ਭਰਨ ਦੀ ਨਿਸ਼ਕਾਮ ਸੇਵਾ ਕਰਨ ਦਾ ਰਿਵਾਜ ਚਲਾਇਆ । ਪੈਰ ਦੀ ਜੁੱਤੀ ਸਮਝੀ ਜਾ ਰਹੀ ਇਸਤ੍ਰੀ ਨੂੰ ਮਰਦ ਦੇ ਬਰਾਬਰ ਦਾ ਸਨਮਾਨ ਬਖਸ਼ਿਆ । ਲਹੂ ਪਸੀਨੇ ਦੀ ਨੇਕ ਕਮਾਈ ਕਰਕੇ ਖਾਣ ਦੀ ਜਾਚ ਸਿਖਾਣ ਵਾਸਤੇ ਆਪ ਮੋਦੀ ਖਾਨੇ ਦੀ ਅਥਵਾ ਖੇਤੀ ਦੀ ਕਿਰਤ ਕੀਤੀ । ਵੰਡ ਛਕਣ ਨੂੰ ਧਰਮ ਦਾ ਜ਼ਰੂਰੀ ਅੰਗ ਬਣਾ ਕੇ ਪ੍ਰਭੂ ਨੂੰ ਹਰ ਸੁਆਸ ਨਾਲ ਯਾਦ ਰਖਣ ਵਾਲੇ ਤੋਂ ਗੁਰਦੇਵ ਜੀ ਸਦਕੇ ਅਤੇ ਕੁਰਾਬਨ ਹੁੰਦੇ ਦਿਸਦੇ ਸਨ ॥

ਧਾਰਮਿਕ ਆਗੂਆਂ ਨੇ ਕੁਟਲਤਾ ਨਾਲ ਵਿਦਿਆ ਹੀਣ ਜੰਤਾ ਦੇ ਮਨਾਂ ਅੰਦਰ ਕਈ ਤਰ੍ਹਾਂ ਦੇ ਦੁਖਦਾਈ ਭਰਮ ਪਾਏ ਹੋਏ ਸਨ । ਮਨੁੱਖ ਨੂੰ ਉੱਚੀ ਅਵਸਥਾ ਵਿੱਚ ਲੈ ਜਾਣ ਵਾਲੇ ਸਿਧਾਂਤ ਨੂੰ ਅਥਵਾ ਮਰਯਾਦਾ ਨੂੰ ਦ੍ਰਿੜ ਕਰਾਉਣ ਲਈ ਲੰਮੇ ਸਮੇ ਦੀ ਲੋੜ ਸੀ । ਹਜ਼ਾਰਾਂ ਸਾਲਾਂ ਤੋਂ ਉਲਝਦੀ ਆ ਰਹੀ ਤਾਣੀ ਨੂੰ ਇਕੋ ਜਾਮੇ ਵਿਚ ਸੁਲਝਾ ਕੇ, ਮਿਥੇ ਹੋਏ ਟੀਚੇ ਦੀ ਪ੍ਰਾਪਤੀ ਅਸੰਭਵ ਦਿੱਸੀ ਤਾਂ ਨਾਨਕ ਨਿਰੰਕਾਰੀ ਜੀ ਨੇ ਹੋਰ ਜਾਮੇਂ ਧਾਰਨੇ ਜ਼ਰੂਰੀ ਜਾਤੇ । ਕਿਸੇ ਮਨੁੱਖਾ ਸਰੀਰ ਨੂੰ ਹੀ ਗੁਰੂ ਮੰਨ ਕੇ, ਉਸ ਖ਼ਾਸ ਸਰੀਰ ਨੂੰ ਕਿਤੇ ਲੋਕ ਪੂਜਣਾ ਅਰੰਭ ਨਾ ਕਰ ਦੇਣ ? ਗੁਰ-ਨਾਨਕ ਜੀ ਨੇ ਅਡੋ ਅੱਡ ਸ਼ਕਲਾਂ ਅਤੇ ਅੱਡ ਅੱਡ ਉਮਰਾਂ ਵਾਲੇ ਦਸ ਜਾਂਮੇ ਧਾਰਨ ਕੀਤੇ ?

ਦੂਜੇ, ਤੀਜੇ ਅਤੇ ਚੌਥੇ ਸਰੂਪਾਂ ਵਿੱਚ ਵਿਚਰਦਿਆਂ ਪਹਿਲੇ ਸਰੂਪ ਸਮੇ ਦੇ ਮਿਥੇ ਸਿਧਾਂਤ ਨੂੰ ਹੀ ਸਮਝਾ ਕੇ ਦ੍ਰਿੜ ਕਰਾਉਣ ਵਾਲੀ ਹੋਰ ਗੁਰਬਾਣੀ ਰਚਨ ਦੇ ਨਾਲ, ਦੁਖਿਆਰੇ ਲੋੜਵੰਦਾਂ ਦੀ ਪੀੜਾ ਹਰ ਕੇ ਉਨ੍ਹਾਂ ਨੂੰ ਸੁਖਿਆਰੇ ਬਣਾ ਦੇਣ ਹਿੱਤ, ਕਰੜੀ ਘਾਲਣਾ ਵਾਲੀ ਨਿਸ਼ਕਾਮ ਸੇਵਾ ਦੇ ਪੂਰਨੇ ਪਾਏ ਅਤੇ ਪਹਿਲਾਂ ਦਿੱਤੀ ਸਿਖਿਆ, ਸੁੱਚ ਆਚਾਰ ਵਾਲੀ ਰਹਿਣੀ ਨੂੰ ਹੋਰ ਦ੍ਰਿੜ ਕਰਾਇਆ । ਫਿਰ ਖਿਮਾਂ, ਨਿਮ੍ਰਤਾ ਅਤੇ ਸੇਵਾ ਦੇ ਪੁੰਜ ਆਪਣੇ ਪੰਜਵੇਂ ਜਾਮੇਂ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿੱਚ ਸਾਰੀ ਗੁਰਬਾਣੀ ਸੁਰੱਖਿਅਤ ਕੀਤੀ ਅਤੇ ਚੌਥੇ ਸਰੂਪ ਸਮੇਂ ਦੇ ਅਰੰਭ ਕੀਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਸੰਪੂਰਨਤਾ ਕਰਕੇ, (ਇੱਕ) **੧** ਅਕਾਲਪੁਰਖ ਦੇ ਨਾਲ (ਇੱਕ) **੧** ਕੇਂਦਰ, **੧** ਜਥੇਦਾਰ, **੧** ਗੁਰੂ ਅਤੇ **੧** ਏਕੇ, ਅਰਥਾਤ ਇਤਫਾਕ ਨਾਲ ਜੁੜੇ ਰਹਿਣ ਦਾ ਉਪਦੇਸ਼ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਅਖੱਰ * **੧** * ਦੀ ਬਹੁ-ਪੱਖੀ ਮਹੱਤਤਾ ਦਾ ਉਪਦੇਸ਼ ਦਿੱਤਾ । ਸਪੱਸ਼ਟ ਸੰਕੇਤ ਸੀ ਕਿ, ਜੇ ਸਿੱਖ ਇਸ **ਏਕੇ** ਦੇ ਕਿਸੇ (ਉਪਰ ਲਿਖਿਆਂ ਪੰਜਾਂ ਵਿਚੋ) ਇੱਕ ਪੱਖ ਨਾਲੋਂ ਵੀ ਟੁੱਟ ਗਿਆ ਤਾਂ ਸੁਖੀ ਨਹੀਂ ਰਹਿ ਸਕੇਗਾ । ਮਨੁੱਖਤਾ ਦੇ ਉਚੇ ਗੁਣਾਂ ਦੀ ਰਾਖੀ ਖਾਤਰ, ਦੁਨੀਆਂ ਦੇ ਕਿਸੇ ਵੀ ਭੈ ਤੋ ਲਾ-ਪ੍ਰਵਾਹ ਰਹਿੰਦਿਆਂ, ਸਚਾਈ ਤੇ ਡਟੇ ਰਹਿ ਕੇ, ਕਰੜੇ ਤੋਂ ਕਰੜੇ ਤਸੀਹੇ ਸਹਾਰਦਿਆਂ ਸ਼ਹੀਦੀ ਪਾ ਸਕਣ ਵਾਲੀ ਨਿਰਭੈਤਾ ਭਰੀ । ਪੰਚਮ ਗੁਰੂ ਨਾਨਕ ਨੇ ਸ੍ਰੀ ਅੰਮ੍ਰਿਤਸਰ ਅਤੇ ਤਰਨਤਾਰਨ ਵਿਖੇ ਠੰਡੇ ਜਲ ਦੇ ਸਰੋਵਰ ਲਾਏ, ਤਾਂ ਜੋ ਸਾਰੇ ਪ੍ਰਾਣੀ-ਮਾਤਰ, ਰਲ-ਮਿਲ ਕੇ ਉਨ੍ਹਾਂ ਵਿੱਚ ਇਸ਼ਨਾਨ ਕਰ ਕੇ ਸਰੀਰਾਂ ਦੀ ਬਾਹਰੀ ਤਪਸ਼ ਮਿਟਾਉਣ ਦੇ ਨਾਲ ਛੂਤ-ਛਾਤ, ਭਿੱਟ ਤੇ ਫੋਕੀ ਸੁਚੱਮ ਜਿਹੇ ਰੋਗਾਂ ਤੋਂ ਛੁੱਟਕਾਰਾ ਵੀ ਪਾ ਸਕੇ । ਗ਼ਰੀਬ ਦੇ ਮੂੰਹ ਨੂੰ ਹੀ ਗੁਰੂ ਦੀ ਗੋਲਕ ਸਮਝਣ ਦਾ ਉਪਦੇਸ਼ ਦ੍ਰਿੜ ਕਰਾਇਆ । ਰੱਬ ਦੇ ਨਾ ਤੇ ਅਥਵਾ ਗੁਰੂ ਦੇ ਨਾਂ ਤੇ, ਦਾਨ ਦੇਣ ਵਾਲਿਆਂ ਦੀ ਖੰਡਣਾਂ ਕੀਤੀ ।

ਆਤਮਾਂ ਨੂੰ ਬਲਵਾਨ ਕਰ ਦੇਣ ਵਾਲੀ ਬਹੁ-ਪੱਖੀ ਦੈਵੀ ਸਿਖਿਆ ਦੇ ਨਾਲ, ਸਰੀਰ ਨੂੰ ਰਿਸ਼ਟ ਪੁਸ਼ਟ ਰਖਣ ਦੀ ਜਾਚ ਦੱਸਣ ਲਈ, ਛੇਵੇਂ ਸਰੂਪ ਸਮੇਂ ਗੁਰਦੇਵ ਜੀ ਘੋਲਾਂ ਦਿਆਂ ਅਖਾੜਿਆਂ ਵਿੱਚ ਆਪ ਉਤੱਰੇ । ਜੇ ਕਦੇ ਲੜਾਈ ਅਥਵਾ ਜੰਗ ਬਦੋ ਬਦੀ ਗਲ ਆ ਪਏ ਤਾਂ ਸੂਰਮਤਾਈ ਨਾਲ ਜੂਝ ਕੇ ਵੈਰੀ ਨੂੰ ਭਾਂਜ ਪਾ ਸਕਣ ਦਾ ਵੱਲ ਦੱਸਣ ਖਾਤਰ, ਆਪ ਮੋਹਰਲੀਆਂ ਕਤਾਰਾਂ ਵਿੱਚ ਹੋ ਜੂਝੇ, ਅਤੇ ਸ਼ਾਹੀ ਫੌਜਾਂ ਨੂੰ ਚਾਰ ਵਾਰੀ ਭਾਜੜਾਂ ਪਾਈਆਂ । ਸ਼ਰਨ ਆਏ ਮਨੁੱਖ ਨੂੰ ਘੋੜ ਸਵਾਰੀ ਅਤੇ ਸ਼ਸਤ੍ਰ ਵਿਦਿਆ ਦੀ ਸਿਖਲਾਈ ਵੀ ਬੜੀ ਨਿਪੁੰਨਤਾ ਨਾਲ ਦਿੱਤੀ । ਫਿਰ ਸਤਵੇਂ ਅਤੇ ਅਠਵੇਂ ਸਰੂਪਾਂ ਸਮੇਂ ਖਿਮਾਂ, ਧੀਰਜ ਜਿਹੇ ਸ਼ੁਭ ਗੁਣਾਂ ਦਾ ਹੋਰ ਵਾਧਾ ਕੀਤਾ ਅਤੇ ਪਹਿਲਾਂ ਤੋਂ ਮਿਲਦੇ ਆ ਰਹੇ ਸਬਕ ਨੂੰ ਹੋਰ ਦ੍ਰਿੜ ਕਰਾਇਆ ।

ਪ੍ਰਥਮ ਸਰੂਪ ਤੋਂ ਅਰੰਭ ਹੋਈ ਸੁੱਚ-ਆਚਾਰ ਦੀ ਸਿਖਲਾਈ ਦਾ ਪ੍ਰਚਾਰ ਕਰਦਿਆਂ, ਨੌਵੇਂ ਸਰੂਪ ਵਿੱਚ ਬਾਣੀ ਦੀ ਰਚਨਾਂ ਕੀਤੀ । ਜ਼ੁਲਮ ਦੀਆਂ ਕਾਲੀਆਂ ਬੋਲੀਆਂ ਰਾਤਾਂ ਸਮੇਂ ਦੇ ਖ਼ੂਨੀ ਘਲੂਘਾਰਿਆਂ ਵਿੱਚ ਉਤਸ਼ਾਹ ਬਣਾਈ ਰਖਣ ਵਾਸਤੇ, ਅਦੁਤੀ ਸਾਕਾ ਵਰਤਾਇਆ। ਦਿੱਲੀ ਦਾ ਚਾਂਦਨੀ ਚੌਂਕ, ਦੀਨ ਕੇ ਹੇਤ ਜੂਝਦਿਆਂ ਪੁਰਜਾ ਪੁਰਜਾ ਹੋ ਕੇ ਕਟ ਮਰਨ ਦੀ ਪ੍ਰੇਰਨਾ ਦਾ ਪ੍ਰਤੀਕ, ਗਗਨ ਮੰਡਲਾਂ ਨੂੰ ਛੂੰਹਦਾ **ਚਾਨਣ-ਮੁਨਾਰਾ** ਬਣ ਗਿਆ । ਦਸਵੇਂ ਜਾਮੇ ਵਿੱਚ ਵੀ ਆਪਣੇ ਪਿਆਰੇ ਚੇਲੇ ਨੂੰ ਭਾਂਤ ਭਾਂਤ ਦੀ ਸਿਖਿਆ ਦਿੱਤੀ । ਅਤੇ ਪਹਿਲੇ ਲਏ ਗਿਆਨ ਨੂੰ ਹੋਰ ਵੀ ਕਈ

ਢੰਗਾਂ ਨਾਲ ਚੰਗੀ ਤਰ੍ਹਾਂ ਦ੍ਰਿੜ ਕਰਾਇਆ । ਸ਼ਸਤ੍ਰ ਵਿਦਿਆ ਅਥਵਾ ਜੰਗੀ ਕਰਤਬਾਂ ਵਿੱਚ ਹੋਰ ਵੀ ਨਿਖਾਰ ਅਤੇ ਨਿਪੁੱਨਤਾ ਲਿਆਂਦੀ ਗਈ । ਛੋਟੀਆਂ ਛੋਟੀਆਂ ਪ੍ਰੀਖਿਆਵਾਂ ਲੈ ਲੈ ਕੇ, ਦੈਵੀ ਕਾਲਜ ਵਿੱਚ ਦਿੱਤੀ ਜਾ ਰਹੀ ਸਿਖਿਆ ਹੋਰ ਪਕਿਆਈ ਗਈ ।

**ਤੁਠਾ ਸਚਾ ਪਾਤਿਸਾਹੁ ਤਾਪੁ ਗਇਆ ਸੰਸਾਰਾ ॥**[੭੪੬]

ੳ

# ਪ੍ਰਗਟਿਉ* ਖ਼ਾਲਸਾ ਪ੍ਰਮਾਤਮ ਕੀ ਮੌਜ

**ਸੁਣਿ ਸੁਣਿ ਜੀਵੈ ਦਾਸੁ ਤੁਮ੍ ਬਾਣੀ ਜਨ ਆਖੀ ॥ ਪ੍ਰਗਟ ਭਈ ਸਭ ਲੋਅ ਮਹਿ ਸੇਵਕ ਕੀ ਰਾਖੀ ॥ ੧ ॥ ਰਹਾਉ ॥ ਅਗਨਿ ਸਾਗਰ ਤੇ ਕਾਢਿਆ ਪ੍ਰਭਿ ਜਲਨਿ ਬੁਝਾਈ ॥ ਅੰਮ੍ਰਿਤ ਨਾਮੁ ਜਲੁ ਸੰਚਿਆ ਗੁਰ ਭਏ ਸਹਾਈ ॥ ੨ ॥**[੮੧੪]-੨੨-੫੨

ਸਨ ੧੪੬੯ ਤੋਂ ੧੬੯੬ ਆ ਚੁੱਕਾ ਸੀ । ਗੁਰਦੇਵ ਜੀ ਦਾ ਦਸਵਾਂ ਸਰੂਪ ਸੀ ਅਤੇ ਨਾਮ ਗੋਬਿੰਦ ਰਾਏ ਸੀ । ਕੁਰਬਾਨੀਆਂ ਭਰੀ ਲੰਮੀ ਸਾਧਨਾ ਦੁਆਰਾ ਦਿੱਤੀ ਜਾ ਰਹੀ ਨਿਰਾਲੇ ਗਿਆਨ ਦੀ ਸਿਖਿਆ ਪੂਰੀ ਹੋ ਚੁੱਕੀ ਅਨੁਭਵ ਕੀਤੀ ਗਈ । ਗੁਰਮਤਿ ਕਾਲਜ ਵਿੱਚ ਦਾਖਲ ਹੋਏ ਇਸ ਅਨੋਖੇ ਵਿਦਿਆਰਥੀ ਨੇ ਜਿਹੜੀ ਵਿਦਿਆ ਦੋ ਸੌ ਸਾਲ ਤੋਂ ਵੱਧ ਸਮੇ ਵਿੱਚ ਹਾਸਲ ਕੀਤੀ ਸੀ, ਉਸ ਦੀ ਪ੍ਰੀਖਿਆ ਦਾ ਸਮਾਂ ਆ ਗਿਆ । ਇਸ ਲਾਸਾਨੀ ਗੁਰੂ ਨੇ ਆਪਣੇ ਚੇਲੇ ਨੂੰ ਗੁਰਿਆਈ ਦਾ ਭਾਈਵਾਲ ਬਣਾ ਕੇ ਬੜੀ ਵੱਡੀ ਜ਼ਿੰਮੇਵਾਰੀ ਜੁ ਸੌਂਪਣੀ ਸੀ ! ਪ੍ਰੀਖਿਆ ਲੈਣ ਵਾਸਤੇ ਪ੍ਰੀਖਿਆ ਪੱਤਰ ਤਿਆਰ ਕਰਨ ਦਾ ਢੰਗ ਵੀ ਨਿਆਰੇ ਗੁਰੂ ਦਾ ਨਿਆਰਾ ਹੀ ਸੀ । ਗੁਰਦੇਵ ਜੀ ਨੈਣਾਂ-ਦੇਵੀ-ਪਹਾੜੀ ਦੇ ਸਿਖ਼ਰ ਤੇ, ਇਕਾਂਤ ਵਿੱਚ ਜਾ ਬਿਰਾਜੇ । ਇਸ ਨਿਰਾਲੇ ਢੰਗ ਦੀ ਸਮਾਧੀ ਦਾ ਭੇਤ ਕੋਈ ਕੀ ਜਾਣੇ ? ਆਪਣੀ ਮੌਜ ਅਨੁਸਾਰ ਦਸ਼ਮੇਸ਼ ਜੀ ਨੇ ਇਕਾਂਤ ਵਾਲੀ ਇਹ ਸਮਾਧੀ ਤੋੜੀ । ਅਨੰਦਪੁਰੀ ਦੀਆਂ ਰੌਣਕਾਂ ਮੁੜ ਆਈਆਂ । ਵਿਛੋੜੇ ਦੇ ਸੱਲ ਨਾਲ ਲੁੱਛਦੀਆਂ ਸੰਗਤਾਂ ਦੀ ਖ਼ੁਸ਼ੀ ਦਾ ਕੋਈ ਪਾਰਾਵਾਰ ਨਹੀਂ ਸੀ । ਸਮੂਹ ਗੁਰਸੰਗਤ ਦੇ ਨਾਮ, ਹੁਕਮਨਾਮੇ ਭੇਜੇ ਗਏ ਕਿ ੧੬੯੯ ਦੀ ਵਿਸਾਖੀ ਤੇ ਹੁੰਮ ਹੁੰਮਾ ਕੇ ਅਨੰਦਪੁਰ ਸਾਹਿਬ ਪੁਜਿਆ ਜਾਵੇ ।

੨੯ ਮਾਰਚ ੧੬੯੯ (ਸੰ:੧੭੫੬) ਬੁਧ ਵਾਰ ਦਾ ਦਿਨ ਸੀ । ਉੱਚੀ ਥਾਂ ਤੇ ਸ਼ਾਹਾਨਾ ਠਾਠ ਵਾਲਾ ਤੰਬੂ ਸਜਾਇਆ ਗਿਆ। ਨਾਲ ਹੀ ਬੜੀ ਸੁੰਦਰ ਸਟੇਜ ਸੱਜ ਰਹੀ ਸੀ । ਨਿਵਾਂਣ ਵਿੱਚ ਦੂਰ ਤਾਂਈਂ, ਸਿੱਖ ਸ਼ਰਧਾਲੂਆਂ ਦਾ ਵਿਸ਼ਾਲ ਦਲ ਠਾਠਾਂ ਮਾਰ ਰਿਹਾ ਸੀ । ਆਪਣੇ ਪਿਅਰੇ ਦਸ਼ਮੇਸ਼ ਜੀ ਦੇ, ਸਨੇਹ ਭਰੇ ਅਤੇ ਹਸੂੰ ਹਸੂੰ ਕਰਦੇ, ਨੂਰਾਨੀ ਚਿਹਰੇ ਦੇ ਦਰਸ਼ਨਾਂ ਦੀ ਸਿੱਕ ਵਿੱਚ, ਸਾਰੀ ਸੰਗਤ ਦੀਆਂ ਨਜ਼ਰਾਂ ਸਟੇਜ ਉਤੇ ਕੇਂਦ੍ਰਤ ਸਨ । ਅਚਾਨਕ ਬਿਜਲੀ ਦੇ ਲਿਸ਼ਕਾਰੇ ਵਾਂਗ, ਕਗਲੀਧਰ ਜੀ ਸਟੇਜ ਉਤੇ ਪ੍ਰਗਟ ਹੋਏ । ਹੱਥ ਵਿੱਚ ਨੰਗੀ ਸ੍ਰੀ ਸਾਹਿਬ ਲਿਸ਼ਕਾਰੇ ਮਾਰ ਰਹੀ ਸੀ । ਅੱਜ ਇਲਾਹੀ ਮੁੱਖੜਾ ਹਸੂੰ ਹਸੂੰ ਨਹੀਂ ਸੀ ਕਰ ਰਿਹਾ ਸਗੋਂ ਬੀਰ ਰੱਸ ਨਾਲ ਅਤੀ ਗੰਭੀਰ ਸੀ । ਭੰਗਾਣੀ ਦੇ ਯੁੱਧ ਵਿੱਚ ਭੀਮ ਚੰਦ ਨਾਲ ਜੂਝਦਿਆਂ ਵੀ ਨੂਰਾਨੀ ਚਿਹਰੇ ਦੀ ਡਿੱਠ, ਅਜੇਹੀ ਗੰਭੀਰਤਾ ਵਾਲੀ ਨਹੀਂ ਸੀ । ਹਰ ਪਾਸੇ ਉਤਸੁਕਤਾ ਅਤੇ ਹੈਰਾਨੀ ਭਰੀ ਚੁੱਪ ਛਾ ਗਈ । ਅਚਨਚੇਤ ਸਟੇਜ ਉਤੋਂ ਗਰਜਨਾਂ ਸੁਣੀ ਗਈ । **ਹੈ ਕੋਈ ਗੁਰੂ ਕਾ ਸਿੱਖ ਜੋ ਸਾਡੀ ਸ਼ਮਸ਼ੀਰ ਦੀ ਪਿਆਸ ਆਪਣੇ ਖ਼ੂਨ ਨਾਲ ਬੁਝਾ ਸਕੇ ?** ਭਿਆਨਕ ਚੁੱਪ ਵਰਤ ਗਈ । ਹੈ ! ਇਹ ਕਿਹੋ ਜਿਹਾ ਪ੍ਰੀਖਿਆ ਪੱਤ੍ਰ ਹੈ? ਅਜੇਹੀ ਗੁਰੂ-ਦੱਛਣਾ ਵੀ ਭਲਾ ਕਦੇ ਕਿਸੇ ਗੁਰੂ ਨੇ ਮੰਗੀ ਹੈ ? ਨਿਆਰੇ ਗੁਰੂ ਤੋਂ ਨਿਆਰਾ ਗਿਆਨ ਲੈ ਚੁੱਕੇ ਨਿਆਰੇ ਚੇਲੇ ਕੋਲੋਂ ਬੜੀ ਨਿਆਰੀ ਹੀ ਮੰਗ ਕੀਤੀ ਗਈ ਸੀ ।

ਇਹ ਚੁੱਪ ਵੀ ਫਿਰ ਅਚਨ-ਚੇਤ ਹੀ ਟੁਟਦੀ ਲੋਕਾਂ ਨੇ ਸੁਣ ਲਈ । ਹੈਰਾਨ ਕਰ ਦਿੱਤਾ ਦੁਨੀਆਂ ਭਰ ਦੇ ਇਤਿਹਾਸ ਕਾਰਾਂ ਨੂੰ, ਜਦ ਗਲ ਵਿੱਚ ਪੱਲਾ ਪਾਈ ਖੜਾ ਇੱਕ ਸਿੱਖ, ਇਹ ਬਚਨ ਕਰਦਾ ਸੁਣਿਆਂ, ਪਾਤਿਸ਼ਾਹ ਜੀਓ ! ਤੇਰਾ ਹੀ ਤੈਨੂੰ ਸੌਂਪਣ ਵਿੱਚ ਜੋ ਢਿੱਲ ਹੋਈ ਹੈ ਉਸ ਭੁੱਲ ਦੀ ਖਿਮਾ ਬਖਸ਼ੋ । ਇਸ ਨਿਮਾਣੇ ਸੀਸ ਦੀ ਭੇਟਾ ਕਬੂਲ ਕਰਕੇ, ਇਸ ਨੂੰ ਮਾਣ ਵਾਲਾ ਬਣਾ ਦੇਣ ਦੀ ਮਿਹਰ ਕਰੋ । ਗੁਰਦੇਵ ਜੀ ਨੇ ਸਿੱਖ ਨੂੰ ਤੰਬੂ ਦੇ ਅੰਦਰ ਨੂੰ ਧੂ ਖੜਿਆ । ਬਾਹਰ ਬੈਠੀ ਸੰਗਤਿ ਨੂੰ ਸਿੱਖ ਦੇ ਕਤਲ ਕੀਤੇ ਜਾਨ ਵਿੱਚ ਕੋਈ ਸ਼ੱਕ ਨਹੀਂ ਸੀ ।

ਤਲਵਾਰ ਲਹਿਰਾਉਂਦੇ ਹੋਏ ਗੁਰਦੇਵ ਜੀ ਸਟੇਜ ਤੇ ਮੁੜ ਪ੍ਰਗਟ ਹੋਏ । ਹੋਰ ਵੀ ਵੱਧ ਗਰਜਵੀਂ ਆਵਾਜ਼ ਵਿੱਚ, ਸੀਸ ਦੀ ਮੰਗ ਕੀਤੀ ਗਈ । ਐਸ ਵਾਰੀ ਸਿੱਖ ਨੇ ਉਠਣ ਵਿੱਚ ਢਿੱਲ ਨਹੀਂ ਸੀ ਕੀਤੀ । ਉਸ ਨਾਲ ਵੀ ਓਵੇਂ ਹੀ ਵਾਪਰੀ ।

ਜਿਉਂ ਜਿਉਂ ਸੀਸ ਦੀ ਮੰਗ ਕਰਨ ਦੇ ਵਤੀਰੇ ਵਿੱਚ ਸਖਤੀ ਵਧੀ, ਤਿਉਂ ਤਿਉਂ ਸਿੱਖ ਦੇ ਹਿਰਦੇ ਵਿੱਚ ਸੀਸ ਭੇਟਾ ਕਰਨ ਦਾ ਉਤਸ਼ਾਹ ਦੂਣਾ ਚੌਣਾ ਹੁੰਦਾ ਗਿਆ । ਹਰ ਨਵਾਂ ਸਿੱਖ ਸੀਸ ਕਟਾਉਣ ਵਾਸਤੇ ਬੜੀ ਸੱਧਰ ਨਾਲ ਪੇਸ਼ ਹੋ ਰਿਹਾ ਸੀ । ਸਿੱਖ ਕਹਿ ਰਹਿਾ ਸੀ, ਇਹ ਸਿਰ ਤਾਂ ਉਸ ਦਿਨ ਤੋਂ ਹੀ ਗੁਰੂ ਨਾਨਕ ਜੀ ਦਾ ਹੋ ਚੁੱਕਾ ਸੀ ਜਿਸ ਦਿਨ ਇਹ ਨਿਮਾਣਾ ਸਿਰ ਸਤਿਗੁਰਾਂ ਦੇ ਚਰਨਾਂ ਤੇ ਝੁਕਿਆ ਸੀ । ਗੁਰੂ-ਦਰਬਾਰ ਵਾਲੀ ਗਲੀ ਵਿਚ ਤਾਂ ਅਸੀਂ ਵੜੇ ਹੀ ਸੀਸ ਨੂੰ ਤਲੀ ਤੇ ਰੱਖ ਕੇ ਸਾਂ । ਧੰਨ ਭਾਗ ਹਨ ਜੋ ਸਚੇ-ਪਾਤਿਸ਼ਾਹ ਨੇ ਸਾਥੋਂ ਆਪਣੀ ਅਮਾਨਤ ਮੰਗੀ ਹੈ ।

ਸਿੱਖ ਆਪਣੀ ਵਾਰੀ ਦੀ ਉਡੀਕ ਬੜੀ ਤੀਬਰਤਾ ਭਰੀ ਸੱਧਰ ਨਾਲ ਕਰ ਰਿਹਾ ਸੀ ਪਰ ਛੇਵੇਂ ਸਿੱਖ ਦੀ ਉਡੀਕ ਲੰਮੇਰੀ ਹੋ ਗਈ । ਤੰਬੂ ਦੇ ਬਾਹਰ ਤਾਂ ਸੀਸ ਭੇਟ ਕਰਨ ਵਾਲੇ ਸਿੱਖ ਦੀ ਉਤਸੁਕਤਾ ਵੱਧ ਰਹੀ ਸੀ ਪਰ ਤੰਬੂ ਦੇ ਅੰਦਰ ਵਿਸਮਾਦੀ ਅਨੰਦ ਮਾਣਿਆਂ ਜਾ ਰਿਹਾ ਸੀ । ਗੁਰਦੇਵ ਜੀ ਦਿਆਂ ਨੇਤ੍ਰਾਂ ਵਿਚੋਂ ਖ਼ੁਸ਼ੀ ਡਲ੍ਹਕਾਂ ਮਾਰ ਰਹੀ ਸੀ । ਇਸ ਅਨੋਖੀ ਪ੍ਰੀਖਿਆ ਵਿਚੋਂ ਗੁਰੂ ਦਾ ਵਿਦਿਆਰਥੀ ਪੂਰੇ ਦੇ ਪੂਰੇ ਨੰਬਰ ਲੈ ਕੇ ਪਾਸ ਹੋ ਚੁੱਕਾ ਸੀ । ਕਰੀਬ ਸਵਾ ਦੋ ਸੌ ਸਾਲ ਦੀ ਸਾਧਨਾਂ ਫਲੀ-ਭੂਤ ਹੋਈ ਸੀ । ਗੁਰੂ ਦਾ ਸਿੱਖ, ਅੱਗੇ ਚੱਲ ਕੇ ਸੌਂਪੀਆਂ ਜਾਣ ਵਾਲੀਆਂ ਜ਼ਿੰਮੇਵਾਰੀਆਂ ਨੂੰ ਸ਼ੰਭਾਲ ਸਕਣ ਦੀ ਯੋਗਤਾ ਵਾਲਾ ਸਿੱਧ ਹੋ ਚੁੱਕਾ ਸੀ । ਇਸ ਚਮਤਕਾਰੀ ਸਿੱਧੀ ਨੂੰ ਅਕਾਲ ਪੁਰਖ ਦੀ ਮਿਹਰ ਜਾਣ ਕੇ, ਤੰਬੂ ਦੇ ਅੰਦਰ ਉਸ ਦਾ ਧੰਨਵਾਦ ਹੋ ਰਿਹਾ ਸੀ ।

ਦਸ਼ਮੇਸ਼ ਜੀ ਨੇ ਨਾਮ-ਅੰਮ੍ਰਿਤ ਵਿੱਚ ਭਿੱਜੀ ਖੰਡੇ ਦੀ ਪਾਹੁਲ ਛਕਾ ਕੇ ਸੀਸ ਭੇਟ ਕਰਨ ਵਾਲੇ ਮਰਜੀਵੜੇ ਨੂੰ **ਸਿੰਘ** ਲਕਬ ਨਾਲ ਸ਼ੰਗਾਰਿਆ ਤੇ **ਭਾਈ** ਖ਼ਿਤਾਬ ਨਾਲ ਨਿਵਾਜਿਆ । (ਦਇਆ ਰਾਮ ਤੋਂ ਭਾਈ ਦਇਆ ਸਿੰਘ, ਧਰਮ ਚੰਦ ਤੋਂ ਭਾਈ ਧਰਮ ਸਿੰਘ, ਹਿੰਮੱਤ ਰਾਏ ਤੋਂ ਭਾਈ ਹਿੰਮੱਤ ਸਿੰਘ, ਮੁਹਕਮ ਚੰਦ ਤੋਂ ਭਾਈ ਮੁਹਕਮ ਸਿੰਘ ਅਤੇ ਸਾਹਿਬ ਚੰਦ ਤੋਂ ਭਾਈ ਸਾਹਿਬ ਸਿੰਘ) ਪੰਜ ਕਕਾਰਾਂ ਅਤੇ ਸਵੱਛ ਬਸਤਰਾਂ ਵਿੱਚ ਸਜਾ ਕੇ ਪੰਜ ਪਿਆਰਿਆਂ ਨੂੰ ਸਟੇਜ ਤੇ ਲਿਆ ਖੜਾ ਕੀਤਾ । ਇਸ ਅਲੋਕਿਕ ਦ੍ਰਿਸ਼ ਨੂੰ ਦੇਖਦਿਆਂ ਹੀ ਸੰਗਤ ਨੇ ਗਗਨ ਮੰਡਲਾਂ ਨੂੰ ਕਾਂਬਾ ਛੇੜ ਦੇਣ ਵਾਲੇ ਜੈਕਾਰੇ ਗੁੰਜਾਏ । ਸੰਗਤਾਂ ਦੀ ਖ਼ੁਸ਼ੀ ਦਾ ਕੋਈ ਪਾਰਾਵਾਰ ਨਹੀਂ ਸੀ ।

ਆਪਣੇ ਚਿਤਵੇ ਹੋਏ ਪੂਰਨ ਮਨੁੱਖ, ਸੰਤ ਅਤੇ ਸੂਰਮੇ ਸਿਪਾਹੀ, ਸੁੱਚ ਆਚਾਰ ਦੇ ਨਮੂਨੇ, ਆਪਣੇ ਖ਼ਾਲਸੇ ਨੂੰ ਪ੍ਰਗਟ ਰੂਪ ਵਿੱਚ ਤੱਕ ਕੇ ਗੁਰਦੇਵ ਜੀ ਨੇ ਇਸ ਨੂੰ ਪਰਮਾਤਮਾਂ ਦੀ ਆਪਣੀ ਮੌਜ ਦਾ ਕ੍ਰਿਸ਼ਮਾਂ ਫ਼ੁਰਮਾਇਆ " **ਪ੍ਰਗਟਿਓ*  ਖ਼ਾਲਸਾ ਪਰਮਾਤਮ ਕੀ ਮੌਜ** " ।

[*Foot Note:-- **ਗੁਰਮਤਿ ਅਨੁਸਾਰ ਜਨਮ ਹੋਣਾ** ਅਤੇ **ਪ੍ਰਗਟ ਹੋਣ** ਦੇ ਅਰਥਾਂ ਵਿਚ ਫਰਕ :--

(੧) **ਜਨਮ** ਹੋਣ ਦਾ ਅਰਥ ਮਾਤਾ ਦੇ ਗਰਭ ਤੋਂ ਪੈਦਾ ਹੋਣਾ ਹੈ । ਗਰਭ ਤੋਂ ਰਹਿਤ ਕੇਵਲ ਅਕਾਲਪੁਰਖ ਹੀ ਹੈ-**ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥** [੪੭੩]

ਪਰ--**ਪ੍ਰਗਟ ਹੋਣ** ਦਾ ਅਰਥ ਹੈ, ਜਾਣਿਆਂ ਜਾਣਾ, ਪ੍ਰਸਿੱਧ ਹੋਣਾ, ਮਸ਼ਹੂਰ ਹੋਣਾ, ਤਥਾ ਮੁਸ਼ਕਣਾ ਹੈ ।

(੨) ਸ਼ਬਦ, ਗਿਆਨ, ਵਿਦਿਆ, ਸਿਧਾਂਤ, ਮਰਯਾਦਾ, ਗੁਣ, ਜਾਂ ਅਉਗੁਣ, ਸਰੀਰ ਤੋਂ ਬਿਨਾ ਨਾ ਸੰਸਾਰ ਵਿਚ ਆ ਸਕਦਾ ਹੈ ਅਤੇ ਨਾ ਕਿਸੇ ਸਰੀਰ-ਅਕਾਰ ਤੋਂ ਬਿਨਾਂ ਸੰਸਾਰ ਵਿਚ ਟਿਕ ਹੀ ਸਕਾ ਹੈ । ਸੋ ਸਿਧਾਂਤ ਜਾਂ ਗਿਆਨ ਮਨੁੱਖ ਦੇ ਸਰੀਰ ਤੋਂ ਬਿਨਾਂ ਨਾ ਜਨਮ ਲੈ ਸਕਦਾ ਹੈ ਅਤੇ ਨਾ ਹੀ ਕਿਸੇ ਸਰੀਰ-ਅਕਾਰ ਤੋਂ ਬਿਨਾਂ ਪ੍ਰਗਟ ਹੀ ਹੋ ਸਕਦਾ ਹੈ । **ਜਨਮ ਲੈਣਾ** ਅਤੇ **ਪ੍ਰਗਟ ਹੋਣਾ**, ਇੱਕ ਗੱਲ ਨਹੀਂ ਹੈ ।

ਬੇਅੰਤ ਮਨੁੱਖਾਂ ਦੀ ਭੀੜ ਵਿਚੋਂ ਉਚੇਚੇ **ਗੁਣਾ ਨਾਲ** ਜਾਂ ਕਿਸੇ **ਉਚੇਚੇ ਆਉਗਣ** ਦੇ ਕਾਰਨ ਜਾਣਿਆਂ ਜਾਣ ਨੂੰ **ਗੁਰਮਤਿ ਨੇ ਪ੍ਰਗਟ** ਹੋਣਾ ਮੰਨਿਆਂ ਹੈ । ਇਸ ਦਲੀਲ ਨੂੰ ਦਾਸ ਗੁਰਬਾਣੀ ਸ਼ਬਦਾਂ ਦੁਆਰਾ ਸਪੱਸ਼ਟ ਕਰਦਾ ਹੈ--

(ੳ) ਪ੍ਰਗਟਿਓ ਸੋ ਜਨੁ ਸਗਲੇ ਭਵਨ ॥ [੩੯੩] (ਅ) ਪ੍ਰਗਟੁ ਭਇਆ ਜਨ ਕਾ ਪਰਤਾਪ ॥ [੩੯੬]
(ੲ) ਪ੍ਰਗਟ ਭਏ ਆਪਹਿ ਗੋੁਬਿੰਦ ਨਾਨਕ ਸੰਤ ਮਤਾਂਤ ॥ [੨੫੪] (ਸ) ਜਿਹ ਪ੍ਰਸਾਦਿ ਤੂੰ ਪ੍ਰਗਟੁ ਸੰਸਾਰਿ ॥ [੨੭੦]
(ਹ) ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ॥ [੩੭੫] (ਕ) ਪ੍ਰਗਟਿਆ ਸੂਰੁ ਜੋਤਿ ਉਜਿਆਰਾ ॥ [੭੩੭]
(ਖ) ਪਰਗਟੁ ਸਬਦੁ ਹੈ ਸੁਖਦਾਤਾ ਅਨਦਿਨੁ ਨਾਮੁ ਧਿਆਵਣਿਆ ॥ [੧੨੬} (ਗ) ਪ੍ਰਗਟੇ ਗੁਪਾਲ ਮਹਾਂਤ ਕੈ ਮਾਥੇ ॥ [੨੯੫]
(ਘ) ਪ੍ਰਗਟੁ ਭਇਆ ਖੰਡੀ ਬ੍ਰਮੰਡੀ ਕੀਤਾ ਆਪਣਾ ਪਾਇਆ ॥ [੧੨੨੪] (ਙ) ਪ੍ਰਗਟ ਭਇਓ ਸਭ ਲੋਅ ਮਹਿ ਨਾਨਕ ਅਧਮ ਪਤੰਗ ॥ [੧੩੬੪]

**ਸੁਣੀ ਅਰਦਾਸ ਸੁਆਮੀ ਮੇਰੈ ਸਰਬ ਕਲਾ ਬਣਿ ਆਈ ॥ ਪ੍ਰਗਟ ਭਈ ਅਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ**॥ [੬੧੧]ਅਤੇ ਅਜੇਹੇ ਹੋਰ ਵੀ ਕਈ ਗੁਰੂ-ਫ਼ੁਰਮਾਨ ਹਨ । ਗੁਰਬਾਣੀ ਵਿਚ ਪ੍ਰਗਟ ਹੋਣ ਨੂੰ ਜਨਮਿਆਂ ਕਿਸੇ ਇੱਕ ਥਾਂ ਵੀ ਨਹੀਂ ਕਿਹਾ ।

**ਭਾਈ ਗੁਰਦਾਸ ਜੀ**--ਜਨਮ ਹੋਣ ਅਤੇ ਪ੍ਰਗਟ ਹੋਣ ਵਾਲੇ ਏਹੀ ਗੁਰਮਤਿ ਅਰਥ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੋਂ ਵੀ ਸਪੱਸ਼ਟ ਹਨ --ਪਹਿਲੀ ਵਾਰ ਦੀ ਹੀ ੨੩ਵੀਂ ਪਉੜੀ ਵਿਚ ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਧਰਤੀ ਤੇ ਅਗਮਨ ਦੇ ਕਾਰਨ ਦਾ ਜ਼ਿਕਰ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ:---

" ਸੁਣੀ ਪੁਕਾਰ ਦਾਤਾਰਿ ਪ੍ਰਭੁ ਗੁਰ ਨਾਨਕ ਜਗ ਮਾਹਿ **ਪਠਾਇਆ** " | .....

...ਬਾਬਾ ਦੇਖੈ ਧਿਆਨ ਧਰਿ, ਜਲਤੀ ਸਭਿ ਪ੍ਰਿਥਵੀ ਦਿਸਿ ਆਈ । ... ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ ।
ਚੜ੍ਹਿਆ ਸੋਧਣਿ ਧਾਰਤਿ ਲੁਕਾਈ **॥ ੨੪ ॥**
ਬਾਬਾ ਆਇਆ ਤੀਰਥੈ ਤੀਰਥ ਪੁਰਬ ਸਭਰ ਫਿਰਿ ਦੇਖੈ । ਪੂਰਬ ਧਰਮ ਬਹੁ ਕਰਮ ਕਰਿ ਭਾਉ ਭਗਤ ਬਿਨੁ ਕਿਤੇ ਨ ਲੇਖੈ ।
ਭਾਉ ਨ ਬ੍ਰਹਮੈ ਲਿਖਿਆ ਚਾਰਿ ਬੇਦਿ ਸਿੰਮ੍ਰਿਤਿ ਪੜਿ ਪੇਖੈ । ਢੰਡੀ ਸਗਲੀ ਪ੍ਰਿਥਵੀ ਸਤਿਜੁਗਿ ਆਦਿ ਦੁਆਪਰਿ ਤ੍ਰੇਤੈ ।**..... ੨੫ ॥**

ਤੀਰਥਾਂ ਤੇ ਰਟਨ ਕਰਕੇ ਲੋਕਾਂ ਨੂੰ ਭਾਉ ਭਗਤ ਤੋਂ ਸੱਖਣੇ ਭਰਮਾ ਵਿਚ ਪਿਆ ਸਤਿਗੁਰਾਂ ਅੱਖੀਂ ਵੇਖ ਲਿਆ ਅਤੇ ਫਿਰ--

ਜਤੀ ਸਤੀ ਚਿਰੁਜੀਵਣੇ ਸਾਧਿਕ ਸਿਧ ਨਾਥ ਗੁਰ ਚੇਲੇ । ਦੇਵੀ ਦੇਵ ਰਿਖੀਸੁਰਾ ਭੈਰਉ ਖੇਤ੍ਰਪਾਲਿ ਬਹੁ ਮੇਲੇ ।....
ਹਉਮੈ ਅੰਦਰਿ ਸਭਿ ਕੋ ਡੁਬੇ ਗੁਰੂ ਸਣੇ ਬਹੁ ਚੇਲੇ । ਗੁਰਮੁਖਿ ਕੋਇ ਨ ਦਿਸਈ ਢੂੰਡੇ ਤੀਰਥਿ ਜਾਤ੍ਰੀ ਮੇਲੇ ।
ਡਿੱਠੇ ਹਿੰਦੂ ਤੁਰਕਿ ਸਭਿ ਪੀਰ ਪੈਕੰਬਰਿ ਕਉਮਿ ਕਤੇਲੇ । ਅੰਧੀ ਅੰਧ ਖੂਹੇ ਠੇਲੇ **॥ ੨੬ ॥**

ਭਾਵ, ਗੁਰੂ ਜੀ ਨੇ ਸਾਰੇ ਫਿਰ ਫਿਰ ਕੇ ਕੀ ਡਿੱਠਾ ਕਿ ਆਗੂ ਚੇਲੇ ਸਭ ਹਉਮੈ ਵਿਚ ਫਸੇ ਪਏ ਦੁਖੀ ਹਨ । ਪਰਮਾਰਥ ਕਿਤੇ ਨਹੀਂ ਰਿਹਾ, ਸਭ ਥਾਂ ਧੋਖਾ ਤੇ ਤੇ ਠੱਗੀ ਵਿਹਾਰ ਜਾਂ ਹੰਕਾਰ ਦਾ ਤੋਰਾ ਪੱਸਰ ਰਿਹਾ ਹੈ--

**ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ ॥ ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ ॥ ੯੮ ॥**[੧੩੬੯]

ਹਰ ਪਾਸੇ ਅਗਿਆਨਤਾ ਦੀ ਧੁੰਧ ਪੱਸਰ ਰਹੀ ਵੇਖੀ ਤਾ ਫਿਰ ਇਸ ਧੁੰਧ ਦੇ ਬੱਦਲਾਂ ਨੂੰ ਖੇਰੂੰ ਖੇਰੂੰ ਕਰ ਦੇਣ ਵਾਲੇ ਅਪਾਰ-ਗਿਆਨ ਰੂਪ ਸੂਰਜ ਨੇ ਆਪਣੀਆਂ ਕਿਰਣਾ ਖਿਲਾਰਣੀਆਂ ਅਰੰਭ ਕੀਤੀਆਂ । ਹਨੇਰੇ ਵਿਚ ਜਗਮਾਉਣ ਵਾਲੇ ਬ੍ਰਹਮੰਡ ਵਿਚਲੇ ਤਾਰਿਆ ਨੂੰ ਭਾਜੜ ਪੈ ਗਈ । ਸਿਆਣਿਆਂ ਨੂੰ ਇਸ ਤਰ੍ਹਾਂ ਅਨੁਭਵ ਹੋਇਆ ਜਿਵੇ, ਭਰਮਾਂ ਭੁਲੇਖਿਆਂ ਦਾ ਨਾਸ ਕਰਕੇ, ਉੱਚੇ ਆਚਰਨ ਤੇ ਉ–ਚੀ ਆਤਮਕ ਅਵਸਥਾ ਵਾਲੇ ਸੰਤ ਸੂਰਮੇ ਬਣਾ ਦੇਣ ਵਾਲੇ, ਗੁਣਾ ਦੀ ਸ਼ੇਰਵਾਈ ਗਰਜਣਾ ਸੁਣ ਕੇ ਅਗਿਆਨਤਾ ਅਤੇ ਵਿਕਾਰਾਂ-ਰੂਪ ਘਣੇ ਹਨੇਰੇ ਜੰਗਲ ਵਿਚੋਂ ਕਈ ਪ੍ਰਕਾਰ ਦੇ ਵਿਕਾਰਾਂ-ਰੂਪ ਹਰਨਾਂ ਦੀਆਂ ਡਾਰਾਂ ਅਧੀਰ ਹੋਈਆਂ ਭੱਜੀਆਂ ਜਾ ਰਹੀਆਂ ਹੋਣ । ਜਿਥੇ ਵੀ ਗੁਰੂ ਬਾਬਾ ਜੀ ਚਰਨ ਪਾਉਂਦੇ ਸਨ ਉਹੀ ਅਸਥਾਨ ਪੂਜਣ-ਜੋਗ ਬਣ ਗਿਆ ਸੀ । ਚਿਰਾਂ ਤੋਂ ਬਣੇ **ਗੋਰਖ-ਮਤੇ** ਹੁਣ **ਨਾਨਕ ਮਤੇ** ਬਣ ਗਏ । ਘਰਾਂ ਵਿਚ ਇਲਾਹੀ ਸਿਫਤਿ ਸਾਲਾਹ ਰੂਪੀ ਕੀਰਤਨ ਦੀ ਮਾਨੋਂ ਬਿਸਾਖੀ ਮਨਾਈ ਜਾਣ ਲੱਗ ਪਈ । ਗੁਰੂ ਬਾਬੇ ਨੇ ਭਾਰਤ, ਬਰ੍ਹਮਾ, ਲੰਕਾ, ਨਿਪਾਲ, ਲੇਹ, ਲਦਾਖ਼, ਤਿੱਬਤ, ਅਫ਼ਗ਼ਾਨਿਸਤਾਨ, ਈਰਾਨ, ਅਰਬ, ਬਗ਼ਦਾਦ, ਰੂਸ, ਚੀਨ ਆਦਿ ਮਾਨੋ ਸਾਰਾ ਸੰਸਾਰ ਤਾਰ ਦਿੱਤਾ । ੨੬ ਤੋਂ ਅੱਗੇ ੨੭ਵੀਂ ਪਉੜੀ ਵਿਚ ਭਾਈ ਸਾਹਿਬ ਭਾਈ ਗੁਰਦਾਸ ਜੀ, ਉਸ **ਪ੍ਰਗਟ ਪਹਾਰੇ** ਦਾ ਵਰਣਨ ਇਨ੍ਹਾਂ ਸ਼ਬਦਾਂ ਵਿਚ ਕਰਦੇ ਹਨ---

ਸਤਿਗੁਰੂ ਨਾਨਕ **ਪ੍ਰਗਟਿਆ** ਮਿਟੀ ਧੁੰਧ ਜਗ ਚਾਨਣੁ ਹੋਆ । ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅਧੇਰ ਪਲੋਆ ।
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ । ਜਿਥੇ ਬਾਬਾ ਪੈਰ ਧਰਿ ਪੂਜਾ ਆਸਣੁ ਥਾਪਣਿ ਸੋਆ ।
ਸਿਧ ਆਸਣਿ ਸਭਿ ਜਗਤ ਦੇ, ਨਾਨਕ ਆਦਿ ਮਤੇ ਜੇ ਕੋਆ । ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ ।
ਬਾਬੇ ਤਾਰੇ ਚਾਰਿ ਚਕਿ ਨਉਖੰਡਿ ਪ੍ਰਿਥਮੀ ਸਚਾ ਢੋਆ ॥ **ਗੁਰਮੁਖਿ ਕਲਿ ਵਿਚਿ ਪਰਗਟ ਹੋਆ ॥ ੨੭ ॥**

ਅਵਤਾਰ ਧਾਰਨ ਨੂੰ, ਅਥਵਾ ਜਨਮ ਲੈਣ ਨੂੰ, ਭਾਈ ਸਾਹਿਬ ਨੇ ਵੀ **ਪ੍ਰਗਟ ਹੋਣਾ** ਨਹੀਂ ਕਿਹਾ । ਉਥੇ ਲਫ਼ਜ਼ " ਪਠਾਇਆ " ਹੈ । ਪਰ ਉਦਾਸੀਆਂ ਤੇ ਚੜ੍ਹੇ ਘਣਘੋਰ ਬੱਦਲਾਂ ਵਾਂਗ ਨਿਆਰੇ ਗਿਆਨ ਦੀ ਬਰਖਾ ਕਰਕੇ ਅਗਿਆਨਤਾਂ ਦੀ ਧੁੰਧ ਮਿਟਾਉਂਦੇ--ਸ੍ਰੀ ਗੁਰੂ ਨਾਨਕ ਦੇਵ ਜੀ ਨੂੰ **ਪ੍ਰਗਟ** ਹੋਣਾ ਮੰਨਿਆਂ ਹੈ । ਸਤਿਗੁਰਾਂ ਦੀ ਬਾਣੀ ਦੇ ਆਸ਼ੇ ਨੂੰ ਭਾਈ ਸਾਹਿਬ ਨੇ ਸਪੱਸ਼ਟ ਕੀਤਾ ਹੈ । ਸਾਰਾ ਪੰਥ ਰਲ ਕੇ ਵੀ ਗੁਰਮਤਿ ਦੇ ਇਸ ਆਸ਼ੇ ਨੂੰ ਨਹੀਂ ਸੀ ਬਦਲ ਸਕਦਾ । ਜੇ ਬਦਲਦਾ ਹੈ ਤਾਂ ਆਪਣੇ ਖ਼ਾਤਮੇ ਦੇ ਦਿਨਾਂ ਨੂੰ ਨੇੜੇ ਲਈ ਆ ਰਿਹਾ ਹੈ । ਕਾਰਨ ਅਗਲੀਆਂ ਸਤਰਾਂ ਪੜ੍ਹਿਆਂ ਸਮਝ ਵਿਚ ਆ ਜਾਵੇਗਾ ।

ਸਤਿਗੁਰਾਂ ਦੀ ਕਿਰਪਾ ੨੦੦ ਤੋਂ ਵੱਧ ਸਮਾਂ ਨਿਰੰਤਰ ਹੁੰਦੀ ਰਹੀ ਜਿਸ ਤੋਂ ਖ਼ਾਲਸਾ ਅਜੇਹੇ ਸ਼ੁੱਭ ਉ–ਤਮ ਗੁਣਾ ਦਾ ਭੰਡਾਰ ਬਣਦਾ ਗਿਆ ਕਿ ਉਸ ਨੇ ਅਕਾਲ ਪੁਰਖ ਨੂੰ ਆਪਣੇ ਤੇ ਰੀਝਾ ਲਿਆ । ਫਿਰ " ਪਰਮਾਤਮਾ ਮੌਜ ਵਿਚ ਆਇਆ " ਮਿਹਰਾਂ ਕੀਤੀਆਂ । ਤਾਂ ਖ਼ਾਲਸਾ, ੧੬੯੯ ਦੀ ਵਿਸਾਖੀ ਵਾਲੇ ਦਿਨ, ਬਿਲਕੁਲ ਨਿਆਰੀ, ਉਚੇਚੇ ਕਿਸਮ ਦੀ ਅਤੀਅੰਤ ਕਰੜੀ ਹੀ ਨਹੀਂ ਸਗੋਂ ਮਨੁੱਖ ਨੂੰ ਭੈ ਭੀਤ ਕਰ ਦੇਣ ਵਾਲੀ ਪ੍ਰੀਖਿਆ ਵਿਚੋਂ ਪਾਸ ਹੋ ਕੇ, ਸੰਸਾਰ ਵਿਚ **ਪ੍ਰਗਟ** ਹੋਇਆ । ਅਸੱਫਲ, ਹੋ ਕੈ ਠੇਡੇ ਖਾ ਰਹੇ ਨੂੰ ਕੋਈ ਨਹੀਂ ਜਾਣਦਾ । ਸਦਾ ਉਹੀ ਵਿਦਿਆਰਥੀ ਸੰਸਾਰ ਵਿਚ ਪ੍ਰਗਟ ਹੁੰਦਾ ਹੈ ਜਿਹੜਾ ਉਚੇਚੇ ਨੰਬਰ ਲੈ ਕੇ ਸਰਬਓਤਮ ਘੋਸ਼ ਕੀਤਾ ਜਾਂਦਾ ਹੈ । ਸਫ਼ਲ ਹੋਏ ਅਥਵਾ ਪਾਸ ਹੋਏ ਨੂੰ " **ਜਨਮਿਆਂ** " ਸਿਵਾਏ ਸਿੱਖਾਂ ਦੇ ਹੋਰ ਕਦੇ ਕਿਸੇ ਨਹੀਂ ਕਿਹਾ ।

ਉਪ੍ਰੋਕਤ ਸ਼ਬਦ ਵਿਚਾਰ ਦੇ ਅਧਾਰ ਤੇ, " **ਪ੍ਰਗਟ ਹੋਣ** " ਨੂੰ " **ਜਨਮ ਹੋਣਾ** " ਕਹਿਣਾ **ਗੁਰਮਤਿ ਦੀ ਖੰਡਨਾਂ** ਹੈ, ਅਥਵਾ ਅਭਾਗੀ " **ਹੂੜ ਮੱਤ** " ਹੈ । ਦਸ਼ਮੇਸ਼ ਜੀ ਦੇ ਪੰਜ ਭੂਤਕ ਸਰੀਰ ਵਿਚ ਵਿਚਰਦੇ ਸਮੇ ਕਦੇ ਵੀ ਖ਼ਾਲਸੇ ਦਾ ਜਨਮ ਦਿੰਨ ਨਹੀਂ ਸੀ ਮਨਾਇਆ ਗਿਆ । **ਪ੍ਰਗਟਿਓ ਖ਼ਾਲਸਾ ਪਰਮਾਤਮ ਕੀ ਮੌਜ** " ਫ਼ੁਰਮਾਨ ਦੇ ਅਰਥ ਬਦਲ ਕੇ ਇਸ ਨੂੰ ਖ਼ਾਲਸੇ ਦਾ " ਜਨਮ ਦਿਨ " ਕਿਹੜੇ ਸਾਲ ਤੋਂ ਮਨਾਇਆ ਜਾਣਾ ਅਰੰਭ ਹੋਇਆ ਸੀ ? ਇਸ ਦਾ ਠੀਕ ਅਤੇ ਭਰੋਸੇ ਜੋਗ ਪਤਾ ਕਿਥੋਂ ਮਿਲੇ ? ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਪਾਵਨ ਸਰੂਪ ਹੈ ਜਿਸ ਵਿਚ ਸਿੱਖੀ ਦਾ ਵੈਰੀ ਕੋਈ ਰਲਾ ਨਹੀਂ ਪਾ ਸਕਿਆ । ਹੋਰ ਬਥੇਰੇ ਹੱਥ-ਪੈਰ ਮਾਰੇ ਹਨ ਪਰ ਭਰੋਸੇ ਜੋਗ ਪੁਸਤਕ ਦਾਸ ਨੂੰ ਕਿਤੋਂ ਨਹੀਂ ਮਿਲ ਸਕੀ ਜਿਸ ਤੋਂ ਇਸ ਬਾਰੇ ਠੀਕ ਟੋਹ ਮਿਲ ਸਕੇ ।

ਜਨਮ ਦਿਨ ਤੇ ਖ਼ੁਸ਼ੀਆਂ ਮਨਾਉਣਦੇ ਸਮੇ, ਸੋਹਿਲੇ ਤਾਂ ਉਸ ਪੁਰਾਤਨ ਸੰਤ-ਸੂਰਮੇ ਖ਼ਾਲਸਾ ਜੀ ਦੇ ਗਾਏ ਜਾ ਰਹੇ ਹੁੰਦੇ ਹਨ, ਜਿਸ ਦੀ ਬਰਕਤਿ ਨਾਲ ਪੰਥ ਦਾ ਤੇਜ ਪ੍ਰਤਾਪ ਸਿਖ਼ਰਾਂ ਤੇ ਜਾ ਪੁੱਜਾ ਸੀ । ਉਸ ਤੋਂ ਕੋਈ ਸਿਖਿਆ ਲੈਣ ਦੀ ਲੋੜ ਮੁਕਾ ਕੇ ਆਪਣੀ ਛਾਤੀ ਹੰਕਾਰ ਨਾਲ ਫੁਲਾਉਣੀ ਸਿਆਣਪ ਦੀ ਨਿਸ਼ਾਨੀ ਨਹੀਂ ਹੈ । ਅਜੇਹਾ ਕਰਕੇ ਫ਼ਾਰਸੀ ਦੀ ਕਹਾਵਤ " ਪਿਦਰਮ ਸੁਲਤਾਨ ਬੂਦ " ਨੂੰ ਆਪਣੇ ਤੇ ਘਟਾ ਕੇ ਖ਼ਾਲਸਾ-ਪੰਥ ਚਾਤਰ ਦੁਸ਼ਮਣਾਂ ਦੀਆਂ ਨਜ਼ਰਾਂ ਵਿਚ ਹੋਲੇ ਤੋਂ ਹੌਲਾ ਹੋ ਰਿਹਾ ਹੁੰਦਾ ਹੈ । ਅਜੇਹੇ ਸਮੇ ਤੇ ਖ਼ੁਸ਼ੀਆਂ ਨਾਲ ਭੰਗੜੇ ਪਾਉਣ ਦੇ ਥਾਂ ਖ਼ਾਲਸਾ ਜੀ ਲਈ ਜ਼ਰੂਰੀ ਬਣਦਾ ਹੈ ਕਿ ਆਪਣੇ ਅੰਦਰ ਝਾਤੀ ਮਾਰ ਕੇ ਆ ਵੜੀਆਂ ਕਮਜ਼ੋਰੀਆਂ ਨੂੰ ਧੋ ਕੇ ਬਾਹਰ ਕੱਢਣ ਦਾ ਉ–ਦਮ ਫੜੇ । ਪੁਰਾਤਨ ਸਿੰਘਾਂ ਵਰਗਾ ਸੰਤ-ਸੂਰਮਾ ਖ਼ਾਲਸਾ ਬਣਨ ਲਈ, ਆਪਣੇ ਅਨੂਪਮ ਸਤਿਗੁਰਾਂ ਦੇ ਹੁਕਮ ਅਨੁਸਾਰ ਚਲ ਕੇ, ਸੂਰਮਤਾਈ, ਸਹਨਸ਼ੀਲਤਾ,

ਦ੍ਰਿੜਤਾ, ਸੁੱਚ-ਆਚਾਰਤਾ, ਕਰਣੀ-ਕਥਨੀ ਦਾ ਸੂਰਾ, ਵੰਡ-ਛਕਣ ਵਾਲਾ, ਤਿਆਗੀ, ਅਤੇ ਪਰਸਪਰ ਪਿਆਰ ਬਨਾਉਣ ਜਿਹੇ ਸ਼ੁੱਭ ਗੁਣਾ ਨੂੰ ਵਸਾਉਣ ਦੇ ਆਹਰ ਵਿਚ ਜੁੱਟ ਜਾਣ ਦਾ ਸੰਕਲਪ ਕਰੇ । ਜਨਮ ਦਿਨ ਦੀ ਖ਼ੁਸ਼ੀ ਵਿਚ ਭੰਗੜੇ ਪਾਉਣੇ, ਗੋਲੇ ਚਲਾਉਣੇ, ਹਰ ਪਾਸੇ ਹੰਕਾਰ ਦੀ ਪ੍ਰਦਰਸ਼ਨੀ ਕਰਕੇ ਹਾਜ਼ਰਾ ਹਜ਼ੂਰ ਸਤਿਗੁਰਾਂ ਦੇ ਫ਼ੁਰਮਾਨ--

**ਜਨਮੇ ਕਉ ਵਾਜਹਿ ਵਾਧਾਏ ॥ ਸੋਹਲੜੇ ਅਗਿਆਨੀ ਗਾਏ ॥**
**ਜੋ ਜਨਮੈ ਤਿਸੁ ਸਰਪਰ ਮਰਣਾ, ਕਿਰਤ ਪਇਆ ਸਿਰਿ ਸਾਹਾ ਹੇ ॥ ੭ ॥** [੧੦੩੨]

ਦੀ ਖਿੱਲੀ ਉਡਾਉਣ ਦੀ ਭੁੱਲ ਹੋ ਰਹੀ ਹੁੰਦੀ ਹੈ । ਜਿਹੜਾ ਆਪਣਾ ਜਨਮ ਦਿਨ ਮਨਾਉਂਦਾ ਹੈ ਉਸ ਨੂੰ ਮਰਨ ਦਿਨ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ-**ਜੋ ਜਨਮੈ ਸੋ ਜਾਨਹੁ ਮੂਆ** ॥ [੩੭੫] ਆਪਣਾ ਜਨਮ ਦਿਨ ਮਨਾਉਣ ਵਾਲੇ ਨੂੰ ਇਹ ਨਹੀਂ ਭੁਲੱਣਾ ਚਾਹੀਦਾ ਕਿ--**ਜੋ ਜਨਮੇ ਸੋ ਰੋਗਿ ਵਿਆਪੇ ॥ ਹਉਮੈ ਮਾਇਆ ਦੂਖਿ ਸੰਤਾਪੇ ॥** [੩੫੨] ਜਿਸ ਜਨਮ ਦਿਨ ਨਾਲ ਏਨੇ ਰੋਗ ਚੰਬੜੇ ਹੋਏ ਹੋਣ ਉਸ ਨਾਲ ਜੁੜਨ ਦਾ ਕੀ ਲਾਭ ? ਸੰਸਾਰ ਵਿਚ **ਪ੍ਰਗਟ ਹੋਣ** ਵਾਲਾ, ਸਦਾ ਚੜ੍ਹਦੀ ਕਲਾ ਵਿਚ ਰਹਿਣ ਵਿਚ ਆਪਣੀ ਜ਼ਿੰਗਦੀ ਸਮਝਦਾ ਹੈ, ਅਤੇ ਆਪਣੀ ਉਸ ਚੜ੍ਹਦੀ ਕਲਾ ਵਾਲੀ ਜ਼ਿਦਗੀ ਨੂੰ ਸਦੀਵੀ ਬਣਾਈ ਰੱਖਣ ਲਈ ਉਨ੍ਹਾਂ ਗੁਣਾ ਨੂੰ ਕੀਮਤੀ ਸਰਮਾਏ ਵਾਂਗ ਸੰਭਾਲੀ ਰੱਖਦਾ ਹੈ ਜਿਨ੍ਹਾਂ ਦੀ ਕਿਰਪਾ ਨਾਲ ਉਹ **ਪ੍ਰਗਟ-ਸੰਸਾਰ** ਹੋਇਆ ਸੀ--**ਜਿਹ ਪ੍ਰਸਾਦੁ ਤੂ ਪ੍ਰਗਟਿ ਸੰਸਾਰਿ ॥ ਤਿਸੁ ਪ੍ਰਭ ਕਉ ਮੂਲਿ ਨ ਮਨਹੁ ਬਿਸਾਰਿ ॥** ਪਰ ਜਨਮ ਦਿਨ ਤੇ ਵਧਾਈਆਂ ਲੈਣ ਵਾਲਾ ਹੰਕਰੀ ਅਤੇ ਥੋਥਾ ਹੋਈ ਜਾਂਦਾ ਹੈ । ਏਸੇ ਕਰਕੇ ਹੀ, ਪਰਮਾਤਮ ਕੀ ਮੌਜ ਨਾਲ " **ਪ੍ਰਗਟਿਆ ਖ਼ਾਲਸ"** ਨੂੰ ਬਿੱਪ੍ਰ ਦੀ ਕਰਾਮਾਤ ਨੇ **ਜਨਮ ਹੋਇਆ** ਪ੍ਰਚਾਰ ਕੇ ਖ਼ਾਲਸੇ ਨੂੰ ਔਝੜੇ ਪਾ ਦਿੱਤਾ । ਜਨਮ ਦਿਨ ਮਨਾਉਣ ਦੀ ਖ਼ੁਸ਼ੀਆਂ ਵਿਚ ਖ਼ਾਲਸਾ ਜੀ ਉਨ੍ਹਾਂ ਕਾਰਨਾਂ ਨੂੰ ਭੁੱਲ ਬੈਠੇ ਜਿਨ੍ਹਾਂ ਨੇ ਇਸ ਨੂੰ ਸੰਸਾਰ ਵਿਚ ਪ੍ਰਗਟ ਕੀਤਾ ਸੀ ਅਤੇ ਫਿਰ ਇਹ ਵੀ ਭੁੱਲ ਗਏ ਕਿ ਉਨ੍ਹਾਂ ਹੀ ਗੁਣਾ ਦੇ ਧਾਰਨੀ ਬਣੇ ਰਹਿ ਕੇ ਸੰਸਰ ਵਿਚ "ਪ੍ਰਗਟ ਰਹਿਣਾ " ਹੀ, ਤੇਜ ਪ੍ਰਤਾਪ ਦੀ ਮਾਲਕੀ ਦਾ ਸਾਧਨ ਸੀ । ਜਨਮ ਦਿਨ ਦੀਆਂ ਖ਼ੁਸ਼ੀਆਂ ਦੇ ਢੋਲ-ਢਮੱਕਿਆਂ, ਭੰਗੜਿਆਂ, ਵਧਾਈਆਂ ਦੇ ਲੈਣ ਦੇਣ ਦੇ ਸ਼ੋਰ ਸ਼ਰਾਬੇ ਵਿਚ ਹੰਕਾਰ ਨੇ ਅਛੋਪਲੇ ਹੀ ਆ ਡੇਰਾ ਲਾਇਆ । ਅਤੇ--**ਹਉਮੈ ਨਾਵੈ ਨਾਲਿ ਵਿਰੋਧੁ ਹੈ** " ਅਤੇ ਫਿਰ--"**ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ** " ॥ [੧੩੫] ਅਖੰਡ ਪਾਠਾਂ ਦੀਆਂ ਕਰਾਮਾਤਾਂ ਨਾਲ ਜੁੜ ਕੇ ਮੂਰਖਾਂ ਦੇ ਸੁਰਗਾਂ ਦੇ ਵਾਸੀ ਬਣ ਚੁੱਕੇ ਸਿੰਘ ਜੀ, ਹੁਣ ਇਸ ਨਿਮਾਣੇ ਸੱਤਰੇ ਬਹੱਤਰੇ ਬਿਰਧ ਦੀ ਦੁਹਾਈ ਕਿਵੇਂ ਸੁਣ ਲੈਣ ? **ਫਰੀਦਾ ਕੂਕੇਦਿਆਂ ਚਾਂਗੇਦਿਆ ਮਤੀ ਦੇਂਦਿਆ ਨਿਤ ॥ ਜੋ ਸੈਤਾਨਿ ਵੰਵਾਈਆਂ ਸੇ ਕਿਤ ਫੇਰਹਿ ਚਿਤ ॥** [੧੩੭੮] ਇਸ ਵਿਸ਼ੇ ਬਾਰੇ ਹੋਰ ਵੀ ਬੜੀ ਖੁਲ੍ਹੀ ਵਿਚੋ ਪੁਸਤਕ ਦੇ ਪੰਜਵੇਂ ਭਾਗ ਦੇ " ਖੰਡੇ ਬਾਟੇ ਦਾ ਅੰਮ੍ਰਿਤ " ਲੇਖ ਵਿਚ ਕੀਤੀ ਗਈ ਹੈ । Foot Note Ends

ਜਿਸ ਸਿਧਾਂਤ ਦਾ ਜਨਮ ੧੪੬੯ ਵਿਚ ਹੋਇਆ ਸੀ, ਅਥਵਾ ਜਿਸ ਖ਼ਾਲਸੇ ਦਾ ਜਨਮ ੧੫-ਵੀਂ ਸਦੀ ਸਮੇਂ ਹੋਇਆ ਸੀ, ਅੱਜ ਉਹ ਭਰ ਜੋਬਨ ਤੇ ਸੀ । ਗੁਰੂ ਨਾਨਕ ਜੀ ਦਾ ਚਿਤਵਿਆ ਪੂਰਨ ਮਨੁਖ ਸਾਖ਼ਸ਼ਾਤ ਰੂਪ ਵਿਚ ਹੱਥ ਬੱਨ੍ਹੀ ਸਾਹਮਣੇ ਖੜਾ ਸੀ । ਏਸੇ ਦਿਨ ਦੀ ਉਡੀਕ ਵਿਚ ਤਾਂ ਗੁਰਦੇਵ ਜੀ ਕਾਇਆਂ ਪਲਟਦੇ ਆ ਰਹੇ ਸਨ--**ਜੋਤਿ ਓਹਾ, ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ ॥** (੯੬੬-੨)

ਉਸ ਮਰਦ ਅਗੰਮੜੇ ਨੇ ਇੱਕ ਹੋਰ ਅਨੋਖੀ ਤੇ ਵਿਚਿਤ੍ਰ ਖੇਡ ਨਾਲ ਦੁਨੀਆਂ ਨੂੰ ਹੋਰ ਵੀ ਹੈਰਾਨ ਕਰ ਦਿੱਤਾ । ਜਿਨ੍ਹਾਂ ਨੂੰ ਆਪ ਨਿਵਾਜਿਆ ਸੀ ਉਨ੍ਹਾਂ ਪੰਜਾਂ ਪਿਆਰਿਆਂ ਦੇ ਸਾਹਮਣੇ ਗੋਡਿਆਂ ਪਰਨੇ ਹੋ ਕੇ ਉਨ੍ਹਾਂ ਤੋਂ ਆਪ ਅੰਮ੍ਰਿਤ ਪਾਨ ਕੀਤਾ ਅਤੇ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਅਖਵਾਏ । ਅਜੇਹਾ ਕਰਨ ਵਿਚ ਵਡਾ ਭੇਤ ਇਹ ਸੀ ਕਿ, ਦੂਜਿਆਂ ਨੂੰ ਖੰਡੇ-ਬਾਟੇ ਦੀ ਪਾਹੁਲ ਛਕਾ ਕੇ ਸਿੰਘ ਸਜਾਉਣ ਦਾ ਅਧਿਕਾਰ ਆਪਣੇ ਨਿਵਾਜੇ ਪੰਜ ਪਿਆਰਿਆਂ ਨੂੰ ਬਖ਼ਸ਼ ਦਿੱਤਾ ਸੀ । " ਜੇ ਮੈਂ ਇਨ੍ਹਾਂ ਪੰਜਾਂ ਕੋਲੋਂ ਖੰਡੇ ਬਾਟੇ ਦੀ ਪਾਹੁਲ ਛਕ ਸਕਦਾ ਹਾਂ, ਤਾਂ ਇਹ ਪੰਜ ਪਿਆਰੇ, ਸੰਸਾਰ ਦੇ ਕਿਸੇ ਵੀ ਪ੍ਰਾਣੀ ਨੂੰ ਸਿੰਘ ਸਜਾ ਸਕਦੇ ਹਨ " ਇਹ ਸੀ ਦਸ਼ਮੇਸ਼ ਜੀ ਦੀ ਅਦੁਤੀ ਦਾਤ ਆਪਣੇ ਪਿਆਰੇ ਖ਼ਾਲਸਾ ਜੀ ਨੂੰ । ਖ਼ਾਲਸੇ ਪ੍ਰਤੀ ਸ਼ਰਧਾ ਅਤੇ ਪਿਆਰ ਭਰੇ ਦਿਲ ਨੇ ਏਨਾ ਉਛਾਲਾ ਖਾਧਾ ਕਿ ਇਸ ਦੀ ਉਪਮਾ ਵਿੱਚ ਕਵਿਤਾ-ਰੂਪ ਝਰਨਾ ਵਹਿ ਤੁਰਿਆ । ਵਣਗੀ ਵਜੋਂ ਕੁਝ ਸਤਰਾਂ ਇਸ ਪ੍ਰਕਾਰ ਹਨ:--

**ਖਾਲਸਾ ਮੇਰੋ ਰੂਪ ਹੈ ਖਾਸ । ਖਾਲਸੇ ਮੇਂ ਹਉ ਕਰਉ ਨਿਵਾਸ ।**
**ਖ਼ਾਲਸਾ ਮੇਰੋ ਪਿੰਡ ਪ੍ਰਾਨ । ਖਾਲਸਾ ਮੇਰੀ ਜਾਨ ਕੀ ਜਾਨ ।**
**ਖ਼ਾਲਸਾ ਮੇਰਾ ਸੱਜਣ ਸੂਰਾ । ਖ਼ਲਸਾ ਮੇਰੋ ਸਤਿਗੁਰ ਪੂਰਾ ।**

ਖ਼ਾਲਸੇ ਪ੍ਰਤੀ ਸ਼ਰਧਾ ਭਰਪੂਰ ਭਰੋਸੇ ਦਾ ਕੋਈ ਪਾਰਾਵਾਰ ਨਹੀਂ ਸੀ । ਇਸ ਨੂੰ ਸਤਿਗੁਰ ਪੂਰਾ ਆਖਣ ਤੇ ਵੀ ਗੁਰਦੇਵ ਜੀ ਦਾ ਦਿਲ ਨਹੀਂ ਸੀ ਰੱਜਿਆ, ਏਥੋਂ ਤੱਕ ਵੀ ਆਖ ਦਿੱਤਾ ਕਿ **ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀਂ ਮੋ ਸੌ ਗਰੀਬ ਕ੍ਰੋਰ ਪਰੇ ।** ਅੰਤਾਂ ਦਾ ਭ੍ਰੋਸਾ ਸੀ ਆਪਣੇ ਖ਼ਾਲਸੇ ਪ੍ਰਤੀ । ਜਿਸ ਤੇ ਭਰੋਸਾ ਨਾ ਹੋਵੇ, ਉਸ ਨੂੰ ਭਲਾ ਕੋਈ ਆਪਣਾ ਪੁਤੱਰ ਵੀ ਬਣਾਉਂਦਾ ਹੈ ? ਸਤਿਗੁਰਾਂ ਨੇ ਇਸ ਸੁੱਖੀ-ਲੱਧੇ ਪੁੱਤਰ, ਤਿਆਰ ਬਰ ਤਿਆਰ ਖ਼ਾਲਸੇ ਨੂੰ ਸੰਬੋਧਨ ਕਰਕੇ ਫ਼ੁਰਮਾਇਆ ਕਿ ਅੱਜ ਤੋਂ ਤੁਹਾਡਾ ਪਿਤਾ ਗੋਬਿੰਦ ਸਿੰਘ ਅਤੇ ਮਾਤਾ ਸਾਹਿਬ ਦੇਵਾਂ ਜੀ ਹਨ । ਸਦ-ਜੀਵੇ ਮਾਤ ਪਿਤਾ ਵਾਲਾ ਬਣਾ ਕੇ, ਖ਼ਾਲਸੇ ਨੂੰ ਯਤੀਮ ਹੋ ਜਾਣ ਦੇ ਡਰ ਤੋਂ ਮੁਕਤ ਕਰ ਦਿੱਤਾ । ਹੇ **ਖ਼ਾਲਸਾ** ਪੁੱਤ੍ਰ ! ਜੇ ਤੂੰ ਸਮ-ਮੁਚ ਹੀ ਅੱਜ ਵਰਗਾ **ਖ਼ਾਲਸਾ** ਰਿਹਾ ਤਾਂ ਤੂੰ ਕਦੇ ਯਤੀਮ ਨਹੀਂ ਹੋਵੇਂਗਾ ।

## ੪
# ਜਬ ਇਹ ਗਹੇ ਬਿੱਪ੍ਰਨ ਕੀ ਰੀਤ

ਕਿਸੇ ਅਣਡਿਠੇ ਅਤੇ ਬਿਖੜੇ ਪੈਂਡੇ ਵਾਲੀ ਮੰਜ਼ਲ ਦੇ ਪਾਂਧੀ ਸਪੁੱਤ੍ਰ ਨੂੰ ਸਿਆਣੇ ਮਾਤਾ ਪਿਤਾ ਰਸਤੇ ਦੇ ਖ਼ਤਰਿਆਂ ਤੋਂ ਸੁਚੇਤ ਰਹਿਣ ਦੀ ਤਾਕੀਦ ਕਰਦੇ ਹਨ । ਜੇ ਦੂਰ-ਦ੍ਰਿਸ਼ਟ ਮਾਪਿਆਂ ਨੂੰ ਇਹ ਸੂਹ ਮਿਲ ਜਾਏ ਕਿ ਉਨ੍ਹਾਂ ਦੇ ਬਚੜੇ ਦੇ ਰਸਤੇ ਵਿੱਚ ਕਿਸੇ ਦੁਸ਼ਮਣ ਨੇ ਮਾਇਆ ਜਾਲ ਵਿਛਾਇਆ ਹੋਇਆ ਹੈ, ਜਿਸ ਵਿੱਚ ਉਲਝ ਕੇ ਰਸਤੇ ਤੋਂ ਭਟਕ ਜਾਂਣ ਦਾ ਗੰਭੀਰ ਖ਼ਤਰਾ ਹੈ, ਤਾਂ ਫਿਰ ਅਜੇਹੇ ਰਸਤੇ ਦੇ ਪਾਂਧੀ ਬੱਚੇ ਨੂੰ ਤਾੜਨਾ ਕਰਨ ਦੇ ਨਾਲ, ਕਿਸੇ ਕ੍ਰੜੀ ਸਜ਼ਾ ਦਿੱਤੀ ਜਾਨ ਦਾ ਡਰ ਵੀ ਪਾਇਆ ਜਾਂਦਾ ਹੈ । ਅਤਿਅੰਤ ਪਿਆਰੇ ਅਤੇ ਬੜੀਆਂ ਘਾਲਣਾ ਨਾਲ ਪਰਵਾਨ ਚੜ੍ਹਾਏ ਖ਼ਾਲਸੇ ਪ੍ਰਤੀ ਸ਼ਰਧਾ ਅਤੇ ਵਿਸ਼ਵਾਸ਼ ਭਰਪੂਰ ਹਿਰਦੇ ਵਾਲੇ ਦਸਮ-ਗੁਰੂ-ਨਾਨਕ ਪਿਤਾ ਜੀ ਨੂੰ ਵੀ ਕੁਝ ਅਜੇਹੇ ਹੀ ਖ਼ਤਰਿਆਂ ਵਾਲਾ **ਤੌਖ਼ਲਿਆਂ ਭਰਿਆ ਅਨੁਭਵ ਹੋਇਆ ।**

ਜਿਸ ਅਜਗਰ -Dragon-ਨੇ ਸ਼ਕਤੀ ਸ਼ਾਲੀ ਅਤੇ ਵਿਸ਼ਾਲ ਰਾਜ ਦੇ ਮਾਲਕ (ਜਿਸ ਦੀਆਂ ਹੱਦਾਂ ਦੇ ਘੇਰੇ ਵਿੱਚ ਬ੍ਰਹਮਾਂ ਲੰਕਾ, ਤਿਬੱਤ, ਨੇਪਾਲ, ਕਸ਼ਮੀਰ ਸਾਰਾ ਭਾਰਤ, ਪਾਕਿਸਤਾਨ ਅਫਗਾਨਿਸਤਾਨ ਦਾ ਇਲਾਕਾ ਆਉਂਦਾ ਸੀ ) **ਬੁੱਧ ਧਰਮ** ਨੂੰ, ਉਸ ਦੇ ਰਾਜ ਸਮੇਤ ਹੀ ਨਿਗਲ ਲਿਆ ਸੀ, ਉਹ ਭਿਆਨਕ ਖ਼ਤਰਾ, **ਹਜ਼ਾਰ-ਫੱਨੀ ਸ਼ੇਸ਼ਨਾਗ** ਆਪਣਾ ਮੂੰਹ ਪਾੜੀ, ਖਾਲਸੇ ਨੂੰ ਨਿਸ਼ਾਨਾ ਬਣਾਈ ਘੂਰਦਾ, ਗੁਰਦੇਵ ਜੀ ਦੀਆਂ ਪਾਰਖੂ ਅਤੇ ਦੂਰ-ਦ੍ਰਿਸ਼ਟ ਨਜ਼ਰਾਂ ਨੇ ਵੇਖ ਲਿਆ ਹੋਇਆ ਸੀ । ਦਸ਼ਮੇਸ਼ ਜੀ ਜਾਣਦੇ ਸਨ ਕਿ ਇਸ ਵਿਕਰਾਲ ਨਾਗ ਦੇ (ਮਾਇਆ-ਜਾਲ ਵਾਲੇ) ਜ਼ਹਿਰੀਲੇ-ਡੰਗ

ਦਾ ਕੋਈ **ਤੋੜ** ਲੱਭਣਾਂ (ਹਜ਼ਾਰਾਂ ਸਾਲਾਂ ਤੋ) ਅਸੰਭਵ ਬਣਿਆ ਆ ਰਿਹਾ ਹੈ । ਭਰਮਾਂ ਭੁਲੇਖਿਆਂ ਦੀਆਂ ਕਰੜੀਆਂ ਤਾਰਾਂ ਨਾਲ ਉਣੇ ਹੋਏ ਇਸ ਦੇ ਮਾਇਆ-ਜਾਲ ਵਿੱਚ ਜਿਹੜਾ ਫਸਿਆ ਉਹ ਆਪਣੀ ਸ਼ਕਲ ਸੂਰਤ ਦੇ ਨਾਲ ਆਪਣੀ ਸੁਤੰਤ੍ਰ ਹੋਂਦ ਤੋਂ ਵੀ ਹੱਥ ਧੋ ਬੈਠਾ ਸੀ ।

ਬੁੱਧ ਧਰਮ ਨੂੰ ਤਾਂ ਚਲਾਇਆ ਹੀ ਇੱਕ ਰਾਜਕੁਮਾਰ ਨੇ ਸੀ । ਫਿਰ ਉਸ ਨੂੰ **ਅਸ਼ੋਕ-ਵਰਧਨ** ਜਿਹੇ ਬੜੇ ਸ਼ਕਤੀਵਾਨ ਸਮਰਾਟਾਂ ਦੀ ਛਤਰ-ਛਾਇਆ ਪ੍ਰਾਪਤ ਹੋ ਗ਼ਈ । ਬੁਧ-ਧਰਮ ਦੇ ਪਸਾਰੇ ਲਈ ਸ਼ਾਹੀ ਖ਼ਜ਼ਾਨੇ ਵਿਚੋਂ ਭਰਪੂਰ ਮਾਇਕ-ਸਹਾਇਤਾ ਵੀ ਮਿਲਦੀ ਰਹੀ ਸੀ । ਪਰ ਏਧਰ ਉਸ ਸਮੇਂ ਦੀ ਸਾਰੀ ਦੀ ਸਾਰੀ ਰਾਜ-ਸੱਤਾ, ਗ਼ਰੀਬ ਕਿਰਤੀਆਂ ਦੇ ਇਸ ਖ਼ਾਲਸੇ ਧਰਮ ਦਾ ਖੁਰਾ ਖੋਜ ਮਿਟਾ ਦੇਣ ਲਈ ਪੂਰਾ ਟਿੱਲ ਲਾ ਰਹੀ ਸੀ । ਖ਼ਾਲਸੇ ਦੀ ਮੰਜ਼ਲ ਦਾ ਰਸਤਾ ਤਾਂ ਬੇਅੰਤ ਪ੍ਰਕਾਰ ਦੇ ਭਿਆਨਕ ਖ਼ਤਰਿਆਂ ਅਤੇ ਦੁਖਦਾਈ ਅਉਕੜਾਂ ਨਾਲ ਭਰਿਆ ਹੋਇਆ ਸੀ ।

ਖਾਲਸੇ ਨੂੰ ਉੱਚ ਗੁਣਾ ਵਾਲੀ ਜੀਵਨੀ ਦੇ ਸਿਖਰ ਤੇ ਨਿਰਾ ਪੁਚਾ ਦੇਣਾ ਹੀ ਗੁਰੂ ਨਾਨਕ ਦੇਵ ਜੀ ਨਿਸ਼ਾਨਾ ਨਹੀਂ ਸੀ, ਸਗੋਂ ਗੁਰਦੇਵ ਜੀ ਦੀ ਦਿਲੀ ਸੱਧਰ ਸੀ ਕਿ ਉਸ ਦਾ ਇਹ ਸਪੁੱਤਰ ਉਸ ਉਚ-ਆਚਰਨ ਦੀ ਸਿਖ਼ਰ ਤੇ ਸਦਾ ਲਈ ਟਿਕਿਆ ਵੀ ਰਹੇ । ਗੁਰੂ ਜੀ ਦੀ ਇਹ ਦਿਲੀ ਸੱਧਰ ਸੀ ਕਿ ਖ਼ਾਲਸਾ ਮਨੁੱਖਤਾ ਦੇ ਸਰਬ-ਉੱਚ ਗੁਣਾਂ ਨੂੰ ਸਦਾ ਸਾਂਭੀ ਰੱਖ ਕੇ ਨਿਰਾਲੀ ਆਨ-ਸ਼ਾਨ ਦਾ ਮਾਲਕ ਬਣਿਆ ਰਹੇ, ਅਤੇ ਆਪਣੇ ਗੁਰੂ ਦਾ ਸਿਰ ਸਦਾ ਹੀ ਉਚਾ ਕਰੀ ਰੱਖੇ । ਏਸੇ ਲਈ ਹੀ ਕਲਗ਼ੀ-ਧਰ ਜੀ ਨੇ ਖ਼ਾਲਸੇ ਨੂੰ ਸੁਚੇਤ ਰਹਿਣ ਲਈ ਸਖਤ ਤਾੜਨਾਂ ਕਰਨ ਦੇ ਨਾਲ ਹੀ, ਹੁਕਮ ਅਦੂਲੀ ਕਰਨ ਤੇ ਕ੍ਰੜੀ ਸਜ਼ਾ ਦੇਣ ਦਾ ਫ਼ੁਰਮਾਨ ਵੀ ਕਰ ਦਿੱਤਾ ਸੀ । ਦਸਮ ਗ੍ਰੰਥ ਦੀਆਂ ਕਈ ਬਾਣੀਆਂ ਤੇ ਬੜੇ ਤਿੱਖੇ ਹਮਲੇ ਹੋ ਰਹੇ ਹਨ, ਪਰ ਤਾੜਨਾਂ ਵਾਲੇ ਇਸ ਹੁਕਮ ਪ੍ਰਤੀ ਕੋਈ ਮੱਤ ਭੇਦ ਨਹੀਂ ਹੈ । ਇਸ ਮਹਾਂਵਾਕ ਨੂੰ ਵੀ ਸਤਿਗਰਾਂ ਦੇ ਹਿਰਦੇ ਵਿਚੋਂ ਪ੍ਰਗਟ ਹੋਇਆ, ਧੁਰ ਕੀ ਬਾਣੀ ਦੇ ਤੁੱਲ ਹੀ ਸਮਝਣਾ ਚਾਹੀਦਾ ਸੀ :--

**ਜਬ ਲਗ ਖ਼ਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਆ ਮੈਂ ਸਾਰਾ ॥**
**ਜਬ ਇਹ ਗਹੇ ਬਿਪ੍ਰਨ ਕੀ ਰੀਤ ॥ ਮੈਂ ਨ ਕਰੂ ਇਨ ਕੀ ਪਰਤੀਤ ॥**

ਪਹਿਲੀ ਸਤਰ ਵਿੱਚ ਦਸ਼ਮੇਸ਼ ਜੀ ਨੇ ਇਹ ਸ਼ਰਤ ਲਾ ਦਿੱਤੀ ਹੈ ਕਿ, ਤੇਜ ਪਰਤਾਪ ਸਿਰਫ਼ ਉਨਾ ਚਿਰ ਹੀ ਬਣਿਆ ਰਹੇਗਾ ਜਿਨਾ ਚਿਰ ਖ਼ਾਲਸਾ ਗੁਰੂ ਦੇ ਬਖਸ਼ੇ ਨਿਆਰੇ ਆਚਰਨ ਵਾਲੇ ਸਿਧਾਂਤ ਨੂੰ ਸਾਂਭੀ ਰਖ ਕੇ ਆਪਣੀ ਨਿਆਰੀ ਡਿੱਠ ਬਣਾਈ ਰਖੇਗਾ । **{ ਸਿਰਫ਼ ਨਿਆਰੇ ਬਾਣੇ ਦਾ ਕੀ ਮੁੱਲ ? ਨਿਆਰਾ ਸੁਚ-ਆਚਾਰ ਅਤੇ ਬਾਣਾ ਦੋਵੇਂ ਜ਼ਰੂਰੀ ਸਨ ]** ਇਸ ਦਾ ਸਪੱਸ਼ਟ ਅਰਥ ਇਹ ਹੈ ਕਿ ਜੇ ਖ਼ਾਲਸਾ ਸੁੱਚ ਆਚਾਰ ਵਾਲਾ ਆਪਣਾ ਨਿਆਰਾ ਸਿਧਾਂਤ ਗੁਆ ਬੈਠਾ ਤਾਂ ਤੇਜ ਪਰਤਾਪ ਅਲੋਪ ਹੁੰਦਿਆਂ ਵੀ ਕੋਈ ਚਿਰ ਨਹੀਂ ਲੱਗਣਾ ।

ਅਗਲੀ ਸਤਰ ਵਿੱਚ ਬੜੀ ਭਿਆਨਕ ਸਜ਼ਾ ਦਿਤੇ ਜਾਣ ਦਾ ਜ਼ਿਕਰ ਹੈ । **ਹੇ ਖ਼ਾਲਸਾ ਜੀ ! ਜੇ ਤੂੰ ਬਿੱਪ੍ਰ ਰੀਤੀ ਦਾ ਧਾਰਨੀ ਬਣ ਗਿਆ ਤਾਂ ਮੈਂ ਅੱਗੇ ਤੋਂ ਤੇਰੀ ਪਰਤੀਤ ਨਹੀਂ ਕਰਨੀ** । ਗੁਰਦੇਵ ਦੇ ਇਸ ਫ਼ੁਰਮਾਨ ਨੂੰ ਬੜੀ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਸੀ । ਜਿਸ ਖ਼ਾਲਸੇ ਨੂੰ ਸੱਜਣ ਸੂਰਾ ਅਤੇ ਸਤਿਗੁਰ ਪੂਰਾ ਆਖ ਕੇ ਇਸ ਪ੍ਰਤੀ ਸ਼ਰਧਾ ਅਤੇ ਵਿਸ਼ਵਾਸ਼ ਦੀ ਧੁਰ ਸਿਖ਼ਰ ਨੂੰ ਪਾਰ ਕਰ ਲਿਆ ਸੀ, ਫਿਰ ਝੱਟ ਪਟ ਹੀ ਉਸੇ ਖ਼ਾਲਸੇ ਬਾਰੇ ਅਜੇਹੇ ਸ਼ੰਕੇ ਵਾਲੇ ਬਚਨ ਕਹਿਣ ਦਾ ਕੀ ਅਰਥ ਸੀ ? ਸਾਫ਼ ਸਿੱਧ ਹੋ ਰਿਹਾ ਹੈ, ਕਿ **ਮਨੁਖੱਤਾ ਦੇ ਸ਼ੁਭ ਗੁਣਾਂ ਦਾ ਭੋਗ ਪਾ ਦੇਣ ਦੇ ਕਰਾਮਾਤੀ ਅਸਰ ਵਾਲੀ ਬ੍ਰਿੱਪਨ ਕੀ ਰੀਤ ਤੋਂ ਹੀ ਗੁਰਦੇਵ ਜੀ ਨੂੰ ਗੰਭੀਰ ਖਤਰਾ ਅਨੁਭਵ ਹੋ ਰਿਹਾ ਸੀ ।** ਹਜਾਰਾਂ ਸਾਲਾਂ ਤੋਂ ਭਾਰਤੀ ਮਨੁੱਖ ਦੇ ਹਿਰਦੇ ਵਿੱਚ ਘਰ ਕਰ ਚੁੱਕੀ ਬਿਪ੍ਰਨ ਕੀ ਰੀਤ ਨੇ ਹੀ ਇਸ ਨੂੰ ਪਸ਼ੂਆਂ ਦੀ ਪੱਧਰ ਤੇ ਲਿਆ ਖੜਾ ਕੀਤਾ ਸੀ । ਨਿਆਰਾ ਮਨੁੱਖ ਬਣਾਉਣ ਵਾਸਤੇ ਉਸੇ ਬਿੱਪ੍ਰ-ਰੀਤੀ ਦੇ ਸੰਸਕਾਰਾਂ ਨੂੰ ਮਿਟਾਉਣਾ ਬੜਾ ਜ਼ਰੂਰੀ ਸਮਝਿਆ ਗਿਆ ਸੀ । ਇਹ ਕੰਮ ਏਡਾ ਕਠਣ ਸੀ ਕਿ ਇਸ ਨੂੰ ਪੂਰਾ ਕਰਨ ਵਾਸਤੇ ਬੇਅੰਤ ਕੁਰਬਾਨੀਆਂ ਅਤੇ ਜੋਖਮ ਭਰੇ, ਸੈਕੜੇ ਸਾਲ ਖਰਚ ਕਰਨੇ ਪਏ ਸਨ ।

ਖ਼ਾਲਸੇ ਨੂੰ ਜਿਸ ਸਦੀਵੀ ਗੁਰੂ ਦੇ ਲੜ ਲਾਇਆ ਜਾਣਾ ਸੀ ਉਸ **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ** ਮੂਲ ਮੰਤ੍ਰ ਦੇ ਪਹਿਲੇ **ਅੱਖਰ ੧ ਤੋਂ ਬ੍ਰਾਹਮਣੀ ਰੀਤ ਦਾ ਖੰਡਣ ਅਰੰਭ ਹੋ ਜਾਂਦਾ ਹੈ ।** ਫਿਰ ਜਪੁਜੀ ਸਾਹਿਬ ਦੇ ਪਹਿਲੇ ਸ਼ਬਦ--**ਸੋਚੈ**--ਤੋਂ ਵੀ ਏਸੇ **ਖ਼ਤਰਨਾਕ ਰੀਤ ਦੀ ਖੰਡਣਾਂ** ਅਰੰਭ ਹੋ ਜਾਣ ਤੋਂ ਇਸ ਬ੍ਰਾਹਮਣੀ ਰੀਤ ਦੀ **ਗੰਭੀਰਤਾ ਦਾ ਸਪੱਸ਼ਟ ਸੰਕੇਤ** ਮਿਲ ਰਿਹਾ ਹੈ । ਗੁਰੂ ਨਾਨਕ ਨਿਰੰਕਾਰੀ ਨੇ ਪ੍ਰਥਮ ਸਰੂਪ ਦੇ ਸਮੇਂ ਤੋਂ ਹੀ ਸਮਝ ਲਿਆ ਸੀ ਕਿ ਖ਼ਾਲਸੇ ਦੀ ਹਸਤੀ ਨੂੰ **ਕੇਵਲ-ਮਾਤ੍ਰ ਖ਼ਤਰਾ ਬ੍ਰਾਹਮਣੀ ਰੀਤ ਤੋਂ ਹੀ ਹੈ ।**

ਗੁਰੂ ਦੇ ਅਥਾਹ ਵਿਸ਼ਵਾਸ਼ ਦੀ ਪਰਵਾਹ ਨਾ ਕਰਦਾ ਹੋਇਆ ਜੇ ਇਹ ਖ਼ਾਲਸਾ ਬਿੱਪ੍ਰਨ ਕੀ ਰੀਤ ਦਾ ਧਾਰਨੀ ਬਣ ਜਾਵੇ ਤਾਂ ਇਸ ਤੋਂ ਵਡਾ ਵਿਸ਼ਵਾਸ਼ਘਾਤ ਕੀ ਹੋ ਸਕਦਾ ਹੈ ? ਇਸ ਤੋਂ ਵੱਧ ਭੈੜੀ ਬੇਪਰਤੀਤੀ ਹੋਰ ਕਿਹੜੀ ਹੋ ਸਕਦੀ ਸੀ ? ਖ਼ਾਲਸੇ ਪ੍ਰਤੀ ਅਥਾਹ ਸ਼ਰਧਾ ਅਤੇ ਪਿਆਰ ਦੀ ਹੀ ਨਿਸ਼ਾਨੀ ਹੈ ਕਿ ਗੁਰਦੇਵ ਜੀ ਨੇ ਇਹ " ਕੌੜਾ ਸੱਚ " ਸਪੱਸ਼ਟ ਸ਼ਬਦਾਂ ਵਿੱਚ ਕਹਿ ਕੇ, ਆਪਣੇ ਨਵ-ਜਨਮੇ ਸਪੁੱਤ੍ਰ ਨੂੰ ਸਦਾ ਵਾਸਤੇ ਸੁਚੇਤ ਰਖਣ ਦੀ ਸੱਧਰ ਦਾ ਪ੍ਰਗਟਾਵਾ ਕੀਤਾ ਸੀ । ਗੁਰੂ ਦੀਆਂ ਨਜ਼ਰਾਂ ਵਿੱਚ ਬੇਪਰਤੀਤਾ ਬਣ ਜਾਣ ਦਾ ਅਰਥ ਹੈ ਕਿ ਗੁਰੂ ਨੂੰ ਇੱਕ ਅਜੇਹਾ ਬੇਦਾਵਾ ਲਿਖ ਕੇ ਦੇ ਦੇਣਾ, ਜੋ ਮੁੜ ਕਦੇ ਵੀ ਪੜਵਾਇਆ ਨਾ ਜਾ ਸਕੇ । ਕਿਉਂਕਿ--**ਆਪਨੀ ਪਰਤੀਤਿ ਆਪ ਹੀ ਖੋਵੈ ॥ ਬਹੁਰਿ ਉਸ ਕਾ ਬਿਸ੍ਹਾਸੁ ਨਾ ਹੋਵੈ** ॥(ਸੁਖ-੨੬੮) । ਬੇਪਰਤੀਤੇ ਮਨੁੱਖ ਦੇ ਨੇੜੇ ਕੌਣ ਢੁੱਕਦਾ ਹੈ ? ਪ੍ਰਿਥੀ ਚੰਦ, ਧੀਰਮੱਲ, ਰਾਮਰਾਏ ਆਦਿ ਜਨਮੇ ਤਾਂ ਗੁਰ-ਪਰਵਾਰਾਂ ਵਿੱਚ ਸਨ, ਪਰ ਪਰਤੀਤ ਗੁਆ ਬੈਠੇ ਤਾਂ ਸਦਾ ਵਾਸਤੇ ਛੇਕੇ ਗਏ ।

ਗੁਰੂ ਦੀਆਂ ਨਜ਼ਰਾਂ ਵਿੱਚ ਜਿਸ ਨੇ ਪਰਤੀਤ ਬਣਾ ਲਈ ਉਹ ਲਹਿਣੇ ਤੋਂ ਗੁਰੂ ਅੰਗਦ ਬਣ ਗਿਆ । ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਤੋਂ ਗੁਰੂ ਗੋਬਿੰਦ ਸਿੰਘ ਤੱਕ ਸੱਭ ਨੇ ਆਪਣੇ ਗੁਰੂ ਦੀਆਂ ਨਜ਼ਰਾਂ ਵਿਚ ਆਪਣੀ ਪਰਤੀਤ ਹੀ ਤਾਂ ਬਣਾ ਲਈ ਹੋਈ ਸੀ । ਖ਼ਾਲਸੇ ਨੇ ਵੀ ਜਦ ਗੁਰੂ ਦੀਆਂ ਨਜ਼ਰਾਂ ਵਿੱਚ ਪਰਤੀਤ ਬਣਾ ਲਈ ਤਾਂ **ਸੱਜ਼ਣ ਸੂਰਾ ਅਤੇ ਸਤਿਗੁਰ ਪੂਰਾ ਬਣ ਗਿਆ ।** ਮਹਾਨ ਕੋਸ਼ ਦੇ ੧੯੯ ਸਫੇ ਤੇ ਕਿਸੇ ਵਿਦਵਾਨ ਦੀ ਲਿਖੀ ਕਵਿਤਾ ਦਾ ਬੰਦ ਹੈ ਜਿਸ ਦਾ ਸੰਖੇਪ ਭਾਵ ਇਹ ਹੈ ਕਿ ਪਰਮਾਤਮਾ ਦੇ ਪ੍ਰਗਟ ਸਰੂਪ ਦੇ ਦੀਦਾਰੇ ਸਿਰਫ਼ ਪ੍ਰਤੀਤ ਬਣਾ ਲੈਣ ਨਾਲ ਹੀ ਹੋ ਸਕਦੇ ਹਨ, ਦਿਖਾਵੇ ਵਾਲੇ ਹੋਰ ਸਾਰੇ ਯਤਨ ਨਿਸਫਲ ਹਨ :-

ਕਥਾ ਮੇਂ ਨ ਕੰਥਾ ਮੇ ਨ ਤੀਰਥ ਕੇ ਪੰਥਾ ਮੇਂ ਨ , ਪੋਥੀ ਮੇਂ ਨ ਪਾਥ ਮੇਂ ਨ ਸਾਥ ਕੀ ਬਸੀਤ ਮੇਂ ।

ਜਟਾ ਮੇਂ ਨ ਮੁੰਡਨ ਤਿਲਕ ਤਿਰਪੁੰਡਨ ਮੇਂ , ਨਦੀ ਕੂਪ ਕੁੰਡਨ ਅਨੑਾਂਨ ਦਾਨ ਰੀਤ ਮੇਂ ।
ਪਾਠ ਮੱਠ ਮੰਡਲ ਨ ਕੁੰਡਲ ਕਮੰਡਲ ਮੇਂ , ਮਾਯਾ ਦੇਹ ਮੇਂ ਨ ਦੇਵ ਦੇਹੁਰਾ ਮਸੀਤ ਮੇਂ ।
ਆਪ ਹੀ ਅਪਾਰ ਪਾਰਾਵਾਰ ਪ੍ਰਭੂ ਪੂਰ ਰਹਯੋ , ਪਾਈਐ ਪ੍ਰਗਟ ਪਰਮੇਸ਼ਵਰ ਪ੍ਰਤੀਤਿ ਮੇਂ ।

ਪ੍ਰਭੂ ਦੇ ਦਰਬਾਰ ਵਿੱਚ ਸਿਰਫ ਪਰਤੀਤਿ ਦੀ ਹੀ ਕਦਰ ਹੈ । ਸਾਰੇ ਜਪ ਤਪ ਆਦਿ ਸਿਰਫ **ਉਸ** ਦੀਆਂ ਨਜ਼ਰਾਂ ਵਿੱਚ ਪਰਤੀਤਿ ਬਣਾ ਲੈਣ ਦੇ ਹੀ ਯਤਨ ਹਨ । ਗੁਰੂ ਗ੍ਰੰਥ ਜੀ ਦੀ ਬਾਣੀ ਵਿਚ **ਪਰਤੀਤਿ ਸ਼ਬਦ** ਦੀ ਵਰਤੋਂ ਦਾ ਬੇਅੰਤ ਵਾਰੀ ਹੋਣ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਗੁਰਦੇਵ ਜੀ ਪਰਤੀਤਿ ਗੁਣ ਨੂੰ ਬਹੁਤ ਮਹੱਤਤਾ ਦਿੰਦੇ ਸਨ । ਕੁਝ ਮਹਾਂ ਵਾਕ ਇਸ ਪ੍ਰਕਾਰ ਹਨ :--

੧- **ਮੁੰਦਾ ਸੰਤੋਖੁ, ਸਰਮੁ ਪਤੁ ਝੋਲੀ , ਧਿਆਨ ਕੀ ਕਰਹਿ ਬਿਭੂਤਿ ॥**
**ਖਿੰਥਾ ਕਾਲੁ , ਕੁਆਰੀ ਕਾਇਆ , ਜੁਗਤਿ ਡੰਡਾ <u>ਪਰਤੀਤਿ</u> ॥ ...੨੮ ॥**(ਜਪੁ)

੨- **ਪ੍ਰਭ ਆਪਨੇ ਕਾ ਭਇਆ ਬਿਸਾਸੁ ॥ ਜੀਉ ਪਿੰਡੁ ਸਭੁ ਤਿਸ ਕੀ ਰਾਸਿ ॥**
**ਨਾਨਕ ਕਉ ਉਪਜੀ <u>ਪਰਤੀਤਿ</u> ॥ ਮਨਮੁਖ ਹਾਰ ਗੁਰਮੁਖ ਸਦ ਜੀਤਿ ॥ ੪ ॥** [੮੬੭]-੧੬-੧੮

੩- **ਦ੍ਰਿੜੁ ਕਰਿ ਮਾਨੈ ਮਨਹਿ <u>ਪਰਤੀਤਿ</u> ॥ ਕਾਲੁ ਨ ਆਵੈ ਮੂੜੇ ਚੀਤਿ ॥ .. ੭ ॥** [੨੬੭]-੪

੪- **ਜਾ ਕੈ ਮਨਿ ਗੁਰ ਕੀ <u>ਪਰਤੀਤਿ</u> ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥ .. ੮ ॥** [੨੮੩]--੧੫

੫- **ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ ॥ ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ ॥ ... ੩ ॥** [੨੮੫]-੧੭

੬- **ਕਹਤੁ ਕਬੀਰੁ ਸੁਨਹੁ ਰੇ ਲੋਈ ॥ ਅਬ ਤੁਮਰੀ ਪਰਤੀਤਿ ਨ ਹੋਈ ॥ ੪ ॥** [੪੮੪]--੩੫

੭- **ਜਿਸੁ <u>ਪਰਤੀਤਿ</u> ਨ ਆਵਈ ਭਾਈ ਸੋ ਜੀਅੜਾ ਜਲਿ ਜਾਉ ॥ ੬ ॥** [੬੪੦]-੧

੮- **ਜਿਨ ਕਉ ਮਨ ਕੀ ਪਰਤੀਤਿ ਨਾਹੀ, ਨਾਨਕ ਸੇ ਕਿਆ ਕਥਹਿ ਗਿਆਨੈ ॥ ੧ ॥** [੬੪੭]-੧੨

੯- **ਅੰਤਰਿ ਅਗਿਆਨੁ ਭਈ ਮਤਿ ਮਧਿਮ ਸਤਿਗੁਰ ਕੀ <u>ਪਰਤੀਤਿ</u> ਨਾਹੀ ॥ ... ੧ ॥** [੬੫੨]--੨੬

੧੦- **ਪਰਾਈ ਬਖੀਲੀ ਕਰਹਿ ਆਪਨੀ ਪਰਤੀਤਿ ਖੋਵਨਿ ਸਗਵਾ ਭੀ ਆਪੁ ਲਖਾਹਿ ॥ .. ੮ ॥** [੮੫੨]-ਵਾਰ

ਪ੍ਰਤੀਤ ਬਣਾ ਲੈਣ ਤੋਂ ਬਿਨਾ ਪ੍ਰਭੂ ਦੇ ਜਾਂ ਗੁਰੂ ਦੇ ਦਰਬਾਰ ਵਿੱਚ ਢੋਈ ਨਹੀਂ ਮਿਲਦੀ । ਬਾਣੀਆਂ ਦਾ ਨਿੱਤ ਨੇਮੀ ਸਿੱਖੀ ਬਾਣੇ ਦਾ ਧਾਰਨੀ ਅਤੇ ਅੰਮ੍ਰਿਤ ਧਾਰੀ ਸਿੰਘ ਵੀ ਜੇ ਬਿੱਪ੍ਰਨ ਕੀ ਰੀਤ ਦਾ ਧਾਰਨੀ ਹੈ ਤਾਂ ਉਹ ਵੀ ਗੁਰੂ ਦੀਆਂ ਨਜ਼ਰਾਂ ਵਿੱਚ ਬੇਪ੍ਰਤੀਤਾ ਹੀ ਹੈ । ਬਿਪ੍ਰਨ ਕੀ ਰੀਤ ਦਾ ਧਾਰਨੀ ਸਿੱਖ, ਲੋਕ ਪਰਲੋਕ, ਦੋਵੇਂ ਥਾਂ ਗੁਆ ਲੈਂਦਾ ਹੈ ।

## (੧) ਇਹ ਬਿੱਪ੍ਰ ਕੌਣ ਹੈ ? (੨) ਅਤੇ ਉਸ ਦੀ ਉਹ ਚੰਦਰੀ ਰੀਤ ਕਿਹੜੀ ਹੈ ?

ਇਨ੍ਹਾਂ ਦੋ ਗੰਭੀਰ ਪ੍ਰਸ਼ਨਾ ਦੇ ਉਤੱਰਾਂ ਦੀ ਸੋਝੀ, ਸਿੱਖ ਜਗਤ ਦੇ ਹਰ ਬੱਚੇ ਬੱਚੀ ਨੂੰ ਹੋਣੀ ਚਾਹੀਦੀ ਸੀ, ਤਾਂ ਜੋ ਗੁਰੂ ਦੀਆਂ ਨਜਰਾਂ ਵਿੱਚੋਂ ਡਿਗਾ ਕੇ ਬੇਪ੍ਰਤੀਤਾ ਬਣਾ ਦੇਣ ਵਾਲੀ ਇਸ ਭੈੜੀ ਅਤੇ ਸਰਬ-ਨਾਸਕ ਰੀਤ ਤੋਂ ਬਚਿਆ ਜਾ ਸਕਦਾ । ਅਜੇਹੀ ਖ਼ਬਰਦਾਰੀ ਰੱਖਣ ਲਈ ਹਿਰਦੇ ਵਿੱਚ, ਆਪਣੇ ਗੁਰੂ ਪ੍ਰਤੀ ਅਥਾਹ ਸ਼ਰਧਾ ਹੋਣ ਦੀ ਲੋੜ ਸੀ । ਅਤੇ ਸਾਡੇ ਮਨਾਂ ਦੇ ਵਿੱਚ ਇਸ ਗੱਲ ਦਾ ਗੰਭੀਰ ਤੌਖਲਾ ਰਹਿਣ ਦੀ ਲੋੜ ਸੀ ਕਿ ਕਿਸੇ ਕਾਰਨ ਵੀ ਅਸੀਂ ਉਸ ਨਿਰਾਲੇ ਗੁਰੂ ਦਾ ਵਿਸ਼ਵਾਸ ਨਾ ਗੁਆ ਬੈਠੀਏ ਜਿਸ ਨੇ ਸਾਡੀ ਕਾਇਆ ਕਲਪ ਕਰ ਕੇ ਘਟੇ ਵਿਚ ਰੁਲਦਿਆਂ ਨੂੰ ਸਾਨੂੰ ਸਰਦਾਰ ਬਣਾ ਦਿੱਤਾ ਸੀ । ਪਰ ਜੋ ਦੇਖਣ ਵਿੱਚ ਆ ਰਿਹਾ ਹੈ ਉਹ ਬੜਾ ਨਿਰਾਸ਼ਾ ਜਨਕ ਹੈ ।

ਉਪਰ ਲਿਖੀ ਕਲਗੀਧਰ ਜੀ ਦੀ ਤਾੜਨਾ, ਸੈਂਕੜੇ ਸਾਲਾਂ ਤੋਂ ਲਗ ਪਗ ਸਾਰਿਆਂ ਗੁਰੂ ਘਰਾਂ ਵਿੱਚ ਸੁਣੀ ਅਤੇ ਸੁਣਾਈ ਜਾ ਰਹੀ ਹੈ । ਲਗਦਾ ਇਉਂ ਹੈ ਕਿ ਜਿਵੇਂ ਸਿਖਾਂ ਦੀ ਬਹੁ ਗਿਣਤੀ ਸਮਝੀ ਇਹ ਬੈਠੀ ਹੈ, ਕਿ ਅਵੱਲ ਤਾਂ, ਤਾੜਨਾਂ ਵਾਲੇ ਇਹ ਬਚਨ ਕਲਗੀਧਰ ਜੀ ਦੇ ਨਹੀਂ, ਸਗੋਂ ਕਿਸੇ ਐਰੇ ਗੈਰੇ ਨੇ ਕਹੇ ਹੁੰਦੇ ਹਨ । ਅਤੇ ਜੇ ਉਨ੍ਹਾਂ ਕਿਹਾ ਵੀ ਹੋਵੇਗਾ ਤਾਂ ਵੀ ਦ੍ਸਮੇਸ਼ ਜੀ ਕਿਹੜੇ ਹੁਣ ਆਪ ਆ ਕੇ ਸਾਨੂੰ ਕੁੱਝ ਕਹਿਣ ਲੱਗੇ ਹਨ । ਕਲਗੀਧਰ ਜੀ ਨੇ ਜਿਸ ਨੂੰ ਗੱਦੀ ਦੇ ਕੇ ਗੁਰੂ ਮੰਨਣ ਦਾ ਹੁਕਮ ਦਿੱਤਾ ਸੀ ਉਸ (ਵਿਚਾਰੇ) ਗੁਰੂ-ਗ੍ਰੰਥ (ਸਾਹਿਬ) ਦਾ ਕੀ ਹੈ, ਉਸ ਦੀ ਬਾਣੀ ਦੀ ਪਰਵਾਹ ਭਲਾ ਕੌਣ ਕਰਦਾ ਹੈ । ਭਾਈ ਤਾਂ ਆਪ ਵੀ ਬਾਣੀ ਦਾ ਭਾਵ ਨਹੀਂ ਜਾਣਦੇ, ਅਤੇ ਦੱਸਦੇ ਹਨ ਕਿ ਪਾਠ ਕਰਵਾ ਲੈਣ ਨਾਲ ਹੀ ਬੇੜੇ ਪਾਰ ਹੋ ਜਾਂਦੇ ਹਨ । ਬਾਣੀ ਨੂੰ ਸੁਣ ਕੇ ਸਮਝਣ ਦੀ ਲੋੜ ਦੀ ਗਲ ਤਾਂ ਐਂਵੇਂ ਸੁਪਨੇ ਮਾਤ੍ਰ ਹੀ ਸੁਣੀ ਹੋਵੇਗੀ । ਭਾਈਆਂ ਅਥਵਾ ਪਾਠੀਆਂ ਨੇ ਤਾਂ ਬਾਣੀ ਨੂੰ ਵਪਾਰ ਅਥਵਾ ਮਾਇਆ ਦੀ ਲੁੱਟ ਮਚਾਉਣ ਦਾ ਸਾਧਨ ਹੀ ਮਿੱਥ ਲਿਆ ਹੋਇਆ ਹੈ । ਵਿਧੀ ਨਾਲ ਪਾਠ ਕਰ ਕੇ ਮਨ ਦੀਆਂ ਮੁਰਾਦਾਂ ਪੂਰੀਆਂ ਕਰ ਦੇਣ ਦੇ ਲਾਰਿਆਂ ਨਾਲ ਮਨ ਆਈ ਠੱਗੀ ਮਾਰਨ ਲਈ ਗੁਰਦੇਵ ਜੀ ਦੇ ਸਰੂਪ ਨੂੰ ਸਾਈਕਲਾਂ ਦੇ ਪਿੱਛੇ ਬੰਨ੍ਹ ਕੇ ਪਿੰਡੋ ਪਿੰਡ ਧੂਈ ਫਿਰਦੇ ਹਨ ਤੇ ਮੌਜਾਂ ਨਾਲ ਜਾਇਦਾਦਾਂ ਖ਼ਰੀਦੀ ਜਾ ਰਹੇ ਹਨ । ਕਮੇਟੀ ਦੇ ਦਖ਼ਲ ਦੇ ਟੈਂਟੇ ਤੋਂ ਤੰਗ ਪੈ ਕੇ ਕਈਆਂ ਨੇ ਗੁਰੂ ਮਹਾਰਾਜ ਦਾ ਸਰੂਪ ਘਰ ਹੀ ਲਿਆ ਰੱਖਿਆ ਹੈ ਅਤੇ ਮਨ ਘੜਤ ਸਾਖੀਆਂ ਸੁਣਾ ਸੁਣਾ ਕੇ ਕਹਿ ਰਹੇ ਹੁੰਦੇ ਹਨ ਕਿ-- ਮਨ ਇੱਛੇ ਫਲਾਂ ਦੀ ਪਰਾਪਤੀ ਤਦ ਹੀ ਹੋ ਸਕਦੀ ਹੈ ਜੇ ਪਾਠ ਉਨ੍ਹਾਂ ਵਲੋਂ ਮਿਥੀ ਹੋਈ ਵਿਧੀ ਨਾਲ ਕਰਾਇਆ ਜਾਵੇ । ਮਾਇਆ ਦੇ ਮੋਹ ਵਿਚ ਅੰਨ੍ਹੇ ਹੋਏ ਅਜੇਹੇ ਲੋਕ ਫਿਰ ਹੋਰ ਵੀ ਨੀਚਤਾ ਵਾਲਾ ਝੂਠ ਬੋਲਣ ਤੋਂ ਵੀ ਨਹੀਂ ਸੰਗਦੇ ਕਿ ਉਸ ਫਲ ਦਾਇਕ ਵਿਧੀ ਦੀ ਬਖ਼ਸ਼ਸ਼ ਸਤਿਗੁਰਾਂ ਨੇ ਸਿਰਫ਼ ਉਨ੍ਹਾਂ ਨੂੰ ਹੀ ਕੀਤੀ ਹੈ । ਇਨ੍ਹਾਂ ਨਿਰਮੂਲ ਲਾਰਿਆਂ ਨਾਲ ਵੱਧ ਤੋਂ ਵੱਧ ਗਾਹਕ ਫਸਾਉਂਣ ਦੀ ਦੌੜ ਅਰੰਭੀ ਹੋਈ ਹੈ, ਗੁਰ ਜੀ ਦਿਆਂ ਲਾਲਾਂ ਨੇ । ਗੁਰੂ ਮਹਾਰਾਜ ਦੇ ਹੁਕਮਨਾਮਿਆਂ ਦਾ ਚੰਗਾ ਜਾਂ ਮਾੜਾ ਹੋਣ ਦੇ ਭਰਮ ਪਾ ਕੇ ਖ਼ਾਸ ਖ਼ਾਸ ਮੁੱਖ ਵਾਕ ਆਪ ਹੀ ਕੱਢ ਕੇ ਸੁਣਾ ਕੇ ਵਧਾਈਆਂ ਦੇਣ ਲੱਗ ਪੈਂਦੇ ਹਨ ਕਿ ਗੁਰੂ ਮਹਾਰਾਜ ਨੇ ਕੰਮ ਫਤਹਿ ਕਰ ਦਿੱਤਾ ਹੈ । ਗੁਰੂ ਮਹਾਰਾਜ ਨੇ ਬਹੁਤ ਸੋਹਣੇ ਹੁਕਨਾਮੇ ਦੀ ਬਖ਼ਸ਼ਸ਼ ਕੀਤੀ ਹੈ । ਅਜੇਹਾ ਅਨਰਥ ਕਰਦੇ ਹੋਏ ਗੁਰੂ ਮਹਾਰਾਜ ਦੇ ਸਰੂਪ ਨਾਲ ਹੀ ਠੱਗੀ ਮਾਰਨੋਂ ਨਹੀਂ ਝਿਜਕਦੇ ।

ਪੰਜਾਬ ਦੇ ਪਿਡਾਂ ਵਿੱਚ ਅਜੇਹੇ ਸਿੱਖ ਵੀਰਾਂ ਦੇ ਘਰੀਂ ਅਖੰਡ ਪਾਠ ਦੇ ਭੋਗ-ਸਮਾਗਮਾਂ ਤੇ ਜਾਣ ਦਾ ਮੌਕਾ ਮਿਲਦਾ ਰਿਹਾ ਹੈ ਜਿਥੇ ਪਾਠ ਵਾਲੇ ਕੋਠੇ ਦੇ ਨੇੜੇ ਹੀ ਸ਼ਰਾਬ ਕੱਢਣ ਦੀਆਂ ਭੱਠੀਆਂ ਚਲ ਰਹੀਆਂ ਹੁੰਦੀਆਂ ਸਨ । ਪੁਛਣ ਤੇ ਅਗੋਂ ਉਤੱਰ ਇਹ ਮਿਲਦਾ ਸੀ ਕਿ ਗੁਰੂ ਆਪਣੇ ਸੇਵਕਾਂ ਦੇ ਪਰਦੇ ਆਪ ਹੀ ਢੱਕਦਾ ਹੈ । ਉਸ ਨੇ ਆਪ ਤਾਂ ਕਹਿਣਾ ਹੀ ਕੀ ਹੈ ਸਗੋਂ ਜੇ ਪਾਠ ਚਲ ਰਿਹਾ ਹੋਵੇ ਤਾਂ ਪੁਲਸ ਵੀ ਵਿਹੜੇ ਨਹੀਂ ਵੜਦੀ । ਨਿਸੰਗ ਹੋ ਕੇ ਪੀਪੇ ਭਰ ਭਰ ਕੇ ਸ਼ਰਾਬ ਕੱਢੀ ਦੀ ਹੈ ਅਤੇ ਭੋਗ ਵਾਲੇ ਦਿਨ ਸ਼ਰਾਬ ਦੇ ਪਰਨਾਲੇ ਵਗਾ ਕੇ ਬ੍ਰਾਦਰੀ ਵਿੱਚ ਠੁੱਕ ਬੰਨ੍ਹ ਲਈਦੀ ਐ । ਬਾਬਾ ਵੀ ਰਾਜ਼ੀ ਅਤੇ ਆਪਣੀ ਵੀ ਵਾਹ ਵਾਹ ਹੋ ਜਾਂਦੀ ਹੈ, ਨਾਲੇ ਪੁੰਨ ਨਾਲੇ ਫਲੀਆਂ ।

ਨਿਕੀਆਂ ਜਾਂ ਵੱਡੀਆਂ ਕਮੇਟੀਆਂ ਦੇ ਪਰਬੰਧ ਹੇਠ ਚੱਲ ਰਹੇ ਗੁਰੂ-ਘਰਾਂ ਦੀਆਂ ਸਟੇਜਾਂ ਤੇ ਅਥਵਾ ਦੀਵਾਨ ਹਾਲਾਂ ਵਿੱਚ ਮਨ ਆਈਆਂ ਖ਼ਰਮਸਤੀਆਂ ਕਰੀਏ, ਆਪਸ ਵਿੱਚ ਗਾਲ੍ਹੋ ਗਾਲ੍ਹੀ, ਘਸੁੰਨੋ ਘਸੁੰਨੀ, ਕੇਸੋ ਕੇਸੀ, ਚਾਕੂਆਂ ਤੋਂ ਅਗਾਂਹ ਟੱਪ ਕੇ ਤਲਵਾਰਾਂ ਕੱਢ ਲਈਏ ਅਤੇ ਫਿਰ ਛੁਡਾਉਣ ਅਥਵਾ ਕਾਬੂ ਕਰਕੇ ਅੰਦਰ ਦੇਣ ਲਈ, ਜੁੱਤੀਆਂ ਸਮੇਤ ਪੁਲਸ ਅੰਦਰੇ ਆ ਵੜੇ, ਗੁਰੂ ਦੀ ਗੋਲ੍ਹਕ ਦੀ ਦੁਰਵਰਤੋਂ ਕਰੀਏ, ਪੰਥਕ ਰਹਿਤ ਮਰਯਾਦਾ ਦੀਆਂ ਧੱਜੀਆਂ ਉਡਾਈਏ , ਗੱਲ ਕੀ ਜੋ ਉਪੱਦਰ ਮਰਜ਼ੀ ਹੈ ਕਰੀਏ, ਇਸ ਗੁਰੂ **(ਗ੍ਰੰਥ ਸਾਹਿਬ ਜੀ)** ਨੇ ਕਿਹੜਾ ਕੁੱਝ ਕਹਿਣਾ ਹੁੰਦਾ ਹੈ ? (ਸਟੇਜਾਂ ਉਤੇ ਗੁਰੂ ਜੀ ਨੂੰ ਹਾਜ਼ਰਾ ਹਜ਼ੂਰ, ਜਾਹਰਾ ਜ਼ਹੂਰ, ਸਰਬ ਕਲਾਂ ਭਰਭੂਰ, ਆਦਿ ਸ਼ਬਦ ਸਿਰਫ਼ ਲੋਕਾਂ ਨੂੰ ਭਰਮਾਉਣ ਲਈ ਹੁੰਦੇ ਹਨ । ਗੁਰੂ ਜੀ ਨੂੰ ਜੇ ਉਹੀ ਕੁਝ ਦਿਲੋਂ ਮੰਨਿਆ ਜਾਵੇ ਤਾਂ ਗੁਰੂ ਦੀ ਸਟੇਜ ਨੂੰ ਆਪਣੀ ਮਾਲਕੀ ਸਮਝ ਕੇ ਮਨ ਆਈਆਂ ਕਰਨ ਦੀ ਭੁੱਲ ਕਦੇ ਨਾ ਹੋਵੇ) । ਫਿਰ ਅਜੇਹੇ ਕਮੇਟੀ ਵਾਲਿਆਂ ਦੀ ਚੋਣ ਤਾਂ ਹੈ ਹੀ ਸਾਡੇ ਹੱਥ ਵਿੱਚ । ਆਪਣੇ ਵੋਟਰਾਂ ਨੂੰ ਭਲਾ ਕੌਣ ਨਰਾਜ਼ ਕਰਦਾ ਹੈ ? ਆਪਣੇ ਧੜੇ ਦਾ ਪ੍ਰਧਾਨ ਚੁਣਨ ਦਾ ਕੀ ਲਾਭ ? ਹੁਣ ਤਾਂ ਸ਼ਰਾਬਾਂ ਨਾਲ ਲੇੜ੍ਹ ਕੇ ਗੁਰੂ ਕਾ ਲੰਗਰ ਛਕਣ ਲੱਗੇ ਭਾਂਵੇਂ ਉਥੇ ਹੀ ਗਲੱਛ ਦੇਈਏ, ਕਿਸੇ ਕੀ ਕਹਿਣਾ ਹੈ ? ਸਈਆਂ ਭਏ ਕੁਤਵਾਲ ਅਬ ਡਰ ਕਾਹੇ ਕਾ ? ਕਿਸੇ ਸਾਧ-ਸੰਤ ਜਾਂ ਕਿਸੇ ਡੇਰੇ ਦਾਰ ਦਾ ਡਰ ਭੈ ਮੰਨ ਲਿਆ ਜਾਵੇਗਾ ਪਰ ਗੁਰੂ ਗ੍ਰੰਥ ਸਾਹਿਬ ਜੀ ਦਾ ਡਰ ਤੇ ਅਦਬ ਖ਼ਤਮ ਦੇ ਬਰਾਬਰ ਅਨੁਭਵ ਹੋ ਰਿਹਾ ਹੁੰਦਾ ਹੈ ।

ਇਸ ਤਰ੍ਹਾਂ ਦੇ ਵਿਚਾਰ ਸਾਰੇ ਸਿੱਖ ਜਗਤ ਪ੍ਰਤੀ ਬਣਾ ਲੈਣੇ ਪਾਪ ਹੋਵੇਗਾ । ਅਜੇਹੇ ਗੁਰਮੁਖਾਂ ਦੇ ਦਰਸ਼ਨ ਵੀ ਹੋ ਜਾਂਦੇ ਹਨ ਜੋ ਇਸ ਨਿਰਾਲੇ ਸ਼ਬਦ-ਗੁਰੂ ਵਿੱਚੋਂ ਦਸਾਂ ਗੁਰੂ ਸਾਹਿਬਾਨ ਦੇ ਸਾਖ਼ਸ਼ਾਤ ਦਰਸ਼ਨ ਕਰਦੇ ਹਨ । ਜਿਹੜੇ ਸਮਝਦੇ ਹਨ ਕਿ ਇਹ ਲਾਸਾਨੀ ਗੁਰੂ ਸਰਬ-ਕਾਲੀ, ਸਰਬ-ਥਾਨੀ, ਸਰਬਗੁਣਾਂ ਭਰਪੂਰ, ਅਤੇ ਸਰਬ-ਸਾਂਝੇ ਉਪਦੇਸ਼ ਰੂਪੀ ਰਤਨਾਂ ਦਾ ਅਥਾਹ ਸਾਗਰ ਹੈ । ਗੁਰੂ ਨਾਨਾਕ ਦੇਵ ਜੀ ਦੀ ਗੱਦੀ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਭਾਈ ਸਾਹਿਬ ਸੰਤੋਖ ਸਿੰਘ ਜੀ ਦਾ ਕਥਨ ਇਉਂ ਹੈ :- **ਗ੍ਰਿੰਥ ਜਹਾਜ ਸੁ ਭੌਜਲ ਕੋ ਤਰ ਜਾਤ ਸੁਖੈਨ ਜਿਨ੍ਹੀ ਚਿਤ ਲਾਯੋ** । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਸਮੇ ਪੰਚਮ ਪਾਤਿਸ਼ਾਹ ਜੀ ਨੇ ਇਸ ਅਨੂਪਮ ਗੁਰੂ ਬਾਰੇ ਜੋ ਫੁਰਮਾਨ ਕੀਤੇ ਸਨ ਕਵੀ ਸੰਤੋਖ ਸਿੰਘ ਜੀ ਨੇ ਇਨ੍ਹਾਂ ਸ਼ਬਦਾਂ ਵਿੱਚ ਅੰਕਿਤ ਕੀਤੇ ਹਨ :---

**ਸ੍ਰੀ ਗੁਰ ਕੇਰ ਸਰੀਰ ਜੁਊ , ਸਭ ਥਾਨ , ਸਮੇ ਸਭ, ਨਾ ਦਰਸੈ ਹੈਂ ।**
**ਗ੍ਰਿੰਥ ਰਿਦਾ ਗੁਰ ਕੋ, ਇਹ ਜਾਨਹੁ , ਉਤਮ ਹੈ ਸਭ ਕਾਲ ਰਹੇ ਹੈ ।**
**ਮੇਰੇ ਸਰੂਪ ਤੇ ਯਾਂਤੇ ਹੈ ਦੀਰਘ , ਸਾਹਿਬ ਜਾਨਿ ਅਦਾਇਬ ਕੈ ਹੈਂ ।**
**ਜੋ ਸਰਬੋਤਮ ਜੋ ਸਰਬਾਸ਼ਿਯ , ਤਾਂਹੀ ਕੇ ਨਾਮ ਇਸੀ ਮਹਿ ਹੈਂ ਗਾਏ ।**
**ਨਾਮੁ ਸੁ ਨਾਮੀ ਕੋ ਭੇਦ ਨਹੀਂ , ਇਹ ਮੂਰਤ ਸ੍ਰੀ ਕਰਤਾਰ ਸੁਹਾਏ ।**

ਗੁਰੂ ਗ੍ਰੰਥ ਸਾਹਿਬ ਦੇ ਮਹਾਨ ਗਿਆਨ ਦੀ ਅਗਵਾਈ ਵਿੱਚ ਰਹਿ ਕੇ ਆਪਣੇ ਸੁੱਚ-ਆਚਾਰ ਨੂੰ ਸੰਭਾਲੀ ਰਖਣਾਂ ਸੀ । ਗੁਰਦੇਵ ਜੀ ਦੀ ਬਾਣੀ ਤੋਂ ਸੂਝ ਲੈਂਦੇ ਰਹਿਣਾ ਸੀ ਕਿ ਬਿੱਪ੍ਰ ਕੋਣ ਹੈ ਅਤੇ ਉਸ ਦੀ ਉਹ ਕਿਹੜੀ ਰੀਤ ਹੈ ਜਿਸ ਦੇ ਕਾਰਨ ਖਾਲਸੇ ਦੀ ਨਿਆਰੀ ਹਸਤੀ ਨੂੰ ਦਾਗ਼ ਲੱਗ ਜਾਣਾਂ ਸੀ ।

ਗੁਰਦੇਵ ਜੀ ਦੇ ਇਹ ਬਚਨ ਕਿ ਜੇ ਖ਼ਾਲਸਾ ਨਿਆਰਾ ਰਿਹਾ ਤਾਂ ਇਸ ਨੂੰ ਸਾਰੇ ਦੇ ਸਾਰੇ ਤੇਜ ਪਰਤਾਪ ਦਾ ਮਾਲਕ ਬਣਾ ਦਿਆਂ ਗਾ, ਸੱਚੇ ਸਿੱਧ ਹੁੰਦੇ ਕੁੱਲ ਸੰਸਾਰ ਨੇ ਦੇਖ ਲਏ ਸਨ । ਗਿਣਤੀ ਦੇ ਲਿਹਾਜ਼ ਨਾਲ ਹਿੰਦ ਦੀ ਮਰਦਮ ਸ਼ੁਮਾਰੀ ਵਿੱਚ ਸਿਖਾਂ ਦੀ ਗਿਣਤੀ ਆਟੇ ਵਿੱਚ ਲੂਣ ਦੇ ਬਰਾਬਰ ਸੀ । ਫਿਰ ਵੀ ਖ਼ਾਲਸੇ ਨੇ ਜੰਮੂ ਕਸ਼ਮੀਰ ਸਮੇਤ ਸਤਲੁਜ ਤੋਂ ਤੁਰ ਕੇ ਅਫ਼ਗਾਨਿਸਤਾਨ ਤੱਕ ਦੇ ਵਿਸ਼ਾਲ ਇਲਾਕੇ ਵਿੱਚ ਬੜਾ ਸ਼ਕਤੀ ਸ਼ਾਲੀ ਰਾਜ ਸਥਾਪਤ ਕਰ ਲਿਆ ਸੀ । ਅੰਗ੍ਰੇਜ਼ਾਂ ਨੇ ਅਜੇਹੀ ਸ਼ਕਤੀ ਨਾਲ ਹਿੰਦ ਤੇ ਹਮਲਾ ਕੀਤਾ ਸੀ ਕਿ ਸਾਰਾ ਦੇਸ਼ ਉਨ੍ਹਾਂ ਦੀ ਤਲਵਾਰ ਅੱਗੇ ਗੋਡੇ ਟੇਕੀ ਗਿਆ ਅਤੇ ਦਿੱਲੀ ਦੇ ਤਖ਼ਤ ਦੇ ਮਾਲਕ ਬਣ ਗਏ ਸਨ ਪਰ ਉਨ੍ਹਾਂ ਨੇ ਖ਼ਾਲਸਾ ਰਾਜ ਦਾ ਏਨਾ ਭੈ ਮੰਨਿਆ ਕਿ ਮਹਾਰਾਜਾ ਰਣਜੀਤ ਸਿੰਘ ਦੇ ਨਾਲ ਮਿੱਤ੍ਰਤਾਈ ਗੰਢਣ ਵਾਸਤੇ ਬੜਾ ਕਾਹਲੇ ਸਨ । ਅੰਗ੍ਰੇਜ਼ ਹਰ ਸਾਲ ਲੱਖਾਂ ਰੁਪਿਆਂ ਦੇ ਤੁਹਫੇ ਖ਼ਾਲਸਾ ਦਰਬਾਰ ਵਿੱਚ ਭੇਜਦੇ ਸੱਨ । ਦੁਨੀਆਂ ਦਾ ਸੱਭ ਤੋ ਕੀਮਤੀ ਹੀਰਾ ਖ਼ਾਲਸਾ ਜੀ ਨੂੰ ਭੇਟ ਕੀਤਾ ਗਿਆ । ਸ਼ਹਿਨਸ਼ਾਹ ਨਪੋਲੀਅਨ ਦੇ ਰਾਜ ਦਾ ਖ਼ਾਤਮਾ ਹੋ ਜਾਣ ਉਪ੍ਰੰਤ ਉਸ ਦੇ ਫ਼ਰਾਂਸ ਦੇ ਪ੍ਰਸਿੱਧ ਜਰਨੈਲ ਖ਼ਾਲਸੇ ਦੀ ਚੜ੍ਹਤ ਦੀਆਂ ਖ਼ਬਰਾਂ ਸੁਣ ਕੇ ਖਾਲਸਾ ਫੌਜ ਦੀ ਸੇਵਾ ਵਾਸਤੇ ਹਾਜ਼ਰ ਆ ਹੋਏ ਸਨ । ਥੋਹੜੇ ਜਿਹੇ ਸਮੇਂ ਵਿੱਚ ਹੀ ਕਲਗੀਆਂ ਵਾਲੇ ਨੇ ਲਾਵਾਰਸ-ਗ਼ਰੀਬੜੇ ਪਰ ਉਚੇ ਤੇ ਨਿਆਰੇ ਆਚਰਨ ਦੇ ਮਾਲਕ, ਨਿਆਰੇ ਖ਼ਾਲਸੇ ਨੂੰ ਨਿਆਰਾ ਹੀ ਤੇਜ ਪਰਤਾਪ ਬਖ਼ਸ਼ ਦਿੱਤਾ ਸੀ ।

ਸਿੱਖ ਨੇ ਤੇ ਭਾਂਵੇ ਗੁਰੂ ਦੀ ਚਿਤਾਵਣੀ ਨੂੰ ਕੋਈ ਮਹਤੱਤਾ ਨਹੀਂ ਸੀ ਦਿੱਤੀ ਪਰ ਬ੍ਰਾਹਮਣ ਇਸ ਮਹਾਂਵਾਕ ਦਾ ਰੋਜ਼ ਪਾਠ ਕਰਿਆ ਕਰਦਾ ਸੀ ਕਿ--**ਜਬ ਲੱਗ ਖ਼ਾਲਸਾ ਰਹੇ ਨਿਆਰਾ-** ਬਸ ਸਿਰਫ਼--**ਤੱਬ ਲਗ ਹੀ ਤੇਜ ਪਰਤਾਪ ਖ਼ਾਲਸੇ ਕੋਲ ਰਹਿ ਸਕਣਾ** ਹੈ । ਇਸ ਲਈ ਖ਼ਾਲਸੇ ਦੇ ਤੇਜ-ਪ੍ਰਤਾਪ ਦਾ ਸਦਾ ਲਈ ਭੋਗ ਪਾਉਣ ਲਈ ਇਸ ਨੇ ਦੋ ਕੰਮ ਕਰਨੇ ਜ਼ਰੂਰੀ ਸਮਝੇ--(੧) **ਖ਼ਾਲਸੇ ਨੂੰ ਨਿਆਰਾ ਬਣਾਈ ਰੱਖਣ ਵਾਲੀ ਗੁਰਮਤਿ ਦੇ ਨਾਲੋਂ ਤੋੜਨਾ** ਅਤੇ (੨) **ਇਸ ਦੇ ਨਿਆਰੇ ਅਤੇ ਉਚੇ-ਸੁੱਚੇ ਆਚਰਨ ਨੂੰ ਦਾਗੀ ਕਰਨਾ** । ਦੋਹਾਂ ਮੰਤਵਾਂ ਨੂੰ ਸਿਰੇ ਚਾੜ੍ਹ ਸਕਣ ਵਾਲੀ ਬਿੱਪ੍ਰਨ ਕੀ ਰੀਤ ਨੂੰ ਸਿੱਖ-ਧਰਮ ਵਿਚ ਵਾੜ ਦੇਣ ਲਈ ਬਿੱਪ੍ਰ ਨੇ ਲੱਕ ਬੰਨ੍ਹ ਲਿਆ ਹੋਇਆ ਸੀ ।

## **ਕਬੀਰ ਬਾਮਨ ਗੁਰੂ ਹੈ ਜਗਤ ਕਾ ?** [੧੩੭੭]

ਭਾਰਤੀ ਜਗਤ ਦੇ ਮੁਢਲੇ ਗੁਰੂ, ਬ੍ਰਾਹਮਣ ਨੂੰ ਪੂਰਾ ਗਿਆਨ ਸੀ ਕਿ ਕਿਸੇ ਵੀ ਧਰਮ-ਗੁਰੂ ਦੇ ਆਚਰਨ ਦਾ ਅਸਰ ਜੰਤਾ ਸਮੂਹਕ ਤੌਰ ਤੇ ਏਨਾ ਛੇਤੀ ਨਹੀਂ ਕਬੂਲਦੀ, ਜਿਨਾ ਕਿ ਰਾਜ ਮਹਲਾਂ ਦੇ ਆਚਰਨ ਦਾ ਅਸਰ ਕਬੂਲਿਆ ਜਾਂਦਾ ਹੈ । ਭਾਰਤ ਵਿੱਚ ਕਈ ਭਗਤ ਜਨ, ਧਰਮ--ਗੁਰੂ ਅਤੇ ਕਈ ਸਮਾਜ-ਸੁਧਾਰਕ ਹੋਏ, ਗੁਰੂ ਸਾਹਿਬਾਨ ਦੇ ਵੀ ਦਸ ਸਰੂਪ ਹੋਏ ਪਰ, ਦੇਸ਼ ਦੀ ਸਾਰੀ ਜੰਤਾ ਨੇ ਕਿਸੇ ਦਾ ਵੀ ਅਸਰ ਨਹੀਂ ਸੀ ਕਬੂਲਿਆ । ਅੰਗ੍ਰੇਜ਼ ਦੇ ਰਾਜ ਵਿੱਚ ਅੰਗ੍ਰੇਜ਼ੀ ਜ਼ਬਾਨ ਅਤੇ ਅੰਗ੍ਰੇਜ਼ੀ ਪਹਿਰਾਵਾ, ਲਗ--ਪਗ ਸਾਰੀ ਜੰਤਾ ਨੇ ਅਜਿਹਾ ਕਬੂਲਿਆ ਕਿ ਫਿਰ ਭੁੱਲ ਨਾ ਸਕੀ । ਅੰਗ੍ਰੇਜ਼ ਦੇ ਰਾਜ ਸਮੇਂ ਖੱਦਰ ਦੀ ਪੁਸ਼ਾਕ ਅਤੇ ਗਾਂਧੀ ਟੋਪੀ ਸਿਰਫ ਕਾਂਗਰਸੀ ਹੀ ਪਸੰਦ ਕਰਦੇ ਸਨ ਪਰ ਜਦ ਪੰਡਿਤ ਨਹਿਰੂ ਦੀ ਸਰਕਾਰ ਬਣੀਂ ਤਾਂ ਗਾਂਧੀ ਟੋਪੀ, ਨਹਿਰੂ ਜਾਕਟ ਅਤੇ ਖੱਦਰ ਦੀ ਪੁਸ਼ਾਕ ਆਮ ਹੋ ਗਈ ਸੀ ।

ਬ੍ਰਾਹਮਣ ਸਮਝਦਾ ਸੀ ਕਿ ਜੇ ਪਰਜਾ ਨੂੰ ਉਚੀ ਮਰਯਾਦਾ ਅਤੇ ਸੁਚੇ ਆਚਰਨ ਵਾਲੀ ਬਨਾਉਣਾ ਹੋਵੇ ਤਾਂ ਰਾਜ ਦੇ ਤਖ਼ਤ ਦਾ ਮਾਲਕ ਮਰਯਾਦਾ ਪਰਸ਼ੋਤਮ ਅਤੇ ਬੇਦਾਗ਼ ਆਚਰਨ ਵਾਲਾ ਹੋਣਾ ਚਾਹੀਦਾ ਹੈ । ਜੇ ਪਰਜਾ ਦੀਆਂ ਨਜ਼ਰਾਂ ਵਿੱਚ ਕਿਸੇ ਕਾਰਨ ਮਹਾਰਾਜੇ ਦੀ ਮਹਾਰਾਣੀ ਦਾ ਚਾਲ-ਚਲਨ ਸ਼ੱਕੀ ਹੋ ਜਾਵੇ ਤਾਂ ਪਰਜਾ ਦੀਆਂ ਇਸਤ੍ਰੀਆਂ ਦਾ ਆਚਰਨ ਬੇਦਾਗ਼ ਰੱਖਣ ਵਾਸਤੇ ਮਹਾਰਾਜੇ ਦੀ ਨੂੰ ਚਾਹੀਦਾ ਹੈ ਕਿ ਉਹ ਆਪਣੀ ਮਹਰਾਣੀ ਨੂੰ ਤੁਰਤ ਰਾਜ ਮਹਿਲਾਂ ਵਿਚੋਂ ਕੱਢ ਦੇਵੇ । ਮਹਰਾਣੀ ਦਾ ਆਚਰਨ, ਮਹਾਰਾਜੇ ਦੀ ਪਰਖ ਵਿਚ ਬੇਸ਼ੱਕ ਬੇ-ਦਾਗ਼ ਹੋਵੇ, ਨਿਰਦੋਸ਼ ਮਹਾਰਣੀ ਮਹਾਰਾਜੇ ਦੀ ਹੀ ਸੰਤਾਨ ਦੀ ਮਾਂ ਬਣਨ ਵਾਲੀ (ਗਰਭ ਵਤੀ ਵੀ ਕਿਉਂ ਨਾ) ਹੋਵੇ, ਪਰਜਾ ਦੀ ਭਲਾਈ ਨੂੰ ਮੁੱਖ ਰੱਖ ਕੇ, ਉਸ ਨੂੰ ਬਨਵਾਸ ਮਿਲ ਜਾਣਾ ਜ਼ਰੂਰੀ ਹੈ । ਰਾਜ ਮਹਲਾਂ ਦੇ ਆਚਰਨ ਨੂੰ ਗਿਰਾਵਟ ਤੋਂ ਬਚਾ ਕੇ ਉੱਚਾ ਸੁੱਚਾ ਰੱਖਣ ਵਾਸਤੇ ਮਹਾਰਾਜੇ ਨੂੰ ਕਿਸੇ ਹੋਰ ਇਸਤ੍ਰੀ ਵੱਲ ਮੰਦ ਭਾਵਨਾ ਨਾਲ ਕਦੇ ਨਹੀਂ ਵੇਖਣਾ ਚਾਹੀਦਾ, ਅਥਵਾ ਮਹਾਰਾਜੇ ਦਾ ਆਚਰਨ ਹਰ ਪੱਖੋਂ ਬੇਦਾਗ਼ ਹੋਣਾ ਜ਼ਰੂਰੀ ਹੈ । ਬ੍ਰਾਹਮਣ ਦਾ ਤਜਰਬਾ ਸੀ ਕਿ ਪਰਜਾ ਨੂੰ ਨੇਕ ਬਣਾਈ ਰੱਖਣ ਲਈ ਮਹਾਰਾਜਾ ਧਰਮਾਤਮਾ ਅਤੇ ਅਵਤਾਰੀ ਗੁਣਾ ਵਾਲਾ ਹੋਣਾ ਚਾਹੀਦਾ ਹੈ ।

ਬਿੱਪ੍ਰ ਇਹ ਵੀ ਜਾਣਦਾ ਸੀ ਕਿ ਜੇ ਰਾਜ ਮਹਲਾਂ ਵਿੱਚ ਰਾਗ ਰੰਗ ਅਤੇ ਸ਼ਰਾਬ ਦੇ ਦੌਰ ਚੱਲਣ ਲੱਗ ਪੈਣ ਅਤੇ ਅਯਾਸ਼ੀ ਹੁੰਦੀ ਹੋਵੇ ਤਾਂ ਰਾਜ ਦੇ ਹਰ ਅਹਿਲਕਾਰ ਅਥਵਾ ਸਰਦਾਰ ਦੇ ਘਰ, ਦੁਰਾਚਾਰ ਅਥਵਾ ਅਯਾਸ਼ੀ ਨੰਗਾ ਨਾਚ ਕਰਨ ਲੱਗ ਪੈਂਦੀ ਹੈ । **ਯਥਾ ਰਾਜਾ ਤਥਾ ਪਰਜਾ**---ਮੁਹਾਵਰਾ ਪਰਸਿੱਧ ਹੋ ਚੁੱਕਾ ਸੀ ।

ਪ੍ਰੋਹਿਤ ਨੂੰ ਬਹੁਤੀ ਚਿੰਤਾ ਗੁਰੂ ਦੇ ਗਿਆਨ ਤੋਂ ਸੀ । ਸੁਜਾਨ ਗੁਰੂ ਦੇ ਹੁੰਦਿਆਂ ਗੁਰਬਾਣੀ ਵਿਚ ਰਲਾ ਨਹੀਂ ਸੀ ਪਾ ਸਕਿਆ । ਫਿਰ ਜਦ ਗੁਰੂ ਨੇ ਗੱਦੀ ਹੀ ਗੁਰਬਾਣੀ ਨੂੰ ਸੌਂਪ ਦਿੱਤੀ ਤਾਂ ਇਸ ਵਿਚ ਰਲਾ ਪਾ ਕੇ ਇਸ ਦੇ ਗਿਆਨ ਅਥਵਾ ਸਿਧਾਂਤ ਨੂੰ ਵਿਗਾੜ ਸਕਣ ਦੀ ਆਸ ਮੂਲੋਂ ਹੀ ਜਾਂਦੀ ਰਹੀ । ਬ੍ਰਾਹਮਣ ਅਜੇਹਾ ਢੰਗ ਵਰਤਣਾ ਚਾਹੁੰਦਾ ਸੀ ਜਿਸ ਨਾਲ ਸਿਖ-ਜਗਤ, ਗੁਰੂ ਦੇ ਗਿਆਨ ਨੂੰ ਸਮਝ ਕੇ ਉਸ ਅਨੁਸਾਰ ਆਚਰਨ ਬਣਾਈ ਰਖਣ ਦੀ ਲੋੜ ਤੋਂ ਮੁਕਤ ਹੋ ਜਾਵੇ । ਸਿੱਖ ਮਿਸਲਾਂ ਦੇ ਸਮੇਂ ਉਸ ਨੇ ਖ਼ਾਲਸੇ ਨੂੰ ਗੁਰੂ ਦੇ ਗਿਆਨ ਤੋਂ ਦੂਰ ਰੱਖਣ ਵਾਲਾ ਮੰਤ੍ਰ ਫੂਕ ਦਿੱਤਾ । ਸਿੱਖ ਨੂੰ ਵਿਧੀਆਂ ਨਾਲ ਕੀਤੇ ਜਾਣ ਵਾਲੇ ਅਖੰਡਪਾਠਾਂ ਅਥਵਾ ਸਹਿਜ ਪਾਠਾਂ ਆਦਿ ਤੋਂ ਹੋਣ ਵਾਲੇ ਕਰਾਮਾਤੀ ਚਮਤਕਾਰਾਂ ਦੇ ਭੁਲੇਖਿਆਂ ਵਾਲਾ ਜਾਗ ਲਾ ਦੇਣ ਵਿਚ ਸਫ਼ਲ ਹੋ ਗਿਆ ਸੀ । (ਪੂਰਾ ਇਤਿਹਾਸ ਅਗੇ ਸੁਖਣਾ ਵਾਲੇ ਪ੍ਰਕਰਣ ਵਿਚ ਦਿੱਤਾ ਗਿਆ ਹੈ) ਏਨੀ ਕੁ ਸਫ਼ਲਤਾ ਨਾਲ ਬਿੱਪ੍ਰ ਜੀ ਦੇ ਸੀਨੇ ਦੀ ਅੱਗ ਕਿਵੇਂ ਮੱਠੀ ਪੈ ਸਕਦੀ ਸੀ ? ਉਹ ਤਾਂ ਪੰਥ ਦੇ ਆਚਰਨ ਦੀ ਸਮੂਹਕ ਤਬਾਹੀ ਚਾਹੁੰਦਾ ਸੀ । ਇਸ ਚਮਤਕਾਰੀ ਸਫਲਤਾ ਨੂੰ ਹਾਸਲ ਕਰਨ ਵਾਸਤੇ ਉਸ ਦਾ ਨਿਸ਼ਾਨਾ ਖ਼ਾਲਸੇ ਦਾ ਰਾਜ-ਦਰਬਾਰ, ਅਥਵਾ ਖ਼ਾਲਸੇ ਦੇ ਰਾਜ ਮਹਲ ਹੀ ਸਨ । ਬ੍ਰਾਹਮਣ ਦਾ ਪੂਰਾ ਧਿਆਨ ਖ਼ਾਲਸਾ ਜੀ ਦੇ ਰਾਜ ਦਰਬਾਰ ਵਿਚ ਆਪਣਾ ਅਸਰ ਬਣਾ ਸਕਣ ਵਿਚ ਲੱਗਾ ਹੋਇਆ ਸੀ ।

ਖ਼ਾਲਸਾ ਰਾਜ ਦੇ ਮੁਖੀ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਨੇ ਖ਼ਾਲਸੇ ਦੀ ਖਿੱਲਰਵੀਂ ਜਥੇਬੰਦੀ ਨੂੰ ਕੇਂਦ੍ਰਤ ਕਰਕੇ ਇੱਕ ਮਹਾਨ ਸ਼ਕਤੀ ਦਾ ਰੂਪ ਦੇ ਕੇ, ਖ਼ਾਲਸੇ ਨੂੰ ਬੜੇ ਵੱਡੇ ਤੇਜ ਪਰਤਾਪ ਦਾ ਮਾਲਕ ਬਣਾਇਆ ਸੀ । ਇਸ ਵਿਚ ਜ਼ਰਾ ਸ਼ੱਕ ਨਹੀਂ ਕਿ ਮਹਾਰਾਜਾ ਖਿਮਾ ਦਾ ਪੁਤਲਾ, ਨਿਸ਼ਕਪਟ ਅਤੇ ਮਹਾਨ ਜੋਧਾ, ਹੋਣ ਦੇ ਨਾਲ ਉਦਾਰ ਸੁਭਾ, ਮਹਾਨ ਦਾਨੀ ਅਤੇ ਸਮ-ਦਸਰੀ ਸੀ । ਇਸ ਵਿਚ ਵੀ ਕੋਈ ਸੰਦੇਹ ਨਹੀਂ ਕਿ ਮਹਾਰਾਜਾ ਰਣਜੀਤ ਸਿੰਘ ਜੀ ਦੇ ਹਿਰਦੇ ਵਿਚ ਸਿੱਖ ਪੰਥ ਲਈ ਅਥਾਹ ਸਤਿਕਾਰ ਅਤੇ ਪਿਆਰ ਸੀ । ਗੁਰੂ ਘਰਾਂ ਦੀ ਸੇਵਾ ਕਰਨ ਨੂੰ ਮਹਾਰਾਰਾਜਾ ਆਪਣੇ ਧਨ-ਭਾਗ ਸਮਝਦਾ ਸੀ । ਪਰ ਅੱਖਰ-ਬੋਧ ਤੋ ਕੋਰਾ ਅਨਪੜ੍ਹ ਅਤੇ ਗੁਰਬਾਣੀ ਅਥਵਾ ਗੁਰਤਮਤਿ ਸਿਧਾਂਤ ਤੋਂ ਬਿਲਕੁਲ ਅਨਜਾਣ ਸੀ ।

ਅਜੇਹੇ ਮਹਾਰਾਜੇ ਨੂੰ ਆਪਣੇ ਸ੍ਵਾਰਥ ਲਈ ਵਰਤ ਲੈਣਾ ਬ੍ਰਾਹਮਣ ਲਈ ਬੜਾ ਸਹਿਲ ਸੀ । ਮਹਾਰਾਜੇ ਦੀ ਵਿਦਿਆ ਹੀਣਤਾ ਵਾਲੀ ਘਾਟ ਦਾ ਲਾਭ ਲੈਂਦਿਆਂ, ਆਪਣੀ ਪੱਤ੍ਰੀ ਦਾ ਉਹਲਾ ਬਣਾ ਕੇ, ਚਾਤੁਰ ਬ੍ਰਾਹਮਣ, ਖ਼ਾਲਸਾ ਦਰਬਾਰ ਦੀਆਂ ਉੱਚੀਆਂ ਪਉੜੀਆਂ ਚੜ੍ਹਦਾ ਹੋਇਆ ਰਾਜ ਮਹਲਾਂ ਤੱਕ ਜਾ ਪੁੱਜਾ । ਗੁਰਮਤ-ਗਿਆਨ ਤੋਂ ਸੱਖਣਾ, ਦੂਲਾ ਮਹਾਰਾਜਾ, ਸਿੱਖ ਧਰਮ ਦੇ ਆਗੂਆਂ ਦੀ ਅਣਗਹਿਲੀ ਕਾਰਨ, **ਬ੍ਰਾਹਮਣ ਦੇ ਮਾਇਆ ਜਾਲ ਵਿਚ ਫਸ ਗਿਆ ।** ਮੁਹਿਮ ਤੇ ਤੁਰਨ ਤੋਂ ਪਹਿਲਾਂ ਪਰੋਹਤ ਦੀ ਪੱਤ੍ਰੀ ਦੀ ਸਲਾਹ ਲੈਣੀ ਮਹਰਾਜੇ ਦਾ ਨੇਮ ਬਣ ਗਿਆ ।

ਸਿੱਖੀ ਦੇ ਖ਼ਤਰਨਾਕ ਅਤੇ ਮੁਢਲੇ ਦੁਸ਼ਮਣ, ਪ੍ਰੋਹਿਤ ਅਥਵਾ ਬਿੱਪ੍ਰ ਨੇ ਮਹਾਰਾਜੇ ਨੂੰ ਵੇਦਾਂ ਪੁਰਾਣਾਂ ਵਿਚਲੀਆਂ ਉਹ ਕਹਾਣੀਆਂ ਸੁਣਾਉਣੀਆਂ ਅਰੰਭ ਕੀਤੀਆਂ ਜਿਨ੍ਹਾਂ ਵਿਚ ਦੇਵਤਿਆਂ ਨੂੰ ਕਈ ਤਰ੍ਹਾਂ ਦੀਆਂ ਆਚਰਨ ਹੀਣਤਾ ਵਾਲੀਆਂ ਹਰਕਤਾਂ ਕਰਦੇ ਦਰਸਾਇਆ ਗਿਆ ਹੈ । ਮਹਾਰਾਜੇ ਦੀ ਤਸੱਲੀ ਕਰਾਈ ਜਾਂਦੀ ਸੀ ਕਿ ਰਾਜਾ ਧਰਤੀ ਦਾ ਈਸ਼ਵਰ ਹੈ ਅਤੇ ਨਿਹਕਲੰਕ ਹੁੰਦਾ ਹੈ । ਸ੍ਰੀ ਮਦ ਭਾਗਵਤ ਪੁਰਾਣ ਦਾ ਸਕੰਧ ੧੦ ਅਧਿਆਏ ੨੨ ਵਿਚੋਂ ਬੀਬੀਆਂ ਦੇ ਚੀਰ-ਹਰਨ ਵਾਲੀ ਕ੍ਰਿਸ਼ਨ-ਲੀਲ੍ਹਾ ਸੁਣਾਈ । ਜਿਸ ਵਿਚ ਲਿਖਿਆ ਹੈ ਕਿ, ਜਮੁਨਾ ਵਿਚ ਨ੍ਹਾਉਂਦੀਆਂ ਪਿੰਡ ਦੀਆਂ ਧੀਆਂ ਭੇਣਾ ਦੇ ਨੰਗੇਜ ਵੇਖਣ ਲਈ, ਬਾਹਰ ਪਏ ਬੀਬੀਆਂ ਦੇ ਕੱਪੜੇ ਚੁੱਕ ਕੇ, ਕ੍ਰਿਸ਼ਨ ਭਗਵਾਨ ਜੀ ਰੁੱਖ ਤੇ ਚੜ੍ਹ ਬੈਠੇ । ਉਨ੍ਹਾਂ ਨੂੰ ਪਾਣੀ ਵਿਚੋਂ ਨੰਗੀਆਂ ਬਾਹਰ ਆਉਣ ਲਈ ਮਜਬੂਰ ਕੀਤਾ ਅਤੇ ਉਨ੍ਹਾਂ ਦੀਆਂ ਕੁੱਖਾਂ ਹਰੀਆਂ ਕੀਤੀਆਂ । ਫਿਰ ਕਲਗੀਧਰ ਜੀ ਪ੍ਰਤੀ ਮਹਾਰਾਜੇ ਦੀ ਵਿਸ਼ੇਸ਼ ਅਤੇ ਡੂੰਘੀ ਸ਼ਰਧਾ ਨੂੰ ਵਰਤਣ ਲਈ **ਦਸਮ ਗ੍ਰੰਥ ਵਿਚਲੇ ਕ੍ਰਿਸ਼ਨ ਅਵਾਤਾਰ ਦੇ ੩੨੯ਵੇਂ ਸਵੈਯੇ ਵਿਚੋਂ ਇਹ ਪੜ੍ਹ ਸੁਣਾਇਆ ਕਿ**

**ਕ੍ਰਿਸ਼ਨ ਭਗਵਾਨ ਜੀ ਦਾ ਕਈ ਪ੍ਰਕਾਰ ਦਾ ਭੋਨਵਾਂ ਅਤੇ ਤਰੀਦਾਰ ਮਾਸ਼ ਖਾਣ ਦਾ ਪ੍ਰਸੰਗ ਹੈ ।** ਸ੍ਰੀ-ਮਦ ਭਾਗਵਤ ਪੁਰਾਣ ਵਿਚ ਲਿਖੀ ੧੬੧੦੮ ਇਸਤ੍ਰੀਆਂ ਵਿਚੋ ੧੦/੧੦ ਲੜਕੇ ਤੇ ੧/੧ ਲੜਕੀ ਪੈਦਾ ਕਰਨ ਵਾਲੀ ਕਥਾ ਸੁਣਾਈ । ਅਤੇ ਸਮਾਝਾਇਆ ਕਿ ਰਾਜਾ ਆਪਣੀ ਪਰਜਾ ਦਾ ਕੇਵਲ ਈਸ਼ਵਰ ਹੀ ਨਹੀਂ ਹੁੰਦਾ ਸਗੋਂ ਗੋਪੀਆਂ ਨਾਲ ਰਾਸ-ਲੀਲ੍ਹਾ ਰਚਾਉਣ ਦਾ ਹੱਕ ਰਖਣ ਵਾਲਾ ਮੁਰਲੀ ਮਨੋਹਰ ਵੀ ਹੁੰਦਾ ਹੈ । ਫਿਰ ਦਸਮ ਗ੍ਰੰਥ ਦੇ ੨੧੧੨ ਤੋਂ ੨੧੧੬ ਸਵੈਯੇ ਵੀ ਅਰਥਾਂ ਸਮੇਤ ਸੁਣਾਏ । ਇਨ੍ਹਾਂ ਵਿਚੋਂ ਕ੍ਰਿਸ਼ਨ ਜੀ ਦੀ ਉਹ ਲੀਲ੍ਹਾ ਸੁਣਾਈ ਜਿਥੇ ਉਨ੍ਹਾਂ ਨੂੰ ਪੋਸਤ, ਅਫ਼ੀਮ, ਭੰਗ਼ ਅਤੇ ਸ਼ਰਾਬ ਦੇ ਮਿਲਵੇਂ ਨਸ਼ਿਆਂ ਵਿਚ ਮਸਤ ਹੋ ਕੇ ਰਾਮਜਣੀਆਂ ਦੇ ਨਾਚ ਗਾਣੇ ਦੇ ਘੜਮੱਸ ਵਿਚ ਗੰਦ ਖਲਾਰਦੇ ਦਰਸਾਇਆ ਹੈ ।

ਅਤੇ ਜਦ ਮਹਾਰਾਜੇ ਨੂੰ ਇਹ ਸਮਝਾਇਆ ਗਿਆ ਕਿ ਦਸਮ ਗੁਰੂ ਨਾਨਕ ਜੀ ਦੀ ਕਲਮ ਨਾਲ ਲਿਖੇ ਹੋਏ ਦਸਮ ਗ੍ਰੰਥ ਵਿਚਲਾ ਇਹ ਸਾਰਾ ਕੁਝ **ਗੁਰਬਾਣੀ ਹੀ ਹੈ** ਤਾਂ ਇਹ ਸੱਭ ਕੁਝ ਕਰਨਾ ਮਹਾਰਾਜੇ ਲਈ ਕਲਗ਼ੀਧਰ ਜੀ ਦਾ ਹੁਕਮ ਹੋ ਦਿਸਿਆ । ਦਸਮ ਗ੍ਰੰਥ ਦੀ ਇਹ ਪਹਿਲੀ ਦੇਣ ਸੀ ਸਿੱਖ ਪੰਥ ਨੂੰ । ਸੂਝਵਾਨ ਸਿੱਖ ਵਿਦਵਾਨ ਇਸ ਗ੍ਰੰਥ ਵਿਚਲੀਆਂ ਅਸ਼ਲੀਲ ਲਿਖਤਾਂ ਦੇ ਵਿਰੁੱਧ ਸੱਚਾ ਵਾਵੇਲਾ ਕਰ ਰਹੇ ਹਨ । **ਸਿਯਾਮ ਨਾਮੀ ਬ੍ਰਾਹਮਣ** (ਕ੍ਰਿਸ਼ਨਾਵਤਾਰ ਦੇ ਲਿਖਾਰੀ) ਦੀ ਦੂਰਦ੍ਰਿਸ਼ਟੀ ਵਾਲੀ ਚਾਲ ਸਫ਼ਲ ਹੋ ਗਈ । ਬ੍ਰਾਹਮਣ ਨੇ ਰੁਚੀ ਤਾੜ ਕੇ ਆਪਣੇ ਚੇਲਿਆਂ, (ਡੋਗਰੇ ਭਰਾਂਵਾਂ) ਨੂੰ ਇਸ਼ਾਰਾ ਕਰ ਦਿੱਤਾ । ਇੱਕ ਦੂਜੀ ਤੋਂ ਵੱਧ ਸੁੰਦਰ ਪਹਾੜਨਾ, ਗੋਲੀਆਂ ਅਥਵਾ ਗੋਪੀਆਂ ਦੇ ਰੂਪ ਵਿੱਚ ਮਹਾਰਾਜੇ ਦੇ ਅੱਗੇ ਪਿੱਛੇ ਫਿਰਨ ਲੱਗ ਪਈਆਂ । ਹਰ ਪਰਕਾਰ ਦੇ ਨਸ਼ੇ ਹਾਜ਼ਰ ਹੋਣ ਲੱਗ ਪਏ । ਕ੍ਰਿਸ਼ਨ-ਲੀਲ੍ਹਾ ਵਾਲੀ ਗੱਲ ਨੂੰ ਮਹਾਰਾਜਾ ਕਲਗ਼ੀਧਰ ਜੀ ਦਾ ਹੁਕਮ ਮੰਨ ਬੈਠਾ । ਬਸ, ਹੁਣ ਖ਼ਾਲਸੇ ਦੇ ਤੇਜ ਪਰਤਾਪ ਦੇ ਅਲੋਪ ਹੋ ਜਾਣ ਦਾ ਨੀਂਹ ਪੱਥਰ ਰਖਿਆ ਜਾ ਚੁੱਕਾ ਸੀ । (**ਇਸ ਅਣਗਹਿਲੀ ਦਾ ਜ਼ਿਮੇਵਾਰ ਸਿੱਖ ਪੰਥ ਦਾ ਉਸ ਸਮੇ ਵਾਲਾ ਧਾਰਮਿਕ ਆਗੂ ਹੈ । ਮਹਾਰਾਜਾ ਤਾਂ ਧਾਰਮਿਕ ਆਗੂ ਦੇ ਹੁਕਮ ਤੇ ਕੋੜੇ ਖਾਣ ਲਈ ਪਿੱਠ ਨੰਗੀ ਕਰ ਖਲੋਂਦਾ ਸੀ । ਅੱਜ ਵੀ ਜਿਹੜਾ ਸਿੱਖ ਦਸਮ-ਗ੍ਰੰਥ ਦੀ ਸਾਰੀ ਬਾਣੀ ਨੂੰ ਕਲਗ਼ੀਧਰ ਜੀ ਦੀ ਉਚਾਰੀ ਦੱਸ ਰਿਹਾ ਹੈ ਉਹ ਓਸੇ ਬਿੱਪ੍ਰ ਦਾ ਚੇਲਾ ਅਤੇ ਪੰਥ ਦਾ ਦੁਸ਼ਮਣ ਹੈ** )

ਫਿਰ ਕਿਹੜਾ ਮਜ਼ਹਬ ਸੀ ਜਿਸ ਵਿਚੋਂ ਰਾਣੀ ਜਾਂ ਗੋਲੀ ਅਥਵਾ ਗੋਪੀ, ਰਾਜ ਮਹਲਾਂ ਵਿੱਚ ਨਹੀਂ ਪੁੱਜੀ ਸੀ । ਮੂਰਤੀ ਪੂਜਾ ਵਾਸਤੇ ਉਚੇਚਾ ਮੰਦਰ ਸ਼ੀਸ਼ ਮਹਲਾਂ ਦੇ ਨੇੜੇ ਹੀ ਬਣਾ ਦਿੱਤਾ ਗਿਆ । ਰੰਗਾ ਰੰਗ ਦੇ ਨਸ਼ੇ ਆਉਣੇ ਸ਼ੁਰੂ ਹੋ ਗਏ । ਖ਼ਾਲਸਾ ਰਾਜ ਦੇ ਸੱਚੇ ਹਿਤੈਸ਼ੀ, ਪੂਰਨ ਗੁਰਸਿੱਖ, ਬਹਾਦਰ ਜਰਨੈਲ, ਅਕਾਲੀ ਫੂਲਾ ਸਿੰਘ ਦੀ ਚਿਤਾਵਣੀ ਦੀ ਪਰਵਾਹ ਕਰਨ ਦੀ ਹੱਦ ਤੋਂ ਮਹਾਰਾਜਾ ਅੱਗੇ ਲੰਘ ਚੁੱਕਾ ਸੀ । ਖ਼ਾਲਸਾ ਰਾਜ ਦੇ ਦੋਖੀਆਂ (ਗੁਲਾਬ ਸਿੰਘ, ਚੇਤ ਸਿੰਘ ਡੋਗਰੇ ਭਰਾ ਅਤੇ ਮਿਸਰ ਤੇਜਾ ਸਿੰਘ ਮਿਸਰ ਲਾਲ ਸਿੰਘ ਆਦਿ, ਬ੍ਰਾਹਮਣਾਂ) ਦੀ ਜੁੰਡਲੀ ਦੇ ਲੀਡਰ **ਧਿਆਨ ਸਿੰਘ** ਨੂੰ ਏਨੀ ਖੁਲ੍ਹ ਮਿਲ ਚੁੱਕੀ ਸੀ ਕਿ ਉਹ ਰਾਜ ਮਹਲਾਂ ਵਿੱਚ ਵੀ ਜਾ ਵੜਦਾ ਸੀ । ਇਹ ਸਾਰਾ ਲਾਣਾ ਪੱਤਰੀ ਵਾਲੇ ਬ੍ਰਾਹਮਣ ਦਾ ਚੇਲਾ ਹੀ ਤਾਂ ਸੀ । ਬਿੱਪ੍ਰ ਦਾ ਇਸ਼ਾਰਾ ਹੋਣ ਤੇ ਉਨ੍ਹਾਂ ਨੇ ਸਾਰੇ ਹੀ ਇਤਿਹਾਸਕ ਗੁਰਦੁਆਰਿਆਂ ਅਤੇ ਹੋਰ ਵਡੇ ਵਡੇ ਗੁਰੂਘਰਾਂ ਵਿੱਚ ਗ੍ਰੰਥੀਆਂ ਦੇ ਭੇਸ ਬਿੱਪ੍ਰ-ਮਹੰਤ ਵਾੜ ਦਿੱਤੇ । ਇਨ੍ਹਾਂ ਮਹੰਤਾਂ ਨੇ **ਬਿਪ੍ਰਨ ਕੀ ਰੀਤ** ਦਾ ਪਾਠ ਪੜ੍ਹਾਉਣਾ ਗੁਰੂ ਘਰਾਂ ਤੋਂ ਹੀ ਚਾਲੂ ਕਰ ਦਿੱਤਾ । ਹਰਿਮੰਦਰ ਸਾਹਿਬ ਦੀਆਂ ਪਰਿਕਰਮਾਂ ਵਿੱਚ ਸੱਤ ਥਾਈਂ ਮੂਰਤੀਆਂ ਰੱਖ ਦਿਤੀਆਂ । ਗੁਰੂ ਦਰਬਾਰ ਵਿਚ ਹਾਜ਼ਰੀ ਭਰਨ ਤੋਂ ਪਹਿਲਾਂ ਇਨ੍ਹਾਂ ਮੂਰਤੀਆਂ ਦੀ ਪੂਜਾ ਕਰਨੀ ਸਿੱਖ-ਮਰਯਾਦਾ ਬਣਾ ਦਿੱਤੀ । ਮੂਰਤੀਆਂ ਦੀ ਪੂਜਾ ਦੇ ਨਾਲ ਖ਼ਾਲਸੇ ਨੂੰ ਦਰਖ਼ਤਾਂ ਅਥਵਾ ਪਾਣੀ ਦਾ ਪੁਜਾਰੀ ਬਣਾ ਦੇਣ ਲਈ ਕੋਹੜੇ ਨਾਲ ਵਿਆਹੀ ਜਾਣ ਵਾਲੀ ਕਥਿਤ ਰੱਜਨੀ ਵਾਲੀ ਨਿਰਮੂਲ ਅਤੇ ਮਨਘੜਤ ਗਾਥਾ ਸਿੱਖ ਇਤਹਾਸ ਵਿਚ ਲਿਖਵਾ ਕੇ ਦੁਖਭੰਜਣੀ ਬੇਰੀ ਸਰੋਵਰ ਦੇ ਕੰਢੇ ਲਿਆ ਗੱਡੀ । ਸੱਚ ਦੇ ਦਰਬਾਰ ਵਿਚ ਝੂਠ ਦੀ ਪੂਜਾ ਕਰਨੀ ਧਰਮ ਦਾ ਅੰਗ ਬਣਦੀ ਗਈ । ਖਾਲਸੇ ਦੇ ਖਜ਼ਾਨੇ ਵਿਚੋਂ ਕਰੋੜਾਂ ਦਾ ਧੰਨ ਬਿੱਪ੍ਰ ਰੀਤੀ ਦੇ ਪਰਚਾਰ ਦੇ ਅਡਿਆਂ (ਦੇਵ ਮੰਦਰਾਂ) ਤੇ ਪੁੱਜਣ ਲੱਗ਼ ਪਿਆ।

ਰਾਜ ਮਹਲਾਂ ਦੇ ਆਚਰਨ ਦਾ ਅਸਰ ਸਿੱਖ ਸਰਦਾਰਾਂ ਅਤੇ ਫੌਜੀਆਂ ਉਤੇ ਪੈਣ ਵਿੱਚ ਕੋਈ ਢਿੱਲ ਨਾ ਲਗ਼ੀ । ਇਹ ਭੈੜਾ ਅਸਰ ਭਲਾ ਪਰਜਾ ਵਿੱਚ ਕਿਥੋਂ ਤੱਕ ਪੁਜਾ ਹੋਵੇਗਾ ? ਕਈ ਸਿੱਖ ਪਰਵਾਰ ਦੇਵੀ ਦੇਵਤਿਆਂ ਦੇ ਮੰਦਰਾਂ ਵਿਚ ਸੁਖਣਾਂ ਸੁਖਣ ਅਤੇ ਫਿਰ ਸੁੱਖਣ ਦੇਣ ਵਾਸਤੇ ਵੀ ਜਾਣ ਲੱਗ ਪਏ ਜੋ ਅੱਜ ਵੀ ਦੇਖੇ ਜਾ ਸਕਦੇ ਹਨ । ਕਲਗ਼ੀਆਂ ਵਾਲੇ ਦੀ ਤਾੜਨਾਂ ਦੇ ਸਤਕਾਰ ਦੇ ਥਾਂ ਸਿੱਖ ਪੰਥ ਵਿੱਚ ਬਿੱਪ੍ਰ ਰੀਤੀ ਆ ਵੜੀ ਸੀ । ਖ਼ਾਲਸੇ ਨੇ ਕਲਗ਼ੀਧਰ ਦੀਆਂ ਨਜ਼ਰਾਂ ਵਿਚੋਂ ਆਪਣੀ ਪਰਤੀਤ ਗੁਆ ਲਈ । ਫਿਰ ਕਲਗੀ ਧਰ ਨੇ ਆਪਣੀ ਮਿਹਰ ਦਾ ਹੱਥ ਇਸ ਵਿਸ਼ਵਾਸ਼ ਘਾਤੀ ਸਿੱਖ ਦੇ ਸਿਰ ਤੇ ਕਿਉ ਰਖਣਾਂ ਸੀ ? ਜਿਸ ਮਾਇਆ ਦੇ ਜਾਲ ਵਿੱਚ ਫਸਣੋਂ ਰੋਕਿਆ ਹੋਇਆ ਸੀ ਜਦ ਉਹੀ ਮਾਇਆ ਖਾਲਸੇ ਦੇ ਰਾਜ ਮਹਲਾਂ, ਸ਼ਾਹੀ ਦਰਬਾਰ, ਸਰਦਾਰਾਂ (ਮਹਾਰਾਜੇ ਦੇ ਸਾਲੇ ਸ:ਜਵਾਹਰ ਸਿੰਘ ਦੀ ਅਯਾਸੀ ਦੇ ਕਿੱਸੇ ਤਾਂ ਘਰ ਘਰ ਸੁਣੇ ਜਾਂਣ ਲੱਗ ਪਏ ਸਨ ) ਵਿੱਚ ਕਈ ਰੰਗ ਧਾਰ ਕੇ ਪਰਧਾਨ ਆ ਬਣੀ, ਤੇ ਫਿਰ ਮਾਇਆ ਨੇ ਆਪਣਾ ਰੂਪ ਵਿਖਾਣਾ ਹੀ ਸੀ :-

੩- **ਜਿਨਿ ਲਾਈ ਪ੍ਰੀਤਿ ਸੋਈ ਫਿਰਿ ਖਾਇਆ ॥ ਜਿਨਿ ਸੁਖਿ ਬੈਠਾਲੀ ਤਿਸੁ ਭਉ ਬਹੁਤੁ ਦਿਖਾਇਆ ॥**
**ਭਾਈ ਮੀਤ ਕੁਟੰਬ ਦੇਖਿ ਬਿਬਾਦੇ ॥** [੩੭੦]-੧(੧)

**ਅਰਥ:**- ਜਿਸ ਮਨੁੱਖ ਨੇ ਇਸ ਮਾਇਆ ਨਾਲ ਪਿਆਰ ਪਾਇਆ, ਉਹੀ ਪਰਤ ਕੇ ਖਾਧਾ ਗਿਆ,(ਮਾਇਆ ਨੇ ਉਸ ਨੂੰ ਹੀ ਖਾ ਲਿਆ । ਜਿਸ ਨੇ ਇਸ ( **ਕਾਂਮ ਵਾਸਨਾ ਦੇ ਅਧੀਨ ਹੋ ਕੇ ਇਕੱਠੀਆਂ ਕੀਤੀਆਂ ਇਸਤ੍ਰੀਆਂ , ਸ਼ਰਾਬ , ਕਬਾਬ ਵੀ ਸੱਭ ਮਾਇਆ ਹੀ ਹੈ** ) ਮਾਇਆ ਨੂੰ ਆਦਰ ਦੇ ਕੇ ਆਪਣੇ ਕੋਲ ਬਿਠਾਇਆ ਉਸ ਦੇ ਮਨ ਵਿੱਚ ਇਸ ਮਾਇਆ ਨੇ ਕਈ ਪਰਕਾਰ ਦਾ ਡਰ ਪੈਦਾ ਕਰ ਦਿੱਤਾ । ਭਰਾ , ਮਿਤੱਰ ਪਰਵਾਰ ਦੇ ਜੀਵ ਸਾਰੇ ਮਾਇਆ ਦੇ ਕਾਰਨ ਆਪਸ ਵਿੱਚ ਲੜ ਪੈਂਦੇ ਹਨ ।

ਕਿਉਂਕਿ ਬਿੱਪ੍ਰ ਰੀਤੀ ਦਾ ਆਧਾਰ ਹੀ ਮਾਇਆ ਹੈ, ਦੇਵੀ ਦੇਵਤਿਆਂ ਦਾ ਮੂਲ ਵੀ ਮਾਇਆ ਹੀ ਹੈ--**ਦੇਵੀ ਦੇਵਾ ਮੂਲੁ ਹੈ ਮਾਇਆ** ॥ (੧੨੯) ਏਸੇ ਕਾਰਨ ਹੀ ਗੁਰਦੇਵ ਜੀ ਨੇ ਇਸ **ਬਿੱਪ੍ਰਨ-ਕੀ-ਰੀਤ** ਤੋਂ ਬੱਚ ਕੇ ਰਹਿਣ ਲਈ ਕਿਹਾ ਸੀ । ਬਿੱਪ੍ਰਨ ਕੀ ਰੀਤ ਨੇ ਆਪਣਾਂ ਰੰਗ ਵਿਖਾਉਣਾ ਅਰੰਭ ਕਰ ਦਿੱਤਾ । ਪਹਿਲਾਂ ਤਾਂ ਮਹਾਰਾਜੇ ਦੀ ਸਿਹਤ ਨੂੰ ਖਾਧਾ । ਅਧਰੰਗ ਕਰਕੇ ਮੂੰਹ ਪਰਨੇ ਮਾਰਿਆ । ਦਰਬਾਰ ਨੂੰ ਫੁੱਟ ਨੇ ਖਾ ਲਿਆ ਅਤੇ ਖ਼ਾਲਸੇ ਦਾ ਤੇਜ ਪਰਤਾਪ ਸੁਪਨਾਂ ਹੋ ਗਿਆ । ਪੰਥਕ ਲੀਡਰ ਨੇ ਸਿਆਸੀ ਕਲਾ ਬਾਜ਼ੀਆਂ ਕਈ ਢੰਗਾਂ ਨਾਲ ਲਾਈਆਂ, ਪਰ ਪੰਥ ਦਾ ਤੇਜ ਪਰਤਾਪ ਦੂਰ ਤੋਂ ਦੂਰ ਹੀ ਹੁੰਦਾ ਗਿਆ । ਹੁਣ ਏਹ ਦੁਖਦਾਈ ਘੜੀ ਵੀ ਆ ਬਣੀ ਹੈ ਕਿ ਪੰਥਕ-ਅਣਖ ਨੂੰ ਬਚਾਈ ਰੱਖਣ ਦੀ ਖ਼ਾਤਰ ਆਪਣਾ ਸੀਸ ਤਲੀ ਤੇ ਟਿਕਾਈ ਰੱਖਣ ਵਾਲਾ ਖ਼ਾਲਸਾ ਪੰਥ, ਆਪਣੇ ਪ੍ਰਾਣਾਂ ਤੋਂ ਪਿਆਰੇ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਜਾਣ ਤੋਂ ਪਹਿਲਾਂ ਪੁਲਸ ਕੋਲੋਂ ਆਪਣੀ ਤਲਾਸ਼ੀ ਕਰਵਾਉਣੀ ਵੀ ਝੱਲ ਗਿਆ ਹੈ । ਗ਼ਰੀਬ ਅਤੇ ਨਿਤਾਣਿਆ ਦੀ ਰਖਿਆ ਕਰਦਿਆਂ ਪੁਰਜਾ ਪੁਰਜਾ ਹੋ ਕੇ ਕੱਟ

ਮਰਨ ਵਾਲੀ ਖ਼ਾਲਸਈ ਸੁਰਮਤਾਈ ਗੁਆਚ ਗਈ । ਦੂਲੇ ਖ਼ਾਲਸਾ ਜੀ " ਅਣਖ " ਰੰਗ ਵਟਾ ਕੇ, ਗੁਰੂ ਦਰਬਾਰਾਂ ਵਿਚ ਕੇਸੋ-ਕੇਸੀ ਹੋਣ ਵਾਲੀ ਅਥਵਾ ਭਲੇ ਲੋਕਾਂ ਦੀਆਂ ਪੱਗਾ ਉਛਾਲਣ ਵਾਲੀ ਬਣਦੀ ਗਈ ।

ਕੌਮ ਦੇ ਸਰਬ-ਉ–ਚ ਜਥੇਦਾਰ ਜੀ ਨੇ ਬਿੱਪ੍ਰਨ ਕੀ ਰੀਤ ਬਾਰੇ ਗੰਭੀਰਤਾ ਨਾਲ ਕਦੇ ਨਹੀਂ ਵਿਚਾਰਿਆ । ਜਿਸ ਆਦਰਸ਼ ਨਾਲ ਜੋੜ ਕੇ ਸਤਿਗੁਰਾਂ ਨੇ ਖ਼ਾਲਸੇ ਨੂੰ ਤੇਜ ਪ੍ਰਤਾਪ ਦਾ ਮਾਲਕ ਬਣਾਇਆ ਸੀ ਅਤੇ ਜਿਸ ਨਿਆਰੇ ਆਦਰਸ਼ ਨਾਲ ਸਦਾ ਜੁੜੇ ਰਹਿਣ ਦੀ ਤਾਕੀਦ, ਸਤਿਗੁਰਾਂ ਨੇ ਬੜੇ ਜ਼ੋਰਦਾਰ ਸ਼ਬਦਾਂ ਕੀਤੀ ਸੀ, ਉਸ ਆਦਰਸ਼ ਵੱਲ ਪਰਤਣ ਦੀ ਲੋੜ ਨੂੰ, ਪੰਥ ਦੇ ਜਥੇਦਾਰ ਨੇ ਮੁਢੋਂ ਹੀ ਮੁਕਾ ਦਿੱਤਾ । **ਬਿੱਪ੍ਰਨ ਕੀ ਰੀਤ ਦਾ ਸੱਭ ਤੋਂ ਵੱਡਾ ਕਮਾਲ ਇਹ ਹੈ ਕਿ ਇਸ ਘਾਤਕ ਰੀਤ ਦੇ ਧਾਰਨੀ** ਬਣ ਕੇ ਵੀ ਅਸੀਂ ਆਪਣੇ ਆਪ ਨੂੰ **ਨਿਆਰੇ ਹੀ ਕਹੀ ਜਾ ਰਹੇ ਹਾਂ** । ਸ੍ਰੀ ਹਰਿਮੰਦਰ ਸਾਹਿਬ ਪੰਥ ਦਾ ਕੇਂਦ੍ਰੀ ਅਸਥਾਨ ਹੈ, ਪੰਥਕ ਸ਼ਕਤੀ ਦਾ ਧੁਰਾ ਹੈ, ਅਥਵਾ ਪੰਥ ਬੋੜ੍ਹ ਦੀ ਜੜ੍ਹ ਹਰਿਮੰਦਰ ਸਾਹਿਬ ਹੈ । ਉਸ ਤੋਂ ਦੂਰ ਹੋ ਕੇ ਕਿਸੇ ਡੇਰੇ ਨਾਲ ਜੁੜ ਜਾਣਾ, ਜਾਂ ਉਸ ਪਾਵਨ ਥਾਂ ਤੋਂ ਬਿੱਪ੍ਰਨ ਕੀ ਰੀਤ ਨੂੰ ਉਤਸ਼ਾਹ ਮਿਲਦਾ ਰਹਿਣਾ, ਪੰਥਕ ਰੁੱਖ ਨੂੰ ਜੜ੍ਹਾਂ ਤੋਂ ਸੋਕਾ ਪੈਣਾ ਅਰੰਭ ਹੋ ਜਾਣ ਵਾਲੀ ਬਦਕਿਸਮਤੀ ਹੈ । [ਇਸ ਕੌੜੀ ਸਚਾਈ ਦੀ ਪੂਰੀ ਸਮਝ ਅਗਲੇ ਸਫਿਆਂ ਨੂੰ ਗਹੁ ਨਾਲ ਪੜ੍ਹਨ ਤੇ ਆ ਜਾਵੇਗੀ]

**ਬਿੱਪ੍ਰਨ ਕੀ ਰੀਤ ਦੀ ਸੂਝ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹਾਜ਼ਰਾ ਹਜ਼ੂਰ ਸਰੂਪ, ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਦੇਣੀ ਹੈ ।** ਸੋ ਪਹਿਲਾਂ ਬਿੱਪ੍ਰ ਦੇ ਪਿਛੋਕੜ ਨੂੰ ਚੰਗੀ ਤਰ੍ਹਾਂ ਸਮਝ ਲੈਣ ਦੀ ਲੋੜ ਹੈ । **ਫਿਰ ਨਾਲ ਦੀ ਨਾਲ ਗੁਰਬਾਣੀ ਦੇ ਸਿਧਾਂਤ ਦੀ ਕਸਵੱਟੀ ਤੇ ਪਰਖ ਕੇ ਵੇਖਣਾਂ ਹੈ ਕਿ ਸਾਡੀ ਮਰਯਾਦਾ ਵਿੱਚ ਕਿੱਨੇ ਫੀਸਦੀ ਬਿੱਪ੍ਰ ਰੀਤੀ ਵੜ ਚੁੱਕੀ ਹੈ ।** ਉਸ ਨੂੰ ਤਿਆਗ ਕੇ ਗੁਰੂ ਨਾਨਕ ਜੀ ਦੀ ਸਿਖਿਆ ਨੂੰ ਸਮਝ ਕੇ ਸੰਸਾਰ ਨੂੰ ਉਸ ਨਿਆਰੇ ਸਿਧਾਂਤ ਤੋਂ ਜਾਣੂੰ ਕਰਵਾਣ ਦੇ ਵਿਸ਼ਾਲ ਪ੍ਰਬੰਧ ਕਰਨੇ ਹਨ । ਇਸ ਤਰ੍ਹਾਂ ਜਦ ਅਸਾਂ ਕਲਗ਼ੀਧਰ ਜੀ ਦਾ ਵਿਸ਼ਵਾਸ਼ ਮੁੜ ਜਿੱਤ ਲਿਆ ਤਾਂ ਇਸ ਭਰੋਸੇ ਵਿਚ ਕੋਈ ਸੰਦੇਹ ਨਹੀਂ ਰਹਿ ਜਾਣਾ ਕਿ---**ਤੇਜ ਪ੍ਰਤਾਪ ਦੀ ਪ੍ਰਾਪਤੀ ਦੇ ਸੰਘਰਸ਼ ਵਿਚ ਦਸਮ ਗੁਰੂ ਨਾਨਕ ਦੇਵ ਜੀ ਆਪ ਸਹਾਈ ਆ ਹੋਣਗੇ । ਤੇਜ ਪਰਤਾਪ ਉਸੇ ਤਰ੍ਹਾਂ ਫੇਰ ਥਾਲੀ ਵਿੱਚ ਟਿਕਾ ਕੇ ਖ਼ਾਲਸਾ ਪੰਥ ਦੀ ਭੇਟਾ ਕੀਤਾ ਜਾਵੇਗਾ ।**

**ਮਾਇਆ ਮੋਹੁ ਗੁਬਾਰੁ ਹੈ ਗੁਰ ਬਿਨੁ ਗਿਆਨੁ ਨ ਹੋਈ ॥**
**ਸਬਦਿ ਲਗੇ ਤਿਨ ਬੁਝਿਆ ਦੂਜੈ ਪਰਜ ਵਿਗੋਈ ॥**
**ਮਨ ਮੇਰੇ ਗੁਰਮਤਿ ਕਰਣੀ ਸਾਰੁ ॥**
**ਸਦਾ ਸਦਾ ਹਰਿ ਪ੍ਰਭੁ ਰਵਹਿ ਤਾ ਪਾਵਹਿ ਮੋਖ ਦੁਆਰੁ ॥ ੧ ॥ ਰਹਾਉ ॥**

[੫੫੯]-੩

# ਦੂਜਾ ਕਾਂਡ

## ੧

## ਬਿੱਪ੍ਰ ਅਤੇ ਉਸਦੀ ਰੀਤ (ਬਿੱਪ੍ਰਨ ਕੀ ਰੀਤ)

**ਬਿੱਪ੍ਰ**_ਦਾ ਅਰਥ ਬ੍ਰਾਹਮਣ ਹੈ ਅਤੇ ਇੱਕ ਤੋਂ ਵੱਧ ਬ੍ਰਾਹਮਣਾ ਨੂੰ **ਬਿੱਪ੍ਰਨ** ਕਹੀਦਾ ਹੈ ਭਾਵ ਬਿੱਪ੍ਰ ਦਾ ਬਹੁ -ਵਚਨ ਬਿੱਪ੍ਰਨ ਹੈ । ਗੁਰਬਾਣੀ ਵਿੱਚ ਇਹ ਲਫ਼ਜ਼ ਇਨ੍ਹਾਂ ਤਿੰਨ ਤਰ੍ਹਾਂ ਨਾਲ ਵਰਤਿਆ ਮਿਲਦਾ ਹੈ :--

ੳ) **ਬਿਪ੍ਰ ਸੁਦਾਮੇ ਦਾਲਦੁ ਭੰਜ ॥ ਰੇ ਮਨ ਤੂ ਭੀ ਭਜੁ ਗੋਬਿੰਦ ॥** ੨ ॥ [੧੧੯੨]-੧

ਸੁਦਾਮੇ ਅਤੇ ਕ੍ਰਿਸ਼ਨ ਦੀ ਗਾਥਾ ਹਜ਼ਾਰਾ ਸਾਲਾਂ ਤੋਂ ਪਰਚਾਰੀ ਹੋਈ ਹੋਣ ਦੇ ਕਾਰਨ ਸੱਚ ਦਾ ਰੂਪ ਧਾਰਨ ਕਰ ਚੁੱਕੀ ਸੀ, ਇਹੀ ਵਜ੍ਹਾ ਸੀ ਜੋ ਮਨੁੱਖ ਨੂੰ ਪ੍ਰਭ-ਭਗਤੀ ਦੀ ਚਿਟਕ ਲਾਉਣ ਗੁਰਦੇਵ ਜੀ ਨੇ ਆਪਣੇ ਮਨ ਨੂੰ ਸੰਬੋਧਨ ਕਰਕੇ ਉਸ ਗਾਥਾ ਦਾ ਜ਼ਿਕਰ ਕੀਤਾ ਹੈ। ਕਿਉਂਕਿ ਪੁਰਾਣਾ ਵਿੱਚ ਸੁਦਾਮੇ ਦੀ ਜ਼ਾਤ ਬ੍ਰਾਹਮਣ ਅਥਵਾ ਬਿੱਪ੍ਰ ਲਿਖੀ ਹੈ ਸੋ ਗੁਰਦੇਵ ਜੀ ਨੇ ਵੀ ਉਸ ਨੂੰ ' **ਬਿੱਪ੍ਰ**' ਲਿਖਿਆ ਹੈ ।

**ਅਰਥ**--' ਬ੍ਰਾਹਮਣ ਸੁਦਾਮੇ ਦੀ ਗ਼ਰੀਬੀ (ਕ੍ਰਿਸ਼ਨ ਨੇ) ਕੱਟੀ ਸੀ ਸੋ ਹੇ ਮੇਰੇ ਮਨ ਤੂੰ ਵੀ ਪਰਮਾਤਮਾ ਦਾ ਭਜਨ ਕਰਿਆ ਕਰ' ।

ਅ) **ਜੈਦੇਉ ਨਾਮਾ ਬਿਪ ਸੁਦਾਮਾ, ਤਿਨ ਕਉ ਕ੍ਰਿਪਾ ਭਈ ਹੈ ਅਪਾਰ ॥.....੨ ॥** [੮੫੬]-੭

ਏਥੇ ਪੱਪੇ ਦੇ ਪੈਰ ਹੇਠ ਰਾਰਾ ਨਹੀਂ ਹੈ । ਅਰਥ ਬ੍ਰਾਹਮਣ ਹੀ ਹੈ । ਵਰਤਿਆ ਏਥੇ ਵੀ ਸੁਦਾਮੇ ਦੇ ਨਾਮ ਨਾਲ ਹੀ ਹੈ । ਪ੍ਰਭੂ-ਭਗਤੀ ਦਾ ਉਪਦੇਸ਼ ਦੇਣ ਲਈ ਭਗਤਾਂ ਦਾ ਦ੍ਰਿਸ਼ਟਾਂਤ ਦਿੱਤਾ ਹੈ ।

ੲ) **ਜਿਸੁ ਜਨ ਊਪਰਿ ਤੇਰੀ ਕਿਰਪਾ, ਤਿਸੁ ਕਉ ਬਿਪੁ ਨ ਕੋਊ ਭਾਖੈ** ॥ ੨ ॥[੩੮੩]-੧੦-੪੯

ਪੱਪੇ ਦੇ ਪੈਰ ਹੇਠਾਂ ਔਂਕੜ ਹੋਣ ਨਾਲ ਇਸ ਦਾ ਅਰਥ ਬ੍ਰਾਹਮਣ ਨਹੀਂ ਰਿਹਾ, ਸਗੋਂ ਅਰਥ **ਮੰਦਾ ਬਚਨ** ਹੋ ਗਿਆ ਹੈ । ਭਾਵ, ਜਿਸ ਤੇ ਤੇਰੀ ਮਿਹਰ ਹੋਵੇ ਉਸ ਨੂੰ ਮੰਦਾ ਸ਼ਬਦ ਕੋਈ ਨਹੀਂ ਬੋਲਦਾ ।

**ਬਿੱਪ੍ਰਨ ਕੀ ਰੀਤ**:--ਉਹ ਰੀਤ, ਪਰਿਪਾਟੀ ਜਾਂ ਕਰਮਕਾਂਡੀ ਮਰਯਾਦਾ, ਜਿਹੜੀ ਮੁੱਢਲੇ ਬ੍ਰਾਹਮਣ ਨੇ (ਕਿਸੇ ਸੁਆਰਥ ਸਿੱਧੀ ਨੂੰ ਮੁੱਖ ਰੱਖ ਕੇ ਲੋਕਾਂ ਨੂੰ ਭਰਮਾਉਣ ਵਾਸਤੇ) ਚਲਾਈ ਸੀ ਅਤੇ ਗੁਰਬਾਣੀ ਵਿਚ ਉਸ ਦਾ ਖੰਡਣ ਕੀਤਾ ਹੋਇਆ ਹੋਵੇ । ਅਜੇਹੀ ਰੀਤ ਗੁਰੂ ਦੇ ਸਿੱਖ ਵਾਸਤੇ " **ਬਿੱਪ੍ਰਨ ਕੀ ਰੀਤ** " ਹੈ । ਭਾਵੇਂ ਕੋਈ ਅੰਮ੍ਰਿਤ ਧਾਰੀ ਵੀ ਹੈ, ਬਾਣੀ ਦਾ ਨਿੱਤਨੇਮੀ ਅਤੇ ਬਾਣੇ ਦਾ ਧਾਰਨੀ ਵੀ ਹੈ ਪਰ ਜੇ ਉਹ ਇਸ ਬਿੱਪ੍ਰਨ ਕੀ ਰੀਤ ਦਾ ਧਾਰਨੀ ਹੈ ਤਾਂ ਉਹ, ਗੁਰਦੇਵ ਜੀ ਲਈ ਬੇਪਰਤੀਤਾ ਹੀ ਹੈ । ਭਾਵ, ਪ੍ਰੋਹਿਤ-ਵਾਦੀ ਰੀਤ ਦਾ ਧਾਰਨੀ ਮਨੁੱਖ, **ਗੁਰੂ ਨਾਨਕ ਸਾਹਿਬ ਜੀ ਦਾ ਸਿੱਖ ਨਹੀਂ ਅਖਵਾ ਸਕਦਾ ।**

੨

# ਬ੍ਰਾਹਮਣ ਕਦੋਂ ਪ੍ਰਗਟ ਹੋਇਆ ?

{Foot note:--ਏਥੇ ਵੀ ਅਸਾਂ " ਪ੍ਰਗਟ " ਹੋਣਾ ਹੀ ਲਿਖਿਆ ਹੈ । ਮਨੁਖਾਂ ਵਿਚ ਬ੍ਰਾਹਮਣ ਪਹਿਲਾਂ ਤੋਂ ਹੀ ਮੌਜੂਦ ਸੀ ਪਰ ਵਰਣ-ਵੰਡ ਦੀ ਖੇਡ ਰਚਾ ਹੈ ਸਿਆਣਾ ਮਨੁੱਖ ਬ੍ਰਾਹਮਣ ਦਾ ਨਾਮ ਧਾਰਨ ਕਰਕੇ ਦੇਸ਼ ਵਿਚ ਪ੍ਰਗਟ ਹੋਇਆ, ਪ੍ਰਸਿੱਧ ਹੋਇਆ, ਜਾਣਿਆਂ ਗਿਆ । [ਏਸੇ ਤਰ੍ਹਾਂ ਹੀ ਸਿੱਖ, ਬੜੀ ਕਰੜੀ ਪ੍ਰੀਖਿਆ ਵਿਚੋਂ ਪਾਸ ਹੋ ਕੇ, " ਸਿੰਘ ਉਪਨਾਮ " ਨਾਲ ਅਤੇ ਪੰਜ ਕਕਰਾਰਾਂ ਦੀ ਰਹਿਤ ਨਾਲ " ਪ੍ਰਗਟ " ਹੋਇਆ ਸੀ । ਕੋਈ ਨਵਾਂ ਪੰਥ ਨਹੀਂ ਸੀ ਸਾਜਿਆ ਗਿਆ । ਖ਼ਾਲਸੇ ਦਾ ਜਨਮ ਦਿਨ ਮਣਾਉਣ ਦੀ ਰੀਤ ਵੀ ਬ੍ਰਾਹਮਣ ਦੀ ਹੀ ਦੇਣ ਹੈ}

ਦਸ਼ਮੇਸ਼ ਜੀ ਨੇ ਜਿਹੜੀ ਰੀਤ ਦੇ ਧਾਰਨੀ ਹੋਣ ਤੋਂ ਆਪਣੇ ਖ਼ਾਲਸੇ ਨੂੰ ਸਖ਼ਤੀ ਨਾਲ ਵਰਜਿਆ ਸੀ, ਉਸ ਰੀਤ ਦੇ ਜਨਮ ਦਾਤੇ **ਬ੍ਰਾਹਮਣ** ਜੀ ਦੇ ਬਾਰੇ ਪੱਕਾ ਥਹੁ ਪਤਾ ਨਹੀਂ ਲੱਗ ਸਕਿਆ, ਕਿ, ਇਹ ਭਾਰਤ ਵਾਸੀਆਂ ਦੇ ਧਰਮ ਦੀ ਅਤੇ ਸਮਾਜ ਦੀ ਸਟੇਜ ਦਾ ਸੰਚਾਲਕ ਕਦੋਂ ਤੋਂ ਆ ਬਣਿਆ ਸੀ ? ਕਿਉਂਕਿ ਬਿੱਪ੍ਰ-ਰੀਤੀ ਪੁਰਾਣਿਕ ਗ੍ਰੰਥਾਂ ਦੇ ਅਧਾਰ ਤੇ ਲਾਗੂ ਕੀਤੀ ਗਈ ਸਿੱਧ ਹੁੰਦੀ ਹੈ, ਅਤੇ ਆਪਣੇ ਜਨਮ ਬਾਰੇ ਬ੍ਰਾਹਮਣ ਵੀ ਪੁਰਾਣਕ ਗ੍ਰੰਥਾਂ ਦਾ ਹੀ ਹਵਾਲਾ ਦਿੰਦੇ ਹਨ, ਇਸ ਲਈ ਬਿੱਪ੍ਰ ਜੀ ਦੇ ਜਨਮ ਦੇ ਭੇਤ ਨੂੰ ਸਮਝਣ ਲਈ ਪਹਿਲਾਂ ਹਿੰਦੂਆਂ ਦੇ ਧਰਮ--ਗ੍ਰੰਥ ਘੋਖ ਲੈਣੇ ਠੀਕ ਰਹਿਣਗੇ ।

**੧=** ਸ੍ਰੀ ਮਦ ਭਾਗਵਤ ਪੁਰਾਣ ਦੇ ਸਕੰਦ--੩ ਅਧਿਆਇ--੮ (ਸਫ਼ਾ ੮੩) ਵਿੱਚ ਲਿਖਿਆ ਹੈ ਕਿ ਦੇਵਤਿਆਂ ਨੇ ਨਾਰਾਇਣ ਜੀ ਦੀ ਉਸਤਤੀ ਕਰਕੇ ਸੰਸਾਰ ਦੀ ਰਚਨਾਂ ਕਰਨ ਵਾਸਤੇ ਬੇਨਤੀ ਕੀਤੀ ਤਾਂ ਪ੍ਰਭੂ ਨੇ ਕ੍ਰਿਪਾ ਦ੍ਰਿਸਟੀ ਨਾਲ ਪੰਜ ਤੱਤਾਂ ਦੇ **ਆਦਿ-ਪੁਰਖ** (ਵਿਸ਼ਨੂੰ ਜੀ) ਨੂੰ ਪ੍ਰਗਟ ਕਰਕੇ ਉਸ ਦੇ ਰਹਿਣ ਵਾਸਤੇ ਪਾਤਾਲ-ਲੋਕ, ਭੂ-ਲੋਕ, ਅਤੇ ਬੈਕੁੰਠ-ਲੋਕ (ਤੀਨੋਂ ਲੋਕ) ਦੇ ਦਿਤੇ, ਅਤੇ ਲਿਖਿਆ ਹੈ ਕਿ, ਏਸੇ ਵਿਸ਼ਨੂੰ ਨੂੰ ਹੀ ਵੈਰਾਟ ਰੂਪ ਕਿਹਾ ਗਿਆ ਹੈ । (ਮਹਾਂਭਾਰਤ ਗਾਥਾ ਵਿਚਲੇ ਯੁੱਧ ਸਮੇ ਕ੍ਰਿਸ਼ਨ ਆਪਣਾ ਵੈਰਾਟ ਰੂਪ ਅਰਜੁਨ ਨੂੰ ਦਿਖਾਉਂਦਾ ਫਿਲਮਾਇਆ ਹੋਇਆ ਹੈ । ਭਾਵ ਕ੍ਰਿਸ਼ਨ ਹੀ ਵਿਸ਼ਨੂੰ ਸੀ) ਭਾਗਵਤ ਪੁਰਾਣ ਵਿਚ ਅੱਗੇ ਲਿਖਿਆ ਹੈ ਕਿ, ਉਸੇ ਪੁਰਖ ਦੀ ਨਾਭੀ (ਧੁੱਨੀ) ਵਿਚੋਂ ਕਮਲ ਦਾ ਫੁੱਲ ਨਿਕਲਿਆ ਜਿਸ ਵਿਚੋਂ **ਬ੍ਰਹਮਾਂ ਜੀ** ਪੈਦਾ ਹੋਏ[੧*] । ਬ੍ਰਹਮਾਂ ਜੀ ਨੇ ਆਪਣੇ ਮੂੰਹ ਵਿਚੋਂ **ਬ੍ਰਾਹਮਣ,** ਬਾਹਾਂ ਵਿਚੋਂ **ਖੱਤਰੀ,** ਲੱਤਾਂ ਵਿਚੋਂ **ਵੈਸ਼** ਅਤੇ ਪੈਰਾਂ ਵਿਚੋਂ **ਸ਼ੂਦਰ** ਪੈਦਾ ਕੀਤੇ ।

ਭਾਗਵਤ ਪੁਰਾਣ ਦੀ ਇਸ ਲਿਖਤ ਤੋਂ ਬ੍ਰਾਹਮਣ ਦਾ ਜਨਮ ਸ੍ਰਿਸ਼ਟੀ ਦੀ ਹੋਰ ਰਚਨਾਂ ਤੋਂ ਵੀ ਪਹਲਾਂ ਹੋ ਜਾਣਾ ਸਿੱਧ ਹੁੰਦਾ ਹੈ । ਕਿਉਂਕਿ ਬ੍ਰਹਮਾਂ ਜੀ ਨੇ ਜਿਸ ਪ੍ਰਕਾਰ ਬੜੀ ਵਿਚਿਤ੍ਰ ਅਤੇ ਅਦਭੁਤ ਲੀਲ੍ਹਾ ਦੁਆਰਾ ਬਾਕੀ ਸੰਸਾਰ ਦੀ ਸਿਰਜਣਾਂ ਕੀਤੀ ਸੀ, ਉਸ ਦੀ ਲੰਮੀ ਚੌੜੀ ਗਾਥਾ ਏਸੇ ਗ੍ਰੰਥ ਦੇ ਤੀਜੇ ਸਕੰਧ ਦੇ ਦਸਵੇਂ ਅਧਿਆਇ ਵਿੱਚ ਲਿਖੀ ਹੋਈ ਹੈ ।

ਸ੍ਰਿਸ਼ਟੀ ਦੀ ਰਚਨਾਂ ਬਾਰੇ ਕੋਈ ਹਿਸਾਬ ਕਿਤਾਬ ਜਾਂ ਸਮੇਂ ਆਦਿ ਦੇ ਪਤੇ ਦਿੱਤੇ ਜਾਣ ਨੂੰ ਗੁਰਬਾਣੀ ਠੀਕ ਨਹੀਂ ਮੰਨਦੀ । ਜਪੁਜੀ ਸਾਹਿਬ ਦੀ ੨੧ ਵੀਂ ਪਉੜੀ ਵਿੱਚ ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ :-

੧- **ਕਵਣੁ ਸੁ ਵੇਲਾ, ਵਖਤੁ ਕਵਣੁ , ਕਵਣ ਥਿਤਿ, ਕਵਣੁ ਵਾਰੁ ॥**
**ਕਵਣਿ ਸਿ ਰੁਤੀ , ਮਾਹੁ ਕਵਣੁ , ਜਿਤੁ ਹੋਆ ਆਕਾਰੁ ॥**
**ਵੇਲ ਨ ਪਾਈਆ ਪੰਡਤੀ , ਜਿ ਹੋਵੈ ਲੇਖੁ ਪੁਰਾਣੁ ॥**
**ਵਖਤੁ ਨ ਪਾਇਓ ਕਾਦੀਆ , ਜਿ ਲਿਖਨਿ ਲੇਖੁ ਕੁਰਾਣੁ ॥**
**ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨ ਕੋਈ ॥**
**ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥ ... ੨੧ ॥** [ਪੰਨਾ ੪]-੨੧

ਭਾਵ :- ਕਿਸੇ ਨੂੰ ਕੁੱਝ ਪਤਾ ਨਹੀਂ ਕਿ ਉਹ ਕਿਹੜਾ ਵੇਲਾ, ਵਕਤ, ਥਿਤਿ ਵਾਰ, ਰੁਤ, ਅਥਵਾ ਕਿਹੜਾ ਮਹੀਨਾ ਸੀ ਜਦੋਂ ਇਹ ਦਿਸਦਾ ਸੰਸਾਰ(ਆਕਾਰ) ਬਣਿਆ । ਉਸ ਸਮੇਂ ਦਾ ਪਤਾ ਪੰਡਤਾਂ, ਕਾਜ਼ੀਆਂ ਜਾਂ ਜੋਗੀਆਂ ਆਦਿ ਕਿਸੇ ਨੂੰ ਵੀ ਨਹੀਂ ਹੈ । ਸ੍ਰਿਸ਼ਟੀ ਸਿਰਜਣਾ ਦੇ ਇਸ ਭੇਤ ਨੂੰ ਸਵਾਏ ਸਿਰਜਣ-ਹਾਰ ਪ੍ਰਭੂ ਦੇ ਹੋਰ ਕੋਈ ਨਹੀਂ ਜਾਣਦਾ ।

ਪਰਮਾਤਮਾ ਆਪਣੀ ਮੌਜ ਵਿਚ ਸ੍ਰਿਸ਼ਟੀ ਦੀ ਸਿਰਜਣਾ ਕਰਦਾ ਹੈ ਅਤੇ ਆਪਣੀ ਹੀ ਰਜ਼ਾ ਵਿਚ ਫਿਰ ਵਿਨਾਸ ਕਰਦਾ ਹੈ :- **ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ॥ ਆਪਨੈ ਭਾਣੈ ਲਏ ਸਮਾਏ ॥**(ਸੁਖਮਨੀ-੨੯੨)>>>>>

FootNote*

(ੳ) ਵਿਸ਼ਨੂੰ ਦੀ ਧੁੰਨੀ ਵਿਚ ਉਗੇ ਕੰਵਲ ਫੁੱਲ ਦੇ ਵਿਚੋਂ ਬ੍ਰਹਮਾਂ ਦੇ ਪੈਦਾ ਹੋਣ ਵਾਲੀ ਕਹਾਣੀ ਦੀ ਪੁਸ਼ਟੀ ਸ਼ਿਵ ਪੁਰਾਣ ਨਹੀਂ ਕਰਦਾ । ਸ਼ਿਵ ਪੁਰਾਣ ਦੇ ਖੰਡ--੭ ਅਧਿਆਇ--੨ (ਸਫਾ--੩੯੫) ਤੇ ਆਪਣੀ ਦਲੀਲ ਨੂੰ ਸੱਚੀ ਸਿੱਧ ਕਰਨ ਵਾਸਤੇ ਲਿਖਾਰੀ ਦਾ ਲਿਖਣ ਢੰਗ ਹੋਰ ਵੀ ਨਿਰਾਲਾ ਹੈ । ਬ੍ਰਹਮਾਂ ਦਾ ਪੁੱਤ੍ਰ ਨਾਰਦ ਬ੍ਰਹਮਾਂ ਕੋਲੋਂ ਹੀ ਉਸ ਦੇ ਜਨਮ ਦੀ ਗੱਲ ਪੁੱਛਦਾ ਹੈ । ਅੱਗੋਂ ਬ੍ਰਹਮਾ ਨੇ ਇਉਂ ਕਿਹਾ---ਸ਼ਿਵ ਜੀ ਨਿਰਗੁਣ ਸਰੂਪ, ਸਭ ਤੋਂ ਸ੍ਰੇਸ਼ਟ ਤੇ ਨਿਸ਼-ਪਾਪ ਹਨ । ਉਹ ਸਾਨੂੰ ਤੇ ਵਿਸ਼ਨੂੰ ਜੀ ਨੂੰ ਉਤਪੰਨ ਕਰਨ ਵਾਲੇ ਹਨ । ਉਹਨਾਂ ਨੇਂ ਸਾਨੂੰ ਤੇ ਵਿਸ਼ਨੂੰ ਜੀ ਨੂੰ ਪ੍ਰਕਿਰਤੀ ਤੋਂ ਉਤਪੰਨ ਕਰਕੇ ਕਿਹਾ ਕਿ ਜਾਓ ਸੰਸਾਰ ਦੀ ਰਚਨਾ ਕਰਕੇ ਉਸ ਦੀ ਪਾਲਣਾ ਕਰੋ । ਤੱਦ ਅਸਾਂ ਤੇ ਵਿਸ਼ਨੂੰ ਜੀ ਨੇ ਬੇਨਤੀ ਕੀਤੀ ਕਿ ਤੁਸੀਂ ਅਵਤਾਰ ਲੈ ਕੇ ਪਰਲੋ ਕਰਿਆ ਕਰੋ । (ਸ਼ਿਵ ਨੇ ਜਿਸ **ਪ੍ਰਕਿਰਤੀ** ਵਿਚੋਂ ਬ੍ਰਹਮਾਂ ਤੇ ਵਿਸ਼ਨੂੰ ਪੈਦਾ ਕੀਤੀ ਸੀ, ਉਹ ਕਿਸ ਨੇ ਪੈਦਾ ਕੀਤੀ ਸ ? ਬ੍ਰਹਮਾਂ ਅਤੇ ਨਾਰਦ ਦੋਹਾਂ ਪਿਉ ਪੁੱਤ੍ਰਾਂ ਦੀ ਆਪਸੀ ਗਲ ਬਾਤ, ਗ੍ਰੰਥ ਦੇ ਲਿਖਾਰੀ ਨੇ ਕਿਸ ਵਿਧੀ ਨਾਲ ਸੁਣੀ ? ਇਨ੍ਹਾਂ ਸ਼ੰਕਿਆਂ ਦਾ ਤਸੱਲੀ ਬਖ਼ਸ਼ ਉਤੱਰ ਬ੍ਰਾਹਮਣੀ ਗ੍ਰੰਥਾਂ ਵਿਚੋਂ ਨਹੀਂ ਮਿਲਦਾ ) ।

(ਅ) ਬ੍ਰਹਮਾਂ ਦੇ ਜਨਮ ਬਾਰੇ ਮਹਾਨ ਕੋਸ਼ ਦੇ ੨੭੬ ਸਫ਼ੇ ਦਾ ਨੋਟ ਇਸ ਪ੍ਰਕਾਰ ਹੈ:--ਰਿਗ਼ ਵੇਦ ਵਿਚ ਲਿਖਿਆ ਹੈ ਕਿ ਸਭ ਤੋਂ ਪਹਿਲਾਂ ਹਿਰਨਯ-ਗਰਭ (ਭਾਵ, ਬ੍ਰਹਮਾ) ਹੋਇਆ ਹੈ । ਇਹੀ ਬ੍ਰਹਮਾਂ, ਸਾਰੇ ਜੀਵਾਂ ਦਾ ਮਾਲਕ, ਆਕਾਸ਼ ਅਤੇ ਧਰਤੀ ਦਾ ਥੰਮ, ਸ਼ਰੀਰ ਅਤੇ ਆਤਮਾ ਦਾ ਦਾਤਾ, ਦੇਵਤਿਆਂ ਦਾ ਦੇਵਤਾ, ਅਤੇ ਸਾਰੇ ਜੀਵਾਂ ਵਿਚ ਆਤਮਾ ਬਖ਼ਸ਼ਣ ਵਾਲਾ ਹੈ । ਮਨੂੰ ਲਿਖਦਾ ਹੈ ਕਿ ਹਿਰਨਯਗਰਭ ਦਾ ਨਾਮ ਹੀ **ਬ੍ਰਹਮਾਂ** ਹੈ । ਜੋ ਸੂਰਜ ਜਿਹਾ ਪ੍ਰਕਾਸ਼ ਇੱਕ ਸੁਨਹਿਰੀ ਆਂਡੇ ਦੇ ਅੰਦਰ ਰਹਿਕੇ ਬ੍ਰਮਾਂ ਨੇ ਆਪਣੇ ਚਿੱਤ ਦੀ ਇੱਛਾ ਅਨੁਸਾਰ ਹੀ ਉਸ ਨੂੰ ਦੋ ਹਿਸਿਆਂ ਵਿਚ ਕਰ ਦਿੱਤਾ ਜਿਨ੍ਹਾਂ ਵਿਚੋਂ ਇਕ ਭਾਗ ਸੂਰਜ ਲੋਕ ਅਤੇ ਦੂਜਾ ਪ੍ਰਿਥਵੀ ਹੋਈ ।

<<<<< ਗੁਰਮਤਿ ਦੇ ਸਿਧਾਂਤ ਨੂੰ ਹੋਰ ਸਾਫ਼ ਕਰਨ ਵਾਸਤੇ, ਆਪਣੇ ਚੌਥੇ ਸਰੂਪ ਵਿੱਚ ਗੁਰਦੇਵ ਜੀ ਫ਼ੁਮਾਉਂਦੇ ਹਨ ਕਿ, ਕਿਉਂਕਿ ਸੰਸਾਰ ਰਚਨਾ ਤੋਂ ਪਹਿਲਾਂ, ਪ੍ਰਭੂ ਦੀ ਨਿੱਜ ਹਸਤੀ ਤੋਂ ਬਿਨਾਂ ਹੋਰ ਕੋਈ ਹੈ ਹੀ ਨਹੀਂ ਸੀ, ਫਿਰ ਸਲਾਹ ਮਸ਼ਵਰਾ ਕਿਸ ਨੇ ਦੇਣਾ ਸੀ ? :-**ਜਦਹੁ ਆਪੇ ਥਾਟੁ ਕੀਆ ਬਹਿ ਕਰਤੈ, ਤਦਹੁ ਪੁਛਿ ਨ ਸੇਵਕੁ ਬੀਆ ॥ ਤਦਹੁ ਕਿਆ ਕੋ ਲੇਵੈ ਕਿਆ ਕੋ ਦੇਵੈ, ਜਾਂ ਅਵਰੁ ਨ ਦੂਜਾ ਕੀਆ ॥**

(੫੫੧) ਇਸ ਤੋਂ ਭਾਗਵਤ ਪੁਰਾਣ ਦੀ ਇਹ ਦਲੀਲ ਨਿਰਮੂਲ ਹੋ ਦਿਸਦੀ ਹੈ ਕਿ ਦੇਵਤਿਆਂ ਨੇ ਨਾਰਾਇਣ ਨੂੰ ਸ੍ਰਿਸ਼ਟੀ ਰਚਨਾ ਦਾ ਚੇਤਾ ਕਰਾਇਆ ਸੀ । ਪਰ ਭਗਵਾਨ ਨੂੰ ਚੇਤਾ ਕਰਾਉਣ ਵਾਲੇ ਦੇਵਤਿਆਂ ਨੂੰ ਕਿਸ ਨੇ ਬਣਾਇਆ ਸੀ ? ਇਸ ਸ਼ੰਕੇ ਬਾਰੇ ਵੀ ਕੁੱਝ ਨਾ ਲਿਖਣ ਕਰਕੇ ਇਸ ਗ੍ਰੰਥ ਦੀ ਗਾਥਾ ਕਲਪਣਾ ਦੀ ਉਪਜ ਬਣ ਜਾਂਦੀ ਹੈ । ਗੁਰੂ ਨਾਨਾਕ ਦੇਵ ਜੀ ਨੇ ਪ੍ਰਭੂ ਦੀ ਉਸ ਮੁਢਲੀ ਅਵਸਥਾ ਨੂੰ ਵਿਸਥਾਰ ਨਾਲ ਚਿਤਿਰਿਆ ਹੈ :- -

੨- **ਸੁੰਨ ਕਲਾ ਅਪਰੰਪਰਿ ਧਾਰੀ ॥ ਆਪਿ ਨਿਰਾਲਮੁ ਅਪਰ ਅਪਾਰੀ ॥**
**ਆਪੇ ਕੁਦਰਤਿ ਕਰਿ ਕਰਿ ਦੇਖੈ , ਸੁੰਨਹੁ ਸੁੰਨੁ ਉਪਾਇਦਾ ॥ ੧ ॥**
**ਪਉਣੁ ਪਾਣੀ ਸੁੰਨੈ ਤੇ ਸਾਜੇ ॥ ਸ੍ਰਿਸਟਿ ਉਪਾਇ ਕਾਇਆ ਗੜ ਰਾਜੇ ॥**
**ਅਗਨਿ ਪਾਣੀ ਜੀਉ ਜੋਤਿ ਤੁਮਾਰੀ , ਸੁੰਨੇ ਕਲਾ ਰਹਾਇਦਾ ॥ ੨ ॥**[੧੦੩੭]--੫-੧੭

**ਅਰਥ:**--ਉਸ ਪਰਮਾਤਮਾ ਨੇ ਜਿਸ ਤੋਂ ਪਰੇ ਹੋਰ ਕੁਝ ਨਹੀਂ ਤੇ ਜੋ ਨਿਰੋਲ ਆਪ ਹੀ ਆਪ ਹੈ, ਉਸ ਨੇ ਆਪਣੀ ਤਾਕਤ ਆਪ ਹੀ ਬਣਾਈ ਹੋਈ ਹੈ । ਉਹ ਅਪਰ ਤੇ ਅਪਾਰ ਪ੍ਰਭੂ ਆਪਣੇ ਸਹਾਰੇ ਆਪ ਹੀ ਹੈ (ਉਸ ਨੂੰ ਕਿਸੇ ਹੋਰ ਆਸਰੇ ਦੀ ਲੋੜ ਨਹੀਂ ਪੈਂਦੀ) । ਉਹ ਪਰਮਾਤਮਾ ਨਿਰੋਲ ਉਹ ਹਾਲਤ ਵੀ ਆਪ ਹੀ ਪੈਦਾ ਕਰਦਾ ਹੈ । ਜਦੋਂ ਉਸ ਦੇ ਆਪੇ ਤੋਂ ਬਿਨਾ ਹੋਰ ਕੁਝ ਵੀ ਨਹੀਂ ਹੁੰਦਾ, ਤੇ ਆਪ ਹੀ ਆਪਣੀ ਕੁਦਰਤ ਰਚ ਕੇ ਵੇਖਦਾ ਹੈ **। ੧ ।** ਹਵਾ ਪਾਣੀ (ਆਦਿਕ ਤੱਤ) ਉਹ ਨਿਰੋਲ ਆਪਣੇ ਆਪ ਤੋਂ ਪੈਦਾ ਕਰਦਾ ਹੈ । ਸ੍ਰਿਸ਼ਟੀ ਪੈਦਾ ਕਰ ਕੇ (ਆਪਣੇ ਆਪ ਤੋਂ ਹੀ) ਸਰੀਰ ਤੇ ਸਰੀਰ-ਕਿਲਿਆਂ ਦੇ ਰਾਜੇ (ਜੀਵ) ਪੈਦਾ ਕਰਦਾ ਹੈ । ਹੇ ਪ੍ਰਭੂ ! ਅੱਗ ਪਾਣੀ ਤੱਤਾਂ ਦੇ ਬਣੇ ਸਰੀਰ ਵਿਚ ਜੀਵਾਤਮਾ ਤੇਰੀ ਹੀ ਜੋਤਿ ਹੈ । ਤੂੰ ਨਿਰੋਲ ਆਪਣੇ ਆਪੇ ਵਿਚ ਆਪਣੀ ਸ਼ਕਤੀ ਟਿਕਾਈ ਰੱਖਦਾ ਹੈਂ **। ੨ ।**

ਇਸ ਗੁਰਸ਼ਬਦ ਤੋਂ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਕਥਿਤ ਢੰਗ ਨਾਲ ਧਰਤੀ ਨੂੰ ਸਹਾਰਾ ਦੇਣ ਵਾਲਾ ਸ਼ੇਸ਼ਨਾਗ ਅਤੇ ਉਸ ਨਾਲ ਜੋੜੀਆਂ ਗਾਥਾਵਾਂ ਸੱਭ ਕਲਪਤ ਅਤੇ ਭਰਮਾਊ ਹੱਨ । ਇਹ ਵੀ ਬੜੀ ਬੇਦਲੀਲੀ ਅਤੇ ਹਾਸੋਹੀਣੀ ਗੱਲ ਹੈ ਕਿ ਬ੍ਰਹਮਾਂ ਨੇ ਆਪ ਹੀ ਚਾਰ ਵਰਗਾਂ ਵਿੱਚ ਵੰਡ ਕੇ ਮਨੁੱਖ ਨੂੰ ਧਰਤੀ ਤੇ ਭੇਜਿਆ ਸੀ । ਅਤੇ ਫਿਰ ਬ੍ਰਾਹਮਣ ਨੂੰ ਆਪਣੇ ਮੂੰਹ ਵਿਚੋਂ ਜਨਮ ਦੇ ਕੇ ਅਤੇ ਸ਼ੂਦਰ ਨੂੰ ਪੈਰਾਂ ਵਿਚੋਂ ਪੈਦਾ ਕਰਕੇ ਇਨ੍ਹਾਂ ਦੋਹਾਂ ਵਰਨਾਂ (ਮੂੰਹ--ਬ੍ਰਾਹਮਣ ਅਤੇ ਪੈਰ--ਸ਼ੂਦਰ) ਵਿੱਚ ਏਡਾ ਪਾੜਾ ਪਾ ਦੇਣ ਦਾ ਕਾਰਨ ਵੀ ਕਿਤੇ ਨਹੀਂ ਦੱਸਿਆ ਗਿਆ ?

**੨=** ਬ੍ਰਾਹਮਣ ਦੇ ਪ੍ਰਗਟ ਹੋਣ ਬਾਰੇ **ਮਨੁਸਿਮ੍ਰਿਤੀ ਗ੍ਰੰਥ ਦਾ** ਹਵਾਲਾ ਵੀ ਦਿੱਤਾ ਜਾਂਦਾ ਹੈ ਕਿ ਵਰਨਵੰਡ ਮਨੂੰ ਜੀ ਨੇ ਕੀਤੀ ਸੀ । ਅਤੇ ਬ੍ਰਾਹਮਣ ਨੂੰ ਸਰਬ ਸ੍ਰੇਸ਼ਟ ਅਤੇ ਪੂਜਣ ਜੋਗ ਘੋਸ਼ਤ ਵੀ ਮਨੂੰ ਜੀ ਨੇ ਹੀ ਕੀਤਾ ਸੀ । ਮਨੁਸਿਮ੍ਰਿਤੀ ਗ੍ਰੰਥ ਹਿੰਦੂ ਧਰਮ ਦਾ ਕਾਨੂੰਨ(Law)ਮੰਨਿਆਂ ਜਾਂਦਾ ਹੈ । ਇਸ ਗ੍ਰੰਥ ਵਿੱਚ ਬਾਹਮਣ ਨੂੰ, ਧਰਤੀ ਦਾ ਮਾਲਕ, ਧਰਮ ਦਾ ਸੰਚਾਲਕ, ਧਰਮ-ਕਰਮਾਂ ਦੇ ਵਿਧੀ ਵਿਧਾਨ ਬਨਾਉਂਣ ਦਾ ਕਰਤਾ-ਧਰਤਾ, ਵਿਦਿਆ ਦੇ ਪੜ੍ਹਨ ਅਤੇ ਪੜਾਉਣ ਵਾਲਾ ਟਿੱਕਿਆ ਹੋਇਆ ਹੈ । ਅਤੇ ਬਹੁਤੀ ਵਿਸ਼ੇਸ਼ ਗੱਲ ਇਹ ਹੈ ਕਿ ਉਸ ਧਰਮ ਗ੍ਰੰਥ ਵਿਚ ਕੇਵਲ ਅਤੇ ਕੇਵਲ ਬ੍ਰਾਹਮਣ ਨੂੰ ਹੀ, ਹਰ ਪਰਕਾਰ ਦੇ ਦਾਨ ਲੈਣ ਦਾ ਅਧਿਕਾਰੀ ਥਾਪਿਆ ਹੋਇਆ ਹੈ । ਏਥੇ ਹੀ ਬੱਸ ਨਹੀਂ, ਫਿਰ ਬ੍ਰਾਹਮਣ ਨੂੰ ਨਿਹਕਲੰਕ ਘੋਸ਼ਤ ਕਰਕੇ ਇਸ ਨੂੰ ਕਿਸੇ ਵੀ ਵਰਨ ਦੀ ਇਸਤ੍ਰੀ ਨਾਲ ਮਰਜ਼ੀ ਅਨੁਸਾਰ ਸ਼ਾਦੀ ਕਰਨ ਦੀ ਖੁਲ੍ਹ ਦਿਤੀ ਹੋਈ ਹੈ । ਇਹ (ਬਿੱਪ੍ਰ) ਭਾਂਵੇਂ ਕਿੱਡਾ ਵੀ ਮੂਰਖ ਅਤੇ ਪਰਲੇ ਦਰਜੇ ਦਾ ਦੁਰਾਚਾਰੀ ਕਿਉਂ ਨਾ ਹੋਵੇ, ਫਿਰ ਵੀ ਹਰ ਸਭਾ ਸੁਸਾਇਟੀ ਵਿੱਚ ਉਚੇਚੇ ਸਤਿਕਾਰ ਅਤੇ ਸੰਨਮਾਨ ਦਾ ਹੱਕਦਾਰ ਹੋਣ ਦੀਆਂ ਉਚੇਚੀਆਂ ਰਿਆਇਤਾਂ ਦਿਤੀਆਂ ਗਈਆਂ ਹਨ । **ਪਰ ਬ੍ਰਾਹਮਣ ਨੂੰ ਏਡੀਆਂ ਉਚੇਚੀਆਂ ਰਿਆਇਤਾਂ ਕਿਸ ਕਾਰਨ ਦਿੱਤੀਆਂ ਗਈਆਂ** ? ਇਸ ਪ੍ਰਸ਼ਨ ਦਾ ਠੀਕ ਉੱਤਰ ਵੇਦਾਂ ਤੋਂ ਲੈ ਕੇ ਕਿਸੇ ਵੀ ਹਿੰਦੂ ਗ੍ਰੰਥ ਵਿਚੋਂ ਨਹੀਂ ਮਿਲਦਾ ।

ਬਿੱਪ੍ਰ ਜੀ ਨੂੰ ਏਡੀਆਂ ਉਚੇਚੀਆਂ ਰਿਆਇਤਾਂ ਦੇਣ ਦੇ ਨਾਲ, ਬਾਕੀ ਦੇ ਤਿੰਨਾਂ ਵਰਨਾਂ (ਖੱਤਰੀ, ਵੈਸ਼ ਤੇ ਸ਼ੂਦਰ) ਉਤੇ ਇਸਦੀ ਪਕੜ ਨੂੰ ਸਦੀਵੀ ਬਣਾਈ ਰੱਖਣ ਵਾਸਤੇ, ਕਾਨੂੰਨ ਦਾ ਗਰੰਥ ਲਿਖਣ ਦਾ ਮੁੱਢ ਬੱਨ੍ਹ ਦੇਣ ਵਾਲੇ ਇਹ **ਮਨੁ ਅਥਵਾ ਮਨੂੰ ਜੀ** ਹੈ ਕੌਣ ਸਨ ? ਕੀ ਇਹ ਮਨੂੰ ਜੀ ਬ੍ਰਾਹਮਣ ਦੇ ਕੋਈ ਰਿਸ਼ਤੇਦਾਰ ਸਨ ? ਮਨੂੰ ਜੀ ਬਾਰੇ ਪੂਰੀ ਜਾਣਕਾਰੀ ਕਰ ਲੈਣੀ ਲਾਹੇਵੰਦ ਹੋਵੇਗੀ ।

੩

# ਮੰਨੂ ਜੀ

ਪੁਰਾਤਨ ਹਿੰਦੂ-ਗ੍ਰੰਥਾਂ ਦੇ ਅਧਾਰ ਤੇ ਮਹਾਂਨ ਕੋਸ਼ ਵਿੱਚ ਲਿਖਿਆ ਹੈ ਕਿ ਜਿਵੇਂ ਈਸਾਈ ਅਥਵਾ ਇਸਲਾਮ ਧਰਮ ਵਾਲੇ ਬਾਬਾ-ਆਦਮ ਨੂੰ ਮਨੁੱਖ ਜਾਤ ਦਾ ਆਦ ਪੁਰਖ, ਮੰਨਦੇ ਹਨ ਉਸੇ ਤਰਾਂ **ਮੰਨੁ** ਜਿਸ ਦਾ ਪ੍ਰਚੱਲਤ ਨਾਮ **ਮਨੂੰ ਜੀ** ਹੈ । ਹਿੰਦੂ ਧਰਮ ਵਾਲੇ ਵੀ ਇਸ ਨੂੰ ਮਨੁੱਖ ਦਾ ਆਦਿ ਮੰਨਦੇ ਹਨ । ਈਸਾਈ ਅਥਵਾ ਇਸਲਾਮ ਦਾ ਆਦਮ ਸਿਰਫ ਇੱਕ ਹੈ ਪਰ ਉਸ ਨੇ ਗ੍ਰੰਥ ਕੋਈ ਨਹੀਂ ਲਿਖਿਆ । ਪਰ ਏਧਰ ਹਿੰਦੂ ਧਰਮ-ਗ੍ਰੰਥਾਂ ਵਿੱਚ ੧੪ ਮਨੁ (ਮਨੂੰ) ਲਿਖੇ ਹਨ । ਹਰ ਇੱਕ ਮਨੁ ਦਾ, ਧਰਤੀ ਤੇ ਅਧਿਕਾਰ ਦਾ ਸਮਾਂ ਚੌਹਾਂ ਜੁਗਾਂ ਦੀਆਂ ੭੧ ਚੌਂਕੜੀਆਂ ਅਰਥਾਤ ੩੦੬੭੨੦੦੦੦(ਤੀਹ ਕ੍ਰੋੜ ਸਤਾਹਠ ਲੱਖ ਵੀਹ ਹਜ਼ਾਰ) ਸਾਲ ਹੋਣਾ ਲਿਖਿਆ ਹੈ ( ਯੁਗਾਂ ਦੀ ਉਮਰ ਦਾ ਜੋੜ ਇਸ ਪ੍ਰਕਾਰ ਹੈ ਸਤਿਜੁਗ= ੧੭੨੮੦੦੦ + ਤ੍ਰੇਤਾ + ੧੨੯੬੦੦੦ + ਦੁਆਪਰ = ੮੬੪੦੦੦ = ਕਲਜੁੱਗ = ੪੩੨੦੦੦ ਜੋੜ = ੪੩੨੦੦੦੦ ਇਸਦਾ ੭੧ ਗੁਣਾ ਇੱਕ ਮਨੁਵੰਤਰ ਅਰਥਾਤ ਮਨੁ ਦਾ ਅਧਿਕਾਰ ਸਮਾ) ਹਿੰਦੂ ਗਰੰਥਾਂ ਵਿੱਚ ਮਨੂੰ ਨੂੰ ਸਯੰ ਭਾਵ ਆਪਣੇ ਆਪ ਤੋਂ ਪੈਦਾ ਹੋਇਆ ਵੀ ਲਿਖਿਆ ਹੈ ਅਤੇ ਕਿਤੇ ਇਸ ਨੂੰ ਬ੍ਰਹਮਾਂ ਜੀ ਤੋ ਜਨਮਿਆਂ ਕਿਹਾ ਹੈ।

(ੳ) ਜੁੱਗਾਂ ਦੇ ਨਾਮ ਅਨੁਸਾਰ ਸਮੇ ਦੀ ਵੰਡ ਕਰਕੇ ਉਸ ਨੂੰ ਚੰਗਾ ਜਾਂ ਮਾੜਾ ਹੋਣਾ ਦੱਸਣ ਬਾਰੇ (ਅ) ਮਨਵੰਤਰ ਦੀ ਉਮਰ ਦੇ ਲੰਮੇ ਚੌੜੇ ਹਿਸਾਬ-ਕਿਤਾਬ ਵਾਲੀ ਦਲੀਲ (ੲ) ਮਨੂੰ ਦੇ ਸਯੰ ਭਾਵ, ਆਪਣੇ ਆਪ ਤੋਂ ਆਪ ਪ੍ਰਗਟ ਹੋਣਾਂ, ਇਨ੍ਹਾਂ ਤਿੰਨਾਂ ਦਲੀਲਾ ਬਾਰੇ ਗੁਰਬਾਣੀ ਦੇ ਫੁਰਮਾਣ ਵਿਚਾਰ ਲੈਂਦੇ ਹਾਂ, ਬਾਕੀ ਦੀਆਂ ਦਲੀਲਾਂ ਤਾਂ ਹਿੰਦੂ ਗ੍ਰੰਥ ਇੱਕ ਦੂਜੇ ਨੂੰ ਕੱਟ ਕੇ ਆਪ ਹੀ ਰੱਦ ਕਰ ਰਹੇ ਹਨ ।>>>>>>

੧=**Foot Note** ਮਹਾਨ ਕੋਸ਼ ਦੇ ਕਰਤਾ ਨੇ ਮਤਸਰ-ਪੁਰਾਣ ਅਤੇ ਆਨ੍ਹਿਕਤੰਤ੍ਰ ਗ੍ਰੰਥਾਂ ਦੇ ਹਵਾਲੇ ਨਾਲ ਲਿਖਿਆ ਹੈ ਕਿ ਸ੍ਵਯੰਭਵ-ਮਨੁ **ਸਯੰ** ਅਰਥਾਤ ਆਪਣੇ ਆਪ ਤੋਂ ਆਪ ਹੀ ਪੈਦਾ ਹੋਇਆ ਸੀ । ਉਸੁਨੇ ਆਪਣੇ ਆਪ ਨੂੰ ਦੋ ਹਿੱਸਿਆਂ ਵਿੱਚ ਕੀਤਾ । ਸੱਜਾ ਪੁਰਸ਼ ਅਤੇ ਖੱਬਾ ਹਿੱਸਾ ਨਾਰੀ ਬਣਿਆ । ਇਸ ਜੋੜੇ ਨੇ **ਪ੍ਰਜਾਪਤ** ਰਚੇ । ਇਨ੍ਹਾ ਪ੍ਰਜਾਪਤਾਂ ਨੇ ਫਿਰ ਹਰ ਪ੍ਰਕਾਰ ਦੀ ਉਤਪਤੀ ਕੀਤੀ । ਆਨ੍ਹਿਕਤੰਤ੍ਰ ਅਨੁਸਾਰ ੧੦ ਪ੍ਰਜਾਪਤ ਹਨ ਪਰ ਮਹਾਂਭਾਰਤ ਦੇ ਮੋਖਸ਼ਧਰਮ ਵਿੱਚ ੨੧ ਪ੍ਰਜਾਪਤ ਹਨ, ਅਤੇ ਇਨ੍ਹਾਂ **ਇਕੀਆਂ ਵਿੱਚ, ਬ੍ਰਹਮਾਂ ਜੀ** ਦਾ ਨਾਮ ਸੱਭ ਤੋ ਪਹਿਲੇ ਨੰਬਰ ਤੇ ਹੈ--**ਸਫ਼ਾ** ੭੯੭ । **ਪਰ ਇੱਕ ਥਾਂ ਲਿਖਿਆ ਹੈ ਕਿ ਬ੍ਰਹਮਾਂ ਜੀ ਨੇ ਹੀ ਮਨੁ ਨੂੰ ਆਪ ਆਪਣੇ ਜਿਹਾ ਪੈਦਾ ਕੀਤਾ ਅਤੇ ਉਸ ਦਾ ਅੱਧਾ ਸਰੀਰ ਸ਼ਤਰੂਪਾ (ਅਰਥਾਤ ਸੈਂਕੜੇ ਰੂਪਾਂ ਵਾਲੀ) ਬਣਾ ਕੇ ਉਸ ਨੂੰ ਮਨੂੰ ਦੀ ਵਹੁਟੀ ਬਣਾਇਆ ਜਿਸ ਤੋਂ ਅਨੇਕ ਪ੍ਰਕਾਰ**

**ਦੀ ਰਚਨਾ ਹੋਈ । ਇਹ ਵੀ ਲਿਖਿਆ ਕਿ ਮਨੁ ਦੇ ਬਣਾਏ ਸੂਤ੍ਰ ਧਰਮ ਦਾ ਮੂਲ ਮੰਨੇ ਜਾਂਦੇ ਹਨ ਇਸ** ਦਾ ਨਾਮ ਮਾਨਵ-ਧਰਮਸ਼ਾਤ੍ਰ ਹੈ । ਇਨ੍ਹਾਂ ਸੂਤ੍ਰਾਂ ਦੇ ਅਧਾਰ ਤੇ ਹੀ **ਭ੍ਰਿਗੂ** ਜੀ ਨੇ ਮਨ-ਸਿਮ੍ਰਤੀ ਅਥਵਾ ਮਨੁਸੰਹਿਤਾ ਲਿਖੀ ਹੈ, ਜਿਸ ਦੇ ੧੨ ਅਧਿਆਏ ਅਤੇ ੨੭੦੪ ਸ਼ਲੋਕ ਹਨ । ਇਹੀ ਹਿੰਦੂ ਮਤ ਦੇ ਕਾਨੂੰਨ ਦਾ ਗ੍ਰੰਥ ਹੈ ।

ਸ਼ਤਪਥਬ੍ਰਹਮਣ ਦੇ ਆਧਾਰ ਤੇ ਅਗਨਿ-ਪੁਰਾਣ ਆਦਿ ਅਨੇਕ ਗ੍ਰੰਥਾਂ ਵਿੱਚ ਲਿਖਿਆ ਹੈ ਕਿ ਇੱਕ ਵਾਰ ਵੈਵਸਤ੍ਰਮਨ, **ਕ੍ਰਿਤਮਾਲਾ ਨਦੀ (ਵਿਸ਼ਨੂ-ਪੁਰਾਣ ਵਿੱਚ ਲਿਖਿਆ ਹੈ ਕਿ ਇਹ ਕ੍ਰਿਤਮਾਲਾ ਨਦੀ, ਦੱਖਣ ਦੀਆਂ ਪਹਾੜੀਆਂ ਵਿੱਚਲੇ " ਮੱਲਯ " ਨਾਮੀ ਪਹਾੜ, ਵਿਚੋਂ ਨਿਕਲਦੀ ਹੈ, ਪਰ ਇਸ ਨਦੀ ਦੀ ਵਾਸਤਵਿਕਤਾ ਦਾ ਕੋਈ ਸਬੂਤ ਨਹੀਂ ਮਿਲਿਆ )** ਤੇ ਤਰਪਣ ਕਰ ਰਿਹਾ ਸੀ, ਤਾਂ ਉਸ ਦੇ ਹੱਥ ਵਿੱਚ ਇੱਕ ਮੱਛੀ ਆ ਗਈ - ਤਾਂ ਆਕਾਸ਼ਵਾਨੀ ਹੋਈ ਕਿ ਇਸ ਮੱਛੀ ਨੂੰ ਨਾਂ ਤਿਆਗੀਂ । ਇਹ ਮੱਛੀ ਵੱਡੇ ਆਕਾਰ ਵਾਲੀ ਹੁੰਦੀ ਗਈ । ਪ੍ਰਲੈ ਦੇ ਸਮੇਂ **ਮਨੂੰ** ਆਪਣੇ ਪਰਵਾਰ ਨੂੰ ਅਤੇ ਹੋਰ ਕਈ ਪ੍ਰਕਾਰ ਦੇ ਜੀਵ-ਜੰਤੂ ਲੈ ਕੇ ਇੱਕ ਕਿਸ਼ਤੀ ਵਿੱਚ ਪ੍ਰਵੇਸ਼ ਕਰ ਗਿਆ, ਅਰ ਉਸ ਮੱਛੀ ਦੇ ਸਿੰਗ ਨਾਲ ਉਹ ਕਿਸ਼ਤੀ (ਬੇੜੀ) ਬੰਨ੍ਹ ਦਿਤੀ , ਜਿਸ ਤੋਂ ਸਾਰੇ ਬੱਚ ਗਏ । ਅੱਗੇ ਲਿਖਿਆ ਹੈ ਕਿ :- ਭਾਗਵਤ ਪੁਰਾਣ ਵਿੱਚ ਲੇਖ ਹੈ ਕਿ , ਮਹਾਂ ਰਿਖੀ **ਸਤਯਵ੍ਰਤ ਹੀ ਵੈਵੈਸ੍ਰਤ ਮਨੁ** ਕਹਾਇਆ । ਅਰ ਮੱਛ ਭਗਵਾਨ ਨੇ ਇਸੇ ਨੂੰ ਹੀ ਸੋਨੇ ਦਾ ਮੱਛ ਦੇ ਕੇ ਪ੍ਰਲੈ ਦੇ ਸਮੇ ਬਚਾਇਆ । ਪਰ ਮਹਾਂ ਭਾਰਤ ਵਿੱਚ ਕਥਾ ਹੈ ਕਿ ਮੱਛ ਭਗਵਾਨ ਦੇ ਕਹਿਣ ਅਨੁਸਾਰ ਮਨੁ ਨੇ ਪ੍ਰਲੈਂ ਤੋਂ ਪਹਿਲਾਂ ਹੀ ਕਿਸ਼ਤੀ ਬਣਾ ਲਈ ਸੀ ਅਤੇ ਪ੍ਰਲੈ ਹੋਣ ਤੇ ' ਮਨ ' ਸਤ ਰਿਖੀਆਂ ਅਤੇ ਜੀਵ ਜੰਤੂ ਤਥਾ ਬਿਰਛ ਆਦਿ ਲੈ ਕੇ ਕਿਸ਼ਤੀ ਵਿੱਚ ਪ੍ਰਵੇਸ਼ ਕਰ ਗਿਆ ਅਰੁ ਬੇੜੀ ਮੱਛ ਦੇ ਸਿੰਗ ਨਾਲ ਬੱਧੀ । ਬਹੁਤ ਵਰ੍ਹੇ ਪਿਛੋਂ ਇਹ ਹਮਾਲੀਆ ਦੀ ਚੋਟੀ ਨਾਲ ਬੱਨ੍ਹੀ ਗਈ , ਜਿਸ ਦਾ ਹੁਣ ਨੌਕਾ ਬੰਧਨ ਨਾਮ ਹੈ ।(Foot note ends)

**<<<<<<(ੳ)** ਸਮੇਂ ਨੂੰ ਜੁਗਾਂ ਵਿਚ ਵੰਡ ਕੇ ਫਿਰ ਆਪੇ ਹੀ ਉਨ੍ਹਾਂ ਦੇ ਚੰਗੇ ਜਾਂ ਮਾੜੇ ਹੋਣ ਦਾ ਭਰਮ ਪਾਉਣ ਵਾਲੇ ਬ੍ਰਾਹਮਣ ਨੂੰ ਸੰਬੋਧਨ ਕਰਕੇ ਗੁਰਦੇਵ ਜੀ ਨੇ ਫ਼ੁਰਮਾਇਆ ਹੈ :-

੩- **ਸੋਈ ਚੰਦੁ ਚੜਹਿ ਸੇ ਤਾਰੇ , ਸੋਈ ਦਿਨੀਅਰੁ ਤਪਤ ਰਹੈ ॥**
**ਸਾ ਧਰਤੀ ਸੋ ਪਉਣੁ ਝੁਲਾਰੇ , ਜੁਗ ਜੀਅ ਖੇਲੇ ਥਾਵ ਕੈਸੇ ॥ ੧ ॥**
**ਜੀਵਨ ਤਲਬ ਨਿਵਾਰਿ ॥ ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ ॥੧॥ ਰਹਾਉ ॥**
**ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ ॥**
**ਦਾਤਾ ਦਾਨੁ ਕਰੈ ਤਹ ਨਾਹੀ ਮਹਲ ਉਸਾਰਿ ਨ ਬੈਠਾ ॥ ੨ ॥** [੯੦੨]--੧

**ਅਰਥ**-:- ਉੱਪਰ ਲਿਖੀਆਂ ਤੁਕਾਂ ਵਿੱਚ ਗੁਰਦੇਵ ਜੀ ਨੇ ਫ਼ੁਰਮਾਇਆ ਹੈ ਕਿ ਜਦ ਉਹੀ ਚੰਦ, ਤਾਰੇ, ਸੂਰਜ (ਦਿਨੀਅਰ) ਧਰਤੀ ਅਤੇ ਉਹੀ ਹਵਾ (ਆਦ ਕਾਲ ਤੋਂ ਝੁੱਲਦੀ ਆ ਰਹੀ ਹੈ ਤਾਂ ਫਿਰ ਸਮੇਂ ਨੂੰ ਅੱਡਰੇ ਨਾਮ ਕਿਵੇਂ ਦਿੱਤੇ ਜਾ ਸਕਦੇ ਹਨ ? ਖੁਦ-ਗ਼ਰਜ਼ੀ ਅਤੇ ਦੂਜਿਆਂ ਤੇ ਧੱਕਾ ਕਰਨਾ ਹੀ, ਹੇ ਪੰਡਿਤ ਜੀ ! ਜ਼ੁਲਮ ਹੈ ਅਤੇ ਇਹੀ ਕਲਜੁਗ ਹੈ । ਹੋਰ ਅੱਜ ਤਾਂਈਂ, ਕਲਜੁਗ ਨੂੰ ਨਾਂ ਕਿਸੇ ਦੇਸ਼ ਵਿੱਚ ਆਇਆ ਸੁਣਿਆਂ ਹੈ ਅਤੇ ਨਾਂ ਹੀ ਉਹ ਕਿਸੇ ਤੀਰਥ ਤੇ ਵੱਸਦਾ ਹੈ, ਅਤੇ ਨਾਂ ਕਲਜੁਗ ਉਸ, ਥਾਂ ਜਿਥੇ ਦਾਨੀ ਲੋਕ ਦਾਨ ਕਰਦੇ ਹਨ, ਕੋਈ ਮਹਲ ਹੀ ਉਸਾਰ ਕੇ ਬੈਠਾ ਹੋਇਆ ਹੈ ।

(ਅ) **ਬੇਅੰਤਤਾਈ:**- ਸ੍ਰਿਸ਼ਟੀ ਦੀ ਸਿਰਜਣਾ ਦੇ ਬਾਰੇ ਲੱਖਾਂ ਕਰੋੜਾਂ ਤੋਂ ਵੀ ਟੱਪ ਕੇ ਅਰਬਾਂ ਖਰਬਾਂ ਸਾਲਾਂ ਦੇ ਹਿਸਾਬ ਕਿਤਾਬ ਦੀ ਗੱਲ ਕਰਨ ਵਾਲੇ ਨੂੰ ਗੁਰਦੇਵ ਜੀ ਨੇ ਬੋਲ ਵਿਗਾੜ ', ਭਾਵ, ਗੱਪੀ ਅਤੇ ਮੂਰਖਾਂ ਸਿਰ ਮੂਰਖ ਕਿਹਾ ਹੈ:- **ਜੇ ਕੋ ਆਖੈ ਬੋਲ ਵਿਗਾੜੁ ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰ**- ਜਪੁਜੀ । ਕੁਦਰਤ ਦੇ ਆਦਿ-ਅੰਤ ਅਥਵਾ ਸਿਰਜਨਾਂ ਬਾਰੇ ਕਿਸੇ ਲੇਖੇ ਜੋਖੇ ਦੇ ਯਤਨ ਕਰਨ ਨੂੰ ਵੀ ਵਿਅਰਥ ਦੀਆਂ ਟੱਕਰਾਂ ਮਾਰਨਾਂ ਹੀ ਕਿਹਾ ਹੈ । ਕੁਦਰਤ ਦਾ ਲੇਖਾ ਕਰਨ ਲਈ ਕੋਈ ਵੀ ਗਣਤ ਪੂਰੀ ਨਹੀਂ ਉਤਰਦੀ- **ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ।**

(ੲ) **ਸੈਭੰ :- ਮਨੁ** ਨਾਮ ਦੀ ਕਿਸੇ ਹਸਤੀ ਦੇ ਹੋਣ ਦੇ ਬਾਰੇ ਸ਼ੱਕ ਤਾਂ ਉਸੇ ਵੇਲੇ ਹੀ ਹੋ ਜਾਂਦਾ ਹੈ ਜਦ ਉਸ ਦੀ ਉਮਰ ੩੧ ਕ੍ਰੋੜ ਵਰ੍ਹਿਆਂ ਤੋਂ ਵੱਧ ਦੀ ਲਿਖੀ ਹੋਈ ਪੜ੍ਹੀਏ । ਫਿਰ ਇਸ ਮਨੁ ਦੇ **ਸਯੰ** ਅਥਵਾ **ਸੈਭੰ** ਹੋਣ ਵਾਲੀ ਗੱਲ ਤੇ ਭਰੋਸਾ ਕਰਨਾ, ਗੁਰਮਤ ਤੋਂ ਮੂੰਹ ਫੇਰਨਾਂ ਹੋਵੇਗਾ । ਗੁਰਬਾਣੀ ਨੇ ਸੈਭੰ ਅਰਥਾਤ ਆਪਣੇ ਆਪ ਤੋਂ ਆਪ ਹੀ ਪ੍ਰਗਟ ਹੋ ਕੇ ਸੰਸਾਰ ਦਾ ਰਚਣ ਹਾਰ ਕੇਵਲ ਅਤੇ ਕੇਵਲ ਅਕਾਲ ਪੁਰਖ ਨੂੰ ਹੀ ਮੰਨਿਆਂ ਹੈ । ਮੂਲ ਮੰਤ੍ਰ ਵਿੱਚ ਹੀ ਪਰਮਾਤਮਾ ਨੂੰ ਸੈਭੰ ਫਰਮਾ ਦਿੱਤਾ ਹੋਇਆ ਹੈ ਅਤੇ ਫਿਰ ਹੋਰ ਵੀ ਕਈ ਗੁਰਬਾਣੀ ਸ਼ਬਦਾਂ ਦੁਆਰਾ ਇਸ ਤੱਥ ਨੂੰ ਬਾਰ ਬਾਰ ਦ੍ਰਿੜ ਕਰਾਇਆ ਹੈ :-

੪- **ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨਾ ਕੋਈ ॥ ਮਤਾ ਮਸੂਰਤਿ ਆਪਿ ਕਰੇ , ਜੋ ਕਰੇ ਸੁ ਹੋਈ ॥**
**ਤਦਹੁ ਆਕਾਸੁ ਨ ਪਾਤਾਲੁ ਹੈ, ਨਾ ਤ੍ਰੈ ਲੋਈ ॥ ਤਦਹੁ ਆਪੇ ਆਪਿ ਨਿਰੰਕਾਰੁ ਹੈ ਨ ਓਪਤਿ ਹੋਈ ॥**
**ਜਿਉ ਤਿਸੁ ਭਾਵੈ ਤਿਵੈ ਕਰੈ ਤਿਸੁ ਬਿਨੁ ਅਵਰੁ ਨ ਕੋਈ ॥ ੧ ॥**[੫੦੯]--੧

ਅਰਥ:- ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ ਜਦੋਂ ਪ੍ਰਭੂ ਨੇ ਆਪਣਾ ਆਪ ਹੀ ਪੈਦਾ ਕੀਤਾ ਹੋਇਆ ਸੀ ਤਦੋਂ ਕੋਈ ਹੋਰ ਦੂਜਾ ਹੈ ਹੀ ਕੋਈ ਨਹੀਂ ਸੀ । ਸਲਾਹ ਮਸ਼ਵਰਾ ਵੀ ਉਸਦਾ ਆਪਣੇ ਆਪ ਨਾਲ ਹੀ ਸੀ । ਜੋ ਉਹ ਕਰਦਾ ਸੀ ਸੋ ਹੁੰਦਾ ਸੀ । ਉਸ ਵੇਲੇ ਆਕਾਸ਼, ਪਾਤਾਲ,ਅਥਵਾ ਕਥਿਤ ਤ੍ਰੈਵੇ ਲੋਕ ਆਦਿ ਕੁੱਝ ਵੀ ਨਹੀਂ ਸੀ । ਕੋਈ ਉਤਪਤੀ ਅਜੇ ਹੋਈ ਹੀ ਨਹੀ ਸੀ । ਅਕਾਰ ਰਹਿਤ ਪਰਮਾਤਮਾ ਆਪ ਹੀ ਆਪ ਸੀ ।

ਸੈਭੰ ਵਾਲੇ ਸਿਧਾਂਤ ਨੂੰ ਹੋਰ ਵੀ ਕਈ ਸ਼ਬਦਾਂ ਦੁਆਰਾ ਦ੍ਰਿੜ ਕਰਾਇਆ ਹੈ :-

੫= **ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥**
**ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥ ਤੂੰ ਜਾਣੋਈ ਸਭਸੈ, ਦੇ ਲੈਸਹਿ ਜਿੰਦੁ ਕਵਾਉ ॥**
**ਕਰਿ ਆਸਣੁ ਡਿਠੋ ਚਾਉ ॥ ੧ ॥**[੪੬੩]--੧

**ਅਰਥ:**- ਅਕਾਲ ਪੁਰਖ ਨੇ ਆਪਹੀ ਆਪਣੇ ਆਪ ਨੂੰ ਸਾਜਿਆ, ਅਤੇ ਆਪ ਹੀ ਆਪਣਾ ਨਾਮਣਾ ਬਣਾਇਆ ॥ ਦੂਜੀ ਫਿਰ ਉਸ ਨੇ ਕੁਦਰਤ ਰਚੀ ਅਤੇ ਉਸ ਵਿੱਚ ਆਸਣ ਜਮਾ ਕੇ, ਜਗਤ ਦਾ ਆਪ ਤਮਾਸ਼ਾ ਦੇਖਣ ਲੱਗ ਪਿਆ । ਹੇ ਪ੍ਰਭੂ ! ਤੂੰ ਆਪ ਹੀ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈਂ ਅਤੇ ਆਪ ਹੀ ਇਨ੍ਹਾਂ ਨੂੰ ਸਾਜਣ ਵਾਲਾ ਹੈਂ । ਤੂੰ ਆਪ ਹੀ ਜੀਵਾਂ ਤੇ ਤੁੱਠ ਕੇ ਇਨ੍ਹਾਂ ਨੂੰ ਬਖ਼ਸ਼ਸ਼ਾਂ ਕਰਦਾ ਹੈਂ । ਤੂੰ ਕੁਦਰਤ ਵਿੱਚ ਆਸਣ ਜਮਾ ਕੇ ਤਮਾਸ਼ਾ ਵੇਖ ਰਿਹਾ ਹੈਂ ।

੬= **ਤੁਧੁ ਆਪੇ ਆਪੁ ਉਪਾਇਆ ॥ ਦੂਜਾ ਖੇਲੁ ਕਰਿ ਦਿਖਲਾਇਆ ॥**
**ਸਭੁ ਸਚੋ ਸਚੁ ਵਰਤਦਾ , ਜਿਸੁ ਭਾਵੈ ਤਿਸੈ ਬੁਝਾਇ ਜੀਉ ॥ ੨੦ ॥** [੭੩]--੧

**ਪਦ ਅਰਥ** :- ਆਪੁ--ਆਪਣੇ ਆਪ ਨੂੰ । ਦੂਜਾ ਖੇਲ ਕਰਿ--ਆਪਣੇ ਤੋਂ ਵੱਖਰਾ (ਸੰਸਾਰ ਰਚਨਾਂ ਰੂਪੀ) ਤਮਾਸ਼ਾ ਕਰਕੇ । ਸਭ ਸਚੋ ਸਚ--ਹਰ ਥਾਂ ਸਦਾ ਟੱਲ ਰਹਿਣ ਵਾਲਾ ਵਾਹਿਗੁਰੂ ਹੀ । ਜਿਸ ਭਾਵੈ ਤਿਸੈ ਬੁਝਾਇ--ਜਿਸ ਜੀਵ ਤੇ ਉਸ ਦੀ ਕ੍ਰਿਪਾ ਹੁੰਦੀ ਹੈ, ਉਸ ਨੂੰ ਹੀ ਇਸ ਭੇਤ ਦੀ ਸਮਝ ਆਉਂਦੀ ਹੈ ।

੭= **ਦੁਖ ਭੰਜਨ ਨਿਧਾਨ ਅਮੋਲੇ ॥ ਨਿਰਭਉ ਨਿਰਵੈਰ , ਅਥਾਹ ਅਤੋਲੇ ॥**
**ਅਕਾਲ ਮੂਰਤਿ ਅਜੂਨੀ ਸੰਭੌ ਮਨਿ ਸਿਮਰਤ ਠੰਡਾ ਥੀਵਾਂ ਜੀਉ ॥ ੨ ॥**[੯੯]--੯-੧੬

**ਪਦ ਅਰਥ** :- ਦੁਖ ਭੰਜਨ--ਹੇ ਦੁਖਾਂ ਦੇ ਨਾਸ ਕਰਨ ਵਾਲੇ । ਨਿਧਾਨ--ਹੇ ਖ਼ਜ਼ਾਨੇ । ਅਕਾਲ--ਜਿਸ ਤੇ ਸਮੇਂ ਦਾ ਅਸਰ ਨਾ ਹੋਵੇ, ਸਦਾ ਨਵਾਂ । ਮੂਰਤਿ--ਮੂਰਤੀਮਾਨ, ਹਸਤੀ ਅਤੇ ਹੋਂਦ ਵਾਲਾ ,ਪਰਤੱਖ । ਅਜੂਨੀ--ਜੋ ਕਦੇ ਗਰਭ ਵਿੱਚ ਨਹੀਂ ਆਉਂਦਾ । ਸੰਭੌ--ਆਪਣੇ ਆਪ ਤੋਂ ਆਪ ਹੀ ਪ੍ਰਗਟ ਹੋਣ ਵਾਲਾ । ਮਨਿ--ਮਨਿ ਅੰਦਰ, ਮਨ ਕਰਕੇ । ਠੰਡਾ--ਸ਼ਾਂਤ (ਵਿਕਾਰਾਂ ਅਤੇ ਆਸਾ ਤ੍ਰਿਸ਼ਨਾਂ ਤੋਂ ਛੁਟਕਾਰੇ ਵਾਲੀ ਆਤਮਕ ਠੰਡ) ।

੮= **ਏਕਮ ਏਕੈ ਆਪੁ ਉਪਾਇਆ ॥ ਦੁਬਿਧਾ ਦੂਜਾ ਤ੍ਰਿਬਿਧਿ ਮਾਇਆ ॥**
**ਚਉਥੀ ਪਉੜੀ ਗੁਰਮੁਖਿ ਊਚੀ ਸਚੋ ਸਚੁ ਕਮਾਵਣਿਆ ॥ ੪ ॥**[੧੧੩]-੬-੭

**ਪਦ ਅਰਥ** :- ਏਕਮ--ਪਹਿਲ ਪਹਿਲਾਂ । ਏਕੋ--ਇੱਕ ਨੇ ਹੀ, ਇੱਕ ਨਿਰਗੁਣ-ਸਰੂਪ ਨੇ ਹੀ । ਉਪਾਇਆ--ਆਪਣੇ ਆਪ ਨੂੰ ਪ੍ਰਗਟ ਕੀਤੀ ॥ ਦੁਬਿਧਾ--ਦੋ ਕਿਸਮਾਂ, ਨਿਰਗੁਣ ਤੇ ਸਰਗੁਣ ਸਰੂਪ ਵਾਲਾ । ਦੂਜਾ--ਦੂਜਾ (ਕੰਮ ਉਸ ਨੇ ਇਹ ਕੀਤਾ । ਤ੍ਰਿਬਿਧਿ--ਤਨਾ ਗੁਣਾਂ ਵਾਲੀ (ਰਜੋ, ਤਮੋ ਤੇ ਸਤੋ) । ਚਉਥੀ--ਤਿਨਾਂ ਗੁਣਾ ਤੋਂ ਉਤਲੀ, ਜਿਸ ਤੇ ਮਾਇਆ ਦਾ ਪ੍ਰਭਾਵ ਨਾ ਪੈ ਸਕਦਾ ਹੋਵੇ । ਪਉੜੀ--ਦਰਜਾ, ਟਿਕਾਣਾ । ਸਚੋ ਸਚੁ ਕਮਾਵਣਿਆਂ--ਸਦਾ ਥਿਰ, ਸੱਚੇ ਪ੍ਰਭੂ ਨੂੰ ਸਿਮਰਨ ਦੀ ਕਮਾਈ ਕਰਦਾ ਹੈ ।

ਗੁਰਬਾਣੀ ਵਿਚਾਰ ਤੋਂ ਸਿੱਧ ਹੋਇਆ ਹੈ ਕਿ ਮਨੁ, ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਆਦਿ ਸੱਭ ਕਲਪਣਾ ਦੀ ਉਪਜ ਹਨ । ਉਪ੍ਰੋਕਤ ਗੁਰੂ-ਫੁਰਮਾਨਾਂ ਦੇ ਹੁੰਦਿਆਂ **ਮਨੁ** ਜਿਹੀ ਕਲਪਤ ਹਸਤੀ ਨੂੰ ਮਨੁਸਿਮ੍ਰਿਤੀ ਗ੍ਰੰਥ ਦੇ ਸੂਤ੍ਰ ਜਿਸ ਨੂੰ ਮਾਨਵ-ਧਰਮ-ਸ਼ਾਸਤ੍ਰ (ਭਾਵ, ਸਾਰੀ ਮਨੁਖਤਾ ਨੂੰ ਧਰਮ ਦੇ ਨਿਯਮ ਦੱਸਣ ਵਾਲਾ ਸ਼ਾਸਤ੍ਰ) ਦਾ ਲਿਖਾਰੀ ਨਹੀਂ ਮੰਨਿਆ ਜਾ ਸਕਦਾ । ਇਸ ਸੱਭ ਕੁਝ ਦੇ ਵਿਚਾਰਨ ਤੋਂ ਇਹ ਸ਼ੰਕਾ ਹੋਰ ਪੱਕਾ ਹੋ ਜਾਂਦਾ ਹੈ ਕਿ ਇਹ ਗ੍ਰੰਥ ਕਿਸੇ ਬੜੇ ਚਲਾਕ ਅਤੇ ਕੁਟਲ ਬੁਧੀ ਬ੍ਰਾਹਮਣ ਨੇ ਆਪ ਲਿਖ ਕੇ ਅਜਿਹੀ ਕਲਪਤ ਸ਼ਕਤੀ ਦੇ ਮੂੰਹ ਵਿੱਚ ਪਾ ਦਿੱਤਾ ਹੈ।

ਗੁਰਬਾਣੀ ਵਿੱਚ ਹੋਰ ਵੀ ਬੇਅੰਤ ਸ਼ਬਦ ਹਨ ਜਿਨਾਂ ਦੁਆਰਾ ਗੁਰਦੇਵ ਜੀ ਨੇ ਬਾਰ ਬਾਰ ਸਾਨੂੰ ਇਹ ਸਮਝਾਇਆ ਹੈ ਕਿ ਪਰਮਾਤਮਾ ਤੋ ਬਿਨਾਂ ਹੋਰ ਅਜੇਹੀ ਸ਼ਕਤੀ ਕੋਈ ਨਹੀਂ ਹੈ ਜੋ ਸ੍ਰਿਸ਼ਟੀ ਰਚਨਾ ਦੇ ਕੰਮ ਵਿੱਚ ਉਸ ਦੀ ਭਾਈਵਾਲ ਹੋਵੇ । ਅਤੇ ਪ੍ਰਭੂ ਤੋਂ ਬਿਨਾਂ ਦੂਜੀ ਕੋਈ ਵੀ ਹਸਤੀ ਜਾਂ ਸ਼ਕਤੀ ਅਜਿਹੀ ਨਹੀਂ ਹੈ ਜੋ ਆਪਣੇ ਆਪੇ ਤੋਂਹੀ ਪੈਦਾ ਹੋਈ ਹੋਵੇ ਜਾਂ ਪੈਦਾ ਹੋ ਸਕਦੀ ਹੋਵੇ ।

੯= **ਮਤੁ ਜਾਣ ਸਹਿ ਗਲੀ ਪਾਇਆ ॥**
**ਮਾਲ ਕੈ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮੁ ਗਵਾਇਆ ॥੧॥ ਰਹਾਉ ॥** [੨੪]-੨੭

## ੪
# ਭ੍ਰਿਗੂ

ਪੁਰਾਣਾ ਦਾ ਕਥਨ ਹੈ ਕਿ ਮਾਨਵ-ਧਰਮ-ਸ਼ਾਸਤ੍ਰ ਤੋਂ ਹੀ **ਭ੍ਰਿਗੂ** ਮਹਾਰਾਜ ਨੇ **ਮਨੂੰਮਿਮ੍ਰਿਤੀ** ਗ੍ਰੰਥ ਲਿਖਿਆ ਸੀ । **ਭ੍ਰਿਗੂ** ਦੀ ਹੋਰ ਚਰਚਾ ਵੀ ਬੜੀ ਸੁਣੀ ਹੇ ਕਿ ਇਸ ਦਾ ਲਿਖਿਆ ਜੋਤਸ਼ ਦਾ ਪ੍ਰਸਿੱਧ ਗ੍ਰੰਥ ਹੁਸ਼ਿਆਰ ਪੁਰ ਵਿੱਚ ਅਤੇ ਹੋਰ ਵੱਖ ਵੱਖ ਥਾਵਾਂ ਤੇ ਪਿਆ ਹੈ ਜਿਥੇ ਬੇਅੰਤ ਲੋਕ ਜਾ ਕੇ ਆਪਣੀ ਜਿੰਦਗੀ ਦੇ ਹਾਲ ਪੁੱਛਦੇ ਹਨ । ਇਸ ਕਥਿਤ ਭ੍ਰਿਗੂ ਦੇ ਜਨਮ ਅਤੇ ਜੀਵਨ-ਲੀਲ੍ਹਾ ਬਾਰੇ ਬੜੀ ਅਸ਼ਲੀਲ ਅਤੇ ਨਾਂ ਮੰਨਣ ਜੋਗ ਕਹਾਣੀ ਹਿੰਦੂ ਗ੍ਰੰਥਾਂ ਦੇ ਹਵਾਲੇ ਦੇ ਕੇ ਮਹਾਨ ਕੋਸ਼ ਦੇ ੯੨੯ ਸਫ਼ੇ ਤੇ ਇਨ੍ਹਾਂ ਸ਼ਬਦਾਂ ਵਿੱਚ ਲਿਖੀ ਹੋਈ ਹੈ :-

> ਮਹਾਂ ਭਾਰਤ ਵਿੱਚ ਲਿਖਿਆ ਹੈ ਕਿ ਇੱਕ ਵਾਰ ਬ੍ਰਹਮਾਂ ਰੁਦ੍ਰ ਦਾ ਯਗਯ ਕਰਾ ਰਿਹਾ ਸੀ, ਉਥੇ ਇਕੱਠਿਆਂ ਹੋਇਆਂ ਦੇਵਤਿਆਂ ਦੀਆਂ ਇਸਤ੍ਰੀਆਂ ਅਤੇ ਕੰਨਿਯਾਂ ਨੂੰ ਦੇਖ ਕੇ ਬ੍ਰਹ੍ਮਾਂ ਦਾ ਵੀਰਯ ਪਾਤ ਹੋ ਗਿਆ, ਜਿਸ ਨੂੰ ਸੂਰਜ ਨੇ ਇਕੱਠਾ ਕਰਕੇ ਅਗਨਿ ਵਿੱਚ ਹਵਨ ਕੀਤਾ, ਉਸ ਤੋਂ ਤਿੰਨ ਬਾਲਕ ਪੈਦਾ ਹੋਇ । ਸੁੰਦਰ ਬਾਲਕਾਂ ਨੂੰ ਵੇਖ ਕੇ ਸ਼ਿਵ, ਅਗਨਿ ਅਤੇ ਬ੍ਰਹਮਾਂ ਦਾ ਜੀ ਲਲਚਾਇਆ ਅਰ ਹਰੇਕ ਨੇ ਆਪਣੇ ਬਣਾਉਣੇ ਚਾਹੇ । ਹੋਰ ਦੇਵਤਿਆਂ ਨੇ ਵਿੱਚ ਪੈ ਕੇ ਕੇ ਝਗੜਾ ਨਿਬੇੜਿਆ ਅਤੇ ਤੇਹਾਂ ਨੂੰ ਇੱਕ ਇੱਕ ਵੰਡ ਦਿੱਤਾ । ਸ਼ਿਵ ਦੇ ਹਿੱਸੇ **ਭ੍ਰਿਗੂ,** ਅਗਨਿ ਨੂੰ **ਅੰਗਰਾ** ਅਤੇ ਬ੍ਰਹਮਾ ਨੂੰ **ਕਵਿ** (ਸ਼ੁਕ੍ਰ) ਮਿਲਿਆ । **ਭ੍ਰਿਗੂ** ਦਾ ਜ਼ਿਕਰ **ਰਿਗਵੇਦ** ਵਿੱਚ ਕਈ ਥਾਂ ਆਇਆ ਹੈ । ਮਨੁ ਸਿਮ੍ਰਿਤਿ ਦਾ ਕਰਤਾ ਇਹ ਵਿਦਵਾਨ ਹੈ । **ਭਾਰਗਵ ਵੰਸ਼, ਜਿਸ ਵਿੱਚ ਪਰਸ਼ਰਾਮ ਪ੍ਰਤਾਪੀ ਹੋਇਆ ਹੈ ਉਹ ਏਸੇ ਭ੍ਰਿਗੂ ਤੋਂ ਚਲਿਆ ਹੈ** । ਦੱਕਸ਼ ਪ੍ਰਜਾਪਤਿ ਯਗਯ (ਜਿਸ ਵਿੱਚ **ਸ਼ਿਵ** ਦਾ ਹਿੱਸਾ ਨਹੀਂ ਕਢਿਆ ਗਿਆ ਸੀ ) ਭ੍ਰਿਗੂ ਨੇ ਹੀ ਕਰਾਇਆ ਸੀ । ਜਦ ਸ਼ਿਵ ਨੇ ਆ ਕੇ ਆਪਣੇ ਗਣਾ ਤੋਂ ਯਗਯ ਭ੍ਰਸ਼ਟ ਕਰਇਆ ਤਦ **ਭ੍ਰਿਗੂ ਦੀ ਭੀ ਦਾਹੜੀ ਪੁੱਟੀ ਗਈ ਸੀ** । **ਪਦਮ ਪੁਰਾਣ** ਵਿਚ ਕਥਾ ਹੈ ਕਿ ਇੱਕ ਵਾਰ ਸਾਰੇ ਰਿਖੀਆਂ ਨੇ ਸਭਾ ਕਰਕੇ ਨਿਰਣਾ ਕਰਨਾ ਚਾਹਿਆ ਕਿ ਤੇਹਾਂ ਦੇਵਤਿਆਂ ਵਿਚੋਂ ਕਿਹੜਾ ਪੂਜਯ ਹੈ । ਭ੍ਰਿਗੂ ਨੇ ਆਖਿਆ ਕਿ ਕਿ ਮੈਂ ਪਰੀਖਿਆ ਕਰਕੇ ਇਸ ਦਾ ਫ਼ੈਸਲਾ ਕਰਾਂ ਗਾ । ਸਭ ਤੋਂ ਪਹਿਲਾਂ ਸ਼ਿਵ ਪਾਸ ਪਹੰਚਿਆ, ਅਗੇ ਉਹ ਪਾਰਵਤੀ ਨਾਲ ਭੋਗ ਵਿਲਾਸ ਕਰ ਰਿਹਾ ਸੀ ਇਸ ਪੁਰ ਰਿਖੀ ਨੇ **ਸ੍ਰਾਪ ਦਿੱਤਾ ਕਿ ਸ਼ਿਵ ਲਿੰਗ ਰੂਪ ਬਣ ਜਾਏ** । ਫਿਰ ਬ੍ਰਹਮਾਂ ਪਾਸ ਗਿਆ ਉਥੇ ਵੀ ਭ੍ਰਿਗੂ ਦਾ ਮਾਨ ਨਹੀਂ ਹੋਇਆ, ਇਸ ਲਈ ਬ੍ਰਮਾਂ ਨੂੰ ਪੂਜਯ ਪਦਵੀ ਤੋਂ ਖ਼ਾਰਜ ਕੀਤਾ । ਅੰਤ ਜਦ ਵਿਸ਼ਨੂੰ ਪਾਸ ਗਿਆ ਤਾਂ ਉਹ ਸੁੱਤਾ ਪਿਆ ਸੀ । ਭ੍ਰਿਗੂ ਨੇ ਛਾਤੀ ਵਿੱਚ ਲੱਤ ਮਾਰ ਕੇ ਜਗਾਇਆ । ਵਿਸ਼ਨੂੰ ਨੇ ਕ੍ਰੋਧ ਕਰਨ ਦੀ ਥਾਂ ਭਿਗੂ ਦਾ ਪੈਰ ਪ੍ਰੇਮ-ਭਾਵ ਨਾਲ ਮਲਿਆ ਅਰੁ ਆਖਿਆ ਕਿ ਆਪ ਦੇ ਚਰਨ ਨੂੰ ਮੇਰੇ ਕਠੋਰ ਸਰੀਰ ਨਾਲ ਸੱਟ ਵੱਜੀ ਹੋਣੀ ਹੈ । ਭ੍ਰਿਗੂ ਨੇ ਮੁੜ ਕੇ ਰਿਖੀ ਸਭਾ ਵਿੱਚ ਫੈਸਲਾ ਸੁਣਾਇਆ ਕਿ ਵਿਸ਼ਨੂ ਪੂਜਯ ਦੇਵ ਹੈ । (ਦਸਮ ਗ੍ਰੰਥ ਦੇ ਕ੍ਰਿਸ਼ਨਾਵਤਾਰ ਕਾਵਯ ਵਿਚ ਇਸ ਪੂਜਾ ਦਾ ਜ਼ਿਕਰ ਇਉਂ ਲਿਖਿਆ ਹੈ --**ਜਾਪ ਕਿਯੋ ਸਭ ਹੀ ਹਰਿ ਕੋ ਜਬ, ਯੋ ਭ੍ਰਿਗੁ ਆਯਕੈ ਬਾਤ ਸੁਨਾਈ ।** )

## ੫
# ਮਾਤਾ ਅਤੇ ਪਿਤਾ ਦੋਹਾਂ ਦਾ ਹੋਣਾਂ ਜ਼ਰੂਰੀ ?

ਭ੍ਰਿਗੂ ਅਥਵਾ ਹੋਰ ਮਿਥਿਹਾਸਕ ਹਸਤੀਆਂ ਜੋ ਮਾਤਾ ਅਤੇ ਪਿਤਾ ਦੇ ਸੰਜੋਗ ਤੋਂ ਬਿਨਾ ਕਿਸੇ ਕਰਾਮਾਤੀ ਢੰਗ ਨਾਲ ਜਨਮੀਆਂ ਦੱਸੀਆਂ ਗਈਆਂ ਹਨ, ਉਹ ਗੁਰਮਤਿ ਦੇ ਸਿਧਾਂਤ ਤੇ ਪੂਰੀਆਂ ਨਹੀਂ ਉਤਰਦੀਆਂ । ਗੁਰਬਾਣੀ ਅਨੁਸਾਰ ਬੱਚੇ ਦੇ ਜਨਮ ਲਈ ਮਾਤਾ ਅਤੇ ਪਿਤਾ ਦੋਹਾਂ ਦਾ ਹੋਣਾ ਜ਼ਰੂਰੀ ਹੈ :-

੧੦= **ਜੈਸੇ ਮਾਤ ਪਿਤਾ ਬਿਨੁ ਬਾਲੁ ਨਾ ਹੋਈ ॥ ....੩ ॥** [੮੭੨]-੬-੯]

੧੧= **ਮਾਤ ਪਿਤਾ ਸੰਜੋਗਿ ਉਪਾਏ ਰਕਤੁ ਬਿੰਦੁ ਮਿਲਿ ਪਿੰਡੁ ਕਰੇ ॥ ... ੧ ॥** [੧੦੧੩]-੮

**ਅਰਥਾਤ**:- ਮਾਂ ਤੇ ਪਿਉ ਦੇ ਸਰੀਰਕ ਸੰਜੋਗ (ਮਿਲਾਪ) ਦੀ ਰਾਹੀਂ ਹੀ ਪਰਮਾਤਮਾ ਜੀਵ ਪੈਦਾ ਕਰਦਾ ਹੈ , ਮਾਂ ਦਾ ਲਹੂ (ਰਕਤ) ਤੇ ਪਿਉ ਦਾ ਵੀਰਜ (ਬਿੰਦ) ਮਿਲਣ ਤੇ ਪਰਮਾਤਮਾ ਜੀਵ ਦਾ ਸਰੀਰ ਬਣਾਉਂਦਾ ਹੈ ।

੧੨= **ਮਾ ਕੀ ਰਕਤੁ ਪਿਤਾ ਬਿਦੁ ਧਾਰਾ ॥ ਮੂਰਤਿ ਸੂਰਤਿ ਕਰਿ ਆਪਾਰਾ ॥**
**ਜੋਤਿ ਦਾਤਿ ਜੇਤੀ ਸਭ ਤੇਰੀ, ਤੂ ਕਰਤਾ ਸਭ ਠਾਈ ਹੇ ॥ ੪ ॥** [੧੦੨੨]-ਸੋਲਹੇ-੩

**ਅਰਥ** :- ਮਾਂ ਦਾ ਲਹੂ ਤੇ ਪਿਉ ਦੇ ਵੀਰਜ ਦੀ ਬੂੰਦ ਨੂੰ ਰਲਾ ਕੇ ਮਨੁੱਖ ਦਾ ਬੁੱਤ ਬਣਾ ਦਿੱਤਾ , ਸੋਹਣੀ ਸ਼ਕਲ ਬਣਾ ਦਿੱਤੀ ਹਰੇਕ ਜੀਵ ਦੇ ਅੰਦਰ ਤੇਰੀ ਜੋਤ ਹੈ , ਜਿਹੜੀ ਵੀ ਪਦਾਰਥਾਂ ਦੀ ਬਖ਼ਸ਼ਸ਼ ਹੈ ਸੱਭ ਤੇਰੀ ਹੀ ਹੈ । ਤੂੰ ਸਿਰਜਣਹਾਰ ਹਰ ਥਾਂ ਮਜੂਦ ਹੈਂ । ਇੱਕ ਅਕਾਲ ਪੁਰਖ ਹੀ ਹੈ , ਜਿਸ ਦਾ ਨ ਕੋਈ ਮਾਤਾ ਪਿਤਾ ਹੈ ਅਤੇ ਨਾ ਹੀ ਕਦੇ ਉਹ ਗਰਭ ਵਿੱਚ ਆਉਂਦਾ ਹੈ ।

੧੩- **ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ ॥**
**ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ ॥ ੧ ॥**[੧੫੬]-੫-੧੭

ਅਰਥ:- ਕਦੋਂ ਦੀ ਸਾਡੀ ਕੋਈ ਮਾਂ ਹੈ ਕਦੋਂ ਦਾ ਸਾਡਾ ਕੋਈ ਪਿਉ ਹੈ, ਕਿਸ ਕਿਸ ਥਾਂ ਤੋਂ ਅਸੀਂ ਆਏ ਹਾਂ ? ਅਸੀਂ ਕਿਸ ਮਨੋਰਥ ਵਾਸਤੇ ਪਿਤਾ ਦੇ ਬੀਰਜ ਨਾਲ ਮਾਂ ਦੇ ਪੇਟ ਦੀ ਅੱਗ ਵਿਚ ਨਿੰਮੇ, ਤੇ ਕਾਹਦੇ ਵਾਸਤੇ ਪੈਦਾ ਕੀਤੇ ਗਏ । ੧ ।

੧੪- **ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥**
**ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥.....੨ ॥**[੪੭੩]-੧੯

**ਅਰਥਾਤ** :- ਇਸਤ੍ਰੀ (ਭੰਡ) ਤੋਂ ਹੀ ਇਸਤ੍ਰੀ ਪੈਦਾ ਹੁੰਦੀ ਹੈ । ਜਗਤ ਵਿੱਚ ਕੋਈ ਮਨੁੱਖ ਵੀ ਇਸਤ੍ਰੀ ਤੋਂ ਬਿਨਾਂ ਪ੍ਰੈਦਾ ਨਹੀਂ ਹੋ ਸਕਦਾ । ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ, ਕਿ, ਕੇਵਲ ਇੱਕ ਸਚਾ ਪ੍ਰਭੂ ਹੀ ਹੈ, ਜੋ ਇਸਤ੍ਰੀ ਤੋਂ ਕਦੇ ਨਹੀਂ ਜੰਮਿਆ ।

ਗੁਰੂ ਨਾਨਕ ਦੇਵ ਜੀ ਦਾ ਸਿੱਖ ਅਜੇਹੀ ਕਿਸੇ ਵੀ ਹਸਤੀ ਦੀ ਹੋਂਦ ਨੂੰ ਮਾਨਤਾ ਨਹੀਂ ਦੇ ਸਕਦਾ ਜਿਹੜੀ ਕੁਦਰਤ ਦੇ ਅਟੱਲ ਨਿਯਮ ਤੋਂ ਬਿਨਾ ਕਸੇ ਹੋਰ ਚਮਤਕਾਰੀ ਵਿਧੀ ਨਾਲ ਉਪਜੀ ਦਰਸਾਈ ਗਈ ਹੋਵੇ । ਹਿੰਦੂ ਧਰਮ ਦੀਆਂ ਕੁਝ ਪ੍ਰਸਿਧ ਕਥਿਤ ਹਸਤੀਆਂ ਦੇ ਜਨਮ ਬਾਰੇ ਸੰਖੇਪ ਜਾਣਕਾਰੀ ਇਸ ਪ੍ਰਕਾਰ ਹੈ :-

**ਸੀਤਾ** = ਸੀਤਾ ਬਾਰੇ ਲਿਖਿਆ ਹੈ ਕਿ ਉਹ ਰਾਜੇ ਜਨਕ ਨੂੰ ਹੱਲ ਦੇ ਸਿਆੜ ਵਿਚੋਂ ਲੱਭੀ ਸੀ ਅਤੇ ਦੂਜੀ ਗਾਥਾ ਹੈ ਕਿ ਉਹ ਰਿਸ਼ੀਆਂ ਦੇ ਲਹੂ ਦੀ ਬਣੀ ਸੀ । **ਦ੍ਰੋਪਦੀ** = ਦ੍ਰੋਪਦੀ ਹਵਨ ਕੁੰਡ ਦੀ ਅੱਗਨੀਂ ਵਿੱਚੋਂ ਆਪਣੇ ਭਰਾ ਦੇ ਸਮੇਤ ਪੈਦਾ ਹੋਈ **ਪਾਂਡੋ**= ਪਾਂਡੋ ਪੰਜੇ ਭਰਾ ਪਿਤਾ ਤੋਂ ਬਿਨਾਂ ਰਿਸ਼ੀ ਦੇ ਮੰਤ੍ਰ ਦੀ ਸ਼ਕਤੀ ਨਾਲ ਜਨਮੇਂ ਅਤੇ ਕੁੰਤੀ ਦਾ ਪਲੇਠੀ ਦਾ ਪੁੱਤ੍ਰ, ਕਰਣ ਵੀ ਓਸੇ ਵਸ਼ੀ-ਕਰਨ ਮੰਤ੍ਰ ਦੀ ਸ਼ਕਤੀ ਨਾਲ ਜਨਮਿਆ ਦਰਸਾਇਆ ਗਿਆ ਹੋਇਆ ਹੈ । **ਕੌਰੋ**= ਕੌਰੋਆਂ ਦੇ ਜਨਮ ਬਾਰੇ ਮਹਾਂਭਾਰਤ ਗ੍ਰੰਥ ਵਿੱਚ ਲਿਖਿਆ ਹੇ ਕਿ ਧਿਰਤਰਾਸ਼ਟਰ ਦੀ ਰਾਣੀ ਗੰਧਾਰੀ ਨੇ ਯੁਧਿਸ਼ਟਰ ਦਾ ਜਨਮ ਆਪਣੇ ਗਰਭ ਵਿਚਲੇ ਬੱਚੇ ਨਾਲੋਂ ਪਹਿਲ ਹੋਇਆ ਸੁਣ ਕੇ ਆਪਣੇ ਗਰਭ ਤੇ ਗੁੱਸਾ ਕਢਦੀ ਨੇ ਸਖ਼ਤ ਚੋਟਾਂ ਮਾਰੀਆਂ ਤਾਂ ਮਾਸ ਦਾ ਇੱਕ ਗੋਲਾ ਬਾਹਰ ਆ ਗਿਆ ਜਿਸ ਦੇ ਵਿਆਸ ਰਿਸ਼ੀ ਨੇ ਸੌ (੧੦੦) ਟੋਟੇ ਕਰਕੇ ਉਨ੍ਹਾਂ ਨੂੰ ਸੌ ਘਿਉ ਦਿਆਂ ਕੁਜਿਆਂ ਵਿੱਚ ਪਾ ਦਿੱਤਾ ਜਿਸ ਤੋਂ ੧੦੦ ਕੌਰੋ ਭਰਾ ਪੈਦਾ ਹੋ ਗਏ । **ਦ੍ਰੋਣਾਚਾਰਯ** = ਏਸੇ ਤਰ੍ਹਾਂ ਕੌਰੋਆਂ ਪਾਂਡੋਆਂ ਦੇ ਗੁਰੂ ਦ੍ਰੋਣ ਦਾ ਨਾਮ ਇਸ ਕਰਕੇ ਦ੍ਰੋਣ ਪਿਆ ਸੀ ਕਿਉਂਕਿ ਉਹ ਮਾਂ ਦੇ ਗਰਭ ਤੋਂ ਨਹੀਂ ਸਗੋਂ ਲੱਕੜ ਦੇ ਭਾਂਡੇ ਵਿਚੋਂ, ਥਜਿਸ ਨੂੰ ਦ੍ਰੋਣ ਕਹਿੰਦੇ ਸਨ, ਦੇ ਵਿਚੋਂ ਪੈਦਾ ਹੋਇਆ ਸੀ ਆਦਿ । ਸੋ ਗੁਰੂ ਕੇ ਸਿੱਖ ਵਾਸਤੇ ਇਨ੍ਹਾਂ ਸੱਭ ਵਿਅਕਤੀਆਂ ਅਥਵਾ ਇਨ੍ਹਾਂ ਦੇ ਨਾਂ ਨਾਲ ਜੁੜੀਆਂ ਗਾਥਵਾਂ ਨੂੰ ਨਿਰਮੂਲ ਸਮਝਣਾਂ ਚਾਹੀਦਾ ਹੈ ।

ਜਿਸ ਢੰਗ ਨਾਲ ਬ੍ਰਹਮਾਂ ਨੂੰ ਭ੍ਰਿਗੂ ਦਾ ਪਿਤਾ ਅਤੇ ਅੱਗ ਨੂੰ ਉਸਦੀ ਮਾਤਾ ਦਰਸਾਇਆ ਹੈ ਉਸ ਤੋਂ ਗੁਰੂ ਕੇ ਸਿੱਖ ਵਾਸਤੇ ਭ੍ਰਿਗੂ ਵੀ ਕਲਪਣਾ ਦੀ ਹੀ ਉਪਜ ਸਿੱਧ ਹੁੰਦਾ ਹੈ । ਫਿਰ ਇਹ ਸਵਾਲ ਪੈਦਾ ਹੁੰਦਾ ਹੈ ਕਿ ਜਦ ਮਨੂੰ ਅਤੇ ਭ੍ਰਿਗੂ ਦੋਵੇਂ ਹਸਤੀਆਂ ਹੀ ਕਲਪਤ ਹਨ ਤਾਂ ਫਿਰ ਉਨ੍ਹਾਂ ਦੇ ਨਾਵਾਂ ਨਾਲ ਜੁੜੇ ਮਾਨਵ-ਧਰਮ-ਸ਼ਾਸਤ੍ਰ ਅਤੇ ਮਨੂੰ ਸਿਮਿਤ੍ਰੀ ਗ੍ਰੰਥਾਂ ਦਾ ਰਚੇਤਾ ਕੌਣ ਹੋਇਆ ?

ਹਿੰਦੂ ਧਰਮ ਦੇ ਜਿਨੇ ਵੀ ਪੁਰਾਣਕ ਗ੍ਰੰਥ ਹਨ ਉਨ੍ਹਾਂ ਸਾਰਿਆਂ ਬਾਰੇ ਹੀ ਇਹ ਸਵਾਲ ਪੁੱਛਣਾ ਪਵੇਗਾ ਕਿ, ਇਨ੍ਹਾਂ ਨੂੰ ਲਿਖਿਆ ਕਿਸ ਨੇ ਹੈ ? ਇਸ ਦਾ ਠੀਕ ਤਸੱਲੀ ਬਖ਼ਸ਼ ਉਤੱਰ ਕਿਤੋਂ ਨਹੀਂ ਮਿਲ ਸਕੇਗਾ । ਅਸਲ ਵਿੱਚ ਇਹ ਸਾਰਾ ਹੀ ਬ੍ਰਾਹਮਣੀ ਮਾਇਆ ਜਾਲ ਹੈ । ਕਿਉਂਕਿ:-

**(੧)** ਵੇਦਾਂ ਤੋਂ ਲੈ ਕੇ ਪੁਰਾਣਾਂ ਤੱਕ ਸਾਰੇ ਹਿੰਦੂ-ਗ੍ਰੰਥਾਂ ਵਿਚ ਉਚੇਚੇ ਢੰਗ ਨਾਲ ਬ੍ਰਾਹਮਣ ਨੂੰ ਪੂਜਣ ਜੋਗ ਸਰਬ ਸ੍ਰੇਸ਼ਟ ਦੇਵਤਾ ਮੰਨਿਆਂ ਹੋਇਆ ਹੈ ।

**(੨)** ਏਸੇ ਤਰ੍ਹਾਂ ਇਨ੍ਹਾਂ ਸਾਰੇ ਗ੍ਰੰਥਾਂ ਵਿਚ ਨਵੇਂ ਤੋਂ ਨਵੇਂ ਬਹਾਨੇ ਬਣਾ ਕੇ, ਬ੍ਰਾਹਮਣ ਨੂੰ ਵੱਧ ਤੋਂ ਵੱਧ ਦਾਨ ਦੱਛਣਾ ਦੇਣ ਦੀ ਤਾਕੀਦ ਲਿਖੀ ਹੋਈ ਹੈ ।

ਹਿੰਦੂ ਧਰਮ ਦੇ ਕਾਨੂੰਨ ਦੇ ਗ੍ਰੰਥ, ਮਨੁਸਿਮ੍ਰੀਤੀ ਵਿੱਚਲੀ ਮਰਯਾਦਾ ਪੜ੍ਹਿਆਂ ਏਹੋ ਸਮਝ ਪੈਂਦੀ ਹੈ ਕਿ ਇਸ ਵਿਚਲਾ ਸਾਰਾ ਕਾਨੂੰਨ, ਜੰਤਾ ਉਤੇ ਬ੍ਰਾਹਮਣ ਦੀ ਪਕੜ ਨੂੰ ਕਰੜੀ ਅਤੇ ਸਦੀਵੀ ਬਣਾਈ ਰੱਖਣ ਵਾਸਤੇ ਹੀ ਬਣਾਇਆ ਗਿਆ ਹੈ । ਨਿਰਸੰਦੇਹ ਇਹ ਗ੍ਰੰਥ ਕਿਸੇ ਬੜੇ ਚਾਤਰ, ਪਰਵਾਰ-ਪਾਲਕ ਅਤੇ ਦੂਰ ਦਿਰਸ਼ਟ ਬ੍ਰਾਹਮਣ ਨੇ ਆਪ ਲਿਖ ਕੇ ਮਨੁ ਅਤੇ ਭ੍ਰਿਗੂ ਜਿਹੀਆਂ ਕਲਪਤ ਹਸਤੀਆਂ ਦੇ ਮੂੰਹ ਵਿੱਚ ਪਾ ਦਿੱਤੇ ਹਨ । ਤਾਂ ਜੋ ਬ੍ਰਾਹਮਣ ਦੇ ਹੱਕ ਵਿੱਚ ਲਿਖਿਆ ਸਾਰਾ ਅਨਰਥ, ਖ਼ੁਦਾਈ ਹੁਕਮ ਸਮਝਿਆ ਜਾਵੇ । ਅੱਗੇ ਜਾ ਕੇ ਜਿਉਂ ਜਿਉਂ ਵਿਚਾਰ ਚੱਲੇ ਗੀ ਇਹ ਤੱਥ ਹੋਰ ਤੋਂ ਹੋਰ ਸਾਫ ਹੁੰਦਾ ਜਾਵੇਗਾ । ਵੇਦ ਸ਼ਾਸਤ੍ਰਾਂ ਵਾਲੇ ਪ੍ਰਕਰਣ ਵਿੱਚ ਇਸ ਵਿਸ਼ੇ ਤੇ ਹੋਰ ਵੀ ਵਿਸਥਾਰ ਨਾਲ ਵਿਚਾਰ ਕੀਤੀ ਹੈ ।

ਮਨੂੰ ਭਗਵਾਨ ਨੂੰ **ਆਦਮ** ਅਥਵਾ ਮਨੁੱਖ ਜਾਤੀ ਦਾ ਆਦਿ ਪਿਤਾ ਕਿਹਾ ਹੈ । ਸਵਾਲ ਪੈਦਾ ਹੁੰਦਾ ਹੈ ਕਿ, ਇਹ ਕਿਹੋ ਜਿਹਾ ਨਿਰਦਈ ਪਿਤਾ ਹੈ ਜਿਸ ਨੇ ਆਪਣੇ ਹੀ ਬਚਿਆਂ ਵਿੱਚੋਂ ਇੱਕ ਨੂੰ ਤਾਂ ਬ੍ਰਾਹਮਣ ਆਖ ਕੇ ਸਰਬ-ਸ੍ਰੇਸ਼ਟ ਅਤੇ ਪੂਜਣ ਜੋਗ ਬਣਾ ਦਿੱਤਾ ਅਤੇ ਦੂਸਰੇ ਨੂੰ ਸ਼ੂਦਰ ਆਖ ਕੇ ਪਸ਼ੂਆਂ ਤੋਂ ਵੀ ਨਖਿੱਧ ਲਿਖ ਦਿੱਤਾ ? ਮਨੁੱਖ ਜਾਤੀ ਦੇ ਇਸ ਅਨੋਖੇ ਪਿਤਾ ਨੇ ਸੰਸਾਰ ਦੇ ਕਿਸੇ ਵੀ ਹੋਰ ਦੇਸ਼ ਵਿੱਚ ਨਾ ਵਰਨ ਵੰਡ ਕੀਤੀ ਅਤੇ ਨਾਂ ਹੀ ਕਿਸੇ ਹੋਰ ਦੇਸ਼ ਵਿੱਚ ਬ੍ਰਾਹਮਣ ਪੈਦਾ ਕੀਤਾ । ਕਿਡੇ ਦੁੱਖ ਵਾਲੀ ਗੱਲ ਹੈ ਕਿ, ਜਿਸ ਦੇਸ਼ ਵਿੱਚ **ਮਨੁ** ਜੀ ਨੂੰ ਭਗਵਾਨ ਮੰਨ ਕੇ ਇਸ ਦੀਆਂ ਮੂਰਤੀਆਂ ਦੀ ਪੂਜਾ ਕਰਨ ਵਾਲੇ (ਮਨੂੰ ਦੇ) ਅਨਿਨ ਭਗਤਾਂ ਦਾ ਵਾਸਾ ਹੈ, ਉਸੇ ਭਾਰਤ ਦੀ ਮਨੁੱਖਤਾ ਵਿੱਚ, ਇਸ ਨੇ (ਭਾਵ, ਕਥਿਤ ਆਦਿ-ਪਿਤਾ ਜੀ ਨੇ ਧੜੇ-ਬੰਦੀ ਅਤੇ ਉਚ-ਨੀਚ ਵਾਲੀ ਘਿਰਣਾ ਦੇ ਜ਼ਹਿਰ ਵਿੱਚ ਭਿਉਂ) ਕੇ ਫੁੱਟ ਦਾ ਅਜੇਹਾ ਬੀਜ ਬੀਜਿਆ ਕਿ ਅੱਜ ਤਾਂਈ ਭਰਾ ਨਾਲ ਭਰਾ ਰੱਲ ਕੇ ਨਹੀਂ ਬੈਠ ਸਕਿਆ । ਚੰਗੇ ਹਿਰਦੇ ਵਾਲਾ ਮਨੁੱਖ ਵੀ ਅਜੇਹੀ ਜ਼ਲੀਲ ਹਰਕਤ ਨਹੀਂ ਕਰਦਾ ਜਿਹੜੀ ਬ੍ਰਾਹਮਣ ਨੇ ਉਸੇ ਸ਼ਕਤੀ ਦੇ ਮੱਥੇ ਮੜ੍ਹੀ ਹੋਈ ਹੈ ਜਿਸ ਨੂੰ ਭਗਵਾਨ ਆਖ ਕੇ ਪੂਜਦਾ ਵੀ ਹੈ ।

ਤੁਲਸੀ ਦਾਸ ਦੇ ਰਾਮ ਚਰਿਤ੍ਰ ਮਾਨਸ ਵਿੱਚ ਤਾਂ ਏਥੋਂ ਤੱਕ ਲਿਖਿਆ ਹੈ ਕਿ **ਬ੍ਰਾਹਮਣਾਂ** ਨੇ ਪਰਮਾਤਮਾ ਦੇ ਦੋ ਦੁਆਰਪਾਲਾਂ, **ਜਯ** ਅਤੇ **ਵਜਯ** ਨੂੰ ਸਰਾਪ ਦੇ ਦਿੱਤਾ ਤਾਂ ਉਹ ਪਹਿਲਾਂ **ਹਰਨਾਕਸ਼** ਅਤੇ **ਹਿਰਣੇ** ਦੋ ਦੈਂਤ ਬਣੇ ਜਿਨ੍ਹਾਂ ਨੇ ਇੰਦਰ ਨੂੰ ਵੀ ਫਤਹਿ ਕਰ ਲਿਆ । ਪ੍ਰਹਿਲਾਦ ਨੂੰ ਬਚਾਉਣ ਦੇ ਯਤਨ ਵਿੱਚ ਵਿਸ਼ਨੂੰ ਨੇ ਨਰਸਿੰਘ ਦਾ ਰੂਪ ਧਾਰ ਕੇ ਹਰਨਾਕਸ਼ ਨੂੰ ਮਾਰਿਆ । ਫਿਰ ਇਹ ਦੋਵੇਂ ਅਸੁਰ ਜਨਮ ਲੈ ਕੇ

**ਰਾਵਣ** ਅਤੇ **ਕੁੰਭ ਕਰਨ** ਬਣੇ । ਵਿਸ਼ਨੂੰ ਨੇ ਹੀ ਰਾਮ ਰੂਪ ਹੋ ਕੇ ਦੋਵੇਂ ਭਰਾ ਮਾਰੇ । ਭਾਵ ਇਹ ਕਿ, ਬ੍ਰਾਹਮਣ ਦੇਵਤਾ ਰਾਮਚੰਦ੍ਰ ਨਾਲੋਂ ਵੀ ਲੱਖਾਂ ਸਾਲ ਪਹਿਲਾਂ ਤੋਂ ਆਪਣਾ ਸਿੱਕਾ ਈਸ਼ਵਰ ਦੇ ਘਰ ਤੱਕ ਜਮਾ ਚੁੱਕਾ ਸੀ । ਬ੍ਰਾਹਮਣ ਏਡੀ ਸ਼ਕਤੀ ਦਾ ਮਾਲਕ ਬਣ ਚੁੱਕਾ ਸੀ ਕਿ, ਜੇ ਉਹ **ਪਰਮਾਤਮਾ ਦੇ ਨਿੱਜੀ ਦੁਆਰਪਾਲਾਂ** ਨੂੰ ਵੀ ਸਰਾਪ ਦੇ ਕੇ ਦੈਂਤ ਬਣਾ ਦੇਵੇ ਤਾਂ ਪ੍ਰਭੂ ਉਨ੍ਹਾਂ ਆਪਣੇ ਸੇਵਾਦਾਰਾਂ ਨੂੰ ਬ੍ਰਾਹਮਣ ਦੇ ਸਰਾਪ ਤੋ ਮੁਕਤ ਨਹੀਂ ਸੀ ਕਰਾ ਸਕਦਾ । ਹੁਣ ਤੱਕ ਦੀ ਵਿਚਾਰ ਤੋਂ ਇਹੋ ਸਿੱਟਾ ਨਿਕਲਦਾ ਹੈ ਕਿ ਬ੍ਰਾਹਮਣ ਨਾਂ ਬ੍ਰਹਮਾਂ ਦੇ ਮੂੰਹ ਵਿਚੋਂ ਪੈਦਾ ਹੋਇਆ ਸੀ ਅਤੇ ਨਾ ਹੀ ਮੰਨੂ ਨਾਂ ਦੇ ਕਿਸੇ ਦੇਵਤੇ ਨੇ ਹੀ ਵਰਨ ਵੰਡ ਕਰਕੇ ਇਸ ਨੂੰ ਸਰਬ ਸ੍ਰੇਸ਼ਟ ਘੋਸ਼ਤ ਕੀਤਾ ਸੀ । ਜਿਉਂ ਜਿਉਂ ਪੁਰਾਣਕ ਗ੍ਰੰਥਾਂ ਨੂੰ ਫ੍ਰੋਲਦੇ ਜਾਈਏ ਬ੍ਰਾਹਮਣ ਦੇ ਪ੍ਰਗਟ ਹੋਣ ਦਾ ਰਹਸ ਹੋਰ ਡੂੰਘਾ ਹੁੰਦਾ ਜਾਣਾ ਹੈ ।

ਆਉ ਇਤਿਹਾਸ ਲਿਖਣ ਵਾਲਿਆਂ ਵਗਿਆਨੀਆਂ ਤੋਂ ਬ੍ਰਾਹਮਣ ਦੇ ਅਵਤਾਰੀ ਹੋਣ ਬਾਰੇ ਪਤਾ ਕਰ ਵੇਖੀਏ । ਕਿਉਂਕਿ ਜੇ ਮਿਥਿਹਾਸ ਦੇ ਝੂਠੇ ਬਿੱਪ੍ਰੀ-ਝਮੇਲੇ ਵਿੱਚ ਪਏ ਰਹੇ ਤਾਂ ਇਹ ਤਾਣੀ ਉਲਝਦੀ ਹੀ ਜਾਣੀ ਹੈ । ਕੂੜਿਆਂ (=ਝੂਠਿਆਂ) ਬਾਰੇ ਸਤਿਗੁਰਾਂ ਦਾ ਫ਼ੁਰਮਾਨ ਹੈਃ--

੧੫- **ਕੂੜਿਆਰ ਪਿਛਾਹਾ ਸੁਟੀਅਨਿ ਕੂੜੁ ਹਿਰਦੇ ਕਪਟੁ ਮਹਾ ਦੁਖੁ ਪਾਵੈ ॥**
**ਮੁਹ ਕਾਲੇ ਕੂੜਿਆਰੀਆ ਕੂੜਿਆਰ ਕੋੜੇ ਹੋਇ ਜਾਵੈ ॥ ੬ ॥**[੩੦੨]-ਵਾਰ

੬

## ਬ੍ਰਾਹਮਣ ਦੇ ਪ੍ਰਗਟ ਹੋਣ ਦੀ ਅਸਲੀਅਤ

ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ ਸ੍ਰਿਸ਼ਟੀ ਦਾ ਪਸਾਰਾ ਕਈ ਵਾਰ ਪਸਾਰਿਆ ਗਿਆ ਹੈ- **ਕਈ ਬਾਰ ਪਸਰਿਓ ਪਾਸਾਰਾ** ॥(੨੭੬) ਪਰ ਜਦੋਂ ਵੀ ਇਹ ਪਸਾਰਾ ਸਮੇਟਿਆ ਸੱਭ ਕੁੱਝ ਉਸ ਦੇ ਆਪਣੇ ਵਿੱਚ ਹੀ ਸਮਾ ਗਿਆ--**ਜਿਸ ਤੇ ਹੋਆ ਤਿਸਹਿ ਸਮਾਣਾ ਚੂਕਿ ਗਇਆ ਪਾਸਾਰਾ ॥ ੪ ॥**[੧੨੫੮] ਪਰਮਾਤਾ ਤੋਂ ਹੀ ਇਹ ਜਗਤ ਪਸਾਰਾ ਉਪਜਦਾ ਹੈ ਅਤੇ ਇਸ ਦਾ ਖ਼ਾਤਮਾ ਵੀ ਓਸੇ ਤੋਂ ਹੁੰਦਾ ਹੈ--**ਓਪਤਿ ਪਰਲਉ ਪ੍ਰਭ ਤੇ ਹੋਵੈ ਇਹ ਬੀਚਾਰੀ ਹਰਿ ਜਨੀ ॥ ੨ ॥** [੧੧੯੬] ਸ੍ਰਿਸ਼ਟੀ ਦੀ ਸਿਰਜਣਾ ਕਦੋਂ ਅਤੇ ਕਿੰਨੀ ਵਾਰੀ ਹੋਈ ਇਸ ਦਾ ਠੀਕ ਪਤਾ ਸਿਰਜਣਹਾਰ ਨੂੰ ਹੀ ਹੈ ।

ਵਿਗਿਆਨੀਆਂ ਦੀ ਰਾਏ ਅਨੁਸਾਰ ਹੁਣ ਦੇ ਇਸ ਦ੍ਰਿਸ਼ਟਮਾਨ ਪਸਾਰੇ ਵਿੱਚ ਅਜੋਕੇ ਮਨੁੱਖ ਨੂੰ ਧਰਤੀ ਤੇ ਵਿਚਰਦਿਆਂ ਚਾਰ ਲੱਖ ਸਾਲ ਦੇ ਕਰੀਬ ਦਾ ਸਮਾ ਹੋਇਆ ਹੈ । (ਸਮੇ ਦੇ ਅਸਰ ਨਾਲ ਪਦਾਰਥਾਂ ਉਤੇ ਜੋ ਤਬਦੀਲੀ ਵਾਪਰਦੀ ਹੈ ਉਸ ਤੋਂ ਪਦਾਰਥ ਦੀ ਠੀਕ ਉਮਰ ਦਾ ਪਤਾ ਕਰ ਸਕਣ ਵਾਲੇ ਯੰਤਰ ਬਣ ਚੁੱਕੇ ਹਨ । ਪੁਰਾਤਨ ਤੋਂ ਪੁਰਾਤਨ ਮਨੁੱਖ ਦੀਆਂ ਹੱਡੀਆਂ ਬਰਫ਼ ਆਦਿ ਵਿੱਚ ਦੱਬੀਆਂ ਹੋਈਆਂ ਮਿਲ ਜਾਣ ਨਾਲ ਧਰਤੀ ਤੇ ਮਨੁੱਖ ਦੇ ਅਰੰਭ ਸਮੇ ਨੂੰ ਨਿਸਚਤ ਕੀਤਾ ਹੈ । ਬ੍ਰਾਹਮਣਾ ਵਾਲਾ ਅਟਕਲ-ਪੱਚੂ ਨਹੀਂ ਹੈ)

ਮਨੁੱਖ ਦੀ ਜਿੰਦਗੀ ਦੇ ਪੜਚੋਲੀਏ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਭਾਰਤ ਦਾ ਅਰੰਭਕ ਮਨੁੱਖ ਨੰਗਾ ਧੜੰਗਾ ਜੰਗਲਾਂ ਅਥਵਾ ਪਹਾੜਾਂ ਦੀਆਂ ਕੰਦ੍ਰਾਂ ਵਿੱਚ ਰਹਿੰਦਾ ਸੀ ਅਤੇ ਕੰਦ-ਮੂਲ ਖਾ ਕੇ ਜਾਂ ਪਸੂ-ਪੰਛੀਆਂ ਦੇ ਮਾਸ ਨਾਲ ਢਿੱਡ ਭਰ ਕੇ ਆਪਣਾ ਨਿਰਬਾਹ ਕਰਦਾ ਸੀ । ਫਿਰ ਪੱਥਰ ਦੇ ਸੰਦਾਂ ਦੀ ਵਰਤੋਂ ਸਿੱਖ ਗਿਆ ਤਾਂ ਇਸ ਨੂੰ ਪੱਥਰ ਦਾ ਜ਼ਮਾਨਾਂ ਕਿਹਾ ਗਿਆ ਅਤੇ ਜੱਦ ਮਨੁੱਖ ਧਾਤ ਦੇ ਸੰਦ ਬਣਾ ਕੇ ਕੁਲੀਆਂ ਆਦਿ ਬਣਾਓਣ ਤੱਕ ਪੁੱਜ ਗਿਆ ਤਾਂ ਉਸ ਨੂੰ ਧਾਤ ਦਾ ਜ਼ਮਾਨਾਂ ਕਰ ਕੇ ਜਾਣਿਆਂ ਗਿਆ । ਉਸ ਸਮੇ ਤਾਂਈਂ ਪਤਿਆਂ ਅਤੇ ਛਿੱਲੜਾਂ ਆਦਿ ਨਾਲ ਨੰਗੇਜ ਕੱਜਣ ਦੀ ਸੋਝੀ ਵੀ ਆ ਗਈ ਸੀ । ਹੌਲੀ ਹੌਲੀ ਖੇਤੀ ਬਾੜੀ ਕਰਨ ਅਤੇ ਬਸਤੀਆਂ ਬਣਾ ਕੇ ਰਹਿਣ ਲੱਗਾ । ਏਨੇ ਚਿਰ ਵਿੱਚ ਮੱਧ ਏਸ਼ੀਆ ਅਤੇ ਵਿਸ਼ੇਸ਼ ਕਰਕੇ ਯੂਨਾਨ ਅਤੇ ਕੁਝ ਈਰਨ ਦੇ ਇਲਾਕੇ ਵਿਚੋਂ ਲੋਕ ਆ ਗਏ ਜੋ ਏਰੀਅਨ ਅਥਵਾ ਆਰੀਆ ਕਰਕੇ ਜਾਣੇ ਗਏ । ਇਹ ਲੋਕ ਪਹਿਲਾਂ ਸਿੰਧ ਅਥਵਾ ਅਟੱਕ ਦਰਿਆ ਦੇ ਕੰਢੇ (ਪਾਕਿਸਤਾਨ ਵਿੱਚ) ਵੱਸੇ ਅਤੇ ਹੌਲੀ ਹੌਲੀ ਪੰਜਾਬ ਅਤੇ ਹਿੰਦ ਦੇ ਹੋਰ ਇਲਾਕਿਆਂ ਵਿੱਚ ਖਿੱਲਰਦੇ ਗਏ । ਇਹ ਲੋਕ ਸੁਧਰੀ ਹੋਈ ਜਿੰਦਗੀ ਗੁਜ਼ਾਰਨਾਂ ਸਿੱਖ ਚੁੱਕੇ ਸੱਨ । ਯੂਨਾਨ ਤੋਂ ਆਏ ਲੋਕ ਤਾਂ ਅੱਖਰਾਂ ਦੀ ਬੋਲੀ ਵੀ ਜਾਣਦੇ ਸਨ । ਇਨ੍ਹਾਂ ਨੇ ਬਸਤੀਆਂ ਅਥਵਾ ਪਿੰਡਾਂ ਵਿੱਚ ਰਹਿਣਾ ਅਰੰਭ ਕੀਤਾ । ਖੇਤੀ ਬਾੜੀ, ਇਨ੍ਹਾਂ ਦਾ ਮੁੱਖ ਕਿੱਤਾ ਸੀ । ਬਸਤੀ ਜਾਂ ਪਿੰਡਾਂ ਦੇ ਅਮਨ ਚੈਨ ਦਾ ਪ੍ਰਬੰਧ ਰੱਖਣ ਵਾਸਤੇ ਮੁਖੀਏ ਵੀ ਥਾਪਣ ਲੱਗ ਪਏ ਸਨ । ( ਇਹ ਸਮਾਂ ਪੰਜ ਤੋਂ ਛੇ ਹਜ਼ਾਰ ਸਾਲ ਦੇ ਵਿਚਕਾਰ ਦਾ ਲਿਖਿਆ ਹੈ )

੧੬- **ਆਤਮ ਰਾਮੁ ਸੰਸਾਰਾ ॥ ਸਾਚਾ ਖੇਲੁ ਤੁਮ੍ਾਰਾ ॥ ਸਚੁ ਖੇਲੁ ਤੁਮ੍ਾਰਾ ਅਗਮ ਅਪਾਰਾ ਤੁਧੁ ਬਿਨੁ**
**ਕਉਣ ਬੁਝਾਏ ॥ ਸਿਧ ਸਾਧਿਕ ਸਿਆਣੇ ਕੇਤੇ ਤੁਝ ਬਿਨੁ ਕਵਣ ਕਹਾਏ ॥ ਕਾਲੁ ਬਿਕਾਲੁ ਭਏ**
**ਦੇਵਾਨੇ ਮਨੁ ਰਾਖਿਆ ਗੁਰਿ ਠਾਏ ॥ ਨਾਨਕ ਅਵਗੁਣ ਸਬਦਿ ਜਲਾਏ ਗੁਣ ਸੰਗਮਿ ਪ੍ਰਭੁ ਪਾਏ ॥ ੪ ॥** [੭੬੪]-੧-੨

੭

## ਵਰਨ ਵੰਡ

ਕੁਦਰਤ ਦਾ ਨਿਯੱਮ ਹੈ ਕਿ ਪ੍ਰਾਣੀਆਂ ਦੀ ਹਰ ਸ਼੍ਰੇਣੀ ਵਿੱਚ ਚੰਗੇ-ਮੰਦੇ, ਸਿਆਣੇ-ਮੂਰਖ, ਚਲਾਕ-ਸਿੱਧੜ, ਝਗੜਾਲੂ-ਸੁਲ੍ਹਾਕੁਲ, ਮਾਰਖੋਰੇ-ਬੀਬੇ ਰਾਣੇ ਆਦਿ ਵੱਖ ਵੱਖ ਸੁਭਾਵਾਂ ਅਤੇ ਖ਼ਸਲਤਾਂ ਦੇ ਮਨੁੱਖ ਹੁੰਦੇ ਹਨ । ਚੰਗੇ ਗੁਣ ਕਾਰਨ ਦੇ ਅਤੇ ਅਵਗੁਣਾ ਦੇ ਕਾਰਨ, ਪਸੂਆਂ ਦਾ ਮੁੱਲ ਵੀ ਵੱਧ ਅਤੇ ਘੱਟ ਪੈਂਦਾ ਹੈ । ਏਸੇ ਨਿੱਯਮ ਅਨੁਸਾਰ ਹੀ ਪੁਰਾਣਕ ਸਮੇਂ ਦੀ ਮਨੁੱਖ ਬ੍ਰਾਦਰੀ ਵਿੱਚ ਵੀ ਤੀਖਣ ਬੁੱਧੀ ਵਾਲੇ ਚਤੁਰ ਚਲਾਕ ਅਤੇ ਦੂਰ-ਦ੍ਰਿਸ਼ਟ ਮਨੁੱਖਾਂ ਦਾ ਘਾਟਾ ਨਹੀਂ ਸੀ । ਇਨ੍ਹਾਂ ਸਿਆਣੇ ਮਨੁੱਖਾਂ ਨੇ ਸੁਸਾਇਟੀ ਦਾ ਕੰਮ ਵਧੀਆ ਅਤੇ ਸੌਖੇ ਢੰਗ ਨਾਲ ਚਲਾਉਣ ਵਾਸਤੇ ਜੰਤਾ ਦੇ ਚਾਰ ਹਿੱਸੇ ਕਰ ਦਿੱਤੇ । ਇਹ ਉਹੀ ਮਨੁੱਖ ਸਨ ਜਿਨ੍ਹਾਂ ਨੇ ਲਿਖਣਾ ਪੜ੍ਹਨਾਂ ਸਿੱਖ ਲਿਆ ਹੋਇਆ ਸੀ । ਇਨ੍ਹਾਂ ਚਤੁਰ-ਚਲਾਕ ਮਨੁੱਖਾਂ ਦੇ ਟੋਲੇ ਨੇ ਆਪਣੇ ਧੜੇ ਦਾ ਨਾਮ **ਬ੍ਰਾਹਮਣ** ( ਭਾਵ, ਬ੍ਰਹੰਮ ਅਥਵਾ ਆਤਮਾ, ਪਰਮਾਤਮਾ ਦੇ ਗਿਆਨ ਵਾਲਾ ) ਰੱਖ ਲਿਆ ਅਤੇ ਧਰਮ-ਕਰਮ ਅਤੇ ਵਿਦਿਆ ਪੜ੍ਹਨ-ਪੜ੍ਹਾਉਣ ਆਦਿ ਦਾ ਕੰਮ ਆਪਣੇ ਜ਼ਿੰਮੇ ਲੈ ਲਿਆ । ਦਲੇਰ ਅਤੇ ਪੰਗਿਆਂ ਵਿੱਚ ਪੈ ਸਕਣ ਵਾਲਿਆਂ ਦਾ ਧੜਾ ਚੁਣ ਕੇ ਉਨ੍ਹਾਂ ਦਾ ਨਾਮ **ਛੱਤ੍ਰੀ**

ਰੱਖ ਦਿੱਤਾ ਅਤੇ ਉਨ੍ਹਾਂ ਨੂੰ ਪਿੰਡਾਂ ਦੀ ਅਥਵਾ ਨੱਗਰਾਂ ਦੀ ਸੁਰੱਖਿਆ ਦਾ ਅਤੇ ਅਮਨ-ਅਮਾਨ ਬਣਾਈ ਰੱਖਣ ਦਾ ਕੰਮ ਸੌਂਪਿਆ ਗਿਆ । ਕਿਰਤੀ ਸੁਭਾ ਵਾਲੇ ਟੋਲੇ ਨੂੰ **ਵੈਸ਼** ਨਾਮ ਦੇ ਕੇ ਉਨ੍ਹਾਂ ਦੇ ਜ਼ਿੰਮੇਂ ਖੇਤੀ-ਬਾੜੀ ਦੁਆਰਾ ਅੰਨ ਦਾਣਾ ਪੈਦਾ ਕਰਨ ਦਾ ਅਤੇ ਦੌਲਤ ਕਮਾਉਣ ਦੇ ਕਿੱਤੇ, ਜਿਵੇਂ ਵਣਜ-ਵਪਾਰ, ਦੁਕਾਨਦਾਰੀ ਸੌਦਾਗਰੀ ਆਦਿ ਦਾ ਧੰਦਾ ਸੌਂਪ ਦਿੱਤਾ । ਸਿੱਧੜ ਅਤੇ ਸੀਲ ਸੁਭਾ (ਬਹੁਤਾ ਕਰਕੇ ਆਦੀ-ਵਾਸੀਆਂ ਦੇ ਕਾਲੇ ਰੰਗ) ਵਾਲੇ ਮਨੁੱਖਾਂ ਦੇ ਭਾਗ ਨੂੰ ਬਾਕੀ ਤਿੰਨਾਂ ਵਰਗਾਂ ਦੀ ਨਿਸ਼ਕਾਮ ਸੇਵਾ ਕਰਨ ਦੀ ਜ਼ਿੰਮੇਵਾਰੀ ਲਾ ਕੇ ਇਨ੍ਹਾਂ ਨੂੰ **ਸ਼ੂਦਰ** ਘੋਸ਼ਤ ਕਰ ਦਿੱਤਾ । (ਸੰਸਕ੍ਰਿਤ ਦੇ ਵਿਦਵਾਨਾਂ ਨੇ **ਗੋਰਾ ਰੰਗ ਬ੍ਰਹਮਣ ਦਾ, ਲਾਲ ਛੱਤ੍ਰੀ ਦਾ, ਪੀਲਾ ਵੈਸ਼ ਦਾ ਅਤੇ ਕਾਲਾ ਰੰਗ ਸ਼ੂਦ੍ਰ ਦਾ ਲਿਖਿਆ ਹੈ** - ਮਹਾਨ ਕੋਸ਼ - ੧੦੮੪) ।

੧੭- **ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ ॥ ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ ॥ ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥ ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥ ੩ ॥** [੪੬੯]-ਵਾਰ-੧੨

੮

# ਬ੍ਰਾਹਮਣ ਇਕ ਪਦਵੀ

ਕਿੱਤਿਆਂ ਦੀ ਵੰਡ ਨਾਲ ਉਪਜੇ ਸੁਖ ਨੂੰ ਸਾਰਿਆਂ ਸਲਾਹਇਆ । ਦੂਜਿਆਂ ਦੀ ਸੇਵਾ ਕਰਨ ਦੇ ਬਦਲੇ ਜੂਠੇ ਅੰਨ ਅਤੇ ਪਾਟੇ ਪੁਰਾਣੇ ਕੱਪੜੇ ਆਦ ਮਿਲ ਜਾਣ ਨਾਲ ਹੀ ਅਸੀਸਾਂ ਦੇਣ ਗਿੱਝ ਗਿਆ ਹੋਇਆ **ਸ਼ੂਦਰ,** ਆਪਣੇ ਥਾਂ ਸੰਤੁਸ਼ਟ ਸੀ । ਏਸੇ ਤਰ੍ਹਾਂ **ਵੈਸ਼ ਸ਼ਰੇਣੀ** ਨੇ ਵੀ ਖੇਤੀ ਬਾੜੀ, ਦੁਕਾਨਦਾਰੀ ਆਦਿ ਤੋਂ ਮਿਲਦੀ ਮਾਇਆ ਦਾ ਅਨੰਦ ਮਾਣਿਆਂ ਤਾਂ ਦੌਲਤ ਕਮੌਣ ਦੀ ਲਗਨ ਨੇ ਉਸ ਨੂੰ ਆਪਣੇ ਕਿੱਤੇ ਦੀ ਤਰੱਕੀ ਕਰਨ ਵਿੱਚ ਰੁਝਾ ਦਿੱਤਾ । ਤੀਜਾ ਧੜਾ **ਛੱਤ੍ਰੀ** ਦਾ ਸੀ । ਇਨ੍ਹਾਂ ਵਿੱਚੋਂ ਯੋਗ ਵਿਅਕਤੀ, ਬਸਤੀ ਅਥਵਾ ਇਲਾਕੇ ਦਾ ਮੁਖੀਆ ਬਣਦਾ ਸੀ । ਸਮਾ ਪਾ ਕੇ ਏਸੇ ਮੁਖੀਏ ਨੂੰ ਹੀ ਰਾਜਾ ਕਿਹਾ ਜਾਣ ਦੀ ਮਰਯਾਦਾ ਬਣ ਗਈ । ਛੱਤ੍ਰੀ ਨੂੰ ਹਕੂਮਤ ਦਾ ਸੁਆਦ ਪੈ ਗਿਆ ਅਤੇ ਆਪਣੇ ਅਧਿਕਾਰ ਖੇਤ੍ਰ ਨੂੰ ਵਧਾ ਸਕਣ ਦੀ ਤ੍ਰਿਸ਼ਨਾਂ ਗ੍ਰਸੀ ਸੋਚ ਨੇ ਉਸ ਨੂੰ ਪ੍ਰੇਸ਼ਾਨ ਕਰ ਦਿੱਤਾ ।

ਚੌਥੀ ਸ਼੍ਰੇਣੀ ਉਨ੍ਹਾਂ ਸਿਆਣੇ ਅਤੇ ਚਾਤਰ ਮਨੁੱਖਾਂ ਦੀ ਸੀ ਜਿਨ੍ਹਾਂ ਨੇ ਇਹ ਵਰਣ ਵੰਡ ਕੀਤੀ ਸੀ । ਉਸ ਸਮੇ ਦਾ ਆਮ ਮਨੁੱਖ, ਅੱਖਰੀ ਵਿਦਿਆ ਨੂੰ ਬੜੀ ਅਚੰਭੇ ਵਾਲੀ ਕਰਾਮਾਤ ਮੰਨਦਾ ਸੀ । ਇਸ ਅਨੋਖੀ ਕਰਮਾਤ ਦਾ ਮਾਲਕ ਕੇਵਲ **ਬ੍ਰਾਹਮਣ** ਹੀ ਸੀ । ਵਿਦਿਆ ਨਾਲ ਉਪਜੇ ਗਿਆਨ ਦੇ ਹਥਿਆਰ ਨੂੰ ਵਰਤ ਕੇ ਬੜੀ ਦੂਰ ਦ੍ਰਿਸ਼ਟੀ ਅਤੇ ਸੋਚ ਵਿਚਾਰ ਨਾਲ ਆਪਣਾ ਨਾਮ **ਬ੍ਰਾਹਮਣ** (ਬ੍ਰਹਮਾਂ ਦੇ ਮੁੱਖ ਚੋਂ ਪੈਦਾ ਹੋਣ ਕਰ ਕੇ ਧੁਰੋਂ ਥਾਪਿਆ, ਜੰਤਾ ਦਾ ਮੁਖੀ) ਰਖਿਆ ਸੀ । ਆਪ ਚੁਣੇ ਆਪਣੇ ਨਾਮ ਦੇ ਅਧਾਰ ਤੇ ਹੀ ਧਰਮ ਕਾਰਜਾਂ ਦਾ ਸੰਚਾਲਕ ਅਤੇ ਪੂਜਯ-ਦੇਵਤਾ ਬਣ ਬੈਠਾ ਸੀ । ਧਰਮ ਕਰਮਾਂ ਤੋਂ ਛੁੱਟ ਦੁਨੀਆਂ ਦਾਰੀ ਦੇ ਮਸਲੇ ਵਿੱਚ ਵੀ ਲੋਕਾਂ ਦਾ ਸਲਾਹਕਾਰ ਬ੍ਰਾਹਮਣ ਹੀ ਸੀ । ਹਰ ਕੋਈ ਬੜੇ ਆਦਰ ਸਤਿਕਾਰ ਨਾਲ ਇਸ ਦੀ ਸੇਵਾ ਕਰਦਾ ਅਤੇ ਯਥਾ ਸ਼ਕਤ ਭੇਟਾ ਵੀ ਕਰਦਾ । ਇੰਜ ਬਿਨਾ ਖੇਚਲ ਦੇ ਇਸ ਵਿਹਲੜ ਦਾ ਗੁਜ਼ਾਰਾ ਵੀ ਸੁਹਣਾ ਚੱਲ ਤੁਰਿਆ ਸੀ ।

ਥੁਹੜੇ ਸਮੇਂ ਪਿਛੋਂ ਹੀ ਇਸ ਨੂੰ ਇਹ ਸੱਭ ਕੁਝ ਤੁੱਛ ਲੱਗਣ ਲੱਗ ਪਿਆ । ਇਸ ਗਿਆਨੀ ਨੂੰ ਆਪਣੇ ਮੁਕਾਬਲੇ ਤੇ ਵਿਦਿਆ ਹੀਣ ਵੈਸ਼ ਅਤੇ ਨਿਰੇ ਬਾਹੂਬੱਲ ਦੇ ਆਸਰੇ ਰਾਜ ਕਰਦੇ ਛੱਤ੍ਰੀ ਦੀ ਸੰਪਤੀ ਅਥਵਾ ਪ੍ਰਭਤਾ ਵੱਧ ਦਿੱਸੀ ਅਤੇ ਕੰਡਾ ਬਣ ਕੇ ਰੜਕਣ ਲੱਗ ਪਈ । ਰਾਜੇ ਵਾਂਗ ਇਹ ਵੀ ਤ੍ਰਿਸ਼ਨਾਂ ਗ੍ਰਸੀ ਈਰਖਾ ਦੀ ਅੱਗ ਵਿੱਚ ਝੁਲਸਣ ਲੱਗ ਪਿਆ । ਤ੍ਰਿਸ਼ਨਾ-ਰੋਗ ਦਾ ਰੋਗੀ ਕਿਥੋਂ ਤੱਕ ਗਿਰ ਸਕਦਾ ਹੈ ਅਥਵਾ ਉਸ ਦੇ ਅੰਦਰ ਦੀ ਹਾਲਤ ਕੀ ਹੋ ਜਾਂਦੀ ਹੈ ? ਬ੍ਰਾਹਮਣ ਦੀ ਗਾਥਾ ਅੱਗੇ ਤੋਰਨ ਤੋਂ ਪਹਿਲਾਂ ਤ੍ਰਿਸ਼ਨਾ ਰੋਗ ਦੀ ਅਸਲੀਅਤ ਗੁਰਬਾਣੀ ਦੁਆਰਾ ਸਮਝ ਲਈਏ :-

੯

# ਤ੍ਰਿਸ਼ਨਾਂ

੧੮- **ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥ ੧ ॥ ਰਹਾਉ ॥**
**ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥ ਪਰੈ ਪਰੈ ਹੀ ਕਉ ਲੁਝੀ ਹੇ ॥ ੧ ॥**
**ਸੁੰਦਰ ਨਾਰੀ ਅਨਿਕ ਪਰਕਾਰੀ ਪਰ ਗ੍ਰਿਹ ਬਿਕਾਰੀ ॥ ਬੁਰਾ ਭਲਾ ਨਹੀ ਸੁਝੀ ਹੇ ॥ ੨ ॥**
**ਅਨਿਕ ਬੰਧਨ ਮਾਇਆ , ਭਰਮਤੁ ਭਰਮਾਇਆ ਗੁਣ ਨਿਧਿ ਨਹੀ ਗਾਇਆ ॥**
**ਮਨ ਬਿਖੈ ਹੀ ਮਹਿ ਲੁਝੀ ਹੇ ॥ ੩ ॥**[੨੧੩]-੧-੧੫੪

**ਪਦ ਅਰਥ:**--ਤ੍ਰਿਸਨਾ--ਲਾਲਚ, ਮਾਇਆ ਦੀ ਪਿਆਸ । ਕੋਟਿ--ਕ੍ਰੋੜਾਂ (ਕੋਟੁ--ਕਿਲ੍ਹਾ, ਕੋਟ--ਕਿਲ੍ਹੇ) । ਨ ਹੋਰੇ--ਰੋਕਦਾ ਨਹੀਂ । ਪਰੈ ਪਰੈ--ਹੋਰ ਵਧੀਕ ਧੰਨ ਵਾਸਤੇ । ਲੁਝੀ--ਝਗੜੇ ਕਰਦਾ ਹੈ। **੧** । ਪਰ ਗ੍ਰਿਹ--ਪਰਾਏ ਘਰ, ਪਰਾਈ ਇਸਤ੍ਰੀ ਨਾਲ । ਬਿਕਾਰੀ--ਮੰਦੇ ਕਰਮ ਕਰਦਾ ਹੈ । **੨** । ਭਰਮਤ ਭਰਮਾਇਆ--(ਮਾਇਆ ਦੇ ਅਨੇਕ ਬੰਧਨਾਂ ਵਿੱਚ ਬੱਧਾ ਹੋਇਆ) ਭਟਕਦਾ ਹੀ ਫਿਰਦਾ ਹੈ । ਗੁਣ ਨਿਧਿ--ਗੁਣਾ ਦਾ ਖ਼ਜ਼ਾਨਾਂ, ਪਰਮਾਤਮਾਂ । ਬਿਖੈ - ਵਿਸ਼ੇ ਵਿਕਾਰਾਂ ਵਿੱਚ । **੩** ।

੧੯- **ਵਡੇ ਵਡੇ ਰਾਜਨ ਅਰੁ ਭੂਮਨ ਤਾ ਕੀ ਤ੍ਰਿਸ੍ਨ ਨ ਬੂਝੀ ॥**
**ਲਪਟਿ ਰਹੇ ਮਾਇਆ ਰੰਗ ਮਾਤੇ ਲੋਚਨ ਕਛੂ ਨ ਸੂਝੀ ॥ ੧ ॥**
**ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ ॥**
**ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ਬਿਨੁ ਹਰਿ ਕਹਾ ਅਘਾਈ ॥ ਰਹਾਉ ॥**
**ਦਿਨੁ ਦਿਨੁ ਕਰਤ ਭੋਜਨ ਬਹੁ ਬਿੰਜਨ ਤਾ ਕੀ ਮਿਟੈ ਨ ਭੂਖਾ ॥**
**ਉਦਮੁ ਕਰੈ ਸੁਆਨ ਕੀ ਨਿਆਈ ਚਾਰੇ ਕੁੰਟਾ ਘੋਖਾ ॥ ੨ ॥**
**ਕਾਮਵੰਤ ਕਾਮੀ ਬਹੁ ਨਾਰੀ ਪਰ ਗ੍ਰਿਹ ਜੋਹ ਨ ਚੂਕੈ ॥**
**ਦਿਨ ਪ੍ਰਤਿ ਕਰੈ ਕਰੈ ਪਛੁਤਾਪੈ ਸੋਗ ਲੋਭ ਮਹਿ ਸੂਕੈ ॥ ੩ ॥**

**ਹਰਿ ਹਰਿ ਨਾਮੁ ਅਪਾਰ ਅਮੋਲਾ ਅੰਮ੍ਰਿਤੁ ਏਕੁ ਨਿਧਾਨਾ ॥**
**ਸੂਖੁ ਸਹਜੁ ਅਨੰਦੁ ਸੰਤਨ ਕੈ ਨਾਨਕ ਗੁਰ ਤੇ ਜਾਨਾ ॥ ੪ ॥**[੬੭੨]-੬

**ਅਰਥ**:- ਆਪਣੈ ਲਾਲਚ ਦੀ ਅਥਵਾ ਆਪਣੀ ਤ੍ਰਿਸ਼ਨਾਂ ਦੀ ਪੂਰਤੀ ਲਈ ਵੱਡੇ ਵੱਡੇ ਰਾਜਿਆਂ ਅਥਵਾ ਧਰਤੀ ਦੇ ਮਾਲਕਾਂ ਨੂੰ ਵੀ ਆਪਣੀ ਮਾਲਕੀ ਦੀਆਂ ਹੱਦਾਂ ਹੋਰ ਤੋਂ ਹੋਰ ਵਧਾ ਲੈਣ ਯਾਂ ਮਾਇਆ ਦੇ ਢੇਰ ਉਚੇ ਤੋਂ ਉਚੇ ਕਰੀ ਜਾਣ ਦੀ ਲਾਲਸਾ ਲੱਗੀ ਰਹਿੰਦੀ ਹੈ । ਕਾਮ ਵਾਸਨਾਂ ਦੇ ਮਾਰਿਆਂ ਨੂੰ ਆਪਣੀ ਇਸਤ੍ਰੀ ਨੂੰ ਭੁੱਲ ਕੇ ਪ੍ਰਾਈਆਂ ਦੇ ਮਗਰ ਨਿਤ ਭੱਜਦੇ, ਖੁਆਰ ਅਤੇ ਦੁਖੀ ਹੁੰਦੇ ਹਨ, ਪਰ ਸਬਰ ਨਹੀਂ ਆਉਂਦਾ , ਸਗੋਂ ਹਵਸ ਹੋਰ ਵਧਦੀ ਹੈ । ਅਜੇਹੀ ਭਟਕਣਾਂ ਵਾਲੀ ਖੱਜਲ ਖੁਆਰੀ ਏਸ ਤਰ੍ਹਾਂ ਹੈ ਜਿਵੇਂ ਅੱਗ ਬੁਝਾਉਣ ਵਾਸਤੇ ਉਸ ਵਿੱਚ ਹੋਰ ਬਾਲਣ ਪਾਉਣਾ ਹੋਵੇ । ਬਾਲਣ ਪਾਉਣ ਦੇ ਨਾਲ ਜਿਵੇਂ ਅੱਗ ਬੁਝਣ ਦੀ ਬਜਾਏ ਸਗੋਂ ਭੜਕਦੀ ਹੈ ਉਸੇ ਪ੍ਰਕਾਰ ਮਾਇਆ ਅਥਵਾ ਕਾਮ ਦੀ ਤ੍ਰਿਸਨਾ ਭੜਕਦੀ ਹੈ । ਅਜੇਹੀ ਮੰਦ ਭਟਕਣਾ ਵਿੱਚ ਪਏ ਮਨੁੱਖ ਨੂੰ ਦਰ ਦਰ ਭਟਕਦੇ ਕੁੱਤੇ ਵਰਗਾ ਕਿਹਾ ਹੈ । ਗੁਰੂ ਦੀ ਸਿਖਿਆ ਲੈ ਕੇ ਉਸ ਤੇ ਚੱਲਣਾ ਹੀ ਕਲਿਆਣ ਕਾਰੀ ਹੈ ।

੨੦- **ਬਹੁ ਰੰਗ ਮਾਇਆ ਬਹੁ ਬਿਧਿ ਪੇਖੀ ॥ ਕਲਮ ਕਾਗਦ ਸਿਆਨਪ ਲੇਖੀ ॥**
**ਮਹਰ ਮਲੂਕ ਹੋਇ ਦੇਖਿਆ ਖਾਨ ॥ ਤਾ ਤੇ ਨਾਹੀ ਮਨੁ ਤ੍ਰਿਪਤਾਨ ॥ ੧ ॥**
**ਸੋ ਸੁਖੁ ਮੋ ਕਉ ਸੰਤ ਬਤਾਵਹੁ ॥ ਤ੍ਰਿਸਨਾ ਬੂਝੈ ਮਨੁ ਤ੍ਰਿਪਤਾਵਹੁ ॥ ੧ ॥ ਰਹਾਉ ॥**
**ਅਸੁ ਪਵਨ ਹਸਤਿ ਅਸਵਾਰੀ ॥ ਚੋਆ ਚੰਦਨੁ ਸੇਜ ਸੁੰਦਰਿ ਨਾਰੀ ॥**
**ਨਟ ਨਾਟਿਕ ਆਖਾਰੇ ਗਾਇਆ ॥ ਤਾ ਮਹਿ ਮਨਿ ਸੰਤੋਖੁ ਨ ਪਾਇਆ ॥ ੨ ॥**
**ਤਖਤੁ ਸਭਾ ਮੰਡਨ ਦੋਲੀਚੇ ॥ ਸਗਲ ਮੇਵੇ ਸੁੰਦਰ ਬਾਗੀਚੇ ॥**
**ਆਖੇੜ ਬਿਰਤਿ ਰਾਜਨ ਕੀ ਲੀਲਾ ॥ ਮਨੁ ਨ ਸੁਹੇਲਾ ਪਰਪੰਚੁ ਹੀਲਾ ॥ ੩ ॥**[੧੭੯]-੧੨-੮੧

**ਅਰਥ**:--(ਰਹਾਉ ਤੁੱਕ ਵਿੱਚ ਗੁਰਦੇਵ ਜੀ ਨੇ ਸਾਨੂੰ ਉਪਦੇਸ਼ ਦੇਣ ਦੇ ਨਿਰਾਲੇ ਅਤੇ ਮਿੱਠੇ ਤਰੀਕੇ ਨੂੰ ਵਰਤਦਿਆਂ ਗੁਰਮੁਖਾਂ ਨੂੰ ਕਿਹਾ ਹੈ ਕਿ) ਹੇ ਸੰਤ ਜਨੋਂ ! ਮੈਨੂੰ ਇਹ ਆਤਮਕ ਅਨੰਦ ਦੱਸੋ ਜਿਸ ਨਾਲ ਮੇਰੇ ਅੰਦਰੋਂ ਮਾਇਆ ਦੀ ਤ੍ਰਿਸ਼ਨਾਂ ਮਿਟ ਜਾਏ । ਹੇ ਗੁਰਮੁੱਖ ਪਿਆਰਿਓ ! ਮੇਰੇ ਮਨ ਨੂੰ ਸੰਤੋਖੀ ਬਣਾ ਦਿਓ **। ਰਹਾਉ ।** ਮੈਂ ਬਹੁਤ ਰੰਗਾਂ ਵਾਲੀ ਮਾਇਆ ਕਈ ਤਰੀਕਿਆਂ ਨਾਲ ਮੋਹੰਦੀ ਵੇਖੀ ਹੈ । ਕਾਗ਼ਜ਼ ਕਲਮ ਲੈ ਕੇ ਕਈਆਂ ਨੇ ਅਨੇਕ ਵਿਦਿਆ ਵਾਲੇ ਲੇਖ ਲਿਖੇ ਹਨ (ਮਾਇਆ ਉਸ ਨੂੰ ਵਿਦਵਤਾ ਦੇ ਰੂਪ ਵਿੱਚ ਮੋਹ ਰਹੀ ਹੈ, ਉਹ ਵਿਦਵਤਾ ਦਾ ਅਹੰਕਾਰ ਕਰਕੇ ਕੁਰਾਹੇ ਪੈ ਰਹੇ ਹਨ) । ਕਈਆਂ ਨੇ ਚੌਧਰੀ ਸੁਲਤਾਨ-ਖਾਨ ਬਣ ਕੇ ਵੇਖ ਲਿਆ ਹੈ, ਪਰ ਕਿਸੇ ਦਾ ਮਨ ਤ੍ਰਿਪਤ ਨਹੀਂ ਹੋਇਆ **। ੧ ।** ਹਾਥੀਆਂ ਤੇ ਹਵਾ ਵਰਗੇ ਤੇਜ਼ ਘੋੜਿਆਂ ਦੀ ਸਵਾਰੀ ਕਰ ਵੇਖੀ ਹੈ, ਅਤਰ ਤੇ ਚੰਦਨ ਵਰਤ ਵੇਖਿਆ ਹੈ, ਸੁੰਦਰ ਇਸਤ੍ਰੀ ਦੀ ਸੇਜ ਮਾਣ ਵੇਖੀ, ਰੰਗ ਭੂਮੀ ਵਿੱਚ ਨਟਾਂ ਦੇ ਨਾਟਕ ਵੇਖੇ ਹਨ, ਤੇ ਉਨ੍ਹਾਂ ਦੇ ਗੀਤ ਵੀ ਸੁਣੇ ਹਨ, ਕਿਸੇ ਥਾਂ ਵੀ ਸ਼ਾਂਤੀ ਨਹੀਂ ਆਈ (ਸਗੋਂ ਹਰ ਪਾਸੇ ਤ੍ਰਿਸ਼ਨਾਂ ਵਧਦੀ ਹੀ ਗਈ) **। ੨ ।** ਰਾਜ ਦਰਬਾਰ ਦੀਆਂ ਸਜਾਵਟਾਂ, ਤਖ਼ਤ ਉਤੇ ਬੈਠਣਾ, ਦੁਲੀਚੇ, ਸਭ ਕਿਸਮਾਂ ਦੇ ਫਲ, ਸੁੰਦਰ ਫੁਲਵਾੜੀਆਂ, ਸ਼ਿਕਾਰ ਖੇਡਣ ਦਾ ਸ਼ੌਕ, ਰਾਜਿਆਂ ਵਾਲੀਆਂ ਹੋਰ ਕਈ ਖੇਡਾਂ , ਇਨ੍ਹਾਂ ਸਭਨਾਂ ਵਿੱਚ ਮਨ ਸੁਖੀ ਨਹੀਂ ਹੋਇਆ ।

੨੧- **ਸਹਸ ਖਟੇ ਲਖ ਕਉ ਉਠਿ ਧਾਵੈ ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥**
**ਅਨਿਕ ਭੋਗ ਬਿਖਿਆ ਕੇ ਕਰੈ ॥ ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥**
**ਬਿਨਾ ਸੰਤੋਖ ਨਹੀ ਕੋਊ ਰਾਜੈ ॥ ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥L... ੫ ॥**[੨੭੯]-੧੨

੨੨- **ਨੇਜੇ ਵਾਜੇ ਤਖਤਿ ਸਲਾਮੁ ॥ ਅਧਕੀ ਤ੍ਰਿਸਨਾ ਵਿਆਪੈ ਕਾਮੁ ॥**
**ਬਿਨੁ ਹਰਿ ਜਾਚੇ ਭਗਤਿ ਨ ਨਾਮੁ ॥ ੩ ॥**[੨੨੬]-੧੨

ਗੁਰਦੇਵ ਜੀ ਦੇ ਇਨ੍ਹਾਂ ਪਾਵਨ ਸ਼ਬਦਾਂ ਤੋਂ ਸੂਝ ਮਿਲਦੀ ਹੈ ਕਿ ਮਾਇਆ ਇਕੱਠੀ ਕਰਨ ਦੀ ਲਾਲਸਾ ਵਾਲਾ ਮਨੁੱਖ ਜੇ ਹਜ਼ਾਰਾਂ ਰੁਪਈਏ ਜੋੜ ਲਵੇ ਤਾਂ ਲੱਖਾਂ ਹੋਰ ਜੋੜ ਲੈਣੇ ਚਾਹੁੰਦਾ ਹੈ ਅਤੇ ਭਾਂਵੇ ਮਾਇਆ ਦੇ ਢੇਰਾਂ ਦੇ ਢੇਰ ਇੱਕਠੇ ਹੋ ਜਾਣ ਦੇ ਨਾਲ ਕਿੱਡਾ ਵਿਸ਼ਾਲ ਰਾਜ, ਵਧੀਆ ਹਾਥੀ, ਵਧੀਆ ਘੋੜੇ, ਬੇਅੰਤ ਫੌਜ ਆਦ ਸੱਭ ਕੁਝ ਵੀ ਮਿਲ ਜਾਵੇ ਤ੍ਰਿਸਨਾਂ ਦੀ ਅੱਗ ਸਗੋਂ ਹੋਰ ਤੋਂ ਹੋਰ ਭੜਕਦੀ ਹੈ । ਧੰਨ ਦੌਲਤ ਦੇ ਨਾਲ ਸਗੋਂ ਕਾਮ ਪੂਰਤੀ ਦੀ ਤ੍ਰਿਸਨਾਂ ਵੀ ਪਰਬਲ ਹੋ ਜਾਂਦੀ ਹੈ ਅਤੇ ਤ੍ਰਿਸਨਾਲੂ ਮਨੁੱਖ ਏਨਾਂ ਗਿਰ ਜਾਂਦਾ ਹੈ ਕਿ ਪ੍ਰਾਈਆਂ ਇਸਤ੍ਰੀਆਂ ਨਾਲ ਮੰਦ ਕਰਮ ਕਰਨ ਤੋਂ ਨਹੀਂ ਟਲਦਾ ਅਤੇ ਚੰਗੇ ਮੰਦੇ ਕਰਮ ਦੀ ਪਛਾਣ ਭੁਲਾ ਕੇ ਨੀਚ ਤੋਂ ਨੀਚ ਕਰਮ ਕਰਨ ਵਾਸਤੇ ਵੀ ਤਿਆਰ ਹੋ ਜਾਂਦਾ ਹੈ । **ਬ੍ਰਾਹਮਣ ਦੇ ਅੰਦਰ ਵੀ ਇਸ ਪ੍ਰਕਾਰ ਦੀ ਹੀ ਤ੍ਰਿਸਨਾਂ ਭੜਕ ਰਹੀ ਸੀ ਅਤੇ ਉਹ ਰਾਤ ਦਿਨ ਖ਼ਤਰਨਾਕ ਕਿਸਮ ਦੀਆਂ ਸਕੀਮਾਂ ਘੜ ਰਿਹਾ ਸੀ** ।
ਖੱਤ੍ਰੀ ਅਥਵਾ ਛੱਤ੍ਰੀ ਵੀ ਮੁਖੀਏ ਤੋਂ ਰਾਜਾ ਅਤੇ ਰਾਜੇ ਤੋਂ ਮਹਾਰਾਜਾ ਬਣਨ ਦੀ ਤ੍ਰਿਸਨਾਂ ਨਾਲ ਵਿਆਕੁਲ ਹੋ ਰਿਹਾ ਸੀ । ਇਸ ਰਾਜੇ ਨੂੰ ਇੱਕ ਅਜੇਹਾ ਸਲਾਹਕਾਰ ਅਥਵਾ ਮੰਤ੍ਰੀ ਵੀ ਲੋੜੀਦਾ ਸੀ ਜਿਹੜਾ ਸੁਚੱਜੇ ਢੰਗ ਦੀਆਂ ਸਫਲ ਸਿਆਸੀ ਕਲਾਬਾਜ਼ੀਆਂ ਲਾ ਸਕਣ ਵਿੱਚ ਨਿਪੁੰਨ ਹੋਵੇ । ਰਾਜੇ ਦੀ ਇਸ ਸੇਵਾ ਵਾਸਤੇ ਉਸ ਸਮੇਂ ਦੇ ਉੱਚ ਕੋਟੀ ਦੇ ਵਿਦਵਾਨ ਅਤੇ ਪਰਲੇ ਦਰਜੇ ਦੇ **ਖਚਰੇ**-ਨੀਤੀਵਾਨ **ਬ੍ਰਹਮਣ** ਨਾਲੋਂ ਵੱਧ ਨਿਪੁੰਨ ਸਲਾਹ-ਕਾਰ ਅਤੇ ਯੋਗ ਵਿਅਕਤੀ, ਹੋਰ ਕਿਹੜਾ ਸੀ ? ਰਾਜ ਮੰਤ੍ਰੀ, ਰਾਜ ਗੁਰੂ, ਧਰਮ-ਗੁਰੂ, ਅਤੇ ਰਾਜ ਪ੍ਰਵਾਰ ਦਾ ਵਿਦਿਆ ਦਾਤਾ ਬਣ ਕੇ ਬ੍ਰਾਹਮਣ ਸ਼ਾਹੀ ਮਹਲਾਂ ਵਿੱਚ ਜਾ ਵੜਿਆ । **ਇੱਕ ਤ੍ਰਿਸ਼ਨਾਲੂ ਦੇ ਨਾਲ ਦੂਜੇ ਤਿਰਸ਼ਨਾਲੂ ਦਾ ਮਿਲਾਪ ਹੋ ਗਿਆ ।**

ਰਾਜ ਮਹਲਾਂ ਵਿੱਚ ਪੁਜ ਕੇ, ਇਹ ਚਪਲ-ਬੁਧੀ ਅਤੇ ਲੋਹੜੇ ਦਾ ਦੂਰ-ਦ੍ਰਿਸ਼ਟ ਬ੍ਰਾਹਮਣ ਰਾਜੇ ਨੂੰ ਅਜੇਹੇ ਢੰਗ ਨਾਲ ਆਪਣੇ ਉਪਕਾਰਾਂ ਦੇ ਬੋਝ ਹੇਠਾਂ ਨੱਪ ਲੈਣਾਂ ਚਾਹੁੰਦਾ ਸੀ ਕਿ ਰਾਜਾ ਸਦਾ ਵਾਸਤੇ ਉਸਦਾ ਪੁਜਾਰੀ ਬਣਿਆ ਰਹੇ । ਵਿਦਿਆ ਅਤੇ ਚਪਲਤਾ ਦੀ ਸਹਾਇਤਾ ਨਾਲ, ਭਵਿੱਖ ਦਾ ਗਿਆਤਾ ਹੋਣ ਦਾ ਭਰਮ ਤਾਂ ਲੋਕਾਂ ਦੇ ਦਿਲਾਂ ਅੰਦਰ ਪਹਿਲਾਂ ਹੀ ਪਾ ਚੁੱਕਾ ਸੀ । ਬ੍ਰਹਮਣ ਦੇ ਮੁਖਾਰਬਿੰਦ ਤੋਂ ਹੋਈ ਹਰ ਘੋਸ਼ਣਾਂ ਲੋਕਾਂ ਵਾਸਤੇ ਰੱਬੀ ਹੁਕਮ ਦਾ ਦਰਜਾ ਬਣ ਗਈ ਹੋਈ ਸੀ । ਸੋ ਬ੍ਰਹਮ-ਗੁਰੂ ਜੀ ਨੇ ਘੋਸ਼ਣਾਂ ਕਰ ਦਿੱਤੀ ਕਿ ਉਸ ਨੂੰ ਆਕਾਸ਼ਬਾਣੀ ਹੋਈ ਹੈ ਕਿ ਰਾਜਾ ਧਰਤੀ ਦਾ **ਈਸ਼ਵਰ** ਹੈ **ਭਗਵਾਨ** ਹੈ । ਇਸ ਐਲਾਨ ਨਾਲ ਰਾਜਾ ਆਪਣੀ ਪਰਜਾ ਲਈ ਪੂਜਨੀਕ ਹੋ ਗਿਆ ਅਤੇ ਉਸ ਦੇ ਵਿਰੁੱਧ ਕਿਸੇ ਪ੍ਰਕਾਰ ਦਾ ਵਿਦ੍ਰੋਹ ਹੋ ਸਕਣ ਦੀ ਸੰਭਾਵਨਾਂ ਲਗ ਪਗ ਮੁੱਕ ਗਈ । ਰਾਜ-ਮਹਲਾਂ ਵਿੱਚ ਬ੍ਰਾਹਮਣ ਦੀ ਧੰਨ ਧੰਨ ਹੋ ਗਈ । ਰਾਜੇ ਨੇ ਤਖ਼ਤ ਦੇ ਕੋਲ ਸਜਾਏ ਉਚੇ ਸਵਰਨ-ਆਸਣ ਤੇ ਬ੍ਰਾਹਮਣ ਦੇਵਤਾ ਨੂੰ ਬਿਰਾਜਮਾਨ ਕਰਾਉਣਾਂ ਆਪਣੇ ਲਈ ਕਲਿਆਨ ਕਾਰੀ ਜਾਣ ਲਿਆ । ਬ੍ਰਾਹਮਣ ਨੇ ਰਾਜੇ ਦੀ ਉਸਤਤੀ ਦੇ ਸੋਹਿਲੇ ਲਿਖੇ । ਹਰ ਰੋਜ਼ ਜਦੋਂ ਹੀ ਰਾਜਾ ਸ਼ਾਹੀ ਦਰਬਾਰ ਵਿੱਚ ਆਉਂਦਾ ਸੀ ਤਾਂ ਇਹ ਸੋਹਲੇ ਬ੍ਰਾਹਮਣ-ਭੱਟਾਂ ਨੇ ਬੜੇ

ਪਰਭਾਵਸ਼ਾਲੀ ਸੁਰ-ਤਾਲ ਵਿੱਚ ਗ਼ਾਉਣੇ ਅਰੰਭ ਕਰ ਦਿੱਤੇ । ਬ੍ਰਾਹਮਣ ਜਾਣਦਾ ਸੀ ਕਿ ਰਾਜ ਦਰਬਾਰ ਵਿੱਚ ਗਾਏ ਜਾਣ ਵਾਲੇ ਇਹ ਸੋਹਿਲੇ ਗਲੀ ਗਲੀ ਵਿਚ ਅਤੇ ਪਰਜਾ ਦੇ ਘਰ ਘਰ ਵਿੱਚ ਗਾਏ ਜਾਣੇ ਲੱਗ ਪੈਣੇ ਹਨ ।

ਰਾਜਾ ਗਦ ਗਦ ਹੋ ਗਿਆ । ਉਸ ਨੇ ਭਰੇ ਦਰਬਾਰ ਵਿੱਚ ਬ੍ਰਾਹਮਣ ਦੇ ਪੈਰ ਧੋ ਕੇ ਚਰਨਾਮ੍ਰਿਤ ਆਪ ਲਈ ਅਤੇ ਆਪਣੇ ਪਰਿਵਾਰ ਨੂੰ ਪਿਆਈ । ਫਿਰ ਜਿਉਂ ਜਿਉਂ ਰਾਜੇ ਅਤੇ ਬ੍ਰਾਹਮਣ ਦੇ " ਪਿਆਰ ਦੀ ਪੀਂਘ " ਹੁਲਾਰੇ ਚੜ੍ਹਦੀ ਗਈ । ਬ੍ਰਾਹਮਣ ਨੇ ਰਾਜੇ ਦੀ ਉਸਤਤੀ ਦੇ ਗੀਤ ਹੋਰ ਵੀ ਅਸਰਦਾਰ ਢੰਗ ਨਾਲ ਲਿਖ ਕੇ ਆਪਣੀ ਭੱਟ ਬਰਾਦਰੀ ਕੋਲੋਂ ਗਵਾਏ ਅਤੇ ਧਰਮ ਗ੍ਰੰਥਾਂ ਵਿੱਚ ਅਜੇਹੇ ਢੰਗ ਦੀਆਂ ਗਾਥਾਵਾਂ ਲਿਖੀਆਂ ਕਿ ਰਾਜਾ ਪਰਮੇਸ਼ਰ ਦੇ ਰੂਪ ਵਾਲੀ ਪਦਵੀ ਤੋਂ ਅਗਾਂਹ ਟੱਪ ਤੁਰਿਆ । ਵਿਦਿਆ ਤੋਂ ਕੋਰੇ ਮਨੁੱਖ ਨੇ, ਦੋ ਤਿਰਸ਼ਨਾਲੂਆਂ ਦੀ ਸੰਧੀ ਵਾਲੀ ਪ੍ਰੇਮ ਲੀਲਾ ਦਾ ਅਜੇਹਾ ਅਸਰ ਕਬੂਲਿਆ ਕਿ ਰਾਜੇ ਨੂੰ ਹੀ **ਕਰਤਾ, ਵਿਧਾਤਾ, ਨਾਰਾਇਣ, ਦਮੋਦਰ, ਮੁਰਾਰੀ, ਮੁਰਲੀ ਮਨੋਹਰ, ਭਗਵਾਨ** ਆਦਿ ਮੰਨ ਕੇ ਸ਼ਰਧਾ ਬਣਾ ਲਈ । ਰਾਜੇ ਨੂੰ ਹੀ ਸ੍ਰਿਸ਼ਟੀ ਦਾ ਸਿਰਜਣਹਾਰ ਅਤੇ ਨਾਸ਼ ਕਰਤਾ ਮੰਨ ਲਿਆ । ਰਾਜੇ ਦੀ ਮਹਿਮਾਂ ਦੇ ਭਗਤੀ ਗੀਤ ਘਰ ਘਰ ਵਿੱਚ ਗੂੰਜਣ ਲੱਗ ਪਏ । ਠੱਗ ਨੀਤੀ ਨਾਲ ਘੜਿਆ ਹੋਇਆ ਇਹ ਕੋਰਾ ਝੂਠ ਹਜ਼ਾਰਾਂ ਸਾਲਾਂ ਤੋਂ ਬੋਲਿਆ ਜਾ ਰਿਹਾ ਸੀ । ਸਮੇ ਦੇ ਗੇੜ ਨੇ ਇਸ ਕੁਫ਼ਰ ਨੂੰ ਪੂਰਨ ਸੱਚ ਦਾ ਰੂਪ ਦੇ ਦਿੱਤਾ । ਰਾਮ ਚਰਿਤ੍ਰ ਮਾਨਸ ਦੇ ਬਾਲ ਕਾਂਡ ਵਿੱਚ ਤੁਲਸੀ ਲਿਖਦਾ ਹੈ ਕਿ ਅਵਧਪਤੀ ਅਥਵਾ ਅਜੁਧਿਆ ਦਾ ਰਾਜਾ ਰਾਮ ਹੀ ਪਰਮ ਪ੍ਰਕਾਸ਼ਕ ਅਨਾਦਿ, (ਭਾਵ, ਜਿਸ ਦਾ ਕੋਈ ਮੁੱਢ ਨਾ ਹੋਵੇ) ਪਰਮਾਤਮਾ ਹੈ :-

**ਸਭ ਕਰ ਪਰਮ ਪ੍ਰਕਾਸ਼ਕ ਜੋਈ । ਰਾਮ ਅਨਾਦਿ ਅਵਧਪਤਿ ਸੋਈ ।**

ਇਸ ਤੋਂ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਰਾਜੇ ਨੂੰ ਹੀ ਪਰਮੇਸ਼ਰ ਮੰਨ ਲਿਆ ਗਿਆ ਸੀ । ਗੁਰਬਾਣੀ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਜਿਨ੍ਹਾਂ ਨੂੰ ਅਵਤਾਰ ਕਹਿ ਕੇ ਪੂਜਿਆ ਜਾ ਰਿਹਾ ਹੈ ਅਸਲ ਵਿੱਚ ਉਹ ਆਪਣੇ ਸਮਿਆਂ ਦੇ ਰਾਜੇ ਸਨ-- **ਜੁਗਹ ਜੁਗਹ ਕੇ ਰਾਜੇ ਕੀਏ, ਗਾਵਹਿ ਕਰਿ ਅਵਤਾਰੀ ॥**[੪੨੩] ਬ੍ਰਾਹਮਣ ਅਤੇ ਰਾਜੇ ਦੀ ਸੌਦੇ ਬਾਜ਼ੀ ਨੇ ਰਾਜੇ ਨੂੰ ਭਗਵਾਨ ਅਤੇ ਬ੍ਰਾਹਮਣ ਨੂੰ ਸਰਬ **ਸਤਕਾਰਤ-ਪਦਵੀ** ਦਾ ਮਾਲਕ ਦੇਵਤਾ ਬਣਾ ਦਿੱਤਾ । ਲੋਕਾਂ ਨੇ ਇਸ ਛਲਾਵੇ ਨੂੰ ਨਿਰੋਲ ਸੱਚ ਮੰਨ ਕੇ ਸ਼ਰਧਾ ਬਣਾ ਲਈ ਅਤੇ ਇਹ ਸੱਭ ਕੁਝ ਧਰਮ ਦਾ ਅੰਗ ਬਣ ਗਿਆ । ਤ੍ਰਿਸ਼ਨਾਂ ਮਨੁੱਖ ਦੇ ਸੁਭਾ ਦਾ ਅੰਗ ਹੈ । ਉਚੀ ਆਤਮਕ ਅਵਸਥਾ ਵਾਲਾ ਕੋਈ ਵਿਰਲਾ ਮਨੁੱਖ ਹੀ ਇਸ ਰੋਗ ਤੋਂ ਛੁਟਕਾਰਾ ਪਾ ਸਕਦਾ ਹੈ । ਮਾਇਆ ਅਥਵਾ ਕਾਮ ਪੂਰਤੀ ਦੀ ਤ੍ਰਿਸਨਾਂ ਦੇ ਥਾਂ ਗੁਰੂ-ਸ਼ਬਦ ਦੇ ਗਿਆਨ ਅਥਵਾ, ਪ੍ਰਭੂ ਦਰਸ਼ਨਾਂ ਦੀ ਤ੍ਰੇਹ (ਤ੍ਰਿਖਾ) ਲੱਗ ਜਾਵੇ ਤਾਂ ਜਨਮ ਸਫ਼ਲਾ ਹੋ ਜਾਂਦਾ ਹੈ, **ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ** ॥(੯੬) **ਹਰਿ ਹਰਿ ਨਾਮ ਕੀ ਮਨਿ ਭੂਖ ਲਗਾਈ ॥ ਨਾਮਿ ਸੁਨਿਐ ਮਨੁ ਤ੍ਰਿਪਤੈ ਮੇਰੇ ਭਈ ॥**(੩੬੭) ਜੇ ਪੂਰਾ ਗੁਰੂ ਮਿਲ ਜਾਏ ਤਾਂ ਉਸ ਦੀ ਮੱਤ ਅਨੁਸਾਰ ਜੀਵਨ ਢਾਲਣ ਨਾਲ ਵੀ ਤ੍ਰਿਸਨਾਂ ਅਗਨੀ ਸ਼ਾਂਤ ਹੋ ਜਾਂਦੀ ਹੈ-- **ਜੋ ਗੁਰੁ ਕਹੇ ਸੋਈ ਪਰੁ ਕੀਜੈ ਤਿਸਨਾ ਅਗਨਿ ਬੁਝਾਈਐ** ॥(੨੪੩) ॥

[ਨੋਟ---ਗੁਰੂ-ਸ਼ਬਦਾਂ ਦੀ ਸੂਚੀ ਦੇ ਨਾਲ ਤ੍ਰਸ਼ਨਾਂ ਬਾਰੇ ਹੋਰ ਵਿਸਥਾਰ, ਪੁਸਤਕ ਦੇ ਅੱਠਵੇਂ ਭਾਗ ਵਿਚ ਕਾਮ ਕ੍ਰੋਧ ਲੋਭ ਆਦਿ ਵਿਕਾਰਾਂ ਦੀ ਵਿਚਾਰ ਦੇ ਨਾਲ ਦਿੱਤਾ ਗਿਆ ਹੈ }

੨੩- **ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥**
**ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥** [੧੩੮]-ਵਾਰ-੩

੧੦

# ਵਿਦਿਆ ਦੀਆਂ ਕਰਾਮਾਤਾਂ

ਭਗਤੀ ਭਾਵ ਤੋਂ ਸੱਖਣਾ **ਗਿਆਨ** ਖ਼ਤਰਨਾਕ ਵੀ ਬਣ ਸਕਦਾ ਹੈ । ਸੰਸਾਰ ਦੀ ਵੱਸੋਂ ਵਾਸਤੇ ਖ਼ਤਰਾ ਬਣੇ ਹੋਏ ਹਥਿਆਰਾਂ ਦਾ ਭੰਡਾਰ, ਵਿਦਵਾਨ ਮਨੁੱਖ ਦੀ ਹੀ ਦੇਣ ਹੈ । ਸੱਚਾ ਪ੍ਰਭੂ-ਭਗਤ ਵਿਦਵਾਨ, ਸਰਲ ਸੁਭਾ ਅਤੇ ਨਿਸ਼ਕਪਟ ਹੁੰਦਾ ਹੈ । ਸਰਬੱਤ ਦੇ ਭਲੇ ਖ਼ਾਤਰ ਸੱਭ ਕੁੱਝ ਲੁਟਾ ਦੇਣ ਨੂੰ ਧੰਨ ਭਾਗ ਸਮਝਦਾ ਹੈ । ਨਿਰਭੈਤਾ ਨਾਲ ਸਚਾਈ ਤੇ ਅੜ ਖਲੋਂਦਾ ਹੈ । ਪਰ ਭਗਤੀ-ਭਾਵ ਤੋਂ ਸਖਣਾ ਵਿਦਵਾਨ ਸੁਆਰਥੀ ਹੋਣ ਦੇ ਕਾਰਨ ਲੋਕਾਂ ਨੂੰ ਉਲੂ ਬਣਾ ਕੇ ਉਨ੍ਹਾਂ ਨੂੰ ਲੁੱਟ-ਖਾਣ ਵਿੱਚ ਆਪਣੀ ਵਡਿਆਈ ਸਮਝਦਾ ਹੈ । ਦਲੀਲਾਂ ਦੇ ਸਕਣ ਦੀ ਸ਼ਕਤੀ ਨਾਲ ਆਪਣੇ ਅਪਰਾਧ ਨੂੰ ਪੁੰਨ-ਕਰਮ ਸਾਬਤ ਕਰਨ ਵਿਚ ਖ਼ੁਸ਼ੀ ਅਨੁਭਵ ਕਰਦਾ ਹੈ । ਸਚਾਈ ਤੇ ਅੜ ਕੇ ਕੁਰਬਾਨ ਹੋ ਜਾਣ ਵਾਲੇ ਨੂੰ ਮੂਰਖ ਗਿਣਦਾ ਹੈ । ਹਾਲਾਤ ਦੇ ਅਨੁਸਾਰ ਅਪਣਾ ਰੰਗ ਵਟਾ ਕੇ ਠੱਗੀ ਦੀ ਕਿਰਤ ਚਮਕਾਈ ਰਖਣ ਨੂੰ ਧਰਮ ਸਮਝਦਾ ਹੈ । ਮਾਇਆ ਜੋੜਨ ਦੀ ਅਤੇ ਆਪਣੀ ਪ੍ਰਭੁਤਾ ਬਣਾਉਣ ਦੀ ਚਿੰਤਾ ਵਿੱਚ ' **ਅੰਨ੍ਹਾ** ਅਤੇ **ਬੋਲਾ** ' ਹੋ ਜਾਂਦਾ ਹੈ--" ਮਾਇਆਧਾਰੀ ਅਤਿ ਅੰਨ੍ਹਾ ਬੋਲਾ ॥ "[੩੧੩] [ ਕਿਸੇ ਨਾਲ ਹੁੰਦਾ ਜ਼ੁਲਮ ਉਸ ਨੂੰ ਦਿਸਦਾ ਨਹੀਂ ਭਾਵ, -**ਅੰਨ੍ਹਾਂ** --ਅਤੇ ਕਿਸੇ ਦੁਖਿਆਰੇ ਦੀ ਫਰਿਆਦ ਨੂੰ ਸੁਣ ਨਹੀਂ ਸਕਦਾ-ਭਾਵ **ਬੋਲਾ** ] **ਅਜਿਹੇ ਸਾਰੇ ਐਬ ਸਾਡੇ ਨਾਇਕ, ਬਿੱਪ੍ਰ ਜੀ ਦੇ ਪਰਧਾਨ ਗੁਣ ਸਨ ।**

ਆਪਣੀ ਪ੍ਰਭੁਤਾ ਦੇ ਸੂਰਜ ਨੂੰ ਸਦਾ ਲਈ ਸਿਖ਼ਰੀਂ ਚੜ੍ਹਿਆ ਰਖੱਣ ਵਾਸਤੇ ਚਪਲ-ਬੱਧੀ, ਮੁਢਲੇ ਅਥਵਾ ਆਦਿ-ਬ੍ਰਾਹਮਣ ਨੇ ਆਪਣੀ ਵਿਦਿਆ ਦੀ ਭਰਪੂਰ ਵਰਤੋਂ ਕੀਤੀ । ਬੜੀ ਦੂਰਦ੍ਰਿਸ਼ਟੀ ਨਾਲ ਤਿਆਰ ਕੀਤੀ ਯੋਜਨਾਂ ਦੇ ਅਧੀਨ, ਬੜੇ ਗੂੜ੍ਹ-ਗਿਆਨ ਦੇ ਬੁਰਕੇ ਵਿੱਚ ਲਪੇਟੇ ਹੋਏ ਮਿਥਿਆਕਾਰ ਨੂੰ ਐਸੀ ਯੋਗਤਾ ਨਾਲ ਲਿਖਿਆ ਕਿ ਭਾਰਤ ਵਾਸੀ ਨੇ ਸੰਪੂਰਨ ਸੱਚ ਦਾ ਭੁਲੇਖਾ ਖਾ ਕੇ ਅਜੇਹੀ ਚੱਕਰੀ ਖਾਧੀ ਕਿ ਅੱਜ ਤੱਕ ਸੁਰਤ ਨਹੀਂ ਸਾਂਭੀ । ਪੰਜਾਬੀ ਵਿੱਚ ਇੱਕ ਅਖਾਣ ਹੈ ਕਿ, **ਕਿਸੇ ਦਾ ਤੇਲ ਨਹੀਂ ਬਲਦਾ ਪਰ ਕਈਆਂ ਦਾ ਪਿਸ਼ਾਬ ਬਲਦਾ ਹੈ** । ਬ੍ਰਾਹਮਣੀ ਗ੍ਰੰਥਾਂ ਦੀਆਂ ਲਿਖਤਾਂ ਸਾਬਤ ਕਰਦੀਆਂ ਹਨ ਕਿ ਹਜ਼ਾਰਾਂ ਸਾਲ ਪਹਿਲਾਂ ਦੇ ਬਿੱਪ੍ਰ ਦਾ ਭਾਵ, ਆਦਿ-ਬ੍ਰਾਹਮਣ ਦਾ ਲਿਖਿਆ ਝੂਠ ਅੱਜ ਸਾਇੰਸ ਦੇ

ਜੁੱਗ ਵਿਚ ਵੀ ਪੂਜਿਆ ਜਾ ਰਿਹਾ ਹੈ । ਰਾਜਿਆਂ ਮਹਾਰਾਜਿਆਂ ਦੀ ਗੱਲ ਤਾਂ ਇੱਕ ਪਾਸੇ ਰਹੀ ਰਾਮ ਚੰਦ੍ਰ, ਸ੍ਰੀ ਕ੍ਰਿਸ਼ਨ ਆਦਿਕ ਜਿਨ੍ਹਾਂ ਨੂੰ ਸ੍ਰਿਸ਼ਟੀ ਦੇ ਕਰਤਾ, ਤ੍ਰੈਲੋਕੀ-ਨਾਥ, ਮਨੁੱਖੀ ਜਾਮਾ ਧਾਰ ਕੇ **ਆਇਆ ਪਰਮਾਤਮਾ** ਕਿਹਾ, ਉਨ੍ਹਾਂ ਦਾ ਜਨਮ-ਮਰਨ ਵੀ ਬ੍ਰਾਹਮਣ ਦੇ ਵਰ-ਸਰਾਪ ਦੇ ਅਧੀਨ ਦਰਸਾਇਆ ਹੋਇਆ ਹੈ । ਭਗਵਾਨ ਰਾਮ ਚੰਦ੍ਰ ਜੀ ਅਤੇ ਉਨ੍ਹਾਂ ਦੇ ਤਿੰਨ ਭਾਈਆਂ ਨੂੰ ਅੱਜ ਵੀ ਮਹਾਰਾਜਾ ਦਸ਼ਰਥ ਦੀ ਬਿੰਦੀ ਔਲਾਦ ਨਹੀਂ, ਸਗੋਂ ਬ੍ਰਾਹਮਣ ਦੇ ਹਵਨ ਕੁੰਡ ਵਿਚੋਂ ਨਿਕਲੇ ਅਗਨਿ ਦੇਵਤਾ ਦੀ ਖੀਰ ਦੀ ਗਿਰਾਹੀ ਤੋਂ ਗਰਭ ਵਿਚ ਆਏ ਫਿਲਮਾ ਦੁਆਰਾ ਦਰਸਇਆ ਜਾ ਰਿਹਾ ਹੈ ।

ਰਾਜਾ ਮਹਾਰਾਜਾ (ਭਾਂਵੇਂ, ਨਿਰੋਲ ਭੁਲੇਖੇ ਕਾਰਨ) ਜੇ ਕਿਸੇ ਬ੍ਰਾਹਮਣ ਦੀ ਅਵੱਗਿਆ ਕਰਨ ਦੀ ਭੁੱਲ ਕਰ ਬੈਠਦਾ ਤਾਂ ਉਸ ਨੂੰ ਬ੍ਰਾਹਮਣ ਦੇ ਸਰਾਪ ਨਾਲ ਬੁਰੇ ਹਾਲੀਂ ਮਰਦਾ ਦਰਸਾਉਣ ਦਾ ਕਾਰਨ ਸਿਰਫ਼ ਇਹੋ ਸੀ ਕਿ ਬ੍ਰਾਹਮਣ ਦੀ ਸ਼ਕਤੀ ਦਾ ਭੈ ਲੋਕਾਂ ਦੇ ਮਨਾਂ ਵਿੱਚ ਪੂਰੀ ਤਰ੍ਹਾਂ ਬੈਠ ਜਾਵੇ, ਤਾਂ ਜੋ ਕਿਸੇ ਵੀ ਹਾਲਤ ਵਿੱਚ ਕੋਈ ਮਨੁੱਖ ਬ੍ਰਾਹਮਣ ਦੀ ਅਵੱਗਿਆ ਕਰਨ ਦੀ ਭੁੱਲ ਨਾ ਕਰੇ । ਧਰਮ ਗ੍ਰੰਥਾਂ ਦੀਆਂ ਲਿਖਤਾਂ ਵਿੱਚ ਅਜੇਹੀ ਗਾਥਾ ਵੀ ਲਿਖੀ ਹੈ ਕਿ ਬ੍ਰਾਹਮਣ ਨੇ ਭਾਂਵੇ ਕਿੱਡਾ ਵੀ ਭਿਆਨਕ ਅਪਰਾਧ ਕੀਤਾ ਹੋਵੇ ਉਸ ਨੂੰ ਵੱਡੇ ਤੋਂ ਵੱਡਾ ਸਮਰਾਟ ਕੋਈ ਡੰਨ (ਸਜ਼ਾ) ਨਹੀਂ ਸੀ ਦੇ ਸਕਦਾ । ਜਿਸ ਸ਼ਿਵ ਜੀ ਨੂੰ ਪ੍ਰਲੈ ਕਰਕੇ ਸੰਸਾਰ ਨੂੰ ਨਸ਼ਟ ਕਰ ਸਕਣ ਦੀ ਸ਼ਕਤੀ ਦਾ ਮਾਲਕ ਬ੍ਰਾਹਮਣ ਨੇ ਆਪ ਹੀ ਦੱਸਿਆ, ਉਸ ਦਾ ਪਾਰਬਤੀ ਨਾਲ ਰਿਸ਼ਤਾ, ਬ੍ਰਾਹਮਣ ਨਾ ਜੋੜਦਾ ਤਾਂ ਸ਼ਾਇਦ ਉਹ **(ਭੋਲੇਨਾਥ ਜੀ) ਅਣਵਿਆਹੇ ਹੀ ਰਹਿੰਦੇ** । ਭਾਗਵਤ ਪੁਰਾਣ ਵਿੱਚ ਕ੍ਰਿਸ਼ਨ ਨੂੰ ਬ੍ਰਾਹਮਣ ਦੀ ਮਹਾਨਤਾ ਦੇ ਸੋਹਿਲੇ ਗ਼ਾਂਉਂਦਾ ਇਨ੍ਹਾਂ ਸ਼ਬਦਾਂ ਵਿੱਚ ਦਰਸਾਿਆ ਹੈ :-

**ਬਿੱਪ੍ਰ ਦੋਖ ਜਿਨ ਕੋਊ ਕਰੋ । ਮਤ ਕੋਊ ਅੰਸ਼ ਬਿਪ੍ਰ ਕੀ ਹਰੋ ।**
**ਮਨ ਸੰਕਲਪ ਕੀਓ ਜਿਨ ਰਾਖੋ । ਸਤਯ ਬਚਨ ਬਿੱਪ੍ਰ ਸੋਂ ਭਾਖੋ ।**
**ਬਿਪ੍ਰਹਿ ਦੀਓ ਫੇਰ ਜੋ ਲੇਇ । ਤਾਂ ਕੋ ਦੰਡ ਇਤੋ ਜਮ ਦੇਇ ।**
**ਬਿੱਪ੍ਰਨ ਕੇ ਸੇਵਕ ਭਏ ਰਹੀਏ । ਸਭ ਅਪ੍ਰਾਧ ਬਿਪ੍ਰ ਕੇ ਸਹੀਏ ।**
**ਬਿੱਪ੍ਰਹਿ ਮਾਨੇ ਸੋ ਮੋਹਿ ਮਾਨੇ । ਬਿੱਪ੍ਰ ਅਰ ਮੋਹ ਭਿੰਨ ਨਾ ਜਾਨੇ ।**

**ਪਦ ਅਰਥ**:- ਦੋਖ--ਕੋਈ ਵੈਰ, ਨਰਾਜ਼ਗੀ । ਜਿਨ--ਮਤਾਂ (ਬ੍ਰਾਹਮਣ ਨਾਲ ਵੈਰ ਵਿਰੋਧ ਕਦੇ ਨਾ ਰਖੋ) । ਅੰਸ--ਹਿੱਸਾ । ਹਰੋ--ਚੁਰਾਉ (ਭਾਵ- ਬ੍ਰਾਹਮਣ ਦੇ ਦਾਨ ਵਿਚੋਂ ਕਿਸੇ ਪ੍ਰਕਾਰ ਦੀ ਹੇਰਾ ਫੇਰੀ ਨਾ ਕਰੋ) । ਸੰਕਲਪ--ਵਿਚਾਰ । ਭਾਖੋ--ਕਹਿ ਦਿਉ (ਭਾਵ ਕਿ ਜੇ ਮਨ ਵਿੱਚ ਵੀ ਦਾਨ ਕਰਨ ਦਾ ਵਿਚਾਰ ਆਇਆ ਹੋਵੇ ਉਹ ਵੀ ਬ੍ਰਾਹਮਣ ਨੂੰ ਸਚੋ ਸੱਚ ਦੱਸ ਕੇ ਪੂਰੇ ਦਾ ਪੂਰਾ ਉਸ ਦੇ ਹਵਾਲੇ ਕਰ ਦਿਉ) । ਬਿੱਪ੍ਰਹਿ- - - - ਦੇਇ -- ਬਿੱਪ੍ਰ ਨੂ ਦਿੱਤਾ ਹੋਇਆ ਦਾਨ ਜੋ ਮਨੁੱਖ ਫੇਰ ਲਵੇਗਾ ਅਰਥਾਤ ਵਾਪਸ ਲੈ ਲਵੇਗਾ ਉਸ ਨੂੰ ਜਮ-ਰਾਜ ਏਨੀ ਹੀ ਭਿਆਨਕ ਸਜ਼ਾ ਦਿੰਦਾ ਹੈ । ਅਪ੍ਰਾਧ--ਵਧੀਕੀ (ਬ੍ਰਾਹਮਣ ਦੀ ਹਰ ਵਧੀਕੀ ਖਿੜੇ ਮੱਥੇ ਝੱਲਣੀ ਚਾਹੀਦੀ ਹੈ) । ਬਿਪ੍ਰ ਮਾਨੇ- - - ਭਿੰਨ ਨਾ ਜਾਨੇ--ਬ੍ਰਾਹਮਣ ਦਾ ਸਤਿਕਾਰ ਮੇਰਾ ਸਤਿਕਾਰ ਹੈ, ਮੇਰੇ ਵਿਚ ਅਤੇ ਬ੍ਰਾਹਮਣ ਵਿਚ ਕਦੇ ਕੋਈ ਫ਼ਰਕ ਨਾ ਸਮਝੋ । (ਸ੍ਰੀ ਮਦ ਭਾਗਵਤ ਪੁਰਾਣ ਸਕੰਦ ੧੦--ਅਧਿਆਇ-੬੫)

ਇਹ ਕੁਝ ਕਹਿਣ ਦੀ ਕ੍ਰਿਸ਼ਨ ਜੀ ਨੂੰ ਜਿਸ ਕਾਰਨ ਲੋੜ ਪਈ ਉਸ ਘਟਣਾ ਦਾ ਵੇਰਵਾ ਭਲਗਵਤ ਪੁਰਾਣ ਵਿਚ ਲਿਖਿਆ ਹੈ । ਉਸ ਗਾਥਾ ਦਾ ਸੰਖੇਪ ਵਰਣਨ ਇਸ ਪਰਕਾਰ ਹੈ :-

**ਨਿਗ੍ਰ** ਨਾਮੇ ਇੱਕ ਮਹਾਰਾਜਾ ਹਜ਼ਾਰਾਂ ਗਊਆਂ ਰੋਜ਼ ਦਾਨ ਕਰਦਾ ਹੁੰਦਾ ਸੀ । ਕਿਸੇ ਬ੍ਰਾਹਮਣ ਨੂੰ ਦਾਨ ਕੀਤੀ ਹੋਈ ਗਾਂ ਉਸ ਬ੍ਰਾਹਮਣ ਕੋਲੋਂ ਛੁੱਟ ਕੇ ਮੁੜ ਰਾਜੇ ਤੇ ਤਬੇਲੇ ਵਿੱਚ ਆ ਵੜੀ, ਜੋ ਭੁਲੇਖੇ ਨਾਲ ਅਗਲੇ ਦਿਨ ਰਾਜੇ ਨੇ ਕਿਸੇ ਹੋਰ ਬ੍ਰਾਹਮਣ ਨੂੰ ਦਾਨ ਕਰ ਦਿੱਤੀ । ਇਸ ਧਿਙਾਣੇ ਦੇ ਅਪਰਾਧ ਕਾਰਨ ਰਾਜੇ ਨੂੰ ਕਿਰਲਾ ਬਣ ਕੇ ਕਈ ਯੁੱਗ ਅੰਨ੍ਹੇ ਖੂਹ ਵਿੱਚ ਪਏ ਰਹਿਣਾ ਪਿਆ । ਦੁਆਪਰ ਯੁੱਗ ਵਿੱਚ ਸ੍ਰੀ ਕ੍ਰਿਸ਼ਨ ਦੇ ਪੋਤਰਿਆਂ ਨੇ ਉਸ ਕਿਰਲੇ ਨੂੰ ਦੇਖ ਲਿਆ ਅਤੇ ਕ੍ਰਿਸ਼ਨ ਨੂੰ ਜਾ ਦਸਿਆ । ਕ੍ਰਿਸ਼ਨ ਨੇ ਉਸ ਕਿਰਲੇ ਨੂੰ ਆਪਣੇ ਪੈਰ ਦੇ ਅੰਗੂਠੇ ਦੀ ਛੋਹ ਨਾਲ ਮੁੜ ਰਾਜਾ ਨਿਗ੍ਰ ਬਣਾ ਦਿੱਤਾ ਅਤੇ ਉਸ ਸਮੇਂ ਕ੍ਰਿਸ਼ਨ ਜੀ ਨੇ ਇਹ ਉਪਦੇਸ਼ ਉਥੇ ਜੁੜੇ ਲੋਕਾਂ ਨੂੰ ਦਿੱਤਾ ਸੀ ਕਿ ਕਿਸੇ ਬ੍ਰਾਹਮਨ ਨੂੰ ਕੀਤਾ ਹੋਇਆ ਦਾਨ ਕਿਸੇ ਵੀ ਭੁਲੇਖੇ ਨਾਲ ਵਾਪਸ ਨਹੀਂ ਹੋਣਾ ਚਾਹੀਦਾ । ਭਾਂਵੇਂ ਬ੍ਰਾਹਮਣ ਦੀ ਕਮਜ਼ੋਰੀ ਅਥਵਾ ਲਾਪ੍ਰਵਾਹੀ ਨਾਲ ਹੀ ਗਊ ਮੁੜ ਕੇ ਤਬੇਲੇ ਵਿੱਚ ਆ ਵੜੀ ਸੀ ਪਰ ਦੋਸ਼ੀ ਹਰ ਹਾਲਤ ਵਿਚ ਰਾਜਾ ਹੀ ਸੀ । ਕਿਸੇ ਕਾਰਨ ਵੀ ਬ੍ਰਹਮਣ ਨੂੰ ਹੋ ਚੁੱਕਾ ਦਾਨ ਜੇ ਏਧਰ ਓਧਰ ਹੋ ਜਾਵੇ ਤਾਂ ਸਜ਼ਾ ਹਰ ਹਾਲਤ ਵਿੱਚ ਦਾਨੀ ਨੂੰ ਹੀ ਮਿਲੇਗੀ । (ਉਪ੍ਰੋਕਤ ਚੌਪਈ ਉਸੇ ਉਪਦੇਸ਼ ਦਾ ਰੂਪਾਂਤ੍ਰ ਹੈ)

**ਅਜੇਹੀਆਂ ਹੋਰ ਲਿਖਤਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ :-**

੧= ਰੁਕਮਣੀ, ਕਿਸੇ ਬ੍ਰਾਹਮਣ--ਲਾਗੀ ਦੇ ਹੱਥ ਕ੍ਰਿਸ਼ਨ ਕੋਲ ਸੁਨੇਹਾ ਭੇਜਦੀ ਹੈ ਕਿ ਕ੍ਰਿਸ਼ਨ ਛੇਤੀ ਨਾਲ ਆ ਕੇ ਜੇ ਉਸ (ਰੁਕਮਣੀ) ਨੂੰ ਨਾਲ ਨਾ ਲੈ ਗਿਆ ਤਾਂ ਉਸ ਦੀ ਸ਼ਾਦੀ ਸ਼ਸ਼ਪਾਲ ਦੇ ਨਾਲ ਕਰ ਦਿੱਤੀ ਜਾਣੀ ਹੈ । ਲਾਗੀ ਦੁਆਰਕਾ ਪੁੱਜਦਾ ਹੈ ਅਤੇ ਦੁਆਰਪਾਲ ਨੂੰ ਪੁੱਛ ਕੇ ਕ੍ਰਿਸ਼ਨ ਦੇ ਮਹਲਾਂ ਵਿੱਚ ਜਾ ਵੜਦਾ ਹੈ । ਇਸ ਲਾਗੀ ਬਾਰੇ ਜਦ ਕ੍ਰਿਸ਼ਨ ਨੂੰ ਇਹ ਪਤਾ ਲੱਗਦਾ ਹੈ ਕਿ ਉਹ **ਬ੍ਰਾਹਮਣ** ਹੈ ਤਾਂ ਕ੍ਰਿਸ਼ਨ ਲੰਮਾ ਪੈ ਕੇ ਉਸ ਨੂੰ ਡੰਡੌਤ ਕਰਦਾ ਹੈ ਅਤੇ ਉਸ ਦੇ ਪੈਰ ਧੋ ਕੇ ਪਾਣੀ ਨੂੰ ਪਵਿੱਤਰ-ਚਰਨਾਮ੍ਰਿਤ ਵਜੋਂ ਪੀ ਲੈਂਦਾ ਹੈ । ਉਸ ਬ੍ਰਾਹਮਣ ਦੀ ਇਸ ਪ੍ਰਕਾਰ ਸੇਵਾ ਕਰਦਾ ਲਿਖਿਆ ਹੈ ਕਿ ਜਿਵੇਂ ਉਹ ਕ੍ਰਿਸ਼ਨ ਦਾ ਇਸ਼ਟ ਸੀ । ਫਿਰ ਕ੍ਰਿਸ਼ਨ ਉਸ ਲਾਗੀ-ਬ੍ਰਾਹਮਣ ਨੂੰ ਆਪਣੇ ਪਲੰਘ ਤੇ ਸੁਆਲਦਾ ਹੈ । (ਭਾਗਵਤ ਪੁਰਾਣ ਸਕੰਦ--੧੦ ਅਧਿਆਇ ੫੩--ਪੰਜਾਬੀ ਅਨੁਵਾਦ) ਅਜੇਹੀ ਕਹਾਣੀ ਘੜ ਕੇ ਧਰਮ ਗ੍ਰੰਥ ਵਿਚ ਲਿਖਣ ਤੋ ਲਾਭ ਸਵਾਏ ਬ੍ਰਾਹਮਣ ਦੇ ਹੋਰ ਕਿਸ ਨੂੰ ਪੁੱਜਣਾ ਸੀ ?

੨= ਬ੍ਰਹਮਾਂ ਜੀ ਆਪਣੇ ਪੁੱਤ੍ਰ ਨਾਰਦ ਨੂੰ ਦੱਸਦੇ ਹਨ ਕਿ ਸ਼ਿਵਾਂ ਦਾ ਰਿਸ਼ਤਾ ਗਿਰਜਾ ਅਥਵਾ ਪਾਰਬਤੀ ਨਾਲ ਬ੍ਰਾਹਮਣ ਨੇ ਜੋੜਿਆ ਸੀ । ਫਿਰ ਉਨ੍ਹਾਂ ਦਾ ਵਿਆਹ ਤਾਂ ਭਾਵੇਂ ਬ੍ਰਹਮਾਂ ਨੇ ਆਪ ਕਰਾਇਆ ਸੀ ਪਰ ਨਵੇਂ ਵਆਹੇ ਜੋੜੇ (ਸ਼ਿਵ-ਪਾਰਬਤੀ) ਨੂੰ ਗ੍ਰਿਹਸਤ ਜੀਵਨ ਦੀ ਸਿੱਖਆ **ਬ੍ਰਾਹਮਣੀਆਂ** ਨੇ ਦਿੱਤੀ ਸੀ । (ਸ਼ਿਵ ਪੁਰਾਣ ਖੰਡ-੩ ਅਧਿਆਇ ੧੬,੧੭ ਅਤੇ ੬੩)

੩= ਵੀਡੀਓ (Video) ਰੀਲਾਂ ਰਾਹੀਂ ਦਿਖਲਾਈ ਗਈ ਰਾਮਾਇਣ ਗਾਥਾ ਵਿੱਚ ਚਕਰਵਰਤੀ ਮਹਾਰਾਜ ਦਸ਼ਰਥ ਨੂੰ ਵਸ਼ਿਸ਼ਟ ਅਤੇ ਫਿਰ ਸ਼ੁਰਿੰਗ ਰਿਸ਼ੀ ( ਦੋਵੇਂ ਬ੍ਰਹਮਣ) ਦੇ ਆਸ਼ਰਮ ਤੇ ਨੰਗੇ ਪੈਰੀਂ ਜਾ ਕੇ ਪੁੱਤ੍ਰ ਦੀ ਦਾਤ ਲਈ ਹਾੜੇ ਕੱਢਦਾ ਵਿਖਾਇਆ ਹੋਇਆ ਹੈ । ਰਿਸ਼ੀ ਪ੍ਰਸੰਨ ਹੋ ਕੇ ਰਾਜੇ ਦੇ ਨਾਲ ਆ ਕੇ ਯੱਗ ਕਰਦਾ ਹੈ । ਯੱਗ ਦੇ ਹਵਨ ਕੁੰਡ ਵਿਚੋਂ ਅਗਨੀ ਦੇਵਤਾ ਹੱਥ ਵਿਚ ਖੀਰ ਦਾ ਕਟੋਰਾ ਲਈ, ਪ੍ਰਗਟ ਹੁੰਦਾ ਹੈ ਅਤੇ ਰਾਜੇ ਨੂੰ ਦੇ ਕੇ ਕਹਿੰਦਾ ਹੈ ਕਿ ਰਾਣੀਆਂ ਨੂੰ ਖੀਰ ਖੁਆਏ ਪੁੱਤ੍ਰਾਂ ਦਾ ਜਨਮ ਹੋਵੇਗਾ । ਸੁਮਿੱਤ੍ਰਾ ਰਾਣੀ ਦੋ ਗ੍ਰਾਹੀਆਂ ਖੀਰ ਖਾ ਲੈਂਦੀ ਹੈ ਤਾਂ ਉਸ ਨੂੰ ਦੋ ਕਾਕੇ (ਲਛਮਨ ਤੇ ਸ਼ਤਰੂਗਨ) ਜਨਮਦੇ ਹਨ । ਦੂਜੀਆਂ ਦੋਹਾਂ (ਕੁਸ਼ੱਲਿਆ ਅਤੇ ਕੈਕਈ) ਨੂੰ ਰਾਮ ਤੇ ਭਰਤ ਪੈਦਾ ਹੁੰਦੇ ਹਨ । ਇਹ ਸੋਚ ਕੇ ਹੈਰਾਨੀ ਹੁੰਦੀ ਹੈ ਕਿ ਜੇ ਸੁਆਦ ਕਾਰਨ ਜਾਂ ਭੁਲੇਖੇ ਨਾਲ ਸੁਮਿਤ੍ਰਾ ਵਾਂਗ ਦੂਜੀਆਂ ਰਾਣੀਆਂ ਵੀ ਖੀਰ ਦੀਆਂ ਦੋ ਜਾਂ ਵੱਧ ਬੁਰਕੀਆਂ ਖਾ ਲੈਂਦੀਆਂ ਤਾਂ ਕੀ ਭਾਣਾ ਵਰਤਦਾ ?

੪= ਦੁਨੀਆਂ ਵਿੱਚ ਹੋਰ ਜਿਨੇ ਵੀ ਪੈਗ਼ੰਬਰ (ਹਜ਼ਰਤ ਮੁਹੰਮਦ, ਹਜ਼ਰਤ ਈਸਾ, ਹਜ਼ਰਤ ਮੂਸਾ ਆਦਿ) ਹੋਏ ਹਨ ਉਨ੍ਹਾਂ ਵਿਚੋਂ ਕਿਸੇ ਨੇ ਵੀ ਆਪਣੇ ਆਪ ਨੂੰ ਰੱਬ, ਖ਼ੁਦਾ, ਅੱਲਾ ਅਥਵਾ God ਹੋਣਾ ਨਹੀਂ ਸੀ ਕਿਹਾ । ਰੱਬ ਦਾ ਸੁਨੇਹਾ ਦੇਣ ਆਏ ਅਥਵਾ ਰੱਬ ਦਾ ਬੇਟਾ ਹੋਣਾ ਕਹਿਣ ਤੱਕ ਹੀ ਰਹੇ ਸਨ । ਉਨ੍ਹਾਂ ਵਿਚੋਂ ਕਿਸੇ ਦਾ ਸਕੂਲੀ

ਵਿਦਿਆ ਦੇ ਜੀਵਨ ਦਾ ਇਤਿਹਾਸ ਨਹੀਂ ਮਿਲਦਾ । (ਗੁਰੂ ਨਾਨਕ ਦੇਵ ਜੀ ਥੁਹੜੇ ਸਮੇ ਵਾਸਤੇ ਆਪਣੇ ਪਿੰਡ ਦੇ ਹੀ ਪਾਂਧੇ ਅਥਵਾ ਮੌਲਵੀ ਕੋਲ ਜ਼ਰੂਰ ਗਏ ਸਨ) । ਪਰ ਏਧਰ ਬ੍ਰਾਹਮਣ ਨੇ ਆਪ ਹੀ ਪ੍ਰਸਿੱਧ ਅਵਤਾਰਾਂ (ਸ੍ਰੀ ਰਾਮ ਚੰਦ੍ਰ ਅਤੇ ਸ੍ਰੀ ਕ੍ਰਿਸ਼ਨ, ਨੂੰ ਤ੍ਰੈਲੋਕੀ ਦੇ ਨਾਥ, ਸ੍ਰਿਸ਼ਟੀ ਦੇ ਕਰਤਾ ਅਤੇ ਕਣ-ਕਣ ਵਿੱਚ ਸਮਾਏ ਹੋਣ ਵਾਲੇ ਵਿਸ਼ਨੂੰ ਵੀ ਕਿਹਾ ਅਤੇ ਲੋਕਾਂ ਕੋਲੋਂ ਵੀ ਕਹਾਇਆ ਸੀ । ਫਿਰ ਉਨ੍ਹਾਂ ਭਗਵਾਨਾਂ ਨੂੰ ਆਪਣੀ ਸਿਰਜਣਾ ਵਾਲੇ ਸੰਸਾਰ ਦੇ ਹਰ ਦੇਸ਼ ਦੀ ਬੋਲੀ ਅਥਵਾ ਸੰਸਾਰੀ ਵਿੱਦਿਆ ਦੇ ਜਾਨਣ ਹਾਰ ਦੱਸਣ ਦੀ ਬਜਾਏ, (ਸਿਰਫ਼ ਆਪਣਾ ਭੈ ਲੋਕਾਂ ਦੇ ਦਿਲਾਂ ਅੰਦਰ ਵਸਾਉਣ ਦੇ ਜਤਨ ਵਿੱਚ) ਦੋਹਾ ਭਗਵਾਨਾਂ ਬਾਰੇ ਇਹ ਲਿਖਿਆ ਕਿ ਇਨ੍ਹਾਂ ਨੂੰ **ਵਿਸ਼ਿਸ਼ਟ** ਅਤੇ **ਸੰਦੀਪਨ** ਬ੍ਰਾਹਮਣ-ਗੁਰੂਆਂ ਕੋਲ ਵਿਦਿਆ ਪੜ੍ਹਨ, ਰਾਜਨੀਤੀ ਅਤੇ ਸ਼ਸਤ੍ਰ ਵਿਦਿਆ ਆਦਿ ਸਿੱਖਣ ਲਈ ਮਹਲਾਂ ਦੇ ਸੁੱਖ ਅਤੇ ਮਾਪਿਆਂ ਦਾ ਪਿਆਰ ਤਿਆਗ ਕੇ, ਦੂਰ, ਜੰਗਲਾਂ ਵਿੱਚ ਰਹਿ ਕੇ, ਕੰਦ ਮੂਲ ਖਾ ਕੇ ਧਰਤੀ ਤੇ ਸੌਣਾ ਪਿਆ । ਬਿੱਪ੍ਰ ਰਿਸ਼ੀਆਂ ਦੀ ਮੁੱਠੀ-ਚਾਪੀ ਕਰਦਿਆਂ, ਆਸ਼ਰਮ ਦੀ ਸਫ਼ਾਈ ਕਰਦਿਆਂ, ਰਿਸ਼ੀ-ਪਰਿਵਾਰਾਂ ਦੀ ਸੇਵਾ ਕਰਦਿਆਂ, ਪਸ਼ੂਆਂ ਦੀ ਸੇਵਾ-ਸੰਭਾਲ ਕਰਦਿਆਂ ਅਤੇ ਜੰਗਲ ਵਿੱਚੋ ਬਾਲਣ ਚੁਗ ਕੇ ਲਿਉਂਣ ਜਿਹੀਆਂ ਬੁਤੀਆਂ ਕਰਦਿਆਂ ਅਤੇ ਬ੍ਰਾਹਮਣਾਂ ਦੀ ਕਰੜੀ ਸੇਵਾ ਕਰਦਿਆਂ, ਇਨ੍ਹਾਂ (ਦੋਹਾਂ ਈਸ਼ਵਰਾਂ) ਨੂੰ ਸਾਰਾ ਬਾਲਪਨ ਬਿਤਾਉਂਦਿਆਂ ਦਰਸਾਇਆ ਹੈ । ਅਜੇਹਾ ਅਨਰਥ ਲਿਖਣ ਦੀ ਕਿਉਂ ਲੋੜ ਪਈ ? **ਇਹ ਸਾਬਤ ਕੀਤਾ ਕਿ ਬ੍ਰਾਹਮਣਾ ਦੀ ਕ੍ਰਿਪਾ ਤੋਂ ਬਿਨਾਂ ਕੋਈ ਅਵਤਾਰ ਨਾਂ ਜਨਮ ਲੈ ਸਕਦਾ ਹੈ ਅਤੇ ਨਾਂ ਹੀ ਇਨ੍ਹਾਂ ਤੋਂ ਵਿਦਿਆ ਸਿੱਖਣ ਤੋਂ ਬਿਨਾਂ ਦੁਨੀਆਂ ਵਿੱਚ ਇਜ਼ਤ ਮਾਣ ਵਾਲੀ ਜ਼ਿੰਦਗੀ ਕੱਟਣ ਜੋਗਾ ਬਣ ਸਕਦਾ ਹੈ ।**

੫= ਰਾਮਾਇਣ ਦੀ ਬੜੀ ਪ੍ਰਸਿੱਧ ਕਥਾ ਹੈ ਕਿ ਯੁਵਰਾਜ **ਦਸ਼ਰਥ** ਨੇ ਜੰਗਲੀ ਜਾਨਵਰ ਦੀ ਆਵਜ਼ ਸਮਝ ਕੇ ਸ਼ਬਦ-ਬੇਧੀ ਬਾਣ ਚਲਾ ਦਿੱਤਾ ਜੋ ਅਨ੍ਹੇਂ ਮਾਤਾ ਪਿਤਾ ਦੇ ਇੱਕਲੋਤੇ ਪੁੱਤ੍ਰ **ਸਰਵਣ** ਨੂੰ ਜਾ ਲੱਗਾ, ਜਿਸ ਨਾਲ ਉਸ ਦੀ ਮੌਤ ਹੋ ਗਈ । ਯੁਵਰਾਜ-ਕੁਮਾਰ ਨੂੰ ਬੜਾ ਦੁੱਖ ਹੋਇਆ ਅਤੇ ਉਸ ਨੇ ਅਨ੍ਹੇ ਮਾਤਾ ਨੂੰ ਆਪ ਹੀ ਇਸ ਦੁਖਦਾਈ ਦੁਰਘਟਣਾਂ ਬਾਰੇ ਜਾ ਦੱਸਿਆ ਅਤੇ ਹਾੜੇ ਕੱਢਦਿਆਂ ਖਿਮਾਂ ਮੰਗੀ । ਹਰ ਪ੍ਰਕਾਰ ਦਾ ਹਰਜਾਨਾਂ ਭਰਨਾ ਮੰਨਿਆਂ । ਪਰ ਉਸ **ਬ੍ਰਾਹਮਣ ਰਿਖੀ** ਨੇ ਜ਼ਰਾ ਤਰਸ ਨਾ ਖਾਦਾ ਅਤੇ ਦਸ਼ਰਥ ਨੂੰ ਸਰਾਪ ਦੇ ਦਿੱਤਾ ਕਿ ਉਹ ਵੀ ਪੁਤੱਰ ਵਿਯੋਗ ਵਿੱਚ ਤੜਫ ਤੜਫ ਕੇ ਮਰੇ । (ਬਾਲ ਉਮਰ ਦੇ ਚੌਹਾਂ ਹੀ ਬੱਚਿਆਂ ਦੇ ਵੀਹ ੨੦/੨੫ ਸਾਲਾਂ ਦੇ ਲੰਮੇ ਸਮੇਂ ਲਈ ਪੜ੍ਹਨ ਵਂਸਤੇ ਜੰਗਲਾਂ ਵਿਚ ਭੇਜਣ ਦੇ ਵਿਛੋੜੇ ਦੀ ਪੀੜ ਨਾਲ ਤਾਂ ਦਸ਼ਰਥ ਨੂੰ ਮਰਦਾ ਨਾ ਵਖਾਲਿਆ ਪਰ ਜਦੋਂ ਜਵਾਨ ਹੋ ਕੇ ਵਿਆਹੇ ਵਰੇ ਹੋਏ ਸਨ, ਅਤੇ ਦੋ (ਭਰਤ ਅਤੇ ਸ਼ਤ੍ਰੂਗਣ) ਆਪਣੇ ਨਾਨਕੇ ਗਏ ਹੋਏ ਸਨ, ਜਿਨ੍ਹਾਂ ਨੂੰ ਸੁਨੇਹਾ ਭੇਜ ਕੇ ਕਿਸੇ ਪਲ ਵੀ ਮੰਗਾਇਆ ਜਾ ਸਕਦਾ ਸੀ, ਅਤੇ ਰਾਮ ਲਛਮਣ ਨੂੰ ਵੀ ਜੰਗਲ ਵਿੱਚ ਜਾ ਕੇ ਓਸੇ ਤਰ੍ਹਾਂ ਮਿਲਿਆ ਜਾ ਸਕੀਦਾ ਸੀ ਜਿਵੇਂ **ਭਰਤ** ਜਾ ਮਿਲਿਆ ਸੀ, ਪਰ ਸਿਰਫ਼ ਬ੍ਰਾਹਮਣ ਦੇ ਸਰਾਪ ਦਾਂ ਪੂਰਾ ਹੋ ਜਾਣ ਵਾਲਾ ਭਰਮ ਪੱਕਾ ਕਰਨ ਲਈ, ਉਸ ਨਾਮ ਮਾਤ੍ਰ ਵਿਛੋੜੇ ਕਾਰਨ **ਦਸ਼ਰਥ ਨੂੰ ਤੜਫ ਰੜਫ਼ ਕੇ ਮਰਦਾ ਦਰਸਾਇਆ** ।

੬= ਮਹਾਂ ਭਾਰਤ ਵਿੱਚ ਵੀ ਇੱਕ ਅਜੇਹੀ ਹੀ, ਪਰ ਬੜੀ ਅਸ਼ਲੀਲ ਗਾਥਾ ਹੈ । ਓਥੇ ਮਹਾਰਾਜ ਪਾਂਡੋ ਨੂੰ ਤੀਰ ਚਲਾਉਂਦਾ ਵਿਖਾਇਆ ਗਿਆ ਹੈ । ਪਰ ਏਥੇ ਮਹਾਰਾਜ ਪਾਂਡੋ ਨੂੰ ਕਿਸੇ ਆਵਾਜ਼ ਦੇ ਸੁਣਨ ਦਾ ਭੁਲੇਖਾ ਨਹੀਂ ਸੀ ਲੱਗਾ । ਉਸ ਨੂੰ ਬ੍ਰਾਹਮਣ ਰਿਖੀ ਦੀ ਪੰਗੇ ਲੈਣੀ ਅਸ਼ਲੀਲ ਕਰਾਮਾਤ ਦੇ ਕਾਰਨ ਧੋਖਾ ਲੱਗਾ ਸੀ । ਗਾਥਾ ਇਸ ਪ੍ਰਕਾਰ ਹੈ ਕਿ :- -

**ਮਹਾਰਾਜ ਪਾਂਡੋ** ਆਰਾਮ ਕਰਨ ਲਈ ਜੰਗਲ ਵਿੱਚ ਆਪਣੀਆਂ ਦੋਹਾਂ ਰਾਣੀਆਂ ਸਮੇਤ ਠਹਿਰਿਆ ਹੋਇਆ ਸੀ । **ਕਿਮਿੰਦ** ਰਿਖੀ ਦੀ ਕੁਟੀਆ ਵੀ ਕੋਲ ਹੀ ਸੀ, ਜਿਸ ਵਿੱਚ ਰਿਖੀ ਆਪਣੀ ਪਤਨੀ ਸਮੇਤ ਰਹਿੰਦਾ ਸੀ । ਰਾਜ ਪ੍ਰਵਾਰ ਉਨ੍ਹਾਂ ਦੇ ਦਰਸ਼ਨਾਂ ਨੂੰ ਕਈ ਵਾਰੀ ਗਿਆ ਅਤੇ ਰਿਖੀ ਜੋੜੇ ਕੋਲੋਂ ਅਸ਼ੀਰਵਾਦ ਵੀ ਲਈ । ਇੱਕ ਦਿਨ ਰਿਖੀ ਨੂੰ ਪੁੱਠੀ ਸ਼ਰਾਰਤ ਸੁੱਝੀ । ਮਹਾਰਾਜੇ ਦੇ ਡੇਰੇ ਦੀ ਪਰਵਾਹ ਨਾ ਕਰਦਿਆਂ ਆਪਣੀ ਪਤਨੀ ਨੂੰ ਸ਼ੇਰਨੀ ਬਣਾ ਲਿਆ ਅਤੇ ਆਪ ਸ਼ੇਰ ਬਣ ਕੇ ਉਸ ਨਾਲ ਕਾਮ ਕ੍ਰੀੜਾ ਕਰਨ ਵਿੱਚ ਰੁੱਝ ਗਿਆ । ਮਸਤੀ ਵਿੱਚ ਆਇਆ ਜੋੜਾ ਸ਼ੇਰਾਂ ਵਾਂਗ ਹੀ ਆਵਾਜ਼ਾਂ ਕੱਢਣ ਲੱਗ ਪਿਆ । ਸ਼ੇਰਾਂ ਦੀ ਗਰਜਨਾਂ ਸੁਣ ਕੇ ਰਾਣੀਆਂ ਡਰ ਗਈਆਂ । ਰਾਜੇ ਨੇ ਤੀਰ ਕਮਾਨ ਚੁਕਿਆ ਅਤੇ ਨਿਸ਼ਾਨਾ ਲੈ ਕੇ ਤੀਰ ਚਲਾ ਦਿੱਤਾ ਜੋ ਦੋਹਾਂ ਦੇ ਵਿਚਦੀ ਪਾਰ ਹੋ ਗਿਆ । ਰਾਜੇ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜੱਦ ਤੀਰ ਦੇ ਲੱਗਦਿਆਂ ਹੀ ਦੋਵੇਂ ਅਸਲੀ ਰੂਪ ਵਿੱਚ ਆ ਗਏ । ਮਰਦੇ ਹੋਏ ਉਸੇ ਰਿਸ਼ੀ ਨੇ ਜਿਸ ਨੇ ਰਾਣੀਆਂ ਨੂੰ ਪੁੱਤ੍ਰ-ਵਤੀ ਹੋਣ ਦਾ ਵਰ ਦਿੱਤਾ ਸੀ, ਆਪਣੇ ਸਰਾਪ ਦਾ ਮੁੜਵਾਂ ਬਾਣ ਰਾਜੇ ਤੇ ਚਲਾ ਦਿੱਤਾ, ਕਿ ਜਦੋਂ ਵੀ ਰਾਜਾ ਆਪਣੀ ਪੱਤਨੀ ਨਾਲ ਭੋਗ ਕਰਨ ਲੱਗੇਗਾ ਤਾਂ ਓਸੇ ਛਿਣ ਉਸ ਦੀ ਮੌਤ ਹੋ ਜਾਵੇ ਗੀ । ਇਸ ਅਣਮਨੁੱਖੀ ਅਤੇ ਨਿਰਦਈ ਸਰਾਪ ਦੇ ਕਾਰਨ ਰਾਜੇ ਨੂੰ ਸੰਤਾਨ ਹੀਣ ਮਰਨ ਤੇ ਸਦ-ਗਤੀ ਦੀ ਪ੍ਰਾਪਤੀ ਤੋਂ ਵਾਂਜੇ ਰਿਹਣ ਦਾ ਝੋਰਾ ਲੱਗ ਗਿਆ । ਆਖ਼ਰ ਮਹਾਰਾਣੀ ਕੁੰਤੀ ਦਆਰਾ ਪੰਜੇ ਪਾਂਡੋ ਭਰਾ (ਯੁਧਿਸ਼ਟਰ,ਭੀਮ,ਅਰਜੁਨ,ਨਕਲ ਤੇ ਸਹਿਦੇਵ) ਬ੍ਰਾਹਮਣ ਰਿਸ਼ੀ ਦੁਰਬਾਸ਼ਾ ਦੇ ਮੰਤ੍ਰ ਦੇ ਜ਼ੋਰ ਨਾਲ ਹੀ ਜਨਮਦੇ ਦਰਸਾਏ । ਰਾਜੇ ਦੀ ਮੌਤ ਏਥੇ ਵੀ ਬੜੇ ਮੰਦੇ ਹਾਲੀਂ ਹੁੰਦੀ ਦਰਸਾ ਕੇ ਬ੍ਰਾਹਮਣ ਦੇ ਸਰਾਪ ਦੀ ਜੈ ਜੈਕਾਰ ਕੀਤੀ ਗਈ । ਤਾਂ ਜੋ ਬ੍ਰਾਹਮਣ ਦੇ ਕਿਸੇ ਗ਼ੰਦੇ ਤੋਂ ਗੰਦੇ **ਰੰਗ ਵਿੱਚ ਭੰਗ** ਪਾਉਣ ਦੀ ਦਲੇਰੀ ਓਥੋਂ ਦਾ ਮਹਾਰਾਜਾ ਵੀ ਨਾ ਕਰ ਸਕੇ ।

੭= **ਯੁਧਿਸ਼ਟਰ** ਅਤੇ **ਦਰਯੋਧਨ** ਵਿਚੋਂ ਇੱਕ ਨੂੰ ਯੁਵਰਾਜ ਚੁਣੇ ਜਾਣ ਵਾਸਤੇ ਲੱਗੇ ਸ਼ਾਹੀ ਦਰਬਾਰ ਵਿੱਚ ਜੱਦ ਯੁਧਿਸ਼ਟਰ ਨੂੰ ਇੱਕ ਕਤਲ ਦੇ ਮੁਕੱਦਮੇ ਦਾ ਫੈਸਲਾ ਕਰਨ ਵਾਸਤੇ ਕਿਹਾ ਗਿਆ ਤਾਂ ਉਸ ਨੇ ਛੱਤ੍ਰੀ, ਵੈਸ਼ ਅਤੇ ਸ਼ੂਦਰ ਤਿੱਨਾ ਅਪਰਾਧੀਆਂ ਦੇ ਅਪਰਾਧ ਨਾਲੋਂ ਬ੍ਰਾਹਮਣ ਦਾ ਅਪਰਾਧ ਇੱਕ ਗਿਆਨੀ ਦਾ ਦੋਸ਼ ਹੋਣ ਕਰਕੇ ਬੜਾ ਭਿਆਨਕ ਅਤੇ ਦੂਜਿਆਂ ਨਾਲੋਂ ਹਰ ਪੱਖੋਂ ਵੱਧ ਹੋਣਾ ਦਸਿਆ । ਪਰ ਜਦ ਫੈਸਲਾ ਸੁਣਾਉਂਦਾ ਹੈ ਤਾਂ ਬਾਕੀ ਤਿੰਨਾਂ ਦੋਸ਼ੀਆਂ ਨੂੰ ਸਜ਼ਾ ਸੁਣਾ ਕੇ ਬ੍ਰਾਹਮਣ ਦੀ ਵਾਰੀ ( **ਧਰਮਰਾਜ ਯੁਧਿਸ਼ਟਰ**) ਨੇ ਕਹਿ ਦਿੱਤਾ ਕਿ **ਭਾਂਵੇਂ ਬ੍ਰਾਹਮਣ ਦਾ ਅਪਰਾਧ ਸੱਭ ਨਾਲੋਂ ਵੱਧ ਵੀ ਹੈ ਪਰ ਕਿਉਂਕਿ ਉਹ ਬ੍ਰਾਹਮਣ ਹੈ ਇਸ ਕਾਰਨ ਉਸ ਨੂੰ ਕੋਈ ਵੀ ਸਜ਼ਾ ਦੇ ਸਕਣਾ ਕਿਸੇ ਵੀ ਰਾਜੇ ਮਹਾਰਾਜੇ ਦੇ ਅਧਿਕਾਰ ਖੇਤਰ ਦੀ ਗੱਲ ਨਹੀਂ ਹੈ ।**

੮= ਰਾਮ ਚ੍ਰਿਤਰ ਮਾਨਸ, ਪੰਜਾਬੀ ਅਨੁਵਾਦ ਦੇ ਬਾਲ ਕਾਂਡ ਦੇ ੧੨੦ ਸਫ਼ੇ ਤੇ ਗੋ-ਸ੍ਵਾਮੀ ਤੁਲਸੀਦਾਸ ਨੇ ਬਿੱਪ੍ਰ ਦੀ ਅਪਾਰ ਸ਼ਕਤੀ ਦਾ ਵਰਣਨ ਇਉਂ ਕੀਤਾ ਹੈ--

**ਜਨਮ ਏਕ ਦੁਇ ਕਹਉ ਬਿਖਾਨੀ । ਸਾਵਧਾਨ ਸੁਨੁ ਸੁਮਤਿ ਭਵਾਨੀ ॥ ਦ੍ਵਾਰਪਾਲ ਹਰਿ ਕਜੇ ਪ੍ਰਿਯ ਦੋਊ ॥ ਜਯ ਅਰ ਬਿਜਯ ਜਾਨ ਸਭ ਕੋਉ ।**

**ਅਰਥ**:--ਹੇ ਸੁੰਦਰ ਬੁਧ ਵਾਲੀ ਭਵਾਨੀ ! ਮੈਂ ਉਨ੍ਹਾਂ ਦੇ ਇੱਕ ਦੋ ਜਨਮਾ ਦਾ ਵਰਣਨ ਕਰਦਾ ਹਾਂ । ਸਾਵਧਾਨ ਹੋ ਕੇ ਸੁਣ । ਭਗਵਾਨ ਦੇ ' ਜਯ ' ਅਤੇ ' ਬਿਜਯ ' ਦੋ ਦਵਾਰਪਾਲ ਸਨ, ਜਿਨ੍ਹਾਂ ਨੂੰ ਸਭ ਲੋਕ ਜਾਣਦੇ ਹਨ ।

**ਬਿਪ੍ਰ ਸ੍ਰਾਪ ਤੇ ਦੋਨਉਂ ਭਾਈ । ਤਾਮਸ ਅਸੁਰ ਦੇਹ ਤਿਨ੍ਹ ਪਾਈ । ' ਕਨਕਕਸਿਪ ' ਅਰੁ 'ਹਾਟਕ ਲੋਚਨ ' । ਜਗਤਿ ਬਿਦਿਤ ਸੁਰਪਤਿ ਮਦ ਮੋਚਨ ।**

**ਅਰਥ**:-ਉਨ੍ਹਾਂ ਦੋਹਾਂ ਭਰਾਵਾਂ ਨੇ ਬ੍ਰਾਹਮਣ ਦੇ ਸਰਾਪ ਕਰਕੇ ਤਮੋਗੁਣੀ ਦੈਂਤਾਂ ਦਾ ਸਰੀਰ ਧਾਰਿਆ । ਇਕ ਦਾ ਨਾਮ ਸ੍ਰੀ " ਹਿਰਣਕਸ਼ਪ ' ਤੇ ਦੂਜੇ ਦਾ ਨਾਮ ' ਦਿਰਣਾਛ "। ਇਹ ਦੋਨੋਂ ਇੰਦਰ ਰਾਜੇ ਦੇ ਹੰਕਾਰ ਨੂੰ ਦੂਰ ਕਰਨ ਵਾਲੇ ਸਨ।

**ਬਿਜਈ ਸਮਰ ਬੀਰ ਬਿਖਯਾਤਾ ॥ ਧਰਿ ਬਰਾਹ ਬਪੁ ਏਕ ਨਿਪਾਤਾ । ਹੋਇ ਨਰਹਰ ਦੂਸਰ ਪੁਨ ਮਾਰਾ । ਜਨ ਪ੍ਰਹਲਾਦ ਸੁਜਸ ਬਿਸਥਾਰਾ ।**

**ਅਰਥ**:--ਇਹ ਜਗਤ ਵਿਚ ਜਿੱਤ ਪਾਉਣ ਵਾਲੇ ਪ੍ਰਸਿੱਧ ਬੀਰ ਸਨ । **ਹਿਰਣਾਛ** ਨੂੰ **ਸੂਰ** ਦਾ ਅਵਤਾਰ ਧਾਰਕੇ ਮਾਰਿਆ, ਫਿਰ ਨਰਸਿੰਘ ਰੂਪ ਧਾਰਨ ਕਰਕੇ ਹਰਣਕਸ਼ਪ ਨੂੰ ਮਾਰਿਆ ਤੇ ਪ੍ਰਹਿਲਾਦ ਦਾ ਜਸ ਫੈਲਾਇਆ ।

**ਦੋਹਿਰਾ--ਭਏ ਨਿਸਾਚਰ ਜਾਇ ਤਿਹ, ਮਹਾਂਬੀਰ ਬਲਵਾਨ । ਕੁੰਭ ਕਰਨ ਰਾਵਨ ਸੁਭਟ, ਸੁਰ ਬਿਜਈ ਜਗ ਜਾਨ ॥ ੧੪੯ ॥**

ਅਰਥ:--ਫੇਰ ਇਹ ਦੋਨੋਂ ਦੇਵਤਿਆਂ ਨੂੰ ਜਿੱਤਣ ਵਾਲੇ ਰਾਵਣ ਤੇ ਕੁੰਭਕਰਣ ਮਹਾਂਬਲੀ ਹੋਏ । ਜਿਨ੍ਹਾਂ ਨੂੰ ਸਾਰਾ ਸੰਸਾਰ ਜਾਣਦਾ ਹੈ ।

**ਮੁਕਤ ਨ ਭਏ ਹਤੇ ਭਗਵਾਨਾ । ਤੀਨਿ ਜਨਮ ਦ੍ਵਿਜ ਬਚਨ ਪ੍ਰਮਾਨਾ । ਏਕ ਬਾਰ ਤਿਨ੍ਹ ਕੇ ਹਿਤ ਲਾਗੀ । ਧਰਿਓ ਸਰੀਰ ਭਗਤ ਅਨੁਰਾਗੀ ।**

**ਅਰਥ**:--ਭਗਵਾਨ ਦੇ ਹਥੋਂ ਮਾਰੇ ਜਾਣ ਪਰ ਵੀ ਉਹ ਮੁਕਤ ਨ ਹੋਏ, **ਕਿਉਂਕਿ ਬ੍ਰਾਹਮਣ ਦਾ ਸਰਾਪ ਤਿੰਨ ਜਨਮਾਂ ਵਾਸਤੇ ਸੀ** । ਹਾਲਾਂ ਇਕ ਵੇਰਾਂ ਭਗਤਾਂ ਦੇ ਪਿਆਰੇ ਭਗਵਾਨ ਨੇ ਅਵਤਾਰ ਅਵਤਾਰ ਲਿਆ ।

ਤੁਲਸੀ ਦਾਸ ਜੀ ਨੇ ਰਾਮਾਇਣ-ਗਾਥਾ ਲਿਖਣ ਸਮੇ ਆਪਣੇ ਪੁਰਾਤਨ ਬ੍ਰਾਹਮਣ-ਵਡੇਰਿਆਂ ਦਾ ਬਣਾਇਆ ਧਰਮ-ਗ੍ਰੰਥਾਂ ਦਾ ਲਿਖਣ ਢੰਗ ਹੀ ਵਰਤਿਆ ਹੈ । ਇਸ ਪ੍ਰਸਿੱਧ ਵਿਦਵਾਨ ਤੁਲਸੀਦਾਸ ਨੇ ਵੀ ਸਾਰਾ ਝੂਠ-ਤਫ਼ਾਨ ਭਗਵਾਨ ਸ਼ਿਵ ਜੀ ਦੇ ਮੂਹੋਂ ਅਖਵਾਇਆ ਹੈ । ਆਪਣੀ ਪੱਤਨੀ ਭਗਵਤੀ ਅਥਵਾ ਪਾਰਬਤੀ ਨੂੰ ਰਾਮ-ਰੱਬ ਜੀ ਦੀ ਮਹਿਮਾਂ ਸੁਣਾਓਂਦੇ ਹੋਏ ਸ਼ਿਵ ਜੀ ਪ੍ਰਭੂ ਦੇ ਅਵਤਾਰਾਂ ਦਾ ਵੇਰਵਾ ਸਮਝਾ ਰਹੇ ਸਨ । ਪਰ ਬ੍ਰਾਹਮਣ ਦੀ ਸਰਬਉੱਤਾ ਹੋਰ ਵੀ ਵੱਧ ਪੱਕੀ ਕਰਨੀ ਨਾ ਭੁੱਲੇ । ਲਿਖਿਆ ਹੈ ਕਿ ਇੱਕ ਵਾਰ ਕੋਈ ਬ੍ਰਾਹਮਣ ਭਗਵਾਨ ਨੂੰ ਮਿਲਣ ਲਈ ਗਿਆ ਤਾਂ ਮਹਲ ਦੇ ਦਵਾਰਪਾਲਾਂ ਨੇ ਬਿਨਾ ਆਗਿਆ ਦੇ ਅੰਦਰ ਜਾਣ ਤੋਂ ਰੋਕਿਆ । ਬ੍ਰਾਹਮਣ ਨੇ ਕ੍ਰੋਧਵਾਨ ਹੋ ਕੇ ਦੋਹਾ ਦਵਾਰਪਾਲਾਂ ਨੂੰ ਤਿੰਨ ਜਨਮਾ ਲਈ ਰਾਖਸ਼ ਬਣੇ ਰਹਿਣ ਦਾ ਸਰਾਪ ਦੇ ਦਿੱਤਾ । ਬ੍ਰਾਹਮਣ ਦੇ ਸਰਾਪ ਦੇ ਅੱਗੇ ਪਰਮਾਤਮਾ ਦੀ ਵੀ ਕੋਈ ਪੇਸ਼ ਨਾ ਗਈ । ਸਗੋਂ ਨਿਰਅਕਾਰ ਮੰਨੇ ਗਏ ਪਰਮਾਤਮਾ ਨੂੰ ਆਪ ਵੀ, ਇੱਕ **ਵਾਰ ਨਰਸਿੰਘ** (ਉਤਲਾ ਹਿੱਸਾ ਸ਼ੇਰ ਦਾ ਤੇ ਹੇਠਲਾ ਮਨੁੱਖ ਦਾ) ਬਣਨਾ ਪਿਆ ਅਤੇ ਦੂਜੀ ਵਾਰੀ **ਸੂਰ** ਬਣਨਾ ਪਿਆ । ਬ੍ਰਾਹਮਣ ਦੇ ਸਰਾਪ ਦੀ

ਸੱਤਿਆ ਅੱਗੇ ਭਗਵਾਨ ਦੀ ਸ਼ਕਤੀ ਵੀ ਮਾਤ ਪੈ ਗਈ । ਭਗਵਾਨ ਦੇ ਹਥੀਂ ਮਾਰੇ ਜਾਣ ਤੇ ਵੀ ਉਹ ਦੈਂਤ ਮੁਕਤ ਨਾ ਹੋ ਸਕੇ । ਬਿਪ੍ਰ ਦੀ ਕ੍ਰੋਪੀ ਸਾਹਮਣੇ ਭਗਵਾਨ ਆਪਣੇ ਸੇਵਕਾਂ ਦੀ ਵੀ ਰਖਿਆ ਨਾ ਕਰ ਸਕਿਆ ।

ਬ੍ਰਾਹਮਣ ਦੀ ਸ਼ਕਤੀ ਦਾ ਭੈ ਲੋਕਾਂ ਦੇ ਮਨਾਂ ਵਿੱਚ ਪੱਕਾ ਕਰਨ ਵਾਸਤੇ ਅਣਹੋਣੀਆਂ ਅਤੇ ਕਾਦਰ ਦੀ ਕੁਦਰਤ ਦੇ ਅਟੱਲ ਨੇਮ ਦੀ ਖੰਡਨਾਂ ਕਰਨ ਵਾਲੀਆਂ ਕਥਾ ਕਹਾਣੀਆਂ ਲਿਖੀਆਂ ਗਈਆਂ ਪਰ ਭੋਲੇ ਅਤੇ ਵਿਦਿਆ ਤੋਂ ਕੋਰੇ ਮਨੁੱਖ ਨੇ ਬ੍ਰਾਹਮਣ ਦਾ ਲਿਖਿਆ ਸੱਭ ਕੁਝ ਸੱਚ ਮੰਨ ਕੇ ਧਰਮ ਦਾ ਅੰਗ ਸਮਝ ਲਿਆ । ਦੂਰ-ਰਸ ਸਿਟਿਆਂ ਵਾਲੀ ਯੋਜਨਾਂ ਬਣਾ ਸਕਣ ਵਿੱਚ ਨਿਪੁੰਨ ਵਿਦਵਾਨ-ਬ੍ਰਾਹਮਣ ਨੇ ਆਪਣੇ ਹੱਥੀਂ ਲਿਖੇ ਸਾਰੇ ਧਰਮ ਗ੍ਰੰਥਾਂ ਵਿੱਚ ਏਸੇ ਢੰਗ ਦਾ ਹੋਰ ਕਈ ਕੁਝ ਲਿਖ ਕੇ ਆਪਣੇ ਵਰਨ ਦੇ ਸਾਰੇ ਜੀਆਂ ਦੇ ਭਵਿੱਖ ਨੂੰ ਸੁਰੱਖਿਅਤ ਕਰ ਲਿਆ । ਪੜ੍ਹੇ ਲਿਖੇ ਅਥਵਾ ਚਤੁਰ ਬ੍ਰਾਹਮਣ ਨੂੰ ਤਾਂ ਕੋਈ ਥੁੜ ਹੈ ਹੀ ਨਹੀਂ ਸੀ, ਪਰ ਹੁਣ ਆਪਣੀ ਵਿਦਿਆ ਦੀ ਕਰਾਮਾਤ ਨਾਲ ਮੂਰਖ, ਬਦਚਲਨ, ਜ਼ਾਲਮ ਅਥਵਾ ਪਾਪੀ ਬ੍ਰਾਹਮਣ ਵਾਸਤੇ ਵੀ ਅਜੇਹਾ ਕੋਟ (ਕਿਲ੍ਹਾ, ਗੜ੍ਹ--Fort) ਉਸਾਰ ਲਿਆ, ਜਿਸ ਨੂੰ ਸਰ ਕਰਕੇ ਕਿਸੇ ਵੀ ਦੋਸ਼ੀ ਅਥਵਾ ਅਪਰਾਧੀ-ਬ੍ਰਾਹਮਣ ਤੱਕ ਪੁੱਜ ਸਕਣਾਂ, ਸ਼ਕਤੀ-ਸ਼ਾਲੀ ਮਹਾਰਾਜੇ ਵਾਸਤੇ ਵੀ ਅਸੰਭਵ ਹੋ ਗਿਆ ਸੀ ।

ਪਰਲੇ ਦਰਜੇ ਦਾ ਚਪਲ-ਬੁੱਧੀ ਬਿੱਪ੍ਰ, **ਸ਼ੂਦਰ** ਦੁਆਰਾ ਕੀਤੀ ਜਾ ਰਹੀ ਸੇਵਾ ਤੋਂ ਅਵੇਸਲਾ ਨਹੀਂ ਸੀ । ਘਰਾਂ ਅਤੇ ਬਸਤੀਆਂ ਦੀਆਂ ਗਲੀਆਂ ਦਾ ਮਲ-ਮੂਤ੍ਰ ਸਾਫ਼ ਕਰਨਾ, ਮਰੇ ਹੋਏ ਪਸ਼ੂਆਂ ਨੂੰ ਚੁੱਕ ਕੇ ਬਸਤੀ ਤੋਂ ਦੂਰ ਲੈ ਜਾਣਾਂ ਅਤੇ ਸੜਾਂਦ ਨਾਲ ਉਪੁਜਣ ਵਾਲੇ ਰੋਗਾਂ ਦੀ ਸੰਭਾਵਣਾ ਤੋਂ ਲੋਕਾਂ ਦੀ ਰਖਿਆ ਕਰਨੀ । ਮਰੇ ਪਸ਼ੂਆਂ ਦੀ ਖੱਲ ਲਾਹ ਕੇ, ਚਮੜੇ ਨੂੰ ਜੁੱਤੀਆਂ ਆਦਿ ਲੋੜੀਂਦੀਆਂ ਵਸਤੂਆਂ ਤਿਆਰ ਕਰ ਸਕਣ ਜੋਗ ਬਨਾਉਂਣਾ । ਘ੍ਰਿਣਤ ਅਤੇ ਸੜ੍ਹਾਂਦ ਮਾਰਦੇ ਵਾਤਾਵਰਨ ਵਿਚ ਅਜੇਹੀ ਸੇਵਾ ਇਸ ਸੰਤੋਖੀ ਅਤੇ ਸਾਬਰ **ਸ਼ੂਦਰ** ਦੇ ਸਿਵਾ ਹੋਰ ਕੌਣ ਕਰ ਸਕਦਾ ਸੀ ? ਘਰਾਂ ਦੇ ਗੰਦੇ ਕੱਪੜੇ ਧੋਣੇ, ਕੱਪੜਾ ਬੁਣਨਾ ਅਤੇ ਹੋਰ ਬੇਅੰਤ ਬੁੱਤੀਆਂ ਕਰਨ ਦੀਆਂ ਲੋੜਾਂ, ਸਿਰਫ਼ ਸ਼ੂਦਰ ਹੀ ਨੇਪਰੇ ਚਾੜ੍ਹਦਾ ਸੀ । ਹਾਏ ! ਕਿਤੇ ਅੱਜ ਦਾ ਇਹ ਨਿਸ਼ਕਾਮ ਸੇਵਕ, ਕਦੇ ਕਿਸੇ ਸਥਿਤੀ ਕਾਰਨ ਵਿਦ੍ਰੋਹ ਕਰਨ ਬਾਰੇ ਨਾ ਸੋਚ ਲਵੇ । **ਗੰਦ ਚੁਕਣਾ ਪੈ ਜਾਣ ਦੇ ਖ਼ਿਆਲ ਨਾਲ ਹੀ, ਮਹਾਂ- ਗਿਆਨੀ ਅਤੇ ਚਿੱਟ-ਕੱਪੜੀਏ ਪ੍ਰੋਹਿਤ ਜੀ ਨੂੰ ਕੰਬਣੀ ਆ ਗਈ ।**

ਸ਼ੂਦਰ ਦੇ ਅੰਦਰੋਂ ਸਵੈ ਸਤਿਕਾਰ ਅਤੇ ਸਵੈ ਮਾਣ ਦੀ ਭਾਵਣਾ ਪੈਦਾ ਹੋ ਸਕਣ ਦੀ ਸੰਭਾਵਣਾ, ਸਦਾ ਲਈ ਮੁਕਾ ਦੇਣ ਦੀ ਯੋਜਨਾਂ ਬਣ ਗਈ । ਸ਼ੂਦਰ ਨੂੰ ਅਤਿ ਦਰਜੇ ਦਾ ਨੀਚ ਅਤੇ ਪਸ਼ੂ ਤੋਂ ਵੀ ਭੈੜਾ ਅਤੇ ਘਿਰਣਾ ਯੋਗ ਜੀਵ ਸਿੱਧ ਕਰਨ ਵਾਸਤੇ ਵੀ ਧਰਮ ਗ੍ਰੰਥਾਂ ਦੀ ਹੀ ਵਰਤੋਂ ਕਰਨੀ ਲਾਹੇਵੰਦ ਸਮਝੀ ਗਈ । ਲਿਖਣ ਢੰਗ ਨੂੰ ਬਹੁਤਾ ਅਸਰ ਦਾਰ ਬਣਾਉਣ ਵਾਸਤੇ ਸਰਬ-ਉੱਚ ਪਦਵੀ ਉਤੇ ਪੁੱਜ ਚੁੱਕੇ ਬ੍ਰਾਹਮਣ ਨੇ ਸ਼ੂਦਰ ਦਾ ਟਾਕਰਾ ਹਰ ਥਾਂ ਆਪਣੇ ਨਾਲ ਕੀਤਾ । ਛੱਤ੍ਰੀ ਅਤੇ ਵੈਸ਼ ਨੂੰ ਇਨ੍ਹਾਂ ਲਿਖਤਾਂ ਵਿੱਚ ਬੜਾ ਘੱਟ ਲਿਆਂਦਾ । ਜਿਵੇਂ ਕਿ, ਚੰਦ੍ਰਗੁਪਤ ਮੋਰਯਾ (ਕਰੀਬ ੨੨੩੦ ਸਾਲ ਪਹਿਲਾਂ ਹਿੰਦ ਦਾ ਸਮਰਾਟ ਰਿਹਾ ਹੈ) ਦਾ ਮੁੱਖ ਮੰਤਰੀ " **ਵਿਸ਼ਨੂੰ ਗੁਪਤ ਚਾਣਕਯ** " ਬੜਾ ਵਿਦਵਾਨ ਬ੍ਰਾਹਮਣ ਸੀ । ਉਸ ਨੇ **ਚਾਣਕਯ-ਨੀਤੀ ਗ੍ਰੰਥ** ਵਿੱਚ ਲਿਖਿਆ ਹੈ ਕਿ- **ਬ੍ਰਾਹਮਣ** ਭਾਂਵੇਂ ਕਿੱਡਾ ਵੀ ਮੂਰਖ, ਵਿਦਿਆ ਹੀਣ ਅਤੇ ਦੁਰਾਚਾਰੀ ਹੋਵੇ ਉਹ ਫਿਰ ਵੀ ਆਦਰ ਜੋਗ ਹੈ ਪਰ--ਟਾਕਰੇ ਤੇ--**ਸ਼ੂਦਰ** ਭਾਵੇਂ ਕਿੱਡਾ ਵੀ ਵਿਦਵਾਨ ਅਤੇ ਧਰਮਾਤਮਾ ਹੋਵੇ ਉਸ ਦਾ ਆਦਰ ਨਾ ਕੀਤਾ ਜਾਵੇ । **ਬ੍ਰਾਮਣ** ਕਿਸੇ ਵੀ ਵਰਨ ਦੀ ਇਸਤ੍ਰੀ ਨਾਲ ਸ਼ਾਦੀ ਜਾਂ ਛੇੜਖ਼ਾਨੀ ਕਰ ਸਕਦਾ ਹੈ ਪਰ **ਸ਼ੂਦਰ** ਦੇ ਘਰ ਜੇ ਖ਼ੂਬਸੂਰਤ ਇਸਤ੍ਰੀ ਹੋਵੇ ਤਾਂ ਬ੍ਰਾਹਮਣ ਨੂੰ ਦੇ ਦੇਵੇ । (ਪਰ ਕਿਸ ਕਾਰਨ ਸ਼ੂਦਰ ਆਪਣੀ ਪਿਆਰੀ ਧਰਮ ਪੱਤਨੀ ਬ੍ਰਾਹਮਣ ਨੂੰ ਦੇ ਦੇਵੇ ? ਅਜੇਹਾ ਸਵਾਲ ਕੌਣ ਕਰ ਸਕਦਾ ਸੀ ?)

ਰਾਮ ਚਰਿਤ੍ਰ-ਮਾਣਸ ਵਿੱਚ ਪੰਡਿਤ ਤੁਲਸੀ ਦਾਸ ਨੇ ਲਿਖਿਆ ਹੈ ਕਿ ਬ੍ਰਾਹਮਣ ਨੇਕੀ ਅਤੇ ਪੁੰਨ ਦੇ ਰੁੱਖ ਦੀ ਜੜ੍ਹ ਹੈ ਅਤੇ ਹਰ ਪ੍ਰਕਾਰ ਦੇ ਪਾਪ ਨੂੰ ਨਾਸ ਕਰਨ ਵਾਲਾ ਹੈ (ਭਾਵ, ਕੇਵਲ ਬ੍ਰਾਹਮਣ ਨੂੰ ਖ਼ੁਸ਼ ਰੱਖਣ ਦੀ ਲੋੜ ਹੈ ਫਿਰ ਜਿਨੇਂ ਮਰਜ਼ੀ ਹੈ ਪਾਪ ਕਰੀ ਜਾਉ, ਰੱਬੀ ਦਰਬਾਰ ਵਲੋਂ ਕਿਸੇ ਕ੍ਰੋਪੀ ਦਾ ਕੋਈ ਡਰ ਨਹੀਂ, ਬੇੜਾ ਪਾਰ ਹੀ ਸਮਝੋ) । ਬ੍ਰਾਹਮਣ ਭਾਵੇਂ ਗੁਣ-ਹੀਣ ਅਤੇ ਪਰਲੇ ਦਰਜੇ ਦਾ ਪਾਪੀ ਹੋਵੇ, ਉਹ ਤਦ ਵੀ ਆਦਰ ਅਤੇ ਸਤਿਕਾਰ ਦਾ ਅਧਿਕਾਰੀ ਹੈ, ਪਰ ਟਾਕਰੇ ਤੇ **ਸ਼ੂਦਰ** ਭਾਵੇਂ ਕਿੰਨਾਂ ਵੀ ਵਿਦਵਾਨ, ਭਗਤ ਤੇ ਦਾਨ ਪੁੰਨ ਕਰਨ ਵਾਲਾ ਹੋਵੇ, ਫਿਰ ਵੀ ਉਸ ਦਾ ਆਦਰ ਕਦੇ ਨਹੀਂ ਕਰਨਾ ਚਾਹੀਦਾ । ਅਤੇ ਇਹ ਵੀ ਲਿਖਿਆ ਹੈ ਕਿ ਸ਼ੂਦਰ ਕੁੱਤੇ ਨਾਲੋਂ ਵੀ ਭੈੜੇ ਸਲੂਕ ਦਾ ਹੱਕਦਾਰ ਹੈ । ਮਰਯਾਦਾ ਪਰਸ਼ੋਤਮ ਰਾਮ ਨੇ ਇੱਕ ਸ਼ੂਦਰ ਨੂੰ ਸਿਰਫ਼ ਇਸ ਕਸੂਰ ਬਦਲੇ ਕਤਲ ਕਰ ਦਿੱਤਾ ਸੀ ਕਿਉਂਕਿ ਉਸ ਨੇ ਲੁਕ-ਛੁਪ ਕੇ ਰੱਬ ਦੀ ਭਗਤੀ ਕਰਨੀ ਸ਼ੁਰੂ ਕਰ ਦਿੱਤੀ ਸੀ । । (**ਪੜ੍ਹੋ ਪ੍ਰਕਰਣ ਰਾਮ ਅਵਤਾਰ**) । ਸੇਵਾ ਦੇ ਬਦਲੇ ਸ਼ੂਦਰ ਨੂੰ ਪਾਟੇ ਪੁਰਾਣੇ ਕੱਪੜੇ ਅਤੇ ਟੁੱਟੇ ਭੱਜੇ ਭਾਂਡੇ ਦੇਣ ਦਾ ਵਿਧਾਨ ਬਣਾਇਆ ।

ਸ਼ੂਦਰਾਂ ਦੀਆਂ ਬਸਤੀਆਂ ਹਟਵੀਆਂ ਅਤੇ ਰਸਤੇ ਅਲੱਗ ਸਨ । ਜੇ ਬ੍ਰਹਮਣ ਵਾਲੇ ਰਸਤੇ ਤੇ ਤੁਰਨਾਂ ਹੋਵੇ ਤਾਂ ਸ਼ੂਦਰ ਆਪਣੇ ਮੂੰਹ ਨਾਲ ਟਿੰਡ ਬੱਨ੍ਹ ਲਵੇ ਅਤੇ ਆਪਣੇ ਪਿੱਛੇ ਪੂਛਲ ਵਾਂਗ ਤਕੜਾ ਝਾੜੂ ਬੰਨ੍ਹੀ ਰੱਖੇ ਤਾਂ ਜੁ ਉਸ ਦੇ ਪੈਰਾਂ ਦੇ ਨਿਸ਼ਾਨ ਰਸਤੇ ਤੋਂ ਨਾਲੋ ਨਾਲ ਮਿਟ ਜਾਇਆ ਕਰਨ । ਸ਼ੂਦਰ ਆਪਣੇ ਮੱਥੇ ਦਆਿਲੇ ਇੱਕ ਚਿੱਟਾ ਪਟਕਾ ਬੰਨ੍ਹੀ ਰੱਖੇ ਤਾਂ ਜੋ ਦੂਰੋਂ ਪਛਾਣਿਆਂ ਜਾ ਸਕੇ । ਕਿਸੇ ਧਰਮ ਅਸਥਾਨ ਦੇ ਅੰਦਰ ਜਾ ਸਕਣਾ ਤਾਂ ਦੂਰ ਦੀ ਗੱਲ ਸੀ, ਸ਼ੂਦਰ ਦਾ ਪਰਛਾਵਾਂ ਵੀ ਮੰਦਰ ਦੇ ਨੇੜੇ ਨਹੀਂ ਸੀ ਜਾ ਸਕਦਾ । ਵੇਦ ਮੰਤ੍ਰ ਸੁਣ ਲੈਣ ਦਾ ਅਪਰਾਧ ਹੋ ਜਾਣ ਨਾਲ ਸ਼ੂਦਰ ਦੇ ਕੰਨ ਵਿੱਚ ਸਿੱਕਾ ਢਾਲ ਕੇ ਪਾ ਦਿੱਤਾ ਜਾਂਦਾ ਸੀ । ਜੇ ਕਿਤੇ ਕੋਈ ਸ਼ੂਦਰ ਵੇਦ ਮੰਤ੍ਰ ਉਚਾਰਦਾ ਫੜਿਆ ਜਾਵੇ ਤਾਂ ਉਸ ਦੀ ਜ਼ਬਾਨ ਕੱਟ ਦਿੱਤੀ ਜਾਂਦੀ ਸੀ । ਜੇ ਕਦੇ ਭੁਲੇਖੇ ਨਾਲ ਸ਼ੂਦਰ ਦਾ ਹੱਥ ਬ੍ਰਾਹਮਣ ਦੀ ਰਸੋਈ ਨੂੰ ਲੱਗ ਜਾਵੇ ਤਾਂ ਅੰਦਰ ਦਾ ਰਾਸ਼ਨ ਬ੍ਰਾਹਮਣ ਦੇ ਖਾਣ ਕਾਬਲ ਨਹੀਂ ਸੀ ਰਹਿ ਜਾਂਦਾ ਤੇ ਉਸ ਰਾਸ਼ਨ ਨੂੰ ਸੁਟਵਾ ਦਿੱਤਾ ਜਾਂਦਾ ਸੀ । ਬ੍ਰਾਹਮਣ ਦੇ ਚੌਂਕੇ ਵਿਚੋਂ ਰੋਟੀਆਂ ਅਥਵਾ ਦਾਲ ਭਾਜੀ ਜੂਠੀ ਕਰ ਦੇਣ ਵਾਲਾ ਅਤੇ ਬ੍ਰਾਹਮਣ ਦੇ ਘਰੇ ਹੀ ਗੰਦ ਖਲਾਰੀ ਰੱਖਣ ਵਾਲਾ **ਕੁੱਤਾ**, ਉਸ ਸ਼ੂਦਰ ਨਾਲੋਂ ਕਿਤੇ ਚੰਗਾ ਸੀ ਜਿਹੜਾ ਬ੍ਰਾਹਮਣ ਦੇ ਘਰ ਦੀ ਸਫ਼ਾਈ ਕਰਕੇ ਗੰਦ ਨੂੰ ਬਾਹਰ ਸੁੱਟ ਕੇ ਘਰ ਦੇ ਵਾਹੂ ਮੰਡਲ ਨੂੰ ਅਰੋਗ ਬਣਾਉਂਦਾ ਸੀ ।

ਸ਼ੂਦਰ ਦੀ ਜ਼ਿੰਦਗੀ ਪਸ਼ੂਆਂ ਤੋਂ ਵੀ ਭੈੜੀ ਬਣਾ ਦਿੱਤੀ ਗਈ ਅਤੇ ਉਸ ਦੇ ਅੰਦਰ ਹੀਣਤਾ ਦੀ ਭਾਵਣਾ ਕੁੱਟ--ਕੁੱਟ ਕੇ ਭਰ ਦਿੱਤੀ ਗਈ ਸੀ । ਦੇਸ਼ ਦੀ ਆਜ਼ਾਦੀ ਮਗਰੋਂ ਸਮਾਜ ਸੁਧਾਰ ਦੇ ਲੇਬਲ ਵਾਲੀਆਂ ਕਈ ਸੰਸਥਾਵਾਂ ਅਥਵਾ ਕਮੇਟੀਆਂ ਬਣੀਆਂ, ਛੂਤ ਛਾਤ ਜਾਂ ਭਿੱਟ ਮੰਨਣਾ ਕਾਨੂੰਨੀ ਅਪਰਾਧ ਮੰਨ ਕੇ ਭਿੱਟ ਕਰਨ ਵਾਲਿਆਂ ਨੂੰ ਕੈਦ ਵੀ ਹੋਈ, ਪਰ ਅੱਜ ਵੀ ਸ਼ੂਦਰ ਦੇ ਵਤੀਰੇ ਵਿਚੋਂ ਹੀਣਤਾ ਦੀ ਭਾਵਣਾ ਵੇਖੀ ਜਾ ਸਕਦੀ ਹੈ । **ਇਹ ਹੈ ਬ੍ਰਾਹਮਣੀ ਰੀਤ ਨਾਲ ਬਣੇ ਛੂਤ ਛਾਤ ਦੇ ਟੀਕੇ ਦਾ ਅਸਰ, ਜੋ ਅੱਜ ਤੋਂ ਕਈ ਹਜ਼ਾਰ ਸਾਲ ਪਹਿਲਾਂ ਲੱਗਾ ਸੀ ।**

ਮਨੂੰ-ਸਿਮਿਰਤੀ ਗ੍ਰੰਥ ਜੋ ਹਿੰਦੂ ਧਰਮ ਦਾ ਕਾਨੂੰਨ ਮੰਨਿਆ ਜਾਂਦਾ ਹੈ, ਦੇ ਅਨੁਸਾਰ ਖੱਟ ਕਰਮ ਸਿਰਫ ਬ੍ਰਾਹਮਣ ਹੀ ਕਰ ਸਕਦਾ ਹੈ-**ਕਰਿ ਕਿਰਿਆ ਖੱਟ ਕਰਮ ਕਰੰਤਾ** -ਸੋਪੁਰਖ । ਖੱਟ ਦਾ ਅਰਥ ਛੇ ਹੈ । **ਬ੍ਰਾ**ਹਮਣ ਨੂੰ ਮਿਲੇ ਛੇ ਕਰਮਾਂ ਵਾਲੇ ਉਹ ਅਧਿਕਾਰ ਇਸ ਪ੍ਰਕਾਰ ਹਨ :- ੧= **ਜਗ ਕਰਨਾ** ੨= **ਜਗ ਕਰਾਉਣਾ** ੩= **ਦਾਨ ਲੈਣਾ**( ਮਾਇਆ ਅਥਵਾ ਪਦਾਰਥਾਂ ਦਾ ਦਾਨ ਸਿਰਫ ਬਰਾਹਮਣ ਹੀ ਲੈ ਸਕਦਾ ਸੀ ) ੪= **ਦਾਨ ਦੇਣਾ** (ਵੇਦ ਮੰਤ੍ਰਾਂ ਦੇ ਗਿਆਨ ਦਾ ਦਾਨ ਸਿਰਫ ਬ੍ਰਾਹਮਣ ਹੀ ਕਰ ਸਕਦਾ ਸੀ) ੫= **ਵਿਦਿਆ ਪੜ੍ਹਨਾ** ੬= **ਵਿਦਿਆ ਪੜ੍ਹਾਉਣਾ ।**

ਵਿਦਿਆ ਦਾ ਪੂਰਨ ਤੌਰ ਤੇ ਮਾਲਕ ਕੇਵਲ ਅਤੇ ਕੇਵਲ ਬ੍ਰਾਹਮਣ ਹੀ ਸੀ । ਦਿਲ ਕਰੇ ਤਾਂ ਕਿਸੇ ਨੂੰ ਦੋ ਅਖੱਰ ਪੜ੍ਹਾ ਦੇਵੇ ਤੇ ਭਾਂਵੇ ਨਾ ਪੜ੍ਹਾਏ । ਆਪਣੇ ਵਿਛਾਏ ਜਾਲ ਵਿੱਚ ਸਦਾ ਲਈ ਫਸਾਈ ਰੱਖਣ ਲਈ ਜੰਤਾ ਨੂੰ ਵਿਦਿਆ ਤੋਂ ਕੋਰੀ ਰੱਖਣਾਂ ਬੜਾ ਜ਼ਰੂਰੀ ਸਮਝਿਆ ਗਿਆ । ਕੁੱਝ ਗਿਣੇ ਮਿਥੇ ਛੱਤ੍ਰੀ ਘਰਾਣਿਆਂ ਦੇ ਬਚਿਆਂ ਅਤੇ ਆਪਣੀ ਔਲਦ ਦੇ ਸਿਵਾਏ ਬਾਕੀ ਸਾਰੀ ਜੰਤਾ ਨੂੰ ਕੋਰੀ ਅਨਪੜ੍ਹ ਰੱਖਣ ਵਿੱਚ, ਬਿੱਪ੍ਰ ਜੀ ਨੇ ਆਤਮਕ ਸੁਖ ਮਾਣਿਆਂ । ਸੁਗਲੀ ਟੋਲੇ ਨੇ ਇੱਕ ਲਘੂ - ਗਾਥਾ ਪ੍ਰਚਲਤ ਕਰ ਲਈ ਜੋ ਲਗ ਪਗ ਇਸ ਤਰ੍ਹਾਂ ਸੀ :-

ਇੱਕ ਬ੍ਰਾਹਮਣ ਜੀ ਕਿਸੇ ਦੂਜੇ ਪਿੰਡ ਬ੍ਰਹਮਣਾਂ ਦੇ ਬੱਚਿਆਂ ਨੂੰ ਪੜਾਉਣ ਲਈ ਖੋਤੇ ਤੇ ਅਸਵਾਰ ਹੋ ਕੇ ਜਾਇਆ ਕਰਦੇ ਸਨ । ਇੱਕ ਦਿਨ ਮੌਕਾ ਤਾੜ ਕੇ ਖੋਤੇ ਨੇ ਆਪਣੇ ਸ਼ਾਹ-ਸਵਾਰ ਪੰਡਿਤ ਜੀ ਤੋਂ ਪੁੱਛ ਲਿਆ :-

ਮਿਸਰ ਜੀ ਆਹ ਤੁਸੀਂ ਮੇਰੇ ਉੱਤੇ ਚਾੜ੍ਹ ਕੇ ਰੋਜ਼ ਕਿੱਥੇ ਜਾਂਦੇ ਹੋ ? ਭਾਈ ! ਹਮ ਉਧਰ ਵਿਦਿਆਲੇ ਮੇਂ ਵਿਦਿਆ ਦਾਨ ਕਰਨੇਂ ਜਾਤੇ ਹੈਂ ।
ਇਹ ਵਿਦਿਆ ਦਾਨ ਕੀ ਸ਼ੈ ਹੁੰਦੀ ਹੈ ਜੀ ? ਅਰੇ ਮੂਰਖ ਹਮ ਉਧਰ ਬਚੋਂ ਕੋ ਵਿਦਿਆ ਪੜ੍ਹਾਤੇ ਹੈਂ ।
ਵਿਦਿਆ ਪੜ੍ਹਨ ਨਾਲ ਕੀ ਹੁੰਦਾ ਹੈ ਮੇਰੇ ਮਾਲਕੋ ? ਭਾਈ ! ਵਿਦਿਆ ਪੜ੍ਹਨੇ ਸੇ ਅਕਲ ਆ ਜਾਤੀ ਹੈ ।
ਅਕਲ ਆ ਜਾਣ ਨਾਲ ਕੀ ਹੁੰਦਾ ਹੈ ਜੀ ? ਅਰੇ ਭਾਈ ! ਯਿਹ ਅਕਲ ਹੀ ਤੋ ਹੈ, ਜੋ ਹਮ ਤੁਮਾਰੇ ਊਪਰ ਚੜੇ ਫਿਰਤੇ ਹੈਂ ।
ਤਾਂ ਫਿਰ ਕਿਰਪਾ ਕਰਕੇ ਦੋ ਅੱਖਰ ਆਪਣੇ ਇਸ ਸੇਵਕ ਦੀ ਖੋਪਰੀ ਵੱਲ ਵੀ ਝਾੜ ਦਿਓ !
ਕਿਉਂ ? ਮੇਰੇ ਊਪਰ ਸਵਾਰ ਹੋਨੇ ਕਾ ਵਿਚਾਰ ਹੈ ?

ਉਚ ਕੋਟੀ ਦੇ ਵਿਦਵਾਨ, ਪਰ **ਏਕ ਪਿਤਾ ਏਕਸ ਕੇ ਹਮ ਬਾਰਿਕ** ਦੇ ਪਾਵਨ ਰਿਸ਼ਤੇ ਨੂੰ ਸਮਝ ਸਕਣ ਵਾਲੀ ਭਾਵਨਾਂ ਦੀ ਅਣਹੋਂਦ ਵਾਲੇ ਬ੍ਰਾਹਮਣ ਨੇ ਪ੍ਰਭੂ ਪਿਤਾ ਦੀ ਔਲਾਦ ਨੂੰ ਜੋ ਓਸੇ ਇੱਕੋ ਨੂਰ ਤੋਂ ਪੈਦਾ ਹੋਈ ਹੋਣ ਕਰਕੇ ਆਪਸੀ ਬਰਾਬਰਤਾ ਦਾ ਹੱਕ ਰਖਦੀ ਸੀ, ਨੂੰ ਧੜਿਆਂ ਵਿੱਚ ਵੰਡ ਕੇ ਲੀਰੋ ਲੀਰ ਕਰ ਦਿੱਤਾ । **ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ, ਕਉਨ ਭਲੇ ਕੋ ਮੰਦੇ ॥**[੧੩੪੯] (ਇਸ ਕੀਮਤੀ ਅਤੇ ਸਦੀਵੀ ਸੱਚ ਵਾਲੇ ਉਪਦੇਸ਼ ਨੂੰ ਤਾਂ ਬ੍ਰਾਹਮਣ ਨੇ ਅੱਜ ਤਾਂਈ ਵੀ ਨਹੀਂ ਸਮਝਿਆ) ਅਤੇ ਫਿਰ ਛੂਤ ਛਾਤ ਦਾ ਭੂਤ ਵਾੜ ਕੇ ਕੌਮ ਨੂੰ ਤਰਸ-ਜੋਗ ਹਾਲਤ ਤਾਂਈ ਕਮਜ਼ੋਰ ਕਰਨ ਦਾ ਘਿਣਾਵਣਾ ਪਾਪ ਵੀ ਕੀਤਾ । ਨਿਆਰੀ ਬੁੱਧੀ ਦੇ ਮਾਲਕ ਇਸ ਬ੍ਰਾਹਮਣ ਨੇ ਨੀਚਤਾ ਵਾਲੇ ਸਾਰੇ ਕੰਮ ਸਿਰਫ਼ ਸੁਆਰਥ ਸਿੱਧੀ ਨੂੰ ਮੁੱਖ ਰੱਖ ਕੇ ਕੀਤੇ ।

ਪਾਟੋ ਧਾੜ ਵਾਲੇ ਇਸ ਨੀਚ ਕਾਰੇ ਤੋਂ ਹੋਣ ਵਾਲੇ ਕੌਮੀ ਨੁਕਸਾਨ ਦਾ ਬਿੱਪ੍ਰ ਨੂੰ ਪੂਰਾ ਅਨੁਭਵ ਸੀ । ਕਦੇ ਕਿਸੇ ਸਮੇਂ ਸੰਸਾਰ ਕਿਤੇ ਮੇਰੀ ਬਦਨਾਮੀ ਨਾ ਕਰਨ ਲੱਗ ਪਵੇ ? ਬ੍ਰਾਹਮਣ ਨੇ ਫ਼ੈਸਲਾ ਕਰ ਲਿਆ ਕਿ ਅਜੇਹੇ ਖ਼ਤਰੇ ਵਾਲੇ ਅਨੁਭਵ ਦੇ ਪੈਦਾ ਹੋਣ ਦੀ ਗੁੰਜਾਇਸ਼ ਨਹੀਂ ਰਹਿਣ ਦੇਣੀ ਚਾਹੀਦੀ । ਉਸ ਦੀ ਵਿਦਿਆ ਦੀ ਸ਼ਕਤੀ ਦਾ ਹੀ ਕਮਾਲ ਹੈ ਕਿ ਉਸ ਨੇ ਵਰਨ ਵੰਡ ਅਤੇ ਛੂਤ ਛਾਤ ਵਰਗੇ ਪਾਪ ਕਰਮ ਦੀ ਜ਼ਿਮੇਵਾਰੀ **ਭਗਵਾਨ ਬ੍ਰਹਮਾ** ਜੀ ਦੇ ਸਿਰ ਮੜ੍ਹ ਦਿੱਤੀ ਹੋਈ ਸੀ, ਕਿ ਬ੍ਰਹਮਾ ਜੀ ਨੇ ਹੀ ਸ੍ਰਿਸ਼ਟੀ ਸਿਰਜਣਾਂ ਦੇ ਸਮੇ ਬ੍ਰਾਮਹਣ ਨੂੰ ਆਪਣੇ ਮੂੰਹ ਵਿਚੋਂ, ਛੱਤ੍ਰੀ ਬਾਹਾਂ ਵਿਚੋਂ, ਵੈਸ਼ ਲੱਤਾਂ ਵਿਚੋਂ ਅਤੇ ਸੂਦਰ ਪੈਰਾਂ ਵਿੱਚੋਂ ਪੈਦਾ ਕੀਤਾ ਸੀ । ਅਥਵਾ ਮਨੁੱਖਤਾ ਦਾ ਜਨਮ ਹੀ ਧੜਿਆਂ ਦੇ ਰੂਪ ਵਿੱਚ ਹੋਇਆ ਸੀ । ਫਿਰ ਬੜੀ ਵੱਡੇ ਕਮਾਲ ਦੀ ਗੱਲ ਇਹ ਹੈ ਕਿ, ਬ੍ਰਾਹਮਣ ਦੀ ਸਿਫ਼ਤ ਅਤੇ ਸ਼ੂਦ੍ਰ ਦੀ ਨਿੰਦਿਆ ਵਾਲੇ ਸਾਰੇ ਦੇ ਸਾਰੇ ਗ੍ਰੰਥ ਦੇਵਤਿਆਂ ਦੇ ਲਿਖੇ ਹੋਏ ਦਰਸਾ ਕੇ, ਬ੍ਰਾਹਮਣ ਆਪ ਹਰ ਪੱਖੋਂ ਪਾਕ-ਪਵਿੱਤਰ ਅਤੇ ਨਿਸ਼ਪਾਪ ਬਣਿਆਂ ਰਹਿ ਕੇ ਲੋਕਾਂ ਵਿਚ ਸਰਬ-ਉ੍ਚ ਪਦਵੀ ਤੇ ਬ੍ਰਾਜਮਾਨ ਹੋ ਗਿਆ । ਬ੍ਰਾਹਮਣ ਹੀ ਲੋਕਾਂ ਲਈ ਜੀਊਂਦਾ ਜਾਗਦਾ, ਅਚੂਕ ਵਰਾਂ ਸਰਾਪਾਂ ਦਾ ਮਾਲਕ " **ਪ੍ਰਤੱਖ ਦੇਵਤਾ** " ਬਣ ਗਿਆ ।

ਵਦਿਆ ਹੀਣ ਜੰਤਾ ਦੀ ਪਿੱਠ ਤੇ ਤਕੜੇ ਭਾਰ ਦੀ ਛੱਟ ਲੱਦ ਕੇ ਇਸ ਨੂੰ ਖੋਤੇ ਵਾਂਗ ਵਾਹੁਣ ਦੀ ਹਜ਼ਾਰਾਂ ਸਾਲ ਪੁਰਾਣੀ ਨੀਤੀ ਦਾ ਹੀ ਸਿੱਟਾ ਹੈ ਕਿ, ਫਰੰਗੀ ਤੋਂ ਆਜ਼ਾਦੀ ਮਿਲਣ ਉਪਰੰਤ ਅੱਜ ਤਾਂਈਂ (1993)ਭਾਰਤ ਉਤੇ ਵਾਸਤਵ ਵਿੱਚ ਬ੍ਰਾਹਮਣ ਦਾ ਹੀ ਰਾਜ ਹੈ । ਪ੍ਰਧਾਨ (**President**) ਅਥਵਾ ਪ੍ਰਧਾਨ-ਮੰਤ੍ਰੀ ਤੋਂ ਲੈ ਕੇ ਹਰ ਮਹਿਕਮੇ ਦੀ ਕੁੰਜੀ ਬ੍ਰਾਹਮਣ ਦੇ ਹੀ ਹੱਥ ਵਿੱਚ ਹੈ । ਸਰਕਾਰੀ ਮਹਿਕਮਿਆਂ ਦੀਆਂ ਸੌ ਵਿਚੋਂ ਲਗ-ਪਗ ਨੱਬੇ ਥਾਵਾਂ ਬਿੱਪ੍ਰ ਜੀ ਦੇ ਹੇਠ ਹੀ ਹਨ । **ਪੁਰਾਣਕ ਬਿਪ੍ਰ ਦੀ ਵਿਦਿਆ ਦੀ ਕਰਾਮਾਤ ਦਾ ਇਹ ਪਹਿਲਾ ਪੱਖ ਹੈ ।**

ਆਪਣੀ ਜੱਦ ਦੀਆਂ ਆਉਣ ਵਾਲੀਆਂ ਪੀਹੜੀਆਂ ਦੀ ਸਦੀਵੀ ਭਲਿਆਈ ਅਤੇ ਉੱਨਤੀ ਦੀ ਸੁਰੱਖਿਯਤਾ ਕਰ ਲੈਣ ਵਾਸਤੇ ਧਰਮ ਗ੍ਰੰਥਾਂ ਦੀ ਵਰਤੋਂ ਦੂਰ ਦ੍ਰਿਸ਼ਟ ਆਦਿ-ਬ੍ਰਾਹਮਣ ਨੇ ਬੜੀ ਸਫਲਤਾ ਨਾਲ ਕਰ ਲਈ ਸੀ। ਪਰਵਾਰ ਦੀ ਭਲਿਆਈ ਅਥਵਾ ਫਿਰਕਾ ਪਰੱਸਤੀ ਦੇ ਸਫ਼ਲ ਯਤਨਾ ਦੀ ਅਜੇਹੀ ਮਿਸਾਲ ਸਾਰੀ ਦੁਨੀਆਂ ਵਿਚੋਂ ਨਹੀਂ ਮਿਲ ਸਕੇਗੀ । **ਆਪੇ ਵਰਨ ਵੰਡ ਕੀਤੀ ਅਤੇ ਫਿਰ ਕਮਾਲ ਦੀ ਸਫ਼ਾਈ ਨਾਲ ਆਪ ਹੀ ਪੂਜਣ ਜੋਗ ਬ੍ਰਾਹਮਣ, ਬਣ** ਬੈਠਾ । ਅਤੇ ਫਿਰ ਪਾਪ ਪੁੰਨ, ਝੂਠ ਸੱਚ ਸਾਰੀ ਦੀ ਸਾਰੀ ਜ਼ਿਮੇਵਾਰੀ ਦਾ ਭਾਂਡਾ ਵੀ, (ਆਪਣੇ ਹੀ ਬਣਾਏ) ਬ੍ਰਹਮਾ ਅਤੇ ਮਨੂੰ ਦੇ ਸਿਰ ਬੜੀ ਸਫ਼ਲਤਾ ਨਾਲ ਭੰਨ ਦੇਣਾ, **ਅਰੰਭਕ ਬਿੱਪ੍ਰ ਦੀ ਵਿਦਿਆ ਦੀ ਦੂਜੀ ਅਨੂਪਮ ਕਰਾਮਾਤ ਹੈ ।** ਪਰ ਪਰਵਾਰ ਪਾਲਣਾ ਦੀ ਲਗਨ ਵਿਚ ਕੁਟਲਤਾ ਨਾਲ ਝੂਠ ਬੋਲ ਕੇ ਮਾਇਆ ਉਗ੍ਰਾਹੁਣ ਵਾਲੇ ਆਪ ਹੁਦਰੇ ਬਾਰੇ ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ:--

੩੪- **ਮਨਮੁਖ ਦੂਜਾ ਭਰਮ ਹੈ ਦੂਜੈ ਲੋਭਾਇਆ ॥ ਕੂੜ ਕਪਟ ਕਮਾਵਦੇ ਕੂੜੋ ਅਲਾਇਆ ॥**
**ਪੁਤ੍ਰ ਕਲਤ੍ਰ ਮੋਹੁ ਹੇਤੁ ਹੈ ਸਭੁ ਦੁਖੁ ਸਬਾਇਆ ॥ ਜਮ ਦਰ ਬਧੇ ਮਾਰੀਅਹਿ ਭਰਮੋਹਿ**
**ਭਰਮਾਇਆ ॥ ਮਨਮੁਖਿ ਜਨਮੁ ਗਵਾਇਆ ਨਾਨਕ ਹਰਿ ਭਾਇਆ ॥ ੩ ॥**

[੧੨੩੮]-ਵਾਰ

# ਤੀਜਾ ਕਾਂਡ

# ਬ੍ਰਾਹਮਣ ਬਨਾਮ ਤੇਤੀ ਕ੍ਰੋੜ ਦੇਵਤੇ

## ਦੇਵੀ ਦੇਵਤੇ

ਅਰੰਭ ਵਿੱਚ ਮਨੁੱਖ ਨੂੰ ਇਹ ਗਿਆਨ ਨਹੀਂ ਸੀ ਕਿ ਸੱਪ ਦੇ ਕੱਟਿਆਂ ਉਸ ਦੇ ਅੰਦਰ ਦੇ ਜ਼ਹਿਰ ਦੇ ਅਸਰ ਨਾਲ ਜੀਵ ਦੀ ਮੌਤ ਹੋ ਜਾਂਦੀ ਹੈ। ਸੱਪ ਵਿੱਚ ਕਿਸੇ ਰੱਬੀ ਸ਼ਕਤੀ ਦਾ ਭਰਮ ਅਜੇਹਾ ਬਣਿਆ ਕਿ, ਬੰਦਾ ਡਰਦਾ ਮਾਰਿਆ ਉਸ ਨੂੰ ਮੱਥੇ ਟੇਕਣ ਲੱਗ ਪਿਆ। ਜਿਸ ਕਿਸੇ ਜੀਵ ਜੰਤ ਤੋਂ ਅਥਵਾ ਕੁਦਰਤ ਦੀ ਬਖ਼ਸ਼ਸ਼ ਕਿਸੇ ਵੀ ਪਦਾਰਥ ਕੋਲੋਂ ਭੈ ਜਾਂ ਸੁੱਖ ਅਨੁਭਵ ਹੋਇਆ ਮਨੁੱਖ ਨੇ ਓਸੇ ਅੱਗੇ ਹੀ ਡੰਡੌਤ ਕਰ ਦਿੱਤੀ। ਅੱਗ, ਪਾਣੀ, ਹਵਾ, ਸੂਰਜ, ਚੰਦ, ਬੱਦਲ, ਆਸਮਾਨੀ-ਬਿਜਲੀ ਸੱਭ ਦੇ ਅੱਗੇ ਮਨੁੱਖ ਹੱਥ ਬੰਨ੍ਹ ਖਲੋਤਾ। ਕਿਸੇ ਜਗਾਹ ਤੇ ਜਾਂ ਕਿਸੇ ਰੁੱਖ ਦੇ ਹੇਠਾਂ ਕੋਈ ਘਟਣਾਂ ਅਚਨਚੇਤ ਵਾਪਰ ਗਈ ਤਾਂ ਉਸ ਨੂੰ ਕਰਾਮਾਤੀ ਅਥਵਾ ਆਸੇਬ ਵਾਲਾ ਸਮਝ ਕੇ ਮੱਥੇ ਰਗੜਨ ਲੱਗ ਪਿਆ। ਏਸੇ ਤਰ੍ਹਾਂ ਦੇ ਭਰਮ ਨੇ ਪਿੱਪਲ, ਜੰਡੀ, ਤੁਲਸੀ, ਗਊ, ਬਾਂਦਰ, ਗਰੁੜ ਆਦਿ ਸਭ ਪੂਜਣ ਯੋਗ ਬਣਾ ਦਿੱਤੇ। (ਕਿਸੇ ਜੀਵ ਅਥਵਾ ਵਸਤੂ ਦੇ ਗੁਣਾਂ ਦੀ ਕਦਰ ਕਰਨੀ ਹੋਰ ਗੱਲ ਹੈ ਪਰ ਉਸ ਦੀ ਪੂਜਾ ਹੀ ਕਰਨ ਲੱਗ ਪੈਣੀ ਬਿਲਕੁਲ ਅਲੱਗ ਅਤੇ ਕਿਸੇ ਭਰਮ ਕਾਰਨ ਬਣੀ ਹਾਲਤ ਹੁੰਦੀ ਹੈ) ਅਜੇਹੀ ਕਮਜ਼ੋਰੀ ਕਿਸੇ ਨਾ ਕਿਸੇ ਰੰਗ ਵਿੱਚ ਸੰਸਾਰ ਦੇ ਸਾਰੇ ਮਨੁੱਖਾਂ ਵਿੱਚ ਹੈ।

ਬ੍ਰਾਹਮਣ ਦੀ ਵਿਦਵਤਾ ਦਾ ਅਤੇ ਉਸਦੀ ਉਚੀ ਪਦਵੀ ਦਾ ਅਜੇਹਾ ਪ੍ਰਭਾਵ ਭਾਰਤ ਵਾਸੀ ਮਨੁੱਖ ਦੇ ਮਨ ਤੇ ਪੈ ਚੁੱਕਾ ਸੀ ਕਿ ਜਦ ਵੀ ਉਸ ਨੂੰ ਕੋਈ ਭੈ ਅਥਵਾ ਦੁਖ ਅਨੁਭਵ ਹੋਇਆ, ਉਹ ਸਹਾਇਤਾ ਵਾਸਤੇ ਬ੍ਰਾਹਮਣ ਕੋਲ ਹੀ ਗਿਆ। ਸੋ ਉਸ ਨੇ ਗ਼ੈਬੀ ਸ਼ਕਤੀਆਂ ਦੇ ਭਰਮ ਕਾਰਨ ਬਣੇ ਭੈ ਦਾ ਦੁੱਖ ਵੀ ਬ੍ਰਹਮਣ ਕੋਲ ਹੀ ਰੋਣਾ ਸੀ। ਅਗੋਂ ਬਿੱਪ੍ਰ ਨੇ ਇਸ ਫੋਕੇ ਭਰਮ ਦਾ ਜੋ ਲਾਭ ਲਿਆ ਉਸ ਦੀ ਮਿਸਾਲ ਸਾਰੀ ਦੁਨੀਆਂ ਦੇ ਇਤਿਹਾਸ ਵਿੱਚ ਨਹੀਂ ਮਿਲਦੀ। ਜਿਥੋਂ ਵੀ ਮਨੁੱਖ ਨੇ ਭੈ ਦਾ ਭਰਮ ਪ੍ਰਗਟ ਕੀਤਾ ਬ੍ਰਾਹਮਣ ਨੇ ਉਸ ਨੂੰ ਦੇਵਤੇ ਦਾ ਨਾਮ ਦੇਣਾਂ ਅਰੰਭ ਕਰ ਦਿੱਤਾ। ਸੱਪ ਨੂੰ ਨਾਗ ਦੇਵਤਾ ਬਣਾ ਦਿੱਤਾ, ਪੰਛੀਆਂ ਵਿਚੋਂ, ' ਗੰਦ ਖਾਣੇ **ਕਾਂ** ਤੋਂ ਅਰੰਭ ਹੋ ਕੇ, ਗਿੱਧ (ਮੁਰਦਾਰ ਖਾਣ ਵਾਲੀ ਗਿਰਝ) ਗ਼ਰੁੜ, ਮੋਰ, ਹੰਸ, ਆਦਿ ਦੇਵਤੇ ਜਾਂ ਭਗਵਾਨ ਥਾਪ ਦਿੱਤੇ। ਪਵਨ, ਸੂਰਜ, ਚੰਦ, ਅਗਨ, ਸਮੁੰਦਰ, ਜੰਗਲ, ਪਹਾੜ, ਪੱਥਰ ਆਦਿ ਸਭ ਦੇ ਸਭ ਦੇਵਤੇ ਬਣ ਗਏ। ਬੱਦਲਾਂ ਨੂੰ ਇੰਦ੍ਰ ਦੇਵਤਾ ਅਥਵਾ ਉਨ੍ਹਾਂ ਨੂੰ ਇੰਦ੍ਰ ਦੇਵਤੇ ਦੇ ਅਧੀਨ ਕਰ ਦਿੱਤਾ, ਪਾਣੀਆਂ ਦਾ ਬਰਨ ਦੇਵਤਾ, ਮਾਇਆ ਦੀ ਦੇਵੀ, ਲੱਛਮੀ, ਵਿਦਿਆ ਦੀ ਦੇਵੀ ਸਰਸਵਤੀ, ਸ਼ਕਤੀ ਦੀ ਦੁਰਗਾ, ਮਾਤਾ-- (Smalpox)ਦੀ ਸੀਤਲਾ--ਏਸੇ ਤਰ੍ਹਾਂ ਦੇਵੀ ਦੇਵਤਿਆਂ ਦੀ ਇਸ ਭੂਲ-ਭੁਲਈਆਂ ਨੂੰ ਜਿਉਂ ਵਧਾਇਆ ਕਿ ਇਨ੍ਹਾਂ ਦੀ ਗਿਣਤੀ ਤੇਤੀ ਕ੍ਰੋੜ ( ੩੩੦,੦੦੦,੦੦੦) ਤੱਕ ਪੁਚਾ ਦਿੱਤੀ।

ਪ੍ਰੋਫੈਸਰ ਸ਼ੇਰ ਸਿੰਘ ਦੀ ਲਿਖੀ ਪੁਸਤਕ ' ਗੁਰਮਤਿ ਦਰਸ਼ਨ" ਜਿਸ ਨੂੰ ਸ਼੍ਰੋਮਨੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਛਾਪਿਆ ਹੈ ਦੇ ੧੩੪ ਸਫ਼ੇ ਤੇ ਸਰ ਰਾਧਾ ਕ੍ਰਿਸ਼ਨਨ ਦਾ ਹਵਾਲੇ ਨਾਲ ਇਸ ਪ੍ਰਕਾਰ ਲਿਖਿਆ ਹੋਇਆ ਹੈ---" **ਸਰ ਰਾਧਾ ਕ੍ਰਿਸ਼ਨਨ ਜੀ** ਦੇ ਕਹਿਣ ਵਾਂਗ---ਪੁਰਾਣੇ ਵੈਦਿਕ ਰਿਸ਼ੀਆਂ ਨੇ ਹਰ-ਇੱਕ ਚੀਜ਼ ਨੂੰ ਆਤਮਕ-ਤੱਤੀ ਤੇ ਜੀਵਨ-ਸਰੂਪ ਵਿਖਾਇਆ। ਚੰਦ, ਤਾਰੇ, ਸਮੁੰਦਰ, ਅਸਮਾਨ, ਉਸ਼ਾ ਤੇ ਸੰਧਿਆ ਸਾਰੇ ਦੇਵਤ ਰੂਪ ਹੋ ਕੇ ਉਹਨਾਂ ਦੀਆਂ ਅੱਖਾਂ ਉੱਤੇ ਆ ਖਲੋਤੇ। ਵੈਦਿਕ ਸਮੇਂ ਦੀ ਸਭ ਤੋਂ ਪਹਿਲੀ ਪੂਜਾ ਪ੍ਰਾਤਨ ਇਨ੍ਹਾਂ ਕੁਦਰਤੀ ਦੇਵਤਿਆਂ ਦਾ ਪੂਜਨ ਸੀ। ਪੁਰਾਣੇ ਯੂਨਾਨੀਆਂ ਵਾਂਗ ਪ੍ਰਾਚੀਨ ਭਾਰਤੀ ਆਰੀਆਂ ਨੇ ਭੀ ਕੁਦਰਤੀ ਬ੍ਰਹਿਮੰਡ ਨੂੰ ਸਜੀਵ ਬਣਾਇਆ। ਪਹਾੜ, ਦਰਿਆ, ਅਗਨੀ, ਮੀਂਹ ਆਦਿਕ ਸਭਨਾਂ ਵਿਚ ਮਨੁੱਖੀ ਮਨ ਦਾ ਪ੍ਰਤਿਬਿੰਬ ਪਾ ਕੇ ਉਹਨਾਂ ਨੂੰ ਦੇਵਤਾ ਥਾਪਿਆ ਗਿਆ। ਆਦਮੀ ਤਾਂ ਨਿਰਬਲ ਤੇ ਨਾ-ਚੀਜ਼ ਹੈ ਖ਼ਾਸ ਕਰ ਕੇ ਮਹਾਨ ਕੁਦਰਤ ਤੇ ਉਸ ਦੀਆਂ ਮਹਾਨ ਆਕਾਰੀ ਚੀਜ਼ਾਂ ਦੇ ਸਾਹਮਣੇ। ਉਹਨਾਂ ਦੇ ਮੁਕਾਬਲੇ ਵਿਚ ਇਸ ਦੀ ਉਮਰ ਭੀ ਥੋਹੜੀ, ਬਲ ਭੀ ਥੋਹੜਾ ਤੇ ਹੋਇਆ ਵੀ ਉਹਨਾਂ ਦੇ ਰਹਿਮ ਤੇ। ਅਸਮਾਨ, ਧਰਤੀ, ਬਿਜਲੀ ਤੇ ਬੱਦਲ, ਪਹਾੜ, ਅੱਗ, ਪਾਣੀ ਹਵਾ ਆਦਿ ਸਭ ਪੁਰਾਣੇ ਮਨੁੱਖ ਨੂੰ ਉਸ ਨਾਲੋਂ ਬਲੀ ਤੇ ਚਿਰੰਜੀਵ ਜਾਪਦੇ ਸਨ। ਇਹਨਾਂ ਸਭਨਾਂ ਨੂੰ ਦੇਵਤੇ ਬਣਾਇਆ ਗਿਆ। ਵੈਦਿਕ ਮੰਤ੍ਰਾਂ ਵਿਚ ਅਜਿਹੇ ਨਾਉਂ ਦੇਵਤਿਆਂ ਦੇ ਆਉਂਦੇ ਹਨ--ਵਰਣ, ਮਿੱਤ੍ਰ, ਮਾਰੁਤ, ਸੂਰਜ ਜਾਂ ਸਵਿੱਤ੍ਰ, ਵਿਸ਼ਨੂੰ, ਪੂਸਨ, ਉਸ਼ਾ, ਏਵਨ, ਆਦਿਤਯ ਅਗਨੀ, ਸੋਮ, ਯਮ, ਪਰਜਨਯ, ਇੰਦਰ, ਵਰਿਤ੍ਰ, ਵਾਤਜਾ, ਵਾਯੂ, ਰੁਦ੍ਰਾ, ਸਿੰਧੂ, ਸਰਸਵਤੀ, ਵਾਕ ਆਸ਼ਕਤੀ ਆਦਿ। ਦੇਵੀ ਦੇਵਤਿਆਂ ਦੀ ਗਿਣਤੀ ਵਧਦੀ ਗਈ। ਆਮ ਖ਼ਿਆਲ ਨੇ ੩੩ ਕ੍ਰੋੜ ਦੇਵੀ-ਦੇਵਤੇ ਗਿਣ ਮਾਰੇ "।

ਤ੍ਰਿਸ਼ਨਾਲੂ ਮਨ ਵਾਲੇ ਤੀਖਣ-ਬੁੱਧੀ ਬਿੱਪ੍ਰ ਨੇ ਸੁਆਰਥ ਸਿੱਧੀ ਦੀ ਭਾਵਨਾਂ ਨਾਲ ਘੜਨੀਆਂ ਅਰੰਭ ਕੀਤੀਆਂ ਹੋਈਆਂ ਯੋਜਨਾਂਵਾਂ ਦੀ ਲੜੀ ਵਿੱਚ ਹੀ, ਇਨ੍ਹਾਂ ਮਨੋ-ਕਲਪਤ ਦੇਵਤਿਆਂ ਨੂੰ ਪ੍ਰਕ੍ਰਿਤੀ ਦੇ ਅਟੱਲ ਸਿਧਾਂਤ ਦੇ ਪ੍ਰਤਿਕੂਲ, ਸ਼ਕਲਾਂ ਦੇ ਦਿੱਤੀਆਂ। ਮਨੁੱਖੀ ਧੜ ਉਤੇ ਹਾਥੀ, ਘੋੜੇ, ਖੋਤੇ, ਗਊ, ਬਾਂਦਰ, ਬੱਕਰੇ ਕੁੱਤੇ ਆਦਿ ਦਾ ਸਿਰ ਲਾ ਦਿੱਤਾ। ਮਨੁੱਖਾ ਸਰੀਰ ਦੀ ਧੌਣ ਤੇ ਇੱਕ ਤੋਂ ਵੱਧਾ ਕੇ ਦਸਾਂ ਦੀ ਗਿਣਤੀ ਤੱਕ ਮਨੁੱਖੀ ਸਿਰ ਲਾ ਦਿਤੇ। ਮੱਛੀ ਅਥਵਾ ਗਊ ਆਦਿ ਦੇ ਧੜ ਨੂੰ ਖ਼ੂਬਸੂਰਤ ਇਸਤ੍ਰੀ ਦਾ ਸਿਰ ਅਤੇ ਕਿਤੇ ਦੈਂਤ ਦਾ ਸਿਰ ਜੜ ਦਿੱਤਾ। ਠੱਗ-ਨੀਤੀ ਵਾਲੀ ਆਪਣੀ ਯੋਜਨਾ ਦੇ ਅਨੁਸਾਰ ਕਲਪੀ ਹੋਈ ਰਾਮਾਇਣ-ਗਾਥਾ ਵਿਚ, ਮਹਾਂ-ਬਲੀ ਸੂਰਮੇ ਦੀ ਅਤੇ ਰਾਮ ਦੇ ਪਰਮ-ਭਗਤ ਦੀ ਭੂਮਕਾ ਨਿਭਾਉਣ ਵਾਲੇ ਹਨੂੰਮਾਨ[*,*] ਨੂੰ ਬਾਂਦਰ ਦਾ ਮੂੰਹ ਅਤੇ ਲੰਮੀ ਸਾਰੀ ਪੂਛਲ ਚੁੱਕ ਲਾਈ। ਲੰਮੀ ਵਿਚਾਰ ਮਗਰੋਂ ਤਿਆਰ ਕੀਤੀ ਆਪਣੀ ਯੋਜਨਾਂ ਅਧੀਨ ਲਿਖੇ ਗਰੰਥਾਂ ਵਿਚਲੀਆਂ ਕਥਾ ਕਹਾਣੀਆਂ ਦੇ ਅਨਕੂਲ, ਬ੍ਰਾਹਮਣ ਦੀ ਮਾਇਆ ਦੇ ਲੋਭ ਗ੍ਰਸੀ ਕਲਪਣਾ ਨੇ, ਕ੍ਰੋੜਾਂ ਦੇਵਤੇ ਬਣਾ ਲਏ।

੧- **ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖੀ ਆਖਹਿ ॥**
**ਨਹੀ ਲੇਪੁ ਤਿਸੁ ਪੁੰਨਿ ਨ ਪਾਪਿ ॥ ਨਾਨਕ ਕਾ ਪ੍ਰਭੁ ਆਪੇ ਆਪਿ ॥ ੪ ॥** [੮੯੪]-੨੫-੩੬

(*FootNote :- ਬਜਰੰਗ ਬਲੀ ਹਨੂੰਮਾਨ ਦੀ ਜਨਮ ਲੀਲ੍ਹਾ ਲਿਖਿਦਿਆਂ ਵਾਲਮੀਕ ਕਾਂਡ ੪, ਅ: ੬੬ ਦੇ ਹਵਾਲੇ ਨਾਲ ਮਹਾਨ ਕੋਸ਼ ਦੇ ੨੫੯ ਸਫੇ ਤੇ ਲਿਖਿਆ ਹੈ ਕਿ ਹਨੂੰਮਾਨ ਦੀ ਮਾਂ ਅਪੱਸਰਾ (ਪਰੀ) ਸੀ ਅਤੇ ਨਾਮ ਅੰਜਨਾਂ ਸੀ ਪਤੀ ਦਾ ਨਾਮ ਕੇਸਰੀ ਸੀ। ਬੜੀ ਸੁੰਦਰ ਹੋਣ ਕਰਕੇ ਇਕ ਦਿੱਨ ਪਵਨ ਦੇਵਤਾ ਅੰਜਨਾਂ ਨੂੰ ਲਿਪਟ ਗਿਆ ਜਿਸ ਤੋਂ ਹਨੂੰਮਾਨ ਜਨਮਿਆ। ਜੰਮਦਿਆਂ ਹੀ ਸੂਰਜ ਨੂੰ ਫੱਲ ਜਾਣ ਕੇ ਖਾਣ ਲਈ ਕੁਦਿਆ।

੨= ਰਾਮਾਇਣ ਦੀਆਂ ਵੀਡੀਓ ਰੀਲਾਂ ਵਿੱਚ ਦਿਖਾਏ ਗਏ ਇਸ ਦ੍ਰਿਸ਼ ਦਾ ਵੇਰਵਾ ਇਸ ਪ੍ਰਕਾਰ ਹੈ :- ਨਵ ਜਨਮਿਆਂ ਕਾਕਾ ਹਨੂੰਮਾਨ ਸੂਰਜ ਨੂੰ ਖਾ ਜਾਂਦਾ ਹੈ ਅਤੇ ਦੁਨੀਆਂ ਤੇ ਹਨੇਰਾ ਹੋ ਜਾਂਦਾ ਹੈ। ਫਿਰ ਦੇਵਤਿਆਂ ਨੇ ਮਿੰਨਤਾਂ ਕੀਤੀਆਂ ਤਾਂ ਉਸ ਨੇ ਸੂਰਜ ਨੂੰ ਸਹੀ ਸਲਾਮਤ ਮੂੰਹ ਵਿਚੋਂ ਕੱਢ ਦਿੱਤਾ। ਜਿਸ ਧਰਤੀ ਤੇ ਇਹ ਅਦਭੂਤ ਵਿਅਕਤੀ ਜਨਮਿਆਂ ਮੰਨਦੇ ਹਨ, ਉਹ ਸੂਰਜ ਨਾਲੋਂ ਲਖਾਂ ਗੁਣਾ ਛੋਟੀ ਹੈ ਅਤੇ ਸੂਰਜ ਹੈ ਵੀ ਬੜੀ

ਭਿਆਨਕ ਅੱਗ ਦਾ ਗੋਲਾਂ । ਬ੍ਰਾਹਮਣੀ ਲਿਖਣ ਢੰਗ ਨੇ ਇਸ ਅਣਹੋਣੀ ਗਾਥਾ ਨੂੰ ਸੱਚ ਦਾ ਅਜੇਹਾ ਰੂਪ ਦੇ ਦਿੱਤਾ ਕਿ ਅੱਜ ਸਾਇੰਸ ਦੇ ਯੁੱਗ ਵਿੱਚ ਵੀ ਇਸ ਕੋਰੇ ਝੂਠ ਦੇ ਪਲੰਦੇ ਨੂੰ ਦੇਖਣ, ਸੁਣਨ ਅਤੇ ਪੂਜਣ ਵਾਲੇ ਕ੍ਰੋੜਾਂ ਮਨੁੱਖ ਹਨ ।

੨

## ਵਿਸ਼੍ਵਕਰਮਾ (ਕਥਿਤ, ਪਰਮ ਮਿਸਤਰੀ)

ਬ੍ਰਾਹਮਣੀ ਕਲਪਣਾ ਦੀ ਉਪਜ, ਵਿਸ਼੍ਵਕਰਮਾਂ ਨਾਮਕ ਇੱਕ ਦੇਵਤਾ ਮੰਨਿਆ ਗਿਆ ਹੈ । ਮਿਸਤਰੀ ਅਥਵਾ ਰਾਮਗੜ੍ਹੀਆ ਬ੍ਰਾਦਰੀ ਦੇ ਕਈ ਸਿੱਖ ਇਸ ਨੂੰ ਆਪਣਾ **ਇਸ਼ਟ** ਮੰਨਦੇ ਹਨ ਅਤੇ ਕਈ ਥਾਂਈ ਗੁਰੂ ਘਰਾਂ ਵਿੱਚ ਇਸ ਦੇਵਤੇ ਦੇ ਜਨਮ-ਪੁਰਬ ਵੀ ਮਨਾਉਂਦੇ ਹਨ । ਇਸ ਕਾਰਨ ਵਿਸ਼੍ਵਕਰਮਾ ਜੀ ਪ੍ਰਤੀ ਪੂਰੀ ਜਾਣਕਾਰੀ ਕਰ ਲੈਣੀ ਲਾਹੇਵੰਦ ਹੋਵੇਗਾ ।

ਮਹਾਨ ਕੋਸ਼ ਦੇ ੧੦੯੫ ਸਫ਼ੇ ਤੇ ਇਸ ਨੂੰ **ਸੰਸਾਰ ਰਚਨਾਂ ਵਾਲਾ ਕਰਤਾਰ** ਲਿਖਆ ਹੈ । (ਪਾਠਕ ਜਾਣਦੇ ਹਨ ਕਿ ਗੁਰਬਾਣੀ ਵਿਚ ਗੁਰਦੇਵ ਜੀ ਨੇ ਬੜੇ ਸਪੱਸ਼ਟ ਤੌਰ ਤੇ ਫੁਰਮਾਨ ਕੀਤਾ ਹੈ ਕਿ ਸੰਸਾਰ ਰਚਨਾਂ ਵਿੱਚ ਅਕਾਲ ਪੁਰਖ ਦਾ ਨਾ ਕੋਈ ਸਲਾਹਕਾਰ ਹੈ ਅਤੇ ਨਾ ਕੋਈ ਦੂਜਾ ਸਹਾਈ ਸੀ-**ਜਦੋਂ ਆਪੇ ਥਾਟੁ ਕੀਆ ਬਹਿ ਕਰਤੈ, ਤਦਹੁ ਪੁਛਿ ਨ ਸੇਵਕ ਬੀਆ ॥**- ੫੫੧ । ਸੋ ਕਿਸੇ ਵੀ ਦੇਵਤੇ ਨੂੰ ਕਰਤਾਰ ਮੰਨਣਾ ਬਿੱਪ੍ਰਨ ਕੀ ਰੀਤ ਹੈ)

ਮਹਾਨ ਕੋਸ਼ ਦੀ ਅਗਲੀ ਲਿਖਤ ਇਸ ਪ੍ਰਕਾਰ ਹੈ :- ਰਿਗਵੇਦ ਦੇ ਦੋ ਮੰਤ੍ਰਾਂ ਵਿੱਚ ਵਿਸ਼੍ਵਕਰਮਾ ਦਾ ਵਰਣਨ ਹੈ ਕਿ ਇਸ ਦੇ ਹਰ ਪਾਸੇ ਮੂੰਹ ਬਾਹਾਂ ਅਤੇ ਪੈਰ ਹਨ । ਸੰਸਾਰ ਰਚਨ ਵੇਲੇ ਇਹ ਆਪਣੀਆਂ ਬਾਹਾਂ ਤੋਂ ਕੰਮ ਲੈਂਦਾ ਹੈ ਅਰ ਇਸ ਨੂੰ ਸਾਰੇ ਲੋਕਾਂ ਦਾ ਗਿਆਨ ਹੈ । ਇਸ ਨੂੰ ਮਹਾਭਾਰਤ ਅਤੇ ਪੁਰਾਣਾਂ ਵਿੱਚ ਦੇਵਤਿਆਂ ਦਾ ਚੀਫ ਇੰਜੀਨੀਅਰ Chief Engineer ਦੱਸਿਆ ਹੈ, ਇਹ ਕੇਵਲ ਦੇਵਤਿਆਂ ਦੇ ਮਕਾਨ ਹੀ ਨਹੀਂ ਰਚਦਾ, ਦੇਵਤਿਆਂ ਤੇ ਸ਼ਸਤ੍ਰ ਅਸਤ੍ਰਾਂ ਨੂੰ ਭੀ ਇਹੀ ਬਣਾਉਂਦਾ ਹੈ । ਮਹਾਂ ਭਾਰਤ ਵਿੱਚ ਇਸ ਦੀ ਬਾਬਤ ਇਉਂ ਲਿਖਿਆ ਹੈ--ਦੇਵਤਿਆਂ ਦਾ ਪਤਿ, ਗਹਿਣੇ ਘੜਨ ਵਾਲਾ ਵਧੀਆ ਕਾਰੀਗਰ, ਜਿਸ ਨੇ ਕਿ ਦੇਵਤਿਆਂ ਦੇ ਰੱਥ ਬਣਾਏ ਹਨ, ਜਿਸ ਦੇ ਹੁਨਰ ਤੇ ਪ੍ਰਿਥਵੀ ਖੜੀ ਹੈ, ਅਤੇ ਜਿਸ ਦੀ ਸਦੀਵ ਪੂਜਾ ਕੀਤੀ ਜਾਂਦੀ ਹੈ ।

ਰਾਮਾਇਣ ਵਿੱਚ ਲਿਖਿਆ ਹੈ ਕਿ ਵਿਸ਼੍ਵਕਰਮਾ **ਅੱਠਵੇਂ ਵਸੁ ਪ੍ਰਭਾਸ** ਦਾ ਪੁੱਤ੍ਰ **ਲਾਵਨਯਮਤੀ-ਯੋਗ ਸਿੱਧਾ** ਦੇ ਪੇਟੋਂ ਹੋਇਆ । ਇਸ ਦੀ ਪੁੱਤ੍ਰੀ **ਸੰਜਨਾ** ਦਾ ਵਿਆਹ **ਸੂਰਜ** ਨਾਲ ਹੋਇਆ ਸੀ, ਪਰ ਜਦ ਸੰਜਨਾ ਸੂਰਜ ਦਾ ਤੇਜ ਸਹਾਰ ਨਾ ਸਕੀ, ਤਾਂ ਵਿਸ਼ਵਕਰਮਾਂ ਨੇ ਸੂਰਜ ਨੂੰ ਆਪਣੇ ਖਰਾਦ ਤੇ ਚਾੜ੍ਹ ਕੇ ਉਸ ਦਾ ਅਠਵਾਂ ਭਾਗ ਛਿੱਲ ਦਿੱਤਾ, ਜਿਸ ਤੋਂ ਸੂਰਜ ਦੀ ਤਪਤ ਕਮ ਹੋ ਗਈ । ਸੂਰਜ ਦੇ ਛਿੱਲੜ ਤੋਂ ਵਿਸ਼੍ਵਕਰਮਾਂ ਨੇ **ਵਿਸ਼ਨੂੰ** ਦਾ **ਸੁਦਰਸ਼ਨ-ਚੱਕਰ, ਸ਼ਿਵ** ਦਾ **ਤ੍ਰਸ਼ੂਲ**, **ਕਾਰਤਿਕੇਯ** ਦੀ **ਬਰਛੀ** ਅਤੇ ਹੋਰ ਕਈ ਦੇਵਤਿਆਂ ਦੇ ਸ਼ਸਤ੍ਰ ਬਣਾਏ । ਇਹ ਵੀ ਲਿਖਆ ਹੈ ਕਿ **ਯਮ-ਰਾਜ** (ਧਰਮ-ਰਾਜ) ਅਤੇ **ਜਮਨਾਂ** ਨਦੀ ਦੋਵੇਂ ਸੂਰਜ ਦੀ ਅਉਲਾਦ ਅਥਵਾ ਵਿਸ਼੍ਵਕਰਮਾ ਦਾ ਦੁਹਤਾ ਦੁਹਤੀ ਹਨ (ਬ੍ਰਾਹਮਣੀ ਮਤ ਅਨੁਸਾਰ ਜਿਹੜਾ ਪ੍ਰਾਣੀ ਜਮਨਾ ਨਦੀ ਵਿਚ ਨ੍ਹਾਉਂਦਾ ਹੈ ਉਸ ਨੂੰ ਜਮਾਂ ਦਾ ਡਰ ਨਹੀਂ ਰਹਿੰਦਾ ਕਿਉਂਕਿ ਜਮਨਾਂ ਯਮਰਾਜ ਦੀ ਭੈਣ ਹੈ ਇਸ ਕਾਰਨ ਜਮ ਅਜੇਹੇ ਜਮਨਾ ਭਗਤ ਨੂੰ ਕੁੱਝ ਨਹੀਂ ਕੀਂਦਾ । ਭਾਗਵਤ ਪੁਰਾਣ ਵਿੱਚ ਲਿਖਿਆ ਹੈ ਕਿ ਅਰਜੁਨ ਦੀ ਵਿਚੋਲਗੀ ਨਾਲ ਜਮੁਨਾ ਨੇ ਸ੍ਰੀ ਕ੍ਰਿਸ਼ਨ ਜੀ ਨਾਲ ਸ਼ਾਦੀ ਕਰ ਲਈ ਸੀ ਅਤੇ ੧੦ ਲੜਕਿਆਂ ਤੇ ਇੱਕ ਬੀਬੀ ਨੂੰ ਜਨਮ ਦਿੱਤਾ ਸੀ । ਭਗਵਤ ਪੁਰਾਨ ਅਨੁਸਾਰ ਦੁਰਬਾਸ਼ਾ ਰਿਸ਼ੀ ਦੇ ਸਰਾਪ ਕਾਰਨ ਕ੍ਰਿਸ਼ਨ ਜੀ ਸਮੇਤ ਜਾਦੂਵਾਂ ਦੀ ਸਾਰੀ ਜਦ ਦਾ ਨਾਸ ਹੋ ਗਿਆ ਸੀ, ਪਰ ਜਮਨਾ ਉਸੇ ਤਰ੍ਹਾਂ ਵਗ ਰਹੀ ਹੈ । ਇਸ ਨਦੀ ਬੀਬੀ ਤੇ ਦੁਰਬਾਸ਼ਾ ਦੇ ਸਰਾਪ ਦਾ ਅਸਰ ਨਹੀਂ ਹੋ ਸਕਿਆ) । ਇਹ ਵੀ ਲਿਖਿਆ ਹੈ ਕਿ ਜਗਨਨਾਥ ਦਾ ਬੁੱਤ ਵੀ ਇਸੇ ਕਾਰੀਗਰ ਦੀ ਦਸਤਕਾਰੀ ਦਸਦੇ ਹਨ । ਵਿਸ਼੍ਵਕਰਮਾ ਜੀ ਦੇ ਸ਼ਰਧਾਲੂਆਂ ਵਿਚੋਂ ਕਈ ਤਾਂ ਇਹ ਵੀ ਕੀਂਦੇ ਸੁਣੇ ਜਾਨ ਲੱਗ ਪਏ ਹਨ ਕਿ ਆਗਰੇ ਦਾ ਤਾਜ ਮਹਲ ਵੀ ਏਸੇ ਪਰਮ ਮਿਸਤਰੀ ਦਾ ਸ਼ਾਹਕਾਰ ਹੈ । ਵਿਸ਼ਕਰਮਾਂ ਦੀ ਪੂਜਾ ਦਾ ਦਿਨ ਹਿੰਦੂ-ਮਤ ਦੇ ਗ੍ਰੰਥਾਂ ਅਨੁਸਾਰ ਭਾਦੋਂ ਦੀ ਸੰਕ੍ਰਾਂਤਿ ਹੈ ।

ਸੂਰਜ ਨਾਲ ਆਪਣੀ ਲੜਕੀ ਦੀ ਸ਼ਾਦੀ ਕਰਨ ਵਾਲਾ ਅਤੇ ਧਰਤੀ ਨਾਲੋਂ ਲੱਖਾਂ ਗੁਣਾ ਵੱਡੇ ਸੂਰਜ ਨੂੰ ਖਰਾਦਣ ਵਾਲਾ ਕਥਿਤ ਦੇਵਤਾ ਸਿਰਫ਼ ਬ੍ਰਾਹਮਣੀ ਕਲਪਣਾ ਦੀ ਉਪਜ ਹੀ ਹੈ । ਏਡੀ ਵੱਡੀ ਗੱਪ ਦੇ ਆਸਰੇ ਘੜੇ ਗਏ ਝੂਠ ਦਾ ਪੁਰਬ, ਸੱਚ ਦੇ ਢੰਡੋਰਚੀ ਅਤੇ **ਪੂਰਨ-ਸੱਚ, ਗੁਰੂ ਨਾਨਕ** ਦੇ ਦਰਬਾਰ ਵਿੱਚ ਮਨਾਇਆ ਜਾਣ ਦਾ ਘੋਰ ਪਾਪ ਭੁੱਲ ਕੇ ਵੀ ਨਹੀਂ ਕਰਨਾ ਚਾਹੀਦਾ ! ਇਹੋ ਜਿਹੀਆਂ ਖੁਨਾਮੀਆਂ ਦੇ ਕਾਰਨ ਹੀ ਕੌਮ ਹਰ ਪਾਸਿਉਂ ਨਮੋਸ਼ੀ ਦਾ ਮੂੰਹ ਦੇਖ ਰਹੀ ਹੈ)- - -

ਵਿਸ਼ਨੂੰ ਦੇ ਚੱਕਰ ਅਤੇ ਸ਼ਿਵਾਂ ਦੀ ਤ੍ਰਸ਼ੂਲ ਦਾ ਤਾਂ ਲਗ-ਪਗ ਸੱਭ ਨੂੰ ਪਤਾ **ਹੈ, ਬਰਛੀ ਵਾਲੇ ਕਾਰਤਿਕੇਯ** ਦੀ ਵਾਰਤਾ ਇਸ ਪ੍ਰਕਾਰ ਲਿਖੀ ਹੈ :- **ਬ੍ਰਹਮਾਵਰਤ ਗ੍ਰੰਥ** ਵਿੱਚ ਲਿਖਿਆ ਹੈ ਕਿ ਸ਼ਿਵ ਦਾ ਵੀਰਜ ਪਾਰਵਤੀ ਨਾਲ ਕ੍ਰੀੜਾ ਕਰਦੇ ਸਮੇ ਪ੍ਰਿਥਿਵੀ ਦੇ ਡਿਗ ਪਿਆ, ਪ੍ਰਿਥਿਵੀ ਨੇ ਅਗਨਿ ਵਿੱਚ ਅਤੇ ਅਗਨਿ ਨੇ ਸਰਕੜੇ ਦੇ ਬੂਝੇ ਵਿੱਚ ਅਸਥਾਪਨ ਕਰ ਦਿੱਤਾ, ਜਿਸ ਤੋਂ ਛੇ ਮੂੰਹਾਂ ਵਾਲਾ ਪੁੱਤ੍ਰ ਪੈਦਾ ਹੋਇਆ । ਉਸ ਦਾ ਪਾਲਨ **ਚੰਦ੍ਰਮਾਂ** ਦੀ ਇਸਤ੍ਰੀ **ਕ੍ਰਿੱਤਿਕਾ** ਨੇ ਆਪਣੇ ਦੁੱਧ ਨਾਲ ਕੀਤਾ ਜਿਸ ਕਾਰਨ ਇਸ ਦਾ ਨਾਉਂ ਕਾਰਤਿਕੇਯ ਪਿਆ । ਇਸ ਦਾ ਜਨਮ ਤਾਰਕਾ-ਸੁਰ ਮਾਰਨ ਵਾਸਤੇ ਹੋਇਆ ਸੀ ਅਤੇ ਇਹ ਦੇਵਤਿਆਂ ਦਾ ਸੈਨਾਪਤੀ ਸੀ ।

ਪ੍ਰਾਕ੍ਰਿਤਕ ਨਿਯਮਾ ਦੇ ਪ੍ਰਤਿਕੂਲ ਮਿਥਿਹਾਸ ਨਾਲ ਜੁੜੀ ਪੈਦਾਇਸ਼ ਅਤੇ ਜੀਵਨੀ ਵਾਲੇ ਵਿਸ਼੍ਵਕਰਮਾਂ ਨੂੰ ਮਾਨਤਾ ਦੇਣੀ, ਸਤਿਗੁਰੂ ਗ੍ਰੰਥ ਸਾਹਿਬ ਜੀ ਨੂੰ ਬੇਦਾਵਾ ਦੇ **ਕੇ ਬਿੱਪ੍ਰ ਦੇ ਚੇਲੇ ਬਣ ਜਾਣ ਜਾ ਐਲਾਨ ਹੈ ।**

੩

## ਦੇਵੀ ਦੇਵਤਿਆਂ ਦੀ ਸਵਾਰੀ ਦਾ ਪ੍ਰਬੰਧ

ਆਪਣੀ ਕਲਪਣਾਂ ਦੀ ਉਪਜ ਇਨ੍ਹਾਂ ਦੇਵੀ ਦੇਵਤਿਆਂ ਲਈ ਸਵਾਰੀ ਦਾ ਪ੍ਰਬੰਧ ਕਰਨਾ, ਬਿੱਪ੍ਰ ਜੀ ਕਿਵੇਂ ਭੁੱਲ ਸਕਦੇ ਸਨ ? ਕਿਸੇ ਦੇਵਤੇ ਨੂੰ ਸੱਪ (ਸ਼ੇਸ਼ ਨਾਗ) ਦਾ ਸਵਾਰ ਬਣਾਇਆ ਅਤੇ ਕਿਸੇ ਨੂੰ ਕੁੱਤੇ ਦਾ, ਕਿਸੇ ਨੂੰ ਹੰਸ ਦਾ । ਗੱਲ ਕੀ ਇਨ੍ਹਾਂ ਦੇਵੀ ਦੇਵਤਿਆਂ ਨੂੰ ਬੋਲਦ, ਭੈਂਸੇ, ਘੋੜੇ, ਖੋਤੇ, ਹਾਥੀ ਆਦਿ ਦੀ ਸਵਾਰੀ ਵੰਡ ਕੇ ਵਡਾ ਅਦਭੁਤ ਤਮਾਸ਼ਾ ਇਹ ਕੀਤਾ ਕਿ, ਧਰਤੀ ਨਾਲੋਂ ਲੱਖਾਂ ਗੁਣਾਂ ਵੱਡੇ ਅਤੇ ਲਖਾਂ ਮੀਲ ਦੂਰੋਂ ਹੀ ਲੋਹੇ ਅਤੇ ਧਰਤੀ ਆਦਿ ਨੂੰ ਪਾਣੀ ਵਾਂਗ ਪਿਘਲਾ ਕੇ ਹੋਰ ਸਾਰੇ ਦ੍ਰਿਸ਼ਟਮਾਨ ਪਦਾਰਥਾਂ ਦਾ ਨਸ਼ਟ ਕਰ ਦੇਣ ਦੀ ਤਪਸ਼ ਵਾਲੇ ਸੂਰਜ ਨੂੰ ਘੋੜਿਆਂ ਸਮੇਤ ਰੱਥ ਦੇ ਦਿੱਤਾ ਅਤੇ ਹਾਥੀ ਦੇ ਸਿਰ ਵਾਲੇ ਵਡੇ ਕੱਦ ਵਾਲੇ " ਗਣੇਸ਼ ਜੀ " ਨੂੰ **ਚੂਹੇ** ਦੀ ਸਵਾਰੀ ਦੇ ਕੇ ਭਗਤਾਂ ਨੂੰ ਚਕ੍ਰਿਤ ਕਰ ਦਿੱਤਾ । ਵਿਸ਼ਨੂੰ ਭਗਵਾਨ ਜੀ ਨੂੰ ਗਰੁੜ ਦਾ ਸਵਾਰ ਬਣਾ ਕੇ, ਫਿਰ ਇੱਕ ਬੜੀ ਸੁਨੱਖੀ ਨੁਹਾਰ ਵਾਲੀ ਕੰਨਿਆਂ ਨੂੰ ਅੱਠ ਬਾਂਹਾਂ ਲਾ ਕੇ ਉਸ ਦੇ ਹੱਥਾਂ ਵਿੱਚ ਕਈ ਪ੍ਰਕਾਰ ਦੇ ਹਥਿਆਰ, ਸੰਖ, ਫੁੱਲ ਆਦਿ ਫੜਾਏ ਅਤੇ ਉਸ ਦੇ ਕਈ ਨਾਮ, ਜਵਾਲਾ ਜੀ, ਨੈਨਾਂ ਦੇਵੀ, ਚੰਡਕਾ, ਦੁਰਗਾ, ਭਵਾਨੀ, ਵੈਸਨੋ ਦੇਵੀ ਆਦ ਮਿਥ ਕੇ (ਉਸ ਦਾ ਸਾਹ ਸੁਕਾਈ ਰੱਖਣ ਲਈ) ਉਸ ਨੂੰ ਧਾਰੀਆਂ ਵਾਲੇ ਬਾਘ (Tiger) ਉੱਤੇ ਬਿਠਾ ਦਿੱਤਾ । ਬੱਬਰ ਸ਼ੇਰ (Loin) ਭਾਰਤ ਵਿੱਚ ਮਿਲਦਾ ਨਹੀਂ ਸੀ, ਨਹੀਂ ਤਾਂ ਸ਼ਾਇਦ ਉਸ ਕੰਨਿਆਂ ਨੂੰ ਉਸੇ ਉੱਤੇ ਹੀ ਬਿਠਾਇਆ ਜਾਂਦਾ ।

ਇਸ ਸੱਭ ਕੁੱਝ ਨੂੰ ਜੰਤਾ ਨੇ ਸ਼ਰਧਾ ਨਾਲ ਡੰਡੌਤਾਂ ਕਰਨੀਆਂ ਅਰੰਭ ਕਰ ਦਿੱਤੀਆਂ । ਦੂਰ ਦ੍ਰਿਸ਼ਟੀ ਨਾਲ ਘੜੀ ਹੋਈ **ਲੁਟ-ਨੀਤੀ ਵਾਲੀ ਸਕੀਮ ਦੇ ਅਧੀਨ ਹੀ** ਇਨ੍ਹਾਂ ਅਡੋ-ਅਡੱਰੀ ਸ਼ਕਲਾਂ * ਵਾਲੇ ਦੇਵਤਿਆਂ ਦੇ ਬੁੱਤ ਬਣਾ ਕੇ ਮੰਦਰਾਂ ਵਿੱਚ ਅਸਥਾਪਨ ਕਰ ਲਿਆ । ਫਿਰ ਆਪਣੇ ਬਣਾਏ ਹੋਏ ਵਿਧੀ-ਵਿਧਾਨ ਅਨੁਸਾਰ ਉਨ੍ਹਾਂ ਦੀ ਪੂਜਾ ਅਰੰਭ ਕਰਾਉਣੀ ਵੀ ਬਿੱਪ੍ਰ ਦਾ ਹੀ ਕੰਮ ਸੀ । ਦੂਜੇ ਦੀ ਕਮਾਈ ਤੋਂ ਆਪਣੀਆਂ ਆਉਣ ਵਾਲੀਆਂ ਨਸਲਾਂ ਲਈ ਆਮਦਨ ਦਾ ਠੋਸ ਅਤੇ ਪੱਕਾ ਪ੍ਰਬੰਧ ਬਣਾ ਲੈਣ ਵਿਚ, ਬ੍ਰਾਹਮਣ ਦੀ ਬਰਾਬਰੀ ਕੋਈ ਨਹੀਂ ਕਰ ਸਕਿਆ । ਪਰ:--

(*Foot note:---ਭਾਰਤੀ ਬ੍ਰਾਹਮਣ ਦੇ ਦੇਵੀ ਦੇਵਤਿਆਂ ਦੀਆਂ ਸ਼ਕਲਾਂ ਵੀ ਯੂਨਾਨੀ ਦੇਵਤਿਆਂ ਦੀਆਂ ਮੂਰਤੀਆਂ ਨਾਲ ਮਿਲਦੀਆਂ ਹਨ ਅਤੇ ਕਹਾਣੀਆਂ ਦਾ ਲਿਖਣ-ਢੰਗ ਵੀ ਯੂਨਾਨੀਆਂ ਦੇ ਮਿਥਿਹਾਸ ਜਿਹਾ ਹੀ ਹੈ । ਇਸ ਤੋਂ ਇਹ ਪੱਕਾ ਅਨੁਮਾਨ ਲੱਗਦਾ ਹੈ ਕਿ ਭਾਰਤੀ ਬ੍ਰਾਹਮਣ ਦਾ ਪਿਛੋਕੜ ਉਨ੍ਹਾਂ ਯੂਨਾਨੀ ਵਿਦਵਾਨਾ ਵਿਚੋਂ ਹੈ ਜਿਹੜੇ ਏਰੀਅਨ ਦੇ ਨਾਮ ਹੇਠ ਆਏ ਸਨ ਅਤੇ ਪਹਿਲਾਂ ਸਿੰਧ ਦਰਿਆ ਦੇ ਕੰਢੇ ਤੇ ਵੱਸੇ ਸਨ ਅਤੇ ਜਿਨ੍ਹਾਂ ਨੇ ਹੀ ਮਗਰੋਂ ਵਰਨ ਵੰਡ ਕੀਤੀ ਅਤੇ ਆਪ ਬ੍ਰਾਹਮਣ ਬਣ ਬੈਠੇ )

੨- **ਪੂਤ ਮੀਤ ਮਾਇਆ ਮਮਤਾ ਸਿਉ ਇਹ ਬਿਧਿ ਆਪੁ ਬੰਧਾਵੈ ॥**
**ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ ॥ ੧ ॥**[੨੧੯]-੩

## ੪

# ਦੇਵੀ ਦੇਵਤਿਆਂ ਦੀ ਅਪਾਰ ਕਿਰਪਾ

ਆਪਣੇ ਨਾਲੋਂ ਤਕੜੇ ਦੇ ਭੈ ਕਾਰਨ ਉਸ ਦੇ ਅੱਗੇ ਝੁਕਣਾ, ਅਥਵਾ ਉਸ ਨੂੰ ਡੰਡੌਤਾਂ ਕਰਨੀਆਂ, ਪਸੂ ਬਿਰਤੀ ਹੈ । ਭਾਂਵੇਂ ਜੰਗਲੀ ਜਾਨਵਰ ਹੋਵੇ ਤੇ ਭਾਂਵੇਂ ਪਾਲਤੂ ਕੁੱਤਾ ਹੋਵੇ, ਤਕੜੇ ਜਾਨਵਰ ਦੀ ਮਾਰ ਤੋਂ ਬਚਨ ਲਈ, ਜੇ ਦੌੜ ਕੇ ਨਿਕਲ ਜਾਨ ਤੋਂ ਖੁੰਝ ਜਾਵੇ ਤਾਂ ਭੈ ਨਾਲ ਪੂਛਲ ਚੱਡਿਆਂ ਵਿੱਚ ਲੈ ਕੇ ਧਰਤੀ ਤੇ ਝੁਕਦਾ, ਬੈਠਦਾ ਅਥਵਾ ਲੇਟ ਹੀ ਜਾਂਦਾ ਹੈ । ਕਈ ਵਾਰੀ ਚੂੰ ਚੂੰ ਦੀ ਆਵਾਜ਼ ਵੀ ਕੱਢਦਾ ਹੈ । ਮੌਤ ਦਾ ਭੈ ਉਸ ਕੋਲੋਂ ਡੰਡੌਤਾਂ ਅਤੇ ਮਿੰਨਤਾਂ ਕਰਾ ਰਿਹਾ ਹੁੰਦਾ ਹੈ । ਪਸੂ-ਬਿਰਤੀ ਵਿੱਚ ਨਿਉਣ ਅਥਵਾ ਲੇਟਣ ਦੀ ਜੁਗਤੀ, ਕੁਦਰਤ ਦੀ ਬਖ਼ਸ਼ੀ ਹੋਈ **ਢਾਲ** ਹੈ ਜੋ ਉਸਦੀ ਰੱਖਿਆ ਦਾ ਕੰਮ ਦੇ ਰਹੀ ਹੁੰਦੀ ਹੈ ।

ਪਸੂ ਦਾ ਝੁਕਣਾ ਨਿਰੋਲ ਡਰ ਕਾਰਨ ਹੁੰਦਾ ਹੈ ਪਰ ਮਨੁੱਖ, ਜਿਹੜਾ ਕਿ ਸਾਰੀਆਂ ਜੂਨਾਂ ਦਾ ਸਰਦਾਰ ਹੈ, ਇਸ ਦੇ ਅੰਦਰ ਝੁਕਣ ਦੀ ਕਮਜ਼ੋਰੀ **ਲਾਲਸਾ** ਅਥਵਾ **ਭੈ,** ਇਨ੍ਹਾਂ ਦੋ ਕਾਰਨਾ ਕਰਕੇ ਉਪਜਦੀ ਹੈ । ਲੰਮੀ ਉਮਰ ਦੀ ਲਾਲਸਾ ਅਤੇ ਮੌਤ ਦਾ ਭੈ, ਦੁਨਿਆਵੀ ਪਦਾਰਥਾਂ ਦੇ ਇਕੱਠੇ ਕਰ ਲੈਣ ਦੀ **ਲਾਲਸਾ** ਅਤੇ ਪਦਾਰਥਾਂ ਦੇ ਖੁੱਸ ਜਾਣ ਦਾ **ਭੈ**, ਔਲਾਦ ਦੀ ਪ੍ਰਾਪਤੀ ਦੀ **ਲਾਲਸਾ** ਅਤੇ ਫਿਰ ਉਸ ਦੇ ਬਿਮਾਰ ਹੋ ਕੇ ਬਿਨਸ ਜਾਣ ਤੇ ਵਿਛੋੜਾ ਪੈ ਜਾਣ ਦਾ **ਡਰ,** ਮਰਨ ਉਪ੍ਰੰਤ ਮਿਲਣ ਵਾਲੇ ਕਥਿਤ **ਸੁਰਗਾਂ** ਦੀ ਪ੍ਰਾਪਤੀ ਦੀ ਲਾਲਸਾ ਅਤੇ ਨਰਕਾਂ ਦੇ ਕਥਿਤ ਦੁਖਾਂ ਦੇ ਭੈ ਕਾਰਨ ਹੀ ਮਨੁੱਖ ਨਿਉਂ ਨਿਉਂ ਸਲਾਮਾ ਅਥਵਾ ਡੰਡੌਤਾਂ ਕਰਦਾ ਹੈ । ਰਾਜਾ, ਸ਼ਾਹੂਕਾਰ, ਰਿਧੀ-ਸਿਧੀ ਦਾ ਭਰਮ ਪਾ ਸਕਣ ਵਾਲੇ ਸਾਧ ਸੰਤ, ਦੇਵੀ-ਦੇਵਤੇ, ਕਥਿਤ ਕਰਾਮਾਤੀ ਸਥਾਨ, ਕਬਰਾਂ, ਮੜ੍ਹੀਆਂ, ਮਸਾਣ, ਅਥਵਾ, ਜਿਸ ਥਾਂ ਬਾਰੇ ਇਹ ਭਰਮ ਬਣ ਜਾਵੇ ਕਿ ਓਥੇ ਕੋਈ ਕਰਾਮਾਤੀ ਸ਼ਕਤੀ ਜਾਂ ਕੋਈ ਜਿਨ ਭੂਤ ਹੈ, ਜਾਂ ਸ਼ਹੀਦਾਂ ਦਾ ਪਹਿਰਾ ਹੈ, ਅਜੇਹੇ ਸਾਰੇ ਥਾਂਈਂ ਮਨੁੱਖ ਕੋਲੋਂ ਇਹੀ ਦੋ ਭਾਵਨਾਂ ਡੰਡੌਤਾਂ ਕਰਾਉਂਦੀਆਂ ਹਨ ।

ਪਰਮ-ਸੁਧਾਰਕ ਸ੍ਰੀ ਗੁਰੂ ਨਾਨਕ ਜੀ ਦਾ ਫ਼ੁਰਮਾਨ ਹੈ--**ਸਭੁ ਕੋ ਨਿਵੈ ਆਪ ਕਉ, ਪਰ ਕੋ ਨਿਵੈ ਨ ਕੋਇ ॥**[੪੭੦] ਮਨੁੱਖ ਸਿਰਫ਼ ਆਪਣੇ ਸੁਆਰਥ ਦਾ ਬੱਝਾ ਹੋਇਆ ਹੀ ਆਪਣੇ ਇਸ਼ਟ ਅਗੇ ਮੱਥੇ ਰਗੜਦਾ ਹੈ । ਕਿਸੇ ਦੇ ਅੰਦਰ ਜਿਨਾ ਵੱਧ ਡਰ ਹੁੰਦਾ ਹੈ ਜਾਂ ਕਿਸੇ ਪਦਾਰਥ ਦੇ ਲੈਣ ਦੀ ਜਿੰਨੀਂ ਵੱਧ ਲਾਲਸਾ ਹੁੰਦੀ ਹੈ, ਮਨੁੱਖ ਉਨਾ ਹੀ ਵੱਧ ਝੁਕਦਾ ਹੈ । ਇੱਕ ਸ਼ਿਕਾਰੀ ਜ਼ਮੀਨ ਉਤੇ ਮੂੰਹ ਪਰਨੇ ਲੇਟਿਆ ਦੇਖਣ ਨੂੰ ਤਾਂ ਅਸ਼ਟਾਂਗ-ਡੰਡੌਤ ਕਰ ਰਿਹਾ ਹੁੰਦਾ ਹੈ, ਪਰ ਉਸਦਾ ਉਹ ਨਿਉਣਾ ਕਿਸੇ ਨੂੰ ਜਾਨੋ ਮਾਰ ਦੇਣ ਦਾ ਸਬਬ ਬਣਦਾ ਹੈ । ਜੀਵ ਦੇ ਅੰਦਰ ਡਰ ਸਿਰਫ਼ ਆਪਣੀ ਹੀ ਕਰਤੂਤ ਦਾ ਹੁੰਦਾ ਹੈ । ਸਰੀਰ ਕਰਕੇ ਕੀਤੀ ਹੋਈ ਕਰਤੂਤ, ਅਥਵਾ ਸੰਕਲਪ ਵਿਚ ਆਈ ਹੋਈ ਕੋਈ ਭਾਵਣਾ ਜਾਂ ਸੋਚੀ ਹੋਈ ਕੋਈ ਸਕੀਮ, ਜਿਨੀਂ **ਨੇਕ** ਅਤੇ ਪਰਉਪਕਾਰ ਵਾਲੀ ਹੋਵੇਗੀ ਮਨੁੱਖ ਉਨਾ ਹੀ **ਭੈ ਰਹਿਤ**, **ਸੁਖੀ** ਅਤੇ **ਖ਼ੁਸ਼** ਹੋਵੇਗਾ । ਪਰ ਅਜੇਹੀ ਕਰਤੂਤ ਜਾਂ ਵਿਚਾਰ ਜਿਨੀ ਵੱਧ ਅਪਰਾਧ-ਗ੍ਰਸੀ ਹੋਵੇਗੀ ਉਨਾ ਹੀ ਵੱਧ **ਭੈ ਬਣਦਾ** ਹੈ ਅਤੇ ਮਨੁੱਖ ਓਨੀਆਂ ਵੱਧ ਡੰਡੌਤਾਂ ਕਰਦਾ ਹੈ । **ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥**(੪੭੦) (ਨਿਸ਼ਕਾਮ ਪਿਆਰ ਅਤੇ ਪ੍ਰੇਮ ਵਾਲੀ ਨਮਸਕਾਰ, ਲੱਖਾਂ ਵਿਚੋਂ ਕੋਈ ਇੱਕ ਅੱਧ ਹੀ ਕਰਦਾ ਹੈ)

ਮਾਇਆ ਗ੍ਰਸੇ ਹੁਸ਼ਿਆਰ ਬ੍ਰਾਹਮਣ ਨੇ ਮਨੁੱਖ ਦੀ ਇਸ ਕਮਜ਼ੋਰੀ ਦੀ ਭਰਪੂਰ ਵਰਤੋਂ ਕਰ ਲੈਣੀ ਚਾਹੀ । ਦੇਵਤੇ ਦੀ ਪ੍ਰਸੰਨਤਾ ਕਾਰਨ ਮੂੰਹ ਮੰਗੀਆਂ ਮੁਰਾਦਾਂ ਪੂਰੀਆਂ ਹੋ ਜਾਣ ਦਾ ਅਤੇ ਉਨ੍ਹਾਂ (ਦੇਵੀ-ਦੇਵਤਿਆਂ) ਦੀ ਨਾਰਾਜ਼ਗੀ ਕਾਰਨ ਭਿਆਨਕ ਤਬਾਹੀਆਂ ਵਾਪਰਨ ਦਾ ਭੈ ਪੈਦਾ ਕਰਨਾ ਜ਼ਰੂਰੀ ਜਾਤਾ । ਸੋ ਬੜੇ ਯੋਜਨਾ ਬੱਧ ਢੰਗ ਨਾਲ ਪਰਚਾਰ ਕਰਕੇ ਲੋਕਾਂ ਦੇ ਮਨਾਂ ਅੰਦਰ ਦੇਵਤਿਆਂ ਦੀ ਅਥਾਹ ਸ਼ਕਤੀ ਦਾ ਭਰਮ ਕੁੱਟ ਕੁੱਟ ਕੇ ਭਰ ਦਿੱਤਾ । ਫਿਰ ਦੇਵਤੇ ਨੂੰ ਨਮਸਕਾਰਾਂ ਕਰਨ ਦੇ ਨਾਲ ਵੱਧ ਤੋਂ ਵੱਧ ਧੰਨ-ਪਦਾਰਥ ਭੇਟਾ ਕਰਨ ਦਾ ਵਿਧਾਨ ਬਣਾਇਆ । ਇਹ ਭਰਮ ਵੀ ਪੱਕਾ ਕਰ ਦਿੱਤਾ ਕਿ ਦੇਵਤੇ ਦੀ ਭੇਟਾ ਕੀਤੇ ਪਦਾਰਥਾਂ ਦੇ ਵੱਟੇ ਕਈ ਗੁਣਾ ਵੱਧ ਧੰਨ-ਪਦਾਰਥ ਦਾਨੀ ਨੂੰ ਪ੍ਰਾਪਤ ਹੁੰਦਾ ਹੈ । ਬਸ ਫੇਰ ਕੀ ਸੀ, ਬ੍ਰਾਹਮਣ ਦੀ ਕਹੀ ਹੋਈ ਗੱਲ ਨੂੰ ਆਕਾਸ਼-ਬਾਣੀ ਸਮਝ ਕੇ ਆਪਣੇ ਰਾਜੇ ਨੂੰ ਈਸ਼ਵਰ ਮੰਨ ਲੈਣ ਵਾਲੇ ਵਿਦਿਆ ਹੀਣ ਅੰਧ-ਵਿਸ਼ਵਾਸ਼ੀ ਸ਼ਰਧਾਲੂ ਨੇ, ਦੇਵਤੇ ਦੇ ਮੰਦਰਾਂ ਵਿੱਚ ਮਾਇਆ ਅਥਵਾ ਕੀਮਤੀ ਪਦਾਰਥ ਭੇਟਾ ਕਰਨਾ ਲਾਹੇਵੰਦਾ (ਵਪਾਰ) ਜਾਣ ਲਿਆ । ਮਨੁੱਖ ਦੀ ਕਮਾਈ ਦਾ ਤਕੜਾ ਹਿੱਸਾ ਮੰਦਰਾਂ ਵਿੱਚ ਪੁਜਣ ਲੱਗ ਪਿਆ ।

ਜਦੋਂ ਕਿਤੇ ਕੁਦਰਤ ਦੇ ਅਟੱਲ ਨੇਮ ਅਨੁਸਾਰ ਭੁਚਾਲ ਆ ਜਾਣਾ, ਕੋਈ ਤੁਫ਼ਾਨ ਆ ਜਾਣਾ, ਸੋਕਾ ਪੈ ਜਾਣਾ ਜਾਂ ਮਲੇਰੀਆ, ਮਾਤਾ, ਗਲਘੋਟੂ ਪਲੇਗ ਆਦਿ ਬਿਮਾਰੀ ਫੈਲ ਜਾਣੀ, ਤਾਂ ਬ੍ਰਾਹਮਣ ਨੇ ਇਸ ਮੁਸੀਬਤ ਨੂੰ ਦੇਵਤਿਆਂ ਦੀ ਕ੍ਰੋਪੀ ਦੱਸ ਕੇ ਵੇਦਾਂ ਵਿੱਚ ਲਿਖੀ ਵਿਧੀ ਅਨੁਸਾਰ ਯੱਗ, ਵੇਦ ਮੰਤ੍ਰਾਂ ਦੇ ਪਾਠ ਅਥਵਾ ਦਾਨ-ਪੁੰਨ ਕਰਾਉਣ ਦਾ ਚੱਕਰ ਚਲਾ ਦੇਣਾ । ਇਸ **ਨਿਰਦਈ-ਲੁੱਟ** ਨੇ ਉਨਾ ਚਿਰ ਬੰਦ ਨਾ ਹੋਣਾ ਜਿਨਾਂ ਚਿਰ

ਕੁਦਰਤ ਨੇ ਆਪਣੇ ਹੀ ਪੱਕੇ ਵਿਧਾਨ ਅਨੁਸਾਰ ਉਹ ਮੁਸੀਬਤ ਟਾਲ ਨਾ ਦੇਣੀ । ਪ੍ਰਭੂ ਦੀ ਇਸ ਕਿਰਪਾ ਨੂੰ ਦੇਵਤਿਆਂ ਦੀ ਪ੍ਰਸੰਨਤਾ ਦਾ ਨਾਮ ਦੇ ਕੇ ਉਸ ਦੇ ਧੰਨਵਾਦ ਕਰਨ ਦਾ ਢੁੱਚਰ ਖੜਾ ਕਰਕੇ ਦਾਨ ਪੁੰਨ ਦੇ ਬਹਾਨੇ, ਲੋਕਾਂ ਦਾ ਲਹੂ ਹੋਰ ਪੀਣਾ । ਕਾਨੂੰਨ ਦੇ ਗ੍ਰੰਥ, ਮਨੂੰਸਿਮਰਤੀ ਨੇ ਦਾਨ ਲੈ ਸਕਣ ਦਾ ਅਧਿਕਾਰੀ ਕੇਵਲ ਬ੍ਰਾਹਮਣ ਨੂੰ, ਪਹਿਲਾਂ ਹੀ ਥਾਪ ਦਿੱਤਾ ਹੋਇਆ ਸੀ । ਬ੍ਰਾਹਮਣ ਤੋਂ ਬਿਨਾ ਮੰਦਰ ਦਾ ਪੁਜਾਰੀ, ਹੋਰ ਕੋਈ ਹੋ ਹੀ ਨਹੀਂ ਸੀ ਸਕਦਾ । ਫਲ ਸਰੂਪ ਬ੍ਰਾਹਮਣ ਦਾ ਘਰ ਸੋਨੇ ਚਾਂਦੀ ਨਾਲ ਭਰਨਾ ਅਰੰਭ ਹੋ ਗਿਆ । **ਦੇਵੀ-ਦੇਵਤਿਆਂ ਦੀ ਅਪਾਰ ਕ੍ਰਿਪਾ ਦਾ ਇਹ ਪਹਿਲਾ ਅਤੇ ਸਭ ਤੋਂ ਵੱਧ ਦੁਖਦਾਈ ਸਿੱਟਿਆਂ ਵਾਲਾ ਪੱਖ ਹੈ** ।

**ਪੂਜਾ-ਭੇਟਾ, ਪੁੰਨ-ਦਾਨ** ਦੇ ਵੱਟੇ ਮਨ ਇੱਛੇ ਫਲਾਂ ਦੇ ਮਿਲ ਸਕਣ ਦੇ **ਝਾਂਸੇ** ਕਾਰਨ **ਭਰਮ** ਬਣ ਜਾਣ ਨਾਲ ਮਾਇਆ ਦਾ ਹੜ ਮੰਦਰਾਂ ਵਲ ਨੂੰ ਹੋ ਤੁਰਿਆ ਸੀ । ਇਸ ਲਾਭਦਾਇਕ ਭਰਮ ਨੂੰ ਸਦੀਵੀ ਬਣਾਈ ਰੱਖਣ ਦੀ ਯੋਜਣਾ ਅਧੀਨ, ਦੂਰ ਦੀ ਸੋਚਣ ਵਾਲੇ ਚਾਤਰ ਬ੍ਰਾਹਮਣ ਨੇ **ਪਾਪ-ਕਰਮ ਅਥਵਾ ਪੁੰਨ ਕਰਮਾ** ਦਾ ਵੇਰਵਾ ਵੇਦਾਂ ਦੇ ਲਿਖਣ ਸਮੇਂ ਹੀ ਟਿਕ ਲਿਆ ਹੋਇਆ ਸੀ । ਪਾਪ-ਕਰਮ ਕਰਨ ਵਾਲਿਆਂ ਦੇ ਸਾਰੇ ਪਾਪਾਂ ਨੂੰ ਨਾਸ ਕਰ ਲੈਣ ਦੀ ਸੌਦੇ ਬਾਜ਼ੀ ਵਾਲੀ ਮਰਯਾਦਾ ਦਾ ਵੇਰਵਾ ਵੀ ਵੇਦਾਂ ਵਿੱਚ ਹੀ ਲਿਖਿਆ ਹੋਇਆ ਸੀ । ਇਹ ਵੇਦ ਉਸ ਸਮੇਂ ਦੀ ਸੱਭ ਤੋਂ ਔਖੀ ਬੋਲੀ ਸੰਸਕ੍ਰਿਤ ਵਿੱਚ ਬ੍ਰਾਹਮਣ ਨੇ ਲਿਖੇ ਹੀ ਇਸ ਨੀਤ ਨਾਲ ਸਨ ਕਿ ਉਸ ਦੇ ਸਿਵਾ ਇਨ੍ਹਾਂ ਵਿਚਲੇ ਗਿਆਨ ਦੀ ਹੋਰ ਕਿਸੇ ਨੂੰ ਕੁਝ ਸਮਝ ਨਾ ਲੱਗ ਸਕੇ । ਕਿਸੇ ਪਾਪ ਨੂੰ ਕਿਸ ਪ੍ਰਾਕਰ ਦੇ ਦਾਨ ਪੁੰਨ ਨਾਲ ਨਾਸ ਕਰਨਾ ਹੈ, ਜਾਂ ਕਿਹੜੇ ਧਰਮ-ਕਰਮ ਕਰਨ ਦੀ ਲੋੜ ਹੈ, ਇਸ ਘੁੰਡੀ ਨੂੰ ਖੁਹਲ ਸਕਣ ਵਾਲੀ ਵੇਦਾਂ ਵਿਚਲੀ ਮਰਯਾਦਾ ਦੀ ਚਾਬੀ, ਬ੍ਰਾਹਮਣ ਕੋਲ ਹੀ ਸੀ । ਨਰਕਾਂ ਦੇ ਦਿਲ ਕੰਬਾਊ ਕਸ਼ਟਾਂ ਤੋਂ ਬਚ ਨਿਕਲਣ ਦਾ ਅਥਵਾ ਸੁਰਗਾਂ ਦੇ ਅਤਿਅੰਤ ਭਰਮਾਉ ਸੁਖਾਂ ਦੇ ਮਿਲ ਸਕਣ ਦਾ ਵਿਧੀ-ਵਿਧਾਨ ਵੀ ਏਸੇ ਸੌਦੇ ਬਾਜ਼ੀ ਦਾ ਹਿੱਸਾ ਬਣਾ ਦਿੱਤਾ । ਫਿਰ ਇਸ ਭਰਮ ਨੂੰ ਚੰਗੀ ਤਰ੍ਹਾਂ ਪੱਕਾ ਕਰ ਦੇਣ ਲਈ ਕਈ ਤਰ੍ਹਾਂ ਦੀਆਂ **ਕਥਾ ਕਹਾਣੀਆਂ** ਵੀ ਬੜੇ **ਗੂੜ੍ਹ-ਗਿਆਨ ਦੀ ਭ੍ਰਮਾਊ ਚਾਦਰ** ਵਿੱਚ ਲਪੇਟ ਕੇ, ਧਰਮ ਗ੍ਰੰਥਾਂ ਵਿੱਚ ਲਿਖ ਦਿਤੀਆਂ । ਵੇਦਾਂ ਦੀ ਅਜੇਹੀ ਲਿਖਤ ਦਾ ਵਰਣਨ ਗੁਰਬਾਣੀ ਵਿੱਚ ਇਸ ਪ੍ਰਕਾਰ ਹੈ :-

੩- **ਸਲੋਕ ਮ: ੨ ॥ ਕਥਾ ਕਹਾਣੀ, ਬੇਦੀ ਆਣੀ,ਪਾਪੁ ਪੁੰਨੁ ਬੀਚਾਰੁ ॥ ਦੇ ਦੇ ਲੈਣਾ ਲੈ ਲੈ ਦੇਣਾ, ਨਰਕਿ ਸੁਰਗਿ ਅਵਤਾਰ ॥**
**ਉਤਮ ਮਧਿਮ ਜਾਤੀ ਜਿਨਸੀ ਭਰਮਿ ਭਵੈ ਸੰਸਾਰੁ ॥ ... ੧ ॥** [੧੨੪੩]-ਵਰ-੧੬

**ਅਰਥ** :- ਜੋ ਤਾਲੀਮ ਵੇਦਾਂ ਨੇ ਕਥਾ ਕਹਾਣੀਆਂ ਦੁਆਰਾ ਦਿੱਤੀ ਹੈ, (ਉਸ ਵਿੱਚ ਇਹ) ਵਿਚਾਰ ਹੈ ਕਿ ਪਾਪ ਕੀ ਹੈ, ਤੇ ਪੁੰਨ ਕੀ ਹੈ । (ਭਾਵ ਕਿਹੜੇ ਕਰਮ ਕਰਨ ਨਾਲ ਪਾਪ ਲੱਗਦਾ ਹੈ ਅਤੇ ਕਿਹੜੇ ਕਰਮ ਕਰਨ ਨਾਲ ਪਾਪ ਨਸ਼ਟ ਹੁੰਦੇ ਹਨ । ਇਨ੍ਹਾਂ ਕਰਮਾਂ ਦੇ ਵਟਾਂਦਰੇ ਦੇ ਭਰਮ ਵਿੱਚ ਪਿਆ ਮਨੁੱਖ ਪ੍ਰਭੂ ਨਾਲ ਪ੍ਰੀਤੀ ਬਣਾ ਲੈਣ ਦੀ ਲੋੜ ਹੀ ਭੁਲਾ ਬੈਠਾ ਸੀ) । (ਵੇਦਾਂ ਦੀ ਉਸ ਤਾਲੀਮ ਨੇ ਇਹ ਦੱਸਿਆ ਹੈ ਕਿ ਹਥੋਂ) ਦੇ ਕੇ ਮੁੜ ਲਈਦਾ ਹੈ ਤੇ ਜੋ ਕੁਝ ਕਿਸੇ ਤੋਂ ਲੈਂਦੇ ਹਾਂ ਉਹ (ਅਗਲੇ ਜਨਮ ਵਿਚ) ਮੋੜੀਦਾ ਹੈ (ਚੰਗੇ ਮਾੜੇ ਕੰਮਾ ਦੇ ਵਟਾਂਦਰੇ ਵਾਲੀ ਸੌਦੇ ਬਾਜ਼ੀ ਵੀ ਪ੍ਰਭੂ ਤੋਂ ਦੂਰ ਕਰਦੀ ਹੈ ਕਿਉਂਕਿ ਭਰੋਸਾ ਇਹ ਬਣ ਜਾਂਦਾ ਹੈ ਕਿ ਆਪਣੇ ਕੀਤੇ ਪਾਪ ਕਰਮ, ਅਤੇ ਆਪਣੇ ਹੀ ਕੀਤੇ, ਯੱਗ, ਪੁੰਨ-ਦਾਨ ਤੀਰਥ ਇਸ਼ਨਾਨਾਂ ਆਦਿ ਪੁੰਨ ਕਰਮਾ ਅਨੁਸਾਰ) ਨਰਕ ਵਿੱਚ ਜਾਂ ਸੁਰਗ ਵਿੱਚ ਅੱਪੜੀਦਾ ਹੈ, (ਇਸ ਸਿਖਿਆ ਅਨੁਸਾਰ) ਦੁਨੀਆਂ ਉਚੀਆਂ ਨੀਵੀਆਂ ਜਾਤਾਂ ਦੇ ਵਹਿਮਾਂ ਵਿੱਚ ਖੁਆਰ ਹੁੰਦੀ ਹੈ । (ਭਾਵ, ਬ੍ਰਾਹਮਣ ਦੀ ਉਚੀ ਜਾਤਿ ਅਤੇ ਸ਼ੂਦਰ ਦੀ ਨੀਵੀਂ ਜਾਤ ਦੇ ਭਰਮ ਨਾਲ ਫੁੱਟ ਅਤੇ ਨਫ਼ਰਤ ਦੇ ਕਾਰਨ ਦੁਖ ਉਪਜਦੇ ਰਹੇ) ।

ਸਾਰਗ ਰਾਗ ਦੀ ਏਸੇ ਵਾਰ ਦੇ ਅਗਲੇ ਸਲੋਕ ਵਿੱਚ ਗੁਰੂ ਨਾਨਕ ਦੇਵ ਜੀ ਵੇਦਾਂ ਵਿਚਲੀ (ਬ੍ਰਾਹਮਣ ਦੀ ਕੁਟਲ ਨੀਤੀ ਨਾਲ ਪਾਈ ਹੋਈ) ਇਸ ਘਾਟ ਨੂੰ ਹੋਰ ਖੁਹਲਕੇ ਸਮਝਾਉਂਦੇ ਹਨ :-

੪- **ਮ: ੧ ॥ ਬੇਦੁ ਪੁਕਾਰੇ ਪੁੰਨੁ ਪਾਪੁ, ਸੁਰਗ ਨਰਕ ਕਾ ਬੀਉ ॥**
**ਜੋ ਬੀਜੈ ਸੋ ਉਗਵੈ, ਖਾਂਦਾ ਜਾਣੈ ਜੀਉ ॥ ... ੨ ॥**[੧੨੪੩]-**ਵਾ-੧੬**

**ਅਰਥ** :-ਵੇਦਾਂ ਦੀ ਬੜੀ ਜੋਰਦਾਰ ਤਾਲੀਮ ਹੈ ਕਿ ਜੀਵਾਂ ਦਾ ਕੀਤਾ ਹੋਇਆ ਪੁੰਨ ਕਰਮ ਉਸ ਲਈ ਸੁਰਗ ਮਿਲਣ ਦਾ ਸਬਬ ਬਣਦਾ ਹੈ ਅਤੇ ਪਾਪ ਨਰਕੀਂ ਭੇਜਦਾ ਹੈ । ਆਪਣੇ ਕੀਤੇ ਹੋਏ ਪੁੰਨ ਕਰਮਾ ਜਾਂ ਪਾਪ ਕਰਮਾ ਦਾ ਫਲ ਖਾਣ ਵਾਲਾ ਹਰੇਕ ਜੀਵ ਆਪ ਹੀ ਜਾਣ ਲੈਂਦਾ ਹੈ ਕਿ ਬੀਜੇ ਹੋਏ ਦਾ ਫਲ ਮਿਲ ਗਿਆ ਹੈ । (ਭਾਵ, ਆਪਣੇ ਚੰਗੇ ਮਾੜੇ ਕਰਮਾ ਦਾ ਪੂਰਾ ਹਿਸਾਬ ਕੀਤਿਆਂ ਜੇ ਪਤਾ ਲੱਗੇ ਕਿ ਪਾਪ ਕੁਝ ਵੱਧ ਹੋ ਗਏ ਹਨ ਤਾਂ ਬ੍ਰਾਹਮਣਾ ਨੂੰ ਪੁੱਛ ਕੇ ਪੁੰਨ ਕਰਮ ਪਾਪ ਕਰਮਾਂ ਨਾਲੋਂ ਵੱਧ ਕਰਕੇ ਸਰੁਗਾਂ ਦੇ ਹਕਦਾਰ ਬਣ ਜਾਣ ਦਾ ਭਰੋਸਾ ਬੱਝਦਾ ਹੈ) । ਸੋ ਇਸ ਕਰਮ ਕਾਂਡੀ ਤਾਲੀਮ ਵਿਚ ਪ੍ਰਭੂ ਦੀ ਸਿਫ਼ਤ-ਸਾਲਾਹ ਤੇ ਪ੍ਰਭੂ ਦੀ ਮਿਹਰ ਨੂੰ ਕੋਈ ਥਾਂ ਨਹੀਂ ਹੈ । ਪਰ ਇਸ ਅਸਲੀਅਤ ਦੀ ਸਮਝ ਸੱਚੇ ਗੁਰੂ ਤੋਂ ਬਿਨਾਂ ਨਹੀਂ ਸੀ ਆ ਸਕਦੀ । ਗੁਰੂ ਨਾਨਕ ਜੀ ਨੇ ਕੁਰਾਹੇ ਪਈ ਮਨੁੱਖਤਾ ਦੀ ਬਾਂਹ ਆ ਫੜੀ:--

੫- **ਸਿਮ੍ਰਿਤ ਸਾਸਤ੍ਰ ਪੁੰਨ ਪਾਪ ਬੀਚਾਰਦੇ, ਤਤੈ ਸਾਰ ਨ ਜਾਣੀ ॥**
**ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ ॥ ... ੨੭ ॥**[੯੨੦]-ਅਨੰਦ

ਸਪੱਸ਼ਟ ਹੈ ਕਿ ਹਿੰਦੂਆਂ ਦੇ ਧਰਮ ਗ੍ਰੰਥਾਂ ਨੇ ਲੋਕਾਂ ਨੂੰ ਪਾਪ ਪੁੰਨ ਦੀ ਸੌਦੇ ਬਾਜ਼ੀ ਵਿਚ ਫ਼ਸਾਇਆ ਹੋਇਆ ਸੀ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਪਾਤਮਾ ਦੇ ਸੰਸਾਰ ਵਿਚ ਆ ਕੇ ਪ੍ਰਭੂ-ਸਿਮਰਣ ਵਾਲੇ ਸੁਖਦਾਈ ਗਿਆਨ ਦੀ ਸੋਝੀ ਦੇ, ਲੋਕਾਂ ਨੂੰ ਜਨਮ ਮਰਨ ਸੁਆਰਨ ਦਾ ਰਸਤਾ ਵਿਖਾਇਆ । ਜਿਹੜੇ ਬ੍ਰਾਹਮਣ ਵਧੇਰੇ ਚਾਤਰ ਅਤੇ ਸਿਆਸਤ ਵਿੱਚ ਨਿਪੁੰਨ ਸਨ ਉਹ ਤਾਂ ਰਾਜ ਮਹਲਾਂ ਵਿੱਚ ਜਾ ਵੜੇ ਸਨ । ਹੁਣ ਦੂਜੀ ਸਤਿਕਾਰ ਵਾਲੀ ਥਾਂ ਪੁਜਾਰੀ ਦੀ ਬਣ ਗਈ । ਸੋ ਰਹਿੰਦਿਆਂ ਵਿਚੋਂ ਬਹੁਤੇ ਬਿੱਪ੍ਰ ਮੰਦਰਾਂ ਦੇ ਪੁਜਾਰੀ ਬਣ ਕੇ ਦੌਲਤ ਵਿੱਚ ਖੇਡਣ ਲੱਗ ਪਏ । ਤ੍ਰਿਸ਼ਨਾ ਗ੍ਰਸਿਆ ਬ੍ਰਹਮਣ, ਨਿਰਾ ਦੇਵਤਿਆਂ ਅਗੇ ਕੀਤੇ ਜਾਣ ਵਾਲੇ ਚੜ੍ਹਾਵੇ ਦੇ ਧਨ ਤੇ ਹੀ ਸਬਰ ਕਿਵੇਂ ਕਰਦਾ ? ਇਸ ਚਪਲ-ਬੁਧੀ ਮਨਮੁਖ ਦੀ ਤ੍ਰਿਸ਼ਨਾਂ ਦੀ ਅੱਗ ਹੋਰ ਤੋਂ ਹੋਰ ਭੜਕਦੀ ਗਈ । ਵਿਦਿਆ-ਹੀਣ, ਭੋਲੇ ਅਤੇ ਅੰਧ-ਵਿਸ਼ਵਾਸ਼ੀ ਦੇਸ਼-ਵਾਸੀ ਨੂੰ ਲੁਟ ਖਾਣ ਲਈ, ਤੀਖਣ ਬੁੱਧੀ ਬ੍ਰਾਹਮਣ, ਨਵੇਂ ਤੋਂ ਨਵੇਂ ਹੋਰ ਕਈ ਢੰਗ ਘੜਦਾ ਹੀ ਚਲਾ ਗਿਆ । ਜਿਨ੍ਹਾਂ ਦਾ ਪੂਰਾ ਵੇਰਵਾ ਦੇਣ ਦਾ ਯਤਨ ਅਗਲੇ ਸਫ਼ਿਆਂ ਤੇ ਕੀਤਾ ਗਿਆ ਹੈ ।

੫

# ਵਰਾਂ ਸਰਾਪਾਂ ਅਥਵਾ ਅਸੀਸਾਂ ਬਦ ਅਸੀਸਾਂ ਦਾ ਬਿੱਪ੍ਰੀ ਮਾਇਆ-ਜਾਲ

ਬਜ਼ੁਰਗਾਂ ਦਾ ਸਤਿਕਾਰ ਕਰਕੇ ਉਨ੍ਹਾਂ ਕੋਲੋਂ ਅਸੀਸ ਲੈਣ ਦਾ ਉਤਸ਼ਾਹ ਦੇਣਾ ਅਤੇ ਉਨ੍ਹਾਂ ਨੂੰ ਦੁਖੀ ਕਰਨ ਨਾਲ ਉਨ੍ਹਾਂ ਦੇ ਮੂੰਹੋਂ ਬਦ-ਅਸੀਸ ਨਿਕਲਣ ਦਾ ਡਰ, ਵਡੇਰਿਆਂ ਦਾ ਮਾਣ ਸਤਿਕਾਰ ਬਣਾਈ ਰੱਖਣ ਲਈ ਚੰਗੇ ਉੱਦਮ ਸਮਝੇ ਜਾ ਸਕਦੇ ਹਨ । ਪਰ ਬ੍ਰਾਹਮਣ ਦੀ ਸੁਆਰਥ ਸਿੱਧੀ ਵਾਲੀ ਕੁਟਲਤਾ ਨੇ, ਵਰਾਂ ਅਤੇ ਸਰਾਪਾਂ ਅਥਵਾ ਅਸ਼ੀਰ-ਵਾਦਾਂ ਅਤੇ ਬਦ-ਅਸੀਸਾਂ ਨੂੰ ਅਜੇਹੀ ਦੁਖਦਾਈ ਲੁੱਟ ਦਾ ਸਾਧਨ ਬਣਾਇਆ ਜੋ ਅੱਜ ਵੀ ਨਿਰੰਤਰ ਜਾਰੀ ਹੈ । ਬ੍ਰਾਹਮਣ ਦੀ ਸਰਬ-ਉੱਚਤਾ ਦਾ ਭੈ ਬਣਾਈ ਰਖਣ ਵਾਸਤੇ ਬ੍ਰਾਹਮਣਾਂ ਦੇ ਅਥਵਾ ਬ੍ਰਾਹਮਣ ਰਿਸ਼ੀਆਂ ਦੇ ਸਰਾਪਾਂ ਕਾਰਨ ਰਾਜਿਆਂ ਮਹਾਰਾਜਿਆਂ ਦਾ ਸਰਬ ਨਾਸ ਹੁੰਦਾ ਧਰਮ-ਗ੍ਰੰਥਾਂ ਵਿਚ ਦਰਸਾ ਦਿੱਤਾ । ਮਨੁੱਖ ਤਾਂ ਕਿਤੇ ਰਿਹਾ ਬ੍ਰਾਹਮਣ ਦੇ ਸਰਾਪ ਨਾਲ ਵੱਡੇ ਤੋਂ ਵੱਡੇ ਦੇਵਤਿਆਂ ਨੂੰ ਵੀ ਮਸੀਬਤਾਂ ਬਣਦੀਆਂ ਦਰਸਾਈਆਂ ਗਈਆਂ ।

ਬ੍ਰਾਹਮਣੀ **ਵਰ** ਅਤੇ **ਸਰਾਪ** ਦੀ ਸ਼ਕਤੀ ਦਾ **ਭੈ** ਦੇਵਤਿਆਂ ਦੀ ਸ਼ਕਤੀ ਨਾਲੋਂ ਵੀ ਕਿਤੇ ਵੱਧ **ਡਰਾਉਣਾ-ਭਰਮ** ਲੋਕਾਂ ਦਿਆਂ ਹਿਰਦਿਆਂ ਵਿਚ ਬਿਠਾ ਦੇਣਾ ਬ੍ਰਾਹਮਣੀ ਲੁੱਟ-ਨੀਤੀ ਵਾਲੀ ਯੋਜਨਾਂ ਦਾ ਜ਼ਰੂਰੀ ਅੰਗ ਸੀ । ਧਰਮ ਗ੍ਰੰਥਾਂ ਵਿੱਚ ਏਥੋਂ ਤਕ ਲਿਖ ਦਿੱਤਾ ਕਿ ਬ੍ਰਾਹਮਣਾ ਦੇ ਸਰਾਪ ਨਾਲ ਪ੍ਰਭੂ ਦੇ ਮਹਲਾਂ ਦੇ ਦੁਆਰਪਾਲ ਰਾਕਸ਼ ਬਣ ਗਏ ਸਨ * (*Foot Note:- ਇਹ ਗਾਥਾ **ਵਿਦਿਆ ਦੀਆਂ ਕਰਾਮਾਤਾਂ** ਵਾਲੇ ਪ੍ਰਕਰਣ ਵਿੱਚ ਆ ਚੁੱਕੀ ਹੈ । ਬ੍ਰਾਹਮਣੀ ਸਰਾਪ ਕਾਰਨ ਹੋਣ ਵਾਲੀਆਂ ਤਬਾਹੀਆਂ ਨਾਲ ਜੁੜੀਆਂ ਕੁਝ ਸਾਖੀਆਂ ਵੀ ਪੜ੍ਹ ਚੁੱਕੇ ਹਾਂ) । ਆਪਣੇ ਵਫ਼ਾਦਾਰ ਸੇਵਕਾਂ ਨੂੰ ਬ੍ਰਾਹਮਣਾ ਦੇ ਸਰਾਪ ਤੋਂ ਮੁਕਤਿ ਕਰਾ ਸਕਣ ਦੀ ਸ਼ਕਤੀ ਅਥਵਾ ਦਲੇਰੀ ਪ੍ਰਭੂ ਵਿੱਚ ਵੀ ਨਹੀਂ ਸੀ । ਹਿੰਦੂਆਂ ਦਾ ਕੋਈ ਵੀ ਅਜੇਹਾ ਧਰਮ-ਗ੍ਰੰਥ ਨਹੀਂ ਹੈ ਜਿਸ ਵਿੱਚ ਬ੍ਰਾਹਮਣ ਅਥਵਾ ਬ੍ਰਾਹਮਣ-ਰਿਖੀਆਂ ਦੇ ਵਰਾਂ-ਸਰਾਪਾਂ ਦੀਆਂ ਅਦਭੁਤ ਗਾਥਾਵਾਂ ਨਾ ਹੋਣ । ਭਗਵਾਨ ਰਾਮ ਅਤੇ ਉਸ ਦੇ ਤਿੰਨੇ ਭਾਈ, ਕ੍ਰਿਸ਼ਨ, ਦੇਵੀ-ਕੰਨਿਆਂ (ਜੋ ਯਸ਼ੋਧਰਾ ਦੇ ਘਰ ਪੈਦਾ ਹੋ ਕੇ ਕ੍ਰਿਸ਼ਨ ਦੇ ਵੱਟੇ ਕੰਸ ਦੇ ਹਥੋਂ ਮਾਰੀ ਜਾਣ ਲਈ ਕੈਦਖਾਨੇ ਪੁਚਾਈ ਗਈ ਸੀ) ਪੰਜੇ ਭਰਾ ਪਾਂਡੋ, ਕ੍ਰਿਪਾਚਾਰੀਆ, ਦ੍ਰੋਨ-ਚਾਰੀਆ, ਮਹਾਂ ਦਾਨੀ ਕਰਣ, ਦ੍ਰੋਪਦੀ, ਭਵਾਨੀ ਸੀਤਾ ਆਦਿ ਬ੍ਰਾਹਮਣਾਂ ਦੇ **ਵਰਾਂ ਦੀ ਕਰਮਾਤ** ਦੀ ਉਪਜ ਹੀ ਤਾਂ ਸਨ । ਇਹ ਵੀ ਹਿੰਦੂਆਂ ਦੇ ਧਰਮ-ਗ੍ਰੰਥਾਂ ਵਿਚੋਂ ਹੀ ਮਿਲਦਾ ਹੈ ਕਿ ਸ੍ਰੀ ਰਾਮ ਚੰਦਰ ਨੂੰ ਬ੍ਰਾਹਮਣ ਰਿਖੀ ਦੇ ਸਰਾਪ ਦਾ ਹੀ ਫਲ ਸੀ ਜੋ ਉਹ ਸਾਰੀ ਉਮਰ ਪੱਤਨੀ-ਵਿਜੋਗ ਵਿਚ ਹਉਕੈ ਲੈਂਦੇ ਰਹੇ ਸਨ । ਬ੍ਰਾਹਮਣ ਦੇ ਸਰਾਪ ਦੀ ਸ਼ਕਤੀ ਨਾਲ, ਰਾਜਾ ਦਸ਼ਰਥ, ਮਹਾਰਾਜ ਪਾਂਡੋ, ਬੁਰੇ ਹਾਲੀਂ ਮਰਦੇ ਵਿਖਾਉਣ ਤੇ ਬ੍ਰਾਹਮਣ ਦੀ ਤਸੱਲੀ ਨਾ ਹੋਈ ਤਾਂ ਫਿਰ, ਏਥੋਂ ਤਾਈਂ ਲਿਖ ਦਿੱਤਾ ਕਿ **ਭਗਵਾਨ ਕ੍ਰਿਸ਼ਨ ਅਤੇ ਉਸ ਦੇ ਖ਼ਾਨਦਾਨ ਦਾ ਸਰਬ ਨਾਸ, ਦੁਰਬਾਸ਼ਾ ਨਾਮੀ ਬ੍ਰਾਹਮਣ-ਰਿਸ਼ੀ ਦੇ ਸਰਾਪ ਕਾਰਨ ਹੋਇਆ ਸੀ** । ਇਨ੍ਹਾਂ ਕਹਾਣੀਆਂ ਦਾ ਅਸਰ ਇਹ ਹੋਇਆ ਕਿ ਲੋਕ ਬ੍ਰਾਹਮਣ ਨੂੰ ਭਗਵਾਨ ਸਮਝਣ ਲੱਗ ਪਏ ਅਤੇ **ਬ੍ਰਾਹਮਣ ਦੇ ਪਹਿਰਾਵੇ** (=ਭੇਖੌ) ਨੂੰ ਸ਼ਕਤੀਮਾਨ ਦੇਵਤੇ ਦਾ ਬਾਣਾ ਸਮਝ ਕੇ ਡੰਡਉਤਾਂ ਕਰਨ ਲੱਗ ਪਏ । ਬ੍ਰਾਹਮਣੀ ਭੇਖ ਵਾਲੇ ਦੀ ਹਰ ਮੰਗ ਪੂਰੀ ਕਰਨੀ, ਧਰਮ-ਕਰਮ ਬਣ ਗਿਆ । ਬ੍ਰਾਹਮਣੀ ਪੁਸ਼ਾਕੇ ਦੀ ਫਿਰ ਏਡੀ ਠੁੱਕ ਬੱਝ ਤੁਰੀ ਸੀ ਕਿ ਜਦ ਕਦੇ ਕਿਸੇ ਨਾਲ **ਠੱਗੀ ਮਾਰਨ ਦੀ ਲੋੜ ਪ੍ਰਭੂ ਜੀ ਨੂੰ ਆ ਪਈ** ਤਾਂ **ਭਗਵਾਨ** ਨੇ ਵੀ ਬ੍ਰਾਹਮਣ ਦਾ ਭੇਖ ਬਣਾ ਲੈਣ ਵਿੱਚ ਹੀ ਆਪਣੀ ਕਾਮਯਾਬੀ ਲੁਕੀ ਵੇਖ ਲਈ *।>>> *

Foot note :-

੧= ਰਾਜੇ ਬਲ ਨੂੰ ਠੱਗਣ ਲਈ ਬਾਵਨ-ਅਵਤਾਰ ਬ੍ਰਾਹਮਣ ਦੇ ਭੇਖ ਵਿੱਚ ਹੀ ਗਿਆ ਲਿਖਿਆ ਮਿਲਦਾ ਹੈ ।

੨= ਜਲੰਧਰ ਦੇਂਤ ਨੂੰ ਧੋਖਾ ਦੇਣ ਲਈ ਭਗਵਾਨ ਵਿਸ਼ਨੂੰ ਜੀ ਬ੍ਰਾਹਮਣ ਦਾ ਹੀ ਭੇਖ ਧਾਰ ਕੇ ਉਸ ਕੋਲ ਗਏ ਸਨ । ਦੈਂਤ ਨੇ (ਬ੍ਰਾਹਮਣ ਸਮਝ ਕੇ ) ਵਿਸ਼ਨੂੰ ਦੀ ਪੂਜਾ ਕੀਤੀ ਅਤੇ ਉਸ ਦੀ ਮੰਗ ਪੂਰੀ ਕੀਤੀ । ਸੇਵਾ ਦੇ ਬਦਲੇ ਵਿਚ ਵਿਸਨੂੰ ਜੀ ਨੇ ਉਸਦੀ ਪਤੀਬਰਤਾ ਇਸਤ੍ਰੀ ਦਾ ਸਤ ਭੰਗ ਕੀਤਾ ਜਿਸ ਕਾਰਨ ਜਲੰਧਰ ਸ਼ਿਵ ਜੀ ਦੇ ਹਥੋਂ ਮਾਰਿਆ ਜਾਣ ਦੀ ਗਾਥਾ ਬ੍ਰਾਹਮਣ ਨੇ ਹੀ ਲਿਖੀ ਹੈ।

੩= ਮਹਾਂਦਾਨੀ ਕਰਣ ਕੋਲੋਂ ਉਸਦਾ ਕਵਚ ਅਤੇ ਕੁੰਡਲ ਠੱਗਣ ਲਈ ਦੇਵਰਾਜ-ਇੰਦ੍ਰ ਵੀ ਬ੍ਰਾਹਮਣ ਬਣ ਕੇ ਹੀ ਗਿਆ ।

੪= ਪਾਂਡਵ ਭਰਾਵਾਂ ਨੇ ਬ੍ਰਾਹਮਣਾਂ ਦੇ ਭੇਖ ਵਿੱਚ ਵਿਚਰਦਿਆਂ ਹੀ ਦਰੋਪਦੀ ਨਾਲ ਪੰਜਾਂ ਨੇ ਵਿਆਹ ਕੀਤਾ ਸੀ ।

੫= ਜਰਾ-ਸੰਧ ਨੂੰ ਮਾਰਨ ਲਈ ਕ੍ਰਿਸ਼ਨ, ਅਰਜੁਨ ਅਤੇ ਭੀਮ ਬ੍ਰਾਹਮਣਾਂ ਦੇ ਭੇਖ ਵਿੱਚ ਗਏ ਸਨ ਅਤੇ ਏਹੋ ਜਿਹਾ ਹੋਰ ਕਈ ਕੁਝ ਹੈ ।

<<<< ਅਜੇਹੀਆਂ ਕਈ ਕਹਾਣੀਆਂ ਬ੍ਰਾਹਮਣੀ ਗ੍ਰੰਥਾਂ ਵਿੱਚ ਹਨ ਜਿਨ੍ਹਾਂ ਤੋਂ ਬ੍ਰਾਹਮਣ ਦੀ ਸਰਬ-ਉੱਚਤਾ ਅਥਵਾ ਪਰਮ-ਉੱਚਤਾ ਪ੍ਰਗਟ ਹੁੰਦੀ ਹੈ । ਇਹ ਸਾਰਾ ਪਰਪੰਚ ਜੋ ਬ੍ਰਾਹਮਣੀ ਲੁੱਟ ਨੀਤੀ ਵਾਲੀ ਖ਼ਤਰਨਾਕ ਯੋਜਨਾਂ ਅਧੀਨ ਘੜਿਆ ਗਿਆ ਸੀ, ਲੰਮੇ ਸਮੇਂ ਤਾਈਂ ਪਰਚਾਰੇ ਜਾਣ ਕਾਰਨ, ਹਿੰਦੂ ਧਰਮ ਦਾ ਅਨਿਖੜਵਾ ਅੰਗ ਬਣ ਗਿਆ । ਬ੍ਰਾਹਮਣ ਦੀਆਂ ਆਪਣੀਆਂ ਹੀ ਲਿਖਤਾਂ ਵਿਚ ਸਪੱਸ਼ਟ ਹੋ ਜਾਂਦਾ ਹੈ ਕਿ ਵਰ ਸਰਾਪ ਅਸੀਸਾਂ ਬਦ ਅਸੀਸਾਂ ਕੇਵਲ ਫੋਟਕ ਮਾਇਆ ਜਾਲ ਹੀ ਹੈ ਜਿਵੇਂ:--

ਰਾਮਾਇਣ-ਗਾਥਾ ਦੀ Video ਤਸਵੀਰ ਵਿੱਚ ਭਗਵਾਨ ਰਾਮ ਚੰਦਰ ਜੀ ਨੂੰ ਬ੍ਰਹਮ ਰਿਸ਼ੀਆਂ ਦੇ ਆਸ਼ਰਮਾਂ ਤੇ ਪੁੱਜ ਪੁੱਜ ਕੇ ਉਨ੍ਹਾਂ ਤੋਂ ਅਸ਼ੀਰ ਵਾਦਾਂ ਲੈਂਦਾ ਵਿਖਾਇਆ ਗਿਆ ਹੈ। ਪਰ ਰਾਵਣ ਨਾਲ ਹੋਈ ਜੰਗ ਵਿੱਚ ਕਿਸੇ ਅਸ਼ੀਰਵਾਦ ਨੇ ਕੁਝ ਨਹੀਂ ਸੀ ਸੁਆਰਿਆ । ਸ੍ਰੀ ਰਾਮ ਅਤੇ ਲਛਮਣ ਦੋਹਾਂ ਦੀ ਜਾਨ ਨਾਗ-ਪਾਸ਼ ਵਿਚ ਕਾਬੂ ਆ ਕੇ ਸੁਆਸਾਂ ਦੀ ਡੋਰ ਟੁੱਟਣ ਤੇ ਆ ਗਈ ਸੀ, ਅਤੇ ਇੰਦ੍ਰ-ਜੀਤ ਦੀ ਬਰਛੀ ਨਾਲ ਲਛਮਣ ਦੀ ਜਾਨ ਇੱਕ ਰਾਤ ਦੀ ਪਰਾਹੁਣੀ ਸੀ, ਦੋਹੀ ਥਾਈਂ ਕਿਸੇ ਰਿਸ਼ੀ ਮੁਨੀ ਜਾਂ ਦੇਵਤੇ ਦੇ ਵਰ ਜਾਂ ਅਸ਼ੀਰਵਾਦ ਨੇ ਕੱਖ ਨਹੀਂ ਸੀ ਸੁਆਰਿਆ । ਦੋਹੀ ਥਾਂਈ ਹਨੂੰਮਾਨ ਦੀ ਦ੍ਰਿੜਤਾ ਅਤੇ ਹਿੰਮਤ ਕੰਮ ਆਉਂਦੀ ਬ੍ਰਾਹਮਣ ਨੇ ਆਪ ਹੀ ਵਿਖਾਈ ਹੈ । ਫਿਰ ਲੜਾਈ ਜਿੱਤਣ ਦਾ ਸਿਹਰਾ ਵੀ ਭਬੀਖਣ ਦੀ ਆਪਣੇ ਸਕੇ ਭਾਈ ਰਾਵਣ ਨਾਲ ਗ਼ੱਦਾਰੀ ਦੇ ਸਿਰ ਬਨ੍ਹਦਾ ਸ੍ਰੀ ਰਾਮ ਜੀ ਨੂੰ ਹੀ ਦਰਸਾਇਆ ਹੋਇਆ ਹੈ । ਸੈਂਕੜੇ ਅਸ਼ੀਰਵਾਦਾਂ ਜੋ ਰਾਮ ਜੀ ਨੂੰ ਮਿਲੀਆਂ ਸਨ, ਉਨ੍ਹਾਂ ਵਿਚੋਂ ਕਿਸੇ ਇਕ ਦਾ ਕੋਈ ਚਮਤਕਾਰ ਹੁੰਦਾ ਨਹੀਂ ਵਿਖਾਇਆ ਜਾ ਸਕਿਆ । ਰਾਮ ਦੀ ਅਤੇ ਦੇਵੀ ਸੀਤਾ ਜੀ ਦੀ ਸਾਰੀ ਜਿੰਦਗੀ ਸੂਲਾਂ ਦੀ ਸੇਜ ਤੇ ਗੁਜ਼ਰਦੀ ਹੀ ਨਜ਼ਰ ਆਉਂਦੀ ਹੈ ।

ਮਹਾਂਭਾਰਤ ਗਾਥਾ ਵਿਚ ਅਸ਼ੀਰਵਾਦਾਂ ਪ੍ਰਸ਼ਾਦ ਵਾਂਗ ਵਰਤਾਈਆਂ ਜਾਂਦੀਆਂ ਦੀ ਭਰਮਾਰ ਹੈ । ਸਰਾਪਾਂ ਕਾਰਨ ਪਾਂਡੋ ਆਪ ਨਿਪੁੱਤਾ ਮਰਦਾ ਹੈ ਅਤੇ ਫਿਰ ਤਲਾਬ ਤੋਂ ਪਾਣੀ ਲੈਣ ਗਏ ਚਾਰੇ ਭਰਾ ਮਰਦੇ ਅਤੇ ਸੁਰਜੀਤ ਹੁੰਦੇ ਵਿਖਾਏ ਗਏ ਹਨ । ਸੁਖਮਨੀ ਸਾਹਿਬ ਦਾ ਪਾਠ ਸਮੇਂ--**ਮਾਰੈ ਨ ਰਾਖੈ ਅਵਰੁ ਨ ਕੋਇ ॥ (੨੮੬)** ਪੜ੍ਹਨ ਵਾਲਾ ਗੁਰੂ ਦਾ ਸਿੱਖ ਪ੍ਰਭੂ ਤੋਂ ਬਿਨਾ ਮਾਰਨ ਜੀਵਲਣ ਵਾਲੀ ਕੋੜੀ ਦੂਜੀ ਸ਼ਕਤੀ ਕਿਵੇਂ ਮਨ ਲਵੇ ?] ਅਤੇ ਫਿਰ ਮਹਾਂਭਾਰਤ ਦੇ ਜੰਗ ਵਿਚ ਨਾ ਕੋਈ ਅਸ਼ੀਰਵਾਦ ਅਤੇ ਨਾ ਕੋਈ ਸਰਾਪ ਹੀ ਕਿਸੇ ਕੰਮ ਆਇਆ । ਭਗਵਾਨ ਕ੍ਰਿਸ਼ਨ ਅਤੇ ਦ੍ਰੋਣਾਂਚਾਰਯਾ ਸਮੇਤ ਸਾਰੇ ਮਹਾਂ ਬਲੀ ਸੂਰਮੇ, ਬੇਨਿਯਮੀ, ਝੂਠ ਅਤੇ ਵਿਸ਼ਵਾਸ਼ ਘਾਤ ਨੂੰ ਆਪਣਾ ਹਥਿਆਰ ਬਣਾ ਕੇ ਇੱਕ ਦੂਜੇ ਦੀ ਜਾਨ ਲੈਂਦੇ ਦਿੱਸ ਆਉਂਦੇ ਹਨ । ਵਰਾਂ ਸਰਾਪਾਂ ਦੇ ਚੱਕਰ ਦਾ ਠੋਸ ਲਾਭ ਸਿਰਫ਼ ਬ੍ਰਾਹਮਣਾ ਨੂੰ ਹੀ ਪੁੱਜਾ ਹੈ । ਜਾਂ ਫਿਰ ਬ੍ਰਾਹਮਣ ਦੀ ਹੀ ਉਪਜ, ਸਾਧ-ਸੰਤਾਂ, ਸਿਧਾਂ-ਜੋਗੀਆਂ ਅਥਵਾ ਪੀਰਾਂ-ਫਕੀਰਾਂ ਆਦਿ ਦੇ **ਭੇਖ** ਨੂੰ ਹੀ ਇਸ ਭਰਮ ਦਾ ਲਾਭ ਪੁਜਦਾ ਦਿੱਸ ਆ ਰਿਹਾ ਹੈ ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ੧੦ ਜਾਮੇਂ ਧਾਰ ਕੇ ਦੋ ਸੌ ਸਾਲ ਤੋਂ ਵੱਧ ਸਮਾ ਲਾ ਕੇ ਆਪਣੇ ਨਿਆਰੇ ਸਿਧਾਂਤ ਦਾ ਪਰਚਾਰ ਕਰਕੇ ਬੜੀਆਂ ਕੁਬਾਨੀਆਂ ਨਾਲ ਆਪਣੇ ਸਿੱਖਾਂ ਦੇ ਅੰਦਰੋਂ ਅਜੇਹੇ ਫੋਕਟ ਭਰਮਾਂ ਨੂੰ ਦੂਰ ਕੀਤਾ ਸੀ ਪਰ ਉਨ੍ਹਾਂ ਬ੍ਰਾਹਮਣੀ ਸੰਸਕਾਰਾਂ ਦਾ ਹੀ ਕਾਰਨ ਹੈ ਕਿ ਕਰੀਬ ਸਾਰਾ ਸਿੱਖ ਜਗਤ ਸਤਿਗੁਰਾਂ ਕੋਲੋਂ ਕਰਾਮਾਤੀ ਲਾਭ ਲੈਣ ਦੀ ਲਾਲਸਾ ਨਾਲ ਹੀ ਗੁਰਬਾਣੀ ਦੇ ਅਖੰਡ ਪਾਠ, ਸਹਿਜ ਪਾਠ, ਸੰਪਟ ਪਾਠ ਆਦਿ, ਕਈ ਵਿਧੀਆਂ ਵਾਲੇ ਪਾਠ ਕਰਦਾ ਕਰਵਾਉਂਦਾ ਹੈ । ਸਤਿਗੁਰਾਂ ਦੇ ਸਰੂਪ ਦੀ ਪੂਜਾ ਭੇਟਾ ਦਾ ਮੁੱਖ ਅੰਗ, ਕਰਾਮਾਤੀ ਲਾਭਾਂ ਦੀ ਪ੍ਰਾਪਤੀ ਦੀ ਲਾਲਸਾ ਦੇ ਕਾਰਨ ਹੀ ਹੈ । ਸਤਿਗੁਰਾਂ ਦਾ ਗਿਆਨ ਸਮਝ ਕੇ ਉਸ ਅਨੁਸਾਰ ਜੀਵਨ ਢਾਲ ਲੈਣ ਦੀ ਲਾਲਸਾ ਤਾਂ ਸ਼ਾਇਦ ਹੀ ਹੈ ਜੋ ਕਿਸੇ ਵਿਚ ਹੋਵੇਂ ।

## ੬
# ਵਰ-ਸਰਾਪ,
# ਅਸੀਸਾਂ ਬਦ-ਅਸੀਸਾਂ ਅਤੇ ਗੁਰਮਤਿ

ਵਰ ਸਰਾਪਾਂ ਅਥਵਾ ਅਸੀਸਾਂ ਬਦ-ਅਸੀਸਾਂ ਬਾਰੇ ਗੁਰਮਤਿ ਸਿਧਾਂਤ ਵੀ ਨਾਲ ਲਗਦੇ ਹੀ ਸਮਝ ਲੈਣਾ ਲਾਹੇ ਵੰਦ ਰਹੇਗਾ । ਗੁਰਬਾਣੀ ਵਿਚ ਸਰਾਪ ਨੂੰ ਫਿਟਕਾਰ ਤੋਂ ਵੱਧ ਹੋਰ ਕੋਈ ਮਹੱਤਤਾ ਨਹੀਂ ਦਿੱਤੀ ਗਈ :-

੬- **ਜੋ ਮਾਰੇ ਤਿਨਿ ਪਾਰਬ੍ਰਹਮਿ ਸੇ ਕਿਸੈ ਨ ਸੰਦੇ ॥ ਵੈਰੁ ਕਰਹਿ ਨਿਰਵੈਰ ਨਾਲਿ ਧਰਮ ਨਿਆਇ ਪਚੰਦੇ ॥**
**ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ ॥ ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ ॥ ੧੨ ॥** [੩੦੬]ਵਾਰ

**ਅਰਥ:**--ਜਿਹੜੇ ਮਨੁੱਖ ਰੱਬ ਵਲੋਂ ਮੋਏ ਹੋਏ (ਭਾਵ, ਰੱਬ ਤੋਂ ਟੁੱਟੇ ਹੋਏ) ਹਨ, ਉਹ ਕਿਸੇ ਦੇ ਸਕੇ ਨਹੀਂ । ਨਿਰਵੈਰਾਂ ਨਾਲ ਵੀ ਵੈਰ ਕਰਦੇ ਹਨ ਤੇ ਪਰਮਾਤਮਾ ਦੇ ਧਰਮ ਨਿਆਂ ਅਨੁਸਾਰ ਦੁਖੀ ਹੁੰਦੇ ਹਨ । ਜੋ ਜੋ ਮਨੁੱਖ ਸੰਤ (ਗੁਰੂ) ਵਲੋ ਫਿਟਕਾਰੇ (ਸਰਾਪੇ) ਹੋਏ ਹੁੰਦੇ ਹਨ (ਭਾਵ, ਗੁਰੂ ਦੇ ਦਰ ਤੋਂ ਵਾਂਜੇ ਹੋਏ ਹਨ) ਉਹ ਭਟਕਦੇ ਫਿਰਦੇ ਹਨ । ਜੋ ਰੁੱਖ ਮੁਢੋਂ ਪੁਟਿਆ ਜਾਏ, ਉਸ ਦੇ ਟਾਹਣ ਸੁੱਕ ਜਾਂਦੇ ਹਨ ।

ਗੁਰੂ ਤੋਂ ਬੇਮੁਖ ਹੋ ਕੇ ਪਰਮਾਤਮਾਂ ਨੂੰ ਵਿਸਾਰ ਦੇਣਾ ਹੀ ਅਸਲ ਸਰਾਪ ਹੈ । ਗੁਰੂ ਤੋ ਬੇਮੁਖ ਹੋਣਾ ਏਸੇ ਤਰ੍ਹਾਂ ਹੈ ਜਿਵੇਂ ਕੋਈ ਰੁੱਖ ਮੁਢੋਂ ਪੁਟਿਆ ਗਿਆ ਹੋਵੇ । ਸਿੱਖੀ ਦੀ ਜੜ੍ਹ ਗੁਰੂ ਦੀ ਮੱਤ ਹੀ ਹੈ । ਜੜ੍ਹ ਨਾਲੋ ਜੁਦਾ ਹੋ ਜਾਣ ਦਾ ਅਰਥ ਮੌਤ ਹੈ । ਅਸੀਂ ਆਪਣੇ ਗੁਰੂ ਦੇ ਗਿਆਨ ਨਾਲੋਂ ਟੁਟ ਚੁੱਕੇ ਹਾਂ । ਗੁਰੂ ਦੇ ਗਿਆਨ ਅਨੁਸਾਰ ਨਾ ਤੁਰਨਾ ਹੀ ਸਰਾਪੇ ਜਾਣਾ ਹੈ ।

੭-- **ਮਨੁ ਮੁਗਧੌ ਦਾਦਰੁ ਭਗਤਿ ਹੀਨੁ ॥ ਦਰਿ ਭ੍ਰਸਟ ਸਰਾਪੀ ਨਾਮ ਬੀਨੁ ॥**
**ਤਾ ਕੈ ਜਾਤਿ ਨ ਪਾਤੀ ਨਾਮ ਲੀਨ ॥ ਸਭਿ ਦੂਖ ਸਖਾਈ ਗੁਣਹਿ ਬੀਨ ॥ ੩ ॥** [੧੧੮੮]-੨

**ਅਰਥ** :- ਮੂਰਖਿ ਦਾ ਮਨ ਭਗਤੀ ਤੋਂ ਵਾਂਜਿਆ ਰਹਿੰਦਾ ਹੈ, (ਇਹ ਮੂਰਖ ਮਨ, ਮਾਨੋ) ਡੱਡੂ ਹੈ (ਜੋ ਨੇੜੇ ਹੀ ਉਗੇ ਹੋਏ ਕੌਲ ਫੁੱਲ ਦੀ ਕਦਰ ਨਹੀਂ ਜਾਣਦਾ)। (ਕੁਰਾਹੇ ਪਿਆ ਹੋਇਆ ਮਨ) ਪ੍ਰਭੂ ਦੇ ਦਰ ਤੋਂ ਡਿਗਿਆ ਹੋਇਆ ਹੈ, ਮਾਨੋਂ ਸਰਾਪਿਆ (ਦੁਰਕਾਰਿਆ) ਹੋਇਆ ਹੈ, ਪਰਮਾਤਮਾ ਦੇ ਨਾਮ ਤੋਂ ਸੱਖਣਾ ਹੈ । ਜੇਹੜਾ ਮਨੁੱਖ ਨਾਮ ਤੋਂ ਖਾਲੀ ਹੈ ਉਸ ਦੀ ਨਾ ਕੋਈ ਚੰਗੀ ਜਾਤਿ ਮੰਨੀ ਜਾਂਦੀ ਹੈ ਨਾ ਚੰਗੀ ਕੁਲ, ਕੋਈ ਉਸ ਦਾ ਨਾਮ ਤੱਕ ਨਹੀਂ ਲੈਂਦਾ, ਉਹ ਆਤਮਕ ਗੁਣਾਂ ਤੋਂ ਵਾਂਜਿਆ ਰਹਿੰਦਾ ਹੈ, ਸਾਰੇ ਦੁਖ ਉਸ ਦੇ ਸਾਥੀ ਬਣੇ ਰਹਿੰਦੇ ਹਨ । ੩ ।

ਸਰਾਪਾਂ ਦਾ ਜਿਸ ਤਰ੍ਹਾਂ ਦਾ ਡਰ-ਭਰਮ ਬ੍ਰਾਹਮਣ ਨੇ ਪਾਇਆ ਹੋਇਆ ਹੈ, ਸਤਿਗੁਰਾਂ ਨੇ ਅਜੇਹੇ ਕਿਸੇ ਸਰਾਪ ਨੂੰ ਕੋਈ ਮਹੱਤਤਾ ਨਹੀਂ ਦਿੱਤੀ । ਗੁਰਦੇਵ ਜੀ ਦਾ ਫੁਰਮਾਨ ਹੈ ਕਿ ਅਜੇਹੀ ਸ਼ਕਤੀ ਕਿਸੇ ਵੀ ਮਨੁੱਖ ਕੋਲ ਨਹੀਂ ਹੈ ਜਿਸ ਨਾਲ ਉਹ ਰੱਬੀ ਹੁਕਮ ਦੇ ਵਿੱਰੁਧ ਆਪਣੀ ਮਰਜ਼ੀ ਨਾਲ ਕੋਈ ਤਬਾਹੀ ਕਰ ਸਕਦਾ ਹੋਏ । ਗੁਰਬਾਣੀ ਦੇ ਬੇ-ਅੰਤ ਫ਼ੁਰਮਾਨ ਹਨ ਜਿਨ੍ਹਾਂ ਵਿਚ ਸਪੱਸ਼ਟ ਕੀਤਾ ਹੋਇਆ ਹੈ ਕਿ ਮਾਰਨ ਅਤੇ ਜੀਵਾਲਣ ਵਾਲਾ ਕੇਵਲ ਪ੍ਰਭੂ ਆਪ ਹੀ ਹੈ । **ਮਾਰਿ-ਜੀਵਾਲਣ ਵਾਲੀ ਸ਼ਕਤੀ ਕਿਸੇ ਮਨੁੱਖ ਦੇ ਸਰਾਪ ਵਿਚ ਜਾਂ ਵਰ ਵਿਚ ਨਹੀਂ ਹੋ ਸਕਦੀ । ਅਜੇਹੀਆਂ ਕਥਾ ਕਹਾਣੀਆਂ ਆਦਿ, ਕੇਵਲ ਬ੍ਰਾਹਮਣੀ ਮਾਇਆ-ਜਾਲ ਹੀ ਹੈ ।**

ਗੁਰਦੇਵ ਜੀ ਨੇ ਸਿਰਫ਼ ਉਸ ਮਨੁੱਖ ਨੂੰ ਸਰਾਪਿਆ ਹੋਇਆ ਫ਼ੁਰਮਾਨ ਕੀਤਾ ਹੈ ਜੋ ਪ੍ਰਭੂ ਨੂੰ ਵਿਸਾਰ ਚੁੱਕਾ ਹੈ । ਸੋ ਪ੍ਰਭੂ ਦੇ ਹੁਕਮ ਵਿਚ ਦਖ਼ਲ ਦੇ ਸਕਣ ਦੀ ਗੱਲ ਉਹੀ ਮਨਮੁੱਖ ਕਰਦਾ ਹੈ, ਜਿਹੜਾ ਪ੍ਰਭੂ ਤੋ ਟੁੱਟ ਕੇ ਆਪ ਹੀ ਸਰਾਪਿਆ ਹੋਇਆ ਹੋਵੇ । ਗੱਦੀ-ਦਾਰ ਸਾਧਾਂ-ਸੰਤਾਂ ਅਥਵਾ ਪੀਰਾਂ-ਫਕੀਰਾਂ ਦੇ ਵਰਾਂ ਦਾ ਪੋਲ ਖੋਹਲਦੇ ਹੋਏ ਗੁਰਦੇਵ ਜੀ ਫ਼ੁਰਮਾਨ ਕਰਦੇ ਹਨ--**ਦੇਨਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ*** **॥** [੧੨੮੬]-ਵਾਰ-੧੯ ਭਾਵ, ਜਿਹੜੇ ਸਾਧ ਸੰਤ, ਪੀਰ ਫਕੀਰ, ਹੋਰਨਾਂ ਨੂੰ ਅਸੀਸਾਂ ਜਾਂ ਵਰ ਦਿੰਦੇ ਹਨ ਉਹ ਆਪ ਵੀ ਮਰ-ਖਪ ਜਾਂਦੇ ਹਨ ਅਤੇ ਅਸੀਸਾਂ ਲੈਣ ਵਾਲੇ ਵੀ ਮਰ ਮੁੱਕ ਜਾਂਦੇ ਹਨ । ਭਾਵ ਅਜੇਹੀਆਂ ਅਸੀਸਾਂ ਦਾ ਜਾਂ ਬਦ-ਅਸੀਸਾਂ ਦਾ ਅਕਾਲ ਪੁਰਖ ਦੇ ਹੁਕਮ ਤੋਂ ਬਾਹਰਾ ਚੰਗਾ ਜਾਂ ਮਾੜਾ ਕੋਈ ਉਚੇਚਾ ਅਸਰ ਨਹੀਂ ਹੋ ਸਕਦਾ ।( Foot Note:- ਪੂਰਾ ਸਲੋਕ ਸਾਧ ਸੰਤਾਂ ਵਾਲੇ ਪ੍ਰਕਰਣ ਵਿਚ ਵਿਚਾਰਿਆ ਗਿਆ ਹੈ ) ।

ਕਾਬਲ ਦੇ ਮੁਗ਼ਲ ਬਾਦਿਸ਼ਾਹ ਬਾਬਰ ਨੇ ਹਿੰਦ ਤੇ ੧੫੨੮ ਵਿਚ ਜਦ ਹਮਲਾ ਕੀਤਾ ਤਾਂ ਉਸ ਵੇਲੇ ਤੱਕ ਗੁਰੂ ਨਾਨਕ ਦੇਵ ਜੀ ਦੀ ਵਾਸ਼ਨਾਂ ਦੇਸ਼ ਵਿੱਚ ਕਾਫ਼ੀ ਖਿੱਲਰ ਚੁਕੀ ਹੋਈ ਸੀ । ਬਾਬਰ ਐਮਨਾਬਾਦ ਵਲ ਨੂੰ ਆਉਂਦਾ ਸੁਣ ਕੇ, ਓਥੋ ਦੇ ਪਠਾਣ ਹਾਕਮਾਂ ਨੇ ਹਿੰਦੂ, ਮੁਸਲਮਾਨ ਦੋਹਾਂ ਧਰਮਾਂ ਦੇ ਕਥਿਤ ਕਰਾਮਾਤੀ ਸਾਧ-ਸੰਤ, ਸਿਧ-ਜੋਗੀ, ਮੰਤ੍ਰ-ਸ਼ਾਸਤ੍ਰੀ, ਚੇਟਕੀ, ਪੀਰ-ਫਕੀਰਾਂ ਆਦਿ ਜਿਹੜੇ ਬੜੀਆਂ ਵੱਡੀਆਂ ਗੱਦੀਆਂ ਅਤੇ ਸੈਂਕੜੇ ਚੇਲਿਆਂ ਦੇ ਮਾਲਕ ਬਣੀ ਬੈਠੇ ਸਨ, ਸੱਭ ਮੰਗਵਾ ਲਏ । ਸਾਰਿਆਂ ਨੂੰ ਕਿਹਾ ਗਿਆ ਕਿ ਮਾਤ੍ਰੀ-ਭੂਮੀ ਦੀ ਅਥਵਾ ਇਸਲਾਮੀ ਰਾਜ ਦੀ ਰੱਖਿਆ ਵਾਸਤੇ ਆਪਣੇ ਵਰਾਂ, ਸਰਾਪਾਂ, ਜੰਤ੍ਰਾਂ ਮੰਤ੍ਰਾਂ, ਅਸੀਸਾਂ ਬਦ-ਅਸੀਸਾਂ, ਦੁਆਵਾਂ-ਬਦ-ਦੁਆਵਾਂ, ਝਾੜੇ ਤਵੀਤਾਂ, ਜਾਦੂ ਟੂਣਿਆਂ ਆਦਿ ਕਿਸੇ ਵੀ ਅਜੇਹੀ ਸ਼ਕਤੀ ਨਾਲ ਮੁਗ਼ਲਾਂ ਦੇ ਫੌਜੀਆਂ ਨੂੰ, ਜਰਨੈਲਾਂ ਨੂੰ ਅਤੇ ਜਾਂ ਫਿਰ ਘੱਟੋ ਘੱਟ ਇਕੋ ਬਾਬਰ ਨੂੰ ਹੀ ਅੰਨ੍ਹਾਂ, ਲੂਲ੍ਹਾ, ਲੰਗੜਾ ਜੋ ਹੀ ਹੁੰਦਾ ਹੈ ਕਰ ਦੇਣ । ਕਿਸੇ ਨੇ ਗੁਰੂ ਨਾਨਕ ਦੇਵ ਜੀ ਦੀ ਰੱਬ ਨੇੜੇ ਪਹੁੰਚ ਦੀ ਚੁਗ਼ਲੀ ਵੀ ਪਠਾਣ ਹਾਕਮਾ ਕੋਲ ਜਾ ਲਾਈ । ਗੁਰਦੇਵ ਜੀ ਨੂੰ ਵੀ ਮੰਗਵਾ ਕੇ ਦੂਜੇ ਪੀਰਾ ਫ਼ਕਰਾਂ ਨਾਲ ਹੀ ਡੱਕ ਲਿਆ । ਹੁਕਮ ਇਹੋ ਸੀ ਕਿ ਜਾਂ ਆਪਣੀ ਕਰਾਮਾਤੀ ਸ਼ਕਤੀਆਂ ਨਾਲ ਦੁਸ਼ਮਣ ਦਾ ਨਾਸ ਕਰੋ ਨਹੀਂ ਤਾਂ ਕੈਦ ਵਿਚ ਸੜੋ । ਪਰ ਜੋ ਹੋਇਆ ਉਸ ਤੋਂ ਜਾਣੂੰ ਕਰਾ ਕੇ ਅਜੇਹੇ ਭਰਮਾਂ ਵਿਚ ਪੈਣ ਤੋਂ ਮਨੁੱਖ ਨੂੰ ਬਚਾਈ ਰੱਖਣ ਲਈ ਸਾਰਾ ਹਾਲ ਸਤਿਗੁਰਾਂ ਨੇ ਗੁਰਬਾਣੀ ਵਿਚ ਲਿਖ ਦਿੱਤਾ । ਉਸ ਪ੍ਰਥਾਇ ਲਿਖੇ ਚਾਰ* [ Foot note :--ਉਹ ਚਾਰੇ ਗੁਰੂ ਸ਼ਬਦ ਦੁੱਖ-ਸੁੱਖ ਵਾਲੇ ਪ੍ਰਕਰਣ ਵਿਚ ਬੜੇ ਵਿਸਥਾਰ ਨਾਲ ਵਿਚਾਰੇ ਹੋਏ ਹਨ । ਪੜ੍ਹੋ ਭਾਗ ਚੌਥਾ ਕਾਂਡ ਤੀਜਾ ] ਗੁਰੂ ਸ਼ਬਦਾਂ ਵਿਚੋਂ ਅਸੀਸਾਂ ਦੀ ਕਥਿਤ ਸ਼ਕਤੀ ਦਾ ਪੋਲ ਨੰਗਾ ਕਰਨ ਵਾਲੇ ਬਚਨ ਇਸ ਪ੍ਰਕਾਰ ਹਨ:--

੮- **ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥**
**ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥**
**ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥ ੪ ॥**
**ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ ॥**
**ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ ॥**
**ਜਿਨ ਕੀ ਚੀਰੀ ਦਰਗਹ ਪਾਟੀ ਤਿਨ੍ਹਾ ਮਰਣਾ ਭਾਈ ॥ ੫ ॥** [੪੧੭]-੧੨

**ਅਰਥ:**--ਜਦੋ ਪਠਾਣਾ ਨੇ ਸੁਣਿਆ ਕਿ ਮੀਰ ਬਾਬਰ ਹੱਲਾ ਕਰ ਕੇ ਵਗਿਆ ਆ ਰਿਹਾ ਹੈ, ਤਾਂ ਉਨ੍ਹਾਂ ਨੇ ਅਨੇਕਾਂ ਹੀ ਪੀਰਾਂ ਆਦਿ ਨੂੰ ਕਾਬੂ ਕਰ ਮੰਗਾਇਆ । (ਪਰ ਕਿਸੇ ਕੋਲੋਂ) ਪੱਕੇ ਥਾਂ ਮੁਕਾਮ ਪੱਕੇ ਮਹਲ ( ਮੁਗ਼ਲਾਂ ਦੇ ਲਾਈ ਅੱਗ ਨਾਲ ) ਸੜ ਕੇ ਸੁਆਹ ਹੋਣੋਂ ਨਾ ਬਚ ਸਕੇ । ਉਨ੍ਹਾਂ ਨੇ ਪਠਾਣ ਸ਼ਾਹਜ਼ਾਦਿਆਂ ਨੂੰ ਟੋਟੇ ਕਰ ਕਰ ਕੇ ਮਿੱਟੀ ਵਿਚ ਰੋਲ ਦਿੱਤਾ । ( ਪੀਰਾਂ ਆਦਿ ਦੀਆਂ ਤਸਬੀਆਂ ਫੇਰਨ ਜਾਂ ਜੰਤ੍ਰਾਂ ਮੰਤ੍ਰਾਂ ਨਾਲ ) ਕੋਈ ਇੱਕ ਵੀ ਮੁਗ਼ਲ ਅੰਨ੍ਹਾ ਨਾ ਹੋਇਆ ਅਤੇ ਕਿਸੇ ( ਵਲੀ ਅੱਲਾ ) ਨੇ ਕੋਈ ਕਰਾਮਾਤ ਕਰ ਕੇ ਵੀ ਨਾ ਵਿਖਾਈ । ੪ ।

ਜਦੋਂ ਮੁਗ਼ਲਾਂ ਤੇ ਪਠਾਣਾਂ ਦੀ ਲੜਾਈ ਹੋਈ, ਲੜਾਈ ਦੇ ਮੈਦਾਨ ਵਿਚ ਦੋਹਾਂ ਧਿਰਾਂ ਨੇ ਤਲਵਾਰ ਚਲਾਈ । ਉਨ੍ਹਾਂ ਮੁਗ਼ਲਾਂ ਨੇ ਬੰਦੂਕਾਂ ਦੇ ਨਿਸ਼ਾਨੇ ਬੰਨ੍ਹ ਬੰਨ੍ਹ ਕੇ ਗੋਲੀਆਂ ਚਲਾਈਆਂ, ਪਰ ਪਠਾਣਾਂ ( ਦੀਆਂ ਬੰਦੂਕਾਂ) ਉਨ੍ਹਾਂ ਦੇ ਹਥ ਵਿਚ ਹੀ ਚਿੜ ਚਿੜ ਕਰ ਗਈਆਂ । ਪਰ ਹੇ ਭਾਈ ! ਧੁਰੋਂ ਹੀ ਜਿੰਨ੍ਹਾਂ ਦੀ ਉਮਰ ਦੀ ਚਿੱਠੀ ਪਾਟ ਜਾਂਦੀ ਹੈ, ਉਨ੍ਹਾਂ ਮਰਨਾ ਹੀ ਹੁੰਦਾ ਹੈ । ੫ ।

ਸਤਿਗੁਰਾਂ ਦੇ ਫ਼ੁਰਮਾਨ ਅਨੁਸਾਰ, ਪਠਾਣ ਹਾਕਮ ਨੇ ਆਪਣਾ ਸਾਹ-ਸਤ ਏਨਾ ਗੁਆ ਲਿਆ ਹੋਇਆ ਸੀ ਕਿ ਉਹ ਵਿਦੇਸ਼ੀ ਹਮਲਾ-ਆਵਰ ਨੂੰ ਜਾਦੂ ਟੂਣਿਆਂ ਨਾਲ ਕਮਜ਼ੋਰ ਕਰਵਾ ਕੇ ਪਿਛਾ ਛੁਡਵਾਉਣ ਦਾ ਜਤਨ ਕਰਦਾ ਰਿਹਾ ਅਤੇ ਦੁਸ਼ਮਣ ਗੱਲ ਆ ਪਿਆ । ਫਿਰ ਮਜਬੂਰ ਹੋ ਕੇ ਜਦ ਪਠਾਣ ਜੰਗ ਦੇ ਮੈਦਾਨ ਵਿਚ ਪੁਜਾ ਤਾਂ ਏਨਾਂ ਡਰਿਆ ਹੋਇਆ ਸੀ ਕਿ ਉਸ ਦੀ ਬੰਦੂਕ ਦਾ ਨਿਸ਼ਾਨਾ ਦੁਸ਼ਮਣ ਬਣ ਸਕਣ ਦੀ ਥਾਂ ਬੰਦੂਕਾਂ ਸਿੱਕਾ ਬਰੂਦ ਉਸ ਦੇ ਆਪਣੇ ਹੀ ਹੱਥ ਵਿਚ ਚਿੜ ਚਿੜ ਕਰਕੇ ਠੁੱਸ ਹੋ ਗਿਆ । ਸੁਖ ਰਹਿਣੇ ਭਰਮੀ ਪਠਾਣਾ ਦੀ ਕਾਇਰਤਾ ਦੇ ਕਾਰਨ ਘੁੱਗ ਵੱਸਦੇ ਐਮਨਬਾਦ ਸ਼ਹਿਰ ਦੀ ਦੁਖਦਾਈ ਤਬਾਹੀ ਹੋਈ । ਗੋਬਿੰਦ ਰੂਪ ਗੁਰੂ ਨਾਨਕ ਦੇਵ ਜੀ ਦੇ ਇਸ ਫ਼ੁਰਮਾਨ ਦੇ ਹੁੰਦਿਆਂ, ਜੇ ਕੋਈ ਇਹ ਸਮਝਦਾ ਹੈ ਕਿ ਵਰਾਂ-ਸਰਾਪਾਂ ਦੀ ਸ਼ਕਤੀ ਨਾਲ ਰੱਬੀ ਭਾਣਾ ਟੱਲ ਸਕਦਾ ਹੈ ਤਾਂ ਅਜੇਹਾ ਮਨੁੱਖ ਗੁਰੂ ਦਾ ਸਿੱਖ ਕਿਵੇਂ ਮੰਨਿਆਂ ਜਾਵੇ ?

੯- **ਭਾਈ ਮਤ ਕੋਈ ਜਾਣਹੁ ਕਿਸੀ ਕੈ ਕਿਛੁ ਹਾਥਿ ਹੈ, ਸਭੁ ਕਰੇ ਕਰਾਇਆ ॥ ਜਰਾ ਮਰਾ ਤਾਪੁ ਸਿਰਤਿ ਸਾਪੁ,**
**ਸਭੁ ਹਰਿ ਕੈ ਵਸਿ ਹੈ ਕੋਈ ਲਾਗਿ ਨ ਸਕੈ ਬਿਨੁ ਹਰਿ ਕਾ ਲਾਇਆ ॥ ਐਸਾ ਹਰਿ ਨਾਮੁ ਮਨਿ**
**ਚਿਤਿ ਨਿਤਿ ਧਿਆਵਹੁ ਜਨ ਨਾਨਕ, ਜੋ ਅੰਤੀ ਅਉਸਰਿ ਲਏ ਛਡਾਇਆ ॥ ੪ ॥**[੧੬੮]-੭-੧੩-੫੧

**ਅਰਥ:**--ਹੇ ਭਾਈ ! ਮਤਾਂ ਕੋਈ ਸਮਝੇ ਕਿ ਕਿਸੇ ਮਨੁੱਖ ਦੇ ਕੁਝ ਵੱਸ ਵਿਚ ਹੈ । ਇਹ ਤਾਂ ਸਭ ਕੁਝ ਪਰਮਾਤਮਾ ਆਪ ਹੀ ਕਰਦਾ ਹੈ । ਬੁਢੇਪਾ, ਮੌਤ, ਸਿਰ-ਪੀੜ ਤਾਪ, ਸਰਾਪ, ਪਰਮਾਤਮਾ ਦੇ ਹੀ ਵੱਸ ਵਿਚ ਹੈ । ਪਰਮਾਤਮਾ ਦੇ ਲਾਉਣ ਤੋਂ ਬਿਨਾ ਕੋਈ ਰੋਗ ਕਿਸੇ ਜੀਵ ਨੂੰ ਲੱਗ ਨਹੀਂ ਸਕਦਾ ।

ਹੇ ਦਾਸ ਨਾਨਕ ! ਜੇਹੜਾ ਹਰਿ-ਨਾਮ ਅਖ਼ੀਰਲੇ ਸਮੇਂ ਛੁਡਾ ਲੈਂਦਾ ਹੈ ਉਸ ਨੂੰ ਆਪਣੇ ਮਨ ਚਿਤ ਵਿਚ ਸਦਾ ਸਿਮਰਦੇ ਰਹੋ । ੪ ।

ਅਜੇਹੇ ਗੁਰੂ ਹੁਕਮਾ ਦੇ ਹੁੰਦਿਆਂ ਕੋਈ ਸਿੱਖ ਜੇ ਔਝੜੇ ਪੈ ਜਾਏ ਤਾਂ ਇਸ ਤੋਂ ਵਡੀ ਹੋਰ ਬਦਕਿਸਮਤੀ ਕੀ ਹੋ ਸਕਦੀ ਹੈ । ਵਰਾਂ ਸਰਾਪਾਂ ਦੇ ਭਰਮ ਵਿਚ ਕਦੇ ਨਹੀਂ ਪੈਣਾ ਚਾਹੀਦਾ ।

ਖ਼ਾਲਸਾ ਰਾਜ ਦੇ ਨਾਲ ਹੀ ਮਹਾਰਾਜਾ ਰੰਣਜੀਤ ਸਿੰਘ ਦੇ ਪ੍ਰਵਾਰ ਦਾ ਵੀ ਖ਼ਾਤਮਾ ਕਰ ਦੇਣਾਂ, ਬੜੀ ਨਿਰਦਾਇਤਾ ਵਾਲਾ ਅਤੇ ਵਿਸ਼ਵਾਸ਼ ਘਾਤਕ ਕਾਰਾ ਸੀ । ਇਸ ਕਾਰੇ ਦਾ ਅਸਲ ਮੋਢੀ ਬ੍ਰਾਹਮਣ ਅਤੇ ਉਸ ਦੇ ਚੇਲੇ ਹੀ ਸਨ । ਉਨ੍ਹਾਂ ਗ਼ੱਦਾਰਾਂ ਦੇ ਸਲਾਹ ਮਸ਼ਵਰੇ ਦੇ ਆਸਰੇ ਹੀ ਅੰਗਰੇਜ਼, ਖ਼ਾਲਸਾ ਰਾਜ ਦੇ ਥਾਂ ਆਪਣਾ ਰਾਜ ਸਥਾਪਤ ਕਰ ਸਕਿਆ ਸੀ ।

ਖ਼ਾਲਸਾ ਜੀ ਦੇ ਮਨ ਵਿੱਚ ਇਸ ਜ਼ੁਲਮੀ ਧੱਕੇ ਵਿਰੁੱਧ ਬੜਾ ਭਾਰੀ ਰੋਸ ਸੀ । ਸੋ ਇਸ ਨਿਸ਼ਕਪਟ ਖਾਲਸਾ ਜੀ ਨੂੰ ਉਲੂ ਬਣਾ ਕੇ ਆਪਣਾ ਸੱਚਾ ਗ਼ੁਲਾਮ ਬਣਾ ਲੈਣ ਦੀ ਸਕੀਮ ਵਾਲੀ ਬ੍ਰਾਹਮਣੀ ਕੁਟਲ ਨੀਤੀ ਨੇ ਇਤਿਹਾਸ ਵਿਚ ਇਹ ਲਿਖਵਾ ਦਿੱਤਾ--ਕਲਗੀਧਰ ਜੀ ਦਾ ਸਰਾਪ ਸੀ ਕਿ ਜਿਹੜਾ ਮਨੁੱਖ ਉਨ੍ਹਾਂ ਦਾ ਅੰਗੀਠਾ ਫੋਲ ਕੇ ਉਸ ਥਾਂ ਕੋਈ ਯਾਦਗਾਰ ਬਣਾਏ ਗਾ ਉਸ ਦਾ ਸਰਬ ਨਾਸ ਹੋ ਜਾਵੇ ਗਾ । ਫਿਰ ਪਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਕਿਉਂਕਿ ਮਹਾਰਾਜਾ ਰੰਣਜੀਤ ਸਿੰਘ ਨੇ ਉਨ੍ਹਾਂ ਦਾ ਅੰਗੀਠਾ ਫੋਲ ਕੇ ਉਸ ਥਾਂ ਗੁਰਦੁਆਰਾ ਬਣਾਇਆ ਸੀ ਇਸ ਲਈ ਸਾਰੀ ਤਬਾਹੀ ਕਲਗ਼ੀਧਰ ਜੀ ਦੇ ਸਰਾਪ ਦੇ ਕਾਰਨ ਹੀ ਹੋਈ ਹੈ । ਕਿਸੇ ਨੇ ਇਹ ਨਾ ਵਿਚਾਰਿਆ ਕਿ ਜਿਸ ਗੁਰੂ ਨੇ ਏਡੀਆਂ ਘਾਲਣਾ ਨਾਲ ਇਹ ਪੰਥ ਸਿਰਜਿਆ ਸੀ ਉਸ ਨੇ ਆਪ ਹੀ ਸਰਾਪ ਦੇ ਕੇ ਉਸ

ਨੂੰ ਤਬਾਹੀ ਦੇ ਮੂੰਹ ਵਿਚ ਭਲਾ ਕਿਵੇਂ ਸੁਟ ਦੇਣਾ ਸੀ ? ਉਨ੍ਹਾਂ ਨੇ--**ਜਬ ਲੱਗ ਖ਼ਾਲਸਾ ਰਹੇ . . . ਇਨ ਕੀ ਪ੍ਰਤੀਤ**, ਵਾਲੀ ਤਾੜਨਾਂ ਦੇ ਨਾਲ ਅਜੇਹਾ ਸੰਕੇਤ ਵੀ ਕਿਉਂ ਨਾ ਦੇ ਦਿੱਤਾ ਕਿ ਜੇ ਮੇਰਾ ਅੰਗੀਠਾ ਫੋਲ ਬੈਠੇ ਤਾਂ ਸਰਬ ਨਾਸ ਹੋ ਜਾਣਾ ਹੈ ? ਪਰ ਦੀਵਾਨਾਂ ਦੀਆਂ ਸਟੇਜਾਂ ਉੱਤੇ ਰਾਗੀਆਂ, ਢਾਡੀਆਂ, ਪਰਚਾਰਕਾਂ ਨੇ ਇਹ ਪਰਚਾਰ ਕਰਨਾ ਅਰੰਭ ਕਰ ਦਿੱਤਾ ਕਿ ਖ਼ਾਲਸਾ ਰਾਜ ਦੀ ਤਬਾਹੀ ਕਲਗ਼ੀਧਰ ਜੀ ਦੇ ਸਰਾਪ ਦੇ ਕਾਰਨ ਹੋਈ ਹੈ । ਗੁਰੂ ਦਾ ਦੂਲਾ ਖ਼ਾਲਸਾ ਆਪਣੇ ਆਪ ਹੀ ਆਪਣੇ ਪੈਰਾਂ ਤੇ ਕੁਹਾੜੇ ਚਲਾਉਣਾ ਗਿੱਝ ਗਿਆ ।

ਗੁਰੂ ਦੇ ਅੰਮ੍ਰਿਤ ਰੂਪੀ ਗਿਆਨ ਬਾਰੇ ਇਹ ਕੀਨਾ ਅਰੰਭ ਦਿੱਤਾ ਕਿ ਇਸ ਨੂੰ ਕ੍ਰੋੜਾਂ ਵਿਚੋ ਇੱਕ ਅੱਧ ਹੀ ਸਮਝਦਾ ਹੈ । ਇਸ ਗਿਆਨ ਨੂੰ ਸਮਝਣ ਦੀ ਲੋੜ ਨਹੀਂ ਹੈ । ਇਸ ਦੇ ਪੜ੍ਹਨ ਵਿੱਚ ਹੀ ਸਾਰੀ ਕਰਮਾਤ ਲੁਕੀ ਹੋਈ ਹੈ । ਹਰ ਪੱਖ ਤੋਂ ਉੱਚੀ ਰਹਿਣੀ ਵਾਲਾ ਮਨੁੱਖ ਬਣਾ ਦੇਣ ਵਾਲੇ ਨਿਆਰੇ ਗਿਆਨ ਦੇ ਦਾਤੇ, " ਪੂਰਨ-ਗੁਰੂ " ਸਤਿਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਦਰ ਦਾ ਦੇਵਤਾ ਬਣਾ ਦਿੱਤਾ । ਗੁਰੂ ਨੇ ਆਪਣੇ ਪਿਆਰੇ ਸਿੱਖ ਦੇ ਹੰਥ (ਬੁੱਕ) ਵਿੱਚ ਅੰਮ੍ਰਿਤ ਚੋਇਆ ਸੀ ਪਰ ਸਿੱਖ ਨੇ ਉਂਗਲਾਂ ਹੀ ਢਿੱਲੀਆਂ ਕਰ ਲਈਆਂ । ਸਦੀਵੀ ਜਿੰਦਗੀ ਦੇਣ ਵਾਲਾ ਅੰਮ੍ਰਿਤ, ਘੱਟੇ ਵਿਚ ਰੁਲ ਗਿਆ--**ਕਰ ਮਹਿ ਅੰਮ੍ਰਿਤੁ ਆਨਿ ਨਿਸਾਰਿਓ ॥ ਖਿਸਰਿ ਗਇਓ ਭੂਮ ਪਰਿ ਡਾਰਿਓ ॥ ੨ ॥** [੩੮੯]-੨੫

ਹਿੰਦੂ ਸਮਾਜ ਵਿਚ ਮਿਲਨ ਜਾਂ ਵਿਛੱੜਨ ਸਮੇਂ ਬਜ਼ੁਰਗਾਂ ਨੂੰ ਨਮਸਕਾਰ ਜਾਂ ਚਰਨ-ਬੰਦਨਾਂ ਕਰਕੇ ਉਨ੍ਹਾਂ ਕੋਲੋਂ ਅਸ਼ੀਰਵਾਦਾਂ ਲੈਣ ਦਾ ਬੜਾ ਰਿਵਾਜ ਹੈ । ਇਹ ਰਿਵਾਜ ਵੀ ਰਾਮਾਇਣ ਅਤੇ ਮਹਾਂਭਾਰਤ ਜਿਹੀਆਂ ਬ੍ਰਾਹਮਣੀ ਮਿਥਿਹਾਸ ਵਿਚ ਸ਼ਸਤ੍ਰਾਂ ਅਸਤ੍ਰਾਂ ਨਾਲੋ ਅਸ਼ੀਰਵਾਦਾਂ ਲੈਣ ਦੀ ਭੁੱਖ ਦੇ ਪ੍ਰਗਟਾਵੇ ਕਾਰਨ ਹੀ ਪਿਆ ਹੈ । ਗੁਰਮਤਿ ਵਿਚ ਅਜੇਹੀ ਬੰਦਨਾਂ ਜਾਂ ਨਮਸਕਾਰ ਦਾ ਕੋਈ ਵਿਧਾਨ ਨਹੀਂ ਹੈ । ਨਾ ਹੀ ਕਿਸੇ ਅਸ਼ੀਰਵਾਦ ਅਥਵਾ ਵਰ-ਸਰਾਪ ਦੀ ਕੋਈ ਮਹੱਤਤਾ ਹੈ । ਮਿਲਨ ਅਥਵਾ ਵਿਛੜਨ ਸਮੇਂ ਹਰ ਉਮਰ ਦੇ ਸੂਝਵਾਨ ਬੱਚੀ ਬੱਚੇ ਵਾਸਤੇ ਇਹੋ ਅਟੱਲ ਹੁਕਮ ਹੈ, ਕਿ ਉਹ ਹੱਥ ਜੋੜ ਕੇ--**ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹ** ਬੁਲਾਏ । ਹਜ਼ਾਰਾਂ ਸਾਲਾਂ ਦੇ ਬਣੇ ਅਸ਼ੀਰਵਾਦਾਂ ਵਾਲੇ ਸੰਸਕਾਰਾਂ ਦੀ ਭੁੱਖ ਦੀ ਤ੍ਰਿਪਤੀ ਲਈ ਬੱਚੇ ਨੂੰ ਅਸੀਸ ਦੇਣ ਦੀ ਜਾਚ ਦਸਦਿਆਂ ਗੁਰਦੇਵ ਜੀ ਨੇ ਫ਼ੁਰਮਾਇਆ ਹੈ :-

੧੦- **ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ ॥**
**ਸੋ ਹਰਿ ਹਰਿ ਤੁਮ ਸਦ ਹੀ ਜਾਪਹੁ ਜਾ ਕਾ ਅੰਤੁ ਨ ਪਾਰੋ ॥ ੧ ॥**
**ਪੂਤਾ ਮਾਤਾ ਕੀ ਆਸੀਸ ॥ ਨਿਮਖ ਨਾ ਬਿਸਰਉ**
**ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥ ੧॥ ਰਹਾਉ ॥**
**ਸਤਿਗੁਰੁ ਤੁਮ੍ ਕਉ ਹੋਇ ਦਇਆਲਾ ਸੰਤ ਸੰਗਿ ਤੇਰੀ ਪ੍ਰੀਤਿ ॥**
**ਕਾਪੜੁ ਪਤਿ ਪਰਮੇਸਰੁ ਰਾਖੀ ਭੋਜਨੁ ਕੀਰਤਨੁ ਨੀਤਿ ॥ ੨ ॥**
**ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ ॥**
**ਰੰਗ ਤਮਾਸਾ ਪੂਰਨ ਆਸਾ ਕਬਹਿ ਨਾ ਬਿਆਪੈ ਚਿੰਤਾ ॥ ੩ ॥**
**ਭਵਰੁ ਤੁਮਾਰਾ ਇਹੁ ਮਨੁ ਹੋਵਉ ਹਰਿ ਚਰਣਾ ਹੋਹੁ ਕਉਲਾ ॥**
**ਨਾਨਕ ਦਾਸੁ ਉਨ ਸੰਗਿ ਲਪਟਾਇਓ ਜਿਉ ਬੂੰਦਹਿ ਚਾਤ੍ਰਿਕੁ ਮਉਲਾ ॥ ੪ ॥** [੪੯੬]-੩-੪

**ਅਰਥ:**--ਹੇ ਪੁੱਤਰ ! ਜਿਸ ਪਰਮਾਤਮਾ ਦਾ ਨਾਮ ਸਿਮਰਦਿਆਂ ਸਾਰੇ ਪਾਪ ਨਾਸ ਹੋ ਜਾਂਦੇ ਹਨ, (ਸਿਮਰਨ ਵਾਲੇ ਦੇ) ਪਿਤਰਾਂ ਦਾ ਵੀ (ਸੰਸਾਰ-ਸਮੁੰਦਰ ਤੋਂ) ਪਾਰ-ਉਤਾਰਾ ਹੋ ਜਾਂਦਾ ਹੈ, ਜਿਸ ਪਰਮਾਤਮਾ ਦੇ ਗੁਣਾਂ ਦਾ ਅੰਤ ਨਹੀਂ ਪੈ ਸਕਦਾ ਪਾਰਲਾ ਬੰਨਾ ਨਹੀਂ ਲੱਭ ਸਕਦਾ, ਤੂੰ ਸਦਾ ਹੀ ਉਸ ਦਾ ਨਾਮ ਜਪਦਾ ਰਹੁ । ੧ ।

ਹੇ ਪੁੱਤਰ ! (ਤੈਨੂੰ) ਮਾਂ ਦੀ ਇਹ ਅਸੀਸ ਹੈ---ਤੈਨੂੰ ਪਰਮਾਤਮਾ ਅੱਖ ਝਮਕਣ ਜਿਤਨੇ ਸਮੇ ਲਈ ਵੀ ਨਾਂ ਭੁੱਲੇ, ਤੂੰ ਸਦਾ ਜਗਤ ਦੇ ਮਾਲਕ ਪ੍ਰਭੂ ਦਾ ਨਾਮ ਜਪਦਾ ਰਹੁ ।੧। ਰਹਾਉ ।

ਹੇ ਪੁੱਤਰ ! ਸਤਿਗੁਰੂ ਤੇਰੇ ਉਤੇ ਦਇਆਵਾਨ ਰਹੇ, ਗੁਰੂ ਨਾਲ ਤੇਰਾ ਪਿਆਰ ਬਣਿਆ ਰਹੇ, (ਜਿਵੇਂ) ਕੱਪੜਾ (ਮਨੁੱਖ ਦਾ ਪਰਦਾ ਢੱਕਦਾ ਹੈ, ਤਿਵੇਂ) ਪਰਮਾਤਮਾ ਤੇਰੀ ਇੱਜ਼ਤ ਰੱਖੇ, ਸਦਾ ਪਰਮਾਤਮਾ ਦੀ ਸਿਫ਼ਤ ਸਾਲਾਹ ਤੇਰੀ ਆਤਮਾ ਦੀ ਖ਼ੁਰਾਕ ਬਣੀ ਰਹੇ ।੨। ਹੇ ਪੁੱਤਰ ! ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਸਦਾ ਪੀਂਦਾ ਰਹੁ, ਸਦਾ ਲਈ ਤੇਰਾ ਉਚਾ ਆਤਮਕ ਜੀਵਨ ਬਣਿਆ ਰਹੇ । ਹੇ ਪੁੱਤਰ ! ਪਰਮਾਤਮਾ ਦਾ ਸਿਮਰਨ ਕੀਤਿਆਂ ਅਮੁੱਕ ਆਨੰਦ ਬਣਿਆ ਰਹਿੰਦਾ ਹੈ, ਆਤਮਕ ਖ਼ੁਸ਼ੀਆਂ ਪ੍ਰਾਪਤ ਰਹਿੰਦੀਆਂ ਹਨ, ਸਭ ਆਸਾਂ ਪੂਰੀਆਂ ਹੋਈਆਂ ਰਹਿੰਦੀਆਂ ਹਨ, ਚਿੰਤਾ ਕਦੇ ਆਪਣਾ ਜ਼ੋਰ ਨਹੀਂ ਪਾ ਸਕਦੀ **। ੩ ।** ਹੇ ਪੁੱਤਰ ! ਤੇਰਾ ਇਹ ਮਨ ਭੌਰਾ ਬਣਿਆ ਰਹੇ, ਪਰਮਾਤਮਾ ਦੇ ਚਰਨ (ਤੇਰੇ ਮਨ ਭੌਰੇ ਵਾਸਤੇ) ਕੌਲ-ਫੁੱਲ ਬਣੇ ਰਹਿਣ । ਹੇ ਨਾਨਕ ! (ਆਖ-) ਪਰਮਾਤਮਾ ਦਾ ਸੇਵਕ ਉਨ੍ਹਾਂ ਚਰਨਾਂ ਨਾਲ ਇਉਂ ਲਪਟਿਆ ਰਹਿੰਦਾ ਹੈ, ਜਿਵੇਂ ਪਪੀਹਾ ਵਰਖਾ ਦੀ ਬੂੰਦ ਪੀ ਕੇ ਖਿੜਦਾ ਹੈ ।੪।

ਆਉ ਹੁਣ ਵਿਜੋਗ ਸਮੇਂ ਦੀ ਅਸੀਸ ਵੀ ਚੇਤੇ ਕਰ ਲਈਏ :-

੧੧= **ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥**
**ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥ ੩ ॥**
**ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥**
**ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥ ੪ ॥** [੧੫੭]-੧-੨੦

**ਅਰਥ:**--(ਸਤਸੰਗਤ ਵਿਚ ਜਾ ਕੇ, ਹੇ ਜਿੰਦੇ ! ਅਰਜ਼ੋਈ ਕਰਿਆ ਕਰ--) ਉਹ ਸੰਮਤ ਉਹ ਦਿਹਾੜਾ (ਪਹਿਲਾਂ ਹੀ) ਮਿਥਿਆ ਹੋਇਆ ਹੈ (ਜਦੋਂ ਪਤੀ ਦੇ ਦੇਸ ਜਾਣ ਲਈ ਮੇਰੇ ਵਾਸਤੇ ਮੌਤ-ਪਹੋਚਾ ਆਉਂਣਾ ਹੈ । (ਹੇ ਸਤਸੰਗੀ ਸਹੇਲੀਓ !) ਰਲ ਕੇ ਮੈਨੂੰ ਮਾਈਏਂ ਪਾਓ, ਤੇ ਸੱਜਣ (ਸਹੇਲੀਓ !) ਮੈਨੂੰ ਸੋਹਣੀਆਂ ਸੀਸਾਂ ਵੀ ਦਿਉ (ਭਾਵ, ਮੇਰੇ ਲਈ ਅਰਦਾਸਾਂ ਵੀ ਕਰੋ) ਜਿਵੇਂ ਪਤੀ-ਪ੍ਰਭੂ ਨਾਲ ਮੇਰਾ ਮੇਲ ਹੋ ਜਾਏ । ੩ ।

(ਪਰਲੋਕ ਵਿਚ ਜਾਣ ਲਈ ਮੌਤ-ਰੂਪ) ਇਹ ਪਹੋਚਾ ਹਰੇਕ ਘਰ ਵਿਚ ਆ ਰਿਹਾ ਹੈ, ਇਹ ਸਦੇ ਨਿੱਤ ਪੈ ਰਹੇ ਹਨ ।(ਹੇ ਸਤਸੰਗੀਓ !) ਉਸ ਸੱਦਾ ਭੇਜਣ ਵਾਲੇ ਪਤੀ-ਪ੍ਰਭੂ ਨੂੰ ਯਾਦ ਕਰਨਾ ਚਾਹੀਦਾ ਹੈ, ( ਕਿਉਂਕਿ ) ਸਾਡੇ ਵੀ ਉਹ ਦਿਨ ਨੇੜੇ ਆ ਰਹੇ ਹਨ । ੪ ।

੧੨- **ਬਾਬਾ ਆਵਹੁ ਭਾਈਹੋ ਗਲਿ ਮਿਲਹ ਮਿਲਿ ਮਿਲਿ ਦੇਹ ਆਸੀਸਾ ਹੇ ॥**
**ਬਾਬਾ ਸਚੜਾ ਮੇਲੁ ਨ ਚੁਕਈ ਪ੍ਰੀਤਮ ਕੀਆ ਦੇਹ ਅਸੀਸਾ ਹੇ ॥**

**ਆਸੀਸਾ ਦੇਵਹੋ ਭਗਤਿ ਕਰੇਵਹੋ ਮਿਲਿਆ ਕਾ ਕਿਆ ਮੇਲੋ ॥**
**ਇਕਿ ਭੂਲੇ ਨਾਵਹੁ ਥਾਵਹੁ ਥੇਹਹੁ ਗੁਰ ਸਬਦੀ ਸਚੁ ਖੇਲੋ ॥**
**ਜਮ ਮਾਰਗਿ ਨਹੀ ਜਾਣਾ ਸਬਦਿ ਸਮਾਣਾ ਜੁਗਿ ਜੁਗਿ ਸਾਚੈ ਵੇਸੇ ॥**
**ਸਾਜਨ ਸੈਣ ਮਿਲਹੁ ਸੰਜੋਗੀ ਗੁਰ ਮਿਲਿ ਖੋਲੇ ਫਾਸੇ ॥ ੨ ॥** [੫੮੨]-੫

**ਅਰਥ:**--ਹੇ ਭਾਈ ! ਹੇ ਭਰਾਵੋ ! ਆਓ, ਅਸੀ ਪਿਆਰ ਨਾਲ ਰਲ ਬੈਠੀਏ, ਤੇ ਮਿਲ ਕੇ (ਆਪਣੇ ਵਿਛੜੇ ਸਾਥੀ ਨੂੰ) ਅਸੀਸਾਂ ਦੇਵੀਏ (ਉਸ ਦੇ ਵਾਸਤੇ ਪ੍ਰਭੂ-ਦਰ ਤੇ ਅਰਦਾਸਾਂ ਕਰੀਏ) ਪ੍ਰੀਤਮ-ਪ੍ਰਭੂ ਨਾਲ ਮਿਲਣ ਦੀਆਂ ਅਸੀਸਾਂ ਦੇਈਏ (ਅਰਦਾਸਾਂ ਕਰੀਏ ! ਸਦਾ ਥਿਰ ਮੇਲ ਸਿਰਫ਼ ਪਰਮਾਤਮਾ ਨਾਲ ਹੀ ਹੁੰਦਾ ਹੈ ਤੇ ਅਰਦਾਸ ਦੀ ਬਰਕਤ ਨਾਲ ਉਹ) ਸਦਾ ਥਿਰ ਰਹਿਣ ਵਾਲਾ ਮਿਲਾਪ ਕਦੇ ਮੁੱਕਦਾ ਨਹੀ । (ਹੇ ਸਤਸੰਗੀ ਭਰਾਵੋ ! ਰਲ ਕੇ ਵਿਛੜੇ ਸਾਥੀ ਲਈ) ਅਰਦਾਸਾਂ ਕਰੋ (ਅਤੇ ਆਪ ਵੀ) ਪਰਮਾਤਮਾ ਦੀ ਭਗਤੀ ਕਰੋ (ਭਗਤੀ ਦੀ ਬਰਕਤ ਨਾਲ ਪਰਮਾਤਮਾ ਦੇ ਚਰਨਾਂ ਵਿਚ ਮਿਲਾਪ ਹੋ ਜਾਂਦਾ ਹੈ) ਜੇਹੜੇ ਇਕ ਪ੍ਰਭੂ-ਚਰਨਾਂ ਨਾਲ ਮਿਲ ਜਾਂਦੇ ਹਨ ਉਨ੍ਹਾਂ ਦਾ ਫਿਰ ਵਿਛੋੜਾ ਨਹੀਂ ਹੁੰਦਾ । ਪਰ ਕਈ ਐਸੇ ਹਨ ਜੋ ਪ੍ਰਭੂ ਦੇ ਨਾਮ ਤੋਂ ਖੁੰਜੇ ਫਿਰਦੇ ਹਨ ਜੋ ਸਦਾ ਕਾਇਮ ਰਹਿਣ ਵਾਲੇ ਟਿਕਾਣੇ ਤੋਂ ਉਖੜੇ ਫਿਰਦੇ ਹਨ । ਸਦਾ-ਥਿਰ ਪ੍ਰਭੂ ਦਾ ਨਾਮ ਸਿਮਰਨਾ ਸਹੀ ਜੀਵਨ-ਖੇਡ ਹੈ ਜੋ ਗੁਰੂ ਦੇ ਸ਼ਬਦ ਵਿਚ ਜੁੜ ਕੇ ਖੇਡੀ ਜਾ ਸਕਦੀ ਹੈ । ਜੇਹੜੇ ਮਨੁੱਖ ਗੁਰੂ ਦੇ ਸ਼ਬਦ ਵਿਚ ਲੀਨ ਰਹਿੰਦੇ ਹਨ ਉਹ ਜਮ ਦੇ ਰਸਤੇ ਤੇ ਨਹੀਂ ਜਾਂਦੇ, ਉਹ ਸਦਾ ਲਈ ਹੀ ਉਸ ਪਰਮਾਤਮਾ ਵਿਚ ਜੁੜੇ ਰਹਿੰਦੇ ਹਨ ਜਿਸ ਦਾ ਸਰੂਪ (ਵੇਸ) ਸਦਾ ਲਈ ਅਟੱਲ ਹੈ । (ਮਰਨ ਵਾਲੇ ਦੀ ਯਾਦ ਵਿਚ ਵੈਰਾਗੀ ਹੋਏ ਮਨ ਨਾਲ ਆਪਣੀ ਜੀਵ-ਜੁਗਤ ਸੁਆਰਨ ਦਾ ਉਪਦੇਸ਼ ਹੈ । ਮਰੇ ਹੋਏ ਨੂੰ ਸ਼ਰਧਾਂਜਲੀਆਂ ਨਹੀਂ ਦੇਣੀਆਂ ਅਸੀਸਾਂ ਦੇਣੀਆਂ ਹਨ, ਪ੍ਰਭੂ ਅੱਗੇ ਅਰਦਾਸਾਂ ਕਰਨੀਆਂ ਹਨ ਕੇ ਸਾਨੂੰ ਆਪਣੀ ਭਗਤੀ ਵਿਚ ਜੋੜ ਤਾਂ ਜੋ ਅਸੀਂ ਮਰ ਕੇ ਤੇਰੀ ਗੋਦ ਵਿਚ ਬਿਰਾਜਨ ਜੋਗੇ ਹੋ ਜਾਈਏ)

ਰਾਮਾਇਣ ਅਤੇ ਵਿਸ਼ੇਸ਼ ਕਰਕੇ ਮਹਾਂ ਭਾਰਤ ਗਾਥਾ ਵਿਚ ਜੰਗ ਦਾ ਸਮਾਂ ਬਣ ਜਾਣ ਤੇ ਸਾਰੇ ਸੂਰਮੇ ਆਪਣੇ ਮਾਤਾ-ਪਿਤਾ ਦੀ ਅਸ਼ੀਰਵਾਦ ਦਾ ਅਥਵਾ ਬਜ਼ੁਰਗਾਂ ਜਾਂ ਕਿਸੇ ਸਾਧ ਫਕੀਰ ਤੋਂ ਮਿਲੀ ਅਸੀਸ ਦਾ, ਜਾਂ " ਵਰ " ਦਾ " ਕਵਚ " ਪਹਿਨ ਕੇ ਜੰਗ ਨੂੰ ਜਾਣ ਦਾ ਭਰਮ ਬੜਾ ਪਰਧਾਨ ਰੂਪ ਵਿਚ ਦਿਸਦਾ ਹੈ । ਮਹਾਂ ਭਾਰਤ ਦੇ ਜੰਗ ਦੇ ਮੈਦਾਨ ਵਿਚ ਭਗਵਾਨ ਕ੍ਰਿਸ਼ਨ ਜੀ ਅਰਜੁਨ ਨੂੰ ਆਖ ਕੇ ਉਸ ਕੋਲੋਂ ਦੁਰਗਾ ਦੇਵੀ ਦੀ ਅਰਾਧਨਾਂ ਕਰਵਾ ਕੇ ਦੇਵੀ ਨੂੰ ਪ੍ਰਗਟ ਕਰਾਉਂਦੇ ਹਨ ਅਤੇ ਉਸ ਦੇਵੀ ਕੋਲੋਂ ਵਿਜੇ-ਸ਼੍ਰੀ ਦਾ ਕਵਚ ਅਰਜਨ ਨੂੰ ਪਵਾਉਂਦੇ ਹਨ । ਇਸ ਤਰ੍ਹਾਂ ਕਈ ਮੌਕਿਆਂ ਤੇ ਕਈਆਂ ਨੂੰ ਅਸੀਸਾ ਅਤੇ ਵਰਾਂ ਦੇ ਸੰਜੋਅ ਵੰਡੇ ਜਾਂਦੇ ਦਿੱਸ ਆਉਂਦੇ ਹਨ । ਗੁਰਦੇਵ ਜੀ ਮਨੁੱਖ ਲਈ ਕੇਵਲ ਰਾਮ-ਨਾਮ ਦਾ ਕਵਚ ਹੀ ਲਾਹੇਵੰਦ ਦੱਸ ਕੇ ਵਰਾਂ ਅਥਵਾ ਅਸੀਸਾਂ ਦੇ ਕਵਚ ਵਾਲੇ ਇਸ ਕੋਝੇ ਭਰਮ ਦੀ ਖੰਡਣਾ, ਬੜੇ ਨਿਆਰੇ ਢੰਗ ਨਾਲ ਕਰਦੇ ਹਨ :-

੧੩- **ਰਾਮ ਕਵਚੁ ਦਾਸ ਕਾ ਸੰਨਾਹੁ ॥ ਦੂਤ ਦੁਸਟ ਤਿਸੁ ਪੋਹਤ ਨਾਹਿ ॥ ਦੂਤ ਦੁਸਟ ਤਿਸੁ ਪੋਹਤ ਨਾਹਿ ॥**
**ਜੋ ਜੋ ਗਰਬੁ ਕਰੇ ਸੋ ਜਾਇ ॥ ਗਰੀਬ ਦਾਸ ਕੀ ਪ੍ਰਭੁ ਸਰਣਾਇ ॥ ੨ ॥**[੮੬੮]-੧੮-੨੦

੧੪- **ਪਾਰਬ੍ਰਹਮੁ ਜਪਿ ਪਹਿਰਿ ਸਨਾਹ ॥ ਕੋਟਿ ਆਵਧ ਤਿਸੁ ਬੇਧਤ ਨਾਹਿ ॥ ੨ ॥** [੭੪੨]-੧੯-੨੫

**ਅਰਥ:**--ਹੇ ਭਾਈ,(ਸਦਾ) ਪਰਮਾਤਮਾ ਦੇ ਸਿਮਰਨ ਸੰਜੋਅ ਪਹਿਨੀ ਰਖ । ਇਸ (ਸੰਜੋਅ) ਨੂੰ (ਕਾਮਾਦਿਕ) ਕ੍ਰੋੜਾਂ ਆਵਧ(=ਹਥਿਆਰ) ਬੇਧ (=ਵਿਨ੍ਹ ) ਨਹੀਂ ਸਕਦੇ ।੨ ।

੧੫- **ਸਤਿਗੁਰੂ ਕਾ ਖੜਗੁ ਸੰਜੋਉ ਹਰਿ ਭਗਤਿ ਹੈ ਜਿਤੁ ਕਾਲੁ ਕੰਟਕੁ ਮਾਰਿ ਵਿਡਾਰਿਆ ॥ .....੨ ॥**[੩੧੨]-ਵਾਰ-੨੧

ਭਾਵ, ਸਤਿਗੁਰੂ ਕੋਲੋਂ ਪ੍ਰਭੂ ਦੀ ਭਗਤੀ ਰੂਪੀ ਇੱਕ ਅਜੇਹੀ ਸੰਜੋਅ ਅਤੇ ਖੜਗ ( ਕਿਰਪਾਨ) ਪ੍ਰਾਪਤ ਹੁੰਦੀ ਹੈ ਕਿ ਜਿਸ ਦੇ ਨਾਲ ਮੌਤ ਦਾ ਭੈ ਖ਼ਤਮ ਹੋ ਜਾਂਦਾ ਹੈ ।

ਸੱਭ ਕੁਝ ਕਰਨ ਵਾਲਾ ਪਰਮਾਤਮਾ ਹੈ । ਕੋਈ ਜੀਵ ਉਸ ਦੇ ਭਾਣੇ ਨੂੰ ਪਲਟ ਨਹੀਂ ਸਕਦਾ । **ਕਰਨ ਕਰਾਵਨ ਹਾਰ ਸਮਰਥਾ, ਕਿਆ ਨਾਨਕ ਜੰਤ ਵਿਚਾਰਾ ॥** ਕਿਸੇ ਵੀ ਮਨੁੱਖ ਕੋਲ ਅੱਜ ਤਾਈਂ ਅਜੇਹੀ ਕਰਾਮਾਤੀ ਸ਼ਕਤੀ ਨਹੀਂ ਆ ਸਕੀ ਜਿਸ ਨਾਲ ਮਨੁੱਖ ਮਾਤ੍ਰ ਨੂੰ ਸਮੂਹਕ ਲਾਭ (ਵਗਿਆਨਿਆਂ ਦੀਆਂ ਨਿਤ ਨਵੀਂਆਂ ਚਮਤਕਾਰੀ ਕਾਢਾਂ ਵਾਂਗ) ਜਾਂ ਸਮੂਹਕ ਹਾਨੀ (ਮਾਰੂ ਹਥਿਆਰਾਂ ਅਥਵਾ ਤਬਾਹੀ ਕਰਨ ਵਾਲੀਆਂ ਜ਼ਹਿਰੀਲੀਆਂ ਗੈਸਾਂ ਵਾਂਗ) ਪੁੱਜ ਸਕੀ ਹੋਵੇ । ਲੋਕਾਂ ਨੂੰ ਪ੍ਰਭਾਵਤ ਕਰਕੇ ਆਪਣੀ ਪੂਜਾ ਪ੍ਰਤਿਸ਼ਟਾ ਵਧਾਉਣ ਦੇ ਯਤਨ ਵਾਲੇ ਨਾਟਕ ਚੇਟਕ, ਮਦਾਰੀ ਦੇ ਤਮਾਸ਼ੇ ਨਾਲੋਂ ਵੱਧ ਕੁਝ ਨਹੀਂ ਹਨ । ਭਾਵੇਂ ਵੱਡੇ ਤੋਂ ਵਡਾ ਸਿੱਧ, ਸਾਧਿਕ, ਰਿਸ਼ੀ ਮੁਨੀ, ਪੀਰ, ਫ਼ਕੀਰ ਆਦਿ ਧਾਰਮਿਕ ਪਹਿਰਾਵੇ ਵਾਲਾ ਵਡਾ ਡੇਰੇ-ਦਾਰ ਹੈ, ਭਾਵੇਂ ਕੋਈ ਵੱਡੇ ਤੋਂ ਵੱਡਾ, ਰਾਜਾ ਮਾਹਾਰਾਜਾ ਹੈ ਅਤੇ ਭਾਵੇਂ ਕੋਈ ਵੱਡੇ ਤੋਂ ਵੱਡਾ ਕਥਿਤ ਦੇਵੀ ਦੇਵਤਾ ਹੈ, ਸੰਸਾਰ ਦੀ ਅਜੇਹੀ ਨਾ ਕੋਈ ਸ਼ਕਤੀ ਹੈ ਅਤੇ ਨਾ ਹੀ ਕੋਈ ਵਿਯਕਤੀ ਹੈ, ਜੋ ਪ੍ਰਭੂ ਦੇ ਦਰਬਾਰ ਵਿਚ ਉਸੇ ਤਰ੍ਹਾਂ ਦਾ ਮੰਗਤਾ ਨਹੀਂ ਹੈ ਜਿਵੇਂ ਕੋਈ ਨਿਤਾਣਾ ਗ਼ਰੀਬ ਜੀਵ ਉਸ ਦੇ ਦਰਬਾਰ ਦਾ ਭਿਖਾਰੀ ਹੈ । ਸਾਰਿਆਂ ਦਾ ਪਾਲਣ-ਹਾਰ, ਖੈ ਕਰਨ-ਹਾਰ ਉਹ ਆਪ ਹੀ ਆਪ ਹੈ । ਮਨੁੱਖ ਨੂੰ ਮਿਲਣ ਵਾਲੇ ਦੁਖ ਸੁਖ ਵੀ ਪ੍ਰਭੂ ਦੇ ਬਣਾਏ ਪੱਕੇ ਸਿਧਾਂਤ ਅਥਵਾ ਪ੍ਰਭੂ ਦੇ ਆਪਣੇ ਹੁਕਮ ਅਨੁਸਾਰ ਮਿਲਦਾ ਪੂਰਬਲੇ ਕਰਮਾਂ ਦਾ ਫਲ ਹੁੰਦੇ ਹਨ--**ਹੁਕਮਿ ਲਿਖਿ ਦੁਖ ਸੁਖ ਪਾਈਐ ॥**[ਜਪੁ] " **ਸੁਖੁ ਦੁਖੁ ਤੇਰੀ ਆਗਿਆ ਪਿਆਰੇ ਦੂਜੀ ਨਾਹੀ ਜਾਇ ॥**[੪੩੨]- ਅਤੇ ਫਿਰ--"**ਸੁਖੁ ਦੁਖੁ ਪੁਰਬ ਜਨਮ ਕੇ ਕੀਏ ॥** [੧੦੩੦] ਅਤੇ ਫਿਰ--**ਮਨ ਮੂਰਖ ਕਾਹੇ ਬਿਲਲਾਈਐ ॥ ਪੁਰਬ ਲਿਖੇ ਕਾ ਲਿਖਿਆ ਪਾਈਐ ॥ ਦੂਖ ਸੂਖ ਪ੍ਰਭ ਦੇਵਨ ਹਾਰੁ ॥ ਅਵਰ ਤਿਆਗਿ ਤੂ ਤਿਸਹਿ ਚਿਤਾਰੁ ॥** ੨੮੩] ਸੋ ਦੁਖਾਂ ਸੁਖਾਂ ਦੇ ਆਉਣ ਵਿਚ ਵੀ ਕਿਸੇ ਵਰ ਜਾਂ ਅਸੀਸ ਦਾ ਕੋਈ ਦਖ਼ਲ ਨਹੀਂ ਹੈ । {Foot Note:--ਦੁਖਾਂ ਸੁਖਾਂ ਦੇ ਆਉਣ ਜਾਣ ਬਾਰੇ ਗੁਰਮਤਿ ਸਿਧਾਂਤ ਸਮਝਣ ਲਈ ਪੜ੍ਹੋ ਚੌਥਾ ਭਾਗ, ਕਾਂਡ ਤੀਜਾ, ਪ੍ਰਕਰਣ " ਦੁੱਖ-ਸੁੱਖ ]

੧੬- **ਭਏ ਕ੍ਰਿਪਾਲ ਸੁਆਮੀ ਮੇਰੇ ਤਿਤੁ ਸਾਚੈ ਦਰਬਾਰਿ ॥**
**ਸਤਿਗੁਰਿ ਤਾਪੁ ਗਵਾਇਆ ਭਾਈ ਠਾਂਢਿ ਪਈ ਸੰਸਾਰਿ ॥**
**ਅਪਣੇ ਜੀਅ ਜੰਤ ਆਪੇ ਰਾਖੇ ਜਮਹਿ ਕੀਓ ਹਟਤਾਰਿ ॥ ੧ ॥** [੬੨੦]-੧੯-੪੭

੭

## ਪੂਜਾ-ਅਰਚਾ

ਦੇਵਤਿਆਂ ਨੇ ਹੋਰ ਕਿਸ ਪਰਕਾਰ ਦੀ ਅਪਾਰ ਕਿਰਪਾ ਆਪਣੇ ਸੇਵਕ ਇਸ ਬਿੱਪ੍ਰ ਜੀ ਤੇ ਕੀਤੀ ? ਕੌਮੀ ਸਵੈਮਾਣ ਅਤੇ ਅਣਖ ਦਾ ਭੋਗ ਕਿਵੇਂ ਪਿਆ ? ਇਸ ਦੀ ਦੁਖਦਾਈ ਗਾਥਾ ਅੱਗੇ ਤੋਰਨ ਤੋਂ ਪਹਿਲਾਂ ਇਹ ਸਮਝ ਲਈਏ ਕਿ- (੧) **ਪੂਜਾ, ਅਰਚਾ** ਦਾ ਅਰਥ ਕੀ ਹੈ (੨) ਬ੍ਰਾਹਮਣ ਨੇ ਕਿਸ ਪ੍ਰਕਾਰ ਦੀ ਦੇਵ-ਪੂਜਾ ਅਰੰਭ ਕਰਾਈ, (੩) ਅਤੇ ਇਸ ਬਾਰੇ ਗੁਰਮਤ ਦਾ ਸਿਧਾਂਤ ਕੀ ਹੈ ?

ਮਹਾਨ ਕੋਸ਼ ਅਨੁਸਾਰ " **ਪੂਜਾ** " ਦਾ ਅਰਥ-- ਸਨਮਾਨ, ਆਦਰ, ਸੇਵਾ ਹੈ । ਪਰ ਦਸਮ ਗ੍ਰੰਥ ਵਿਚਲੇ ਕ੍ਰਿਸ਼ਨਾਵਤਾਰ ਵਿਚ " ਪੂਜਾ " ਸ਼ਬਦ ਮਾਰ ਕੁਟਾਈ ਲਈ ਵੀ ਵਰਤਿਆ ਹੋਇਆ ਹੈ--" ਏਕ ਗਦਾ ਉਠ ਕਰ ਮੇ ਧਰੀ । ਸਭ ਭੂਪਨ ਕੀ ਪੂਜਾ ਕਰੀ " । ਭਾਵ, ਹਥਾਂ ਵਿਚ ਗਦਾ ਫੜ ਲਈ ਅਤੇ ਮਾਰ ਮਾਰ ਕੇ ਰਾਜਿਆਂ ਦੀ ਖੂਬ ਸੇਵਾ ਕੀਤੀ । ਪਰ ਪੂਜਾ ਦਾ ਪਰਚਲਤ ਅਰਥ ਵਿਧੀ ਅਨੁਸਾਰ ਇਸ਼ਟ ਦਾ ਪੂਜਨ ਕਰਨਾ ਹੈ । ਮਨੁੱਖ ਦੇ ਆਦਰ ਸਤਿਕਾਰ ਨੂੰ ਪੂਜਾ ਕਰਨਾ ਨਹੀਂ ਕਿਹਾ ਜਾਂਦਾ ਕੇਵਲ ਦੇਵਤੇ ਅਤੇ ਹਿੰਦੂ ਧਰਮ ਦੇ ਧਾਰਮਿਕ ਵਿਯਕਤੀ ਦੇ ਵਿਧੀ ਅਨੁਸਾਰ ਆਦਰ ਨੂੰ ਹੀ ਪੂਜਨ ਕੀਤਾ ਜਾਣਾ ਮੰਨਿਆ ਜਾਣ ਦੀ ਮਰਯਾਦਾ ਬਣ ਚੁੱਕੀ ਹੈ ।

ਏਸੇ ਤਰ੍ਹਾਂ । ' **ਅਰਚ** ' (Verb) ਦਾ ਅਰਥ--ਪੂਜਾ ਕਰਨਾ, ਸੇਵਾ ਕਰਨਾ. ਮਾਨ ਕਰਨਾ. ਸਵਾਰਨਾ. ਉਸਤਤਿ ਕਰਨਾ. ਸਥਾਪਨ ਕਰਨਾ ਹੈ । " ਅਰਚਾ " (Noun) ਦਾ ਅਰਥ--ਆਦਰ. ਸਤਕਾਰ ਹੈ । ਪਰ ਅਰਚਾ ਵੀ ਦੇਵੀ ਦੇਵਤੇ ਅਥਵਾ ਇਸ਼ਟ ਦੇ ਆਦਰ ਨਾਲ ਹੀ ਜੁੜਿਆ ਹੋਇਆ ਹੈ । ਹਿੰਦੂ ਪਿਤਰਾਂ ਦੀ ਵੀ ਪੂਜਾ ਅਰਚਾ ਕਰਦੇ ਹਨ । ਆਮ ਵਿਯਕਤੀ ਦੇ ਆਦਰ ਸਤਿਕਾਰ ਨੂੰ ਪੂਜਾ ਅਰਚਾ ਕੀਣ ਦਾ ਰਿਵਾਜ ਨਹੀਂ ਹੈ । ਪੂਜਾ ਅਰਚਾ ਬਾਰੇ, ਇਹ ਉਚੇਚਾ ਅਨੁਭਵ ਵੀ ਨਿਰੋਲ ਬਿੱਪ੍ਰ ਦੀ ਹੀ ਦੇਣ ਹੈ ।

ਅਰੰਭਕ ਸਾਧਾਰਨ ਮਨੁੱਖ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਦੇ ਅੱਗੇ ਸਿਰ ਨਵਾਉਣਾ, ਡੰਡੌਤ ਕਰ ਦੇਣੀ ਅਥਵਾ ਆਪਣੇ ਸ਼ਬਦਾਂ ਵਿੱਚ ਕੋਈ ਅਰਦਾਸ ਕਰ ਲੈਣ ਨੂੰ ਹੀ ਦੇਵਤਿਆਂ ਦੀ ਪੂਜਾ ਸਮਝਦਾ ਸੀ । ਪਰ ਨਿਸ਼ਕਪਟ ਹਿਰਦੇ ਤੋਂ ਉਪਜੀ ਸ਼ਰਧਾ ਨਾਲ ਕੀਤੀ ਇਸ ਪੂਜਾ ਨੂੰ ਬ੍ਰਾਹਮਣ ਨੇ ਪਸੰਦ ਨਾ ਕੀਤਾ । ਅਜੇਹੀ ਪੂਜਾ ਕਰਨ ਨਾਲ ਬ੍ਰਾਹਮਣ ਦੇ ਪੱਲੇ ਕੁੱਝ ਨਹੀਂ ਸੀ ਪੈਂਦਾ । ਉਸ ਨੇ ਦੇਵਤਿਆਂ ਦੀਆਂ ਸ਼ਕਤੀਆਂ ਦਾ ਪ੍ਰਭਾਵ ਪਾਉਣ ਲਈ ਅਤੇ ਉਨ੍ਹਾਂ ਦੀ ਕ੍ਰੋਪੀ ਤੋਂ ਬਚੇ ਰਹਿਣ ਲਈ ਪੂਜਾ ਦੀ ਖ਼ਾਸ ਵਿਧੀ ਘੜ ਲਈ । ਖ਼ਾਸ ਮਹੂਰਤ ਜਾਂ ਸਮੇਂ ਤੇ ਦੇਵਤੇ ਅਥਵਾ ਠਾਕਰ ਨੂੰ ਨ੍ਹਾਉਣਾ । ਉਸ ਦੀ ਪੂਜਾ ਵਾਸਤੇ ਖ਼ਾਸ ਪ੍ਰਕਾਰ ਦੀ ਸਮੱਗ੍ਰੀ (ਥਾਲ ਵਿਚ ਦੀਵੇ, ਫੁੱਲ, ਚੰਦਨ, ਕੇਸਰ ਆਦਿ ਅਤੇ **ਦੇਵੀ ਦੇਵਤਾ ਦੀ ਪ੍ਰਸੰਸਾ ਲਈ ਵੱਧ ਤੋਂ ਵੱਧ ਮਾਇਆ ਦੀ ਅਥਵਾ ਹੋਰ ਕੀਮਤੀ ਪਦਾਰਥ** ਦੀ ਭੇਟਾ ਕਰਨ) ਦੇ ਨਾਲ ਬ੍ਰਾਹਮਣ ਦੇ ਬਣਾਏ ਖ਼ਾਸ ਭਜਨਾਂ ਦਾ ਉਚਾਰਨ ਅਥਵਾ ਗਾਇਨ ਕਰਨਾ ਆਦਿ, ਕਈ ਢੰਗਾਂ ਦੀ ਮਰਯਾਦਾ ਬਣਾ ਦਿੱਤੀ । ਮੰਤਵ ਸਿਰਫ਼ ਦਿਲ-ਆਈ ਲੁੱਟ ਕਰਨ ਦਾ ਸੀ, ਜੋ ਸਮੇ ਦੇ ਗੇੜ ਨਾਲ ਧਰਮ ਦਾ ਅੰਗ ਬਣ ਗਈ ।

੮

## ਦੇਵੀ ਦੇਵਤੇ ਦੀ ਪੂਜਾ ਅਤੇ ਗੁਰਮਤਿ

ਦੇਵਤੇ ਆਦਿ ਦੀ ਜਿਹੜੀ ਪੂਜਾ ਪ੍ਰੋਹਿਤ ਜੀ ਨੇ ਠੱਗ-ਨੀਤੀ ਨਾਲ ਚਲਾਈ ਸੀ ਉਸ ਨੂੰ ਸਤਿਗੁਰਾਂ ਨੇ ਮਿੱਠੇ ਅਤੇ ਨਿਆਰੇ ਢੰਗ ਨਾਲ ਖੰਡਨ ਕੀਤਾ ਹੈ । ਦੇਵਤੇ ਦੀ ਪੂਜਾ ਕਰਨ ਲਈ ਬ੍ਰਾਹਮਣ ਪਹਿਲਾਂ ਸੁੱਚੇ ਪਾਣੀ ਨਾਲ ਮੂਰਤੀ ਦਾ ਇਸ਼ਨਾਨ ਕਰਾਉਂਦਾ ਹੈ, ਫਿਰ ਉਸ ਪੱਥਰ ਦੀ ਮੂਰਤੀ-ਰੂਪੀ ਦੇਵੀ-ਦੇਵਤੇ ਨੂੰ ਵਧੀਆ ਬਸਤਰ ਪਾ ਕੇ ਚੰਦਨ ਦੀ ਲੱਕੜੀ (ਚਰਣਾਠੀ) ਨੂੰ ਪੱਥਰ ਦੀ ਸਿਲ (ਉਰਸਾ) ਤੇ ਘਸਾ ਕੇ ਉਸਦਾ ਖ਼ੁਸ਼ਬੋਦਾਰ ਤਿਲਕ ਆਦਿ ਲਾਉਂਦਾ ਹੈ ਅਤੇ ਕੇਸਰ ਛਿੜਕਦਾ ਹੈ । ਵਿਖਾਵੇ ਵਾਲੇ ਇਨ੍ਹਾਂ ਕਰਮ ਕਾਂਡੀ ਅਡੰਭਰਾਂ ਦੀ ਖੰਡਨ ਕਰਦੇ ਹੋਏ ਗੁਰਦੇਵ ਜੀ ਫੁਰਮਾਉਂਦੇ ਹਨ:---

੧੭- **ਤੇਰਾ ਨਾਮੁ ਕਰੀ ਚਰਣਾਠੀਆ, ਜੇ ਮਨੁ ਉਰਸਾ ਹੋਇ ॥ ਕਰਣੀ ਕੁੰਗੂ ਜੇ ਰਲੈ, ਘਟ ਅੰਤਰਿ ਪੂਜਾ ਹੋਇ ॥ ੧ ॥ ਪੂਜਾ ਕੀਚੈ ਨਾਮੁ ਧਿਆਈਐ, ਬਿਨੁ ਨਾਵੈ ਪੂਜ ਨ ਹੋਇ ॥ ੧ ॥ ਰਹਾਉ ॥ ਬਾਹਰਿ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ ॥ ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ ॥ ੨ ॥ ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ ॥ ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥ ੩ ॥ ਨੇੜਾ ਹੈ ਦੂਰਿ ਨ ਜਾਣਿਅਹੁ ਨਿਤ ਸਾਰੇ ਸੰਮ੍ਹਾਲੇ ॥ ਜੋ ਦੇਵੈ ਸੋ ਖਾਵਣਾ ਕਹੁ ਨਾਨਕ ਸਾਚਾ ਹੇ ॥ ੪ ॥** [੪੮੯]-੧

**ਅਰਥ :-** (ਹੇ ਪ੍ਰਭੂ !) ਜੇ ਮੈਂ ਤੇਰੇ ਨਾਮ (ਦੀ ਯਾਦ) ਨੂੰ ਚੰਦਨ ਦੀ ਲੱਕੜੀ ਬਣਾ ਲਵਾਂ, ਜੇ ਮੇਰਾ ਮਨ (ਉਸ ਚੰਦਨ ਦੀ ਲੱਕੜੀ ਨੂੰ ਘਸਾਣ ਵਾਸਤੇ) ਸਿਲ ਬਣ ਜਾਏ, ਜੇ ਮੇਰਾ ਉੱਚਾ ਆਚਰਨ (ਇਨ੍ਹਾਂ ਦੇ ਨਾਲ) ਕੇਸਰ (ਬਣ ਕੇ) ਰਲ ਜਾਏ, ਤਾਂ ਤੇਰੀ ਪੂਜਾ ਮੇਰੇ ਹਿਰਦੇ ਦੇ ਅੰਦਰ ਹੀ (ਆਪਣੇ ਆਪ) ਪਈ ਹੋਵੇ ਗੀ । ੧ ।

(ਹੇ ਭਾਈ !) ਪਰਮਾਤਮਾ ਦਾ ਨਾਮ ਸਿਮਰਨਾ ਚਾਹੀਦਾ ਹੈ, ਇਹੀ ਪੂਜਾ ਹੈ ਉਸ ਪ੍ਰਭੂ ਦੀ । ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾ ਹੋਰ ਕੋਈ ਪੂਜਾ ਐਸੀ ਨਹੀਂ (ਜੋ ਪਰਵਾਨ ਹੋ ਸਕੇ) । ੧ । ਰਹਾਉ ।

ਜਿਵੇਂ ਬਾਹਰ ਦੇਵ-ਮੂਰਤੀ ਦੇ ਇਸ਼ਨਾਨ ਕਰਾਈਦੇ ਹਨ, ਤਿਵੇਂ ਜੇ ਕੋਈ ਮਨੁੱਖ ਆਪਣੇ ਮਨ ਨੂੰ (ਨਾਮ-ਸਿਮਰਨ ਨਾਲ) ਧੋਵੇ, ਤਾਂ ਉਸ ਦੇ ਮਨ ਦੀ ਵਿਕਾਰਾਂ ਦੀ ਮੈਲ ਲਹਿ ਜਾਂਦੀ ਹੈ, ਉਸ ਦੀ ਜਿੰਦ ਸੁੱਧ ਪਵਿਤ੍ਰ ਹੋ ਜਾਂਦੀ ਹੈ, ਉਸ ਦਾ ਜੀਵਨ-ਸਫ਼ਰ ਵਿਕਾਰਾਂ ਤੋਂ ਆਜ਼ਾਦ ਹੋ ਜਾਂਦਾ ਹੈ । ੨ ।

(ਇਸ ਧਰਤੀ ਉਤੇ ਮਨੁੱਖ ਪਸੂ ਪੰਛੀ ਆਦਿਕ ਸਭ ਦਾ ਸਿਰਦਾਰ ਮੰਨਿਆ ਜਾਂਦਾ ਹੈ ਪਰ) ਪਸੂਆਂ ਨੂੰ ਸ਼ਾਬਾਸ਼ੇ ਮਿਲਦੀ ਹੈ, (ਕਿਉਂਕਿ) ਉਹ ਘਾਹ ਖਾਂਦੇ ਹਨ ਤੇ (ਦੁੱਧ ਵਰਗਾ) ਉੱਤਮ ਪਦਾਰਥ ਦੇਂਦੇ ਹਨ । (ਭਾਵ, ਪਸੂ ਤਾਂ ਮਨੁੱਖ ਦੀ ਦਿੱਤੀ ਸੁੱਕੀ ਸੜੀ ਤੂੜੀ ਖਾ ਕੇ ਦੁੱਧ ਦੇਂਦੇ ਹਨ, ਪਰ ਪ੍ਰਭੂ ਦੀਆਂ ਬੇਅੰਤ ਦਾਤਾਂ ਦੇ ਵੱਟੇ ਮਨੁੱਖ ਉਸ ਦਾ ਦਿਲੋਂ ਧਨਵਾਦ ਕਰਨ ਦੀ ਬਜਾਏ, ਸਗੋਂ ਠੱਗੀਆਂ ਮਾਰਨ ਵਾਲੀ ਰੁਚੀ ਅਧੀਨ ਉਸ ਦੇ ਬੁੱਤ ਬਣਾ ਕੇ ਦਿਖਾਵੇ ਵਾਲੇ ਕਰਮ ਕਾਂਡਾਂ ਰਾਹੀਂ ਲੋਕਾਂ ਨੂੰ ਭਰਮ ਵਿੱਚ ਪਾ ਰਿਹਾ ਹੈ, ਸੋ ਅਜੇਹੇ) ਨਾਮ ਤੋਂ ਸੱਖਣੇ ਮਨੁੱਖਾਂ ਦਾ ਜੀਵਨ ਫਿਟਕਾਰ-ਜੋਗ ਹੈ ਕਿਉਂਕੇ ਉਹ ( ਨਾਮ ਵਿਸਾਰ ਕੇ ਹੋਰ ਕੰਮ ਕਰ ਰਹੇ ਹਨ । ੩ ।

ਗੁਰਦੇਵ ਜੀ ਫ਼ੁਰਮਾਨ ਕਰਦੇ ਹਨ ਕਿ, ਸਾਡੀ ਤੇ ਪ੍ਰਭੂ ਦੀ ਬੜੀ ਨੇੜੇ ਦੀ ਸਾਂਝ ਹੈ (ਇਤਨੀ ਨੇੜੇ ਦੀ ਕਿ) ਜੋ ਕੁਝ ਉਹ ਸਾਨੂੰ ਦੇਂਦਾ ਹੈ ਉਹੀ ਅਸੀਂ ਖਾਂਦੇ ਹਾਂ (ਖਾ ਕੇ ਜੀਵਨ ਨਿਰਬਾਹ ਕਰਦੇ ਹਾਂ), ਉਹ ਦਾਤਾ ਹੈ ਵੀ ਸਦਾ (ਸਾਡੇ ਸਿਰ ਉਤੇ) ਕਾਇਮ। ਉਸ ਨੂੰ ਆਪਣੇ ਤੋਂ ਦੂਰ ਨਾਹ ਸਮਝੋ, ਉਹ ਸਾਡੀ ਸਾਰ ਲੈਂਦਾ ਹੈ, ਸੰਭਾਲ ਕਰਦਾ ਹੈ (ਮੂਰਤੀਆਂ ਦੀ ਅਜੇਹੀ ਪੂਜਾ ਕਰਨ ਦੇ ਥਾਂ ਉਸ ਹਾਜ਼ਰ-ਨਾਜ਼ਰ ਪ੍ਰਭੂ ਦਾ ਸਿਮਰਨ ਕਰੋ)।੪।

ਕਿਸੇ ਖ਼ਾਸ ਸਮੱਗ੍ਰੀ ਨਾਲ, ਕਿਸੇ ਖ਼ਾਸ ਥਾਂ ਅਤੇ ਕਿਸੇ ਖ਼ਾਸ ਕਰਮ ਕਾਂਡੀ ਵਿਧੀ ਨਾਲ ਪਰਮਾਤਮਾ ਦੀ ਅਥਵਾ ਗੁਰੂ (ਗ੍ਰੰਥ ਸਾਹਿਬ) ਦੀ ਪੂਜਾ ਕਰਨੀ, ਆਰਤੀ ਕਰਨੀ, ਕਿਸੇ ਰੂਪ ਵਿੱਚ ਮਾਇਆ ਦੀ ਭੇਟਾ ਕਰਨ ਨੂੰ ਪੂਜਾ ਦਾ ਅੰਗ ਸਮਝਣਾ, ਅਥਵਾ ਗੁਰੂ ਅੱਗੇ ਕਿਸੇ ਪਦਾਰਥਾਂ ਦੇ ਅਰਪਨ ਕਰਨ ਵਿਚ ਗੁਰੂ ਦੀ ਪ੍ਰਸੰਨਤਾ ਸਮਝਣੀ, ਮਨਮਤ ਹੈ। ਗੁਰਬਾਣੀ ਅਜੇਹੇ ਫੋਕੇ ਅਡੰਬਰਾਂ ਨੂੰ ਫੋਕਟ ਮੰਨਦੀ ਹੈ:--

੧੮- **ਦੂਧੁ ਤ ਬਛਰੈ ਥਨਹੁ ਬਿਟਾਰਿਓ ॥ ਫੂਲੁ ਭਵਰਿ, ਜਲੁ ਮੀਨਿ ਬਿਗਾਰਿਓ ॥ ੧ ॥**
**ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ ॥ ਅਵਰੁ ਨ ਫੂਲੁ ਅਨੂਪੁ ਨਾ ਪਾਵਉ ॥ ੧ ॥ ਰਹਾਉ ॥**
**ਮੈਲਾਗਰ ਬੇਰ੍ਹੇ ਹੈ ਭੁਇਅੰਗਾ ॥ ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ ॥ ੨ ॥**
**ਧੂਪ ਦੀਪ ਨਈਬੇਦਹਿ ਬਾਸਾ ॥ ਕੈਸੇ ਪੂਜ ਕਰਹਿ ਤੇਰੀ ਦਾਸਾ ॥ ੩ ॥**
**ਤਨੁ ਮਨੁ ਅਰਪਉ ਪੂਜ ਚਰਾਵਉ ॥ ਗੁਰ ਪਰਸਾਦਿ ਨਿਰੰਜਨੁ ਪਾਵਉ ॥ ੪ ॥**
**ਪੂਜਾ ਅਰਚਾ ਆਹਿ ਨਾ ਤੋਰੀ ॥ ਕੀ ਰਵਿਦਾਸ ਕਵਨ ਗਤਿ ਮੋਰੀ ॥ ੫ ॥**[੫੨੫]-੧

**ਅਰਥ** :- ਦੁੱਧ ਤਾਂ ਥਣਾਂ ਤੋਂ ਹੀ ਵੱਛੇ ਨੇ ਜੂਠਾ ਕਰ ਦਿੱਤਾ, ਫੁੱਲ ਭੌਰੇ ਨੇ ਸੁੰਘ ਕੇ ਤੇ ਪਾਣੀ ਮੱਛੀ (ਪਾਣੀ ਦੇ ਜੀਆਂ ਨੇ) ਖ਼ਰਾਬ ਕਰ ਦਿੱਤਾ (ਸੋ, ਦੁੱਧ, ਫੁੱਲ ਤੇ ਪਾਣੀ ਤਿੰਨੇ ਹੀ ਜੂਠੇ ਹੋ ਜਾਣ ਕਰਕੇ ਪ੍ਰਭੂ ਅੱਗੇ ਭੇਟਾ ਕਰਨ ਜੋਗੇ ਨਾਹ ਰਹਿ ਗਏ **। ੧ ।** ਹੇ ਮਾਂ ! ਗੋਬਿੰਦ ਦੀ ਪੂਜਾ ਕਰਨ ਲਈ ਮੈਂ ਕਿਥੋਂ ਕੋਈ ਚੀਜ਼ ਲੈ ਕੇ ਭੇਟਾ ਕਰਾਂ ? ਕੋਈ ਹੋਰ (ਸੁੱਚਾ) ਫੁੱਲ (ਆਦਿਕ ਮਿਲ) ਨਹੀਂ ਸਕਦਾ। ਕੀ ਮੈਂ (ਇਸ ਘਾਟ ਕਰ ਕੇ) ਉਸ ਸੋਹਣੇ ਪ੍ਰਭੂ ਨੂੰ ਪ੍ਰਾਪਤ ਨਹੀਂ ਕਰ ਸਕਾਂਗੀ **? ੧ । ਰਹਾਉ ।** ਚੰਦਨ ਦੇ ਬੂਟਿਆਂ ਨੂੰ ਸਪ ਚੰਬੜੇ ਹੋਏ ਹਨ (ਤੇ ਉਨ੍ਹਾਂ ਨੇ ਚੰਦਨ ਨੂੰ ਜੂਠਾ ਕਰ ਦਿੱਤਾ ਹੈ), ਜ਼ਹਿਰ ਤੇ ਅੰਮ੍ਰਿਤ (ਭੀ ਸਮੁੰਦਰ ਵਿਚ) ਇੱਕਠੇ ਹੀ ਵਸਦੇ ਹਨ **(**ਬ੍ਰਾਹਮਣੀ ਮਿਥਿਹਾਸ ਵਿਚਲੀ ਸਮੁੰਦਰ ਰਿੜਕਣ ਵਾਲੀ ਗਾਥਾ ਵੱਲ ਇਸ਼ਾਰਾ ਹੈ। ੧੪ ਰਤਨਾ ਵਿੱਚ ਜ਼ਹਿਰ ਅਤੇ ਅੰਮ੍ਰਿਤ ਵੀ ਸਨ**) । ੨ ।** ਸੁਗੰਧੀ ਆ ਜਾਣ ਕਰਕੇ ਧੂਪ, ਦੀਪ ਤੇ ਨੈਵੇਦ ਵੀ (ਜੂਠੇ ਹੋ ਜਾਂਦੇ ਹਨ), (ਫਿਰ ਹੇ ਪ੍ਰਭੂ ! ਜੇ ਤੇਰੀ ਪੂਜਾ ਇਨ੍ਹਾਂ ਚੀਜਾਂ ਨਾਲ ਹੋ ਸਕਦੀ ਹੋਵੇ, ਤਾਂ ਇਹ ਜੂਠੀਆਂ ਚੀਜ਼ਾਂ ਤੇਰੇ ਅੱਗੇ ਰੱਖ ਕੇ) ਤੇਰੇ ਭਗਤ ਕਿਸ ਤਰ੍ਹਾਂ ਤੇਰੀ ਪੂਜਾ ਕਿਵੇਂ ਕਰਨ ? **। ੩ ।** (ਹੇ ਪ੍ਰਭੂ ! ਮੈਂ ਆਪਣਾ ਤਨ ਤੇ ਮਨ ਅਰਪਣ ਕਰਦਾ ਹਾਂ, ਤੇਰੀ ਪੂਜਾ ਵਜੋਂ ਇਹ ਕੁਝ ਭੇਟ ਕਰਦਾ ਹਾਂ (ਇਸੇ ਭੇਟਾ ਨਾਲ ਹੀ) ਸਤਿਗੁਰ ਦੀ ਮਿਹਰ ਦੀ ਬਰਕਤ ਨਾਲ ਤੈਨੂੰ ਨਿਰੰਜਨ ਨੂੰ (ਭਾਵ, ਮਾਇਆ-ਰਹਿਤ ਪ੍ਰਭੂ ਨੂੰ) ਲੱਭ ਸਕਦਾ ਹਾਂ **। ੪ ।** ਰਵਿਦਾਸ ਆਖਦਾ ਹੈ-- (ਹੇ ਪ੍ਰਭੂ ! ਜੇ ਸੁੱਚੇ ਦੁੱਧ, ਫੁੱਲ, ਧੂਪ, ਚੰਦਨ ਤੇ ਨੈਵੇਦ ਆਦਿਕ ਦੀ ਭੇਟਾ ਨਾਲ ਹੀ ਤੇਰੀ ਪੂਜਾ ਹੋ ਸਕਦੀ ਹੈ ਤਾਂ ਕਿਤੇ ਭੀ ਇਹ ਸ਼ੈਆਂ ਸੁਚੀਆਂ ਨਾਂਹ ਮਿਲਣ ਕਰ ਕੇ) ਮੈਥੋਂ ਤੇਰੀ ਪੂਜਾ ਤੇ ਤੇਰੀ ਭਗਤੀ ਹੋ ਹੀ ਨਾਂ ਸਕਦੀ, ਤਾਂ ਫਿਰ (ਹੇ ਪ੍ਰਭੂ !) ਮੇਰੀ ਕੀ ਗਤਿ ਹੁੰਦੀ ਭਾਵ ਮੇਰਾ ਕੀ ਹਾਲ ਹੁੰਦਾ ? । ੫ ।

ਸ਼ਬਦ ਦਾ ਭਾਵ ਹੈ ਕਿ, ਲੋਕ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਨੂੰ ਆਪਣੇ ਵਲੋਂ ਬੜੇ ਸੁੱਚੇ ਜਲ, ਫੁੱਲ ਤੇ ਦੁੱਧ ਆਦਿਕ ਨਾਲ ਪ੍ਰਸੰਨ ਕਰਨ ਦੇ ਯਤਨ ਕਰਦੇ ਹਨ, ਪਰ ਇਹ ਚੀਜਾਂ ਤਾਂ ਪਹਿਲਾਂ ਹੀ ਜੂਠੀਆਂ ਹੋ ਜਾਂਦੀਆਂ ਹਨ। ਪਰਮਾਤਮਾ ਅਜੇਹੀਆਂ ਚੀਜ਼ਾਂ ਦੀ ਭੇਟਾ ਨਾਲ ਨਹੀਂ ਖ਼ੁਸ਼ ਹੁੰਦਾ। ਉਹ ਤਾਂ ਤਨ ਮਨ ਅਰਥਾਤ ਹਿਰਦੇ ਸ਼ੁੱਧ ਵਿਚੋਂ ਉਪਜੇ ਸੱਚੇ ਪ੍ਰੇਮ ਦੀ ਭੇਟਾ ਕਬੂਲ ਕਰਦਾ ਹੈ।

੧੯- **ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥**
**ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥ ੬ ॥** [੬੩੭]-੪

**ਅਰਥ:**--ਜੇ ਦੇਵੀ ਦੇਵਤਿਆਂ ਦੀਆਂ ਪੱਥਰ ਆਦਿਕ ਦੀਆਂ ਮੂਰਤੀਆਂ ਦੀ ਪੂਜਾ ਕਰੀਏ, ਤਾਂ ਇਹ ਕੁਝ ਵੀ ਨਹੀਂ ਦੇ ਸਕਦੇ, ਇਨ੍ਹਾਂ ਕੋਲੋਂ ਕੀ ਮੰਗਣਾ ਅਤੇ ਇਨ੍ਹਾਂ (ਵਿਚਾਰੇ ਪੱਥਰ ਦੇ ਨਿਰਜੀਵ ਦੇਵੀ ਦੇਵਤਿਆਂ ਨੇ) ਦੇਣਾ ਕੀ ਹੈ ? (ਪੱਥਰ ਦੇ ਬਣੇ ਇਹ ਦੇਵੀ ਦੇਵਤੇ ਜੋ ਅਸਲ ਵਿਚ ਨਿਰ-ਜੀਵ ਪੱਥਰ ਹੀ ਹੈ, ਉਸ) ਪੱਥਰ ਨੂੰ ਪਾਣੀ ਨਾਲ ਧੋਂਦੇ ਸਮੇ (ਜੇ ਮੂਰਤੀ ਪੁਜਾਰੀ ਦੇ ਹੱਥੋਂ ਜ਼ਰਾ ਵੀ ਛੁੱਟ ਜਾਵੇ ਤਾਂ) ਉਹ ਝੱਟ ਪਾਣੀ ਵਿਚ ਡੁੱਬ ਜਾਂਦੀ ਹੈ। (ਜਿਹੜੀ ਮੂਰਤੀ ਆਪ ਹੀ ਪੁਜਾਰੀ ਦੇ ਸਾਹਰੇ ਦੀ ਮੁਥਾਜ ਹੈ, ਉਸ ਆਪਣੇ ਪੁਜਾਰੀਆਂ ਨੂੰ ਸੰਸਾਰ-ਸਮੁੰਦਰ ਵਿਚੋਂ ਪਾਰ ਕਿਵੇਂ ਕਰਨਾ ਹੈ?)

ਪੱਥਰ ਦੇ ਥਾਂ ਕਈਆਂ ਨੇ ਮਿੱਟੀ ਦੇ ਦੇਵੀ ਦੇਵਤੇ ਵੀ ਬਣਾਏ ਹੁੰਦੇ ਹਨ ਅਤੇ ਉਨ੍ਹਾਂ ਨੂੰ ਪਿੱਤਰ ਮੰਨ ਕੇ ਪੂਜਾ ਭੇਟਾ ਕਰਦੇ ਹਨ। ਪੂਜਾ ਦੇ ਉਸ ਪੱਖ ਨੂੰ ਗੁਰਬਾਣੀ ਨੇ ਇਸ ਪ੍ਰਕਾਰ ਖੰਡਨ ਕੀਤਾ ਹੈ:--

੨੦- **ਮਾਟੀ ਕੇ ਕਰਿ ਦੇਵੀ ਦੇਵਾ, ਤਿਸੁ ਆਗੈ ਜੀਉ ਦੇਹੀ ॥ ਐਸੇ ਪਿਤਰ ਤੁਮਾਰੇ ਕਹੀਅਹਿ, ਆਪਨ**
**ਕੀਆ ਨ ਲੇਹੀ ॥ ੨ ॥ ਸਰਜੀਉ ਕਾਟਹਿ, ਨਿਰਜੀਉ ਪੂਜਹਿ, ਅੰਤ ਕਾਲ ਕਉ ਭਾਰੀ ॥**
**ਰਾਮ ਨਾਮ ਕੀ ਗਤਿ ਨਹੀ ਜਾਨੀ, ਭੈ ਡੂਬੇ ਸੰਸਾਰੀ ॥ ੩ ॥ ਦੇਵੀ ਦੇਵਾ ਪੂਜਹਿ, ਡੋਲਹਿ, ਪਾਰਬ੍ਰਹਮੁ**
**ਨਹੀ ਜਾਨਾ ॥ ਕਹਤ ਕਬੀਰ ਅਕੁਲੁ ਨਹੀ ਚੇਤਿਆ, ਬਿਖਿਆ ਸਿਉ ਲਪਟਾਨਾ ॥ ੪ ॥** [੩੩੨]-੧-੪੫

**ਅਰਥ:**--ਮਿੱਟੀ ਦੇ ਦੇਵੀ-ਦੇਵਤੇ ਬਣਾ ਕੇ ਲੋਕ ਉਸ ਦੇਵੀ ਜਾਂ ਦੇਵਤੇ ਅੱਗੇ ਕਿਸੇ ਜੀਵ (ਭਾਵ, ਪਸ਼ੂ ਦੀ ਅਤੇ ਕਈ ਵਾਰੀ ਕਿਸੇ ਮਨੁੱਖ ਦੀ) ਬਲੀ ਭੇਟ ਕਰਦੇ ਹਨ, (ਏਸੇ ਤਰ੍ਹਾਂ) ਦੇ (ਭਾਵ, ਮਿੱਟੀ ਦੇ ਬਣਾਏ ਹੋਏ) ਤੁਹਾਡੇ ਪਿਤਰ ਅਖਵਾਉਂਦੇ ਹਨ, (ਉਨ੍ਹਾਂ ਅੱਗੇ ਵੀ ਜੋ ਤੁਹਾਡਾ ਚਿੱਤ ਕਰਦਾ ਹੈ ਧਰ ਦਿੰਦੇ ਹੋ) ਉਹ ਆਪਣੇ ਮੂੰਹੋਂ ਮੰਗ ਕੇ ਕੁਝ ਨਹੀਂ ਲੈ ਸਕਦੇ **। ੨ ।** ਲੋਕ ਲੋਕਾਚਾਰੀ ਰਸਮਾਂ ਵਿਚ ਗ਼ਰਕ ਹੋ ਰਹੇ ਹਨ, ਜੀਊਂਦੇ ਜੀਵਾਂ ਨੂੰ (ਦੇਵੀ ਦੇਵਤਿਆਂ ਅੱਗੇ ਭੇਟ ਕਰਨ ਲਈ) ਮਾਰਦੇ ਹਨ (ਤੇ ਇਸ ਤਰ੍ਹਾਂ ਮਿੱਟੀ ਆਦਿਕ ਦੇ ਬਣਾਏ ਹੋਏ) ਨਿਰਜਿੰਦ ਦੇਵਤਿਆਂ ਨੂੰ ਪੂਜਦੇ ਹਨ ਅਤੇ ਆਪਣਾ ਅੱਗਾ ਵਿਗਾੜੀ ਜਾ ਰਹੇ ਹਨ। (ਐਸੇ ਲੋਕਾਂ ਨੂੰ) ਉਸ ਆਤਮਕ ਅਵਸਥਾ ਦੀ ਸਮਝ ਨਹੀਂ ਆਉਂਦੀ ਜੋ ਪ੍ਰਭੂ ਦਾ ਨਾਮ ਸਿਮਰਿਆਂ ਬਣਦੀ ਹੈ। ੩। ਕਬੀਰ ਜੀ ਫ਼ੁਰਮਾਨ ਕਰਦੇ ਹਨ ਕਿ, (ਅਜੇਹੇ ਕਿਸਮ ਦੀ ਪੂਜਾ ਕਰਨ ਵਾਲੇ ਲੋਕ) ਦੇਵੀ-ਦੇਵਤਿਆਂ ਨੂੰ ਪੂਜਦੇ ਹੋਏ ਵੀ ਸਹਿਮੇ ਰਹਿੰਦੇ ਹਨ (ਕਿਉਂਕਿ ਅਸਲ ਸੁੱਖ-ਸਾਂਦ ਦੀ ਬਖ਼ਸ਼ਸ਼ ਕਰਨ ਵਾਲੇ) ਅਕਾਲ ਪੁਰਖ ਨੂੰ ਉਹ ਜਾਣਦੇ ਹੀ ਨਹੀਂ ਹਨ। (ਅਜੇਹੇ ਲੋਕ) ਜ਼ਾਤ-ਕੁਲ-ਰਹਿਤ ਪ੍ਰਭੂ ਨੂੰ ਨਹੀਂ ਸਿਮਰਦੇ ਅਤੇ (ਸਦਾ) ਮਾਇਆ ਨਾਲ ਚੰਬੜੇ ਰਹਿੰਦੇ ਹਨ। ੪।

੨੧- **ਭਰਮਿ ਭੂਲੇ ਅਗਿਆਨੀ ਅੰਧੁਲੇ ਭ੍ਰਮਿ ਭ੍ਰਮਿ ਫੂਲ ਤੋਰਾਵੈ ॥**
**ਨਿਰਜੀਉ ਪੂਜਹਿ ਮੜਾ ਸਰੇਵਹਿ ਸਭ ਬਿਰਥੀ ਘਾਲ ਗਵਾਵੈ ॥ ੩ ॥** [੧੨੬੪]-੪

**ਅਰਥ:**--ਮਨੁੱਖ ਭਟਕ ਭਟਕ ਕੇ (ਮੂਰਤੀ ਆਦਿਕ ਦੀ ਪੂਜਾ ਵਾਸਤੇ) ਫੁੱਲ ਤੋੜਦਾ ਫਿਰਦਾ ਹੈ। (ਅਜੇਹੇ ਮਨੁੱਖ) ਭਟਕਣਾ ਦੇ ਕਾਰਨ ਕੁਰਾਹੇ ਪਏ ਰਹਿੰਦੇ ਹਨ, ਆਤਮਕ ਜੀਵਨ ਵਲੋਂ ਬੇ-ਸਮਝ ਟਿਕੇ ਰਹਿੰਦੇ ਹਨ, ਉਨ੍ਹਾਂ ਨੂੰ ਸਹੀ ਜੀਵਨ-ਰਾਹ ਨਹੀਂ ਦਿੱਸਦਾ। (ਉਹ ਅੰਨ੍ਹੇ ਮਨੁੱਖ) ਬੇ-ਜਾਨ (ਮੂਰਤੀਆਂ) ਨੂੰ ਪੂਜਦੇ ਹਨ ਅਥਵਾ ਸਮਾਧਾਂ ਨੂੰ ਪੱਥੇ ਟੇਕਦੇ ਰਹਿੰਦੇ ਹਨ। (ਅਜਿਹਾ ਮਨੁੱਖ ਆਪਣੀ) ਸਾਰੀ ਮਿਹਨਤ ਵਿਅਰਥ ਗਵਾਉਂਦਾ ਹੈ। ੩ ।।

੯

# ਪੂਜਾ ਦਾ ਜ਼ੁਲਮੀ ਅਤੇ ਨਿਸਫਲ ਪੱਖ

ਸਿਰਜਣਹਾਰ ਦਾ ਭੈ ਭੁਲਾ ਕੇ ਮਾਇਆ ਦੇ ਮੋਹ ਵਿਚ ਫਸਿਆ ਪੁਜਾਰੀ ਆਪਣੀ ਲੰਪਟੀ ਤ੍ਰਿਸ਼ਨਾਂ ਦੀ ਪੂਰਤੀ ਲਈ ਦੇਵੀ ਦਵਤਿਆਂ ਦੀ ਪੂਜਾ ਦੇ ਬਹਾਨੇ ਗ਼ਰੀਬ ਲੋਕਾਂ ਨੂੰ ਲੁੱਟਦਾ ਹੈ। ਉਸ ਨਿੱਤ ਦੇ ਜ਼ੁਲਮੀ ਕਾਰੇ ਨਾਲ ਅਜੇਹਾ ਪੁਜਾਰੀ ਨਿਰਦਈ ਅਤੇ ਜ਼ਾਲਮ ਬਣ ਜਾਂਦਾ ਹੈ। ਕਿਸੇ ਤੇ ਤਰਸ ਮਿਹਰ ਕਰਨੀ ਉਹ ਭੁੱਲ ਹੀ ਜਾਂਦਾ ਹੈ:--

੨੨- **ਪੂਜਾ ਤਿਲਕ ਕਰਤ ਇਸਨਾਨਾਂ ॥ ਛੁਰੀ ਕਾਢਿ ਲੇਵੈ ਹਥਿ ਦਾਨਾ ॥ ੨ ॥**
**ਬੇਦੁ ਪੜੈ ਮੁਖਿ ਮੀਠੀ ਬਾਣੀ ॥ ਜੀਆਂ ਕੁਹਤ ਨ ਸੰਗੈ ਪਰਾਣੀ ॥ ੩ ॥** [੨੦੧]-੧੦੭

**ਅਰਥ:**--ਬ੍ਰਾਹਮਣ ਉਂਜ ਲੋਕ-ਵਿਖਾਵੇ ਲਈ ਦੇਵਤਿਆਂ ਦੀ ਪੂਜਾ ਕਰਦਾ ਹੈ, ਮੱਥੇ ਤੇ ਤਿਲਕ ਲਾਉਂਦਾ ਹੈ ਅਤੇ ਨਿਤ ਇਸ਼ਨਾਨ ਕਰਦਾ ਹੈ। ਪਰ ਦਾਨ ਰਾਹੀਂ ਲੁੱਟਣ ਲੱਗਾ ਜ਼ਰਾ ਤਰਸ ਨਹੀਂ ਕਰਦਾ, ਮਾਨੋਂ ਹੱਥ ਵਿਚ ਛੁਰੀ ਫੜੀ ਹੋਈ ਹੋਵੇ। ੨। (ਬ੍ਰਾਹਮਣ) ਮੂੰਹੋਂ ਤਾਂ ਮਿੱਠੀ ਸੁਰ ਨਾਲ ਵੇਦ (-ਮੰਤ੍ਰ ਪੜ੍ਹਦਾ ਹੈ ਪਰ ਆਪਣੇ ਜਜਮਾਨਾ ਨਾਲ ਧੋਖਾ ਕਰਦਿਆਂ ਰਤਾ ਨਹੀਂ ਝਿਜਕਦਾ ॥ ੩ ॥

ਭਾਵ, ਬ੍ਰਾਹਮਣ, ਵਿਖਾਵੇ ਲਈ ਦੇਵੀ ਦੇਵਤਿਆਂ ਦੀ ਪੂਜਾ ਕਰਦਾ ਹੈ, ਇਸ਼ਨਾਨ ਕਰਕੇ ਸਰੀਰ ਤੇ ਕਈ ਤਰ੍ਹਾਂ ਦੇ ਤਿਲਕ ਲਾਉਂਦਾ ਹੈ, ਪਰ (ਕਸਾਈ ਦੀ ਲੋਹੇ ਦੀ ਛੁਰੀ ਵਾਂਗ) ਇਸ ਨੇ ਦਾਨ-ਛੁਰੀ ਫੜੀ ਹੋਈ ਹੈ ਜਿਸ ਨਾਲ ਗ਼ਰੀਬਾਂ ਦਾ ਲਹੂ ਪੀ ਰਿਹਾ ਹੈ। ਅਜੇਹਾ ਪੂਜਾ-ਪਾਠੀ ਪ੍ਰੋਹਿਤ ਮੂੰਹੋਂ ਤਾਂ ਮਿੱਠੀ ਸੁਰ ਨਾਲ ਵੇਦ (-ਮੰਤ੍ਰ) ਪੜ੍ਹਦਾ ਹੈ, ਪਰ ਆਪਣੇ ਜਜਮਾਨਾਂ ਨਾਲ ਧੋਖਾ ਕਰਦਿਆਂ ਰਤਾ ਨਹੀਂ ਸੰਗਦਾ। ਭਾਵ, ਵਿਖਾਵੇ ਵਾਲਾ ਪੂਜਾ ਪਾਠ ਮਨੁੱਖ ਨੂੰ ਧੋਖੇ-ਬਾਜ਼ ਅਤੇ ਜ਼ਾਲਮ ਬਣਾਉਂਦਾ ਹੈ।

੨੩- **ਮ:੩ ॥ ਮਨੁ ਵੇਕਾਰੀ ਵੇੜਿਆ, ਵੇਕਾਰਾ ਕਰਮ ਕਮਾਇ ॥ਦੂਜੈ ਭਾਇ ਅਗਿਆਨੀ ਪੂਜਦੇ, ਦਰਗਹ ਮਿਲੈ ਸਜਾਇ ॥**
**ਆਤਮ ਦੇਉ ਪੂਜੀਐ ਬਿਨੁ ਸਤਿਗੁਰ ਬੂਝ ਨ ਪਾਇ ॥ ਜਪੁ ਤਪੁ ਸੰਜਮੁ ਭਾਣਾ ਸਤਿਗੁਰੂ ਕਾ, ਕਰਮੀ ਪਲੈ ਪਾਇ ॥**
**ਨਾਨਕ ਸੇਵਾ ਸੁਰਤਿ ਕਮਾਵਣੀ, ਜੋ ਹਰਿ ਭਾਵੈ ਸੋ ਥਾਇ ਪਾਇ ॥ ੨ ॥**[੮੮]--ਵਾਰ-੧੩

**ਅਰਥ** :-(ਇਹ ਕੁਦਰਤ ਦਾ ਤਰੀਕਾ ਹੈ ਕਿ) ਵਿਕਾਰਾਂ ਵਿਚ ਫਸਿਆ ਹੋਇਆ ਮਨ ਵਿਕਾਰਾਂ ਵਾਲੇ ਕਰਮ ਹੀ ਕਰਦਾ ਹੈ। (ਇਸ ਵਾਸਤੇ) ਮਾਇਆ ਦੇ ਪਿਆਰ ਵਿਚ (ਫਸੇ ਰਹਿ ਕੇ) ਜੋ ਮਨੁੱਖ ਪੂਜਾ ਕਰਦੇ ਹਨ, (ਇਸ ਪੂਜਾ ਦਾ ਉਨ੍ਹਾਂ ਨੂੰ ਕੁਝ ਲਾਭ ਨਹੀਂ ਹੁੰਦਾ) ਦਰਗਾਹ ਵਿਚ ਸਜ਼ਾ ਹੀ ਮਿਲਦੀ ਹੈ। ਆਤਮਾ ਨੂੰ ਚਾਨਣ ਬਖ਼ਸ਼ਣ ਵਾਲੇ ਪ੍ਰਭੂ ਦੀ ਹੀ ਪੂਜਾ ਕਰਨੀ ਚਾਹੀਦੀ ਹੈ, ਪਰ ਸਤਿਗੁਰੂ ਤੋਂ ਬਿਨਾਂ ਸਮਝ ਨਹੀਂ ਪੈਂਦੀ। ਸਤਿਗੁਰੂ ਦਾ ਭਾਣਾ (ਮੰਨਣਾ)--ਇਹ ਜਪੁ ਤਪੁ ਤੇ ਸੰਜਮ ਹੈ, (ਇਹੀ ਪਰਮਾਤਮਾ ਦੀ ਪੂਜਾ ਵੀ ਹੈ)। ਸਤਿਗੁਰੂ ਮਿਹਰ ਕਰੇ ਤਾਂ ਭਾਣਾ ਮੰਨਣ ਦੀ ਸਮਰਥਾ ਪ੍ਰਾਪਤ ਹੁੰਦੀ ਹੈ। ਹੇ ਨਾਨਕ ! (ਉਂਞ ਤਾਂ) ਜੋ ਸੇਵਾ ਹਰੀ ਨੂੰ ਚੰਗੀ ਲਗੇ ਉਹੀ ਪਰਵਾਨ ਹੁੰਦੀ ਹੈ, ਪਰ ਸੇਵਾ ਵੀ ਸੁਰਤਿ ਦੁਆਰਾ ਹੀ (ਭਾਵ, ਸੁਰਤਿ ਨੂੰ ਸਤਿਗੁਰੂ ਦੇ ਭਾਣੇ ਵਿਚ ਟਿਕਾ ਕੇ ਹੀ) ਕੀਤੀ ਜਾ ਸਕਦੀ ਹੈ।

ਆਤਮਕ ਸੂਝ ਤੋਂ ਬਿਨਾ, ਕੇਵਲ ਵਿਖਾਵੇ ਲਈ ਵਰਤ ਰੱਖਣੇ, ਕਰਮ-ਕਾਂਡ ਦੇ ਹੋਰ ਮਿਥੇ ਹੋਏ ਨੇਮ ਨਿਭਾਹੁਣੇ, ਰੋਜ਼ਾਨਾਂ ਦੇਵ-ਪੂਜਾ ਕਰਨੀ, ਧਰਮ ਪੁਸਤਕਾਂ ਦੇ ਪਾਠ ਕਰਕੇ ਲੋਕਾਂ ਨੂੰ ਸੁਣਾਉਂਣੇ, ਅਜੇਹੇ ਕਰਮ, ਮਾਇਆ ਦਾ ਮੋਹ ਪੈਦਾ ਕਰਨ ਦੇ ਨਾਲ ਹਉਮੈ ਵਧਾਉਂਦੇ ਹਨ--'**ਵਰਤੁ ਨੇਮੁ ਨਿਤਾਪ੍ਰਤਿ ਪੂਜਾ ॥ ਬਿਨੁ ਬੂਝੇ ਸਭੁ ਭਾਉ ਹੈ ਦੂਜਾ ॥ ੭ ॥..... ਹਉਮੈ ਮੇਰਾ ਭਰਮੈ ਸੰਸਾਰੁ ॥**[੮੪੧] ਹਉਮੈ, ਪਰਮਾਤਮਾ ਤੋਂ ਦੂਰੀ ਬਣਾਉਂਦੀ ਹੈ, ਮਾਇਕ ਮੋਹ ਅਥਵਾ ਮਾਇਆ ਦਾ ਲੋਭ ਆਤਮਕ ਮੌਤ ਦਾ ਮੂਲ ਹੈ--" **ਜਹਾ ਲੋਭ ਤਹਾ ਕਾਲ** " [੧੩੭੨]।

ਵਿਖਾਵੇ ਵਾਲੇ ਪੁੰਨ ਪੂਜਾ ਆਦਿ ਦਾ ਇੱਕ ਇਹ ਪੱਖ:--

੨੪- **ਜਗਨ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ ॥**
**ਰਾਮ ਨਾਮ ਬਿਨੁ ਮੁਕਤਿ ਨ ਪਾਵਸਿ ਮੁਕਤਿ ਨਾਮਿ ਗੁਰਮੁਖਿ ਲਹੈ ॥ ੧ ॥** [੧੧੨੭]-੭-੮

**ਅਰਥ:**--ਜਗ, ਹਵਨ, ਪੁੰਨ-ਦਾਨ, ਤਪ, ਦੇਵ ਪੂਜਾ ਆਦਿਕ ਵਿਖਾਵੇ ਵਾਲੇ ਧਰਮ-ਕਰਮ ਕਰਨ ਨਾਲ ਸਰੀਰ ਕਸ਼ਟ ਸਹਾਰਨ ਦਾ ਦੁੱਖ ਸਹਿਣ ਤੋਂ ਛੁੱਟ ਹੋਰ ਕੋਈ ਲਾਭ ਨਹੀਂ ਹੁੰਦਾ। ਵਿਕਾਰਾਂ ਤੋਂ ਛੁਟਕਾਰਾ ਕੇਵਲ ਤਦ ਹੀ ਮਿਲਦਾ ਹੈ ਜੇ ਮਨੁੱਖ ਗੁਰੂ ਦੇ ਕਹੇ ਵਿਚ ਰਹਿ ਕੇ, ਪ੍ਰਭੂ ਦੇ ਨਾਮ ਦੇ ਸਿਮਰਨ ਨਾਲ ਮਨ ਜੋੜ ਲਏ।

ਗੁਰਬਾਣੀ ਦਾ ਫ਼ਤਵਾ ਹੈ ਕਿ ਪ੍ਰਭੂ ਤੋਂ ਬਿਨਾ ਹੋਰ ਭਾਵੇ ਅਸੰਖਾਂ ਦੇਵੀ ਦੇਵਤਿਆ ਆਦ ਦੀ ਪੂਜਾ ਕਰੀ ਜਾਉ ਕੋਈ ਧਰਮ-ਕਰਮ ਵੀ ਪ੍ਰਭੂ ਦੇ ਨਾਮ ਦੀ ਬਰਾਬਰੀ ਨਹੀਂ ਕਰ ਸਕਦਾ

੨੫- **ਅਸੰਖ ਕੋਟਿ ਅਨ ਪੂਜਾ ਕਰੀ ॥ ਏਕ ਨ ਪੂਜਸਿ ਨਾਮੈ ਹਰੀ ॥ ੩ ॥** [੧੧੬੩]-੧

੧੦

# ਪੂਜਾ ਸੰਬੰਧੀ ਗੁਰਮਤਿ ਮਰਯਾਦਾ

੨੬- **ਮਨੁ ਸੰਪਟੁ ਜਿਤੁ ਸਤਸਰਿ ਨਾਵਣੁ, ਭਾਵਨ ਪਾਤੀ ਤ੍ਰਿਪਤਿ ਕਰੇ ॥**
**ਪੂਜਾ ਪ੍ਰਾਣ ਸੇਵਕੁ ਜੇ ਸੇਵੇ, ਇਨ੍ ਬਿਧਿ ਸਾਹਿਬੁ ਰਵਤੁ ਰਹੈ ॥ ੩ ॥**[੭੨੮-੧

**ਅਰਥ:**--(ਮੂਰਤੀ ਪੂਜਾ ਕਰਨ ਵਾਲਾ ਪੁਜਾਰੀ ਮੂਰਤੀ ਨੂੰ ਡੱਬੇ ਵਿਚ ਪਾਉਂਦਾ ਹੈ, ਜੇ ਜੀਵ) ਆਪਣੇ ਮਨ ਨੂੰ ਡੱਬਾ ਬਣਾਏ (ਉਸ ਵਿਚ ਪਰਮਾਤਮਾ ਦਾ ਨਾਮ ਟਿਕਾਏ) ਸਾਧ ਸੰਗਤ ਦੇ ਸਰੋਵਰ ਵਿਚ ਉਸ ਨਾਮ ਨਾਲ ਇਸ਼ਨਾਨ ਕਰੇ, (ਮਨ ਵਿਚ ਟਿਕੇ ਹੋਏ ਠਾਕੁਰ ਨੂੰ) ਸ਼ਰਧਾ ਦੇ ਪੱਤ੍ਰਾਂ ਨਾਲ ਪ੍ਰਸੰਨ ਕਰੇ, ਜੇ ਜੀਵ ਸੇਵਕ ਬਣ ਕੇ ਆਪਾ-ਭਾਵ ਛੱਡ ਕੇ (ਅੰਦਰ ਵੱਸਦੇ ਪ੍ਰਭੂ ਦੀ ਸੇਵਾ ਕਰੇ, ਤਾਂ ਇਨ੍ਹਾਂ ਤਰੀਕਿਆਂ ਨਾਲ ਉਹ ਜੀਵ, ਪ੍ਰਭੂ ਨੂੰ ਮਿਲਿਆ ਰਹਿੰਦਾ ਹੈ। ੩।

੨੭- **ਕਾਯਉ ਦੇਵਾ ਕਾਇਅਉ ਦੇਵਲ, ਕਾਇਅਉ ਜੰਗਮ ਜਾਤੀ ॥ ਕਾਇਅਉ ਧੂਪ ਦੀਪ ਨਈਬੇਦਾ,**
**ਕਾਇਅਉ ਪੂਜਉ ਪਾਤੀ ॥ ੧ ॥ ਕਾਇਆ ਬਹੁ ਖੰਡ ਖੋਜਤੇ, ਨਵ ਨਿਧਿ ਪਾਈ ॥**
**ਨਾ ਕਛੁ ਆਇਬੋ, ਨਾ ਕਛੁ ਜਾਇਬੋ, ਰਾਮ ਕੀ ਦੁਹਾਈ ॥ ੧ ॥ ਰਹਾਉ ॥**[੬੯੫]--੩

**ਅਰਥ:**--ਰਹਾਉ ਦੀ ਤੁਕ ਵਿੱਚ ਫੁਰਮਾਨ ਹੈ, ਦੇਸ ਦੇਸਾਂਤਰਾਂ ਨੂੰ ਖੋਜ ਕੇ (ਆਖ਼ਰ ਆਪਣੇ) ਸਰੀਰ ਦੇ ਅੰਦਰ ਹੀ ਮੈਂ ਪ੍ਰਭੂ ਦਾ ਨਾਮ-ਰੂਪ ਨੌਂ ਨਿਧੀ ਲੱਭ ਲਈ ਹੈ, (ਹੁਣ ਮੇਰੀ ਕਾਇਆਂ ਵਿਚ) ਪਰਮਾਤਮਾ ਦੀ ਯਾਦ ਦਾ ਹੀ ਤੇਜ-ਪ੍ਰਤਾਪ ਹੈ, (ਉਸ ਦੀ ਬਰਕਤਿ ਨਾਲ ਮੇਰੇ ਲਈ) ਨਾ ਕੁਝ ਜੰਮਦਾ ਹੈ ਨਾ ਮਰਦਾ ਹੈ (ਭਾਵ, ਮੇਰਾ ਜਨਮ ਮਰਨ ਮਿਟ ਗਿਆ ਹੈ) **।੧। ਰਹਾਉ ।** ਸੋ ਕਾਇਆਂ ਦੀ ਖੋਜ ਹੀ ਮੇਰਾ ਦੇਵਤਾ ਹੈ (ਜਸ ਦੀ ਮੈਂ ਆਰਤੀ ਕਰਦਾ ਹਾਂ), ਸਰੀਰ (ਦੀ ਖੋਜ) ਹੀ ਮੇਰਾ ਮੰਦਰ ਹੈ (ਜਿਥੇ ਮੈਂ ਸਰੀਰ ਅੰਦਰ ਵੱਸਦੇ ਪ੍ਰਭੂ ਦੀ ਆਰਤੀ ਕਰਦਾ ਹਾਂ), ਕਾਇਆਂ ਦੀ ਖੋਜ ਹੀ ਮੈਂ ਜੰਗਮ ਅਤੇ ਜਾਤ੍ਰੂ ਲਈ (ਤੀਰਥ ਦੀ ਜਾਤ੍ਰਾ ਹੈ) ਸਰੀਰ (ਦੀ ਖੋਜ) ਹੀ ਮੇਰੇ ਵਾਸਤੇ ਮੇਰੇ ਅੰਦਰ ਵੱਸਦੇ ਦੇਵਤੇ ਲਈ) ਧੂਪ ਦੀਪ ਅਤੇ ਨੈਵੇਦ ਹੈ, ਕਾਇਆ ਦੀ ਖੋਜ (ਕਰ ਕੇ) ਹੀ, ਮੈਂ ਮਾਨੋ, ਪੱਤਰ ਭੇਟ ਰੱਖ ਕੇ (ਆਪਣੇ ਅੰਦਰ ਵੱਸਦੇ ਇਸ਼ਟ ਦੇਵ ਦੀ) ਪੂਜਾ ਕਰ ਰਿਹਾ ਹਾਂ । ੧ ।

੨੮- **ਕਵਨ ਰੂਪੁ ਤੇਰਾ ਆਰਾਧਉ ॥ ਕਵਨ ਜੋਗੁ ਕਾਇਆ ਲੇ ਸਾਧਉ ॥ ੧ ॥ ਕਵਨ ਗੁਨੁ ਜੋ ਤੁਝੁ ਲੈ ਗਾਵਉ ॥**
**ਕਵਨ ਬੋਲ ਪਾਰਬ੍ਰਹਮ ਰੀਝਾਵਉ ॥ ੧ ॥ ਰਹਾਉ ॥ ਕਵਨ ਸੁ ਪੂਜਾ ਤੇਰੀ ਕਰਉ ॥ ਕਵਨ ਸੁ ਬਿਧਿ**
**ਜਿਤੁ ਭਵਜਲ ਤਰਉ ॥ ੨ ॥ ਕਵਨ ਤਪੁ ਜਿਤੁ ਤਪੀਆ ਹੋਇ ॥ ਕਵਨੁ ਸੁ ਨਾਮੁ ਹਉਮੈ ਮਲੁ ਖੋਇ ॥ ੩ ॥**
**ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥ ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥ ੪ ॥**
**ਤਿਸ ਹੀ ਗੁਨੁ ਤਿਨ ਹੀ ਪ੍ਰਭੁ ਜਾਤਾ ॥ ਜਿਸ ਕੀ ਮਾਨਿ ਲੇਇ ਸੁਖਦਾਤਾ ॥ ੧ ॥ ਰਹਾਉ ਦੂਜਾ ॥**[੧੮੬]--੧੦੫

**ਅਰਥ :**- ਹੇ ਪਾਰਬ੍ਰਹਮ ਪ੍ਰਭੂ ! (ਤੇਰੇ ਬੇਅੰਤ ਗੁਣ ਹਨ, ਮੈਨੂੰ ਸਮਝ ਨਹੀਂ ਆਉਂਦੀ ਕਿ) ਮੈਂ ਤੇਰਾ ਕੇਹੜਾ ਗੁਣ ਲੈ ਕੇ ਤੇਰੀ ਸਿਫ਼ਤ-ਸਾਲਾਹ ਕਰਾਂ, ਤੇ ਕੇਹੜੇ ਬੋਲ ਬੋਲ ਕੇ ਮੈਂ ਤੈਨੂੰ ਪ੍ਰਸੰਨ ਕਰਾਂ **। ੧ । ਰਹਾਉ ।**

(ਹੇ ਪ੍ਰਭੂ ! ਜਗਤ ਦੇ ਸਾਰੇ ਜੀਵ ਤੇਰਾ ਹੀ ਰੂਪ ਹਨ ਤੇ ਤੇਰਾ ਕੋਈ ਵੀ ਖ਼ਾਸ ਰੂਪ ਨਹੀਂ । ਮੈਂ ਨਹੀਂ ਜਾਣਦਾ ਕਿ) ਤੇਰਾ ਉਹ ਕੇਹੜਾ ਰੂਪ ਹੈ ਜਿਸ ਦਾ ਮੈਂ ਧਿਆਨ ਧਰਾਂ । (ਹੇ ਪ੍ਰਭੂ ! ਮੈਨੂੰ ਸਮਝ ਨਹੀਂ ਕਿ) ਜੋਗ ਦਾ ਕੇਹੜਾ ਸਾਧਨ ਹੈ ਜਿਸ ਨਾਲ ਮੈਂ ਆਪਣੇ ਸਰੀਰ ਨੂੰ ਵੱਸ ਵਿਚ ਲਿਆਵਾਂ ਤੇ ਤੈਨੂੰ ਪ੍ਰਸੰਨ ਕਰਾਂ । ਜੋਗ-ਸਾਧਨਾ ਨਾਲ ਤੈਨੂੰ ਪ੍ਰਸੰਨ ਨਹੀਂ ਕੀਤਾ ਜਾ ਸਕਦਾ **। ੧ ।** ਹੇ ਪਾਰਬ੍ਰਹਮ ! ਮੈਂ ਤੇਰੀ ਕੇਹੜੀ ਪੂਜਾ ਕਰਾਂ (ਜਿਸ ਨਾਲ ਤੂੰ ਪ੍ਰਸੰਨ ਹੋ ਸਕੇਂ) ? ਹੇ ਪ੍ਰਭੂ ! ਉਹ ਕੇਹੜਾ ਤਰੀਕਾ ਹੈ ਜਿਸ ਦੀ ਰਾਹੀਂ ਮੈਂ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਵਾਂ **? ੨ ।** ਉਹ ਕੇਹੜਾ ਤਪ ਸਾਧਨ ਹੈ ਜਿਸ ਨਾਲ ਮਨੁੱਖ ਕਾਮਯਾਬ ) ਤਪੱਸਵੀ ਅਖਵਾ ਸਕਦਾ ਹੈ (ਤੇ ਤੈਨੂੰ ਖ਼ੁਸ਼ ਕਰ ਸਕਦਾ ਹੈ) ? ਉਹ ਕੇਹੜਾ ਨਾਮ ਹੈ (ਜਿਸ ਦਾ ਜਾਪ ਕਰਕੇ ਮਨੁੱਖ ਆਪਣੇ ਅੰਦਰੋਂ) ਹਉਮੈ ਦੀ ਮੈਲ ਦੂਰ ਕਰ ਸਕਦਾ ਹੈ **? ੩ ।**

ਗੁਰਦੇਵ ਜੀ ਆਪ ਹੀ ਇਨ੍ਹਾਂ ਪ੍ਰਸ਼ਨਾਂ ਦਾ ਉਤੱਰ ਸਮਝਾਉਣ ਦੀ ਕਿਰਪਾ ਕਰਦੇ ਹੋਏ ਫੁਰਮਾਉਂਦੇ ਹਨ ਕਿ (ਮਨੁੱਖ ਨਿਰੇ ਆਪਣੇ ਉੱਦਮ ਦੇ ਆਸਰੇ ਪ੍ਰਭੂ ਨੂੰ ਪ੍ਰਸੰਨ ਨਹੀਂ ਕਰ ਸਕਦਾ । ਉਸੇ ਮਨੁੱਖ ਦੇ ਗਾਏ ਹੋਏ) ਗੁਣ (ਕੀਤੀ ਹੋਈ) ਪੂਜਾ, ਗਿਆਨ ਤੇ (ਜੋੜੀ ਹੋਈ) ਸੁਰਤਿ ਆਦਿਕ ਦੀ ਸਾਰੀ ਮਿਹਨਤ ਸਫ਼ਲ ਹੁੰਦੀ ਹੈ ਜਿਸ ਉਤੇ ਦਿਆਲ ਹੋ ਕੇ ਕਿਰਪਾ ਕਰਕੇ ਗੁਰੂ ਮਿਲਦਾ ਹੈ । ੪ ।

ਭਾਵ ਬੜੀ ਉੱਚੀ ਕਿਸਮਤ ਨਾਲ ਪੂਰਨ ਗੁਰੂ ਮਿਲਦਾ ਹੈ ਅਤੇ ਫਿਰ ਉਸ ਦੇ ਹੁਕਮ ਅਨੁਸਾਰ ਚਲਣਾ ਹੀ ਜਪ, ਤਪ, ਪੂਜਾ, ਆਦਿ ਹੈ ।

੨੯- **ਗੁਰੁ ਸਮਝਾਵੈ ਸੋਝੀ ਹੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥ ੫ ॥**
**ਕਰਿ ਕਿਰਪਾ ਰਾਖਹੁ ਰਖਵਾਲੇ ॥ ਬਿਨੁ ਬੂਝੇ ਪਸੂ ਭਏ ਬੇਤਾਲੇ ॥ ੬ ॥**
**ਗੁਰਿ ਕੀਆ ਅਵਰੁ ਨਹੀ ਦੂਜਾ ॥ ਕਿਸੁ ਕਹੁ ਦੇਖਿ ਕਰਉ ਅਨ ਪੂਜਾ ॥ ੭ ॥**[੨੨੪]--੮

੧੧

# ਗੁਰੁ ਪਰਮੇਸੁਰੁ ਪੂਜੀਐ

ਸੰਕਾ ਉਪਜਦਾ ਹੈ ਕਿ, ਇਕ ਪਾਸੇ ਤਾਂ ਅਸੀਂ ਕੀ ਰਹੇ ਹਾਂ ਕਿ ਸਾਡੇ ਸਤਿਗੁਰੂ ਸਾਹਿਬ ਪੂਜਾ ਕਰਵਾਉਣ ਵਾਲੇ ਦੇਵਤੇ ਨਹੀਂ ਹਨ । ਫਿਰ ਅਸਾਂ ਗੁਰ ਪਰਮੇਸਰ ਦੀ ਪੂਜਾ ਦੇ ਸਿਰਲੇਖ ਵਾਲਾ ਅੱਡਰਾ ਵਿਸ਼ਾ ਲਿਖਣਾ ਕਿਸ ਕਾਰਨ ਅਰੰਭ ਕੀਤਾ ਹੈ ? ਇਸ ਸ਼ੰਕੇ ਦੀ ਨਿਵਿਰਤੀ ਲਈ ਗੁਰੂ ਸ਼ਬਦਾਂ ਨੂੰ ਇਕਾਗਰਤਾ ਨਾਲ ਵਿਚਾਰ ਇਹ ਸਮਝਣਾ ਹੈ ਕਿ ਬ੍ਰਾਹਮਣ ਨੇ ਦੇਵੀ ਦੇਵਤੇ ਦੀ ਪੂਜਾ ਲੁੱਟ ਨੀਤੀ ਨਾਲ ਅਰੰਭ ਕਰਵਾਈ ਸੀ, ਗੁਰਮਤਿ ਵਿਚ ਗੁਰੂ ਪਰਮੇਸਰ ਦੀ ਪੂਜਾ ਦਾ ਮੰਤਵ ਕੀ ਹੈ ? ਇਹ ਮਸਲਾ ਲਗ-ਪਗ ਉਸ ਸਮੇਂ ਖ਼ਤਮ ਹੋ ਜਾਂਦਾ ਹੈ ਜਦ ਇਹ ਪਤਾ ਲੱਗ ਜਾਵੇ ਕਿ " ਪੂਜਾ ਅਰਚਾ " ਦੇ ਪ੍ਰੋਹਿਤ-ਵਾਦੀ ਅਰਥਾਂ ਨਾਲ ਗੁਰਮਤਿ ਦਾ ਦੂਰ ਦਾ ਸੰਬੰਧ ਵੀ ਕੋਈ ਨਹੀਂ ਹੈ । ਗੁਰਮਤਿ ਵਿਚ ਪੂਜਾ-ਅਰਚਾ ਦਾ ਅਰਥ ਆਦਰ ਸਤਿਕਾਰ ਹੀ ਹੈ । ਅਤੇ ਫਿਰ ਸਤਿਗੁਰਾਂ ਦੀ ਪੂਜਾ ਦਾ ਭਾਵ ਕਿਸੇ ਮਾਇਕ ਪਦਾਰਥਾਂ ਦੀ ਪ੍ਰਾਪਤੀ ਲਈ ਸਤਿਗੁਰਾਂ ਦੀ ਪ੍ਰਸੰਤਾ ਲੈਣ ਤੋਂ ਮੁਢੋਂ ਹੀ ਨਹੀਂ ਹੈ । ਹੇਠ ਲਿਖੇ ਪਹਿਲੇ ਗੁਰੂ ਸ਼ਬਦ ਵਿਚ ਹੀ ਸਤਿਗੁਰਾਂ ਨੂੰ ਆਤਮਕ ਜੀਵਨ ਦੇ ਅਤੇ ਪ੍ਰਭੂ-ਨਾਮ ਦੇ ਦਾਤੇ ਫੁਰਮਾਨ ਕੀਤਾ ਹੈ:--

੩੦- **ਗੁਰੁ ਪਰਮੇਸੁਰੁ ਪੂਜੀਐ ਮਨਿ ਤਨਿ ਲਾਇ ਪਿਆਰੁ ॥ ਸਤਿਗੁਰੁ ਦਾਤਾ ਜੀਅ ਕਾ ਸਭਸੈ ਦੇਇ ਅਧਾਰੁ ॥**
**ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥ ਬਿਨੁ ਸਾਧੂ ਸੰਗਤਿ ਰਤਿਆ ਮਾਇਆ ਮੋਹੁ ਸਭੁ ਛਾਰੁ ॥ ੧**
॥[੫੨]-੨੯-੯੯

**ਅਰਥ:**--ਗੁਰੂ ਪਰਮਾਤਮਾ (ਦਾ ਰੂਪ) ਹੈ (ਗੁਰੂ ਵਾਸਤੇ ਆਪਣੇ) ਮਨ ਅਥਵਾ ਹਿਰਦੇ ਵਿਚ ਪਿਆਰ ਬਣਾ ਕੇ ਆਪਣੇ ਹਿਰਦੇ ਵਿਚ ਉਸ ਦੀ ਪੂਜਾ ਕਰਨੀ ਹੈ (ਭਾਵ, ਸਤਿਗੁਰਾਂ ਦਾ ਆਦਰ ਸਤਿਕਾਰ ਦਿਲੋਂ ਉਪਜੇ ਡੂੰਘੇ ਪਿਆਰ ਨਾਲ ਕਰਨਾ ਹੈ) । (ਕਿਉਂਕਿ) ਗੁਰੂ ਆਤਮਕ ਜੀਵਨ ਦੇਣ ਵਾਲਾ (ਦਾਤਾ) ਹੈ, (ਸਤਿਗੁਰੂ) ਹਰੇਕ (ਸਰਨ ਆਏ) ਜੀਵ ਨੂੰ (ਪਰਮਾਤਮਾ ਦੇ ਨਾਮ ਦਾ) ਆਸਰਾ ਦਿੰਦਾ ਹੈ । ਸਭ ਤੋਂ ਉੱਤਮ ਏਹੀ ਅਕਲ ਹੈ, ਕਿ ਗੁਰੂ ਦੇ ਬਚਨ ਕਮਾਏ ਜਾਣ (ਭਾਵ, ਗੁਰੂ ਦੇ ਉਪਦੇਸ਼ ਅਨੁਸਾਰ ਜੀਵਨ ਘੜਿਆ ਜਾਏ) । ਗੁਰੂ ਸੀ ਸੰਗਤਿ ਵਿਚ ਰਹਿਣ ਦੀ ਸੱਧਰ ਬਣਾ ਲੈਣ ਤੋਂ ਬਿਨਾ ਇਹ ਮਾਇਆ ਦਾ ਮੋਹ ਜੋ ਸਾਰੇ ਦਾ ਸਾਰਾ ਵਿਅਰਥ ਹੈ (ਜੀਵ ਉੱਤੇ ਆਪਣਾ ਜ਼ੋਰ ਪਾਈ ਰੱਖਦਾ ਹੈ । ੧ ।

ਅਸਾਂ ਵੇਖਿਆ ਹੈ ਕਿ ਬ੍ਰਾਹਮਣ ਨੇ ਜਿਵੇਂ, ਪਾਪਾਂ ਦਾ ਨਾਸ ਕਰਕੇ ਦੁਖਾਂ ਤੋ ਬਚਾਉਣ ਦੇ, ਦਾਨ ਕੀਤੇ ਧਨ ਨਾਲੋਂ ਕਈ ਗੁਣਾ ਵੱਧ ਮਾਇਕ ਪਦਾਰਥ ਮਿਲਣ ਦੇ, ਵੈਤਰਨੀ ਨਦੀ ਨੂੰ ਲਾਂਭੇ ਛੱਡ ਕੇ ਸਿੱਧਾ ਸੁਰਗਾਂ ਵਿਚ ਪੁੱਜ ਸਕਣ ਦੇ-- ਨਿਰਮੂਲ ਲਾਰਿਆਂ ਦੇ ਭਰਮ ਨਾਲ ਦੇਵੀ ਦੇਵਤੇ ਦੀ ਪੂਜਾ-ਅਰਚਾ ਭੇਟਾ ਅਰੰਭ ਕਰਵਾਈ ਸੀ ਉਨ੍ਹਾਂ ਵਿਚੋਂ ਇੱਕ ਵੀ ਪਦਾਰਥ, ਗੁਰੂ ਪਰਮੇਸ਼ਰ ਕੋਲੋਂ ਮਿਲਣ ਦੀ ਆਸ ਨਹੀਂ ਦਿਵਾਈ ਗਈ।

੩੧- **ਮੇਰੇ ਮਨ ਹਰਿ ਹਰਿ ਗੁਨ ਕਹੁ ਰੇ, ਸਤਿਗੁਰੂ ਕੇ ਚਰਨ ਧੋਇ ਧੋਇ ਪੂਜਹੁ ਇਨ ਬਿਧਿ ਮੇਰਾ ਹਰਿ ਪ੍ਰਭੁ ਲਹੁ ਰੇ ॥**
**ਰਹਾਉ ॥ ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਬਿਖੈ ਰਸ ਇਨ ਸੰਗਤਿ ਤੇ ਤੂ ਰਹੁ ਰੇ ॥ ਮਿਲਿ ਸਤਸੰਗਤਿ ਕੀਜੈ ਹਰਿ**

**ਗੋਸਟਿ, ਸਾਧੂ ਸਿਉ ਗੋਸਟਿ ਹਰਿ ਪ੍ਰੇਮ ਰਸਾਇਣੁ, ਹਰਿ ਰਾਮ ਨਾਮੁ ਰਸਾਇਣੁ, ਹਰਿ ਰਾਮ ਨਾਮ ਰਮਹੁ ਰੇ ।।੧।।**[੧੧੧੮]-੧

**ਅਰਥ:**--ਹੇ ਮੇਰੇ ਮਨ ਪਰਮਾਤਮਾ ਦੇ ਗੁਨ ਗਾਇਆ ਕਰ । ਗੁਰੂ ਦੇ ਚਰਨ ਧੋ ਧੋ ਕੇ ਪੂਜਿਆ ਕਰ (ਭਾਵ, ਹੰਕਾਰ ਛੱਡ ਕੇ ਗੁਰੂ ਦੀ ਸਰਨ ਪਿਆ ਰਹੁ) । ਹੇ ਮਨ ! ਇਸ ਤਰੀਕੇ ਨਾਲ ਪਿਆਰੇ ਪ੍ਰਭੂ ਨੂੰ ਲੱਭ ਲੈ । ਰਹਾਉ । ਹੇ ਮਨ ! ਕਾਮ, ਕ੍ਰੋਧ, ਲੋਭ, ਹੰਕਾਰ, ਵਿਸ਼ਿਆਂ ਦੇ ਚਸਕੇ--ਇਨ੍ਹਾਂ ਦਾ ਸਾਥ ਸਦਾ ਲਈ ਤਿਆਗੀ ਰੱਖ । ਹੇ ਮਨ ! ਸਾਧ ਸੰਗਤਿ ਵਿਚ ਮਿਲ ਕੇ ਪਰਮਾਤਮਾ ਦੇ ਗੁਣਾਂ ਦੀ ਵਿਚਾਰ ਕਰਨੀ ਚਾਹੀਦੀ ਹੈ, ਗੁਰਮੁਖਾਂ ਨਾਲ ਮਿਲ ਕੇ ਹਰੀ ਦੇ ਗੁਣਾ ਦੀ ਵਿਚਾਰ ਕਰਨੀ ਚਾਹੀਦੀ ਹੈ । ਹੇ ਮੇਰੇ ਮਨ ! ਪਰਮਾਤਮਾ ਦਾ ਪਿਆਰ ਸਭ ਰਸਾਂ ਨਾਲੋਂ ਸ੍ਰੇਸ਼ਟ ਰਸ ਹੈ, ਪ੍ਰਭੂ ਦਾ ਨਾਮ ਸਾਰੇ ਰਸਾਂ ਦਾ ਘਰ ਹੈ ।

ਅਗਲੇ ਸ਼ਬਦ ਵਿਚ ਉਚੇਚੀ ਸਿਖਿਆ ਹੈ ਕਿ, ਗੁਰਬਾਣੀ ਨੂੰ ਸਮਝ ਕੇ, ਗੁਰੂ ਦੇ ਗਿਆਨ ਨੂੰ ਗ੍ਰਹਣ ਕਰਨਾ ਹੈ । ਜਿਵੇਂ ਸੂਰਜ ਦੀ ਕਿਰਣ ਹਨੇਰੇ ਨੂੰ ਖਾ ਲੈਂਦੀ ਹੈ ਉਵੇਂ ਹੀ ਗੁਰੂ ਦਾ ਗਿਆਨ ਮਨੁੱਖ ਦੇ ਅੰਦਰੋਂ ਅਗਿਆਨਤਾ ਦਾ ਹਨੇਰਾ ਮਿਟਾ ਕੇ ਅਜੇਹਾ ਚਾਣਨਾ ਬਖਸ਼ਦਾ ਹੈ ਜਿਸ ਦੀ ਅਲੌਕਿਕ ਰੌਸ਼ਨੀ ਵਿਚ ਪ੍ਰਾਣੀ ਪ੍ਰਭੂ ਦੇ ਦਰਸ਼ਨ ਕਰਦਾ ਹੈ :-

੩੨- **ਤਹ ਭਇਆ ਪ੍ਗਾਸੁ ਮਿਟਿਆ ਅੰਧਿਆਰਾ, ਜਿਉ ਸੂਰਜ ਰੈਣਿ ਕਿਰਾਖੀ ॥**
**ਅਦਿਸਟੁ ਅਗੋਚਰੁ ਅਲਖੁ ਨਿਰੰਜਨੁ, ਸੋ ਦੇਖਿਆ ਗੁਰਮੁਖਿ ਆਖਹਿ ॥ ੧੨ ॥** [੮੭]-ਵਾਰ

ਗੁਰੂ ਕਿਰਪਾ ਕਰਦਾ ਹੈ ਤਾਂ ਮਨੁੱਖ ਨੂੰ ਪ੍ਰਭੂ ਦੇ ਲੜ ਲਾ ਕੇ ਉਸ ਦਾ ਜੀਵਨ ਮਰਨ ਸੁਆਰ ਦੇਂਦਾ ਹੈ । ਗੁਰੂ ਦੇ ਹੁਕਮ ਵਿੱਚ ਰਹਿ ਕੇ ਉਸ ਦੀ ਪ੍ਰਸੰਨਤਾ ਲੈਣੀ ਹੈ । ਪਰਮਾਤਮਾ ਨਾਲ ਜੋੜ ਦੇਣ ਵਾਲਾ ਗੁਰੂ, ਮਨੁੱਖ ਵਾਸਤੇ ਪਰਮਾਤਮਾ ਤੁੱਲ ਹੈ । ਗੁਰੂ ਦੀ ਸੇਵਾ ਭਗਤੀ ਤੋਂ ਮਿਲੇ ਗਿਆਨ ਨਾਲ ਮਨ ਨੇ ਵਿਕਾਰਾਂ ਤੋਂ ਮੁਕਤੀ ਪਾ ਕੇ ਪ੍ਰਭੂ ਦੀ ਹਜ਼ੂਰੀ ਵਿੱਚ ਬਿਰਾਜਣ ਜੋਗੇ ਹੋਣਾ ਹੈ । ਬਸ ਏਹੀ ਹੈ ਗੁਰੂ ਦੀ ਅਥਵਾ ਪਰਮਾਤਮਾ ਦੀ ਪੂਜਾ ਅਤੇ ਸੇਵਾ । ਸਤਿਗੁਰ ਦੇ ਹੁਕਮ ਵਿਚ ਚਲਣਾ, ਮਨੁੱਖ ਨੂੰ ਪ੍ਰਭੂ ਦੀ ਪਰਸੰਨਤਾ ਦਾ ਪਾਤ੍ਰ ਬਣਾਉਂਦਾ ਹੈ । ਗੁਰਦੇਵ ਜੀ ਦਾ ਫ਼ੁਰਮਾਨ ਹੈ :-

੩੩- **ਜੋ ਗੁਰ ਕਉ ਜਨੁ ਪੂਜੇ ਸੇਵੇ, ਸੋ ਜਨੁ ਮੇਰੇ ਹਰਿ ਪ੍ਰਭ ਭਾਵੈ ॥**
**ਹਰਿ ਕੀ ਸੇਵਾ, ਸਤਿਗੁਰੁ ਪੂਜਹੁ, ਕਰਿ ਕਿਰਪਾ ਆਪਿ ਤਰਾਵੈ ॥ ੨ ॥**[੧੨੬੩]--੪

ਪਾਰਸ ਇਕ ਅਜੇਹਾ ਕਲਪਤ ਪੱਥਰ ਹੈ ਜਿਸ ਬਾਰੇ ਇਹ ਯਕੀਨ ਬਣਿਆ ਹੋਇਆ ਹੈ ਕਿ ਜੇ ਉਹ ਲੋਹੇ ਨਾਲ ਛੁਹ ਜਾਵੇ ਤਾਂ ਲੋਹਾ ਸੋਨਾ ਬਣ ਜਾਂਦਾ ਹੈ । ਪਰ ਸਤਿਗੁਰਾਂ ਦਾ ਬਚਨ ਹੈ ਕਿ ਪਾਸਰ ਤਾਂ ਲੋਹੇ ਨੂੰ ਕੇਵਲ ਸੋਨਾ ਹੀ ਬਣਾਉਂਦਾ ਹੈ ਪਰ ਸਤਿਗੁਰੂ ਅਜੇਹਾ ਪਾਰਸ ਹੈ ਜੋ ਗੁਰਸਿੱਖ ਨੂੰ ਵੀ ਪਾਰਸ ਹੀ ਬਣਾ ਦਿੰਦਾ ਹੈ ਅਤੇ ਸਤਿਗੁਰੂ ਵਾਂਗ ਹੀ ਮਨੁੱਖ ਨੂੰ ਪ੍ਰਭੂ-ਨਾਮ ਨਾਲ ਜੋੜ ਕੇ ਸੰਸਾਰ ਸਾਗਰ ਤੋਂ ਪਾਰ ਲੰਘਾਉਣ ਵਾਲਾ ਬਣ ਜਾਂਦਾ ਹੈ -ਚੌਥੇ ਗੁਰੂ ਨਾਨਕ ਜੀ ਦਾ ਬਚਨ ਹੈਂ :--

੩੪- **ਸਤਿਗੁਰੁ ਭੇਟੇ ਤਾ ਪਾਰਸੁ ਹੋਵੈ, ਪਾਰਸੁ ਹੋਇ ਤ ਪੂਜ ਕਰਾਏ ॥ ਜੋ ਉਸੁ ਪੂਜੇ ਸੋ ਫਲੁ ਪਾਏ ਦੀਖਿਆ ਦੇਵੈ ਸਾਚੁ ਬੁਝਾਏ ॥ ੨ ॥ ਵਿਣੁ ਪਾਰਸੈ ਪੂਜ ਨ ਹੋਵਈ ਵਿਣੁ ਮਨ ਪਰਚੇ ਅਵਰਾ ਸਮਝਾਏ ॥ ਗੁਰੂ ਸਦਾਏ ਅਗਿਆਨੀ ਅੰਧਾ ਕਿਸੁ ਓਹੁ ਮਾਰਗਿ ਪਾਏ ॥ ੩ ॥ ਨਾਨਕ ਵਿਣੁ ਨਦਰੀ ਕਿਛੂ ਨ ਪਾਈਐ ਜਿਸੁ ਨਦਰਿ ਕਰੇ ਸੋ ਪਾਏ ॥ ਗੁਰ ਪਰਸਾਦੀ ਦੇ ਵਡਿਆਈ ਅਪਣਾ ਸਬਦੁ ਵਰਤਾਏ ॥ ੪ ॥** [੪੯੧]-੫-੭

**ਅਰਥ:**--ਜਦੋਂ ਕਿਸੇ ਮਨੁੱਖ ਨੂੰ ਗੁਰੂ ਮਿਲ ਪੈਂਦਾ ਹੈ ਤਾਂ ਉਹ ਪਾਰਸ ਬਣ ਜਾਂਦਾ ਹੈ (ਉਹ ਹੋਰ ਮਨੁੱਖਾਂ ਨੂੰ ਵੀ ਉੱਚੇ ਜੀਵਨ ਵਾਲਾ ਬਣਾਉਣ-ਜੋਗ ਹੋ ਜਾਂਦਾ ਹੈ) (ਗੁਰੂ ਦੀ ਕਿਰਪਾ ਨਾਲ ਆਪ ਵੀ) ਪਾਰਸ ਬਣ ਜਾਣ ਤੇ ਲੋਕ ਉਸ ਦਾ ਵੀ ਆਦਰ-ਮਾਨ(=ਪੂਜਾ) ਕਰਦੇ ਹਨ । ਜਿਹੜਾ ਵੀ ਮਨੁੱਖ ਉਸ ਦਾ ਆਦਰ (=ਪੂਜਾ) ਕਰਦਾ ਹੈ ਉਹ (ਉੱਚਾ ਆਤਮਕ ਜੀਵਨ-ਰੂਪ) ਫਲ ਪ੍ਰਾਪਤ ਕਰਦਾ ਹੈ । (ਪਾਰਸ ਬਣਿਆ ਹੋਇਆ ਮਨੁੱਖ ਹੋਰਨਾਂ ਨੂੰ ਉੱਚੇ ਜੀਵਨ ਦੀ) ਸਿੱਖਿਆ ਦਿੰਦਾ ਹੈ, ਤੇ, ਸਦਾ ਥਿਰ ਰਹਿਣ ਵਾਲੇ ਪ੍ਰਭੂ ਦੇ ਸਿਮਰਨ ਦੀ ਅਕਲ ਦਿੰਦਾ ਹੈ **। ੨ ।** (ਪਰ ਹੇ ਭਾਈ !) ਪਾਰਸ ਬਣਨ ਤੋਂ ਬਿਨਾ (ਦੁਨੀਆ ਕੋਲੋਂ) ਆਦਰ-ਮਾਨ ਨਹੀਂ ਮਿਲਦਾ, (ਕਿਉਂਕਿ) ਆਪਣਾ ਮਨ ਸਿਮਰਨ ਵਿਚ ਪਤੀਜਣ ਤੋਂ ਬਿਨਾ ਹੀ ਉਹ ਮਨੁੱਖ ਹੋਰਨਾਂ ਨੂੰ (ਸਿਮਰਨ ਦੀ) ਸਿੱਖਿਆ ਦਿੰਦਾ ਹੈ । ਜਿਹੜਾ ਮਨੁੱਖ ਆਪ ਤਾਂ ਗਿਆਨ ਤੋਂ ਸੱਖਣਾ ਹੈ, ਆਪ ਤਾਂ ਮਾਇਆ ਦੇ ਮੋਹ ਵਿਚ ਅੰਨ੍ਹਾਂ ਹੋਇਆ ਪਿਆ ਹੈ, ਪਰ ਆਪਣੇ ਆਪ ਨੂੰ ਗੁਰੂ ਅਖਵਾਉਂਦਾ ਹੈ ਉਹ ਕਿਸੇ ਹੋਰ ਨੂੰ (ਸਹੀ ਜੀਵਨ ਦੇ) ਉਤੇ ਨਹੀਂ ਪਾ ਸਕਦਾ **। ੩ ।** (ਹੇ ਨਾਨਕ ! ਪਰਮਾਤਮਾ ਦੀ ਨਿਗਾਹ ਤੋਂ ਬਿਨਾ ਕੁਝ ਵੀ ਪ੍ਰਾਪਤ ਨਹੀਂ ਹੁੰਦਾ (ਆਤਮਕ ਜੀਵਨ ਦੀ ਦਾਤ ਨਹੀਂ ਮਿਲਦੀ) । ਗੁਰੂ ਦੀ ਕਿਰਪਾ ਦੀ ਬਰਕਤਿ ਨਾਲ ਪਰਮਾਤਮਾ (ਜਿਸ ਮਨੁੱਖ ਨੂੰ) ਵਡਿਆਈ ਬਖ਼ਸ਼ਦਾ ਹੈ ਉਸ ਦੇ ਹਿਰਦੇ ਵਿਚ ਆਪਣੀ ਸਿਫ਼ਤਿ ਸਾਲਾਹ ਦੀ ਬਾਣੀ ਵਸਾਉਂਦਾ ਹੈ । ੪ ।

ਆਪਣੇ ਹਿਰਦੇ ਤੋਂ ਸੱਚ ਲਗਨ ਨਾਲ ਸਤਿਗੁਰਾਂ ਦਾ ਸਤਿਕਾਰ ਕਰਨ ਵਾਲਾ ਹੀ ਸਤਿਗੁਰਾਂ ਦੇ ਹਰ ਬਚਨ ਨੂੰ ਰੱਬੀ ਆਗਿਆ ਮਨ ਕੇ ਉਸ ਅਨੁਸਾਰ ਆਪਣਾ ਜੀਵਨ ਬਣਾਉਂਦਾ ਹੈ । ਸਿੱਟਾ ਇਹ ਹੁੰਦਾ ਹੈ ਕਿ ਲੋਕ ਉਸ ਦਾ ਵੀ ਓਨਾ ਹੀ ਆਦਰ ਮਾਨ ਕਰਨ ਲੱਗ ਪੈਂਦੇ ਹਨ--**ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥ ੨ ॥** [੪੫੦] ਹਿਰਦੇ ਤੋਂ ਸਤਿਕਾਰ ਕਰਦਾ ਹੋਇਆ ਜਿਹੜਾ ਮਨੁੱਖ ਸਦਾ ਹੀ ਸਤਿਗੁਰਾਂ ਦੀ ਦੱਸੀ ਸੇਵਾ ਕਰਦਾ ਰਹਿੰਦਾ ਹੈ ਉਸ ਦਾ ਲੋਕ ਸੁਖੀਆ ਪਰਲੋਕ ਸੁਹੇਲਾ ਬਣ ਜਾਂਦਾ ਹੈ । ਜਿੰਦਗੀ ਵਿਚ ਲੋਕਾਂ ਕੋਲੋਂ ਹਰ ਥਾਂ ਆਦਰ ਪਾਉਂਦਾ ਹੈ ਅਤੇ ਪ੍ਰਭੂ ਦੀ ਦਰਗਾਹ ਵਿਚ ਵੀ ਸਦੀਵੀ ਸੁਖ ਮਾਣਦਾ ਹੈ:--

੩੫- **ਸਤਿਗੁਰੁ ਪੂਜਉ, ਸਦਾ ਸਦਾ ਮਨਾਵਉ ॥ ਐਸੀ ਸੇਵ ਦਰਗਹ ਸੁਖੁ ਪਾਵਉ ॥ ੩ ॥**[੧੧੫੮]--੬

## ੧੨

# ਅਕਾਲ ਪੁਰਖ ਦੀ ਪੂਜਾ

ਸਿਰਜਣਹਾਰ ਤੈਨੂੰ ਭਾਉਣ ਵਾਲੀ ਤੇਰੀ ਪੂਜਾ, ਤੇਰੀ ਸੇਵਾ ਭਗਤੀ ਕੇਵਲ ਤੂੰ ਹੀ ਜਾਣਦਾ ਹੈਂ--**ਏਕਸ ਬਿਨੁ ਨਾਹੀ ਕੋ ਦੂਜਾ ॥ ਤੁਮ ਹੀ ਜਾਨਹੁ ਅਪਨੀ ਪੂਜਾ ॥ ੨ ॥** [੮੦੫] ਆਪਣੀਆਂ ਬਣਾਈਆਂ ਵਿਧੀਆਂ ਨਾਲ ਅਕਾਲ ਪੁਰਖ ਦੀ ਆਰਤੀ ਕਰਨ ਵਾਲਾ, ਵਿਖਾਵੇ ਵਾਲੇ ਅਡੰਬਰਾਂ ਨਾਲ ਉਸ ਦੀ ਪੂਜਾ ਕਰਨ ਵਾਲਾ ਮਨੁੱਖ, ਜਾਂ ਮੂਰਖ ਹੈ, ਜਾਂ ਹੰਕਾਰੀ ਹੈ ਅਥਵਾ ਜਾਂ ਠੱਗ ਹੈ । ਤੇਰੇ ਦਰ ਤੇ ਕਿਹੜੀ ਗੱਲ ਮਨਜ਼ੂਰ ਹੈ, ਇਹ ਤੂੰ ਜਾਣੇ ਜਾਂ ਉਹ ਜਾਣੇ ਜਿਸ ਨੇ ਤੈਨੂੰ ਰਿਝਾ ਲਿਆ ਹੋਵੇ । ਸਤਿਗੁਰਾਂ ਦਾ ਫ਼ੁਰਮਾਨ ਹੈ:--

੩੬- **ਰੁਤਿ ਆਈਲੇ ਸਰਸ ਬਸੰਤ ਮਾਹਿ ॥ ਰੰਗਿ ਰਾਤੇ ਰਵਹਿ ਸਿ ਤੇਰੈ ਚਾਇ ॥ ਕਿਸੁ ਪੂਜ ਚੜਾਵਉ ਲਾਗਉ**

**ਪਾਇ ॥ ੧ ॥ ਤੇਰਾ ਦਾਸਨਿ ਦਾਸਾ ਕਹਉ ਰਾਇ ॥ ਜਗ ਜੀਵਨ ਜੁਗਤਿ ਨ ਮਿਲੈ ਕਾਇ ॥ ੧ ॥ ਰਹਾਉ ॥ ਤੇਰੀ ਮੂਰਤਿ ਏਕਾ ਬਹੁਤੁ ਰੂਪ ॥ ਕਿਸੁ ਪੂਜ ਚੜਾਵਉ ਦੇਉ ਧੂਪ ॥ ਤੇਰਾ ਅੰਤੁ ਨ ਪਾਇਆ ਕਹਾ ਪਾਇ ॥ ਤੇਰਾ ਦਾਸਨਿ ਦਾਸਾ ਕਹਉ ਰਾਇ ॥ ੨ ॥ ਤੇਰੇ ਸਠਿ ਸੰਬਤ ਸਭਿ ਤੀਰਥਾ ॥ ਤੇਰਾ ਸਚੁ ਨਾਮੁ ਪਰਮੇਸਰਾ ॥ ਤੇਰੀ ਗਤਿ ਅਵਿਗਤਿ ਨਹੀ ਜਾਣੀਐ ॥ ਅਣਜਾਣਤ ਨਾਮੁ ਵਖਾਣੀਐ ॥ ੩ ॥ ਨਾਨਕੁ ਵੇਚਾਰਾ ਕਿਆ ਕਹੈ ॥ ਸਭੁ ਲੋਕੁ ਸਲਾਹੇ ਏਕਸੈ ॥ ਸਿਰੁ ਨਾਨਕ ਲੋਕਾ ਪਾਵ ਹੈ ॥ ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥ ੪ ॥** [੧੧੬੮]-੨

**ਅਰਥ:**--ਹੇ ਪ੍ਰਕਾਸ਼ ਰੂਪ ਪ੍ਰਭੂ ! ਮੈਂ ਤੇਰੇ ਦਾਸਾਂ ਦਾ ਦਾਸ ਬਣ ਕੇ ਤੈਨੂੰ ਸਿਮਰਦਾ ਹਾਂ । ਹੇ ਜਗਤ ਦੇ ਜੀਵਨ ਪ੍ਰਭੂ ! ਤੇਰੇ ਮਿਲਾਪ ਦੀ ਜੁਗਤੀ (ਤੇਰੇ ਦਾਸਾਂ ਤੋਂ ਬਿਨਾ) ਕਿਸੇ ਹੋਰ ਥਾਂ ਤੋਂ ਨਹੀਂ ਮਿਲ ਸਕਦੀ । ੧ । ਰਹਾਉ ।

ਹੇ ਪ੍ਰਭੂ ! ਜਿਹੜੇ ਬੰਦੇ ਤੇਰੇ ਪਿਆਰ ਰੰਗ ਵਿਚ ਰੰਗੇ ਜਾਂਦੇ ਹਨ, ਜਿਹੜੇ ਤੈਨੂੰ ਸਿਮਰਦੇ ਹਨ, ਉਹ ਤੇਰੇ ਮਿਲਾਪ ਦੀ ਖ਼ੁਸ਼ੀ ਵਿਚ ਰਹਿੰਦੇ ਹਨ, ਉਨ੍ਹਾਂ ਵਾਸਤੇ (ਇਹ ਮਨੁੱਖਾ ਜਨਮ, ਮਾਨੋ, ਬਸੰਤ ਦੀ) ਰੁੱਤ ਆਈ ਹੋਈ ਹੈ, ਉਹ (ਮਨੁੱਖਾ ਜਨਮ ਵਾਲੀ) ਇਸ ਰੁੱਤ ਵਿਚ ਸਦਾ ਖਿੜੇ ਰਹਿੰਦੇ ਹਨ । (ਲੋਕ ਬਸੰਤ ਰੁੱਤੇ ਖਿੜੇ ਹੋਏ ਫੁੱਲ ਲੈ ਕੇ ਕਈ ਦੇਵੀ ਦੇਵਤਿਆਂ ਦੀ ਭੇਟ ਚੜ੍ਹਾ ਕੇ ਪੂਜਾ ਕਰਦੇ ਹਨ । ਪਰ ਮੈਂ ਤੇਰੇ ਦਾਸਾਂ ਦਾ ਦਾਸ ਬਣ ਕੇ ਤੈਨੂੰ ਸਿਮਰਦਾ ਹਾਂ, ਤੈਥੋਂ ਬਿਨਾ) ਮੈਂ ਹੋਰ ਕਿਸ ਦੀ ਪੂਜਾ ਵਾਸਤੇ (ਫੁੱਲ) ਭੇਟਾ ਕਰਾਂ ? (ਤੈਥੋਂ ਬਿਨਾ) ਮੈਂ ਹੋਰ ਕਿਸ ਦੀ ਚਰਨੀ ਲੱਗਾਂ ? । **੧** । ਹੇ ਪ੍ਰਭੂ ! ਤੇਰੀ ਹਸਤੀ ਇੱਕ ਹੈ, ਤੇਰੇ ਰੂਪ ਅਨੇਕਾਂ ਹਨ । ਤੈਨੂੰ ਛੱਡ ਕੇ ਮੈਂ ਹੋਰ ਕਿਸ ਨੂੰ ਧੂਪ ਦਿਆਂ ? ਤੈਨੂੰ ਛੱਡ ਕੇ ਮੈਂ ਹੋਰ ਕਿਸ ਦੀ ਪੂਜਾ ਕਰਨ ਵਾਸਤੇ (ਫੁੱਲ ਆਦਿਕ) ਭੇਟਾ ਕਰਾਂ ? ਹੇ ਪ੍ਰਭੂ ! ਤੇਰੇ ਗੁਣਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ । ਹੇ ਪ੍ਰਕਾਸ਼-ਰੂਪ ਪ੍ਰਭੂ ! ਮੈਂ ਤੇਰੇ ਦਾਸਾਂ ਦਾ ਦਾਸ ਬਣ ਕੇ ਤੈਨੂੰ ਹੀ ਸਿਮਰਦਾ ਹਾਂ । **੨** । ਹੇ ਪਰਮੇਸ਼ਰ ! ਤੇਰਾ ਸਦਾ ਰਹਿਣ ਵਾਲਾ ਨਾਮ ਹੀ ਮੇਰੇ ਵਾਸਤੇ ਤੇਰੇ ਸੱਠ ਸਾਲ (ਬ੍ਰਹਮਾ ਸ਼ਿਵ ਵਿਸ਼ਨੂੰ ਦੀਆਂ ਕਥਿਤ ਬੀਸੀਆਂ) ਹਨ ਤੇ ਸਾਰੇ ਤੀਰਥ ਹਨ । ਤੂੰ ਕਿਹੋ ਜਿਹਾ ਹੈ--ਇਹ ਗੱਲ ਸਮਝੀ, ਅਥਵਾ ਜਾਣੀ ਨਹੀ ਜਾ ਸਕਦੀ । ਇਹ ਸਮਝਣ ਦਾ ਯਤਨ ਕਰਨ ਤੋਂ ਬਿਨਾ ਹੀ (ਤੇਰੇ ਦਾਸਾਂ ਦਾ ਦਾਸ ਬਣ ਕੇ) ਤੇਰਾ ਨਾਮ ਸਿਮਰਨਾ ਚਾਹੀਦਾ ਹੈ । **੩** । (ਨਿਰਾ ਮੈਂ ਨਾਨਕ ਹੀ ਨਹੀਂ ਆਖ ਰਿਹਾ ਕਿ ਤੂੰ ਬੇਅੰਤ ਹੈਂ) ਗ਼ਰੀਬ ਨਾਨਕ ਕੀ ਆਖ ਸਕਦਾ ਹੈ ? ਸਾਰਾ ਸੰਸਾਰ ਹੀ ਤੈਨੂੰ ਇੱਕ ਨੂੰ ਸਲਾਹ ਰਿਹਾ ਹੈ (ਤੇਰੀਆਂ ਸਿਫ਼ਤਾਂ ਕਰ ਰਿਹਾ ਹੈ) ਹੇ ਪ੍ਰਭੂ ! (ਜਿਹੜੇ ਬੰਦੇ ਤੇਰੀ ਸਿਫ਼ਤਿ ਸਾਲਾਹ ਕਰਦੇ ਹਨ) ਮੈਂ ਨਾਨਕ ਦਾ ਸਿਰ (ਤੇਰੇ ਉਨ੍ਹਾਂ) ਬੰਦਿਆਂ ਦੇ ਕਦਮਾ ਵਿਚ ਹੈ । ਹੇ ਪ੍ਰਭੂ ! ਜਿੰਨੇ ਵੀ ਤੇਰੇ ਨਾਮ ਹਨ ਮੈਂ ਉਨ੍ਹਾਂ ਤੋਂ ਕੁਰਬਾਨ ਜਾਂਦਾ ਹਾਂ (ਤੇਰੇ ਇਹ ਬੇਅੰਤ ਨਾਮ ਤੇਰੇ ਬੇਅੰਤ ਗੁਣਾਂ ਨੂੰ ਵੇਖ ਵੇਖ ਕੇ ਤੇਰੇ ਬੰਦਿਆਂ ਨੇ ਬਣਾਏ ਹਨ ।੪।

ਪਰਮਾਤਮਾ ਦੇ ਅਜੇਹੇ ਵਿਸਮਾਦੀ ਦਰਸ਼ਨ ਕਰਾ ਕੇ ਸਤਿਗੁਰੂ ਜੀ ਉਸ ਨਾਲ ਇੱਕ-ਮਿੱਕ ਹੋਣ ਦੀ ਸੂਝ ਬਖ਼ਸ਼ਦੇ ਹਨ:---

੩੭- **ਅੰਤਰਿ ਪੂਜਾ ਮਨ ਤੇ ਹੋਇ ॥ ਏਕੋ ਵੇਖੈ ਅਉਰੁ ਨ ਕੋਇ ॥ ਦੂਜੈ ਲੋਕੀ ਬਹੁਤੁ ਦੁਖੁ ਪਾਇਆ ॥ ਸਤਿਗੁਰਿ ਮੈਨੋ ਏਕੁ ਦਿਖਾਇਆ ॥ ੧ ॥ ਮੇਰਾ ਪ੍ਰਭੁ ਮਉਲਿਆ ਸਦ ਬਸੰਤੁ ॥ ਇਹੁ ਮਨੁ ਮਉਲਿਆ ਗਾਇ ਗੁਣ ਗੋਬਿੰਦ ॥ ੧ ॥ ਰਹਾਉ ॥ ਗੁਰ ਪੂਛਹੁ ਤੁਮ ਕਰਹੁ ਬੀਚਾਰੁ ॥ ਤਾਂ ਪ੍ਰਭ ਸਾਚੇ ਲਗੈ ਪਿਆਰੁ ॥ ਆਪੁ ਛੋਡਿ ਹੋਹਿ ਦਾਸਤ ਭਾਇ ॥ ਤਉ ਜਗ ਜੀਵਨੁ ਵਸੈ ਮਨਿ ਆਇ ॥ ੨ ॥** [੧੧੭੩]-੪

**ਅਰਥ:**--ਸਦਾ-ਆਨੰਦ-ਸਰੂਪ ਮੇਰਾ ਪ੍ਰਭੂ (ਹਰ ਥਾਂ) ਆਪਣਾ ਪਰਕਾਸ਼ ਕਰ ਰਿਹਾ ਹੈ । ਉਸ ਪ੍ਰਭੂ ਦੇ ਗੁਣ ਗਾ ਗਾ ਕੇ ਮੇਰਾ ਇਹ ਮਨ ਸਦਾ ਖਿੜਿਆ ਰਹਿੰਦਾ ਹੈ ।੧। ਰਹਾਉ ।

(ਜਿਹੜਾ ਵੀ ਮਨੁੱਖ ਪਰਮਾਤਮਾ ਦੇ ਗੁਣ ਗਾਉਂਦਾ ਹੈ ਉਸ ਦੇ) ਅੰਦਰ ਹੀ ਜੁੜੇ ਮਨ ਨਾਲ ਪਰਮਾਤਮਾ ਦੀ ਭਗਤੀ ਹੁੰਦੀ ਰਹਿੰਦੀ ਹੈ, (ਉਹ ਮਨੁੱਖ ਹਰ ਥਾਂ) ਸਿਰਫ਼ ਪਰਮਾਤਮਾ ਨੂੰ ਹੀ (ਵੱਸਦਾ) ਵੇਖਦਾ ਹੈ । ਦੁਨੀਆ ਨੇ ਮਾਇਆ ਦੇ ਮੋਹ ਵਿਚ ਫਸ ਕੇ ਸਦਾ ਬਹੁਤ ਦੁੱਖ ਪਾਇਆ ਹੈ, ਪਰ ਗੁਰੂ ਨੇ (ਮਿਹਰ ਕਰ ਕੇ) ਮੈਨੂੰ ਸਿਰਫ਼ ਪਰਮਾਤਮਾ ਹੀ (ਹਰ ਥਾਂ ਵੱਸਦਾ) ਵਿਖਾ ਦਿੱਤਾ ਹੈ (ਤੇ ਮੈਂ ਦੁੱਖ ਤੋਂ ਬਚ ਗਿਆ ਹਾਂ । **੧** । ਹੇ ਭਾਈ ! (ਤੁਸੀਂ ਵੀ ਜੇ ਦੁੱਖ ਤੋਂ ਬਚਣਾ ਹੈ, ਤਾਂ) ਗੁਰੂ ਦੀ ਸਿਖਿਆ ਲਵੋ, ਤੇ ਪਰਮਾਤਮਾ ਦੇ ਗੁਣਾਂ ਨੂੰ ਆਪਣੇ ਮਨ ਵਿਚ ਵਸਾਈ ਰੱਖੋ, ਜਿਸ ਤੋਂ ਤੁਹਾਡਾ ਪਰਮਾਤਮਾ ਨਾਲ ਪਿਆਰ ਬਣ ਜਾਏਗਾ । ਹੇ ਭਾਈ ! ਜੇ ਤੂੰ ਆਪਾ-ਭਾਵ (ਹਉਮੈ) ਛੱਡ ਕੇ ਸੇਵਕ-ਸੁਭਾਵ ਵਿਚ ਟਿਕਿਆ ਰਹੇਂ, ਤਾਂ ਜਗਤ ਪੈਦਾ ਕਰਨ ਵਾਲਾ ਪਰਮਾਤਮਾ ਤੇਰੇ ਮਨ ਵਿਚ ਆ ਵੱਸੇਗਾ । ੨ ।

੩੮- **ਗਹਿਰ ਗੰਭੀਰ ਸਾਗਰ ਰਤਨਾਗਰ ਅਵਰ ਨਹੀ ਅਨ ਪੂਜਾ ॥ ਸਬਦੁ ਬੀਚਾਰਿ ਭਰਮ ਭਉ ਭੰਜਨੁ ਅਵਰੁ ਨ ਜਾਨਿਆ ਦੂਜਾ ॥ ੫ ॥** [੧੨੩੨]-੨

**ਅਰਥ:**--ਗੁਰੂ ਦੇ ਸ਼ਬਦ ਨੂੰ ਵਿਚਾਰ ਕੇ ਮੈਂ ਸਮਝ ਲਿਆ ਹੈ ਕਿ ਸਿਰਫ਼ ਪਰਮਾਤਮਾ ਹੀ ਡਰ-ਸਹਮ ਦਾ ਨਾਸ ਕਰਨ ਵਾਲਾ ਹੈ ਕੋਈ ਹੋਰ (ਦੇਵੀ ਦੇਵਤਾ ਆਦਿਕ) ਦੂਜਾ ਨਹੀਂ ਹੈ । ਮੈਂ ਕਿਸੇ ਹੋਰ ਦੀ ਪੂਜਾ ਨਹੀਂ ਕਰਦਾ, ਸਿਰਫ਼ ਉਸ ਨੂੰ ਪੂਜਦਾ ਹਾਂ ਜੋ ਬੜੇ ਡੂੰਘੇ ਤੇ ਵਡੇ ਜਿਗਰੇ ਵਾਲਾ ਹੈ, ਜੋ ਬੇਅੰਤ ਰਤਨਾਂ ਦੀ ਖਾਣ ਸਮੁੰਦਰ ਹੈ । ੫ ।

ਅਸਲੀ ਪੂਜਾ ਦੀ ਸੋਝੀ ਕਰਾਉਂਣ ਲਈ ਵਿਸਥਾਰ ਨਾਲ ਸਮਝਾਉਂਦੇ ਹੋਏ ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ:--

੩੯- **ਹਰਿ ਕੀ ਪੂਜਾ ਦੁਲੰਭ ਹੈ ਸੰਤਹੁ ਕਹਣਾ ਕਛੂ ਨ ਜਾਈ ॥ ੧ ॥ ਸੰਤਹੁ ਗੁਰਮੁਖਿ ਪੂਰਾ ਪਾਈ ॥ ਨਾਮੋ ਪੂਜ ਕਰਾਈ ॥ ੧ ॥ ਰਹਾਉ ॥ ਹਰਿ ਬਿਨੁ ਸਭੁ ਕਿਛੁ ਮੈਲਾ ਸੰਤਹੁ ਕਿਆ ਹਉ ਪੂਜ ਚੜਾਈ ॥ ੨ ॥ ਹਰਿ ਸਾਚੇ ਭਾਵੈ ਸਾ ਪੂਜਾ ਹੋਵੈ ਭਾਣਾ ਮਨਿ ਵਸਾਈ ॥ ੩ ॥ ਪੂਜਾ ਕਰੈ ਸਭੁ ਲੋਕੁ ਸੰਤਹੁ ਮਨਮੁਖਿ ਥਾਇ ਨ ਪਾਈ ॥ ੪ ॥ ਸਬਦਿ ਮਰੈ ਮਨੁ ਨਿਰਮਲੁ ਸੰਤਹੁ ਏਹ ਪੂਜਾ ਥਾਇ ਪਾਈ ॥ ੫ ॥ ਪਵਿਤ ਪਾਵਨ ਸੇ ਜਨ ਸਾਚੇ ਏਕ ਸਬਦਿ ਲਿਵ ਲਾਈ ॥ ੬ ॥ ਬਿਨੁ ਨਾਵੈ ਹੋਰ ਪੂਜਾ ਨ ਹੋਵੀ ਭਰਮਿ ਭੁਲੀ ਲੋਕਾਈ ॥ ੭ ॥ ਗੁਰਮੁਖਿ ਆਪੁ ਪਛਾਣੈ ਸੰਤਹੁ ਰਾਮ ਨਾਮਿ ਲਿਵ ਲਾਈ ॥ ੮ ॥ ਆਪੇ ਨਿਰਮਲੁ ਪੂਜ ਕਰਾਏ ਗੁਰ ਸਬਦੀ ਥਾਇ ਪਾਈ ॥ ੯ ॥ ਪੂਜਾ ਕਰਹਿ ਪਰੁ ਬਿਧਿ ਨਹੀ ਜਾਣਹਿ ਦੂਜੈ ਭਾਇ ਮਲੁ ਲਾਈ ॥ ੧੦॥ ਗੁਰਮੁਖਿ ਹੋਵੈ ਸੁ ਪੂਜਾ ਜਾਣੈ ਭਾਣਾ ਮਨਿ ਵਸਾਈ ॥ ੧੧ ॥ ਭਾਣੇ ਤੇ ਸਭਿ ਸੁਖ ਪਾਵੈ ਸੰਤਹੁ ਅੰਤੇ ਨਾਮੁ ਸਖਾਈ ॥ ੧੨ ॥** [੯੧੦]-੩

ਸ਼ਬਦ ਦਾ ਭਾਵ--ਪ੍ਰਭੂ ਦੀ ਯਾਦ ਨੂੰ ਸਦਾ ਹਿਰਦੇ ਵਿਚ ਵਸਾਈ ਰੱਖਣਾ ਹੀ ਅਸਲ ਪੂਜਾ ਹੈ । ਗੁਰਬਾਣੀ ਵਿਚ ਏਸੇ ਸਿਧਾਂਤ ਨੂੰ ਬਾਰ ਬਾਰ ਸਮਝਾਇਆ ਗਿਆ ਹੈ:--

੪੦- **ਜਾਪ ਤਾਪ ਕੋਟਿ ਲਖ ਪੂਜਾ ਹਰਿ ਸਿਮਰਣ ਤੁਲਿ ਨ ਲਾਇਣ ॥ ਦੁਇ ਕਰ ਜੋੜਿ ਨਾਨਕੁ ਦਾਨੁ ਮਾਂਗੈ ਤੇਰੇ ਦਾਸਨਿ ਦਾਸ ਦਸਾਇਣੁ ॥ ੨ ॥** [੮੧੯]-੭

੪੧- **ਹਜ ਕਾਬੈ ਜਾਉ ਨ ਤੀਰਥ ਪੂਜਾ ॥ ਏਕੋ ਸੇਵੀ ਅਵਰੁ ਨ ਦੂਜਾ ॥ ੨ ॥**

**ਪੂਜਾ ਕਰਉ ਨ ਨਿਵਾਜ ਗੁਜਾਰਉ ॥ ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ॥ ੩ ॥**[੧੧੩੬]-੫-੩

**ਅਰਥ:**--ਹੇ ਭਾਈ (ਮੁਸਲਮਾਨਾ ਵਾਂਗ) ਮੈਂ ਕਾਬੇ ਦਾ ਹੱਜ ਕਰਨ ਨਹੀਂ ਜਾਂਦਾ ਅਤੇ ਨਾ ਹੀ ਮੈਂ (ਹਿੰਦੂਆਂ ਵਾਂਗ) ਤੀਰਥਾਂ ਤੇ ਪੂਜਾ ਕਰਨ ਜਾਂਦਾ ਹਾਂ । ਮੈਂ ਤਾਂ ਸਿਰਫ਼ ਇੱਕ ਪਰਮਾਤਮਾ ਨੂੰ ਸਿਮਰਦਾ ਹਾਂ, ਕਿਸੇ ਹੋਰ ਦੂਜੇ ਨੂੰ ਨਹੀਂ (ਸਿਮਰਦਾ) । ੨ । ਮੈ ਨਾ (ਹਿੰਦੂਆਂ ਵਾਂਗ ਦੇਵ-) ਪੂਜਾ ਕਰਦਾ ਹਾਂ, ਨਾ (ਮੁਸਲਮਾਨਾਂ ਵਾਂਗ) ਨਿਮਾਜ਼ ਪੜ੍ਹਦਾ ਹਾਂ । ਮੈਂ ਤਾਂ ਕੇਵਲ ਨਿਰੰਕਾਰ ਨੂੰ ਹਿਰਦੇ ਵਿਚ ਵਸਾ ਕੇ (ਉਸ ਅੱਗੇ) ਸਿਰ ਨਿਵਾਉਂਦਾ ਹਾਂ । ੩ ।

੪੨- **ਹਰਿਨਾਮੁ ਚੇਤਾ ਅਵਰੁ ਨ ਪੂਜਾ ॥ ਏਕੋ ਸੇਵੀ ਅਵਰੁ ਨ ਦੂਜਾ ॥**
**ਪੂਰੈ ਗੁਰਿ ਸਭੁ ਸਚੁ ਦਿਖਾਇਆ ਸਚੈ ਨਾਮਿ ਨਿਵਾਸੀ ਹੇ ॥ ੭ ॥** [੧੦੪੮]-੫

ਅਗਲੇ ਸ਼ਬਦ ਵਿੱਚ ਮੰਦਰਾਂ ਮਸੀਤਾਂ ਆਦਿ ਧਰਮ ਅਸਥਾਨਾ ਵਿੱਚ ਪਰਮਾਤਮਾ ਨੂੰ ਬੈਠਾ ਸਮਝ ਕੇ ਪੂਜਣ ਵਾਲਿਆਂ ਨੂੰ ਸਮਝਾਇਆ ਹੈ ਕਿ ਪਰਮਾਤਮਾ ਸਰਬ ਵਿਆਪੀ ਹੈ ਉਸ ਨੂੰ ਕਿਸੇ ਕੋਠੇ ਵਿਚ ਅਥਵਾ ਮਨੁੱਖ ਦੇ ਬਣਾਏ ਕਿਸੇ ਧਰਮ ਅਸਥਾਨ ਵਿੱਚ ਪਰਮਾਤਮਾ ਵੱਸਦਾ ਸਮਝ ਕੇ ਉਸ ਨੂੰ ਰੱਬ ਦਾ ਘਰ ਥਾਪ ਬਹਿਣਾ ਭੁੱਲ ਹੈ, ਮਨ-ਮਤਿ ਹੈ, ਪ੍ਰੋਹਿਤ ਦਾ ਚੇਲਾ ਬਣ ਕੇ ਸਤਿਗੁਰਾਂ ਨੂੰ ਪਿੱਠ ਦੇ ਖਲੋਣ ਵਾਲਾ ਦੁਸ਼-ਕਰਮ ਹੈ ।

੪੩- **ਹਿੰਦੂ ਅੰਨ੍ਹਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥ ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥ ੪ ॥**[੮੭੫]-੩-੭

ਉਪ੍ਰੋਕਤ ਗੁਰਬਾਣੀ ਸ਼ਬਦਾਂ ਦੀ ਵਿਚਾਰ ਤੋਂ ਸਪੱਸ਼ਟ ਹੋਇਆ ਹੈ ਕਿ--

**(੧)** ਜਿਸ ਵਿਧੀ ਵਿਧਾਨ ਵਾਲੀ ਅਤੇ ਜਿਸ ਆਸ਼ੇ ਨਾਲ ਬ੍ਰਾਹਮਣ ਨੇ ਦੇਵੀ ਦੇਵਤੇ ਦੀ ਪੂਜਾ ਅਰੰਭ ਕਰਵਾਈ ਹੋਈ ਹੈ ਉਸ ਪੂਜਾ ਦਾ ਗੁਰਮਤਿ ਵਿਚ ਕੋਈ ਥਾਂ ਨਹੀਂ ਹੈ ।

**(੨)** ਸਤਿਗੁਰਾਂ ਦੀ ਪੂਜਾ ਦਾ ਅਰਥ ਹੈ ਗੁਰੂ-ਸ਼ਬਦ ਦੀ ਵਿਚਾਰ ਨਾਲ ਜੁੜ ਕੇ ਗੁਰੂ ਗਿਆਨ ਨੂੰ ਸਮਝਣਾ ਅਤੇ ਉਸ ਅਨੁਸਾਰ ਆਪਣੀ ਜੀਵਨ ਜੁਗਤ ਦੀ ਘਾੜਤ ਘੜਨੀ ।

**(੩)** ਡੂੰਘੀ ਸ਼ਰਧਾ ਅਤੇ ਸਤਿਕਾਰ ਨਾਲ ਪਰਮਾਤਮਾ ਦੇ ਗੁਣਾ ਦੀ ਵਿਚਾਰ ਕਰਨੀ, ਪ੍ਰਭੂ ਦਾ ਪਿਆਰ ਹਿਰਦੇ ਵਿਚ ਵਸਾ ਕੇ ਉਸ ਦੀ ਸਦੀਵੀ ਯਾਦ ਵਿਚ ਮਨ ਲਾਉਣਾ, ਸਾਰੇ ਜੀਵਾਂ ਵਿਚ ਉਸ ਪ੍ਰਭੂ ਦੇ ਦਰਸ਼ਨ ਕਰਨ ਵਾਲੀ ਸੋਝੀ ਪ੍ਰਪਤ ਕਰਨੀ, ਹਿਰਦੇ ਤੋਂ ਪ੍ਰਭੂ ਦਾ ਸਿਮਰਨ, ਪ੍ਰਭੂ ਦੀ ਸੱਚੀ ਪੂਜਾ ਹੈ ।

ਗੁਰਮਤਿ ਗਿਆਨ ਏਸੇ ਪੱਖ ਨੂੰ ਦ੍ਰਿੜ ਕਾਉਣ ਵਾਲੇ ਕੁਝ ਹੋਰ ਗੁਰੂ ਬਾਣੀ ਸ਼ਬਦਾਂ ਦੀ ਸੂਚੀ:---

| | | | | | |
|---|---|---|---|---|---|
| ੧= [੭੫ ]-੨(੨) | ੨= [੨੦]-੧੭(੪) | ੩= [੧੯੧]-੫੭-੧੨੬(੧) | ੪= [੨੧੪]-੧-੧੫੯(੪) | ੫ =[੨੪੮]-੧(੩) | ੬= [੨੫੭]-੩੨(੧) |
| ੭= [੫੭੬]-੧(੧) | ੮= [੨੧੫]-੨-੧੬੦(੧) | ੯=[੫੫੭]-੩(੧) | ੧੦=[੭੫੬]-੧(੫) | ੧੧=[੭੫੬]-੧(੭) | ੧੨=[੭੫੮]-੧-੨੧(੩) |
| ੧੩=[੮੧੦]-੧੧-੪੧(੧) | ੧੪=[੮੨੪]-੧੬-੧੦੨(ਰਹਾ) | ੧੫=[੫੩੧]-੧੬(੨) | ੧੬=[੭੬੬]-੨-(੫) | ੧੭=[੫੪੨]-੧(੩) | ੧੮=[੮੦੪]-੪-੯(੪) |
| ੧੯=[੪੫੦]-੧੨-੧੯(੨) | ੨੦=[੪੫੧]-੪(੨) | ੨੧=[੩੦੩]-ਵਾ-੮(੨) | ੨੨=[੮੩੧]-੧(੮) | ੨੩=[੧੧੦੯]-੧(੧੫) | ੨੪=[੬੧੦]-੭(੧) |
| ੨੫=[੬੯੪]-੩(੩) | ੨੬=[੭੦੦]-੨-੩(੧) | ੨੭=[੭੫੬]-੧-੩(੨੨) | ੨੮=[੯੮੦]-੧-੧੦-੧੯(੍ਾ) | ੨੯=[੧੨੧੩]-੨੩-੪੬(੧) | ੩੦=[੧੩੨੦]-੍ਾ-੩(੩) |
| ੩੧=[੫੪੨]-੧(੩) | ੩੨=੮੪੧]-੧(੭) | ੩੩=[੮੦੫]-੧੦-੧੫(੨) | ੩੪=[੧੧੩੭]-੮(੨) | ੩੫=[੧੨੨੨]-੭੦-੯੩(੧) | ੩੬=[੮੩੬]-੫(੩) |
| ੩੭=[੮੭੮]-੮(੧) | ੩੮=[੭੧੯]-ਵਾ-੩(੧) | ੩੯=[੮੭੪]-੨-੬(੩) | ੪੦=[੮੮੧]-੩(੪) | ੪੧=[੮੮੬]-੩-੧੪(੩) | ੪੨=[੯੮੬]-੬(੨) |
| ੪੩=[੧੦੮੦]-੨-੯(੭) | ੪੪=[੧੦੯੪]-ਵਾ-੧(੧) | ੪੫=[੧੨੦੭]-੧-੧੫(੨) | ੪੬=[੩੧੬੩]-੪(੨) | ੪੭=[੧੩੦੪]-੧-੩੩(੧) | ੪੮=[੧੮੫]-੨੩-੯੨(੧) |
| ੪੯=[੧੧੩੬]-੩(੩) | ੫੦=[੧੨੧੦]-੧੦-੩੩(੧) | ੫੧=[੧੨੬੫]-੭(੪) | ੫੨=[੧੩੦੬]੩-੪੨(੨) | ੫੩=[੬੧੧]-੧-੧੨(੩) | ੫੪=[੧੩੪੮]-੩(੬) |
| ੫੫=[੧੪੨੧]-੫ | | | | | |

ਆਪਣੇ ਸਤਿਗੁਰੂ ਜੀ ਦੀ ਸਿਖਿਆ ਨੂੰ ਭੁੱਲ ਭੁਲਾ ਕੇ ਅਸੀਂ, ਨਿਰਜਿੰਦ ਦੇਵੀ ਦੇਵਤਿਆਂ, ਕਬਰਾਂ, ਮੜ੍ਹੀਆਂ-ਮਸਾਣਾ, ਸ਼ਹੀਦਾਂ ਦੀ ਜਗਾਹ, ਬੇਰੀਆਂ, ਗੁੱਗੇ ਦੀ ਦਰਗਾਹ ਆਦਿ ਨੂੰ ਪੂਜਦੇ ਹਾਂ । ਸਿੱਖਾਂ ਦੇ ਕਈ ਪਰਵਾਰ ਵੈਸ਼ਨੋ ਦੇਵੀ ਜਾਂਦੇ ਦੇਖੇ ਜਾ ਸਕਦੇ ਹਨ ਅਤੇ ਪਿੰਡ ਛੱਪਾਰ (ਜ਼ਿਲ੍ਹਾ ਲੁਧਿਆਣਾ) ਵਿਖੇ ਗੁੱਗੇ ਪੀਰ ਦੀ ਕਬਰ ਤੇ ਮੇਲੇ ਦੀ ਸ਼ਕਲ ਵਿੱਚ ਤਾਂ ਹਜ਼ਾਰਾਂ ਦੀ ਗਿਣਤੀ ਵਿੱਚ ਗੁਰੂ ਦੇ ਸਿੱਖ ਜਾ ਕੇ ਸੁਖਣਾ ਲਾਹੁੰਦੇ ਹਨ । ਪੁਸਤਕ ਦੇ ਦੂਜੇ ਭਾਗ ਵਿਚਲੇ " ਸੁਖਣਾ " ਲੇਖ ਵਿਚ ਇਸ ਬਾਰੇ ਹੋਰ ਵੀ ਬੜਾ ਵਿਸਥਾਰ ਨਾਲ ਚਾਨਣਾ ਪਾਇਆ ਹੋਇਆ ਹੈ ।

ਇੱਕ ਇੱਕ ਸਿਧਾਂਤ ਨੂੰ ਸਮਝਾਉਣ ਲਈ ਕਈ ਕਈ ਗੁਰੂ ਸ਼ਬਦ ਲਿਖਣ ਦੀ ਸਤਿਗੁਰਾਂ ਦੀ ਮਿਹਰ ਨੂੰ ਵਿਅਰਥ ਮੰਨ ਕੇ ਬਿੱਪ੍ਰ ਰੀਤੀ ਦੇ ਧਾਰਨੀ ਬਣ ਜਾਣਾ, ਸਤਿਗੁਰਾਂ ਦੀਆਂ ਨਜ਼ਰਾਂ ਵਿੱਚ ਬੇਪ੍ਰਤੀਤੇ ਬਣਨਾ ਹੈ । ਸਤਿਗੁਰਾਂ ਦੀ ਮਿਹਰ ਅਤੇ ਪਿਆਰ ਵਾਲੀ ਨਿਗਾਹ ਨੂੰ ਸਦਾ ਲਈ ਗੁਆ ਲੈਣਾ ਹੈ--**ਆਪਨੀ ਪਰਤੀਤਿ ਆਪ ਹੀ ਖੋਵੈ ॥ ਬਹੁਰ ਉਸ ਕਾ ਬਿਸਵਾਸ ਨਾ ਹੋਵੈ ॥**[੨੬੮] ਜੇ ਗੁਰੂ ਰੁੱਸ ਗਿਆ ਤਾਂ ਫਿਰ ਮਾਣ ਸਤਿਕਾਰ ਵਾਲਾ ਕੋਈ ਮਾਮੂਲੀ ਟਿਕਾਣਾ ਲੱਭਣਾ ਵੀ ਔਖਾ ਹੈ, ਤੇਜ ਪਰਤਾਪ ਦੀ ਗੱਲ ਹੀ ਦੂਰ ਹੈ। ਭੀਖਾ ਨਾਮੀ ਕਵੀ ਦਾ ਕਥਨ ਹੈ:-

**ਭੀਖਾ ਵੁਹ ਨਰ ਕੌਣ ਹੈਂ ਜੋ ਗੁਰ ਕੋ ਕੀਤੇ ਅਉਰ ।**
**ਰੱਬ ਰੁਠੇ ਗੁਰ ਮੇਲਤਾ, ਗੁਰ ਰੁਠੇ ਨਹੀਂ ਠਉਰ । ੧ ।**

੧੩

# ਆਰਤੀ

੪੪- **ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ ॥ ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥**
**ਕਾਮ ਕ੍ਰੋਧ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ ॥ ੨ ॥**[੫੦]-੨੧-੯੧

ਲੋਭੀ ਮਨੁੱਖ ਕਿਸੇ ਦਾ ਮਿੱਤਰ ਨਹੀਂ ਅਤੇ ਉਸ ਨੂੰ ਕਿਸੇ ਧਰਮ ਅਸਥਾਨ ਦੀ ਪਵਿੱਤ੍ਰਾ ਅਤੇ ਸ਼ੁੱਧਤਾ ਨਾਲ ਕੋਈ ਵਾਸਤਾ ਨਹੀਂ । ਮਾਇਆ ਹੀ ਉਸ ਦਾ ਸਭ ਕੁਝ ਹੁੰਦੀ ਹੈ । ਮਾਇਆ ਦੀ ਉਗਰਾਹੀ ਕਿਵੇਂ ਹੋ ਸਕਦੀ ਹੈ ਉਸ ਲਈ ਏਹੀ ਸੋਚ ਉਸ ਦਾ ਧਰਮ ਹੈ ਅਤੇ ਏਹੋ ਵਿਚਾਰ ਉਸ ਦੀ ਜਿੰਦਗੀ ਦਾ ਮੰਤਵ ਰਹਿ ਗਿਆ ਹੁੰਦਾ ਹੈ । ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ਤਵਾ ਹੈ-- " **ਜਹਾ ਲੋਭੁ ਤਹ ਕਾਲੁ** " [੧੩੭੨] ਲੋਭੀ ਮਨੁੱਖ ਦੀ ਆਤਮਕ ਮੌਤ ਹੋ ਚੁੱਕੀ ਹੁੰਦੀ ਹੈ । ਲਾਭ ਹੁੰਦਾ ਹੋਵੇ ਤਾਂ ਲੋਭੀ ਮਨੁੱਖ ਕਿਸੇ ਵੀ ਪਾਪ-ਕਰਮ ਤੋਂ ਨਹੀਂ ਝਿਜਕਦਾ । ਦੇਵਤੇ ਨੂੰ ਵਰਤ ਕੇ ਵੱਧ ਤੋਂ ਵੱਧ ਮਾਇਆ ਠੱਗਣ ਲਈ ਹੀ ਪੂਜਾ, ਅਰਚਾ, ਵੰਦਨਾ ਅਥਵਾ ਦਾਨ ਪੁੰਨ ਦਾ ਜਾਲ ਵਿਛਾ ਲੈਣ ਦੇ ਨਾਲ, ਸਭ ਤੋਂ ਦੁਖਦਾਈ ਅਤੇ ਪਰਮਾਤਮਾ ਦੀ ਹੇਠੀ ਕਰਨ ਵਾਲਾ ਕਰਮ " **ਆਰਤੀ** " ਕਰਨ ਦੀ ਮਰਯਾਦਾ ਵੀ ਬ੍ਰਾਹਮਣ ਦੀ ਹੀ ਲੰਪਟੀ ਰੁਚੀ ਦੀ ਦੇਣ ਹੈ । ਜਿਸ ਢੰਗ ਦਾ ਅਸਰ ਅਗਿਆਨੀ ਸ਼ਰਧਾਲੂ ਦੇ ਮਨ ਤੇ ਆਰਤੀ ਵਾਲਾ ਡਰਾਮਾ ਪਾਉਂਦਾ ਹੈ ਏਨਾ ਡੂੰਘਾ ਅਸਰ ਹੋਰ ਕਿਸੇ ਪੂਜਾ ਪਾਠ ਨਾਲ ਨਹੀਂ ਪੈਂਦਾ । ਅੱਗੇ ਚੱਲਣ ਤੋਂ ਪਹਿਲਾਂ ਇਹ ਸਮਝ ਲਈਏ **ਕਿ ਆਰਤੀ ਦਾ ਬ੍ਰਾਹਮਣੀ ਅਰਥ-ਭਾਵ** ਕੀ ਹੈ ?

ਮਹਾਨ ਕੋਸ਼ ਦੇ ੧੦੪ ਸਫ਼ੇ ਤੇ ਆਰਤੀ ਦੀ ਵਿਆਖਿਆ ਇਨ੍ਹਾਂ ਸ਼ਬਦਾਂ ਵਿਚ ਕੀਤੀ ਹੋਈ ਹੈ:--

> ' ਦੇਵਤੇ ਦੀ ਮੂਰਤੀ ਅਥਵਾ ਕਿਸੇ ਪੂਜਯ ਅੱਗੇ ਦੀਵੇ ਘੁਮਾ ਕੇ ਪੂਜਨ ਕਰਨਾ । ਆਰਤੀ ਦਿਨ ਨੂੰ ਵੀ ਕੀਤੀ ਜਾਂਦੀ ਹੈ ਇਸ ਲਈ ਆਰਾਤ੍ਰਿਕ ਸੰਗਯਾ ਹੈ । ਹਿੰਦੂਮਤ ਅਨੁਸਾਰ ਚਾਰ ਵਾਰ ਚਰਣਾ ਅੱਗੇ, ਦੋ ਵਾਰ, ਨਾਭਿ ਤੇ, ਇੱਕ ਵਾਰ ਮੂੰਹ ਉਤੇ ਅਤੇ ਸੱਤ ਵਾਰ ਸਾਰੇ ਸਰੀਰ ਉੱਪਰ ਦੀਵੇ ਘੁਮਾਉਣੇ ਚਾਈਏ, ਅਰ ਦੀਵੇ ਇੱਕ ਤੋਂ ਲੈਕੇ ਸੌ ਤੀਕ ਜਗਾਉਣੇ ਵਿਧਾਨ ਹਨ। ਸਤਿਗੁਰੂ ਨਾਨਕ ਦੇਵ ਨੇ ਇਸ ਆਰਤੀ ਦਾ ਨਿਸ਼ੇਧ ਕਰਕੇ ਕਰਤਾਰ ਦੀ ਪ੍ਰਾਕ੍ਰਿਤਕ (ਕੁਦਰਤੀ) ਦੀ ਮਹਿਮਾ ਦੱਸੀ ਹੈ ।

ਥਾਲੀ ਵਿਚ ਦੀਵੇ ਰੱਖ ਕੇ ਭਗਵਾਨ ਦੀ ਆਰਤੀ ਕਰਨ ਦਾ ਸਿੱਧਾ ਅਰਥ ਹੈ, ਭਗਵਾਨ ਨੂੰ ਨੀਵਾਂ ਕਰਨਾ । ਉਸ ਦੀ ਬੇਅੰਤਤਾਈ ਨੂੰ ਥਾਲੀ ਵਿਚ ਪਾ ਕੇ ਉਸੇ ਦੇ ਅੱਗੇ ਫੇਰਨ ਦੀ ਕਲਪਣਾ ਭਗਵਾਨ ਦੀ ਪੂਜਾ ਭਾਵ ਆਦਰ ਨਹੀਂ ਸਗੋਂ ਧਾਰਮਿਕ ਨਿਰਾਦਰੀ ਹੈ । " ਮਹਾਰਾਜੇ " ਨੂੰ " ਮੀਆਂ " ਕੀ ਕੇ ਬੁਲਾਉਣ ਨਾਲੋਂ ਵੀ ਕ੍ਰੋੜਾਂ ਗੁਣਾ ਨੀਵੀਂ ਗੱਲ ਹੈ ।

ਬਿਲਾਵਲ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ਼ਬਦ ਹੈ ਜਿਸ ਵਿਚ ਅਕਾਲਪੁਰਖ ਦੀ ਬੇਅੰਤਤਾਈ ਦਾ ਜ਼ਿਕਰ ਬੜੇ ਹੀ ਪਰਭਾਵਸ਼ਾਲੀ ਸ਼ਬਦਾਂ ਦੁਆਰਾ ਕੀਤਾ ਹੈ ਪਰ ਅਕਾਲ ਪੁਰਖ ਨੂੰ ਸੰਬੋਧਨ ਕਰਕੇ ਇਉ ਕੀ ਲਿਆ:---

੪੫- **ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥ ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨਾ ਜਾਈ ॥ ੧ ॥**
**ਤੇਰੇ ਗੁਣ ਗਾਵਾ ਦੇਹਿ ਬੁਝਾਈ ॥ ਜੈਸੇ ਸਚ ਮਹਿ ਰਹਉ ਰਜਾਈ ॥ ੧ ॥ ਰਹਾਉ ॥**

ਹੇ ਪ੍ਰਭੂ ! ਤੇਰੀ ਸਿਫ਼ਤਿ ਸਾਲਾਹ ਕਰ ਕੇ ਮੈਂ ਤੇਰੀ ਵਡਿਆਈ ਨਹੀਂ ਕਰ ਰਿਹਾ, (ਇਹ ਤਾਂ ਇਉਂ ਹੀ ਹੈ ਕਿ) ਤੂੰ ਸ਼ਾਹਿਨਸ਼ਾਹ ਹੈਂ, ਤੇ ਮੈਂ ਤੈਨੂੰ ਮੀਆਂ ਆਖ ਰਿਹਾ ਹਾਂ । ਹੇ ਮਾਲਕ ਪ੍ਰਭੂ ! (ਸਿਫ਼ਤਿ ਸਾਲਾਹ ਕਰਨ ਦਾ) ਜਿਤਨਾ ਕੁ ਬਲ ਤੂ ਦਿੰਦਾ ਹੈਂ ਮੈਂ ਉਤਨਾ ਕੁ ਤੇਰੇ ਗੁਣ ਆਖ ਲੈਂਦਾ ਹਾਂ । ਮੈਂ ਮੂਰਖ ਕੋਲੋਂ ਤੇਰੇ ਗੁਣ ਕਥਨ ਨਹੀਂ ਕੀਤੇ ਜਾ ਸਕਦੇ । ਹੇ ਰਜ਼ਾ ਦੇ ਮਾਲਕ-ਪ੍ਰਭੂ ! ਤੂੰ ਸਦਾ ਕਾਇਮ ਰਹਿਣ ਵਾਲਾ ਹੈਂ । ਮੈਨੂੰ ਅਜੇਹੀ ਸਮਝ ਬਖ਼ਸ਼ ਕਿ ਮੈਂ ਤੇਰੀ ਸਿਫ਼ਤਿ ਸਾਲਾਹ ਕਰ ਸਕਾਂ, ਤਾਂ ਜੋ ਮੈਂ ਤੇਰੇ ਚਰਨਾ ਵਿਚ ਟਿਕਿਆ ਰਹਿ ਸਕਾਂ ।

ਬੜੀ ਨਿਮਰਤਾ ਵਾਲੇ ਇਹ ਬਚਨ ਕਹਿ ਕੇ ਫਿਰ ਅੱਗੇ ਜੋ ਸਿਰਜਣ ਹਾਰ ਮਾਲਕ ਦੀ ਵਡਿਆਈ ਵਿਚ ਫ਼ੁਰਮਾਨ ਕੀਤਾ ਉਸ ਦੀ ਤੁੱਲਣਾ ਲੱਭਣੀ ਸੌਖੀ ਨਹੀਂ ਹੈ--

੪੬- **ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ ॥ ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ ॥ ੨ ॥ ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥ ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ ॥ ੩ ॥ ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥ ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾਂ ਖਸਮੈ ਨਾਉ ਨ ਜਾਈ ॥ ੪ ॥** [੭੯੫]-੧

ਇਹੁ ਜਿੰਨਾ ਕੁ ਸੰਸਾਰ ਬਣਿਆ ਹੋਇਆ ਹੈ ਇਹ ਸਾਰਾ ਤੈਥੋਂ ਹੀ ਬਣਿਆ ਹੈ, ਇਹ ਸਾਰਾ ਤੇਰਾ ਹੀ ਵਡੱਪਣ ਹੈ । ਹੇ ਮਾਲਕ-ਪ੍ਰਭੂ ! ਮੈ ਤੇਰੇ ਗੁਣਾਂ ਦਾ ਅੰਤ ਨਹੀਂ ਜਾਣ ਸਕਦਾ । ਮੈਂ ਅੰਨ੍ਹਾ ਹਾਂ (=ਤੁੱਛ-ਬੱਧੀ ਹਾਂ) ਮੇਰੇ ਵਿਚ ਕੋਈ ਐਸੀ ਸਿਆਣਪ ਨਹੀਂ ਹੈ (ਕਿ ਮੈਂ ਤੇਰੇ ਗੁਣਾਂ ਦਾ ਅੰਤ ਜਾਣ ਸਕਾਂ **। ੨ ।** ਮੈਂ ਤੇਰੇ ਗੁਣ ਬਿਲਕੁਲ ਨਹੀਂ ਕੀ ਸਕਦਾ । ਤੇਰੇ ਗੁਣ ਆਖ ਆਖ ਕੇ ਜਦੋਂ ਮੈਂ ਵੇਖਦਾ ਹਾਂ (ਤਾਂ ਮੈਨੂੰ ਸਮਝ ਆਉਂਦੀ ਹੈ ਕਿ) ਤੇਰਾ ਸਰੂਪ ਕੀਣ ਤੋਂ ਪਰੇ ਹੈ, ਮੈਂ ਕਥਨ ਕਰਨ ਜੋਗਾ ਨਹੀਂ ਹਾਂ । ਜੇ ਤੈਨੂੰ ਭਾ ਜਾਵੇ ਤਾਂ ਮੈਂ ਤੇਰੀ ਰਤਾ ਮਾਤ੍ਰ ਹੀ ਵਡਿਆਈ ਆਖ ਸਕਦਾ ਹਾਂ **। ੩ ।** (ਹੇ ਪ੍ਰਭੂ ! ਏਥੇ ਕਾਮਾਦਿਕ) ਅਨੇਕਾਂ ਕੁੱਤੇ ਹਨ, ਮੈ (ਇਨ੍ਹਾਂ ਵਿਚ) ਓਪਰਾ (ਆ ਫਸਿਆ) ਹਾਂ, (ਜਿੰਨੀ ਤੇਰੀ ਸਿਫ਼ਤਿ ਸਾਲਾਹ ਕਰਦਾ ਹਾਂ ਉਹ ਵੀ ਮੈਂ) ਆਪਣੇ ਇਸ ਸਰੀਰ ਨੂੰ (ਕਾਮਾਦਿਕ ਕੁੱਤਿਆਂ ਤੋਂ ਬਚਣ ਲਈ ਭੌਂਕਦਾ ਹੀ ਹਾਂ) । (ਮੈਨੂੰ ਇਹ ਧਰਵਾਸਾ ਹੈ ਕਿ) ਜੇ ਤੇਰਾ ਦਾਸ ਨਾਨਕ ਭਗਤੀ ਤੋਂ ਸੱਖਣਾ ਵੀ ਹੈ (ਤਾਂ ਵੀ ਤੂੰ ਮੇਰੇ ਸਿਰ ਤੇ ਰਾਖਾ ਮੇਰਾ ਖ਼ਸਮ ਹੈਂ, ਤੇ ਤੈਂ) ਖ਼ਸਮ ਦੀ ਇਹ ਸੋਭਾ ਦੂਰ ਨਹੀਂ ਹੋ ਗਈ (ਕਿ ਤੂੰ ਮੁੱਢ ਕਦੀਮਾ ਤੋਂ ਸਰਨ ਆਏ ਦੀ ਸਹੈਤਾ ਕਰਦਾ ਆਇਆ ਹੈਂ)

ਧੰਨ ਹਨ ਗੁਰਦੇਵ ਜੀ, ਕਾਦਰ ਦੀ ਬੇਅੰਤਾਈ ਦਾ ਵਿਸਥਾਰ ਕਥਨ ਕਰਨ ਵਿਚ ਵੀ ਕੋਈ ਕਸਰ ਨਹੀਂ ਹੈ ਪਰ ਇਸ ਕਥਨ ਨੂੰ ਵੀ " ਸੁਲਤਾਨ ਨੂੰ ਮੀਆਂ " ਕਹਿਣ ਤੁੱਲ ਸਮਝਦੇ ਹਨ । ਗੁਰੂ ਨਾਨਕ ਪਾਤਸ਼ਾਹ ਜੀ ਜਗਨਨਾਥ ਪੁਰੀ ਗਏ ਤਾਂ, ਉਥੋਂ ਦਾ ਰਾਜਾ ਸਤਿਗੁਰਾਂ ਨੂੰਜਗਨ-ਨਾਥ (=ਕ੍ਰਿਸ਼ਨ ਮੂਰਤੀ) ਦੀ ਆਰਤੀ ਉਤਾਰਨ ਲਈ ਮੰਦਰ ਲੈ ਵੜਿਆ । ਬ੍ਰਾਹਮਣਾ ਦੀ ਮਿਥੀ ਮਰਯਾਦਾ ਅਨੁਸਾਰ ਆਰਤੀ ਕੀਤੀ ਜਾਣ ਲੱਗ ਪਈ । ਸੋਨੇ ਦੇ ਥਾਲ ਵਿਚ ਹੀਰੇ ਮੋਤੀ ਪਾਏ ਹੋਏ ਹਨ, ਵਿਚਕਾਰ ਚੌਮੁਖੀਏ ਦੀਵੇ ਵਿਚ ਘਿਉ ਪਾ ਕੇ ਚਾਰ ਬੱਤੀਆਂ ਜਗਾਈਆਂ ਹੋਈਆਂ ਹਨ,, ਧੂਪ ਧੁਖ ਰਹੀ ਹੈ, ਚਾਂਦੀ ਦੀ ਰਕੇਬੀ ਵਿਚ ਸੰਦਲ ਬੂਰ ਪਿਆ ਹੈ, ਉਸ ਦੇ ਉੱਤੇ ਮੁਸ਼ਕ ਕਾਫ਼ੂਰ ਦੀ ਡਲੀ ਰੱਖ ਕੇ ਅੱਗ ਲਾਈ ਹੋਈ ਹੈ । ਮੂਰਤੀ ਤੇ ਚੌਰ ਹੋ ਰਿਹਾ ਸੀ । ਢੋਲਕੀ, ਛੈਣੇ ਬੀਨ ਆਦਿ ਵੱਜਣ ਲੱਗ ਪਈ । ਗੁਰੂ ਨਾਨਕ ਸਾਹਿਬ ਜੀ, ਮਲਕੜੇ ਬਾਹਰ ਖੁਲ੍ਹੇ ਮੈਦਾਨ ਵਿਚ ਆ ਬਿਰਾਜੇ । ਆਰਤੀ ਖ਼ਤਮ ਹੋ ਗਈ ਤਾਂ ਰਾਜੇ ਨੇ ਆ ਕੇ ਸਤਿਗੁਰਾਂ ਤੋਂ ਪੁਛਿਆ ਕਿ ਉਹ ਬਚਨ ਕਰਕੇ ਵੀ ਜਗਨਨਾਥ ਦੀ ਆਰਤੀ ਵਿਚ ਸ਼ਾਮਲ ਨਹੀਂ ਹੋਏ । ਸਤਿਗੁਰਾਂ ਨੇ ਫ਼ੁਰਮਾਇਆ ਕਿ ਉਹ ਤਾਂ ਜਗਤ ਦੇ ਨਾਥ ਦੀ ਆਰਤੀ ਕਰਦੇ ਰਹੇ ਹਨ ਪਰ ਪਾਂਡਿਆਂ ਸਮੇਤ ਤੁਸਾਂ ਕਿਸੇ ਨੇ ਵੀ ਜਗਨਨਾਥ ਦੀ ਆਰਤੀ ਨਹੀਂ ਕੀਤੀ । ਰਾਜੇ ਨੇ ਆਪਣੇ ਸਾਥੀ ਪਾਂਡਿਆਂ ਵੱਲ ਵੇਖਿਆ ਤਾਂ ਸਾਰਿਆਂ ਨੇ ਕਿਹਾ ਕਿ ਉਨ੍ਹਾਂ ਸਾਰਿਆਂ ਨੇ ਜਗਨ ਨਾਥ ਦੀ ਆਰਤੀ ਉਤਾਰੀ ਹੈ ਪਰ ਗੁਰੂ ਨਾਨਕ ਦੇਵ ਜੀ ਜਾਣ ਬੁੱਝ ਕੇ ਆਰਤੀ ਵਿਚ ਸ਼ਾਮਲ ਨਹੀਂ ਹੋਏ । ਸਤਿਗੁਰਾਂ ਨੇ

ਬਚਨ ਕੀਤਾ ਕਿ ਜਗਤ ਦੇ ਨਾਥ ਦੀ ਆਰਤੀ ਮਨੁੱਖ ਭਲਾ ਕਿਵੇਂ ਉਤਾਰ ਸਕਦਾ ਹੈ ? ਉਸ ਕਰਤਾਰ ਦੀ ਆਰਤੀ ਤਾਂ ਸਾਰਾ ਬ੍ਰਹਮੰਡ ਨਿਰੰਤਰ ਕਰ ਰਿਹਾ ਹੈ । ਸਤਿਗੁਰਾਂ ਨੇ ਧਨਾਸਰੀ ਰਾਗ ਵਿਚ ਸ਼ਬਦ ਉਚਾਰਿਆ ਜੋ ਸੋਹਿਲੇ ਜੀ ਦਾ ਪਾਠ ਕਰਨ ਸਮੇਂ ਸਾਰੇ ਨਿਤਨੇਮੀ ਪੜ੍ਹਦੇ ਹਨ :--

੪੭- **ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥ ਧੂਪ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥ ੧ ॥ ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥ ਅਨਹਤਾ ਸਬਦ ਵਾਜੰਤ ਭੇਰੀ ॥ ੧ ॥ ਰਹਾਉ ॥ ....** [੬੬੩]-੧-੭-੯

**ਪਦ ਅਰਥ:**--ਗਗਨ=ਆਕਾਸ਼ । ਗਗਨ ਮੈ=ਆਕਝਸ਼ ਰੂਪ, ਸਾਰਾ ਆਕਾਸ਼ । ਦੀਪਕ=ਦੀਵੇ । ਜਨਕ=ਜਾਣੋ, ਮਾਨੋ ਜਿਵੇਂ । ਮਲਆਨਲੋ=ਮਲਯ ਪਹਾੜ ਵਲੋਂ ਆਉਣ ਵਾਲੀ ਹਵਾ (ਅਨਲ=ਹਵਾ) ਮਲਯ ਪਰਬਤ ਉਤੇ ਚੰਦਨ ਦੇ ਬੂਟੇ ਹੋਣ ਕਰ ਕੇ ਉਧਰੋਂ ਆਉਣ ਵਾਲੀ ਹਵਾ ਸੁਗੰਧੀ ਵਾਲੀ ਹੁੰਦੀ ਹੈ । ਮਲਯ ਪਹਾੜ ਭਾਰਤ ਦੇ ਦੱਖਣ ਵਿਚ ਹੈ । ਬਨਰਾਇ=ਬਨਾਸਪਤੀ । ਫੂਲੰਤ=ਫੁੱਲ ਦੇ ਰਹੀ ਹੈ । ਜੋਤੀ=ਜੋਤਿ-ਰੂਪ ਪ੍ਰਭੂ । ੧ । ਭਵਖੰਡਨਾ=ਹੇ ਜਨਮ ਮਰਨ ਕੱਟਨ ਵਾਲੇ । ਅਨਹਤਾ=[ਅਨ-ਹਤ] ਜੋ ਬਿਨਾ ਵਜਾਏ ਵੱਜੇ, ਇੱਕ-ਰਸ । ਸ਼ਬਦ=ਆਵਾਜ਼, ਜੀਵਨ-ਰੌ । ਭੇਰੀ=ਡੱਫ, ਨਗਾਰਾ । ੧ । ਰਹਾਉ ।

ਉਪ੍ਰੋਕਤ ਗੁਰੂ ਸ਼ਬਦ ਵਿਚ ਵਰਣਨ ਪਰਮਾਤਮਾ ਦੀ ਆਰਤੀ ਵਿਚਲੀ ਸਮੱਗਰੀ ਦੇ ਕਰਮ ਵਾਰ ਬਦਲ ਦਾ (ਹੇਠਾਂ ਲਿਖਿਆ) ਵੇਰਵਾ ਦੇ ਕੇ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ ਕਿ ਆਪਣੇ ਭਗਵਾਨਾਂ ਅਤੇ ਦੇਵੀ ਦੇਵਤਿਆਂ ਦੀ ਹੇਠੀ ਕਰ ਗਿੜੇ ਹੋਏ ਬਿੱਪ੍ਰ ਜੀ ਨੇ ਇਸ ਆਰਤੀ-ਪਖੰਡ ਨਾਲ, ਸਿਰਜਣ ਹਾਰ ਦੀ ਕਿਵੇਂ ਘਟੀਆ ਮਸਖ਼ਰੀ ਕਰਨੀ ਅਰੰਭੀ ਹੋਈ ਹੈ:--

**(੧)** ਅਨੰਤ ਵਿਸਥਾਰ ਵਾਲੀ ਸ੍ਰਿਸ਼ਟੀ ਦੇ ਸਾਰੇ ਆਕਾਸ਼= (ਆਸਮਾਨ ਅਥਵਾ ਸਾਰੇ ਪੁਲਾੜ-)-ਰੂਪੀ ਥਾਲ ਦੇ ਥਾਂ ਇੱਕ ਛੋਟੀ ਜਿਹੀ ਥਾਲੀ ਫੜ ਲਈ ,

**(੨)** ਪੁਲਾੜ ਵਿਚਲੇ ਅਰਬਾਂ ਖਰਬਾਂ ਤਾਰਿਆਂ ਦੇ ਥਾਂ ਧਰਤੀ ਦੀ ਮੈਲ, ਗਿਣਤੀ ਦੇ ਹੀਰੇ ਮੋਤੀ-[ **ਮੈਲਾ ਮੋਤੀ ਮੈਲਾ ਹੀਰੁ** ॥ ਪੰਨਾ-੧੧੫੮]**,**

**(੩)** ਅਥਾਹ ਅਤੇ ਅਪਾਰ ਪੁਲਾੜ ਵਿਚਲੇ ਅਣਗਿਣਤ ਸੂਰਜ ਅਤੇ ਚੰਦ ਪ੍ਰਕਾਸ਼ ਰੂਪ ਪ੍ਰਭੂ ਦੀ ਜੋਤਿ ਤੋਂ ਚਾਨਣਾ ਲੈ ਕੇ ਨਿਰੰਤਰ ਜਗਮਗਾ ਰਹੇ ਹੋਣ, ਉਨ੍ਹਾਂ ਦੇ ਥਾਂ ਇੱਕ (੧) ਜਾਂ ਸੌ (੧੦੦) ਮਿੱਟੀ ਦੇ ਦੀਵੇ,

**(੪)** ਅਥਾਹ ਰੱਬੀ ਜੋਤਿ ਦੇ ਅਥਾਹ ਪ੍ਰਕਾਸ਼ ਦੇ ਥਾਂ ਦੀਵਿਆਂ ਵਿਚ ਮਾਮੂਲੀ ਜਹੀ ਲੋ ਦੇ ਸਕਣ ਵਾਲਾ ਘਿਉ ਰੂੰ ਦੀਆਂ ਬਤੀਆਂ ਵਿਚ ਜਗਾ ਲਿਆ,

**(੫)** ਚੰਦਨ ਦੇ ਰੁਖਾਂ ਨਾਲ ਭਰੇ ਮਲ ਪਹਾੜ ਵਲੋਂ ਸੁਗੰਧੀ ਭਰੀ ਖ਼ੁਸ਼ਬੂਆਂ ਖਿਲਾਰਦੀ ਆ ਰਹੀ ਹਵਾ ਦੇ ਥਾਂ ਥੋਹੜਾ ਜਿਹਾ ਧੂਪ ਤੇ ਮੁਸ਼ਕ ਕਾਫ਼ੂਰ,

**(੬)** ਜਿਥੇ ਸਾਰੀ ਸ੍ਰਿਸ਼ਟੀ ਵਿਚ ਚੱਲਣ ਵਾਲੀ ਹਵਾ ਚੌਰ ਕਰ ਰਹੀ ਹੈ ਉਥੇ ਥੋੜੇ ਜਿਹੇ ਵਾਲਾਂ ਦਾ ਮਾੜਾ ਜਿਹਾ ਮੈਲਾ ਚੌਰ ਫੜ ਲਿਆ।

**(੬)** ਜਿਥੇ ਸ੍ਰਿਸ਼ਟੀ ਦੀਆਂ ਅਣਗਿਣਤ ਧਰਤੀਆਂ ਦੀ ਅਥਾਹ ਬਨਾਸਪਤੀ (ਜੋਤਿ-ਰੂਪ ਪ੍ਰਭੂ ਦੀ ਆਰਤੀ ਲਈ) ਫੁੱਲ ਦੇ ਰਹੀ ਹੈ ਥੁਹੜੇ ਜਿਹੇ ਫੁੱਲ ਲਿਆ ਰੱਖੇ,

**(੭)** ਜਿਥੇ ਅਨੰਤ ਜੀਵਾਂ ਵਿਚ ਰੁਮਕ ਰਹੀ ਇੱਕ ਰਸ ਜੀਵਨ-ਰੌ ਪ੍ਰਭੂ ਦੀ ਆਰਤੀ ਵਾਸਤੇ ਮਾਨੋ ਨਗਾਰੇ ਦੀ ਅਥਾਹ ਗੁੰਜਾਰ ਪੈ ਰਹੀ ਹੋਵੇ ਉਥੇ ਪਾਂਡਿਆਂ ਦੀ ਢੋਲਕੀ ਅਤੇ ਛੈਣੇ ਕੀ ਅਰਥ ਰੱਖਦੇ ਹਨ ?

ਸਤਿਗੁਰਾਂ ਨੇ ਤਾਂ ਪ੍ਰਭੂ ਦੀ ਵਡਿਆਈ ਵਿਚ ਉਚਾਰੇ ਬੜੇ ਕੀਮਤੀ ਬਚਨਾ ਨੂੰ ਵੀ ਪਰਮਾਤਮਾ ਦੀ ਤੁੱਛ ਵਡਿਆਈ ਸਮਝ ਕੇ ਸੁਲਤਾਨ ਨੂੰ ਮੀਆਂ ਕੀਣ ਦਾ ਦੋਸ਼ ਮੰਨਿਆਂ ਹੈ । ਏਧਰ ਸੁਲਤਾਨਾਂ ਦੇ ਸੁਲਤਨ ਨੂੰ ਮਾਮੂਲੀ ਜਿਹੇ ਮਨੁੱਖ ਦੇ ਤੁੱਲ ਲੈ ਆਉਣ ਵਾਲੇ ਪਖੰਡ ਨੂੰ ਪ੍ਰਭੂ ਦੀ ਵਡਿਆਈ ਦਾ ਨਾਮ ਦਿੱਤਾ ਜਾ ਰਿਹਾ ਹੈ । ਪ੍ਰੋਹਿਤ ਨੇ ਆਪਣੀ ਤ੍ਰਿਸ਼ਨਾ-ਪੂਰਤੀ ਦੀ ਯੋਜਨਾ ਵਿਚ ਲੋਕਾਂ ਦੇ ਮਨਾ ਨੂੰ ਭਰਮਾਉਣ ਲਈ ਪਖੰਡ ਰਚਾਇਆ ਸੀ । ਕੁਟਲ-ਬਿੱਪ੍ਰੀ-ਰੀਤ ਦੁਆਰਾ ਸਿਰਜਣਹਾਰ ਨਾਲ ਕੀਤੀ ਜਾ ਰਹੀ ਮਸਖ਼ਰੀ ਨੂੰ, ਪ੍ਰਭੂ ਦੀ ਆਰਤੀ, ਭਾਵ, ਆਦਰ ਕਰਨ ਦੀ ਮਰਯਾਦਾ ਬਣਾ ਲਿਆ । ਫਿਰ ਵਡੀ ਦਲੇਰੀ ਭਰਿਆ ਬ੍ਰਾਹਮਣ ਦਾ ਕਾਰਾ ਇਹ ਹੈ, ਕਿ ਦੀਵਿਆਂ ਵਾਲੀ ਜਿਸ ਥਾਲੀ ਨੂੰ ਭਗਵਾਨ ਦੀ ਆਰਤੀ ਵਿਚ ਵਰਤਦਾ ਹੈ, ਉਸੇ ਤਰ੍ਹਾਂ ਦੇ ਦੀਵਿਆਂ ਵਾਲੀ ਥਾਲੀ ਕਿਸੇ ਸਾਕ ਸੰਬੰਧੀ ਦੀ ਜਾਂ ਕਿਸੇ ਹੋਰ ਪ੍ਰਤਿਸ਼ਟਤ ਮਨੁੱਖ ਦੀ ਆਰਤੀ-ਪੂਜਾ ਕਰਨ ਲਈ ਵਰਤਦਾ ਹੈ । ਕਰਤੇ ਨੂੰ ਮਨੱਖ ਤੋਂ ਵੀ ਨੀਵਾਂ ਕਰਦਾ ਹੋਇਆ ਪੁਜਾਰੀ ਭਗਵਾਨ ਦੀ ਵਡਿਆਈ ਕਹਿ ਰਿਹਾ ਹੈ । ਭਾਵ, ਜਿਵੇ ਕਿਸੇ ਮਨੁੱਖ ਨੂੰ ਉਲੂ ਬਣਾਉਣ ਲਈ ਉਸ ਦੀ ਝੋਲੀ ਚੁੱਕਦਾ ਹੈ ਉਹੀ ਵਿਉਹਾਰ ਪ੍ਰੋਹਿਤ ਆਪਣੇ ਭਗਵਾਨ ਨਾਲ ਕਰਦਾ ਹੈ ।

## ਉਸ ਤੋਂ ਵੀ ਵੱਧ ਦੁਖਦਾਈ ਭਾਣਾ---

ਆਪਣੇ ਇਸ਼ਟ ਨਾਲ ਘਟੀਆ ਕਿਸਮ ਦਾ ਵਿਹਾਰ ਕਰਨ ਵਿਚ ਗੁਰੂ ਦਾ ਸਿੱਖ ਬ੍ਰਾਹਮਣ ਨੂੰ ਵੀ ਕੋਹਾਂ ਪਿੱਛੇ ਛੱਡ ਤੁਰਿਆ ਹੈ । ਸੈਂਕੜੇ ਮੀਲਾਂ ਦਾ ਬਿਖੜਾ ਪੈਂਡਾ ਝਾਗ ਕੇ ਗੁਰੂ ਨਾਨਕ ਦੇਵ ਜੀ ਹਿੰਦੂਆਂ ਦੀ ਪਵਿਤ੍ਰ ਪੁਰੀ ਜਗਨ-ਨਾਥ ਵਿਚ ਪੁੱਜੇ । ਆਪਣੀ ਜਾਨ ਨੂੰ ਖ਼ਤਰੇ ਵਿਚ ਪਾ ਕੇ ਉਥੋਂ ਦੇ ਰਾਜੇ ਦੇ ਹੁਕਮ ਤੋਂ ਵਿਰੁੱਧ ਭਗਵਾਨ ਦੀ ਹੋ ਰਹੀ ਪਖੰਡ-ਆਰਤੀ ਸਮੇਂ ਮੰਦਰ ਵਿਚੋਂ ਬਾਹਰ ਆ ਗਏ । ਓਥੋਂ ਦਿਆਂ ਲੋਕਾਂ ਨੂੰ ਸਿਰਜਣ-ਹਾਰ ਦੀ ਸਦਾ ਤੋਂ ਹੋ ਰਹੀ ਅਪਾਰ ਆਰਤੀ ਦਾ ਗਿਆਨ ਕਰਾਇਆ । ਸ਼ਰਮਨਾਕ ਭਾਣਾ ਇਹ ਵਰਤ ਰਿਹਾ ਹੈ ਕਿ, ਸਤਿਗੁਰਾਂ ਨੇ ਜਿਸ ਆਰਤੀ ਨੂੰ ਫੋਕਾ ਪਖੰਡ ਕਹਿ ਕੇ ਖੰਡਨ ਕੀਤਾ ਸੀ, ਧੂਪ ਦੀਵਿਆਂ ਆਦਿ ਵਾਲੀ ਉਹੀ ਥਾਲੀ ਫੜ ਕੇ ਉਸੇ ਸਤਿਗੁਰੂ ਜੀ ਦੀ ਉਹੀ ਵਰਜਤ ਆਰਤੀ-ਪੂਜਾ ਕਰਨੀ ਅਰੰਭ ਕਰ ਦਿੱਤੀ । (ਭਾਵੇਂ ਸਾਰੇ ਗੁਰੂ ਘਰਾਂ ਵਿਚ ਨਹੀਂ ਪਰ ਸ੍ਰੀ ਹਜ਼ੂਰ ਸਾਹਿਬ ਤੋਂ ਲੈ ਕੇ ਕਈ ਗੁਰੂ ਘਰਾਂ ਵਿਚ ਅਤੇ ਖ਼ਾਸ ਤੌਰ ਦੇ ਸਾਧ-ਡੇਰਿਆਂ ਵਿਚ) ਉਹੀ ਥਾਲੀ ਜੋ ਜਗਨਨਾਥ ਜੀ ਦੀ ਮੂਰਤੀ ਦੇ ਸਾਹਮਣੇ ਘੁਮਾਈ ਜਾ ਰਹੀ ਸੀ, ਦਸਾਂ ਗੁਰਾਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦੇ ਸਾਹਮਣੇ ਘੁਮਾਈ ਜਾ ਰਹੀ ਹੁੰਦੀ ਹੈ । ਜਿਸ ਆਰਤੀ ਦੀ ਖੰਡਨਾ ਜਿੰਨ੍ਹਾ ਗੁਰਬਾਣੀ ਸ਼ਬਦਾਂ ਵਿਚ ਕੀਤੀ ਹੋਈ ਹੈ ਉਹੀ ਸ਼ਬਦ ਉਸੇ ਸਤਿਗੁਰੂ ਜੀ ਦੇ ਦਰਬਾਰ ਵਿਚ ਪਖੰਡ-ਆਰਤੀ ਸਮੇਂ ਗਾਏ ਜਾ ਰਹੇ ਹੁੰਦੇ ਹਨ । ਬ੍ਰਾਹਮਣ ਨੇ ਤਾਂ ਆਰਤੀ ਵਾਲੇ ਮੰਤ੍ਰਾਂ ਵਿਚ ਆਰਤੀ ਕਰਨ ਨੂੰ ਵਡਿਆਇਆ ਹੋਇਆ ਹੈ ਪਰ ਏਧਰ ਜਿੰਨਾਂ ਗੁਰੂ-ਸ਼ਬਦਾਂ ਵਿਚ ਜਿਸ ਆਰਤੀ-ਅਡੰਬਰ ਦੀ ਮਨਾਹੀ ਕੀਤੀ ਹੋਈ ਹੈ ਉਹੀ ਸ਼ਬਦ ਗਾ ਕੇ ਮਾਨੋ, ਸਤਿਗੁਰਾਂ ਨੂੰ ਉਨ੍ਹਾਂ ਦੀ ਬੇਵੱਸਤਾ ਅਥਵਾ ਬੇਚਾਰਗੀ ਦਾ ਅਨੁਭਵ ਕਰਾਇਆ ਜਾ ਰਿਹਾ ਹੁੰਦਾ ਹੈ ।

ਉੱਪਰ ਆ ਚੁੱਕੇ ਸ਼ਬਦ ਦੇ ਨਾਲ **ਆਰਤੀ-ਪੂਜਾ ਸਮੇ** ਗੁਰੂ ਦਰਬਾਰਾਂ ਵਿਚ ਗਾਏ ਜਾ ਰਹੇ ਗੁਰੂ ਬਾਣੀ ਸ਼ਬਦਾਂ ਦਾ ਵੇਰਵਾ--

੪੮- **ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥ ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥ ੧ ॥ ਰਹਾਉ ॥ ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ, ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥ ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ, ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥ ੧ ॥ ਨਾਮੁ ਤੇਰਾ ਦੀਵਾ, ਨਾਮੁ ਤੇਰੋ ਬਾਤੀ, ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥ ਨਾਮ ਤੇਰੇ ਕੀ ਜੋਤਿ**

**ਲਗਾਈ ਭਇਓ ਉਜਿਆਰੋ ਭਵਨ ਸਗਲਾਰੇ ॥ ੨ ॥ ਨਾਮ ਤੇਰੋ ਤਾਗਾ ਨਾਮੁ ਫੂਲ ਮਾਲਾ, ਭਾਰ ਅਠਾਰਹ ਸਗਲ ਜੂਠਾਰੇ ॥ ਤੇਰੋ ਕੀਆ ਤੁਝਹਿ ਕਿਆ ਅਰਪਉ, ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥ ੩ ॥ ਦਸ ਅਠਾ ਅਠ ਸਠੇ ਚਾਰੇ ਖਾਣੀ, ਇਹੈ ਵਰਤਣਿ ਹੈ ਸਗਲ ਸੰਸਾਰੇ ॥ ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿ ਨਾਮੁ ਹੈ ਹਰਿ ਭੋਗ ਤੁਹਾਰੇ ॥ ੪ ॥** [੬੯੪]-੩

**ਪਦ ਅਰਥ**:--ਮਜਨ=ਇਸ਼ਨਾਨ, ਤੀਰਥਾਂ ਦਾ ਇਸ਼ਨਾਨ । ਮੁਰਾਰੇ= (ਬ੍ਰਾਹਮਣੀ ਗ੍ਰੰਥਾਂ ਵਿਚ ' ਮੁਰ ' ਇੱਕ ਦੈਂਤ ਦਾ ਨਾਮ ਹੈ ਅਤੇ ' ਅਰਿ ' ਵੈਰੀ ਨੂੰ ਕੀਂਦੇ ਹਨ, ਮੁਰ ਦੈਂਤ ਦਾ ਵੈਰੀ ਕ੍ਰਿਸ਼ਨ, ਭਾਵ ਪਰਮਾਤਮਾ । ਪਾਸਾਰੇ=ਖਿਲਾਰੇ, ਅਡੰਬਰ । ੧ । ਰਹਾਉ । ਆਸਨੋ=ਉੱਨ ਆਦਿਕ ਦਾ ਕੱਪੜਾ ਜਿਸ ਦੇ ਬੈਠ ਕੇ ਮੂਰਤੀ ਦੀ ਪੂਜਾ ਕੀਤੀ ਜਾਂਦੀ ਹੈ ।ਉਰਸਾ=ਚੰਦਨ ਰਗੜਨ ਵਾਲੀ ਸਿਲ । ਲੇ=ਲੈ ਕੇ । ਛਿਟਕਾਰੇ=ਛਿੜਕਾਈਦਾ ਹੈ । ਅੰਭੁਲਾ=ਪਾਣੀ । ਜਪੇ=ਜਪ ਕੇ । ਤੁਝਹਿ ਕਉ=ਤੈਨੂੰ ਹੀ । ਚਾਰੇ=ਚੜ੍ਹਾਈਦਾ ਹੈ । ੧ । ਬਾਤੀ=ਵੱਟੀ (ਦੀਵੇ ਦੀ) । ਪਸਾਰੇ=ਪਾਈਦਾ ਹੈ । ਸਗਲਾਰੇ=ਸਾਰੇ । ੨ । ਤਾਗਾ=(ਮਾਲਾ ਪਰੋਣ ਲਈ) ਧਾਗਾ । ਭਾਰ ਅਠਾਰਹ=ਸਾਰੀ ਬਨਾਸਪਤੀ, ਜਗਤ ਦੀ ਸਾਰੀ ਬਨਾਸਪਤੀ ਦੇ ਹਰੇਕ ਬੂਟੇ ਦਾ ਇੱਕ ਇੱਕ ਪੱਤਰ ਲੈ ਕੇ ਤੋਲਿਆਂ ੧੮ ਭਾਰ ਬਣਦੇ ਹਨ , ਇੱਕ ਭਾਰ ਪੰਜ ਮਣ ਕੱਚੇ ਦਾ ਹੈ--ਇਹ ਪੁਰਾਣਾ ਖ਼ਿਆਲ ਬਣਿਆ ਆ ਰਿਹਾ ਹੈ । ਜੂਠਾਰੇ=ਜੂਠੇ, ਕਿਉਂਕਿ ਭੌਰੇ ਆਦਿਕਾਂ ਨੇ ਸੁੰਘੇ ਹੁੰਦੇ ਹਨ । ਢੋਲਾਰੇ=ਝੁਲਾਈਦਾ ਹੈ । ੩ । ਦਸ ਅਠਾ=੧੮ ਪੁਰਾਣ । ਅਠਸਠੇ=੬੮ ਤੀਰਥ । ਵੇਰਤਣਿ=ਨਿੱਤ ਦੀ ਕਾਰ । ਭੋਗ=ਨੈਵੇਦ, ਦੁਧ ਖੀਰ ਆਦਿ ਦੇਵਤੇ ਦੀ ਭੇਟਾ ।

ਭਗਤ ਜੀ ਨੇ ਸ਼ਬਦ ਦੇ ਅਰੰਭ ਵਿਚ ਹੀ ਕੀ ਦਿੱਤਾ ਕਿ ਮੇਰੇ ਲਈ ਪ੍ਰਭੂ ਦੇ ਨਾਮ ਦਾ ਸਿਮਰਨ ਹੀ ਆਰਤੀ ਹੈ ਅਤੇ ਨਾਮ ਹੀ ਤੀਰਥਾਂ ਦਾ ਇਸ਼ਨਾਨ ਹੈ । ਪ੍ਰਭੂ-ਨਾਮ ਨੂੰ ਹੀ ਸਭ ਕੁਝ ਦੱਸ ਕੇ ਬੜੇ ਸੋਹਣੇ ਢੰਗ ਨਾਲ, ਬ੍ਰਾਹਮਣ ਦੀ ਮਿਥੀ ਹੋਈ ਆਰਤੀ ਦੀ ਸਾਰੀ ਸਮੱਗ੍ਰੀ ਵਾਲੇ ਅਡੰਬਰ ਦੀ ਖੰਡਨਾਕੀਤੀ ਹੈ । ਏਸੇ ਤਰ੍ਹਾਂ ਹੀ

੪੯- **ਸੁੰਨ ਸੰਧਿਆ ਤੇਰੀ ਦੇਵ ਦੇਵਾਕਰ ਅਧਪਤਿ ਆਦਿ ਸਮਾਈ ॥ ਸਿਧ ਸਮਾਧਿ ਅੰਤੁ ਨਹੀ ਪਾਇਆ ਲਾਗਿ ਰਹੇ ਸਰਨਾਈ ॥ ੧ ॥ ਲੇਹੁ ਆਰਤੀ ਹੋ ਪੁਰਖ ਨਿਰੰਜਨ ਸਤਿਗੁਰ ਪੂਜਹੁ ਭਾਈ ॥ ਠਾਢਾ ਬ੍ਰਹਮਾ ਨਿਗਮ ਬੀਚਾਰੈ ਅਲਖੁ ਨ ਲਖਿਆ ਜਾਈ ॥ ੧ ॥ ਰਹਾਉ ॥ ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕੁ ਦੇਹ ਉਜ੍ਯਾਰਾ ॥ ਜੋਤਿ ਲਾਇ ਜਗਦੀਸ ਜਗਾਇਆ ਬੂਝੈ ਬੂਝਨਹਾਰਾ ॥ ੨ ॥ ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗਪਾਨੀ ॥ ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ ॥ ੩ ॥** [੧੩੫੦]-੫

ਪਦ ਅਰਥ:--ਸੁੰਨ=ਸੁੰਞ, ਅਫੁਰ ਅਵਸਥਾ, ਮਾਇਆ ਦੇ ਮੋਹ ਦਾ ਕੋਈ ਫੁਰਨਾ ਮਨ ਵਿਚ ਨਾ ਉਠਣ ਵਾਲੀ ਅਵਸਥਾ । ਸੰਧਿਆ=ਸਵੇਰੇ, ਦੁਪਹਿਰ ਤੇ ਸ਼ਾਮ ਵੇਲੇ ਦੀ ਪੂਜਾ ਜੋ ਹਰੇਕ ਬ੍ਰਾਹਮਣ ਲਈ ਕਰਨੀ ਯੋਗ ਹੈ । ਦੇਵਾਕਾਰ=ਹੇ ਚਾਨਣ ਦੀ ਖਾਣ ! ਅਧਪਤਿ=ਹੇ ਮਾਲਕ ! ਆਦਿ=ਹੇ ਸਾਰੇ ਜਗਤ ਦੇ ਮੂਲ ! ਸਮਾਈ=ਹੇ ਸਰਬ ਵਿਆਪਕ ! ਸਿਧ=ਜੋਗ ਅਭਿਆਸ ਵਿਚ ਨਿਪੁੰਨ ਜੋਗੀ । ੧ । ਪੁਰਖ ਨਿਰੰਜਨ ਆਰਤੀ=ਮਾਇਆ-ਰਹਿਤ ਸਰਬ ਵਿਆਪਕ ਪ੍ਰਭੂ ਦੀ ਆਰਤੀ । ਠਾਢਾ=ਖਲੋਤਾ ਹੋਇਆਸ਼ । ਨਿਗਮ=ਵੇਦ । ਅਲਖ=ਜਿਸ ਦਾ ਕੋਈ ਖ਼ਾਸ ਚਿਹਨ ਚੱਕ੍ਰ ਨਹੀਂ । ੧ । ਰਹਾਉ । ਤਤੁ=ਗਿਆਨ । ਬਾਤੀ=ਵੱਟੀ । ਦੇਹ ਉਜ੍ਯਾਰੇ=ਸਰੀਰ ਵਿਚ ਤੇਰੇ ਨਾਮ ਦਾ ਚਾਨਣਾ । ਜਗਦੀਸ ਜੋਤਿ=ਜਗਦੀਸ ਦੇ ਨਾਮ ਦੀ ਜੋਤਿ । ੨ । ਪੰਚੇ ਸਬਦ=ਪੰਜ ਨਾਦ, ਪੰਜ ਕਿਸਮਾਂ ਦੇ ਸਾਜ਼ ਇਹ ਹਨ--੧- ਤੰਤੀ ਸਾਜ਼ ਭਾਵ, ਤਾਰਾਂ ਦਾ ਸਾਜ਼, ੨- ਖੱਲ ਨਾਲ ਮੜ੍ਹੇ ਹੋਏ, ੩- ਧਾਤ ਦੇ ਬਣੇ ਹੋਏ , ੪-ਘੜਾ ਆਦਿਕ, ੫-ਫੂਕ ਮਾਰ ਕੇ ਵਜਾਉਣ ਵਾਲੇ ਸਾਂਜ਼ । ਅਨਾਹਦ=ਬਿਨਾ ਵਜਾਏ, ਇੱਕ ਰਸ । ਸੰਗੇ=ਨਾਲ ਹੀ, ਅੰਦਰ ਹੀ (ਦਿਸ ਪੈਂਦਾ ਹੈ) । ਸਾਰਿੰਗਪਾਨੀ=[ਸਾਰਿੰਗ= ਧਨਖ,। ਪਾਨੀ=ਹੱਥ] ਜਿਸ ਦੇ ਹਥ ਵਿਚ ਧਨਖ ਹੈ, ਜੋ ਸਾਰੇ ਜਗਤ ਨਾ ਨਾਸ ਕਰਨ ਵਾਲਾ ਵੀ ਹੈ । ੩ ।

ਭਗਤ ਕਬੀਰ ਜੀ ਨੇ ਵੀ ਅਕਾਲ ਪੁਰਖ ਦੀ ਬੇਅੰਤਤਾਈ ਦਾ ਗਿਆਨ ਕਰਾ ਕੇ, ਪ੍ਰਭੂ-ਨਾਮ ਨੂੰ ਹੀ ਵੱਟੀ, ਅਤੇ ਸਰੀਰ ਵਿਚ ਨਾਮ ਦੇ ਚਾਨਣੇ ਨੂੰ ਹੀ ਦੀਵਾ ਬਣਾਇਆ ਹੈ । ਅਤੇ ਸਰੀਰ-ਦੀਵਾ ਜਗਤ ਦੇ ਮਾਲਕ ਪ੍ਰਭੂ ਦੀ ਜੋਤਿ ਦੁਆਰਾ ਜਗ ਰਿਹਾ ਦਰਸਾਇਆ ਹੈ । ਭਾਵ, ਭਗਤ ਕਬੀਰ ਜੀ ਨੇ ਵੀ ਪ੍ਰੋਹਿਤ ਦੀ ਬਣਾਈ ਆਰਤੀ-ਮਰਯਾਦਾ ਨੂੰ ਮੁਢੋਂ ਹੀ ਨਿਸਫਲ ਸਿੱਧ ਕੀਤਾ ਹੈ ।

(੪) ਭਗਤ ਧੰਨਾ ਜੀ ਜੱਟ ਖ਼ਾਨਦਾਨ ਵਿਚੋ ਸਨ । ਕਈ ਰਾਗੀ-ਪਰਚਾਰਕ " ਜੱਟਾਂ ' ਦੀ ਅਨੋਖੀ ਵਡਿਆਈ ਦੱਸਣ ਲਈ ਇਹ ਕੀ ਰਹੇ ਹੁੰਦੇ ਹਨ ਕਿ ਦੂਜੇ ਭਗਤਾਂ ਦੀ **ਆਰਤੀ** ਹੈ ਪਰ ਜ਼ਟਾਂ ਦੇ ਭਗਤ " ਧੰਨਾ " ਜੀ ਦਾ **ਆਰਤਾ** ਹੈ ਅਤੇ ਆਰਤੀ ਦੇ ਸ਼ਬਦਾਂ ਵਿਚ ਧਨਾਸਰੀ ਰਾਗ ਵਿਚਲਾ ਉਹ ਸ਼ਬਦ ਵੀ ਗਾਉਂਦੇ ਹਨ । ਉਸ ਪਾਵਨ ਸ਼ਬਦ ਦੀ ਪਹਿਲੀ ਤੁਕ ਹੈ--**ਗੋਪਾਲ ਤੇਰਾ ਆਰਤਾ ॥ ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥ ੧ ॥ ਰਹਾਉ ॥** " ਆਰਤਾ " ਦਾ ਅਰਥ ਆਰਤੀ ਨਹੀਂ ਹੈ, ਆਰਤਾ, ਆਤੁਰ ਨੂੰ ਅਥਵਾ ਲੋੜਵੰਦ ਗ਼ਰੀਬੜੇ ਨੂੰ ਕੀਂਦੇ ਹਨ । ਪਰ ਜਿੰਨ੍ਹਾਂ ਗੁਰਬਾਣੀ ਨੂੰ ਆਪਣੀ ਮਰਜ਼ੀ ਨਾਲ ਵਰਤਣਾ ਹੁੰਦਾ ਹੈ ਉਨ੍ਹਾਂ ਨੂੰ ਠੀਕ ਅਰਥਾਂ ਨਾਲ ਕੀ ਵਾਸਤਾ । [ਇਸ ਪੂਰੇ ਸ਼ਬਦ ਦੀ ਵਿਸਥਾਰ ਸਹਿਤ ਵਿਚਾਰ, ਪੁਸਤਕ ਦੇ ਦੂਜੇ ਭਾਗ ਦੇ ਦੂਜੇ ਕਾਂਡ ਦੇ " ਭਗਤਾਂ ਦੀ ਮੰਗ " ਲੇਖ ਵਿਚ ਕੀਤੀ ਹੋਈ ਹੈ ] ਧਨਾਸਰੀ ਰਾਗ ਵਿਚ ਹੀ ਇਕ ਸ਼ਬਦ ਸ੍ਰੀ ਸੈਣ ਜੀ ਦਾ ਹੈ, ਜੋ ਵੀ ਆਰਤੀ ਦੇ ਹੀ ਸੰਬੰਧ ਵਿਚ ਹੈ । ਉਸ ਤੋਂ ਵੀ ਬੜਾ ਭਲੇਖਾ ਪਾਇਆ ਜਾ ਰਿਹਾ ਹੁੰਦਾ ਹੈ । ਉਹ ਪੂਰਾ ਸ਼ਬਦ ਇਸ ਪ੍ਰਕਾਰ ਹੈ ।

੫੦- **ਧੂਪ ਦੀਪ ਘ੍ਰਿਤ ਸਾਜਿ ਆਰਤੀ ॥ ਵਾਰਨੇ ਜਾਉ ਕਮਲਾ ਪਤੀ ॥ ੧ ॥ ਮੰਗਲਾ ਹਰਿ ਮੰਗਲਾ ॥ ਨਿਤ ਮੰਗਲੁ ਰਾਜਾ ਰਾਮ ਰਾਇ ਕੋ ॥ ੧ ॥ ਰਹਾਉ ॥ ਊਤਮੁ ਦੀਅਰਾ ਨਿਰਮਲ ਬਾਤੀ ॥ ਤੁਹੀ ਨਿਰੰਜਨੁ ਕਮਲਾਪਾਤੀ ॥ ੨ ॥ ਰਾਮਾ ਭਗਤਿ ਰਾਮਾਨੰਦੁ ਜਾਨੈ ॥ ਪੂਰਨ ਪਰਮਾਨੰਦੁ ਬਖਾਨੈ ॥ ੩ ॥ ਮਦਨ ਮੂਰਤਿ ਭੈ, ਤਾਰਿ ਗੋਬਿੰਦੇ ॥ ਸੈਣੁ ਭਣੈ ਭਜੁ ਪਰਮਾਨੰਦੇ ॥ ੪ ॥** [੬੯੫]-੨

**ਪਦ ਅਰਥ:**--ਘ੍ਰਿਤ=ਘਿਉ । ਕਮਲਾਪਤੀ=ਲੱਛਮੀ ਦਾ ਪਤੀ, ਪਰਮਾਤਮਾ । ੧ । ਮੰਗਲੁ=ਆਨੰਦ, ਸੁਖਦਾਈ ਸੁਲੱਖਣੀ ਮਰਯਾਦਾ । ਰਾਜਾ=ਮਾਲਕ । ਰਹਾਓ । ਦੀਅਰਾ==ਸੋਹਣਾ ਜਿਹਾ ਦੀਵਾ । ਨਿਰਮਲ=ਸਾਫ਼ । ਨਿਰੰਜਨ=ਮਾਇਆ ਤੋਂ ਰਹਿਤ । ੨ । ਰਾਮਾ ਭਗਤਿ=ਪਰਮਾਤਮਾ ਦੀ ਭਗਤੀ ਰਾਹੀਂ । ਰਾਮਾਨੰਦੁ=[ਰਾਮ+ਅਨੰਦ] ਪਰਮਾਤਮਾ ਦੇ ਮੇਲ ਦਾ ਅਨੰਦ । ਪੂਰਨ=ਸਰਬ-ਵਿਆਪਕ । ੩ । ਮਦਨ ਮੂਰਤਿ=ਉਹ ਮੂਰਤਿ ਜਿਸ ਨੂੰ ਵੇਖ ਕੇ ਮਸਤੀ ਆ ਜਾਏ, ਸੋਹਣੇ ਸਰੂਪ ਵਾਲਾ । ਭੈ ਤਾਰਿ=ਡਰਾਂ ਤੋਂ ਪਾਰ ਲੰਘਾਉਣ ਵਾਲਾ । ਭਣੈ=ਆਖਦਾ ਹੈ । ਪਰਮਾਨੰਦੇ=ਪਰਮ ਅਨੰਦ ਮਾਣਨ ਵਾਲੇ ਨੂੰ । ੪ ।

ਬਿੱਪ੍ਰੀ ਅਡੰਬਰ ਦੀ ਪੁਸ਼ਟੀ ਇਸ ਗੁਰੂ ਸ਼ਬਦ ਵਿਚ ਵੀ ਕਿਤੇ ਨਹੀਂ ਮਿਲਦੀ ।ਅਬਚਲ ਨਗਰ ਹਜ਼ੂਰ ਸਾਹਿਬ ਵਿਖੇ ਦੀਵੇ ਜਗਾ ਕੇ ਆਰਤੀ ਕੀਤੇ ਜਾਣ ਸਮੇਂ ਦਸਮ ਗ੍ਰੰਥ ਵਿਚਲੇ ਚੰਡੀ ਚਿਰਟ੍ਰ ਪਹਿਲੇ ਦੇ ਸਵੈਯੇ--

ਸੰਖਨ ਕੀ ਧੁਨ ਘੰਟਨਿ ਕੀ ਕਰਿ ਫੂਲਨ ਕੀ ਬਰਖਾ ਬਰਖਾਵੈਂ ॥ ਆਰਤੀ ਕੋਟ ਕਰੈ ਸੁਰ ਸੁੰਦਰ ਪੇਖ ਪਰੰਦਰ ਕੇ ਬਲਿ ਜਾਵੈ ॥

ਦਾਨਤ ਦੱਛਨ ਦੈ ਕੇ ਪ੍ਰਦਛਨ ਭਾਲ ਮੈ ਕੁੰਕਮ ਅਛੱਤ ਲਾਵੈ ॥ ਹੋਤ ਕਲਾਹਲ ਦੇਵ ਪੁਰੀ ਮਿਲਿ ਦੇਵਨ ਕੇ ਕੁਲਿ ਮੰਗਲ ਗਾਵੈਂ ॥੫੫॥

ਪੜ੍ਹ ਕੇ ਸੰਖ ਵਜਾਉਂਦੇ, ਘੰਟੇ ਖੜਕਾਉਂਦੇ ਹੋਏ ਫੁੱਲਾਂ ਦੀ ਵਰਖਾ ਕਰਦੇ ਹਨ । ਇਹ ਸਵੈਯਾ ਦਾ ਪਿਛੋਕੜ ਇਸ ਪ੍ਰਕਾਰ ਹੈ--ਬ੍ਰਾਹਮਣੀ ਗ੍ਰੰਥਾਂ ਦੀ ਲਿਖਤ ਵਾਲੀ ਕਥਿਤ ਦੇਵੀ ਦੁਰਗਾ ਨੇ ਦੈਂਤਾ ਦੇ ਸਰਦਾਰ **ਮਹਿਖਾਸੁਰ ਦੈਂਤ** ਨੂੰ ਮਾਰੇ ਕੇ ਦੇਵਤਿਆਂ ਦੇ ਰਾਜੇ ਇੰਦ੍ਰ ਦਾ ਤਖ਼ਤ ਉਸ ਦੇ ਹਵਾਲੇ

ਕਰ ਕੇ ਆਪ ਅਲੋਪ ਹੋ ਗਈ । ਮਗਰੋਂ ਜਦ ਇੰਦ੍ਰ ਦੇ ਪੁਨਰ ਰਾਜ ਤਿਲਕ ਸਮੇਂ ਦੇਵਤਿਆਂ ਨੇ ਭਗਵਾਨ ਇੰਦਰ ਦੀ ਆਰਤੀ ਕੀਤੀ । ਇਸ ਸਵੈਯੇ ਵਿਚਉਸ ਆਰਤੀ ਦਾ ਜ਼ਿਕਰ ਹੈ । ਭਾਵ, ਰਾਜੇ ਇੰਦ੍ਰ ਦੀ ਉਸਤਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੀਤੀ ਜਾ ਰਹੀ ਹੁੰਦੀ ਹੈ ।

**ਖ਼ਾਲਸਾ ਪੰਥ ਵਿਚ ਆਰਤੀ ਦੇ ਪ੍ਰਚਾਰ ਕਾਰਨ**-- (ਭਾਈ ਕਾਨ੍ਹ ਸਿੰਘ ਜੀ ਨਾਭਾ ਦੀ ਕਲਮ ਤੋਂ--)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਂਣ ਪਿਛੋਂ, ਪ੍ਰਸਿਧ ਸਿੱਖ ਮੰਦਰਾਂ ਵਿੱਚ ਸਿੰਘ ਪੁਜਾਰੀ ਗ੍ਰੰਥੀ, ਸ਼ਾਂਤੀ ਨਾਲ ਨਹੀਂ ਰਹਿ ਸਕਦੇ ਸਨ, ਕਿਉਂਕਿ ਉਸ ਵੇਲੇ ਦੇ ਅਨਯਾਈ ਹਾਕਮ ਸਿੰਘਾਂ ਪੁਰ ਭਾਰੀ ਸਖ਼ਤੀ ਕਰਦੇ ਸੇ, ਬਹੁਤ ਗੁਰਦੁਆਰਿਆਂ ਦੀ ਸੇਵਾ ਉਸ ਸਮੇਂ ਉਦਾਸੀ ਸਾਧੂਆ ਨੇ ਸਾਂਭ ਲਈ ਸੀ, ਜਿਨ੍ਹਾਂ ਨੇ ਪੜੋਸੀ ਹਿੰਦੂਆਂ ਨੂੰ ਪ੍ਰਸੰਨ ਕਰ ਕੇ ਭੇਟਾ ਲੈਣ ਲਈ ਸਤਿਗੁਰੂ ਨਾਨਕ ਦੇਵ (ਜੀ) ਦੇ ਸਿਧਾਂਤਾਂ ਤੋਂ ਵਿਰੁੱਧ, ਹਿੰਦੂ ਪੂਜਾ ਸਿੱਖ ਮੰਦਰਾਂ ਵਿਚ ਪ੍ਰਚਲਤ ਕਰ ਦਿੱਤੀ । ਇਸ ਪਿੱਛੋਂ, ਮਹਾਰਾਜਾ ਰਣਜੀਤ ਸਿੰਘ ਜੀ ਦੇ ਪ੍ਰਧਾਨ ਕਰਮਚਾਰੀ ਡੋਗਰੇ ਅਰ ਬ੍ਰਾਹਮਣ ਨੇ ਉਸ ਦੀ ਹੋਰ ਪੁਸ਼ਟੀ ਕਰ ਕੇ ਬੇਅੰਤ ਕੁਰੀਤੀਆਂ ਦਾ ਪ੍ਰਚਾਰ ਕਰ ਦਿੱਤਾ, ਜੈਸੇ ਕਿ ਦੀਵੇ ਮਚਾ ਕੇ ਆਰਤੀ ਕਰਨੀ, ਟਿਕੇ ਲਾਉਣੇ, ਕਿਵਾੜ ਬੰਦ ਜਾਂ ਪੜਦਾ ਕਰ ਕੇ ਪ੍ਰਸ਼ਾਦ ਦਾ ਭੋਗ ਲਾਉਣਾ, ਨਗਾਰੇ ਦੀ ਥਾਂ ਘੰਟਿਆਂ ਦੀ ਘਨਘੋਰ ਲਾਉਣੀ, ਗੁਰੂ ਸਾਹਿਬਾਨ ਦੇ ਜਨਮ ਦਿਨ ਪਰ ਬਾਲ ਭੋਗ (ਟਿੱਕੀ) ਪ੍ਰਸ਼ਾਦ ਬਣਾਉਣਾ, ਇਤਯਾਦਕ । ਅਸੀਂ ਹੈਰਾਨ ਹਾਂ ਉਨ੍ਹਾਂ ਭਾਈਆਂ ਦੀ ਬੁੱਧ ਪਰ, ਜੋ ਮੂਹੋਂ ਦੀਵਿਆਂ ਦੀ ਆਰਤੀ ਦੇ ਖੰਡਨ ਰੂਪ ਸ਼ਬਦ ਪੜ੍ਹਦੇ ਹਨ ਅਤੇ ਹੱਥਾਂ ਨਾਲ ਦੀਵੇ ਅਰਥਾਤ ਗੁਰੂ ਸ਼ਬਦ ਵਿਰੁੱਧ ਕਿਰਯਾ ਕਰਦੇ ਹਨ । [ਗੁਰਮਤ ਮਾਰਤੰਡ ਸਫ਼ਾ ੭੦]

ਸਤਿਗੁਰਾਂ ਦੀ ੨੦੦ ਸਾਲ ਤੋਂ ਵੱਧ ਦੀ ਸਾਧਨਾ ਦੁਆਰਾ ਪ੍ਰਾਪਤ ਹੋਈ ਖ਼ਾਲਸੇ ਦੀ ਨਿਆਰੀ ਨੁਹਾਰ ਦਾ ਕੇਵਲ ਮਾਤ੍ਰ ਵੈਰੀ ਬ੍ਰਾਹਮਣ ਹੀ ਸੀ । ਬ੍ਰਾਹਮਣੀ ਰੀਤ ਦਾ ਹਥਿਆਰ ਵਰਤ ਕੇ ਉਸ ਨੇ ਬੁੱਧ ਧਰਮ ਦਾ ਸਫ਼ਾਇਆ ਕੀਤਾ ਸੀ । ਉਹੀ ਰੀਤ ਖ਼ਾਲਸਾ ਪੰਥ ਵਿਚ ਵਾੜ ਦੇਣ ਲਈ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋ ਹੀ ਕਾਹਲਾ ਪੈ ਰਿਹਾ ਸੀ । ਖ਼ਾਲਸਾ ਜੀ ਨੂੰ ਸਿਆਸੀ ਔਕੜਾਂ ਵਿਚ ਫਸਾਉਣ ਦਾ ਸਭ ਤੋਂ ਵੱਡਾ ਹੱਥ ਵੀ ਪੁਰੋਹਿਤ ਦਾ ਹੀ ਸੀ । ਗੁਰਬਣੀ ਦਾ ਪਾਠੀ ਬਣਨਾ ਤੇ ਕਿਤੇ ਰਿਹਾ ਉਹ ਤਾਂ ਨਾਨਕ ਨਾਮ ਵਰਤ ਕੇ ਬਾਣੀ ਲਿਖ ਕੇ ਗੁਰੂ ਬਾਣੀ ਵਿਚ ਰਲੇ ਵੀ ਪਾ ਹਟਿਆ ਸੀ । ਚਲਾਕ ਬਿੱਪ੍ਰ ਹਰ ਪੱਖੋਂ ਤਿਆਰ ਬੈਠਾ ਢੁਕਵੇਂ ਮੌਕੇ ਦੀ ਤਾੜ ਵਿਚ ਸੀ । ਉਦਸੀਆਂ ਤੋਂ ਮਗਰੋਂ ਬੜੀ ਸ਼ਫ਼ਾਈ ਨਾਲ ਨਿਰਮਲੇ ਸਾਧ ਨੂੰ ਵੀ ਪੰਥ ਦਾ ਅੰਗ ਬਣਾ ਲਿਆ । ਜਦੋਂ ਹੀ ਖ਼ਾਲਸਾ ਜੀ ਜੰਗਲਾਂ ਦਾ ਵਾਸੀ ਹੋ ਜਾਣ ਤੇ ਮਜਬੂਰ ਹੋਇਆ, ਉਦਾਸੀਆਂ, ਨਿਰਮਲਿਆਂ ਅਤੇ ਮਹੰਤਾਂ ਦੇ ਰੂਪ ਵਿਚ ਨੀਚ ਪੁਰੋਹਿਤ ਸਿੱਖੀ ਦੇ ਧਰਮ ਅਸਥਾਨਾ ਦਾ ਸੰਚਾਲਕ ਆ ਬਣਿਆਂ । ਸਿੱਖੀ ਦਾ ਨਿਆਰਾ ਸਿਧਾਂਤ ਅਥਵਾ ਨਿਆਰੀ ਮਰਯਾਦਾ, ਅਜੇਹੇ ਢੰਗ ਨਾਲ ਵਿਗਾੜਨੀ ਅਰੰਭੀ ਕਿ ਬਿੱਪ੍ਰਨ ਕੀ ਰੀਤ ਨੂੰ ਹੀ ।ਗੁਰਮਤਿ ਬਣਾ ਦਿੱਤਾ ।

**ਘਟਿ ਘਟਿ ਸੰਪਟੁ ਹੈ ਰੇ ਜਾ ਕਾ ॥ ਅਭਗ ਸਭਾ ਸੰਗਿ ਹੈ ਸਾਧਾ ॥**

**ਆਰਤੀ ਕੀਰਤਨੁ ਸਦਾ ਅਨੰਦ ॥ ਮਹਿਮਾ ਸੁੰਦਰ ਸਦਾ ਬੇਅੰਤ ॥ ੩ ॥**[੩੯੩]-੩੯-੯੦

੧੪

# ਦੇਵੀ ਦੇਵਤੇ ਅਤੇ ਮਾਸ ਸ਼ਰਾਬ

ਜਦ ਕਿਸੇ ਖੇਚਲ ਤੋਂ ਬਿਨਾ ਹੀ ਮਾਇਆ ਦੇ ਖੁੱਲ੍ਹੇ ਗੱਫੇ ਆਉਂਣੇ ਅਰੰਭ ਹੋ ਜਾਣ ਤੇ ਰਾਜੇ ਮਹਾਰਾਜੇ ਅਥਵਾ ਸਿਆਸੀ ਤਾਕਤ ਵੀ ਹੁਕਮ ਦੀ ਉਡੀਕ ਵਿਚ ਜਦ ਹੱਥ ਬੰਨ੍ਹੀ ਖਲੋਤੀ ਹੋਵੇ, ਤਾਂ ਸ਼ਾਇਦ ਹੀ ਹੈ ਜੇ ਕਿਸੇ ਵਿਰਲੇ ਮਨੁੱਖ ਦਾ ਸਿਰ ਨਾ ਫਿਰਿਆ ਹੋਵੇ । ਬ੍ਰਾਹਮਣ ਵਿਚਾਰੇ ਦੀ ਹਸਤੀ ਹੀ ਕੀ ਸੀ ਜੋ ਮਾਇਆ ਦੇ ਹੜ੍ਹ ਅਗੇ ਨਾ ਰੁੜ੍ਹ ਤੁਰਦਾ ? ਮਾਸ-ਸ਼ਰਾਬ ਛਕਣ ਦੀ ਇਛਿਆ ਨਾਲ ਬਿੱਪ੍ਰ ਜੀ ਦੀ ਜੀਭ ਵਿਚੋਂ ਪਾਣੀ ਦੀਆਂ ਤਤੀਰੀਆਂ ਵੱਗ ਤੁਰੀਆਂ । ਪਰ ਨਾਲ ਹੀ ਇਹ ਤੌਖਲਾ ਵੀ ਜਾਗੀ--ਹਾਏ ! ਜੇ ਕਿਤੇ ਮਾਸ ਸ਼ਰਾਬ ਦੇ ਸੇਵਨ ਕਰਨ ਦੀ ਜ਼ਰਾ ਵੀ ਭਿਣਕ ਬਾਹਰ ਨਿਕਲ ਗਈ ਤਾਂ ਸ਼ਰਧਾਲੂ ਕੀ ਆਖਣ ਗੇ ? ਮੈਂ ਆਪ ਹੀ ਤਾਂ ਉਪਦੇਸ਼ ਦੇਂਦਾ ਰਿਹਾ ਹਾਂ ਕਿ ਮਾਸ ਅਤੇ ਸ਼ਰਾਬ ਦੈਂਤਾਂ ਦਾ ਖਾਜਾ ਹੈ, ਇਸ ਨਾਲ ਬੁਧੀ ਭਰਿਸ਼ਟ ਹੁੰਦੀ ਹੈ, ਉਤੇਜਣਾ ਉਪਜਣ ਨਾਲ ਮਨ ਵਿਕਾਰੀ ਹੋ ਜਾਂਦਾ ਹੈ, ਸਿਹਤ ਅਤੇ ਧਨ ਦਾ ਨਾਸ ਹੁੰਦਾ ਹੈ, ਦੇਵਤੇ ਨਰਾਜ਼ ਹੋ ਕੇ ਸਰਾਪ ਦੇ ਦੇਂਦੇ ਹਨ, ਆਦਿ । ਆਪੇ ਹੀ ਤਾਂ ਮੈਂ ਮਾਸ-ਸ਼ਰਾਬ ਨੂੰ " ਭੱਸ-ਖੇਹ ਕੀ ਕੇ ਲੋਕਾਂ ਸਾਹਮਣੇ ਨੱਕ ਚਾੜ੍ਹਦਾ ਰਿਹਾ ਹਾਂ । ਤੇ ਹੁਣ ਇਸ " ਭੱਸ-ਖੇਹ " ਨੂੰ " ਅੰਮ੍ਰਿਤ-ਪਦਾਰਥ " ਕਿਵੇਂ ਬਣਾਵਾਂ ? ਆਪੇ ਬਣਾਈ " ਭੱਸ-ਖੇਹ " ਨੂੰ ਖਾਣ ਵਾਲਾ ਜੇ ਕਿਤੇ ਪਾਜ ਉਘੜ ਗਿਆ ਤਾਂ ਕੀ ਬਣੇਗਾ ? ਬਣੀ ਬਣਾਈ ਪ੍ਰਭਤਾ ਕਿਤੇ ਛਾਈਂ-ਮਾਈਂ ਹੀ ਨਾ ਹੋ ਜਾਵੇ ? ਕਿਤੇ ਇਹ ਝੂਠ ਦਾ ਸਾਰਾ ਅਡੰਬਰ ਅਲੋਪ ਹੀ ਨਾ ਹੋ ਜਾਵੇ ? ਕਿਤੇ ਕੋਈ ਮਨ-ਚਲਾ ਨੌਜਵਾਨ ਮੇਰੇ ਗਲ ਹੀ ਨਾ ਆ ਪਵੇ ?

ਸਮਾਜ ਵਿਚ ਸਰਬ-ਉੱਚ ਪਦਵੀ ਅਤੇ ਪ੍ਰਤਿਸ਼ਟਾ ਦੇ ਮਾਲਕ ਬ੍ਰਾਹਮਣ ਦੇ ਮਨ ਵਿਚ ਅਜੇਹੀ ਕਿਸਮ ਦੇ ਵਿਚਾਰ ਉਪਜਣੇ ਸੁਭਾਵਕ ਸਨ । ਪਰ ਚੰਦਰਾ ਮਨ ਮਾਸ ਸ਼ਰਾਬ ਦੇ ਦੌਰ ਅਰੰਭ ਕਰਨ ਲਈ ਬੇਚੈਨ ਹੁੰਦਾ ਜਾ ਰਿਹਾ ਸੀ । ਇਸ ਲਾਲਸਾ ਨੂੰ ਨੇਪਰੇ ਚਾੜ੍ਹਨ ਲਈ ਬੜੀ ਸਾਵਧਾਨੀ ਦੀ ਲੋੜ ਸੀ । ਸੋਚ ਵਿਚਾਰ ਉਪਰੰਤ ਇਹੀ ਸਮਝ ਫੁਰੀ ਕਿ ਏਹੀ ਭੱਸ-ਖੇਹ " ਅੰਮ੍ਰਿਤ ਪਦਾਰਥ " ਬਣ ਸਕਦੇ ਹਨ ਜੇ ਇਸ ਸਾਰੇ ਕੁਝ (ਮਾਸ, ਸ਼ਰਾਬ ਤੇ ਹੋਰ ਨਸ਼ੇ) ਨੂੰ ਦੇਵ-ਭੋਜਨ ਬਣਾ ਦਿਤਾ ਜਾਵੇ । ਸੋ ਬਾਕੀ ਜ਼ਿੰਮੇਵਾਰੀਆਂ ਵਾਂਗ ਇਹ ਸਮਸਿਆ ਵੀ ਦੇਵੀ ਦੇਵਤਿਆਂ ਦੇ ਹਵਾਲੇ ਕਰ ਦੇਣੀ ਹੀ " ਸ਼ਰਧਾ-ਪੂਰਕ " ਹੋ ਦਿੱਸੀ ।

ਜਿਨ੍ਹਾਂ ਦੇਵੀ-ਦੇਵਤਿਆਂ ਬਾਰੇ ਲੋਕਾਂ ਦੇ ਦਿਲਾਂ ਵਿਚ ਇਹ ਭਰਮ ਪੱਕਾ ਕਰ ਦਿੱਤਾ ਹੋਇਆ ਸੀ ਕਿ ਉਹ ਬੜੀਆਂ ਮਹਾਨ ਸ਼ਕਤੀਆਂ ਦੇ ਮਾਲਕ ਹਨ । ਜੀਵਾਂ ਦਾ ਜਨਮ ਮਰਨ ਸਭ ਕੁਝ ਉਨ੍ਹਾਂ ਦੇਵਤਿਆਂ ਦੇ ਵੱਸ ਵਿਚ ਦੱਸਦਾ ਰਿਹਾ ਸੀ । ਲੋਕਾਂ ਦੇ ਅੰਦਰ ਇਹ ਗੱਲ ਪੱਕੀ ਤਰ੍ਹਾਂ ਵਸਾ ਦਿੱਤੀ ਹੋਈ ਸੀ ਕਿ ਦੇਵਤੇ ਹੀ ਸੁਖਾਂ ਦੇ ਦਾਤੇ ਲੋਕ ਪ੍ਰਲੋਕ ਵਿਚ ਸਹਾਈ ਹੋਣ ਵਾਲੇ ਦੱਸੇ ਹਨ । ਜਿਨ੍ਹਾਂ ਨੂੰ ਭਗਵਾਨ ਅਥਵਾ ਈਸ਼ਵਰ ਹੋਣ ਦਾ ਮਾਣ ਬਖ਼ਸ਼ਿਆ ਸੀ ਫਿਰ ਉਨ੍ਹਾਂ ਮਹਾਨ ਸ਼ਕਤੀਆਂ (ਭਗਵਾਨ ਸ੍ਰੀ ਕ੍ਰਿਸ਼ਨ ਜੀ, ਭੋਲੇ ਨਾਥ ਸ਼ਿਵ-ਸ਼ੰਕਰ ਜੀ, ਮਹਾਂ ਭੈਰੋਂ, ਇੰਦ੍ਰ, ਇੰਦ੍ਰਾਣੀ, ਮਹਾਂ ਕਾਲੀ ਅਥਵਾ ਪਾਰਬਤੀ ਆਦਿ ਸਭ ਨੂੰ ਮਾਸ, ਸ਼ਰਾਬ, ਭੰਗ, ਅਫ਼ੀਮ ਅਤੇ ਸੁਲਫ਼ਾ ਆਦਿ ਦਾ ਸੇਵਨ ਕਰਨ ਦੇ ਵਡੇ ਸ਼ੁਕੀਨ ਸਿੱਧ ਕਰਨ ਲਈ, ਸਾਰਾ ਕੁਝ ਧਰਮ ਗ੍ਰੰਥਾਂ ਵਿਚ ਲਿਖ ਦਿੱਤਾ । ਉਦਹਾਰਣ ਵਜੋਂ ਕੁਝ ਲਿਖਤਾਂ ਇਸ ਪ੍ਰਕਾਰ ਹਨ :-

੧) ਹਿੰਦੂਤ੍ (ਰਾਮਦਾਸ ਗੌੜ) ਗ੍ਰੰਥ ਦੇ ਪੰਨਾ ੪੯੩ ਦੇ ਹਵਾਲੇ ਨਾਲ--**ਦਸਮ ਗ੍ਰੰਥ ਬਾਰੇ**--ਨਾਮਕ ਪੁਸਤਕ ਦੇ ੨੯ ਸਫ਼ੇ ਤੇ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵਾਲਿਆਂ ਨੇ ਇਸ ਤਰ੍ਹਾਂ ਲਿਖਿਆ ਹੈ, ਮਦ (ਸ਼ਰਾਬ) ਵੀ ਤਾਂਤ੍ਰਿਕਾਂ ਦੇ ਪੰਜਾਂ ਮਕਾਰਾਂ ਵਿਚੋਂ, ਇੱਕ ਹੈ (ਉਹ ਪੰਜ ਮਕਾਰ ਇਹ ਹਨ--ਮਦਿਰਾ ਅਰਥਾਤ ਸ਼ਰਾਬ, ਮਾਂਸ, ਮੈਥਨ ਅਰਥਾਤ ਭੋਗ, (=ਕਾਮ ਕ੍ਰੀੜਾ) ਮਾਇਆ ਅਤੇ ਮੁਦ੍ਰਾ (ਮੁੰਦ੍ਰਾਂ) ਕਾਲੀ ਅਤੇ ਤਾਰਾ ਦਾ ਮੰਤ੍ਰ ਗ੍ਰਹਣ ਕਰਕੇ ਜੋ ਸ਼ਰਾਬ ਨਹੀਂ ਪੀਂਦਾ, ਉਹ ਕਲਿਜੁਗ ਵਿਚ ਪਤਿਤ ਹੁੰਦਾ ਹੈ । ਤਾਂਤ੍ਰਿਕ ਜਪ, ਹੋਮ ਆਦਿਕ ਵਿਚ ਅਨਾਧਿਕਾਰੀ ਹੈ (ਭਾਵ, ਉਸ ਨੂੰ ਅਧਿਕਾਰ ਨਹੀਂ ਹੁੰਦਾ) । ਅਤੇ ਉਹ ਵਿਅਕਤੀ ਅ-ਬ੍ਰਾਹਮਣ (ਭਾਵ ਪਤਿਤ ਬ੍ਰਾਹਮਣ) ਅਤੇ ਹਸਤੀ-ਮੂਰਖ (ਭਾਵ, ਵੱਡਾ ਮੂਰਖ) ਹੁੰਦਾ ਹੈ । ਉਸ ਵਿਅਕਤੀ ਦਾ ਪਿਤਰੀ-ਤਰਪਣ ਦੇਣਾ ਕੁੱਤੇ ਦੇ ਮੂਤਰ ਦੇ ਸਮਾਨ ਹੈ [ਹਿੰਦੂ ਮਤ ਅਨੁਸਾਰ ਦੇਵਤੇ ਨੂੰ ਜਾਂ ਪਿੱਤਰਾਂ ਨੂੰ ਤ੍ਰਿਪਤ ਕਰਨ ਲਈ ਹਥ ਜਾਂ ਗਊ ਦੇ ਕੰਨ ਵਰਗੇ ਭਾਂਡੇ (ਜਿਸ ਨੂੰ ਅਰਘਾ ਕੀਂਦੇ ਹਨ) ਨਾਲ ਮੰਤ੍ਰ ਪਾਠ ਕਰਕੇ ਜਲ ਦੇਣ ਦੇ ਕਰਮ ਨੂੰ **ਤਰਪਣ** ਕੀਂਦੇ ਹਨ] । ਜੋ ਵਿਅਕਤੀ ਕਾਲੀ ਅਤੇ ਤਾਰਾ ਦਾ ਮੰਤ੍ਰ ਪ੍ਰਾਪਤ ਕਰਕੇ ਵੀਰ-ਆਚਾਰ ਨਹੀਂ ਕਰਦਾ ਉਹ ਸ਼ੂਦਰਤਾ ਨੂੰ ਪ੍ਰਾਪਤ ਹੁੰਦਾ ਹੈ । ਸੁਰਾ (ਸ਼ਰਾਬ) ਸਾਰਿਆਂ ਕਾਰਜਾਂ ਵਿਚ ਯੁਕਤ (ਯੋਗ) ਹੈ ਅਤੇ ਪ੍ਰਿਥਵੀ ਉਤੇ ਇਹ (ਭਾਵ, ਸ਼ਰਾਬ) ਇੱਕ ਮਾਤ੍ਰ ਮੁਕਤੀ ਦੇਣ ਵਾਲੀ ਹੈ (**ਅਰਥਾਤ ਸ਼ਰਾਬ ਪੀਤੇ ਬਿਨਾ ਮੁਕਤੀ ਦੀ ਪ੍ਰਾਪਤੀ ਨਹੀਂ ਹੋ ਸਕਦ** ੀ ) । ਇਹ ਹੈ ਬ੍ਰਾਹਮਣੀ ਧਰਮ-ਗ੍ਰਥਾਂ ਦਾ ਪਾਵਨ ਪਵਿੱਤ੍ਰ ਕਥਨ ?

੨) ਬਿਰਖਾ ਕਪਾਈ ਨੇ ਕਿਹਾ, ਹੇ ਧਨਵਾਨ ਸੁੰਦਰ ਪੁੱਤ੍ਰਾਂ ਵਾਲੀ ਇੰਦ੍ਰਾਨੀ, ਤੇਰਾ ਪਤੀ ਇੰਦਰ ਸਾਂਢਾਂ ਦਾ ਮਾਸ ਪਸੰਦ ਕਰਦਾ ਹੈ, ਤੁਸੀਂ ਉਸ ਮਾਸ ਨੂੰ ਰਿਨ੍ਹੋਂ । ਇੰਦ੍ਰਾਣੀ ਦਾ ਉੱਤਰ ਸੀ ! ਏਸੇ ਕਰਕੇ ਮੇਰਾ ਪਤੀ ਦੇਵਰਾਜ ਇੰਦ੍ਰ ਸਾਰੇ ਪੁਰਸ਼ਾਂ ਤੋਂ ਬਲ, ਰੂਪ ਤੇ ਬੁੱਧੀ ਵਿਚ ਉੱਚਾ ਹੈ । ਇੰਦ੍ਰ ਨੇ ਕਿਹਾ ਮੇਰੀ ਪਤਨੀ ਮੇਰੇ ਲਈ ਪੰਦਰਾਂ ਸਾਂਢਾਂ ਦਾ ਮਾਸ ਰਿੰਨ੍ਹਦੀ ਹੈ, ਮੈਂ ਮਾਸ ਖਾਂਦਾ ਹਾਂ, ਤਾਹੀਓਂ ਮੈਂ ਸਾਂਢਾ ਜਿਨਾਂ ਨਿੱਗਰ ਹਾਂ । ਮੇਰੀਆਂ ਕੁਖਾਂ ਸ਼ਰਾਬ ਨਾਲ ਡੱਕੀਆਂ ਰਹਿੰਦੀਆਂ ਹਨ । ( ਰਿਗ ਵੇਦ ਮੰਡਲ ੧੫, ਸੂਤਕ ੯੬, ਮੰਤ੍ਰ ੧੩-੬੪ ਦਾ ਪੰਜਾਬੀ ਉਲੱਥਾ, ਸਵਾਮੀ ਰਾਮ ਤੀਰਥ ਦੰਡੀ ਸੰਨਿਆਸੀ ਸਫਾ ੧੫-੧੬) ।

੩) ਅੱਗੇ ਉਸੇ ਪੁਸਤਕ ਦੇ ੧੮ ਸਫ਼ੇ ਤੇ ਸਵਾਮੀ ਜੀ ਲਿਖਦੇ ਹਨ---ਮਨੁ-ਸਿਮ੍ਰਿਤੀ, ਅਧਿਆਇ ੫, ਸ਼ਲੋਕ ੧੮, ਸ਼ਿਵਾਵਿਦੰ--੦ ਅਜਿਹੇ ਬਚਨਾ ਵਿਚ ਸੰਕੇਤ ਹੈ ਕਿ ਪੰਜ ਨਹੁੰਦ੍ਰੇ ਪਸ਼ੂਆਂ ਵਿਚੋਂ ਸੇਹ-ਸ਼ਾਹੀ (ਮੋਟੇ ਵਾਲਾਂ ਵਾਲੀ ਸੇਹ) ਗੋਹ, ਗੈਂਡੇ, ਕਛੂ ਤੇ ਖ਼ਰਗੋਸ਼ ਖਾਣੇਂ ਉਚਿਤ ਹਨ । ਊਠ ਤੋਂ ਬਿਨਾਂ ਇਕਹਰੇ ਦੰਦਾਂ ਵਾਲੇ ਡੰਗਰ ਖਾਣ ਦਾ ਕੋਈ ਹਰਜ ਨਹੀਂ । ਅਧਿਆਇ ੫ ਸ਼ਲੋਕ ੨੭, ਪ੍ਰੋਖਿਤਤੰ ੩੨- ਕ੍ਰਤਵਾ--੦ ਅਤੇ ਇਸਦੇ ਹੀ ਸ਼ਲੋਕ ੩੫ ਆਦਿਕ ਸ਼ਲੋਕਾਂ ਵਿਚ ਸਲਾਹ ਦਿੱਤੀ ਗਈ ਹੈ ਕਿ ਮੰਤ੍ਰਾਂ ਨਾਲ ਮਾਸ ਪਵਿੱਤਰ ਕਰਕੇ ਜਾਂ **ਬ੍ਰਾਹਮਣਾਂ ਨੂੰ ਛਕਾ ਕੇ** ਖਾ ਲੈਣਾਂ ਚਾਹੀਦਾ ਹੈ । ਮੁੱਲ ਖ਼ਰੀਦ ਕੇ, ਆਪ ਸ਼ਿਕਾਰ ਕਰਕੇ ਜਾਂ ਦੂਜੇ ਵਲੋਂ ਭੇਟ ਕੀਤੇ ਮਾਸ ਨੂੰ **ਦੇਵਤਿਆਂ ਜਾਂ ਬਿੱਪ੍ਰਾਂ** ਦੇ ਅਰਪਣ ਕਰਕੇ ਖਾਣ ਵਾਲੇ ਮਨੁੱਖ ਨੂੰ ਪਾਪ ਨਹੀਂ ਲੱਗਦਾ । ਇਹ ਵੀ ਫ਼ੈਸਲਾ ਦਿੱਤਾ ਗਿਆ ਹੈ ਕਿ ਯੱਗ ਆਦਿ ਕਰਨ ਸਮੇਂ ਜਿਹੜਾ ਕੋਈ ਮਾਸ ਨਹੀਂ ਖਾਂਦਾ, ਉਹ ਮਰਨ ਉਪ੍ਰੰਤ ਇੱਕੀ (੨੧) ਜਨਮ ਪਸ਼ੂ ਬਣਦਾ ਹੈ ।

੪) ਓਸੇ ਪੁਸਤਕ ਦੇ ੧੯ ਸਫ਼ੇ ਦੀ ਲਿਖਤ ਇਸ ਪ੍ਰਕਾਰ ਹੈ :- ਸ਼ੈਵ ਤੇ ਸ਼ਾਤਕ ਤੰਤ੍ਰਾਂ ਅਨੁਸਾਰ ਤੰਤਰ ਵਿਸ਼ਵਾਸ਼ੀ ਲੋਕਾਂ ਦਾ ਭਰੋਸਾ ਹੈ ਕਿ ਸ਼ਿਵ ਜੀ ਤੇ ਉਸਦੀ (ਪਤਨੀ) ਸ਼ਕਤੀ ਦੋਵੇਂ ਮਾਸ ਤੇ ਮਦੁਰਾ (ਸ਼ਰਾਬ) ਤੋਂ ਬਿਨਾ ਪ੍ਰਸੰਨ ਨਹੀਂ ਹੋ ਸਕਦੇ । ਇਸ ਲਈ ਇਨ੍ਹਾਂ ਦੇ ਮੰਦਰਾਂ ਵਿਚ ਸ਼ਰਾਬ ਤੇ ਮਾਸ ਦਾ **ਭੋਗ** ਲੱਗਦਾ ਹੈ ।

੫) ਆਪਣੀ ਪੁਸਤਕ ਦੇ ੩੮ ਸਫ਼ੇ ਤੇ ਬ੍ਰਾਹਮਣ ਨੂੰ ਚੰਡਾਲ ਕੀਦਿ ਹੋਏ, ਸਵਾਮੀ ਜੀ ਨੇ ਲਿਖਿਆ ਹੈ---ਮਹਾਂ-ਗੋ ਹਤਿਆਰਾ ਚੰਡਾਲ ਬ੍ਰਾਹਮਣ ਮਧੁਪਰਕ ਸਮੇਂ ਗਊ ਨੂੰ ਕਤਲ ਹੋਣ ਲਈ ਦੇਵਤੇ ਦੇ ਅੱਗੇ ਖੜੀ ਦੇਖਣਾ ਚਾਹੁੰਦਾ ਹੈ । ਇਸ ਨੇ ੨੯ਵੇਂ ਸੂਤਰ ਰਾਹੀਂ ਕਿਹਾ ਹੈ ਕਿ ਗਊ ਮਾਸ ਤੋਂ ਬਿਨਾਂ ਮਧੁਪਰਕ ਨਹੀਂ ਹੁੰਦਾ, ਤੇ ੩੦ਵੇਂ ਸੂਤਰ ਚ ਕਿਹਾ ਹੈ ਕਿ ਯੱਗ ਤੇ ਵਿਆਹ ਚ ਗਊ ਬਧ ਲਾਜ਼ਮੀ ਹੈ, । ੩੧ਵੇਂ ਸੂਤਰ ਚ ਆਦੇਸ਼ ਦਿਤਾ ਹੈ, ਹੇ ਯੱਗ ਕਰਾਉਣ ਵਾਲੇ ਬ੍ਰਾਹਮਣੋ ! ਹਰ ਸੋਮ ਯੱਗ ਚ ਜਦੋਂ ਤੀਕ ਜਜਮਾਨ ਤੁਹਾਨੂੰ ਦਹੀਂ, ਘੀ ਤੇ ਸ਼ਹਿਦ ਮਿਲਾ ਕੇ ਨਾ ਪਿਲਾਵੇ ਤੇ ਗਊ ਮਾਰ ਕੇ ਉਸ ਦਾ ਮਾਸ ਨਾ ਖੁਆਵੇ, ਉਦੋਂ ਤੀਕ ਤੁਸੀਂ ਉਸ ਜਜਮਾਨ ਦਾ ਯੱਗ ਨਾ ਕਰਾਉਣਾ---ਇਹ ਹੈ ਆਗਿਆ ਵੇਦ ਦੀ--ਭਾਵ ਤੁਹਾਨੂੰ ਵੇਦ ਦੀ ਆਗਿਆ ਦਾ ਪਾਲਨ ਕਰਨਾ ਚਾਹੀਦਾ ਹੈ ।

ਹੁਣ ਜਦ ਮਾਸ-ਸ਼ਰਾਬ, ਅਫ਼ੀਮ ਆਦਿ ਨੂੰ ਦੇਵ ਭੋਜਨ ਬਣਾ ਲਿਆ ਹੈ ਤਾਂ ਗਊ ਨੂੰ ਮਾਤਾ ਆਖ ਕੇ ਪੂਜਣ ਵਾਲਾ ਭਰਮ ਵੀ ਮੁਕਾ ਦੇਣਾ ਚਾਹੀਦਾ ਹੈ । ਮਾਸ ਖਾਣ ਦੀ ਹਵਸ ਵਿਚ ਅੰਨ੍ਹਾਂ ਹੋਇਆ ਬ੍ਰਾਹਮਣ ਗਊ ਦੇ ਮਾਸ ਖਾਣ ਨੂੰ ਵੇਦਾਂ ਦਾ ਹੁਕਮ ਕੀਣ ਲੱਗ ਪਿਆ । ਗਊਮੇਧ ਯੱਗਾਂ ਸਮੇ ਗਊਆਂ ਮਾਰ ਕੇ ਖਾਧੀਆਂ ਜਾਣ ਦੀ ਗਵਾਹੀ ਉਸ ਦੇ ਆਪਣੇ ਲਿਖੇ ਧਰਮ ਗ੍ਰੰਥ ਦੇਣ ਲੱਗ ਪਏ । ਸਾਰਾ ਕੁਝ ਧਰਮ ਦਾ ਅੰਗ ਬਣਦਾ ਗਿਆ । ਵਿਦਿਆ ਤੋਂ ਕੋਰੀ ਰੱਖੀ ਜਨਤਾ ਨੇ ਬ੍ਰਾਹਮਣ ਨੂੰ ਹੀ ਸਾਖ਼ਸ਼ਤ ਦੇਵਤਾ ਮੰਨ ਲਿਆ ਹੋਇਆ ਸੀ । ਫਿਰ ਧਰਮ ਗ੍ਰੰਥਾਂ ਵਿਚ ਜੋ ਮਰਜ਼ੀ ਲਿਖੀ ਜਾਵੇ ਕਿੰਤੂ ਕਿਸ ਨੇ ਕਰਨਾ ਸੀ ?

੧੫

# ਵੈਸ਼ਨੋ ਦੇਵੀ ਨੂੰ ਮਨੁੱਖ ਦਾ ਮਾਸ ਭੇਟਾ ਕਰਨ ਦੀਆਂ ਅਜੋਕੀਆਂ ਘਟਨਾਵਾਂ

ਧਰਮ ਗ੍ਰੰਥਾਂ ਦੀਆਂ ਅਜੇਹੀਆਂ ਲਿਖਤਾਂ ਤੋਂ ਪ੍ਰਭਾਵਤ ਹੋਇਆ ਮਨੁੱਖ ਕਿਥੋ ਤਾਈਂ ਗਿਰ ਸਕਦਾ ਹੈ ਅਤੇ ਕਿੰਨਾ ਜ਼ਾਲਮ ਹੋ ਸਕਦਾ ਹੈ ਇਸ ਦਾ ਠੀਕ ਅਨੁਮਾਨ ਇਸ ਘਟਣਾ ਤੋਂ ਲਗ ਰਿਹਾ ਹੈ । ਕੀਂਦੇ ਤਾਂ ਦੇਵੀ " ਵੈਸਨੋ " ਹਨ ਉਸ ਦੀ ਭੇਟਾ ਮਨੁੱਖ ਦੇ ਬਚਿਆਂ ਦਾ ਮਾਸ ਕੀਤਾ ਜਾਣਾ ਵਡਾ ਪੁੰਨ ਦਾ ਧਰਮ-ਕੰਮ ਸਮਝੇ ਜਾਣ ਦੀ (ਲਗ-ਪਗ) ਅੱਖੀਂ ਵੇਖੀ ਉਦਾਹਰਣ ਇਸ ਪ੍ਰਕਾਰ ਹੈ:--

(ੳ) " ਪੰਜਾਬ ਪ੍ਰਦੇਸ਼ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਦੀਨਾ-ਨਗਰ ਕਸਬੇ ਦੇ ਵਾਸੀ ਬੁਡੂ ਰਾਮ ਅਤੇ ਮੁਨਸ਼ੀ ਰਾਮ ਹੁਣਾ ਨੇ ਆਪਣੇ ਸਹੁਰੇ ਸ਼੍ਰੀ ਕਾਕਾ ਰਾਮ ਦੀ ਸਲਾਹ ਅਨੁਸਾਰ ਦੇਵੀ ਦਾ ਜਗਰਾਤਾ ਕਰਾਇਆ । ਵੈਸ਼ਨੋ ਦੇਵੀ ਦੀ ਤਸਵੀਰ ਸ਼ੀਸ਼ੇ ਦੇ ਫ਼ਰੇਮ ਵਿਚ ਮੜ੍ਹੀ ਹੋਈ ਰੱਖ ਕੇ ਉਸ ਤੇ ਫੁੱਲਾਂ ਦੇ ਹਾਰ ਆਦਿ ਚਾੜ੍ਹ ਕੇ ਸੁਗੰਧੀਆਂ ਧੁਖਾਈਆਂ ਹੋਈਆਂ ਸਨ ਅਤੇ ਭਗਤ ਜਨ ਭੇਟਾਂ ਗਾ ਰਹੇ ਸਨ । ੨੮ ਸਤੰਬਰ ੧੯੭੨ ਦੀ ਸਵੇਰ ਜਗਰਾਤੇ ਦਾ ਭੋਗ ਪਿਆ ਤਾਂ ਦੇਵੀ ਨੂੰ ਪ੍ਰਸੰਨ ਕਰਨ ਲਈ ਉਸ ਨੂੰ ਮਨੁੱਖ ਦੇ ਮਾਸ ਅਤੇ ਸ਼ਰਾਬ ਦਾ ਭੋਗ ਲੁਆਉਣ ਦੀ ਸ਼ਰਧਾ ਜਾਗੀ । ਜਗਰਾਤੇ ਦੇ ਮੋਹਰੀ, ਕਾਕਾ ਰਾਮ ਦੀ ਸਲਾਹ ਨਾਲ ਘਰਦਿਆਂ ਦੇ ਮੁੰਡਿਆਂ ਦੀ ਬਲੀ ਦੇਣੀ ਉਚਿਤ ਸਮਝੀ ਗਈ । ਬੁਡੂ ਰਾਮ ਅਤੇ ਮੁਨਸ਼ੀ ਰਾਮ ਮਸਾਲੇ ਆਦਿ ਰਗੜਨ ਲੱਗ ਪਏ ਅਤੇ ਕਾਕਾ ਰਾਮ ਨੇ ਆਪਣੇ ੬/੭ ਸਾਲਾਂ ਦੇ ਦੋਹਤੇ ਨੂੰ ਕਤਲ ਕੀਤਾ ਅਤੇ ਲਾਸ਼ ਤੇ ਛੋਟੇ ਛੋਟੇ ਟੁੱਕੜੇ ਕਰਨ ਲੱਗ ਪਿਆ । ਭਰਮ ਇਹ ਬਣਿਆਂ ਹੋਇਆ ਸੀ ਕਿ ਜਦ ਦੇਵੀ ਨੂੰ ਬਲੀ ਦਾ ਭੋਗ ਲੁਆ ਕੇ ਸਾਰਾ ਮਾਸ ਸੰਗਤ ਨੇ ਖਾ ਲਿਆ ਤਾਂ ਲੜਕੇ ਨੇ ਦੁਬਾਰਾ ਜੀਉਂਦਾ ਹੋ ਜਾਣਾ ਹੈ ਅਤੇ ਘਰਦਿਆਂ ਨੂੰ ਨੌਂ ਨਿਧਾਂ ਪ੍ਰਾਪਤ ਹੋ ਜਾਣੀਆਂ ਹਨ । ਰਿਨ੍ਹਣ ਦੀ ਤਿਆਰੀ ਹੋ ਰਹੀ ਸੀ ਕਿ ਕਿਸੇ ਨੇ ਠਾਣੇ ਤੋਂ ਪੁਲਸ ਲੈ ਆਂਦੀ । ਇਸ ਘਟਣਾ ਨਾਲ ਸਾਰੇ ਇਲਾਕੇ ਵਿਚ ਹਾਹਾਕਾਰ ਮਚ ਗਈ ਅਤੇ ਅਗਲੇ ਦਿਨ ਇਹ ਮੰਦੀ ਦੁਰਘਟਣਾਂ ਅਖ਼ਬਾਰਾਂ ਦੀ ਮੋਟੀ ਸੁਰਖੀ ਸੀ । ਠਾਣੇ ਦੇ ਮੁਖ ਪੁਲਸ ਅਫ਼ਸਰ (SHO) ਦਾ ਨਾਮ ਸੋਹਨ ਸਿੰਘ ਸੀ । ਉਸ ਨੇ ਕਾਕਾ ਰਾਮ, ਬੁਡੂ ਰਾਮ ਅਤੇ ਮੁਨਸ਼ੀ ਰਾਮ ਤਿੰਨਾ ਤੇ ਕਤਲ ਦਾ ਕੇਸ ਬਣਾ ਦਿੱਤਾ । ਸੈਸ਼ਨ ਜੱਜ ਨੇ ਨਾਨੇ ਨੂੰ ਫ਼ਾਂਸੀ ਦਾ ਅਤੇ ਚਾਚਿਆਂ ਨੂੰ ੨੦/੨੦ ਸਾਲ ਕੈਦ ਸੁਣਾਈ ।

ਬ੍ਰਾਹਮਣ ਦੀ ਮਾਸ ਖਾਣ ਦੀ ਤ੍ਰਿਸ਼ਨਾਂ ਨੇ ਪਿਛਲੇ ਹਜ਼ਾਰਾਂ ਸਾਲਾਂ ਵਿਚ ਪਤਾ ਨਹੀਂ ਕਿੰਨੇ ਕੁ ਬੇਗੁਨਾਹ ਬਦ-ਕਿਸਮਤਾਂ ਦੀ ਜਾਨ ਲਈ ਹੋਵੇਗੀ ?

(ਅ) ਵਿਦੇਸ਼ੀ (ਕੈਨੇਡਾ) ਛਪਦੇ ਟਾਈਮ ' ਕਾਲੋਨਿਸਟ ਅਖ਼ਬਾਰ ਦੇ ਪਹਿਲੀ ਅਕਤੂਬਰ, ੧੯੯੧. ਵੀਰਵਾਰ ਦੇ ਪਰਚੇ ਵਿਚ ਛਪੀ ਖ਼ਬਰ ਗੋਰੇ ਵਸਨੀਕਾ ਵਿਚ ਬੜੀ ਹੈਰਾਨੀ ਭਰੀ ਚਰਚਾ ਕਾ ਕਾਰਨ ਬਣੀ । ਖ਼ਬਰ ਇਹ ਸੀ ਕਿ ਇੱਕ ਨੌ ਸਾਲ ਦੇ ਬੱਚੇ ਨੇ ਆਪਣੀ ਜ਼ਬਾਨ ਵੱਢ ਕੇ

ਕਾਲੀ ਮਾਤਾ ਦੀ ਭੇਟਾ ਕਰ ਦਿੱਤੀ । ਅੰਗ੍ਰੇਜ਼ੀ ਭਾਸ਼ਾ ਵਿਚ ਛਪਦੀ ਉਸ ਖ਼ਬਰ ਦਾ ਉਤਾਰਾ ਇਸ ਪ੍ਰਕਾਰ ਹੈ**-Boy slashes tongue.** NEW DEHLI-- A nine-year-old Indian boy cut off part of his tongue as an offering to the goddess Kali, watched by hundreds of devotees outside a temlple. The boy staged a fast for a Hindu festival before mAKihng the offering at Kamasin in Uttar Pradesh, the Press Trust of India Quoted police as saying Wednesday. ਨਿਰਸੰਦੇਹ, ਪ੍ਰੋਹਿਤ ਪੁਜਾਰੀ ਵਲੋਂ ਪਾਏ ਕੋੜੇ ਭਰਮ ਦੇ ਕਾਰਨ ਅਤੇ ਮਾਪਿਆਂ ਦੀ ਅਗਿਆਤਨਤਾ ਭਰੀ ਲਾ ਪਰਵਾਹੀ ਦੇ ਕਾਰਨ ਇਕ ਮਾਸੂਮ ਸਦਾ ਲਈ ਕੁਦਰਤ ਦੀ ਵਡਮੁੱਲੀ ਬਖ਼ਸ਼ਸ਼ ਤੋਂ ਹੱਥ ਧੋ ਬੈਠਾ ਅਤੇ ਸਦਾ ਲਈ ਗੂੰਗਾ ਹੋ ਗਿਆ ।

੬) ਸ੍ਰੀ ਕ੍ਰਿਸ਼ਨ ਜੀ ਨੂੰ ਇਕ ਪਾਸੇ ਤਾਂ, ਦੁਆਪਰ ਜੁੱਗ ਦੇ ਪਾਪਾਂ ਦਾ ਨਾਸ ਕਰਨ ਆਏ ਭਗ਼ਵਾਨ, ਸਿਰਜਣ ਹਾਰ, ਕਣ-ਕਣ ਦਾ ਵਾਸੀ ਸਰਬ-ਵਿਆਪੀ ਅਤੇ ਸਰਬ ਸ਼ਕਤੀਮਾਨ ਲਿਖ ਕੇ ਪਰਚਾਰਿਆ ਅਤੇ ਰਾਸਾਂ ਅਤੇ ਫਿਲਮਾਂ ਰਾਹੀਂ ਦਰਸਾਇਆ ਵੀ ਗਿਆ ਪਰ ਨਾਲ ਹੀ **ਸਯਾਮ** ਨਾਮੀ ਬੜੇ ਵਿਦਵਾਨ ਬ੍ਰਾਹਮਣ ਕਵੀ ਦਾ ਲਿਖਿਆ **ਕਿਸ਼ਨਾਵਤਾਰ** ਪ੍ਰਸੰਗ ਇਹ ਸਮਝਾ ਰਿਹਾ ਹੈ ਕਿ ਬਿੰਦ੍ਰਾਬਨ ਵਿਚਲੀ ਲੀਲਾ ਸਮੇਂ ਕ੍ਰਿਸ਼ਨ ਅਤੇ ਉਸ ਦੇ ਸਾਥੀ ਗਵਾਲਿਆਂ ਵਾਸਤੇ ਬ੍ਰਾਹਮਣਾ ਦੀਆਂ ਪਤਨੀਆਂ ਕਈ ਕਿਸਮਾਂ ਦਾ ਮਾਸ ਅਤੇ ਹੋਰ ਪਕਵਾਨ ਬਣਾ ਕੇ ਲਿਆਉਂਦੀਆਂ ਸਨ, ਅਤੇ ਇਹ ਵੀ ਲਿਖਿਆ ਹੈ ਕਿ ਜਦੋਂ ਅਉਧ ਦੇ ਰਾਜੇ ਦੀ ਧੀ ਦਾ ਸੁਅੰਬਰ ਜਿੱਤ ਕੇ ਕ੍ਰਿਸ਼ਨ ਜੀ ਦੁਆਰਕਾ ਪੁਜੇ ਤਾਂ ਅਰਜਨ ਨੂੰ ਨਾਲ ਲੈ ਕੇ ਆਪਣੇ ਬਾਗ਼ ਵਿਚ ਸੈਰ ਕਰਨ ਚਲੇ ਗਏ ਤਾਂ ਉਥੇ ਸ਼ਰਾਬ, ਅਫ਼ੀਮ, ਪੋਸਤ ਅਤੇ ਭੰਗ ਚੌਹਾਂ ਦੇ ਮਿਲਵੇਂ ਨਸ਼ੇ ਛਕੇ ਅਤੇ ਰਾਮਜਣੀਆਂ ( ਭਾਵ, ਕੰਜਰੀਆਂ ) ਦਾ ਨਾਚ ਕਰਾਇਆ ਅਤੇ ਨਸ਼ੱਈ ਹੋ ਕੇ ਕ੍ਰਿਸ਼ਨ ਜੀ ਅਰਜੁਨ ਨੂੰ ਕੀਂਦੇ ਦਰਸਾਏ ਗਏ ਹਨ ਕਿ ਬ੍ਰਹਮਾ ਨੂੰ ਚਾਹੀਦਾ ਸੀ ਕਿ ਸ਼ਰਾਬ ਦਾ ਇਕ ਅੱਠਵਾਂ ਸਮੁੰਦਰ ਬਣਾ ਦਿੰਦਾ ਤੇ ਅਰਜੁਨ ਵੀ ਨਸ਼ੇ ਵਿਚ ਝੂਮਦਾ ਹੋਇਆ ਅਗੋਂ ਕੀਂਦਾ ਹੈ ਕਿ ਉਸ ਮੂਰਖ ਨੂੰ ਕੀ ਪਤਾ ਸ਼ਰਾਬ ਕਿਨੀ ਚੰਗੀ ਚੀਜ਼ ਹੈ ਆਦਿ । ( **ਕ੍ਰਿਸ਼ਨ ਅਵਤਾਰ** ਪ੍ਰਕ੍ਰਣ ਵਿਚ ਸਾਰਾ ਕੁਝ ਖੋਹਲ ਕੇ ਲਿਖਿਆ ਹੈ )

੭) ਮਰਯਾਦਾ ਪਰਸ਼ੋਤਮ ਰਾਮ ਜੀ ਨੂੰ ਮਾਸ ਸ਼ਰਾਬ ਨਾਲ ਸਿੱਧਾ ਤਾਂ ਨਹੀਂ ਜੋੜਿਆ ਪਰ ਉਨ੍ਹਾਂ ਦੀ ਧਰਮ ਪਤਨੀ ਸੀਤਾ ਜੀ ਬਾਰੇ ਇਹ ਕੁਝ ਲਿਖ ਦਿੱਤਾ :- ਵਾਲਮੀਕ ਰਾਮਾਇਣ ਬਾਲ ਕਾਂਡ ਦੇ ੪੫ ਵੇਂ ਅਧਿਆਇ ਵਿੱਚ ਲਿਖਿਆ ਹੈ ਕਿ ਸੁਰਾ (ਸ਼ਰਾਬ)ਪੀਣ ਤੋਂ ਹੀ ਦੇਵਤੇ ਸੁਰ ਕਹਾਏ ਹਨ ਪੁਰਾਣੇ ਜ਼ਮਾਨੇ ਵਿਚ ਸੁਰਾ ਦੀ ਵਡੀ ਮਹਿਮਾ ਮੰਨੀ ਗਈ ਸੀ । ਅਯੋਧਯਾ ਕਾਂਡ ਦੇ ੫੨ਵੇਂ ਅਧਿਆਇ ਵਿੱਚ ਲਿਖਆ ਹੈ ਕਿ ਜਦ ਸੀਤਾ, ਰਾਮਚੰਦ੍ਰ ਜੀ ਨਾਲ ਵਨਵਾਸ ਨੂੰ ਜਾਂਦੀ ਹੋਈ ਗੰਗਾ ਨਦੀ ਲੰਘੀ, ਤਦ ਮੰਨਤ ਮੰਨੀ ਕਿ - **ਹੇ ਗੰਗਾ ! ਜੇ ਰਾਮ ਜੀ ਵਨਵਾਸ ਤੋਂ ਮੁੜਕੇ ਅਯੋਧਿਆ ਦਾ ਰਾਜ ਪਾਉਣਗੇ, ਤਾਂ ਮੈਂ ਤੇਰੇ ਕਿਨਾਰੇ ਰਹਿਣ ਵਾਲੇ ਬ੍ਰਾਹਮਣਾਂ ਨੂੰ ਹਜ਼ਾਰ ਗ਼ਊਆਂ ਦੇਵਾਂਗੀ ਅਤੇ ਇੱਕ ਹਜ਼ਾਰ ਘੜਾ ਸੁਰਾ (ਸ਼ਰਾਬ) ਦਾ ਤੈਨੂੰ ਅਰਪਾਂਗੀ, ਅਰ ਮਾਸ ਚਾਵਲ ਆਦਿ ਸਾਮਗ੍ਰੀ ਨਾਲ ਤੇਰੀ ਪੂਜਾ ਕਰਾਂਗੀ ।** ( ਮਹਾਨ ਕੋਸ਼-੨੧੯ )

ਇਹ ਤਾਂ ਸੋਚਿਆ ਵੀ ਨਹੀਂ ਜਾ ਸਕਦਾ ਕਿ ਵਾਸਤਵ ਵਿਚ ਅਜੇਹਾ ਕੁਝ ਵਾਪਰਿਆ ਹੋਵੇਗਾ । ਧਰਮ ਗ੍ਰੰਥਾਂ ਵਿਚ ਲਿਖਿਆ ਇਹ ਸਾਰਾ ਕੁਝ, ਸਮਾਜ ਦੇ ਆਚਰਨ ਨੂੰ ਤਾਂ ਬੇਸ਼ੱਕ ਵਿਗਾੜ ਸਕਦਾ ਸੀ ਪਰ ਕਿਸੇ ਬ੍ਰਹਮ ਗਿਆਨ ਨਾਲ ਇਸ ਦਾ ਦੂਰ ਦਾ ਵੀ ਵਾਸਤਾ ਨਹੀਂ ਹੋ ਸਕਦਾ । ਕੀ ਇਹ ਸਮਝਿਆ ਜਾਵੇ ਕਿ ਅਜੇਹਾ ਅਨਰਥ ਧਰਮ ਗ੍ਰੰਥਾਂ ਵਿੱਚ ਲਿਖ ਕੇ ਬ੍ਰਾਹਮਣ ਸਮਾਜ ਦੇ ਆਚਰਨ ਵਿਚ ਗਿਰਾਵਟ ਲਿਆਉਣਾ ਚਾਹੁੰਦਾ ਸੀ ? ਕੁਝ ਵੀ ਸੋਚਦੇ ਰਹੀਏ, ਬ੍ਰਾਹਮਣ ਦਾ ਹਰ ਤੀਰ, ਉਸ ਦੀ ਯੋਜਨਾਂ ਅਨੁਸਾਰ, ਠੀਕ ਨਿਸ਼ਾਨੇ ਤੇ ਵੱਜਦਾ ਆ ਰਿਹਾ ਸੀ।

ਭੋਲੇ ਭਾਲੇ ਅਤੇ ਵਿਦਿਆ ਤੋਂ ਕੋਰੇ ਮਨੁੱਖ ਨੇ ਇਹ ਸਾਰਾ ਕੁਝ ਰੱਬੀ ਹੁਕਮ ਸਮਝ ਲਿਆ । ਦੇਵਤਿਆਂ ਦੀ ਕ੍ਰੋਪੀ ਨਾਲ ਵਾਪਰਨ ਵਾਲੀਆਂ ਮੁਸੀਬਤਾਂ ਦੇ ਭੈ ਤੋਂ ਕੰਬਦੇ ਅਤੇ ਉਨ੍ਹਾਂ ਦੀ ਪ੍ਰਸੰਨਤਾ ਨਾਲ ਹੋਣ ਵਾਲੇ ਲਾਭ ਦੇ ਭਰਮਾਂ ਦੇ ਮਾਰਿਆਂ ਨੇ, ਕਈ ਕਿਸਮ ਦੇ ਪਸ਼ੂ-ਪੰਖੀਆਂ ਦਾ ਮਾਸ ਬੜੀ ਸ਼ਰਧਾ ਨਾਲ ਰਿੰਨ੍ਹ ਪਕਾ ਕੇ ਅਤੇ ਵਧੀਆ ਤੋਂ ਵਧੀਆ ਸ਼ਰਾਬ ਤਿਆਰ ਕਰਕੇ, ਦੇਵਤਿਆਂ ਦੀ ਮੂਰਤੀ ਦੀ ਭੇਟਾ ਕਰਨ ਵਾਸਤੇ, ਮੰਦਰਾਂ ਵਿਚ ਲਿਆਉਣੀ ਅਰੰਭ ਕਰ ਦਿੱਤੀ । ਮਾਇਆ ਦੇ ਨਸ਼ੇ ਵਿਚ ਅੰਨ੍ਹਾਂ ਹੋਇਆ ਮਨੁੱਖ ਜੰਤਾ ਦਾ ਧਰਮ-ਆਗੂ ਬਣ ਬੈਠੇ ਤਾਂ ਢੋਈ ਕਿਥੇ ?:--

੫੧- **ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥ ਆਪਿ ਮੁਸੈ ਮਤਿ ਹੋਛੀਐ**
**ਕਿਉ ਰਾਹੁ ਪਛਾਣੈ ॥ ਕਿਉ ਰਾਹਿ ਜਾਵੈ ਮਹਲੁ ਪਾਵੈ ਅੰਧ ਕੀ ਮਤਿ**
**ਅੰਧੁਲੀ ॥ ਵਿਣੁ ਨਾਮ ਹਰਿ ਕੇ ਕਛੁ ਨ ਸੂਝੈ ਅੰਧੁ ਬੂਡੌ ਧੰਧਲੀ ॥.. ੬** ॥[੭੬੭]-੨-੫

੧੬

## ਭੋਗ ਲਾਉਣ ਦੀ ਪਰਿਪਾਟੀ

ਦੂਰ ਦੀ ਸੋਚਣ ਵਾਲੇ ਬ੍ਰਾਹਮਣ ਨੇ ਵਿਚਾਰਿਆ ਕਿ ਜੇ ਇਹ ਸਾਰਾ ਕੁਝ (ਮਾਸ-ਸ਼ਰਾਬ) ਸਿੱਧਾ ਆਪ ਹੀ ਖਾਣ ਲੱਗ ਪਿਆ ਤਾਂ ਹੋ ਸਕਦਾ ਹੈ, ਕਦੇ ਲੋਕਾਂ ਵਿਚ ਇਹ ਚਰਚਾ ਚੱਲ ਪਏ ਕਿ, **ਦੇਵਤੇ ਦੇ ਬਹਾਨੇ, ਮਾਸ ਸ਼ਰਾਬ ਪੁਜਾਰੀ ਆਪਣੇ ਲਈ ਮੰਗਾਉਂਦਾ ਹੈ** । ਵਿਦਿਆ ਤੋਂ ਕੋਰੇ ਅੰਧ-ਵਿਸ਼ਵਾਸ਼ੀ ਸ਼ਰਧਾਲੂ ਨੂੰ, ਸਾਰੇ ਕੁਝ ਦਾ ਸੇਵਨ ਦੇਵਤਾ ਹੀ ਕਰਦਾ, ਜ਼ਰੂਰ ਦਰਸਾਉਣਾ ਚਾਹੀਦਾ ਹੈ । ਇਸ ਮਹਾਂ ਵਿਦਵਾਨ ਨੇ ਉਸੇ ਪੱਥਰ ਦੀ ਮੂਰਤੀ ਨੂੰ ਜਿਹੜੀ ਉਸ ਨੇ ਆਪ ਹੀ ਘੜੀ ਅਥਵਾ ਘੜਵਾਈ ਸੀ, **ਭੋਗ** ਲਾਉਣ ਦੀ ਰੀਤ ਚਾਲੂ ਕਰਨ ਦੀ ਯੋਜਨਾਂ ਤਿਆਰ ਕਰ ਲਈ ।

ਸ਼ਰਧਾਲੂਆਂ ਨੂੰ ਸਮਝਾ ਦਿੱਤਾ ਕਿ ਦੇਵਤਾ ਜੀ ਵਾਸਤੇ ਭੇਟਾ ਕਰਨ ਵਾਲੇ ਪਦਾਰਥਾਂ (ਮਾਸ-ਸ਼ਰਾਬ ਆਦਿ ਸੱਭ ਕੁਝ ਦੀ) ਤਿਆਰੀ ਕਰਨ ਵਾਲਿਆਂ ਨੇ ਸਣ ਕੱਪੜੀਂ ਇਸ਼ਨਾਨ ਕੀਤਾ ਹੋਵੇ । ਚੁੱਲ੍ਹਾ ਚੌਕਾ ਗਊ ਦੇ ਗੋਹੇ ਦੇ ਨਵੇਂ ਲੇਪਣ ਨਾਲ ਪਵਿੱਤ੍ਰ ਕਰ ਲਿਆ ਜਾਵੇ । ਬਰਤਨ ਦੀ ਸਫ਼ਾਈ ਉਚੇਚੇ ਢੰਗ ਨਾਲ ਕੀਤੀ ਜਾਵੇ । ਪ੍ਰਸ਼ਾਦ ਦੀ ਤਿਆਰੀ ਉਪ੍ਰੰਤ ਉਸ ਨੂੰ ਸਾਫ਼ ਸੁਥਰੇ ਭਾਂਡੇ ਵਿਚ ਪਾ ਕੇ ਬੜੇ ਸਵੱਛ ਕੱਪੜੇ ਨਾਲ ਢੱਕ ਕੇ ਲਿਆਂਦਾ ਜਾਵੇ । ਦੇਵਤੇ ਦੇ ਪ੍ਰਸ਼ਾਦਿ ਦੇ ਅਗੇ ਇਖ ਅਜੇਹਾ ਮਨੁੱਖ ਜਲ ਦੇ ਛੱਟੇ ਮਾਰਦਾ ਆਵੇ ਜਿਸਨੇ ਇਸ਼ਨਾਨ ਕੀਤਾ ਹੋਇਆ ਹੋਵੇ ਅਤੇ ਉਹ ਮੰਦਰ ਵਿੱਚ ਪੁੱਜ ਕੇ ਪੁਜਾਰੀ ਨੂੰ ਸੂਚਤ ਕਰੇ । ਜਦ ਪ੍ਰਸ਼ਾਦ ਦੇਵਤਾ ਜੀ ਦੀ ਮੂਰਤੀ ਦੀ ਭੇਟਾ ਹੋ ਜਾਣਾ ਤਾਂ ਪੁਜਾਰੀ ਨੇ ਖ਼ਾਸ ਵਿਧੀ ਦੀ ਅਸ਼ਟਾਂਗ ਡੰਡੌਤ ਕਰਨੀ । ਫਿਰ ਯੁਜਰ ਵੇਦ ਦੇ ਮੰਤ੍ਰਾਂ ਦਾ ਉਚਾਰਨ ਕਰਨਾ । ਖ਼ਾਸ ਚੁਣੇ ਹੋਏ ਸ਼ਬਦਾਂ ਦੁਆਰਾ ਭਰਮਾਊ ਵਿਧੀ ਨਾਲ ਦੇਵਤਾ ਜੀ

ਨੂੰ ਬੇਨਤੀਆਂ ਕਰਨੀਆਂ ਕਿ ਉਹ, ਆਪਣੇ ਭਗਤਾਂ ਦੀ ਭੇਟਾ ਨੂੰ ਭੋਗ ਲਾ ਕੇ ਸੇਵਕਾਂ ਦੀਆਂ ਮਨੋਕਾਮਨਾਂ ਪੂਰੀਆਂ ਕਰੇ । ਲੋਕਾਂ ਦੇ ਮਨਾਂ ਅੰਦਰ ਭੋਗ ਲਾਉਣ ਵਾਲੇ ਭਰਮ ਨੂੰ ਪੱਕਾ ਕਰ ਦੇਣ ਲਈ ਤਾਂਤ੍ਰਿਕ ਵਿਦਿਆ ਨਾਲ ਪ੍ਰਸ਼ਾਦ ਨੂੰ ਲੋੜ ਅਨੁਸਾਰ ਛੇੜ ਛਾੜ ਕਰ ਦੇਣੀ । ਆਪੇ ਬਣਾਈ ਹੋਈ ਅਰਦਾਸ ਦੇ ਬੋਲਾਂ ਵਿਚ, ਇਹ ਸਮਝਾ ਦੇਣਾ ਕਿ ਦੇਵਤਾ ਜੀ ਨੇ ਪੁਜਾਰੀ ਦੇ ਹੀ ਮੂੰਹ ਰਾਹੀਂ ਰੱਜਣਾ ਹੈ । ਲੋਕਾਂ ਨੂੰ ਨਿਸਚਾ ਹੋ ਗਿਆ ਕਿ ਪੁਜਾਰੀ ਦਾ ਰੱਜ ਹੀ ਦੇਵਤੇ ਦਾ ਅਸਲੀ ਰੱਜ ਹੈ । ਜੇ ਪੁਜਾਰੀ ਰਾਜ਼ੀ ਤੇ ਦੇਵਤਾ ਬਾਗੋ-ਬਾਗ । ਇਹ ਭਰਮ ਪੱਕਾ ਹੋ ਗਿਆ ਕਿ ਦੇਵਤਾ ਜੀ ਸਾਰੇ ਭੋਗਾਂ ਦਾ ਰਸ ਬ੍ਰਾਹਮਣ ਦੇ ਸਰੀਰ ਵਿਚਦੀ ਹੀ ਮਾਣਦੇ ਹਨ ਅਤੇ ਭਗਤਾਂ ਨੂੰ ਵਰ ਵੀ ਪੁਜਾਰੀ ਦੀ ਜ਼ਬਾਨ ਤੇ ਹੀ ਬੈਠ ਕੇ ਹੀ ਦੇਂਦੇ ਹਨ* ।

(* Foot Note:--ਰਾਮਾਇਣ ਗਾਥਾ ਵਿਚਲੇ ਲੰਕਾ-ਪਤੀ ਰਾਵਣ ਦਾ ਭਰਾ ਕੁੰਭ-ਕਰਣ ਭਗਵਾਨ ਬ੍ਰਹਮਾਂ ਜੀ ਕੋਲੋਂ ਇੰਦ੍ਰਾਸਨ ਦੀ ਪ੍ਰਾਪਤੀ ਦਾ ਵਰ ਮੰਗਣਾਂ ਚਾਹੁੰਦਾ ਹੈ । ਇੰਦ੍ਰ ਦੇਵ ਆਪਣੇ ਹਥੋਂ ਰਾਜ ਜਾਂਦਾ ਸਮਝ ਕੇ ਘਾਬਰ ਗਏ ਅਤੇ ਸਰਸਵਤੀ ਦੇਵੀ ਨੂੰ ਕੁੰਭ-ਕਰਣ ਦੀ ਜ਼ਬਾਨ ਤੇ ਬਿਠਾ ਕੇ ਉਸ ਕੋਲੋਂ ਇੰਦ੍ਰਾਸਣ ਦੇ ਥਾਂ ਨਿੰਦ੍ਰਾਸਣ ਅਖਵਾ ਦਿੱਤਾ । ਨੀਂਦ ਦਾ ਵਰ ਮਿਲ ਜਾਣ ਨਾਲ ਕੁੰਭ ਕਰਣ ਛੇ ਮਹੀਨੇ ਸੁੱਤਾ ਰਹਿੰਦਾ ਸੀ । ਇਸ ਦ੍ਰਿਸ਼ਯ ਨੂੰ ਰਾਮਾਇਣ ਗਾਥਾ ਵਾਲੀਆਂVideo ਰੀਲਾਂ ਵਿਚ ਦਰਸਾਇਆ ਹੋਇਆ ਹੈ । ਬ੍ਰਾਹਮਣ ਦੇ ਚੇਲਿਆਂ ਨੂੰ ਪੱਕਾ ਭਰੋਸਾ ਹੈ, ਕਿ ਦੇਵਤੇ, ਮਨੁੱਖ ਦੀ ਜ਼ਬਾਨ ਤੇ ਬੈਠ ਕੇ ਉਸ ਨੂੰ ਆਪਣੀ ਮਰਜ਼ੀ ਅਨੁਸਾਰ ਬੁਲਵਾ ਸਕਦੇ ਹਨ ।

ਲੋਕਾਂ ਨੇ ਬਿੱਪ੍ਰ ਜੀ ਦੀਆਂ ਮਿੰਨਤਾਂ ਕਰਨੀਆਂ ਕਿ ਉਹ ਮਾਸ ਅਤੇ ਸ਼ਰਾਬ ਦੇ ਪ੍ਰਸ਼ਾਦਿ ਨਾਲ ਰੱਜ ਕੇ ਸ਼ਰਧਾਲੂਆਂ ਨੂੰ ਦੇਵਤੇ ਦੀਆਂ ਖ਼ੁਸ਼ੀਆਂ ਲੈ ਦੇਵੇ । ਪ੍ਰਸ਼ਾਦ ਦਾ ਕਿਣਕਾ ਮਾਤ੍ਰ ਸੰਗਤ ਵਿਚ ਵੀ ਵਰਤਦਾ, ਪਰ ਉਥੇ ਆਏ ਬ੍ਰਾਹਮਣਾ ਦਾ ਪੂਰਾ ਰੱਜ ਕਰਾਇਆ ਜਾਣਾ ਧਰਮ ਦਾ ਅੰਗ ਸਮਝਿਆ ਜਾਣ ਲੱਗ ਪਿਆ ਸੀ । ਮਾਸ ਸ਼ਰਾਬ ਨਾਲ ਰੱਜ ਕੇ ਬ੍ਰਾਹਮਣਾਂ ਨੇ ਜਿੰਨੀਆਂ ਵੱਧ ਖਰਮਸਤੀਆਂ ਕਰਨੀਆਂ ਲੋਕਾਂ ਨੇ ਓਨੀ ਹੀ ਵੱਧ ਦੇਵਤੇ ਦੀ ਪ੍ਰਸੰਨਤਾ ਸਮਝਣੀ । ਪੁਜਾਰੀ ਨੂੰ ਖਰੂਦ ਕਰਦਾ ਦੇਖ ਕੇ ਸ਼ਰਧਾਲੂਆਂ ਨੇ ਦੇਵਤੇ ਅਤੇ ਬਿੱਪਰਾਂ ਦੀ ਜੈ ਦੇ ਜੈਕਾਰਿਆਂ ਨਾਲ ਮੰਦਰ ਦੀਆਂ ਕੰਧਾਂ ਕੰਬਾ ਦੇਣੀਆਂ ।

ਬ੍ਰਾਹਮਣ ਦੀ ਇਸ ਰਾਸ ਲੀਲ੍ਹਾ ਵਿਚ ਬੀਬੀਆਂ ਸ਼ਾਮਲ ਹੋਣੋ ਸ਼ਰਮਾਈਆਂ ਤਾਂ ਕਾਲੀ ਦੇਵੀ, ਸ਼ਕਤੀ ਆਦਿ ਇਸਤ੍ਰੀ ਰੂਪ ਦੇਵੀਆਂ ਨੂੰ ਮਾਸ ਸ਼ਰਾਬ ਦਾ ਸ਼ੁਕੀਣ ਦੱਸ ਕੇ ਉਨ੍ਹਾਂ ਦੀਆਂ ਮੂਰਤੀਆਂ ਨੂੰ ਕਈ ਵਿਧੀਆਂ ਨਾਲ ਸ਼ੰਗਾਰ ਕੇ ਮੰਦ੍ਰਾਂ ਵਿਚ ਸਥਾਪਤ ਕਰ ਦਿੱਤਾ । ਮਾਸ ਸ਼ਰਾਬ ਉਨ੍ਹਾਂ ਦੇਵੀਆਂ ਦੀ ਭੇਟਾ ਕਰਨ ਵਾਸਤੇ ਬੀਬੀਆਂ ਨੇ ਆਪਣਾ ਉਚੇਚਾ ਧਰਮ ਮੰਨ ਲਿਆ । ਹੁਣ ਬੀਬੀਆਂ ਦੇ ਝੁਰਮਟ ਵੀ ਸ਼ਰਾਬੀਆਂ ਦੀ ਰਾਸ ਲੀਲ੍ਹਾ ਦਾ ਹਿੱਸਾ ਬਣਨ ਲੱਗ ਗਏ । ਇਹ ਹੈ ਦੇਵਤਿਆਂ ਨੂੰ ਅਥਵਾ ਇਸ਼ਟ ਨੂੰ ਭੋਗ ਲਾਉਣ ਦਾ ਪਿਛੋਕੜ ।

੮) ਹੋ ਸਕਦਾ ਹੈ ਕਦੇ ਕਿਸੇ ਨੇਕ ਅਤੇ ਸੂਝਵਾਨ ਰਾਜੇ ਨੇ ਬ੍ਰਾਹਮਣਾ ਦੀਆਂ ਇਨ੍ਹਾਂ ਹਰਕਤਾਂ ਵਿਰੁਧ ਕਿਸੇ ਕੋਈ ਰੋਸ ਕਰ ਦੇਣ ਦੀ ਦਲੇਰੀ ਕਰ ਲਈ ਹੋਵੇ । ਬ੍ਰਾਹਮਣ ਬ੍ਰਾਦਰੀ ਰੋਹ ਵਿੱਚ ਆ ਗਈ । ਬ੍ਰਾਹਮਣ ਦੀ ਕਿਸੇ ਕਰਤੂਤ ਦੇ ਵਿਰੁੱਧ ਬੋਲਣ ਦੀ ਦਲੇਰੀ ਕਰਨ ਦੀ ਭੁੱਲ ਕਰਨ ਤੋਂ ਰਾਜਿਆਂ ਦਾ ਸਦਾ ਲਈ ਮੂੰਹ ਬੰਦ ਕਰ ਦੇਣ ਲਈ ਧਰਮਗ੍ਰੰਥਾਂ ਦੀ ਅਜੇਹੇ ਢੰਗ ਨਾਲ ਵਰਤੋਂ ਕੀਤੀ ਕਿ ਰਾਜੇ ਕੰਬ ਗਏ । ਸੁਆਮੀ ਰਾਮ ਤੀਰਥ ਜੀ ਦੰਡੀ ਸੰਨਿਆਸੀ ਜੀ ਦੀ ਪੁਸਤਕ ਦੇ ੨੪ ਸਫ਼ੇ ਦਾ ਲੇਖ ਇਸ ਤਰ੍ਹਾਂ ਹੈ :-

ਬ੍ਰਾਹਮਵੈ ਵਰਤ ਪੁਰਾਣ, ਪ੍ਰਕਿਰਤੀ ਖੰਡ, ਅਧਿਆਇ ੫੪ ਸ਼ਲੋਕ ੪੭,੪੮,੪੯ ਸ਼ਲੋਕਾਂ ਦੇ ਅਰਥ ਇਸ ਪ੍ਰਕਾਰ ਹਨ :- ਰਾਜਾ ਸੁਯੱਗ ਨੇ ਰਾਜਸੂ ਨਾਂ ਦੇ ਇੱਕ ਹਜ਼ਾਰ ਯੱਗ ਨਰਬਦਾ ਨਦੀ ਦੇ ਕੰਡੇ ਤੇ ਕੀਤੇ ਸਨ । ਤਿੰਨ ਲੱਖ ਅਸ਼ਵ ਮੇਧ ਯੱਗ ਕੀਤੇ ਅਰਥਾਤ ਤਿੰਨ ਲੱਖ ਘੋੜੇ ਮਾਰੇ । ਏਸੇ ਤਰ੍ਹਾਂ ਉਸ ਨੇ ਬੜੀ ਅਜੀਬ ਵਿਧੀ ਨਾਲ ਚਾਰ ਲੱਖ ਗੋਮੇਧ ਯੱਗ ਕੀਤੇ ਅਰਥਾਤ **ਚਾਰ ਲੱਖ ਗਊਆਂ ਮੌਤ ਦੇ ਘਾਟ ਉਤਾਰੀਆਂ** ਅਤੇ ਤਿੰਨ ਲੱਖ **ਨਰਮੇਧ** ਯੱਗ ਕੀਤੇ ਅਰਥਾਤ **ਤਿੰਨ ਲੱਖ ਬੇਗੁਨਾਹ ਮਨੁੱਖਾਂ ਨੂੰ ਕਤਲ ਕਰ ਦਿੱਤਾ ਸੀ** । ਘੀ ਵਿੱਚ ਤਲ ਕੇ **ਪੰਜ ਲੱਖ ਗਊਆਂ ਦੇ ਮਾਸ** ਨਾਲ ਚੱਬਣ ਚੂਸਣ, ਚੱਟਣ ਤੇ ਪੀਤੇ ਜਾਣ ਵਾਲੇ ਅਤੀਅੰਤ ਦੁਰਲੱਭ ਮਿਠੇ ਪਦਾਰਥਾਂ ਨਾਲ ਰਾਜਾ ਸੁਯੱਗ , ਨਿਤ ਤਿੰਨ ਤਿੰਨ ਕ੍ਰੋੜ ਬ੍ਰਾਹਮਣਾਂ ਨੂੰ ਭੋਜਨ ਕਰਾਇਆ ਕਰਦਾ ਸੀ ।

ਅਜੇਹਾ ਕੁਝ ਲਿਖੇ ਜਾਣ ਤੇ ਬ੍ਰਾਹਮਣ ਦੀ ਕਿਸੇ ਵੀ ਲੀਲ੍ਹਾ ਵਿਰੁੱਧ ਮੂੰਹ ਖੋਹਲਣ ਦੀ ਹਿੰਮਤ ਸਦਾ ਲਈ ਖ਼ਤਮ ਹੋ ਗਈ । ਕਿਉਂਕਿ ਸਾਰੇ ਧਰਮ-ਗ੍ਰੰਥ ਉਚਾਰੇ ਅਤੇ ਸੁਣੇ ਕਿਸੇ ਭਗਵਾਨ ਜਾਂ ਦੇਵਤੇ ਆਦਿ ਅਸਮਾਨੀ ਸ਼ਕਤੀ ਨੇ ਹੀ ਹਨ । (ਇਹ ਸੱਭ ਕੁਝ ਗ੍ਰੰਥਾਂ ਵਿਚ ਲਿਖਿਆ ਕਿਸੇ ਨੇ ਸੀ ? ਇਹ ਪੁਛਣ ਦੀ ਹਿੰਮਤ ਅੱਜ ਵੀ ਕਿਸ ਵਿਚ ਹੈ ?) ਇਸ ਲਈ ਧਰਮ ਗ੍ਰੰਥ ਦੀ ਗੱਲ ਨੂੰ ਝੂਠੀ ਆਖਣਾ ਰੱਬ ਨੂੰ ਝੂਠਾ ਕੀਣਾ ਮੰਨਿਆਂ ਜਾਂਦਾ ਸੀ । ਇਸ ਲਈ ਇਸ ਸਭ ਕੁਝ ਲਈ ਹਰ ਪਾਸਿਉਂ " ਸਭ ਸਤਿ ਹੈ, ਸਭ ਸਤਿ ਹੈ " ਦੀ ਧੁਨੀ ਹੀ ਗੂੰਜਦੀ ਸੁਣੀ ਜਾਂਦੀ ਸੀ ।

ਗੁਰਦੇਵ ਜੀ ਦਾ ਫੁਰਮਾਨ ਹੈ--**ਸਹਸ ਖਟੇ ਲਖ ਕਉ ਉਠ ਧਾਵੈ ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥** ਸੁਖਮਨੀ ॥ ਮਨੁੱਖ ਹਜ਼ਾਰਾਂ ਖੱਟਦਾ ਹੈ ਤੇ ਲੱਖਾਂ ਮਗਰ ਉਠ ਭੱਜਦਾ ਹੈ । ਮਾਇਆ ਜੋੜਦਾ ਹੈ ਪਰ ਰੱਜ ਨਹੀਂ ਹੁੰਦਾ । ਬ੍ਰਾਹਮਣ ਕੋਲ ਮਾਇਆ ਦੇ ਢੇਰ ਲੱਗ ਰਹੇ ਸਨ, ਪਰ ਇਹ ਸਭ ਕੁਝ ' ਅੱਗ ਵਿਚ ਬਾਲਣ ਪੈਣ ' ਦਾ ਕੰਮ ਦੇ ਰਿਹਾ ਸੀ । ਤ੍ਰਿਸ਼ਨਾਂ ਹੋਰ ਭੜਕ ਰਹੀ ਸੀ । ਧਰਮ ਕਰਮ ਦੇ ਮਸਲੇ ਵਿਚ ਲੋਕ ਪੂਰੀ ਤਰ੍ਹਾਂ ਬ੍ਰਾਹਮਣ ਤੇ ਨਿਰਭਰ ਹੋ ਚੁੱਕੇ ਸਨ । ਦਿਲ ਕਰੇ ਬ੍ਰਾਹਮਣ ਮਨੁੱਖ ਨੂੰ ਸੁਰਗਾਂ ਦਾ ਵਾਸੀ ਬਣਾ ਦੇਵੇ ਅਤੇ ਜੇ ਦਿਲ ਕਰੇ ਤਾਂ ਇਸ ਨੂੰ ਨਰਕਾਂ ਵਿਚ ਧੱਕ ਦੇਵੇ । ਦੂਰ ਦੀ ਸੋਚ ਕੇ ਯੋਜਣਾ ਬਣਾਉਣ ਵਾਲਾ ਚਾਤੁਰ ਪ੍ਰੋਹਿਤ, ਭਾਰਤੀ ਮਨੁੱਖ ਨੂੰ ਅਜੇਹੇ ਢੰਗ ਨਾਲ ਆਪਣੇ ਭਰਮ-ਜਾਲ ਦੀਆਂ ਤੰਦਾਂ ਵਿਚ ਉਲਝਾ ਦੇਣਾ ਚਾਹੁੰਦਾ ਸੀ ਕਿ ਰਹਿੰਦੀ ਦੁਨੀਆਂ ਤੱਕ ਬ੍ਰਾਹਮਣੀ ਲੁੱਟ ਤੋਂ ਛੁਟਕਾਰਾ ਨਾ ਪਾ ਸਕੇ । ਅਣਡਿਠੀ ਦੁਨੀਆਂ ਬਾਰੇ ਬੜੀਆਂ ਵਿਚਿਤ੍ਰ ਗਾਥਾਵਾਂ ਗੰਢ ਕੇ ਖ਼ੂਬ ਪਰਚਾਰੀਆਂ । ਬਿੱਪ੍ਰ ਜੀ ਦੀ ਕਲਪਣਾ ਉਡਾਰੀ ਨੇ ਲੱਖਾਂ ਕ੍ਰੋੜਾਂ ਮੀਲ ਦੂਰ ਇੱਕ ਪਿੱਤ੍ਰ ਲੋਕ ਸਿਰਜ ਲਿਆ ਜਿਥੇ ਜੀਵ-ਆਤਮਾ ਨੇ ਪੁੱਜ ਕੇ ਆਪਣੇ ਸਕੇ ਸੰਬੰਧੀਆਂ ਨਾਲ ਜਾ ਰਲਣਾ ਹੁੰਦਾ ਹੈ ਅਤੇ ਫਿਰ ਸਾਰਿਆਂ ਨੇ ਰਲ ਕੇ ਮੌਜਾਂ ਮਾਨਣੀਆਂ ਹੁੰਦੀਆਂ ਹਨ । ਉਸ ਅਦਭੁੱਤ ਪਿਤ੍ਰ-ਲੋਕ ਦੇ ਰਸਤੇ ਵਿੱਚ ਲਹੂ ਮਿੱਝ ਦੀ ਭਰੀ ਹੋਈ ਠਾਠਾਂ ਮਾਰਦੀ ਅਤੇ ਸੈਕੜੇ ਮੀਲ ਚੌੜੀ **ਵੈਤਰਨੀ ਨਦੀ** ਵਿਖਾ ਦਿੱਤੀ । ਨਰਕਾਂ ਵਿਚ ਮਿਲਣ ਵਾਲੇ ਭਿਆਨਕ ਨਜ਼ਾਰਿਆਂ ਦੇ ਚਿੱਤਰ ਬਣਾ ਕੇ ਧਰਮ ਅਸਥਾਨਾਂ ਦੀਆਂ ਕੰਧਾਂ ਨਾਲ ਲਟਕਾ ਦਿੱਤੇ । ਲੋਕਾਂ ਦੇ ਚੰਗੇ ਮੰਦੇ ਕਰਮਾਂ ਦਾ ਹਿਸਾਬ ਕਰਕੇ ਡੰਨ ਦੇਣ ਵਾਲੇ, ਧਰਮ-ਰਾਜ ਦੇ ਅਤੇ ਉਸ ਦੇ ਪੇਸ਼ਕਾਰ ਚਿਤ੍ਰ-ਗੁਪਤ ਦੀ ਭਿਆਨਕ ਕਚਹਿਰੀ ਦੇ, ਜੰਮ ਅਤੇ ਉਨ੍ਹਾਂ ਦੀ ਕਰੜੀ ਮਾਰ ਦੇ ਭਿਆਨਕ ਦ੍ਰਿਸ਼ਯ, ਅਜੇਹੇ ਢੰਗ ਨਾਲ ਪਰਚਾਰੇ ਕਿ ਮੌਤ ਅਥਵਾ ਨਰਕਾਂ ਦੇ ਨਾਮ ਤੋਂ ਮਨੁੱਖ ਦਾ ਮਨ ਡੋਬੇ ਖਾਣ ਲੱਗ ਪਿਆ । ਦੂਜੇ ਪਾਸੇ ਸੁਰਗਾਂ ਦੇ ਅਲੋਕਾਰ ਸੁਖਾਂ ਦੀ ਝਾਕੀਆਂ ਵੀ ਬੜੇ ਭਰਮਾਊ ਢੰਗ ਨਾਲ ਪੇਸ਼ ਕੀਤੀਆਂ । ਮਰਨ ਉਪਰੰਤ ਜੀਵ ਆਤਮਾ ਨਾਲ ਵਾਪਰਨ ਵਾਲੇ ਸਾਰੇ ਹਾਲਾਤ ਅਥਵਾ ਉਸ ਦੀ ਹੋਣ ਵਾਲੀ **ਗਤੀ** ਜਾਂ **ਦੁਰ-ਗਤੀ** ਦੀ ਸਾਰੀ ਕਥਾ ਵਾਲਾ--**ਗਰੁੜ ਪੁਰਾਣ** ਨਾਂ ਦਾ ਇੱਕ ਅੱਡਰਾ **ਧਰਮ-ਗੰਥ** ਹੋਂਦ ਵਿਚ ਆ ਗਿਆ ।

ਗਰੜ੍ਹ ਪੁਰਾਣ ਵਿਚ **ਵਿਸ਼ਨੂੰ ਭਗਵਾਨ ਜੀ** ਨੇ ਆਪਣੀ ਸਵਾਰੀ ਪੰਛੀ ਰਾਜ ਗਰੁੜ ਨੂੰ ਕਿਰਿਆ-ਕਰਮ ਵਾਲੇ ਲੁੱਟ-ਗਿਆਨ ਦੀ ਬਖ਼ਸ਼ਸ਼ ਕਰਦਿਆਂ ਲਗ-ਪਗ ਸਾਰਿਆਂ ਪ੍ਰਕਰਣਾਂ ਵਿਚ ਬ੍ਰਾਹਮਣ ਨੂੰ ਹੀ ਜੀਵ ਦੀ ਗਤੀ ਕਰਨ ਦੇ ਸਮਰਥ ਦੱਸਿਆ ਹੈ । ਗਰੁੜ ਪੁਰਾਣ ਵਿਚਲੇ ਵਿਸ਼ਨੂੰ ਜੀ ਨੇ ਸਾਰੀਆਂ ਔਕੜਾਂ ਤੋਂ ਛੁਟਕਾਰੇ ਦੀ ਅਤੇ ਸੁਰਗਾਂ ਦੀ ਕੁੰਜੀ, ਕੇਵਲ ਬ੍ਰਾਹਮਣ ਦੇ ਹਥ ਵਿਚ ਹੀ ਫੜਾਈ ਹੋਈ ਹੈ । ਬ੍ਰਾਹਮਣ ਨੂੰ ਦਾਨ ਦੇਣ ਦੀਆਂ ਵਿਧੀਆਂ ਅਤੇ ਤਾਕੀਦਾਂ ਨਾਲ ਇਹ ਗ੍ਰੰਥ ਭਰਿਆ ਹੋਇਆ ਹੈ । ਇਸ ਦਾ ਅਸਰ ਇਹ ਹੋਇਆ ਕਿ ਨਰਕਾਂ ਦੀ ਮਾਰ ਤੋਂ ਬਚ ਕੇ ਅਤੇ ਵੈਤਰਨੀ ਨਦੀ ਵਿਚ ਪੈਣੋਂ ਲਾਂਭੇ ਰਹਿ ਕੇ ਸਿਧਾ ਸੁਰਗਾਂ ਵਿਚ ਪੁੱਜਣ ਦੀ ਆਸ ਵਾਲੇ ਭਰਮੀ ਮਨੁੱਖ ਬ੍ਰਾਹਮਣ ਦੇ ਨਿਵਾਸ ਅਸਥਾਨ ਦੀਆਂ ਪਰਿਕਰਮਾਂ ਕਰਨ ਤੋਂ ਨਾ ਥੱਕਦੇ ਸਨ ਅਤੇ ਨਾ ਹੀ ਅੱਕਦੇ ਸਨ । ਬ੍ਰਾਹਮਣ ਦੇ ਕੀਣ ਤੇ ਲੋਕ ਆਪਣਾ ਸਭ ਕੁਝ ਲੁਟਾ ਦੇਣ ਲਈ ਕਾਹਲੇ ਪੈਣ ਲੱਗ ਪਏ । ਲੋਕ ਤਾਂ ਬ੍ਰਾਹਮਣ ਦੇ ਕਹੇ ਕਰਵੱਤ ਹੇਠ ਬੈਠ ਕੇ ਆਪਣੇ ਸਰੀਰ ਨੂੰ ਦੋ ਫਾੜ ਕਰਾਉਣ ਵਿਚ ਵੀ ਆਪਣੀ ਕਲਿਆਣ ਮੰਨ ਬੈਠੇ ਸਨ । ਦੇਵਤੇ ਅਥਵਾ ਬ੍ਰਾਹਮਣ-ਦੇਵਤੇ ਨੂੰ ਖ਼ੁਸ਼ ਕਰਨ ਲਈ ਮਾਸ ਸ਼ਰਾਬ ਭੇਟਾ ਕਰਨੀ ਤਾਂ ਲੋਕਾਂ ਲਈ ਸਗੋਂ ਖ਼ੁਸ਼ੀ ਦਾ ਧੰਦਾ ਸੀ । ਬਿੱਪ੍ਰ ਜੀ ਕਿਹੜਾ ਸਾਰਾ ਕੁਝ ਆਪ ਹੀ ਖਾ ਜਾਂਦੇ ਸਨ । ਸੁਰਾ-ਪ੍ਰਸ਼ਾਦਿ ਵਿਚੋਂ ਕਿਣਕਾ ਸ਼ਰਧਾਲੂਆਂ ਨੂੰ ਮਿਲ ਹੀ ਜਾਂਦਾ ਸੀ । ਸੋ ਨਾਲੇ ਪੁੰਨ ਨਾਲੇ ਫਲੀਆਂ ।

੧੭

## ਕਾਮ-ਵਾਸ਼ਨਾ ਦੀ ਤ੍ਰਿਪਤੀ ਦੇ ਸਾਧਨ, ਦੇਵਤੇ ?

ਸਰਬ-ਉੱਚ ਪਦਵੀ ਦਾ ਮਾਲਕ, ਧਨ ਦੌਲਤ ਵਿਚ ਖੇਡ੍ਹਦਾ, ਬ੍ਰਾਹਮਣ ਜਦ ਸ਼ਰਾਬੀ ਵੀ ਹੋ ਗਿਆ ਤਾਂ ਕਾਮ ਵਾਸ਼ਨਾ ਵੀ ਪੂਰੇ ਵੇਗ ਵਿੱਚ ਜਾਗ ਪਈ । ਸਵਾਮੀ ਰਾਮ ਤੀਰਥ ਜੀ ਦੰਡੀ ਸੰਨਿਆਸੀ ਜੀ ਦੀ ਪੁਸਤਕ-- " **ਸ੍ਰਵੋਤਮ ਧਰਮ-ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ** "--ਦੇ ੧੬ ਸਫ਼ੇ ਤੇ ਲਿਖਆ ਹੈ--- " ਮਨੁ ਸਿਮ੍ਰਿਤੀ ਅਧਿਆਇ ੩, ਸ਼ਲੋਕ ੧੩ ਸਵਰਣਾਗ੍ਰੇ--੦ ਅਤੇ ਸ਼ਲੋਕ ੧੪, ਸ਼ੂਦਰ੍ਵ ਭਾਰੀਆ--੦ ਇਨ੍ਹਾਂ ਸ਼ਲੋਕਾਂ ਵਿੱਚ ਵਿਆਹ ਦੀ ਮਰਯਾਦਾ ਬੰਨ੍ਹੀ ਗਈ ਹੈ ਕਿ ਬ੍ਰਾਹਮਣ ਨੂੰ ਉਂਜ ਤਾਂ ਪਹਿਲੀ ਵਾਰ ਬ੍ਰਾਹਮਣ-ਕੰਨਿਆਂ ਨਾਲ ਹੀ ਵਿਆਹ ਕਰਾਉਣਾ ਉਚਿੱਤ ਹੈ, ਪਰ ਜੇ ਕਾਮ-ਤ੍ਰਿਪਤੀ ਨਾ ਹੋਵੇ ਤਾ ਕਰਮਵਾਰ ਕਸ਼ਤਰਾਣੀ, ਵੈਸ਼ਣੀ ਅਤੇਸ਼ੂਦਰਾਣੀ ਵੀ ਵਿਆਹ ਲਿਆਉਣ ਦਾ ਕੋਈ ਹਰਜ ਨਹੀਂ । ਕਸ਼ੱਤਰੀ, ਬ੍ਰਾਹਮਣ ਤੋਂ ਬਿਨਾ ਬਾਕੀ ਤਿੰਨਾ ਵਰਣਾਂ ਦੀਆਂ ਨਾਲ ਤੇ ਵੈਸ਼, ਕਿਸੇ ਵੈਸ਼ ਕੰਨਿਆਂ ਤੇ ਸ਼ੂਦਰ ਕੰਨਿਆਂ ਨਾਲ ਵਿਆਹ ਕਰਾ ਸਕਦਾ ਹੈ । ਪਰ ਸ਼ੂਦਰ ਕੇਵਲ ਸ਼ੂਦਰ-ਲੜਕੀ ਨਾਲ ਹੀ ਸ਼ਾਦੀ ਰਚਾ ਸਕਦਾ ਹੈ । ਸੋ ਸਿਮ੍ਰਿਤੀ ਅਨੁਸਾਰ ਚਾਹੇ ਬ੍ਰਾਹਮਣ-ਪਤਨੀ ਅਰੋਗ ਹੋਵੇ ਤੇ ਉਸ ਨਾਲ ਪਰਿਵਾਰਕ ਜੀਵਨ ਵੀ ਸੁਖ ਮਈ ਬਤੀਤ ਹੋ ਰਿਹਾ ਹੋਵੇ ਪਰ ਬ੍ਰਾਹਮਣ ਦੇਵਤਾ ਕੇਵਲ ਆਪਣੀ ਕਾਮ-ਜੁਆਲਾ ਸ਼ਾਂਤ ਕਰਨ ਲਈ ਹੀ ਜਿਸ ਵਰਣ ਦੀ ਚਾਹੇ ਇਸਤ੍ਰੀ ਨਾਲ ਵਿਆਹ ਕਰਾਉਣ ਦਾ ਹੱਕਦਾਰ ਹੈ । ਤੇ ਕਈ ਪਤਨੀਆਂ ਰੱਖ ਸਕਦਾ ਹੈ । ਗਿਣਤੀ ਦੀ ਬੰਦਸ਼ ਕੋਈ ਨਹੀਂ ਸੀ " । ਪਰ ਬਿੱਪ੍ਰ ਜੀ ਦੀ ਕਾਮ ਤ੍ਰਿਪਤੀ ਵਾਸਤੇ ਏਨੀਆਂ ਕੁ ਖੁੱਲ੍ਹਾਂ ਤਾਂ ਓਨਾ ਚਿਰ ਲਈ ਹੀ ਕਾਫ਼ੀ ਹੋ ਸਕਦੀਆਂ ਸਨ ਜਿਨਾਂ ਚਿਰ ਹੋਸ਼ ਵਿੱਚ ਸੀ । ਪਰ ਹੁਣ ਤਾਂ ਇਸ ਨੂੰ ਕਈ ਪਰਕਾਰ ਦੇ ਨਸ਼ੇ ਸਨ । ਬ੍ਰਾਹਮਣ ਨੂੰ ਨਿਰਾ ਸਰਕਾਰੀ ਤੌਰ ਤੇ ਹੀ ਨਿਹਕਲੰਕ ਘੋਸ਼ਤ ਨਹੀਂ ਸੀ ਕੀਤਾ ਗਿਆ ਹੋਇਆ ਸਗੋਂ ਧਾਰਮਿਕ ਤੌਰ ਤੇ
ਇਸ ਨੂੰ ਸਾਰੇ ਪਾਪਾਂ ਦਾ ਨਾਸ ਕਰਨ ਵਾਲਾ ਪਾਪ-ਨਾਸਕ ਦੇਵਤਾ ਮੰਨ ਲਿਆ ਹੋਇਆ ਸੀ । ਗਰੁੜ ਪੁਰਣ* ਵਿਚ ਵਿਸ਼ਨੂੰ ਜੀ ਦਾ ਫ਼ੁਰਮਾਨ ਹੈ, ਕਿ " ਬ੍ਰਾਹਮਣ ਸਾਰੇ ਪਾਪਾਂ ਨੂੰ ਨਾਸ ਕਰ ਦੇਣ ਦੀ ਸ਼ਕਤੀ ਦਾ ਮਾਲਕ ਹੈ " { * Foot Note:--ਪੜ੍ਹੋ ਪੰਜਵਾਂ ਭਾਗ ਕਡ ਪਹਿਾ ਲੇਖ ਨੰ: ੧੧ ਅਤੇ ੧੨ ]

ਭੋਗੀ ਮਨੁੱਖ ਦਾ ਸਰੀਰ ਬੇਸ਼ੱਕ ਹੰਭ ਜਾਏ **ਪਰ ਉਸ ਦਾ ਮਨ,** ਆਖ਼ਰੀ ਸੁਆਸਾਂ ਤੱਕ ਤ੍ਰਿਪਤ ਨਹੀਂ ਹੁੰਦਾ । ਭੋਗ ਕਰਨ ਦੀ ਅੱਗ ਹੋਰ ਤੋਂ ਹੋਰ ਭੜਕਦੀ ਰਹਿੰਦੀ ਹੈ । ਏਧਰ ਰਾਜ ਦਰਬਾਰ ਵਿੱਚ ਸਰਬ-ਉਚ ਪਦਵੀ ਦੇ ਮਾਲਕ, ਬਿੱਪ੍ਰ ਜੀ, ਕੋਲ, ਮਾਇਆ ਦੀ ਵਰਖਾ ਵੀ ਨਿਰੰਤਰ ਹੋਣ ਲੱਗ ਪਈ ਹੋਈ ਸੀ । ਅਤੇ ਹੁਣ ਮਾਣ ਸਤਿਕਾਰ ਨਾਲ ਮਿਲਦੇ ਕਈ ਕਿਸਮਾਂ ਦੇ ਮਾਸ ਅਤੇ ਵਧੀਆ ਤੋਂ ਵਧੀਆ ਸ਼ਰਾਬਾਂ ਦਾ, ਅਤੇ ਕਸਤੂਰੀ ਸੋਨਾ ਆਦਿ ਕਈ ਕੁਸ਼ਤਿਆਂ ਵਿਚ ਰਲੀ ਅਫ਼ੀਮ ਦਾ ਵੀ ਕੋਈ ਘਾਟਾ ਨਹੀਂ ਸੀ । ਕੇਵਲ ਮਾਇਆ ਨਾ ਇਕੋ ਨਸ਼ਾ ਹੀ ਮਨੁੱਖ ਦੀ ਸੁੱਧ-ਬੁੱਧ ਭੁਲਾ ਦਿੰਦਾ ਹੈ, ਪਰ ਏਥੇ ਤਾਂ " ਦੂਜੇ " ਕਈ ਨਸ਼ਿਆਂ ਦੀ ਭਰਮਾਰ ਸੀ । ਪਾਪ-ਨਾਸਕ ਹੋਣ ਦਾ ਅਤੇ ਨਿਹਕਲੰਕ ਮੰਨਿਆਂ ਜਾਣ ਦੇ ਦੋਵੇਂ ਨਸ਼ੇ ਤਾਂ ਬੰਦੇ ਦੀ ਪੂਰੀ ਦੀ ਪੂਰੀ ਸੁਰਤ ਮਾਰ ਦਿੰਦੇ ਹਨ । ਬਿੱਪ੍ਰ ਜੀ ਨੇ ਕਿਸੇ ਮਰਯਾਦਾ ਦੀ, ਜਾਂ ਸਮਾਜਕ ਸ਼ਰਮ ਹਯਾ ਦੀ **ਪਰਵਾਹ** ਮੁਕਾ ਦਿੱਤੀ । ਇਕੋ ਸਮੇ ਏਨੇ ਨਸ਼ਿਆਂ ਨਾਲ ਮਦਹੋਸ਼ ਹੋ ਚੁੱਕੇ ਪ੍ਰੋਹਿਤ ਜੀ ਨੂੰ ਮਨੂੰ ਸਿਮ੍ਰਿਤੀ ਗ੍ਰੰਥ ਵਿਚ ਮਿਲੀਆਂ ਖੁਲ੍ਹਾਂ ਆਪਣੀ ਬੇਇਜ਼ਤੀ ਅਨੁਭਵ ਹੋਣ ਲੱਗ ਪਈਆਂ । ਬ੍ਰਾਹਮਣ ਆਪ ਹੀ ਧਰਮ ਸੀ ਅਤੇ ਆਪ ਹੀ ਸਮਾਜ ਸੀ । ਸਭ ਪਾਬੰਦੀਆਂ ਤੇ ਹੱਦ ਬੰਨੇ ਟੱਪ ਜਾਣ ਦਾ ਇਸ ਨੂੰ ਹੱਕ ਬਣ ਚੁੱਕਾ ਸੀ । ਗਿਣਤੀ ਮਿਣਤੀ ਦੀਆਂ ਪਤਨੀਆਂ ਨਹੀਂ ਸਗੋਂ ਹਜ਼ਾਰਾਂ ਸਖੀਆਂ ਦੀ ਲੋੜ ਸੀ । **ਬ੍ਰਾਹਮਣ ਨੇ ਮਾਸ ਸ਼ਰਬ ਵਾਂਗ ਹੀ ਖੁਲ੍ਹੀ ਕਾਮ ਲੀਲ੍ਹਾ ਨੂੰ ਵੀ ਧਾਰਮ ਦਾ ਅੰਗ ਬਣਾ ਲੈਣ ਦੀ ਯੋਜਨਾ ਘੜ ਲਈ ।** ਪ੍ਰੋਹਿਤ ਜੀ ਹੁਣ ਅਜੇਹੀਆਂ ਵਿਉਂਤਾ ਸੋਚਣ ਵਿਚ ਡੁੱਬ ਗਏ ਕਿ, ਮੰਦਰ ਹੀ ਕਾਮ-ਅਗਨੀ ਨੂੰ ਸ਼ਾਂਤ ਕਰਨ ਦਾ ਅੱਡਾ ਕਿਉਂ ਨਾ ਬਣਾ ਲਿਆ ਜਾਵੇ ? ਕੀ ਕਿਸੇ ਵਿਧੀ ਨਾਲ ਕਿਸੇ ਦੇਵਤੇ ਦੀ ਮੂਰਤੀ ਦੀ ਸ਼ਾਦੀ ਕੀਤੀ ਜਾਣੀ ਸੰਭਵ ਹੋ ਸਕਦੀ ਹੈ ? ਇਹ ਸੀ ਨਿਸ਼ਾਨਾ ਉਸ ਮੁਢਲੇ ਬ੍ਰਾਹਮਣ ਦਾ ਮੰਦਰਾਂ ਵਿਚ ਦੁਰਚਾਰ ਲਿਆ ਵਾੜਨ ਦਾ । ਅਜੇਹੇ ਨੀਚ ਵਿਚਾਰਾਂ ਦੀ ਜਨਮ ਦਾਤੀ ਕੇਵਲ **ਭੋਗ ਲਾਉਣ ਦੀ ਮਰਯਾਦਾ ਹੀ ਸੀ ।** ਕਿਉਂਕਿ ਪੱਥਰ ਦੇ ਭਗਵਾਨ ਜੀ ਨੇ ਸਭ ਕੁਝ ਭੋਗਣਾ ਤਾਂ ਪੁਜਾਰੀ ਜੀ ਦੇ ਸਰੀਰ ਦੁਆਰਾ ਹੀ ਸੀ ।

੧੮

## ਭੋਗ ਲਾਉਣ ਦੀ ਮਰਯਾਦਾ, ਘੋਰ ਪਾਪਾਂ ਦਾ ਮੂਲ ?

ਪਿਛੇ ਪੜ੍ਹਿਆ ਹੈ ਕਿ ਗਰੁੜ ਪੁਰਾਣ ਦੁਆਰਾ, ਵਿਸ਼ਨੂੰ ਜੀ ਨੇ ਨਰਕਾਂ ਤੋਂ ਬਚਾ ਲੈਣ ਦੀ, ਵੈਤਰਨੀ-ਨਦੀ ਦੇ ਗੰਦ ਵਿਚ ਡੁੱਬਣੋ ਅਤੇ ਜਮਾਂ ਦੀ ਮਾਰ ਤੋਂ ਬਚਾ ਕੇ ਸੁਰਗਾਂ ਦੇ ਸੁਖਾਂ ਦਾ ਭਾਗੀ ਬਣਾਉਣ ਦੀ ਸਾਰੀ ਸ਼ਕਤੀ, ਬ੍ਰਾਹਮਣ ਨੂੰ ਸੌਂਪ ਦਿੱਤੀ ਹੋਈ ਹੈ । ਇਸ ਨਿਆਰੀ ਸ਼ਕਤੀ ਦੇ ਮਾਲਕ ਬ੍ਰਾਹਮਣ ਦੇ ਇਸ਼ਾਰੇ ਤੇ ਲੋਕ ਆਪਣਾ ਸਭ ਕੁਝ ਕੁਰਬਾਣ ਕਰ ਦੇਣ ਨੂੰ ਪਹਿਲਾਂ ਹੀ ਤਿਆਰ ਹੋ ਚੁੱਕੇ ਸਨ । ਪਦਾਰਥ ਭੇਟਾ ਕਰਕੇ ਦੇਵਤਿਆਂ ਕੋਲੋ **ਭੋਗ ਲਵਾਉਣ** ਦੀ ਮਰਯਾਦਾ ਵੀ ਬੱਝ ਚੁੱਕੀ ਸੀ । ਲੋਕਾਂ ਦਾ ਨਿਸਚਾ ਬਣ ਚੁੱਕਾ ਸੀ ਕਿ ਉਨ੍ਹਾਂ ਦੇ ਦੇਵਤੇ **ਹਰ ਪ੍ਰਕਾਰ ਦਾ ਭੋਗ**

ਬ੍ਰਾਹਮਣ ਦੇ ਸਰੀਰ ਰਾਹੀਂ ਹੀ ਭੋਗਦੇ ਹਨ । ਆਪਣਾ ਸਰੀਰ ਬ੍ਰਾਹਮਣ ਦੀ ਭੇਟਾ ਕਰ ਦੇਣਾ ਇਸਤ੍ਰੀ ਲਈ ਵੱਡੇ ਪੁੰਨ ਵਾਲਾ ਪਾਪ-ਨਾਸਕ ਧਰਮ-ਕਰਮ ਬਣ ਜਾਣਾ ਬ੍ਰਾਹਮਣ ਦੀ ਚਤੁਰਾਈ ਦਾ ਕਮਾਲ ਸੀ । * >>>

* Foot note :- ਅੱਜ ਸਾਇੰਸ ਦੇ ਜੁਗ ਵਿੱਚ ਜਦ ਸਾਰੀ ਦੁਨੀਆਂ ਦੇ ਲੋਕਾਂ ਵਿਚ ਜਾਗ੍ਰਤ ਆ ਚੁੱਕੀ ਮੰਨੀ ਜਾਂਦੀ ਹੈ, ਅਤੇ ਫਿਰ ਖਾਸ ਕਰਕੇ ਅਮਰੀਕਾ ਵਰਗੇ ਦੇਸ਼ ਦੇ Texas ਦੇ ਇਲਾਕੇ ਨਾਲ ਸਬੰਦਤ ਇੱਕ ਦੁਖਦਾਈ ਖ਼ਬਰ ਕੇਨੇਡਾ ਦੇ ਸ਼ਹਿਰ ਐਡਮਿੰਟਨ (Admoton) ਵਿਚ ਛਪਦੀ ਅਖ਼ਬਾਰ (Sun) ਦੇ ੨੫ ਅਪਰੈਲ ੧੯੯੩ ਦੇ ਅੰਕ ਵਿਚ ਛਪੀ ਹੈ ਕਿ Davidian Cult ਫਿਰਕੇ **ਕੁਰੇਸ਼** ਨਾਮੀ ਧਾਰਮਿਕ ਲੀਡਰ ਨੇ ਪਰਮਾਤਮਾ ਦੀ ਖੁਸ਼ੀ ਆਪਣੀ ਖੁਸ਼ੀ ਨਾਲ ਜੋੜ ਕੇ ਲੋਕਾਂ ਨੂੰ ਭਰਮ ਪਾਇਆ ਕਿ ਉਹ ਉਸ ਦੇ ਭੋਗਣ ਵਾਸਤੇ ੯/੯ ਅਥਵਾ ੧੦/੧੦ ਸਾਲ ਦੀਆਂ ਲੜਕੀਆਂ ਉਸ ਦੀ ਹਵਸ ਦੀ ਬਲੀ ਚਾੜਿਆ ਕਰਨ । ਅਮਰੀਕਾ ਵਰਗੇ ਅਗਾਂਹ ਵਧੂ ਦੇਸ਼ ਦੇ ਪੜ੍ਹੇ-ਲਿਖੇ ਲੋਕਾਂ ਨੇ ਕਈ ਬੱਚੀਆਂ ਉਸ ਰਾਖਸ਼ਸ਼ ਦੇ ਪੇਸ਼ ਕਰਨ ਵਿਚ ਕਲਿਆਨ ਮੰਨ ਲਈ । ਉਸ ਸਾਰੀ ਖਬਰ ਨੂੰ ਚਿਠੀਆਂ ਵਾਲੇ ਪ੍ਰਕਰਣ ਵਿਚ ਦਿੱਤਾ ਗਿਆ ਹੈ । ਜਿਸ ਸਮੇਂ ਬ੍ਰਾਹਮਣ ਨੇ ਜਾਲ ਵਿਛਾਇਆ ਸੀ ਉਦੋਂ ਤਾਂ ਜੰਤਾ ਅਨਪੜ੍ਹ ਅਤੇ ਬਹੁਤ ਭੋਲੀ ਸੀ )

<<< ਬ੍ਰਾਹਮਣ ਇਸ ਘੜੀ ਦੀ ਉਡੀਕ ਬੜੀ ਬੇਸਬਰੀ ਨਾਲ ਕਰ ਰਿਹਾ ਸੀ, ਕਿ ਹੋਰ ਪਦਾਰਥਾਂ ਵਾਂਗ ਲੋਕ ਇਸਤ੍ਰੀਆਂ ਨੂੰ ਵੀ ਦੇਵਤੇ ਦੀ ਭੇਟਾ ਕਰਕੇ, **ਭੋਗ ਲਾਉਣ** ਦੀਆਂ ਬੇਨਤੀਆਂ ਕਰਨ ਗਿੱਝ ਜਾਣ । ਇਸ ਕਾਰਜ ਦੀ ਸਿੱਧੀ ਵਾਸਤੇ ਵੀ ਬ੍ਰਾਹਮਣ ਨੇ ਧਰਮ ਗ੍ਰੰਥਾਂ ਦਾ ਅਤੇ ਵੱਡੇ ਵੱਡੇ ਦੇਵਤਿਆਂ ਦਾ ਹੀ ਆਸਰਾ ਲਿਆ । ਧਰਮ ਗ੍ਰੰਥਾਂ ਵਿੱਚ ਜੋ ਕੁਝ ਦੇਵਤਿਆਂ ਅਥਵਾ ਭਗਵਾਨਾਂ ਦੇ ਮੱਥੇ ਮੜ੍ਹਿਆ ਹੈ ਅਤੇ ਜਿਸ ਨੂੰ ਪੜ੍ਹ ਕੇ ਸ਼ਰਮ ਨਾਲ ਸਿਰ ਝੁੱਕ ਜਾਂਦਾ ਹੈ, ਉਸ ਦਾ ਸਾਰਾ ਵੇਰਵਾ ਲਿਖਣ ਲਈ ਅੱਡਰਾ ਗ੍ਰੰਥ ਚਾਹੀਦਾ ਹੈ ।

ਧਰਮ-ਗ੍ਰੰਥ ਦਾ ਗਿਆਨ ਮਨੁੱਖ ਨੂੰ ਅਜੇਹਾ ਪਰ-ਉਪਕਾਰੀ ਸੰਤ ਸੂਰਮਾ ਬਣਾਉਂਦਾ ਹੈ ਜੋ ਹਰ ਇਕ ਪ੍ਰਾਣੀ ਵਿਚ ਪਰਮਾਤਮਾ ਦਾ ਦਰਸ਼ਨ ਕਰਦਾ ਹੋਇਆ ਮਨੁੱਖਤਾ ਦਾ ਸੱਚਾ ਸੇਵਕ ਬਣ ਜਾਵੇ । ਧਰਮ ਗ੍ਰੰਥ ਦਾ ਗਿਆਨ ਮਨੁੱਖ ਦਾ ਲੋਕ ਅਤੇ ਪ੍ਰਲੋਕ ਸੁਖੀ ਬਣਾ ਦਿੰਦਾ ਹੈ । ਪਰ ਏਧਰ, ਆਪਣੀ ਲੰਪਟੀ ਖ਼ਾਹਸ਼ਾਂ ਦੀ ਪੂਰਤੀ ਵਾਲੀ ਯੋਜਨਾਂ ਨੂੰ ਸਿਰੇ ਚਾੜ੍ਹਣ ਵਾਸਤੇ ਇਸ ਚਾਤਰ ਅਤੇ ਵਿਦਵਾਨ, ਮੁਢਲੇ-ਬਿੱਪ੍ਰ ਨੇ ਜਿਸ ਪ੍ਰਕਾਰ ਨਾਲ ਧਰਮ ਗਰੰਥਾਂ ਅਥਵਾ ਮੰਦਰਾਂ ਦੀ ਦੁਰ-ਵਰਤੋਂ ਕੀਤੀ ਉਸ ਦਾ ਸੰਖੇਪ ਜਿਹਾ ਵੇਰਵਾ ਇਸ ਪ੍ਰਕਾਰ ਹੈ :-

**(ੳ)** ਸ੍ਰੀ ਕ੍ਰਿਸ਼ਨ ਜੀ ਨੂੰ ਸ੍ਰਿਸ਼ਟੀ ਦਾ ਸਿਰਜਣਹਾਰ ਸਿੱਧ ਕਰਨ ਵਾਲੇ ਬਿੱਪ੍ਰ ਜੀ ਨੇ, ਭਾਗਵਤ ਪੁਰਾਣ ਵਿੱਚ ਉਸ ਨੂੰ ਗੋਪੀਆਂ ਨਾਲ ਕਲੋਲਾਂ ਕਰਕੇ ਖ਼ੁਸ਼ ਰਹਿਣ ਵਾਲਾ ਲੀਲ੍ਹਾ ਪਰਸ਼ੋਤਮ ਦਰਸਾਇਆ । ਫਿਰ ਉਸ ਨੂੰ ਅਸ਼ਲੀਲ ਭਾਸ਼ਾ ਬੋਲਦਾ ਦਰਸਾ ਕੇ ਉਸ ਦੇ ਜੀਵਨ ਨਾਲ ਚੀਰ-ਹਰਨ ਵਾਲਾ ਸਾਕਾ ਅਜੇਹੀ ਭਾਸ਼ਾ ਵਚ ਲਿਖ ਕੇ ਜੋੜਿਆ ਜਿਸ ਤੋਂ ਚ੍ਰਿਤਰ-ਹੀਣਤਾ ਦਾ ਭਰਪੂਰ ਉਤਸ਼ਾਹ ਮਿਲਦਾ ਰਿਹਾ । ਮਨੁੱਖ ਦੀਆਂ ਬੱਚੀਆਂ ਨੂੰ ਮੰਦਰਾਂ ਵਿੱਚ ਗਊਆਂ ਦੇ ਵਾੜੇ ਵਾਂਗ ਇੱਕਠੀਆਂ ਕਰ ਲੈਣ ਦੀ ਯੋਜਨਾਂ ਅਧੀਨ ਹੀ ਕ੍ਰਿਸ਼ਨ ਜੀ ਦੀਆਂ ੧੬੧੦੮ ਵਿਆਹੁਤਾ ਰਾਣੀਆਂ ਲਿਖੀਆਂ । ਫਿਰ ਨਾਲ ਹੀ ਇਹ ਵੀ ਲਿਖ ਦਿੱਤਾ ਕਿ ਉਨ੍ਹਾਂ ਸਾਰੀਆਂ ਰਾਣੀਆਂ ਦੇ ਪੇਟੋਂ ਕ੍ਰਿਸ਼ਨ ਜੀ ਨੇ (ਪੂਰੇ ਹਿਸਾਬ ਨਾਲ) ੧੦/੧੦ ਲੜਕੇ ਅਤੇ ੧/੧ ਕੰਨਿਆਂ ਪੈਦਾ ਕੀਤੀ । ਅਰਥਾਤ ੧੬੧੦੮੦ ਲੜਕੇ ਅਤੇ ੧੬੧੦੮ ਲੜਕੀਆਂ ਵਾਲਾ ਵਿਸ਼ਾਲ ਪਰਵਾਰ । ਜਿਨ੍ਹਾਂ ਦੀ ਜਨਮ ਦਾਤੀਆਂ ਅਤੇ ਕ੍ਰਿਸ਼ਨ ਜੀ ਨੂੰ ਪਾ ਕੇ ਪਰਵਾਰ ਦੀ ਕੁਲ ਗਿਣਤੀ ਇੱਕ ਲੱਖ ਤਰਿਆਨਵੇ ਹਜ਼ਾਰ ਦੋ ਸੌ ਸੱਤ (੧੯੩੨੯੭) ਬਣਦੀ ਹੈ । ਲੋਕਾਂ ਦੇ ਦਿਲਾਂ ਅੰਦਰ ਆਪਣੀ ਮਹਾਂਨਤਾ ਦੇ ਭੈ ਦਾ ਅਨਭਵ ਪੱਕੇ ਤੋਂ ਪੱਕਾ ਕਰੀ ਜਾਣ ਵਾਸਤੇ ਫਿਰ ਇਹ ਲਿਖਿਆ ਕਿ, **ਆਪਣੇ ਵਿਸ਼ਾਲ ਪਰਵਾਰ ਦੀ ਰਖਿਆ ਵਾਸਤੇ ਕ੍ਰਿਸ਼ਨ ਜੀ ਅਣਗਿਣਤ ਗਊਆਂ ਬ੍ਰਾਹਮਣਾਂ ਨੂੰ ਦਾਨ ਕਰਿਆ ਕਰਦੇ ਸਨ ।** [ ਪਰਵਾਰ ਦੀ ਰਖਿਆ ਲਈ ਅਣਿਤ ਗਊਆਂ ਦਾਨ ਵਿਚ ਲੈਂਦੇ ਰਹਿਣ ਵਾਲੇ ਬ੍ਰਾਹਮਣ ਨੇ ਫਿਰ ਆਪ ਹੀ ਸਰਾਪ ਦੇ ਕੇ ਕ੍ਰਿਸ਼ਨ ਜੀ ਦੀ ਕੁਲ ਦਾ ਨਾਸ ਕਰ ਦਿੱਤਾ । ਇਹ ਸੀ **ਨੇਕੀ** ਦਾ ਬਦਲਾ ਜੋ ਬ੍ਰਾਹਣ ਨੇ ਆਪਣੇ ਭਗਵਾਨ ਨੂੰ ਦਿੱਤ ] ਜਿਸ ਕ੍ਰਿਸ਼ਨ ਨੂੰ ਸਾਰੀ ਸਿਰਸ਼ਟੀ ਦਾ ਵਿਧਾਤਾ ਅਤੇ ਪਰਮ-ਜੋਤ ਸਿੱਧ ਕਰਨ ਲਈ **ਕ੍ਰਿਸ਼ਨਾਂ** ਨਾਮੀ ਫਿਲਮ ਬਣਾ ਕੇ TV ਤੇ ਵਿਖਾਉਣੀ ਅਰੰਭ ਕੀਤੀ ਅਤੇ ਜਿਸ ਦੀਆਂ Video ਰੀਲਾਂ ਵੀ ਵੰਡੀਆਂ, ਉਸੇ ਨੂੰ **ਮਹਾਂ ਕਾਮੀ** ਅਤੇ **ਪਰ-ਇਸਤ੍ਰੀ ਗਾਮੀ** ਵੀ ਲਿਖਣੋਂ ਨਹੀਂ ਸੰਗਿਆ । (ਹਿੰਦੂ ਵੀਰ ਖਿਮਾ ਕਰਨ । ਇਹ ਕੁਝ ਹਿੰਦੂ-ਧਰਮ ਦੇ ਗ੍ਰੰਥਾਂ ਦੀਆਂ ਲਿਖਤਾਂ ਦੇ ਅਧਾਰ ਤੇ ਹੀ ਲਿਖਿਆ ਹੈ । ਆਪਣੇ ਕੋਲੋਂ ਕੋਈ ਉਚੇਚੀ ਗੱਲ ਲਿਖ ਕੇ ਕਿਸੇ ਦਾ ਦਿਲ ਦੁਖੀ ਕਰਨ ਦਾ ਪਾਪ ਨਹੀਂ ਕੀਤਾ ਜਾ ਰਿਹ ਹੈ) । ਇੱਕ ਪਾਸੇ ਤਾਂ ਕ੍ਰਿਸ਼ਨ ਜੀ ਨਾਲ ਉਸ ਦੀਆਂ ਵਿਆਹੁਤਾ ਇਸਤ੍ਰੀਆਂ ਨਾਲੋਂ ਉਚੇਚਾ ਅਤੇ ਪਵਿਤ੍ਰ ਪਿਆਰ ਕੁਆਰੀ ਕੰਨਿਆਂ ਰਾਧਾ ਦਾ ਦੱਸਿਆ ਹੈ । ਫਿਰ ਕ੍ਰਿਸ਼ਨ ਜੀ ਦੇ ਰਾਧਾ ਨਾਲ, ਕਾਂਮ ਪੂਰਤੀ ਵਾਲੇ ਉਚੇਚੇ ਸੰਬੰਧ ਦਰਸਾਉਣ ਲਈ ਅਥਵਾ ਰਾਧਾ ਨੂੰ ਕਾਮ ਵਾਸਨਾਂ ਦੀ ਤ੍ਰਿਪਤੀ ਦਾ ਖਿਡਾਉਣਾ, ਇਕ ਸਹੇਲੀ Girl Friend ਸਾਬਤ ਕਰਨ ਲਈ ਬ੍ਰਾਹਮਣ ਨੇ ਆਪ ਹੀ ਇਹ ਲਿਖ ਦਿੱਤਾ ਕਿ ਰਾਧਾ ਨੇ ਇਹ ਆਖ ਕੇ ਕ੍ਰਿਸ਼ਨ ਨੂੰ ਘਰੋਂ ਕੱਢਵਾ ਦਿੱਤਾ ਸੀ ਕਿ ਉਹ ਰਾਧਾ ਨੂੰ ਛੱਡ ਕੇ ਪਰਾਈਆਂ ਇਸਤ੍ਰੀਆਂ ਕੋਲ ਜਾਂਦਾ ਹੈ । ਸਿਰਫ਼ ਆਪਣੀ ਮਹਾਂਨਤਾ ਕ੍ਰਿਸ਼ਨ ਨਾਲੋਂ ਵਧਾ ਕੇ ਦੱਸਣ ਲਈ ਬਿੱਪ੍ਰ ਨੇ ਇਹ ਵੀ ਲਿਖ ਦਿੱਤਾ ਕਿ ਇੱਕ ਵਾਰੀ ਬ੍ਰਾਹਮਣ ਦੇ ਕੀਣ ਤੇ ਕ੍ਰਿਸ਼ਨ ਜੀ ਨੇ ਅਤੇ ਉਨ੍ਹਾਂ ਦੀ ਪਿਆਰੀ ਰਾਣੀ ਰੁਕਮਣੀ ਨੇ ਨੰਗੇ ਪੈਰੀਂ, ਬ੍ਰਾਹਮਣ ਰਿਖੀ ਦਾ ਰੱਥ ਖਿਚਿਆ ਸੀ । ਭਾਗਵਤ ਪੁਰਾਣ ਦੀ ਨਿਗ੍ਰ ਰਾਜੇ ਵਾਲੀ ਸਾਖੀ ਵਿੱਚ ਕ੍ਰਿਸ਼ਨ ਜੀ ਦੇ ਮੂਹੋਂ ਇਹ ਅਖਵਾਇਆ ਕਿ **ਜੇ ਬਿੱਪ੍ਰ ਰਾਜ਼ੀ ਤਾਂ ਮੈਂ ਖੁਸ਼** ।

**(ਅ)** ਬ੍ਰਹਮਾ ਜੀ ਨੂੰ ਨਿਰਾ ਸਾਰੇ ਜੀਵਾਂ ਦਾ ਪੈਦਾ ਕਰਨ ਵਾਲਾ ਹੀ ਨਹੀਂ ਦਰਸਾਇਆ ਸਗੋਂ ਇਹ ਵੀ ਲਿਖਿਆ ਕਿ ਬ੍ਰਾਹਮਣ ਦਾ ਜਨਮ ਉਸ ਦੇ ਮੂੰਹ ਵਿਚੋਂ ਹੋਇਆ ਸੀ । ਫਿਰ ਬ੍ਰਾਹਮਣ ਨੇ ਆਪਣੇ ਜਨਮ ਦਾਤਾ ਨੂੰ ਘਟੀਆਂ ਕਿਸਮ ਦਾ ਵਿਸ਼ੱਈ, ਲੰਪਟੀ, ਬੇ-ਅਸੂਲਾ ਭੰਡ, ਅਤੇ ਬੜੀਆਂ ਅਸ਼ਲੀਲ ਤੇ ਗਿਰੀਆਂ ਹੋਈਆਂ ਹਰਕਤਾਂ ਕਰਦਾ ਦਰਸਾਇਆ ।

**(ੲ)** ਕਾਮ-ਭੁੱਖ ਨੂੰ ਵਧਾਉਣ ਦੇ ਯਤਨਾਂ ਵਿਚ ਸ਼ਿਵ--ਲਿੰਗ ਪ੍ਰਤੀ ਬੜੀ ਅਸ਼ਲੀਲ ਗਾਥਾ ਗ੍ਰੰਥਾਂ ਵਿਚ ਲਿਖ ਦਿੱਤੀ । ਏਸੇ ਤਰ੍ਹਾਂ ਸ਼ਿਵ ਜੀ ਦੀ ਪਹਿਲੀ ਪਤਨੀ **ਸਤੀ** ਦੇ ਨਾਮ ਨਾਲ ਅਸ਼ਲੀਲ ਕਹਾਣੀ ਜੋੜ ਕੇ, ਕਾਮ ਇਛਿਆ ਨੂੰ ਭੜਕਾਉਣ ਵਾਲੀਆਂ ਮੂਰਤੀਆਂ ਅਤੇ ਇਸਤ੍ਰੀ ਦੇ ਗੁਪਤ ਅੰਗਾਂ ਦੇ ਮੰਦਰ ਬਣਾਏ ।

**(ਸ)** ਏਸੇ ਡੂੰਘੀ ਅਤੇ ਖ਼ਤਰਨਾਕ ਯੋਜਨਾਂ ਦੇ ਅਧੀਨ ਹੀ ਕਾਮ ਦੇਵਤਾ ਸਿਰਜ ਕੇ ਉਸ ਦੇ ਮੰਦਰ ਬਣਾਏ ਅਤੇ ਜਵਾਨ ਮਰਦ ਇਸਤ੍ਰੀਆਂ

ਦੀਆਂ ਨਗਨ ਅਤੇ ਗੰਦੀਆਂ ਮੂਰਤੀਆਂ ਬਣਾਈਆਂ । ਕਾਮੀ ਮਨੁੱਖ ਨੂੰ ਕਾਮ ਦੇਵਤਾ ਦਾ **ਸੇਵਕ** ਅਤੇ ਕਾਮ ਕ੍ਰੀੜਾ ਨੂੰ ਕਾਮ **ਦੇਵਤਾ ਦੀ ਸੇਵਾ** ਦੱਸ ਕੇ ਕਾਮ ਦੇਵਤਾ ਦੇ ਮੰਦਰ ਵਿੱਚ ਉਸਦੀ ਪੂਜਾ ਕਰਵਾਈ ।

**(ਹ)** ਇਸਤ੍ਰੀ ਅਥਵਾ ਕੰਨਿਆਂ ਦਾਨ ਨੂੰ ਹਜ਼ਾਰਾਂ ਗੁਣਾਂ ਵੱਧ ਫਲ ਦੇਣ ਵਾਲਾ ਅਤੇ ਕਈ ਕੁਲਾਂ ਤਾਰਨ ਵਾਲਾ ਦੱਸਿਆ ਗਿਆ ।

**(ਕ)** ਦੇਵਤਿਆਂ ਨੂੰ **ਭੋਗ ਲਾਉਣ ਵਾਲੀ ਮਰਯਾਦਾ** ਚਲਾ ਕੇ ਲੋਕਾਂ ਦੇ ਮਨਾਂ ਅੰਦਰ ਇਹ ਭਰਮ ਪੱਕਾ ਕਰ ਦ੍ਿੱਤਾ ਕਿ ਦੇਵਤਾ ਸਾਰੇ ਭੋਗ ਬਿੱਪ੍ਰ ਜੀ ਦੇ ਸਰ੍ਰੀਰ ਵਿੱਚ ਪ੍ਰਵੇਸ਼ ਕਰਕੇ ਕਰਦਾ ਹੈ * । ਇਸ ਘਟੀਆ ਭਰਮ ਨਾਲ ਜੁੜੀ ਲੋਕਾਂ ਦੀ ਸ਼ਰਧਾ ਬੇਅੰਤ ਪਾਪਾਂ ਦਾ ਕਾਰਨ ਬਣੀ । >>>

[ ਜ਼ਰੂਰੀ ਨੋਟ--ਛਾਪੇ ਖ਼ਾਨੇ ਵਾਲਿਆਂ ਸੱਜਣਾ ਦੀ ਸੇਵਾ ਵਿਚ ਜ਼ਰੂਰੀ ਬੇਨਤੀ--ਭਾਵੇਂ ਭਾਸ਼ਾ ਬ੍ਰਾਹਮਣੀ ਗ੍ਰੰਥਾਂ ਦੀ ਹੀ ਹੈ ਪਰ ਅਸ਼ਲੀਲ ਅਤੇ ਇਤ੍ਰਾਜ਼ ਜਨਕ ਹੈ । ਇਸ ਲਈ ਹੇਠਲਾ Foot note ਉਚੇਚੇ ਬਰੀਕ ਅੱਖਰਾਂ ਵਿਚ ਛਾਪਣਾ ਹੈ ਤਾਂ ਜੋ ਹਰ ਕੋਈ ਸਹਜ ਨਾਲ ਹੀ ਨਾ ਪੜ੍ਹ ਸਕੇ }

*** ਭਗਵਾਨ ਬ੍ਰਹਮਾਂ ਜੀ ਦਾ ਆਚਰਨ ਸ਼ੱਕੀ ?**

ੳ) ਸਨਾਤਨ ਧਰਮ ਦਾ ਪ੍ਰਸਿਧ ਧਾਰਮਿਕ ਗ੍ਰੰਥ ਸ੍ਰੀ ਸ਼ਿਵ ਪੁਰਾਣ (ਪੰਜਾਬੀ ਅਨੁਵਾਦ) ਦੇ ਪੂਰਬਾਰਧ - ਖੰਡ ਦੂਜਾ ਅਤੇ ਅਧਿਆਇ ੧੪ਵੇਂ ਦੇ ੬੬ ਸਫ਼ੇ ਤੇ ਬ੍ਰਾਹਮਾ ਜੀ ਆਪਣੇ ਪੁੱਤ੍ਰ ਨਾਰਦ ਨੂੰ ਆਪ ਆਪਣੀ ਹੱਡ ਬੀਤੀ ਸੁਣਾਂਉਂਦੇ ਹੋਏ ਕੀਂਦੇ ਹਨ ਕਿ :- ਜਦ ਮੈਂ **ਸਿਵ** ਜੀ ਦਾ ਵਿਆਹ ਵੇਦ ਰੀਤੀ ਅਨੁਸਾਰ **ਸਤੀ** ਨਾਲ ਕਰਾ ਰਿਹਾ ਸਾਂ ਤਾਂ ਸਤੀ ਦਾ ਇਕ ਪੈਰ ਮੇਰੀ ਨਜ਼ਰੀਂ ਪੈ ਗਿਆ । ਜਿਸ ਨੂੰ ਵੇਖ ਕੇ ਮੈਂ ਮੋਹਤ ਹੋ ਗਿਆ ਤਾਂ ਸਤੀ ਦਾ ਰੂਪ ਦੇਖਣ ਲਈ ਮੈਂ ਇੱਕ ਗਿੱਲੀ ਲੱਕੜੀ ਅੱਗ ਵਿੱਚ ਪਾ ਦਿਤੀ ਜਿਸ ਨਾਲ ਬੜਾ ਧੂਆਂ ਹੋ ਗਿਆ ਤਾਂ ਸ਼ਿਵ ਜੀ ਦੇ ਹੰਝੂ ਵਗਣ ਲੱਗ ਪਏ । ਜਦ ਉਹ ਆਪਣੇ ਹੰਝੂ ਪੂਝਣ ਲੱਗ ਪਏ ਤਾਂ ਮੈਂ ਸਤੀ ਦਾ ਘੁੰਡ ਚੁਕ ਕੇ ਉਸ ਦਾ ਰੂਪ ਦੇਖਿਆ । ਸੁੰਦਰ ਰੂਪ ਦੇਖ ਕੇ ਮੈਂ ਕਾਮ ਅਧੀਨ ਹੋ ਗਿਆ ਤੇ ਆਪਣਾ ਧਰਮ ਕਰਮ ਸੱਭ ਕੁਝ ਭੁੱਲ ਗਿਆ । ਉਸ ਸਮੇਂ ਮੇਰਾ ਵੀਰਜ ਧਰਤੀ ਦੇ ਡਿਗਿਆ । ਮੈਂ ਯਤਨ ਕਰਕੇ ਇਸ ਦਿਸ਼ਾ ਨੂੰ ਛੁਪਾਇਆ ਪਰ ਸ਼ਿਵ ਜੀ ਨੇ ਆਪਣੀ ਦਿਬ ਦ੍ਰਿਸ਼ਟੀ ਨਾਲ ਸੱਭ ਕੁਝ ਦੇਖ ਲਿਆ ਅਤੇ ਬੜੇ ਕ੍ਰੋਧ ਵਿਚ ਆ ਗਏ । ਆਪਣੀ ਤ੍ਰਸ਼ੂਲ ਫੜ ਕੇ ਮੈਨੂੰ ਮਾਰਨ ਲੱਗੇ । ਸਾਰਿਆਂ ਨੂੰ ਮੇਰੀ ਮੌਤ ਦਾ ਨਿਸਚਾ ਹੋ ਗਿਆ । ਆਖ਼ਰ ਵਿਸ਼ਨੂੰ ਦੇ ਕੀਣ ਤੇ ਮੈਂ ਸ਼ਿਵ ਜੀ ਦੇ ਪੈਰ ਫੜ ਲਏ ਅਤੇ ਸਤੀ ਨੇ ਵੀ ਮੇਰੇ ਸਿਰ ਤੇ ਹੱਥ ਰੱਖ ਦਿਤਾ ਤਾਂ ਸ਼ਿਵ ਜੀ ਦਾ ਕ੍ਰੋਧ ਸ਼ਾਂਤ ਹੋਇਆ ।

ਏਸੈ ਕਹਾਣੀ ਨੂੰ ਸਵਾਮੀ ਰਾਮ ਤੀਰਥ ਜੀ ਦੰਡੀ ਸੰਨਿਆਸੀ ਨੇ ਆਪਣੀ ਪੁਸਤਕ ਦੇ ੨੧ ਸਫ਼ੇ ਤੇ ਇਸ ਤਰ੍ਹਾਂ ਲਿਖਿਆ ਹੈ :-

ਵੇਦਾਂ ਚ ਜਿਸ ਨੂੰ ਬ੍ਰਹਮ, ਹਿਰਣੈ ਗਰਭ, ਸਵੈਂਭੂ ਤੇ ਅਪਰ-ਬ੍ਰਹਮ ਕੀ ਕੇ ਵਡਿਆਇਆ ਗਿਆ ਹੈ ਤੇ ਜਿਹੜਾ ਬ੍ਰਹਮਾ ਵਿੱਦਿਆ ਦਾ ਪਹਿਲਾ ਆਚਾਰੀਆ ਹੈ, ਉਸੇ ਨੂੰ ਸ਼ਿਵ ਪੁਰਾਣ, ਰੁਦਰ ਸੰਹਤਾ ੨, ਸਤੀ ਖੰਡ ੩ ਅਧਿਾਇ ੧੪ ਵਿਚ ਅੰਤਾਂ ਦਾ ਵਿਸ਼ੱਈ ਤੇ ਧੋਖੇਬਾਜ਼ ਚਿੱਤਰਿਆ ਹੈ । ਕਹਾਣੀ ਇਸ ਤਰ੍ਹਾਂ ਲਿਖੀ ਹੈ ਕਿ ਸ਼ਿਵ ਅਤੇ ਸਤੀ ਦਾ ਵਿਆਹ ਕਰਾਉਂਦੇ ਸਮੇ ਸਤੀ ਦੀ ਸੁੰਦਰਤਾ ਤੱਕ ਕੇ ਬ੍ਰਹਮਾ ਕਾਮਵੱਸ ਹੋ ਗਿਆ ( ਲੰਗੋਟ ਹੀ ਢਿੱਲਾ ਕਰ ਬੈਠਾ ) । ਗੁੱਸੇ ਵਿੱਚ ਆ ਕੇ ਸ਼ਿਵ ਜੀ ਉਸਨੂੰ ਪਾਰ ਹੀ ਬੁਲਾਉਂਣ ਲੱਗਦੇ ਹਨ । ਆਖਰ ਵਿਸ਼ਨੂੰ ਜੀ ਸ਼ਿਵ ਜੀ ਅੱਗੇ ਪ੍ਰਾਰਥਨਾ ਕਰਕੇ ਬ੍ਰਹਮਾ ਦੇ ਹੰਡ ਛੁਡਾਉਂਦੇ ਹਨ । ਏਸੇ ਤਰ੍ਹਾਂ ਭਾਗਵਤ ਪੁਰਾਣ ਵਿੱਚ ਆਉਂਦਾ ਹੈ ਕਿ ਬ੍ਰਹਮਾਂ ਜੀ ਨੇ ਕ੍ਰਿਸ਼ਨ ਜੀ ਦੇ ਵੱਛੇ ਚੁਰਾ ਲਏ ਅਤੇ ਕਈ ਵਾਰ ਕ੍ਰਿਸ਼ਨ ਦੀ ਉਸਤਤਿ ਕਰਨ ਆਇਆ । ਰਾਮਾਇਣ ਦਾ ਲੇਖ ਹੈ ਕਿ ਬ੍ਰਹਮਾਂ ਕਈ ਵਾਰ ਰਾਮ ਚੰਦਰ ਜੀ ਦੇ ਗੁਣ ਗਾਉਣ ਆਇਆ । ਸੋ ਇਨ੍ਹਾਂ ਗ੍ਰੰਥਾਂ ਵਿਚ **ਬ੍ਰਹਮਾ ਜੀ ਨੂੰ ਮਹਾਂ ਕਾਮੀ, ਅਗਿਆਨੀ, ਚੋਰ ਤੇ ਸਸਤਾ ਜਿਹਾ ਭੱਟ ਦੱਸਿਆ ਹੈ ।**

ਅ) ਏਸੇ ਤਰ੍ਹਾਂ ਹੀ ਇੱਕ ਸਮੇ ਵੇਦ ਕਥਾ ਕਰਦਾ ਹੋਇਆ ਬ੍ਰਹਮਾ ਆਪਣੀ ਧੀ ਨੂੰ ਹੀ ਮੰਦ ਦ੍ਰਿਸ਼ਟੀ ਨਾਲ ਤੰਗ ਕਰਨ ਲੱਗ ਪਿਆ ਤਾਂ ਸ਼ਿਵ ਜੀ ਨੇ ਬ੍ਰਹਮਾ ਦਾ ਪੰਜਵਾਂ ਸਿਰ ਵੱਢ ਦਿੱਤਾ । ਸ਼ਿਵ ਨੂੰ ਬ੍ਰਹਮ ਹਤਿਆ ਲੱਗਣ ਕਾਰਨ, ਬ੍ਰਹਮਾ ਦਾ ਸਿਰ ਸ਼ਿਵ ਜੀ ਦੇ ਹੱਥ ਨਾਲ ਚੰਬੜ ਗਿਆ, ਆਦਿ ।

ੲ) ਬਿੱਪ੍ਰ ਅਤੇ ਉਸ ਦੀ ਰੀਤ ਪ੍ਰਕਰਣ ਭਾਗ ੮- **ਭ੍ਰਿਗੂ** - ਵਿੱਚ ਲਿਖਿਆ ਗਿਆ ਹੈ ਕਿ ਏਹੀ ਬ੍ਰਹਮਾ ਜਦ ਰੁਦ੍ਰ ਦਾ ਯੱਗ ਕਰਾ ਰਿਹਾ ਸੀ ਤਾਂ ਆਪਣੀ ਬਰਾਦਰੀ ਦੀਆਂ ਧੀਆਂ ਭੈਣਾ ਨੂੰ ਦੇਖ ਕੇ ਕਾਮ ਵੱਸ ਗਿਆ ਸੀ ਅਤੇ ਕਈ ਤਰ੍ਹਾਂ ਦਾ ਗੰਦ ਖਲਾਰਿਆ ਸੀ ।

## ੨= ਵਿਸ਼ਨੂੰ ਜੀ ਦਾ .....?

ੳ) ਸਵਾਮੀ ਦੀ ਆਪਣੀ ਪੁਸਤਕ ਦੇ ੨੩ ਸਫ਼ੇ ਤੇ ਸ੍ਰਿਸ਼ਟੀ ਦੇ ਪਾਲਣ ਹਾਰ ਵਿਸ਼ਨੂੰ ਜੀ ਬਾਰੇ ਇਸ ਪ੍ਰਕਾਰ ਲਿਖਦੇ ਹਨ :- ਏਹੋ ਜਹੀ ਕੱਤਕ ਮਹਾਤਮ ਦੀ ਕਥਾ ਹੈ । ਇਸ ਵਿਚ ਵਿਸ਼ਨੂੰ ਜੀ ਨੂੰ ਮਹਾਂ ਨਿਲੱਜ, ਤੇ ਮਹਾਂ ਕਾਮੀ ਦਿਖਾਇਆ ਹੈ । ਪਹਿਲੇ ਤਾਂ **ਜਾਲੰਧਰ** ਨਾਂ ਦੇ ਦੈਂਤ ਦੀ ਪਤੀ-ਬ੍ਰਤਾ ਇਸਤ੍ਰੀ **ਬ੍ਰਿੰਦਾ** ਦਾ ਸਤਿ ਭੰਗ ਕਰਦੇ ਦੱਸੇ ਗਏ ਹਨ । ਫੇਰ ਜਦੋਂ ਉਹ ਸੁੰਦਰੀ ਆਪਣੇ ਮੋਏ ਪਤੀ ਨਾਲ ਸਤੀ ਹੋ ਜਾਂਦੀ ਹੈ ਤਾਂ ਵਿਸ਼ਨੂੰ ਜੀ ਨੂੰ ਉਸ ਦੇ ਵਿਜੋਗ ਵਿੱਚ ਤੜਫਦਾ, ਵਿਲਕਦਾ ਤੇ ਧਾਹਾਂ ਮਾਰਦਾ ਦੱਸਿਆ ਗਿਆ ਹੈ, ਜੋ ਆਖ਼ਰ ਨੂੰ ਉਸ ਦੀ ਮੜ੍ਹੀ ਦੀ ਰਾਖ ਤੇ ਲੇਟਣ ਲੱਗ ਜਾਂਦਾ ਹੈ ।

ਅ) ਭਾਗਵਤ ਪੁਰਾਣ ਦੇ ਸਕੰਦ - ੧੦ ਅਧਿਆਇ ੬੦ ਵਿਚ ਕਥਾ ਹੈ ਕਿ ਪ੍ਰਹਿਲਾਦ ਭਗਤ ਦਾ ਚਾਚਾ **ਹਿਰਨਯਕਸ਼** ਦੈਂਤ ਇਕ ਵਾਰ ਬ੍ਰਹਮਾ ਨਾਲ ਨਰਾਜ਼ ਹੋ ਕੇ ਧਰਤੀ ਨੂੰ ਚੁੱਕ ਕੇ ਲੈ ਗਿਆ । ਬ੍ਰਹਮਾਂ ਨੇ ਵਿਸ਼ਨੂੰ ਜੀ ਅੱਗੇ ਫਰਿਆਦ ਕੀਤੀ ਤਾਂ ਉਨ੍ਹਾਂ ਵਰਾਹ ਭਾਵ ਸੂਰ ਅਵਤਾਰ ਧਰਨ ਕੀਤਾ ਅਤੇ ਹਿਰਨਯਕਸ਼ ਨੂੰ ਮਾਰ ਕੇ ਧਰਤੀ ਨੂੰ ਮੁਕਤੀ ਦਿਵਾਈ । ਧਰਤੀ ਮਾਤਾ ਵਿਸ਼ਨੂੰ ਜੀ ਦੇ ਇਸ ਵਰਾਹ ਅਵਤਾਰ ਦੀ ਬਹਾਦਰੀ ਅਤੇ ਸੁੰਦਰਤਾ ਤੇ ਮੋਹਤ ਹੋ ਗਈ । ਵਰਾਹ ਅਵਤਾਰ ਜੀ ਨੇ ਉਸ ਨਾਲ ਸੰਜੋਗ ਕੀਤਾ ਤਾਂ ਧਰਤੀ ਨੂੰ ਬਾਲਕ ਜਨਮਿਆਂ । ਕਿਉਂਕਿ ਇਹ ਭੂਮੀ ਦੇ ਪੇਟੋਂ ਜਨਮਿਆ ਸੀ ਇਸ ਕਾਰਨ ਇਸ ਦਾ ਨਾਮ ਭੂੰਮਾਸੁਰ ਹੋਇਆ । ( ਧਰਤੀ ਦਾ ਭਾਰ ਹਲਕਾ ਕਰਨ ਆਏ ਵਿਸ਼ਨੂੰ ਨੇ ਧਰਤੀ ਨੂੰ ਹੀ ਗਰਭ ਵਤੀ ਕਰ ਦਿੱਤਾ - ਇਹ ਕੁਝ ਲਿਖ ਕੇ ਬਿੱਪ੍ਰ ਜੀ ਆਪਣੇ ਭਗਵਾਨ ਦਾ ਆਚਰਨ ਚਿੱਤ੍ਰ ਰਹੇ ਹਨ )

ੲ) ਵਿਸ਼ਨੂੰ ਜੀ ਦੇ ਹੀ ਅਵਤਾਰ ਸ੍ਰੀ ਕ੍ਰਿਸ਼ਨ ਜੀ ਦੀਆਂ ੧੬੧੦੮ ਰਾਣੀਆਂ ਅਤੇ ਸਾਰੀਆਂ ਦੇ ਪੇਟੋਂ ੧੦/੧੦ ਲੜਤੇ ਅਤੇ ੧/੧ ਲੜਕੀ ਪੈਦਾ ਹੋਈ ਦਰਸਾਈ ਹੈ ( ਭਾਵ, ਕ੍ਰਿਸ਼ਨ ਇੱਕ ਲੱਖ ਸਤੱਤਰ ਹਜ਼ਾਰ ਇੱਕ ਸੋ ਅਠਾਸੀ ਬਚੇ ਬਚੀਆਂ ਦਾ ਬਿੰਦੀ ਪਿਤਾ ਸੀ ) । ਏਨੀਆਂ ਰਾਣੀਆਂ ਦੇ ਹੁੰਦਿਆਂ ਵੀ ਇਸ ਭਗਵਾਨ ਜੀ ਨੂੰ ਪਰਲੇ ਦਰਜੇ ਦਾ ਪਰ-ਇਸਤ੍ਰੀ ਗਾਮੀ, ਗਿਰੇ ਹੋਏ ਆਚਰਨ ਦਾ, ਨਸ਼ੱਈ, ਵੇਸਵਾਂ ਦਾ ਸ਼ੌਕੀਨ ਅਤੇ ਧੋਖੇ ਬਾਜ਼ ਆਦਿ ਕਈ ਲੇਖਾਂ ਵਿੱਚ ਦਰਸਾਇਆ ਗਿਆ ਹੈ । ਇਨ੍ਹਾਂ ਦੀ ਜੀਵਨ ਲੀਲ੍ਹਾ ਦਾ ਪੂਰਾ ਹਾਲ ਅਵਤਾਰ ਪ੍ਰਥਾ ਪ੍ਰਕਰਣ ਦੇ ਕ੍ਰਿਸ਼ਨ-ਅਵਤਾਰ ਭਾਗ ਵਿਚ ਪੂਰੇ ਹਵਾਲਿਆਂ ਨਾਲ ਲਿਖਿਆ ਗਿਆ ਹੈ ।

## ੩=ਸ਼ਿਵ ਅਥਵਾ ਭੋਲੇਨਾਥ ਸ਼ੰਕਰ ਜੀ ਦਾ ਨੰਗੇਜ.......?

ੳ) ਸਵਾਮੀ ਰਾਮ ਤੀਰਥ ਜੀ ਆਪਣੀ ਪੁਸਤਕ ਦੇ ੨੨ ਸਫੇ ਤੇ ਲਿਖਦੇ ਹਨ ਕਿ--ਸ਼ਿਵ ਪੁਰਾਣ, ਕੋਟਿ ਰੁਦ੍ਰ ਸੰਹਤਾ ੪ ਅਧਿਆਇ ੧੨ ਵਿੱਚ ਸ਼ਿਵ ਤੇ ਪਾਰਬਤੀ ਬਾਰੇ ਅਜੇਹੀ ਅਸ਼ਲੀਲ ਕਥਾ ਦਰਜ ਹੈ, ਜਿਸ ਨੂੰ ਨਾ ਬੋਲ ਕੇ ਦੱਸ ਸਕਦੇ ਹਾਂ ਨਾਂ ਕੰਨ ਸੁਣ ਸਕਣ । ਮੈ ਕਾਫ਼ੀ ਜਿਗਰਾ ਕਰਕੇ ਉਸ ਕਥਾ ਦਾ ਸੰਖੇਪ ਲਿਖ ਰਿਹਾ ਹਾਂ । ਜੋ ਇਹ ਹੈ , ਦਾਰੂ ਨਾਂ ਦਾ ਜੰਗਲ ਹੈ ਜਿਥੇ ਸ਼ਿਵ ਅਲਫ਼ ਨੰਗੇ ਘੁੰਮ ਰਹੇ ਹਨ । ਰਿਸ਼ੀ ਪੱਤਨੀਆਂ ਦੀ ਪਰਵਾਹ ਨਾ ਕਰਦਿਆਂ ਅਤੇ ਕਾਮ-ਤ੍ਰਿਪਤੀ ਦੇ ਚਾਹ ਵਾਨ । ਏਧਰ ਰਿਸ਼ੀ ਪੱਤਨੀਆਂ ਵੀ ਸ਼ਿਵ ਨੂੰ ਇਸ ਹਾਲਤ ਵਿਚ ਵੇਖ ਕੇ ਉਤੇਜਤ ਹੋਈਆਂ ਫਿਰਨ । ਰਿਸ਼ੀ ਪਰਤ ਆਏ ਤਾਂ ਕੁ-ਦ੍ਰਿਸ਼ ਦੇਖ ਕੇ ਰੋਹਵਾਨ ਹੋਏ ਤੇ ਸ਼ਿਵ ਨੂੰ ਬੇ-ਹਯਾਈ ਦੇ ਬਦਲੇ ਨਰ ਅੰਗ ਟੁੱਟਣ ਦਾ ਸਰਾਪ ਦੇ ਦਿੱਤਾ । ਨਰ-ਅੰਗ ਧਰਤੀ ਤੇ ਡਿੱਗ ਪਿਆ ਤੇ ਉਸ ਵਿਚੋਂ ਅੱਗ ਭੜਕ ਉਠੀ ਤੇ ਤ੍ਰਿਲੋਕੀ ਲੱਗੀ ਸੜਨ । ਸਾਰੇ ਹਾ ਹਾ ਕਾਰ ਮਚ ਗਈ । ਦੇਵਤੇ ਅਤੇ ਰਿਸ਼ੀ-ਜਨ ਭੈ ਭੀਤ ਹੋਏ ਬ੍ਰਹਮਾ ਕੋਲ ਗਏ ਤੇ ਉਨ੍ਹਾਂ ਦੀ ਸਲਾਹ ਨਾਲ ਸ਼ਿਵ ਜੀ ਨੂੰ ਮਿਲੇ । ਜੋ ਕ੍ਰੋਧ ਵਿੱਚ ਸਨ । ਆਖ਼ਰ ਸਾਰੇ ਮਿਲ ਕੇ ਪਾਰਬਤੀ ਦੀਆਂ ਮਿੰਨਤਾਂ ਕਰਨ ਲੱਗੇ, ਜਿਨ੍ਹਾਂ ਦੀ ਅਰਜੋਈ ਮੰਨ ਕੇ ਲਟ-ਲਟਾਂਦੇ ਨਰ-ਅੰਗ ਨੂੰ ਪਾਰਬਤੀ ਨੇ ਯੋਨੀ ਰੂਪ ਹੋ ਕੇ ਸਦਾ ਲਈ ਧਾਰਨ ਕਰ ਲਿਆ । ਏਸੇ ਤੋਂ ਹੀ ਪੱਥਰ ਦੇ ਲਿੰਗ-ਯੋਨੀ ਦੀ ਪੂਜਾ ਸ਼ੁਰੂ ਹੋਈ ਦੱਸੀ ਜਾਂਦੀ ਹੈ । ਤੇ ਮੰਦਰਾਂ ਵਿਚ ਜਾਕੇ ਇਨ੍ਹਾਂ ਉਤੇ ਜਲ ਚਾੜ੍ਹਨ ਦਾ ਮਹਾਤਮ ਵੀ ਲਿਖਿਆ ਹੈ, ਜੋ ਇਉਂ ਹੈ, ਪੱਥਰ ਦੇ ਲਿੰਗ-ਯੋਨੀ ਤੇ ਪਾਣੀ ਪਾਉਣ ਨਾਲ ਸ਼ਿਵ ਤੇ ਪਾਰਬਤੀ ਦੇ ਗੁਪਤ ਅੰਗਾਂ ਚ (ਹਰ ਸਮੇ ਵਿਲਾਸ ਚ ਰਹਿਣ ਕਰਕੇ) ਵਧੀ ਹੋਈ ਅਗਨੀ ਸ਼ਾਂਤ ਰਹਿੰਦੀ ਹੈ । ਇਸ ਨਾਲ ਖੁਸ਼ ਹੋ ਕੇ ਸ਼ਿਵ ਪਾਰਬਤੀ ਆਪਣੇ ਅਜੇਹੇ ਭਗਤ ਨੂੰ ਤੁਠ ਕੇ ਮਨ-ਪਸੰਦ ਵਰ ਦਿੰਦੇ ਹਨ ਆਦਿ ਆਦਿ । (ਇਸ ਪਿਛੋਕੜ ਨੂੰ ਜਾਨਣ ਵਾਲੀ ਬੀਬੀ ਅਥਵਾ ਭਾਈ ਜਦ ਸ਼ਿਵ ਲਿੰਗ ਦੀ ਪੂਜਾ ਕਰਦਾ ਹੈ ਤਾਂ ਉਸ ਦੇ ਅੰਦਰ ਜਿਸ ਪ੍ਰਕਾਰ ਦਾ ਭਗਤੀ ਭਾਵ ਉਜਾਗਰ ਹੋ ਰਿਹਾ ਹੁੰਦਾ ਹੋਵੇਗਾ ?

ਅ) ਦੇਵੀ ਭਾਗਵਤ ਸਕੰਧ ੭ ਅਧਿਆਇ ੩੦ ਵਿੱਚ ਅਤੇ ਕਾਲਿਕਾ ਪੁਰਾਣ ਵਿੱਚ ਕਥਾ ਹੈ ਕਿ - ਜਦ ਸਤੀ ਨੇ ਆਪਣੇ ਪਿਤਾ ਦੇ ਜੱਗ ਵਿੱਚ ਆਪਣੇ ਪਤੀ ਦੀ ਨਿਰਾਦਰੀ ਦੇਖੀ ਤਾਂ ਜੱਗ-ਕੁੰਡ ਵਿਚ ਡਿੱਗ

ਕੇ ਪ੍ਰਾਣ ਤਿਆਗ ਦਿੱਤੇ । ਤਦ ਸ਼ਿਵ ਨੇ ਆ ਕੇ **ਦਕਸ਼** ਦਾ ਜਗ ਨਾਸ ਕਰ ਦਿੱਤਾ ਅਰ ਮੋਹ ਦੇ ਵੱਸ ਹੋ ਕੇ **ਸਤੀ** ਦੀ ਲੋਥ ਨੂੰ ਅਗਨਿ-ਕੁੰਡ ਵਿਚੋ ਕੱਢ ਕੇ ਕੰਨ੍ਹੇ ਤੇ ਰੱਖ ਲਿਆ ਅਤੇ ਰਾਤ ਦਿਨ ਬਿਨਾ ਵਿਸ਼ਰਾਮ ਦੇ ਫਿਰਨ ਲੱਗਾ । ਵਿਸ਼ਨੂੰ ਨੇ ਸਤੀ ਦੀ ਲੋਥ ਦਾ ਮੰਦਾ ਹਾਲ ਦੇਖ ਕੇ ਸੁਦੱਰਸ਼ਨ-ਚਕ੍ਰ ਨਾਲ ਲੋਥ ਦੇ ਅੰਗ ਟੁਕੜੇ ਟੁਕੜੇ ਕਰ ਦਿੱਤੇ । ਜਿਸ ਜਿਸ ਥਾਂ ਸਤੀ ਦੇ ਅੰਗ ਡਿਗੇ, ਉਹ ਪਵਿੱਤ੍ਰ ਤੀਰਥ ਮੰਨੇ ਗਏ । ਜੈਸੇ ਜੀਭ ਵਾਲਾ ਅਸਥਾਨ ਜਵਾਲਾਮੁਖੀ, ਨੇਤਰਾਂ ਵਾਲਾ ਨੈਣਾਂ ਦੇਵੀ ਆਦਿ । ਤੰਤ੍ਰ ਚੂੜਾਮਣਿ ਵਿੱਚ ਲਿਖਿਆ ਹੈ ਕਿ ਸਤੀ ਦੇ ਅੰਗ ੫੧ ਥਾਂ ਡਿੱਗੇ ਹਨ, ਅਤੇ ਉਹ ਸੱਭ ਥਾਂ **ਦੇਵੀ-ਪੀਠ** ਕਹੇ ਜਾਂਦੇ ਹਨ । ਹਰ ਥਾਂ ਇਸਤ੍ਰੀ ਦੇ ਪਰਦੇ ਵਾਲੇ ਅੱਗ ਦੀ ਨਿੱਖਰਵੀਂ ਮੂਰਤੀ ਬਣਾ ਕੇ ਉਸ ਦੀ ਪੂਜਾ ਕੀਤੀ ਜਾਂਦੀ ਹੈ । ( ਇਸਤ੍ਰੀ ਦੇ ਗੁਪਤ ਅੰਗਾਂ ਦੀ ਅਡੋ ਅਡਰੀ ਮੂਰਤੀ ਬਣਾ ਕੇ ਮੰਦ੍ਰਾਂ ਵਿੱਚ ਰੱਖਣ ਵਿਚ ਮੁੱਢਲੇ ਬ੍ਰਾਹਮਣ ਦਾ ਮੰਤਵ ਕੀ ਸੀ । ਸਿਵਾਏ ਇਸ ਦੇ ਕਿ ਸ਼ਿਵ ਦੇ ਲਿੰਗ ਅਤੇ ਪਾਰਬਤੀ ਦੇ ਗੁਪਤ ਅੰਗ ਦਾ ਸੁਮੇਲ ਵੇਖ ਕੇ ਮਰਦਾਂ ਅਤੇ ਇਸਤ੍ਰੀਆਂ ਵਿਚ ਕਾਮ ਚੇਸ਼ਟਾ ਨੂੰ ਹੋਰ ਤੋਂ ਹੋਰ ਤੇਜ਼ ਹੋ ਕੇ ਬੇਸ਼ਰਮੀ ਵਧੇ । ਇਸ ਤੋਂ ਛੁੱਟ ਹੋਰ ਕਿੜਾ ਬ੍ਰਹਮ ਗਿਆਨ ਮਿਲਦਾ ਹੈ ਇਸਤ੍ਰੀ ਦੇ ਨੰਗੇ ਗੁਪਤ ਅੰਗਾਂ ਦੇ ਚਿਤ੍ਰ ਵੇਖ ਕੇ ? ਕੋਈ ਮਹਾਂਪੁਰਖ ਆਪਣੀ ਮਰੀ ਇਸਤ੍ਰੀ ਦੀ ਲਾਸ਼ ਮੋਢੇ ਤੇ ਚੁੱਕੀ ਕਦੇ ਫਿਰ ਸਕਦਾ ਹੈ ? ਫਿਰ ਸ਼ਿਵ ਜੀ ਤਾਂ ਬਿੱਪ੍ਰ ਦੇ ਭਗਵਾਨ ਹਨ । ਅਜੇਹਾ ਮੰਦਾ ਕੰਮ ਤੇ ਕਦੇ ਕਿਸੇ ਪਾਗਲ ਨੇ ਵੀ ਨਹੀਂ ਕੀਤਾ ਜਿਹੜਾ ਬ੍ਰਾਹਮਣ ਨੇ ਆਪਣੇ ਭਗਵਾਨ ਦੇ ਮੱਥੇ ਮੜ੍ਹਿਆ ਹੈ । ਇਹ ਸਾਰੇ ਅਨਰਥ ਸਿਰਫ ਆਪਣੀ ਕਾਮ ਲੀਲ੍ਹਾ ਵਾਸਤੇ ਰੰਗ਼ ਮੰਚ ਦੀ ਤਿਆਰੀ ਵਿਚ ਹੋ ਰਹੇ ਸਨ ) ।

ੲ) ਸ਼ਿਵ ਪੁਰਾਣ ਦੇ ਪੂਰਬਾਰਧ - ਚੌਥਾ ਖੰਡ ਅਤੇ ਦੂਸਰੇ ( ਪੰਜਾਬੀ ਅਨੁਵਾਦ ਸਫਾ ੧੯੨-੧੯੩ ) ਤੇ ਕਥਾ ਬ੍ਰਹਮਾ ਜੀ ਦੀ ਜਬਾਨੀ ਲਿਖੀ ਹੈ ਕਿ ਪਾਰਬਤੀ ਨੂੰ ਵਿਆਹ ਕੇ ਜਦ ਸ਼ਿਵ ਜੀ ਆਪਣੇ ਮਹਿਲਾਂ ਵਿੱਚ ਲੈ ਆਏ ਤਾਂ ਕਾਫੀ ਸਮਾਂ ਆਪਣੇ ਮਹਲਾਂ ਵਿਚੋਂ ਬਾਹਰ ਨਾ ਆਏ । ਬ੍ਰਹਮਾ ਜੀ ਹੋਰ ਦੇਵਤਿਆਂ ਨੂੰ ਲੈ ਕੇ ਕੈਲਾਸ਼ ਪਰਬਤ ਤੇ ਪੁਜੇ ਤਾਂ ਗਣਾ ਨੇ ਦਸਿਆ ਕਿ ਕਈ ਸਾਲਾਂ ਤੋਂ ਸ਼ਿਵ ਜੀ ਮਹਲਾਂ ਵਿਚੋਂ ਬਾਹਰ ਨਹੀਂ ਆਏ । ਸ਼ਿਵ ਜੀ ਕਿਸੇ ਦੀ ਕੋਈ ਗੱਲ ਸੁਣਨਾ ਨਹੀਂ ਸੀ ਚਾਹੁੰਦੇ । ਪਰ ਜਦ ਬ੍ਰਹਮਾ ਜੀ ਨੇ ਵਾਜਾਂ ਮਾਰੀਆਂ ਤਾਂ ਬਾਹਰ ਆ ਗਏ । ਆ ਕੇ ਕਿਹਾ ਕਿ ਉਹ ਦੇਵਤਿਆਂ ਦੀ ਬੇਨਤੀ ਫੇਰ ਸੁਣਨ ਗੇ ਪਹਿਲਾਂ ਕੋਈ ਅੱਗੇ ਆ ਕੇ ਉਨ੍ਹਾਂ ਦੇ ਵੀਰਯ ਨੂੰ ਸਾਂਭੇ ਜੋ ਪਾਤ ਹੋਣ ਵਾਲਾ ਸੀ । ਅਗਨਿ ਦੇਵਤਾ ਨੇ ਸ਼ਿਵ ਜੀ ਦਾ ਵੀਰਯ ਧਾਰਨ ਕਰ ਲਿਆ । ਮਾਘ ਦੇ ਮਹੀਨੇ ਜਿੰਨੀਆਂ ਇਸਤ੍ਰੀਆਂ ਨੇ ਅੱਗ ਸੇਕੀ ਸਾਰੀਆਂ ਹੀ ਗਰਭ ਵਤੀ ਹੋ ਗਈਆਂ ਅਤੇ ਸਾਰੀਆਂ ਨੇ ਸ਼ਿਵਾਂ ਦੀ ਔਲਾਦ ਨੂੰ ਜਨਮ ਦਿੱਤਾ ।

ਹੋਰ ਕਈ ਕੁਝ ਵਿਚੋਂ ਸਿਰਫ਼ ਇਹ ਤਿੰਨ ਕਹੰਣੀਆਂ ਵਣਗੀ-ਮਾਤ੍ਰ ਹਨ ਜੋ ਸੱਭ ਤੋਂ ਵਡੇ ਦੇਵਤਿਆਂ ਦੇ ਨਾਮ ਨਾਲ ਮੜ੍ਹੀਆਂ ਹੋਈਆਂ ਹਨ । ਇਨ੍ਹਾਂ ਅਸ਼ਲੀਲ ਕਹਾਣੀਆਂ ਨਾਲ ਦੇਵਤਿਆਂ ਦੀ ਦੁਰਵਤੋਂ ਕਰਨ ਦੇ ਸਿਵਾ ਹੋਰ ਕਿਹੜਾ ਅਜੇਹਾ ਗਿਆਨ ਦਿੱਤਾ ਜਾ ਰਹਿਾ ਸੀ ਜਿਸ ਤੋਂ ਮਨੁੱਖ ਦੀ ਜੀਵਨ-ਜੁਗਤ ਉਚੀ ਹੋ ਸਕਦੀ ਸੀ ?

**ਦੇਵ ਰਾਜ ਇੰਦ੍ਰ**--ਜਿਸ ਨੂੰ ਹੋਰ ਦੇਵਤਿਆਂ ਦਾ ਰਾਜਾ ਦਸਦੇ ਹਨ ਅਤੇ ਸੁਰਗਾਂ ਦਾ ਮਾਲਕ ਵੀ ਏਸੇ ਨੂੰ ਕੀਂਦੇ ਹਨ , ਰਾਮਾਇਣ ਦੀ ਕਥਾ ਅਨੁਸਾਰ ਇਹ ਇੰਦ੍ਰ ਗੌਤਮ ਦੀ ਸੁੰਦਰ ਇਸਤ੍ਰੀ ਅਹੱਲਿਆ ਤੇ ਮੋਹਤ ਹੋ ਗਿਆ । ਇਸ ਦੇ ਕੀਣ ਤੇ ਚੰਦ੍ਰਮੇ ਨੇ ਕੁੱਕੜ ਬਣ ਕੇ ਵੇਲੇ ਤੋਂ ਪਹਿਲਾਂ ਹੀ ਬਾਂਗ ਦੇ ਦਿੱਤੀ ਤਾਂ ਗੌਤਮ ਅਗੇਤਾ ਹੀ ਨਦੀ ਤੇ ਨ੍ਹਾਉਂਣ ਚਲਾ ਗਿਆ । ਇੰਦ੍ਰ ਨੇ ਅਹੱਲਿਆ ਨਾਲ ਕੁਕਰਮ ਕੀਤਾ । ਜਦ ਗੌਤਮ ਨੂੰ ਅਸਲੀਅਤ ਦਾ ਪਤਾ ਲੱਗਾ ਤਾਂ ਉਸ ਨੇ ਅਹਲਿਆ ਨੂੰ ਪੱਥਰ ਬਣਾ ਦਿੱਤਾ ਅਤੇ ਇੰਦ੍ਰ ਨੂੰ ਸਰਾਪ ਦੇ ਕੇ ਉਸ ਦੇ ਸਰੀਰ ਤੇ ਹਜ਼ਾਰ ਭਗਾਂ ਬਣਾ ਦਿੱਤੀਆਂ ।

**ਕਾਮ ਦੇਵਤਾ** ਕਾਮ ਵਾਸਨਾ ਪ੍ਰਾਕਿਰਤਕ ਲੋੜ ਹੈ । ਕੁਦਰਤ ਦੀ ਇਹ ਦੇਣ ਨਾ ਹੁੰਦੀ ਤਾਂ ਧਰਤੀ ਉਜਾੜ ਹੁੰਦੀ । ਹਰ ਪਰਕਾਰ ਦੇ ਜੀਵਾਂ ਦਾ ਵਾਧਾ ਕਾਮ ਦੀ ਰੁਚੀ ਹੀ ਕਰਦੀ ਹੈ । ਸਰੀਰ ਦੀ ਇਸ ਲੋੜ ਨੂੰ ਸੰਜਮ ਵਿਚ ਰਖਣ ਦਾ ਨਾਮ ਸ਼ਾਦੀ ਵਿਆਹ ਹੈ । ਪਤੀ ਬ੍ਰਤਾ ਅਤੇ ਇਸਤ੍ਰੀ ਬ੍ਰਤਾ ਜਿਹੇ ਸ਼ੁਭ ਗੁਣਾ ਨਾਲ ਸਮਾਜਕ ਚਿਹਰੇ ਨੂੰ ਨਿਖਾਰਨਾ ਸੁਚੇ ਆਚਰਨ ਦਾ ਵਡਮੁੱਲਾ ਪੱਖ ਹੈ । ਪਰ ਬ੍ਰਾਹਮਣ ਨੇ ਤਾਂ ਸਮਾਜ ਦੇ ਆਚਰਨ ਦਾ ਭੋਗ ਪਾ ਕੇ ਮਨੁੱਖੀ ਅਣਖ ਦੀ ਮਿੱਟੀ ਪੁੱਟਣੀ ਸੀ । ਪ੍ਰਾਕਿਰਤਕ ਰੁਚੀ ਨੂੰ ਕਾਮ ਦੇਵਤਾ ਥਾਪ ਕੇ ਆਪਣੀ ਯੋਜਣਾ ਅਨੁਸਾਰ ਇਸ ਨੂੰ ਸ਼ਕਲ ਦਿੱਤੀ ਅਤੇ ਮੰਦਰ ਵਿਚ ਲਿਆ ਟਿਕਾਇਆ । ਕਾਮ ਕ੍ਰੀੜਾ ਦਾ ਨਾਮ ਕਾਮ ਦੇਵਤਾ ਦੀ ਸੇਵਾ ਰੱਖ ਦਿੱਤਾ ਅਤੇ ਕਾਮ ਕ੍ਰੀੜਾ ਦੇ ਸ਼ਕੀਨ ਜੋੜੇ ਕਾਮ ਦੇਵਤਾ ਦਾ ਭਗਤ ਭਗਤਨੀ ਲਿਖ ਦਿੱਤਾ । ਉੜੀਸਾ ਵਿਚ ਬਣਾਏ ਗਏ, ਜਗਨਨਾਥ, ਭਵਨੇਸ਼ਵਰ ਅਤੇ ਕੋਨਾਰਕ ਦੇ ਪ੍ਰਸਿੱਧ ਮੰਦਰ ਹਨ । ਇਨ੍ਹਾਂ ਮੰਦਰਾਂ ਦੇ ਉਪਰਲੇ ਤੇ ਹੇਠਲੇ ਹਿਸਿਆਂ ਵਿਚ ਭਰ ਜੁਆਨ ਨਗਨ ਮਰਦ ਇਸਤ੍ਰੀਆਂ ਦੀਆਂ ਪੱਥਰ ਦੀਆਂ ਮੂਰਤੀਆਂ ਹਨ, ਜਿਹੜੀਆਂ ਅਨੇਕ ਆਸਨਾਂ ਵਿੱਚ ਕਾਮ ਕ੍ਰੀੜਾ ਕਰਦੀਆਂ ਦਿਖਾਈਆਂ ਗਈਆਂ ਹਨ । ਇਨ੍ਹਾਂ ਮੰਦਰਾਂ ਵਿੱਚ ਜਿਸ ਕਿਸਮ ਦੀ ਪੂਜਾ ਅਰੰਭ ਹੋਈ ਉਸ ਦਾ ਵਰਣਨ ਕਰਨ ਦੀ ਲੋੜ ਨਹੀਂ । ( ਸਵਾਮੀ ਰਾਮ ਤੀਰਥ ਜੀ )

Foot note ends<<<

ਦੇਵਤਿਆਂ ਦੇ ਨਾਮ ਦੀ ਦੁਰ-ਵਰਤੋ ਕਰਨ ਦੇ ਨਾਲ ਵੱਡੇ ਵੱਡੇ ਰਿਸ਼ੀਆਂ ਨੂੰ ਵੀ ਆਪਣੀ ਇਸ ਯੋਜਨਾਂ ਦਾ ਭਾਈਵਾਲ ਬਣਾਇਆ । ਪਰਾਸ਼ਰ ਰਿਸ਼ੀ ਬਾਰੇ ਇਹ ਵੀ ਲਿਖਿਆ ਹੈ ਕਿ ਉਹ ਬੜਾ ਵਿਦਵਾਨ ਸੀ । ਉਸ ਨੇ ਰਿਗਵੇਦ ਦੇ ਕਈ ਮੰਤ੍ਰ ਲਿਖੇ ਸਨ ਅਤੇ ਉਸ ਨੇ ਧਰਮਸ਼ਾਸਤ੍ਰ ਵੀ ਲਿਖਿਆ ਦਸਦੇ ਹਨ । ਫਿਰ ਇਹ ਗਾਥਾ ਘੜ ਕੇ ਉਸ ਨੂੰ ਬਦਨਾਮ ਕਰ ਦਿੱਤਾ ਕਿ ਇਹ ਮਹਾਨ ਰਿਸ਼ੀ ਮੌਕਾ ਤਾੜ ਕੇ ਬੇੜੀ ਵਿਚ ਜਾ ਬੈਠਾ ਅਤੇ ਮਲਾਹ ਦੀ ਕੁਆਰੀ ਲੜਕੀ **ਸਤਯਾਵਤੀ** ਦਾ ਸਤ ਭੰਗ ਕੀਤਾ ਜਿਸ ਤੋਂ ਵਿਆਸ ਰਿਸ਼ੀ ਦਾ ਜਨਮ ਹੋਇਆ । ਮਹਾਨ ਰਿਸ਼ੀ ਵਿਸ਼ਵਾ ਮਿੱਤ੍ਰ, ਅਤੇ ਹੋਰ ਕਈ ਰਿਸ਼ੀ ਮੁਨੀ, ਰਾਜੇ ਮਹਾਰਾਜੇ ਕਾਮ ਦੇਵਤੇ ਦੇ ਬਾਣਾਂ ਨਾਲ ਘਾਇਲ ਹੋ ਕੇ ਲੁੱਛਦੇ ਅਤੇ ਕੁਕਰਮ ਕਰਦੇ ਧਰਮ ਗ੍ਰੰਥਾਂ ਵਿਚ ਹੀ ਲਿਖਣ ਦਾ ਕੀ ਅਰਥ ਸੀ ? ਸਿਰਫ ਇਹੀ ਕਿ ਬਿੱਪ੍ਰ ਜੀ ਨੇ ਆਪਣੀ ਖੁਲ੍ਹੀ ਕਾਮ ਲੀਲ੍ਹਾ ਅਰੰਭ ਕਰਕੇ ਉਸ ਨੂੰ ਧਰਮ ਦਾ ਸਦੀਵੀ ਅੰਗ ਬਣਾਉਣ ਦਾ ਰਸਤਾ ਸਾਫ਼ ਕਰਨਾ ਸੀ ।

ਇਸ ਸਾਰੇ ਕੁਝ ਨਾਲ ਬ੍ਰਾਹਮਣ ਨੇ ਆਪਣੀ ਲੰਪਟੀ ਤ੍ਰਿਸ਼ਨਾਂ ਦੀ ਪੂਰਤੀ ਲਈ ਅਨਕੂਲ ਵਾਤਾ-ਵਰਨ ਤਿਆਰ ਕਰ ਲਿਆ । ਗਰੁੜ ਪੁਰਾਣ ਦੇ ਗਿਆਨ ਨੇ ਤਾਂ ਪਹਿਲਾਂ ਹੀ ਮਨੁੱਖ ਦਾ ਸਾਹ ਸਤ ਪੀ ਲਿਆ ਹੋਇਆ ਸੀ । ਚੌਰਾਸੀ ਦੇ ਗੇੜ ਵਿਚੋਂ ਕੱਢ ਕੇ, ਮੁਕਤੀ ਦੇ ਸਕਣ ਵਾਲਾ ਅਥਵਾ ਨਰਕਾਂ ਤੋ ਬਚਾ ਕੇ ਸੁਰਗਾਂ ਵਿਚ ਪੁਚਾ ਸਕਣ ਵਾਲਾ, ਮਨੁਖ ਲਈ ਇਕੋ ਇੱਕ ਪਰਤੱਖ ਦੇਵਤਾ ਅਥਵਾ ਜੀਉਂਦਾ ਜਾਗਦਾ ਭਗਵਾਨ, ਕੇਵਲ ਬ੍ਰਾਹਮਣ ਹੀ ਸੀ । ਸ਼ਾਤਰ ਬ੍ਰਾਹਮਣ ਨੇ ਮੌਕਾ ਤਾੜ ਕੇ ਅਜੇਹੀ ਫੇਰਵੀਂ ਸੱਟ ਮਾਰੀ ਕਿ ਦੇਸ਼ ਵਾਸੀ ਦੀ ਅਣਖ ਦਾ ਭੋਗ ਪਾ ਦਿੱਤਾ । ਸੋਨਾਂ, ਚਾਂਦੀ, ਭੂਮੀ, ਗਊ, ਘੋੜੇ, ਹਾਥੀ, ਭੋਜਨ ਵਿਚ ਮਾਸ-ਸ਼ਰਾਬ ਆਦਿ ਦਾਨ ਦੇ ਨਾਲ ਹੁਣ ਇਸਤ੍ਰੀ ਦਾ ਦਾਨ ਅਥਵਾ ਸੇਜਾ ਦਾਨ ਨੂੰ ਸਰਬ ਪਾਪ ਨਾਸਕ ਦੱਸ ਦਿੱਤਾ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਗਵਾਹੀ ਭਰਦੀ ਹੈ ਕਿ ਸੇਜ ਅਥਵਾ ਸੱਜ ਵਿਆਹੀ ਇਸਤ੍ਰੀ ਦਾ ਦਾਨ ਅਰੰਭ ਹੋ ਗਿਆ ਹੋਇਆ ਸੀ :-

੫੨- **ਅਸੁ ਦਾਨ, ਗਜ ਦਾਨ, ਸਿਹਜਾ ਨਾਰੀ ਭੂਮਿ ਦਾਨ, ਐਸੋ ਦਾਨੁ ਨਿਤਹਿ ਕੀਜੈ ॥**[੬੭੩]

**ਪਦ ਅਰਥ** :- ਅਸੁ -ਘੋੜਾ । ਗਜ - ਹਾਥੀ । ਸਹਜਾ - ਸੇਜ । ਨਾਰੀ - ਇਸਤ੍ਰੀ । ਭੂਮਿ - ਜ਼ਮੀਨ । ਨਿਤਹਿ - ਨਿਤ, ਰੋਜ਼ ।

ਇਸਤ੍ਰੀ ਨੂੰ ਦਾਨ ਵਿਚ ਬ੍ਰਾਹਮਣ ਦੀ ਹਵਸ ਦੀ ਭੇਟਾ ਕਰ ਦੇਣ ਦੇ ਫਲ ਸਰੂਪ ਨਰਕਾਂ ਦੇ ਦੁਖ ਤੋਂ ਬਚ ਸਕਣ ਦੇ ਲਾਰੇ ਨੂੰ ਧਰਮ ਦਾ ਰੂਪ ਬਣਾ ਦੇਣ ਲਈ ਬਿੱਪ੍ਰ ਨੇ ਕਹਾਣੀਆਂ ਘੜ ਕੇ ਧਰਮ ਗ੍ਰੰਥਾਂ ਵਿੱਚ ਲਿਖ ਦਿਤੀਆਂ । ਉਦਾਹਰਣ ਵਜੋਂ ਸ਼ਿਵ ਪੁਰਾਣ ਦੇ ਸਤਵੇਂ ਖੰਡ ਦੇ ਅਧਿਆਇ ੪੫ (ਪੰਜਾਬੀ ਅਨੁਵਾਦ ਸਫ਼ਾ ੪੯੬-੯੭) ਤੇ ਲਿਖੀ ਰਾਜੇ ਭਦ੍ਰਾਯਸ ਦੀ ਗਾਥਾ ਵਿਚ ਇਸ ਪ੍ਰਕਾਰ ਲਿਖਿਆ ਹੈ--**ਬ੍ਰਾਹਮਣ** ਨੇ ਕਿਹਾ ਮੈਨੂ ਆਪਣੀ ਇਸਤ੍ਰੀ ਦਾਨ ਕਰ ਦੇਹ ਮੈਂਨੂੰ ਹੋਰ ਕੁਝ ਨਹੀਂ ਚਾਹੀਦਾ । **ਭਦ੍ਰਾਯਸ਼ ਰਾਜੇ** ਨੇ ਕਿਹਾ ਕੀ ਤੂੰ ਨਹੀਂ ਜਾਣਦਾ ਕਿ ਪਰ-ਇਸਤ੍ਰੀ ਦੀ ਸੰਗਤ ਤਿੰਨਾ ਤਾਪਾਂ ਦੇ ਦੇਣ ਵਾਲੀ ਹੈ ? ਪਰ-ਇਸਤ੍ਰੀ ਨਾਲ ਸੰਜੋਗ ਕਰਨ ਨਾਲ ਜੋ ਪਾਪ ਹੁੰਦਾ ਹੈ ਉਹ ਕਿਸੇ ਤਰ੍ਹਾਂ ਵੀ ਦੂਰ ਨਹੀਂ ਹੁੰਦਾ ।

**ਬ੍ਰਾਹਮਣ ਨੇ ਕਿਹਾ** - ਅਸੀਂ ਤਾਂ ਬ੍ਰਹਮ ਹਤਿਆ ਦਾ ਜੋ ਪਾਪ ਹੁੰਦਾ ਹੈ ਉਸ ਨੂੰ ਵੀ ਦੂਰ ਕਰ ਸਕਦੇ ਹਾਂ ਇਹ ਪਰ-ਇਸਤ੍ਰੀ ਭੋਗਣ ਦਾ ਪਾਪ ਸਾਡੇ ਲਈ ਕੀ ਹੈ ? ਇਸ ਲਈ ਜੇ ਤੂੰ ਨਰਕਾਂ ਤੋਂ ਬਚਣਾਂ ਚਾਹੁੰਦਾ ਹੈਂ ਤਾਂ ਆਪਣੀ ਇਸਤ੍ਰੀ ਸਾਨੂੰ ਦਾਨ ਵਿਚ ਦੇ ਦੇਹ । ਇਹ ਬਚਨ ਸੁਣ ਕੇ ਰਾਜੇ ਨੇ ਇਸਤ੍ਰੀ ਦਾਨ ਕਰ ਦਿੱਤੀ ।

ਭੋਗ ਲਾਉਣ ਦੀ ਹੀ ਮਰਯਾਦਾ ਸੀ, ਜਿਸ ਨੇ ਬ੍ਰਾਹਮਣ ਦੀ ਤ੍ਰਿਸ਼ਨਾਂ ਨੂੰ ਏਡਾ ਭੜਕਾਇਆ ਕਿ ਉਸ ਨੇ ਧਰਮ ਨੂੰ ਆਚਰਨ-ਹੀਣਤਾ ਦਾ ਸਾਧਨ ਬਣਾ ਦਿੱਤਾ । ਦੇਵਤੇ ਨੂੰ ਭੋਗ ਲੁਆਉਣ ਦੀ ਗੱਲ ਤੋਰ ਦੇਣ ਦਾ ਅਰਥ ਇਸ ਤੋਂ ਦੂਜਾ ਹੋਰ ਕੋਈ ਬਣਦਾ ਹੀ ਨਹੀਂ, ਕਿ ਬ੍ਰਾਹਮਣ ਦੀ ਤਸੱਲੀ ਹੋ ਚੁੱਕੀ ਸੀ ਕਿ ਹਰ ਪ੍ਰਕਾਰ ਦੇ ਭੋਗ ਦੇਵਤੇ ਦੀ ਥਾਂ ਉਸ ਨੇ ਆਪ ਹੀ ਭੋਗਣੇ ਸਨ । ਇਹ ਅਟੱਲ ਸਚਾਈ ਹੈ ਕਿ ਭੋਗੀ ਮਨੁੱਖ ਦੇ ਅੰਦਰ ਨਵੇਂ ਤੋਂ ਨਵੇਂ ਭੋਗ ਭੋਗਣ ਦੀ ਭੜਕੀ ਤ੍ਰਿਸ਼ਨਾਂ-ਅੱਗ ਕੇਵਲ ਉਸ ਦੀ ਮੌਤ ਨਾਲ ਹੀ ਬੁੱਝਦੀ ਹੈ । ਅਜੇਹੇ ਕਾਮੀ ਮਨੁੱਖ ਨਾਲ ਜੁੜੀ ਇਕ ਕਹਾਵਤ ਸੁਣਨ ਵਿਚ ਆਇਆ ਕਰਦੀ ਸੀ । " ਅੱਸੀ ਨੱਵੇ ਸਾਲ ਦੇ ਕਮਜ਼ੋਰ ਬਿਰਧ ਦੇ ਸਰੀਰ ਵਿਚ ਗਰਮੀ ਬਣਾਈ ਰੱਖਣ ਲਈ ਕਿਸੇ ਹਮਦਰਦ ਨੇ ਕਿਹਾ ਕਿ ਇੱਕ ਛੁਹਾਰਾ ਦੁੱਧ ਵਿਚ ਉਬਾਲ ਕੇ ਉਸ ਬਿਰਧ ਦੇ ਮੂੰਹ ਵਿਚ ਪਾਇਆ ਜਾਵੇ । ਮਰਣਾਊ ਪਏ ਉਸ ਲੱਪਟ ਬਿਰਧ ਦੇ ਮੂੰਹ ਨੇੜੇ ਜਦ ਛੁਹਾਰਾ ਲਿਆਂਦਾ ਗਿਆ ਤਾਂ ਉਸ ਨੇ ਪੁੱਛ ਲਿਆ । ਇਹ ਕੀ ਹੈ ? ਬਾਬਾ ਜੀ ਛੁਹਾਰਾ ਹੈ । ਜਿਵੇਂ ਬੁੱਝ ਰਹੇ ਦੀਵੇ ਵਿਚ ਜੋਤਿ ਆ ਗਈ ਹੋਵੇ, ਬਾਬਾ ਉਤੇਜਤ ਹੋ ਕੇ ਬੋਲਿਆ- " ਕਿਹੜੇ ਪਿੰਡੋਂ ਆਇਆ ਹੈ ?" ਮੌਤ ਤੋਂ ਪਹਿਲਾਂ ਕਾਮ ਤ੍ਰਿਸ਼ਨਾਂ ਕਿਵੇਂ ਬੁੱਝੇ ?

੫੩- **ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ ॥ ਚਿਤ ਹਰਣੰ ਤ੍ਰੈ ਲੋਕ ਗੰਮ੍ਯ੍ੰ ਜਪ ਤਪ ਸੀਲ ਬਿਦਾਰਣਹ ॥ ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ ॥ ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ ॥ ੪੬ ॥** [੧੩੫੮]

[ਨੋਟ:-ਇਸ ਪਾਵਨ ਸਲੋਕ ਦੇ ਅਰਥ ਪੁਸਤਕ ਦੇ ਅਠਵੇਂ ਭਾਗ ਦੇ ਚੌਥੇ ਕਾਂਡ ਦੀ ਸ਼ਬਦ-ਸੂਚੀ ਦੇ ੧੮ ਨੰਬਰ ਤੇ ਲਿਖੇ ਹਨ]

## ੧੯

## ਭੋਗ-ਲਾਉਣਾ ਅਤੇ ਗੁਰਮਤਿ

ਅਵੱਲ ਤਾਂ ਉੱਪਰ ਲਿਖੀ ਭੋਗ ਲਾਉਣ ਦੀ ਮਰਯਾਦਾ ਦੇ ਚਾਲੂ ਹੋਣ ਦੀ ਅਸਲੀਅਤ ਬਾਰੇ ਪੜ੍ਹ ਕੇ ਹੀ ਉਨ੍ਹਾਂ ਨੂੰ ਪਛਤਾਵਾ ਲੱਗ ਜਾਣਾ ਚਾਹੀਦਾ ਹੈ, ਜਿਹੜੇ ਭਾਈ ਅਤੇ ਭੈਣਾ, ਥਾਲ ਵਿਚ ਪਰਸ਼ਾਦੇ ਪਾ ਕੇ, ਅਥਵਾ ਕੜਾਹ ਪ੍ਰਸ਼ਾਦ ਦੀ ਦੇਗ ਸ੍ਰੀ ਗੁਰੂ ਗ੍ਰੰਥਾ ਸਾਹਿਬ ਜੀ ਦੀ ਹਜ਼ੂਰੀ ਵਿਚ ਰੱਖ ਕੇ, ਸਤਿਗੁਰਾਂ ਨੂੰ ਭੋਗ ਲਾਉਣ ਲਈ ਕੀ ਰਹੇ ਹੁੰਦੇ ਹਨ । ਪਰ ਕਿਉਂਕਿ ਗੁਰਬਾਣੀ ਵਿਚ " **ਭੋਗ** " ਪਦ ਦੀ ਵਰਤੋਂ ਵਾਲੇ ਸ਼ਬਦ ਆਉਂਦੇ ਹਨ, " **ਭੋਗ** " ਲਫ਼ਜ਼ ਬਾਰੇ ਗੁਰਮਤਿ ਵਿਚਾਰ ਸਾਂਝੀ ਕਰ ਲੈਣੀ ਜ਼ਰੂਰੀ ਹੈ--

ਮਹਾਨ ਕੋਸ਼ ਵਿੱਚ ਭੋਗ ਸ਼ਬਦ ਦੇ ਕਈਆਂ ਅਰਥਾਂ ਵਿਚੋਂ ਇੱਕ ਅਰਥ--" ਦੇਵਤੇ ਨੂੰ ਅਰਪਿਆ ਪ੍ਰਸ਼ਾਦ " ਵੀ ਹੈ । ਵੇਦਾਂ, ਸ਼ਾਸਤ੍ਰਾਂ, ਸਿਮ੍ਰਿਤੀਆਂ, ਪੁਰਾਣਾਂ ਅਥਵਾ ਗੀਤਾ ਆਦਿ ਗ੍ਰੰਥਾਂ ਦਾ ਲਿਖਾਰੀ ਬ੍ਰਾਹਮਣ, ਇਹ ਗੱਲ ਜਾਣਦਾ ਸੀ ਕਿ ਪ੍ਰਮਾਤਮਾ ਇੱਕ ਪਰਮ ਸ਼ਕਤੀ ਹੈ, ਉਹ, ਵਿਅਕਤੀ ਨਹੀਂ ਹੈ । ਹਿੰਦੂਆਂ ਦਾ ਧਰਮ ਗ੍ਰੰਥ ਮਹਾਂਭਾਰਤ ਵਿਚ, ਸਿਮ੍ਰਿਤੀ ਦੇ ਕਥਿਤ ਲੇਖਕ **ਮਨੂੰ ਜੀ ਦੀ ਜ਼ਬਾਨੀ** ਅਖਵਾਇਆ ਹੋਇਆ ਉਪਦੇਸ਼ ਬ੍ਰਾਹਮਣ ਨੇ ਇਸ ਪ੍ਰਕਾਰ ਲਿਖਆ ਹੈ---**ਪਰਮਾਤਮਾਂ ਮਨ ਬੁੱਧੀ ਤੋਂ ਅਗੋਚਰ, ਅਵਿਅਕਤ,** ( ਭਾਵ, ਜਿਸ ਦਾ ਕੋਈ ਸਰੀਰ ਨਹੀਂ, ਜੋ ਵਿਅਕਤੀ ਨਹੀਂ), **ਅਬਨਾਸ਼ੀ ਹੈ ਅਤੇ ਜੋ ਦਿਸਦੇ ਅਣਦਿਸਦੇ ਸੰਸਾਰ ਦੇ ਕਣ ਕਣ ਵਿੱਚ ਸਮਾਇਆ ਹੋਇਆ ਹੈ ।** ਅਤੇ ਫਿਰ ਇਹ ਵੀ ਲਿਖਿਆ ਹੈ ਕਿ **ਜਿਵੇਂ ਲੱਕੜੀ ਨੂੰ ਚੀਰਿਆਂ ਅਥਵਾ ਉਸ ਨੂੰ ਭੰਨਿਆਂ ਤੋੜਿਆ ਕਿਸੇ ਢੰਗ ਨਾਲ ਵੀ ਉਸ ਦੇ ਅੰਦਰ ਦੀ ਅਗਨੀ ਨੂੰ ਦੇਖਿਆ ਨਹੀਂ ਜਾ ਸਕਦਾ ਏਸੇ ਤਰ੍ਹਾਂ ਸੰਸਾਰ ਵਿੱਚ ਵਿਆਪਕ ਪਰਮਾਤਮਾਂ ਨੂੰ ਇਨ੍ਹਾਂ ਆਖਹਿਆਂ ਨਾਲ ਕਿਸੇ ਵੀ ਯਤਨ ਨਾਲ ਨਹੀਂ ਦੇਖਿਆ ਜਾ ਸਕਦਾ ।** ਨਾਲ ਹੀ ਇਹ ਵੀ ਲਿਖਿਆ ਹੈ ਕਿ **ਸੰਸਾਰ ਦੀ ਸਾਰੀ ਰਚਨਾਂ ਮੁੜ ਉਸ ਪਰਮ-ਜੋਤਿ, ਪਰਮ-ਸ਼ਕਤੀ, ਪਰਮਾਤਮਾਂ ਵਿੱਚ ਹੀ ਜਾ ਮਿਲਦੀ ਹੈ ਅਤੇ ਸੰਸਾਰੀ ਬੰਧਨਾਂ ਤੋਂ ਮੁਕਤੀ ਪਾ ਚੁੱਕੇ ਮਨੁੱਖ ਦੀ ਆਤਮਾ ਪਰਮਾਤਮਾਂ ਵਿੱਚ ਲੀਨ ਹੋ ਜਾਂਦੀ ਹੈ ਅਤੇ ਮੁੜ ਜਨਮ ਵਿਚ ਨਹੀਂ ਆਉਂਦੀ ।**( ਸ਼ਾਂਤੀ ਪਰਵ ਸਫ਼ਾ ੫੦੪ ) ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ, ਪਰਮਾਤਮਾ ਦੀ ਹਸਤੀ ਦੇ ਅਜੇਹੇ ਗਿਆਨੀ ਬ੍ਰਾਹਮਣ ਨੇ ਸ੍ਰਿਸ਼ਟੀ ਦੇ ਰਚਨ-ਹਾਰ, ਪਾਲਣ-ਹਾਰ ਅਤੇ ਨਾਸ ਕਰਤਾ, ਅੱਡ ਅੱਡ ਦੇਵਤੇ, (ਬ੍ਰਹਮਾ, ਬਿਸ਼ਨ ਅਤੇ ਮਹੇਸ਼) ਅਤੇ ਹੋਰ ਬੇਅੰਤ ਦੇਵੀ ਦੇਵਤੇ ਕਿਉਂ ਰਚੇ ? ਅਥਵਾ ਅਵਤਾਰ ਪੇਦਾ ਕਰਕੇ ਖ਼ੁਆਰ ਹੁੰਦੇ ਕਿਉਂ ਦਰਸਾਏ ? ਜੇ ਇਹ ਸਾਰਾ ਪਸਾਰਾ ਕਿਸੇ ਡੂੰਘੀ ਯੋਜਨਾ ਅਧੀਨ ਖਲਾਰਿਆ ਹੋਇਆ ਮਾਇਆ ਜਾਲ ਨਹੀਂ, ਤਾਂ ਫਿਰ ਹੋਰ ਕੀ ਹੈ ? ਬ੍ਰਾਹਮਣ ਦੇ ਆਚਰਨ ਦੇ ਇਸ ਪੱਖ ਨੂੰ ਸਮਝ ਲੈਣ ਨਾਲ ਸਿਆਣਿਆਂ ਦਾ ਇਹ ਕਥਨ ਬਿਨਾਂ ਕਿਸੇ ਕਿੰਤੂ ਦੇ ਸਪੱਸ਼ਟ ਰੂਪ ਵਿਚ ਸਿੱਧ ਹੈ, ਕਿ " **ਭਗਤੀ ਤੋਂ ਸੱਖਣਾ ਗਿਆਨੀ (=ਪੰਡਿਤ, ਵਿਦਵਾਨ), ਭਿਆਨਕ ਦਰਜੇ ਦਾ ਸ਼ੈਤਾਨ ਹੁੰਦਾ ਹੈ ।**

ਇਹ ਤੱਥ ਸਾਫ਼ ਹੋ ਚੁੱਕਾ ਹੈ ਵੈਦਕ ਕਾਲ ਵਾਲੇ ਮਹਾਂ ਗਿਆਨੀ ਬ੍ਰਾਹਮਣ ਨੇ ਸੁਆਰਥੀ ਮੰਤਵ ਲਈ ਦੇਵਤਿਆਂ ਨੂੰ ਸ਼ਕਤੀਆਂ ਅਤੇ ਸ਼ਕਲਾਂ ਵੰਡ ਕੇ ਮੰਦਰਾਂ ਵਿੱਚ ਸਥਾਪਤ ਕੀਤਾ ਸੀ । ਫਿਰ ਤ੍ਰਿਸ਼ਨਾਂ ਗ੍ਰਸੀ, ਲੰਪਟੀ ਅਤੇ ਲੁੱਟ ਨੀਤੀ ਨਾਲ ਬਣੀ ਯੋਜਨਾਂ ਅਧੀਨ ਦੇਵਤਿਆਂ ਦੀ ਵਰਤੋਂ ਕੀਤੀ । ਅਵਤਾਰਾਂ ਦਾ ਜਨਮ ਅਤੇ ਉਨ੍ਹਾਂ ਦੇ ਜੀਵਨ ਕਾਲ ਨਾਲ ਜੋੜੀ ਗਾਥਾ ਦਾ ਹਰ ਇੱਕ ਅੱਖਰ ਗਿਣੀ ਮਿਥੀ ਸਕੀਮ ਦੇ ਅਧੀਨ ਲਿਖਿਆ ਗਿਆ । ਬ੍ਰਾਹਮਣ ਨੂੰ ਪੂਰਾ ਯਕੀਨ ਸੀ ਕਿ ਦੇਵੀ ਦੇਵਤਿਆਂ ਦੀ, ਰੱਬ ਤੋਂ ਅੱਡਰੀ ਹਸਤੀ ਕੋਈ ਹੋ ਹੀ ਨਹੀਂ ਸਕਦੀ । ਉਹ ਚੰਗੀ ਤਰ੍ਹਾਂ ਸਮਝਦਾ ਸੀ ਕਿ ਪਰਮ-ਸ਼ਕਤੀ ਪਰਮਾਤਮਾਂ ਨੂੰ ਕਿਸੇ ਸਹਾਇਕ ਦੀ ਲੋੜ ਨਹੀਂ । ਏਸੇ ਕਰਕੇ ਹੀ ਉਸ ਨੇ ਝਾਕਾ ਲਾਹ ਕੇ ਇਨ੍ਹਾਂ ਸਾਰਿਆਂ ਨੂੰ ਆਪਣੀ ਨਿੱਜੀ ਲੋੜ ਅਨੁਸਾਰ ਗਿਰੇ ਹੋਏ ਆਚਰਨ ਵਾਲੇ, ਝੂਠੇ, ਠੱਗ, ਚੋਰ, ਧੋਖੇ-ਬਾਜ਼ ਅਤੇ ਅਜੇਹੀਆਂ ਗੰਦੀਆਂ ਹਰਕਤਾਂ ਕਰਦੇ ਦਰਸਾਇਆ ਕਿ ਜਿਨ੍ਹਾਂ ਦਾ ਜ਼ਿਕਰ ਕਰਦਿਆਂ ਸ਼ਰਮ ਆਉਂਦੀ ਹੈ । **ਜੇ ਬ੍ਰਾਹਮਣ ਦੇਵਤਿਆਂ ਅਥਵਾ ਅਵਤਾਰਾਂ ਦੀ ਹੋਂਦ ਨੂੰ ਦਿਲੋਂ ਮੰਨਦਾ ਹੁੰਦਾ ਤਾਂ ਕਦੇ ਅਜੇਹਾ ਅਨਰਥ ਉਨ੍ਹਾ ਦੇ ਪਾਵਨ ਨਾਮ ਨਾਲ ਨਾਂ ਜੋੜਦਾ ।**

ਮੰਦਰ ਵਿਚ ਟਿਕਾਏ ਦੇਵੀ ਦੇਵਤੇ ਦੀ ਮੂਰਤੀ ਤਾਂ ਘੜੀ ਜਾਂ ਘੜਵਾਈ ਉਸ ਨੇ ਆਪ ਹੀ ਸੀ । ਬ੍ਰਾਹਮਣ ਨੂੰ ਪਤਾ ਸੀ ਕਿ ਪੱਥਰ ਦੀਆਂ ਮੂਰਤੀਆਂ ਨੇ ਨਾ ਕੁਝ ਖਾਣਾ ਸੀ ਅਤੇ ਨਾ ਹੀ **ਕੋਈ ਭੋਗ ਭੋਗਣਾ** ਸੀ । ਪਰ **ਜੇ ਦੇਵਤੇ ਨੂੰ ਭੋਗ ਲਾਉਣ ਵਾਲਾ ਡਰਾਮਾ ਨਾ ਰਚਦਾ ਅਥਵਾ ਲੋਕਾਂ ਨੂੰ ਇਹ ਯਕੀਨ ਨਾਂ ਕਰਾਂਉਂਦਾ ਕਿ ਦੇਵੀ ਦੇਵਤੇ ਸੂਖਮ ਢੰਗ ਨਾਲ ਸਾਰੇ ਭੋਗ ਉਸ ਦੇ ਸਰੀਰ ਰਾਹੀਂ ਭੋਗਦੇ ਹਨ, ਤਾਂ**

**ਮਾਸ ਸ਼ਰਾਬ ਦਾ ਹੜ ਮੰਦਰਾਂ ਵਲ ਨੂੰ ਕਿਵੇਂ ਉਲਟਦਾ ? ਅਤੇ ਹਜਾਰਾਂ ਦੀ ਗਿਣਤੀ ਵਿੱਚ ਸੁੰਦਰ ਤੋਂ ਸੁੰਦਰ ਬੀਬੀਆਂ ਮੰਦਰਾਂ ਵਿੱਚ ਆ ਕੇ " ਰਾਮਜਣੀਆਂ " ਭਾਵ ਵੇਸਵਾਵਾਂ ਕਿਵੇ ਬਣਦੀਆਂ ?** ਸਾਰਾ ਕੁੱਝ ਧਰਮ ਗ੍ਰੰਥਾਂ ਵਿਚ ਅਜੇਹੇ ਢੰਗ ਨਾਲ ਲਿਖਿਆ ਅਤੇ ਪਰਚਾਰਿਆ ਗਿਆ ਸੀ ਕਿ ਉਸ ਸਮੇਂ ਦੇ ਵਿਦਿਆ ਹੀਣ ਮਨੁੱਖ ਨੇ ਇਸ ਝੂਠ ਨੂੰ ਹਿਰਦੇ ਤੋਂ ਸੱਚ ਮੰਨ ਲਿਆ । ਸਮੇਂ ਦੇ ਚੱਕਰ ਨੇ ਉਸ ਮੁਢਲੇ ਬ੍ਰਾਹਮਣ ਦਾ ਲਿਖਿਆ ਇਹ ਸਾਰਾ ਝੂਠ ਨਿਰੋਲ ਸੱਚ ਦਾ ਰੂਪ ਬਣਾ ਦਿੱਤਾ ਅਤੇ ਲੋਕਾਂ ਨੇ ਪੱਕੇ ਤੌਰ ਤੇ, ਇਸ ਪਖੰਡ ਅਤੇ ਭ੍ਰਮ-ਜਾਲ ਨੂੰ ਆਪਣੀ ਕਲਿਆਣ ਦਾ ਸਾਧਨ ਮੰਨ ਲਿਆ । ਆਖ਼ਰ ਹਾਲਤ ਏਥੋਂ ਤੱਕ ਪੁੱਜ ਗਈ ਕਿ ਸ਼ਰਧਾ ਬਣਾ ਬੈਠੇ ਲੋਕ, ਬ੍ਰਾਹਮਣ ਦੇ ਝੂਠ ਦੇ ਹਰ ਪੱਖ ਨੂੰ ਆਪਣੀ ਨਿੱਜੀ ਦਲੀਲਾਂ ਦੇ ਸਹਾਰੇ ਨਿਰੋਲ ਸੱਚ ਸਾਬਤ ਕਰਨ ਨੂੰ ਅਤੇ ਦੂਜਿਆਂ ਨੂੰ ਵੀ ਇਸ ਮਾਇਆ ਜਾਲ ਵਿਚ ਫ਼ਸਾਉਣ ਨੂੰ, " ਧਰਮ-ਕਰਮ " ਸਮਝਣ ਲੱਗ ਪਏ । **ਰਾਮਾਇਣ, ਮਹਾਂਭਾਰਤ, ਕ੍ਰਿਸ਼ਨਾ ਆਦਿ ਫਿਲਮਾ** ਅਤੇ ਦੇਵੀ ਦੇਵਤਿਆਂ ਦੀਆਂ ਕਰਾਮਾਤੀ ਸ਼ਕਤੀਆਂ ਨੂੰ ਪ੍ਰਗਟ ਕਰਨ ਵਾਲੀਆਂ ਹੋਰ ਕਈ ਫਿਲਮਾਂ (movies), ਡਰਾਮੇ ਤਸਵੀਰਾਂ ਤੇ ਲਿਖਤਾਂ, ਅਜੇਹੀ ਸਾਰੀ ਦੀ ਸਾਰੀ ਸਮੱਗ੍ਰੀ, ਪੁਕਾਰ ਪੁਕਾਰ ਕੇ ਸਾਬਤ ਕਰ ਰਹੀ ਹੈ, ਕਿ ਅੱਜ ਦਾ ਅੰਧ ਵਿਸ਼ਵਾਸ਼ੀ ਵਿਦਵਾਨ ਕਿਸ ਖ਼ਤਰਨਾਕ ਹਦ ਤੱਕ ਝੂਠ ਦਾ ਪੁਜਾਰੀ ਬਣ ਚੁੱਕਾ ਹੈ ।

ਨਾਮਦੇਵ ਜੀ, ਰਵਿਦਾਸ ਜੀ ਅਥਵਾ ਕਬੀਰ ਸਾਹਿਬ ਜਿਹੇ ਭਗਤ ਆਤਮਾਂ ਵਾਲੇ ਅਨਭਵੀ ਮਹਾਂ ਪੁਰਖਾਂ ਨੇ ਬ੍ਰਾਹਮਣੀ ਕੁਫ਼ਰ-ਗੜ੍ਹ ਨੂੰ ਤੋੜਨ ਦਾ ਉਪਰਾਲਾ ਕਰਨ ਦੀ ਦਲੇਰੀ ਕੀਤੀ ਤਾਂ ਬ੍ਰਾਹਮਣੀ ਭੂਤ ਨੇ ਉਨ੍ਹਾਂ ਦੁਆਲੇ ਅਜੇਹਾ ਡਰਾਉਣਾ ਤਾਂਡਵ ਨਾਚ ਕੀਤਾ ਕਿ ਦੇਖਣ ਵਾਲੇ ਭੈ ਭੀਤ ਹੋ ਗਏ । ਭਗਤਾਂ ਦੇ ਸੱਚ ਨੂੰ ਲੁਕ ਛੁਪ ਕੇ ਪਰਦੇ ਨਾਲ ਹੀ ਕੁੱਝ ਲੋਕਾਂ ਨੇ ਕਬੂਲਿਆ । ਬ੍ਰਾਹਮਣੀ ਜਬਰ ਦੇ ਭੈ ਨੇ ਭਗਤਾਂ ਦੇ ਸੱਚ ਦਾ ਖੁਲ੍ਹਾ ਪਰਚਾਰ ਨਾ ਹੋਣ ਦਿੱਤਾ ।

ਆਖ਼ਰ ਗੁਰੂ ਨਾਨਕ ਦੇਵ ਜੀ ਦੇ ਗਿਆਨ ਵਾਲੇ **ਸੱਚ ਦੇ ਕਰਾਰੇ ਖੜਗ** ਅੱਗੇ ਬ੍ਰਾਹਮਣੀ ਭਰਮ-ਜਾਲ ਨਾ ਟਿੱਕ ਸਕਿਆ । ਗੁਰੂ ਨਾਨਕ ਦੇਵ ਜੀ ਦੇ ਸੱਚ-ਸੂਰਜ ਨੇ ਅਜੇਹਾ ਰੂਪ ਧਾਰਿਆ ਕਿ ਝੂਠ ਦੀ ਧੁੰਦ ਅਲੋਪ ਹੋਣੀ ਅਰੰਭ ਹੋ ਗਈ । ਸਾਰੀਆਂ ਔਕੜਾਂ, ਮੁਸੀਬਤਾਂ ਅਤੇ ਜੁਲਮਾਂ ਨੂੰ ਸ਼ਰਬਤ ਵਾਂਗ ਪੀਂਦਾ ਹੋਇਆ ਮਨੁੱਖ, ਗੁਰਦੇਵ ਜੀ ਦੇ ਦੱਸੇ ਸੁਚ-ਆਚਾਰ ਨੂੰ ਧਾਰਨ ਕਰਨ ਲੱਗ ਪਿਆ । ਗੁਰੂ ਨਾਨਕ ਤੋਂ ਸਿਖਿਆ ਲੈ ਕੇ ਖਾਲਸੇ ਦਾ ਰੂਪ ਧਾਰ ਕੇ ਗੁਰੂ ਦੇ ਸਿੱਖ ਨੇ ਚਮਤਕਾਰੀ ਕਾਰਨਾਮੇ ਕਰ ਵਿਖਾਏ । ਖ਼ਾਲਸਾ ਸ਼ਕਤੀ-ਸ਼ਾਲੀ ਰਾਜ ਦਾ ਮਾਲਕ ਬਣ ਗਿਆ ।

ਦਸਵੇਂ ਜਾਂਮੇਂ ਪਿੱਛੋਂ ਪੰਜ ਭੂਤਕ ਸਰੀਰ ਵਿਚ ਆਉਣ ਦੀ ਖੇਡ ਸਮਾਪਤ ਕਰਨ ਦਾ ਜਦ ਗੁਰੂ ਨਾਨਕ ਨਿਰੰਕਾਰੀ ਦਾ ਪ੍ਰੋਗਰਾਮ ਬਣ ਗਿਆ ਤਾਂ ਸਿੱਖ ਨੂੰ ਸਦੀਵੀ ਸੇਧ ਲੈਂਦੇ ਰਹਿਣ ਲਈ ਸ਼ਬਦ ਗੁਰੂ-ਗ੍ਰੰਥ ਸਾਹਿਬ ਜੀ ਦੇ ਲੜ ਲਾ ਦਿੱਤਾ ਅਤੇ ਨਾਲ ਹੀ ਕਰੜੀ ਤਾੜਨਾ ਕੀਤੀ ਕਿ, " **ਹੇ ਸੁੱਖੀ-ਲੱਧੇ ਖ਼ਾਲਸਾ ਪੁੱਤਰ ਜੀਓ ! ਭਾਵੇਂ ਤੁਸਾਂ ਸੀਸ ਦੇ ਕੇ ਸਿੱਖੀ ਲਈ ਹੈ, ਭਾਵੇਂ ਤੁਸੀਂ ਪੰਜ ਬਾਣੀ ਦੇ ਪਾਠੀ ਅਤੇ ਪੰਜ ਕਕਾਰਾਂ ਦੇ ਪੱਕਾ ਧਾਰਨੀ ਵੀ ਬਣ ਚੁੱਕੇ ਹੋ ਪਰੰ, ਜੇ ਤੁਸੀਂ" ਮੇਰੀਆਂ ਆਸਾਂ ਉਮੀਦਾਂ ਅਤੇ ਸੱਧਰਾਂ ਦਾ ਖ਼ੂਨ ਕਰਕੇ, ਮੁੜ ਬ੍ਰਾਹਮਣੀ ਰੀਤ ਦੇ ਧਾਰਨੀ ਬਣ ਗਏ ਤਾਂ ਤੇਜ ਪਰਤਾਪ ਗੁਆ ਬੈਠੋਗੇ ਅਤੇ ਮੇਰੀਆਂ ਨਜ਼ਰਾਂ ਵਿਚੋਂ ਗਿਰ ਜਾਵੋਗੇ । ਜਿਨਾਂ ਚਿਰ ਤੁਸੀ ਬਿਪ੍ਰਨ ਕੀ ਰੀਤ ਨੂੰ ਪੂਰਨ ਤੌਰ ਨਾਲ ਤਿਆਗ ਕੇ ਮੁੜ ਸੁੱਚ-ਆਚਾਰ ਦੇ ਧਾਰਨੀ ਬਣ ਕੇ ਸ਼ਬਦ ਗੁਰੂ ਦੇ ਹੁਕਮ ਨਾਲ ਨਾ ਜੁੜੋਗੇ, ਤੁਹਾਨੂੰ ਤੇਜ ਪਰਤਾਪ ਅਤੇ ਮਾਣ ਸਤਿਕਾਰ ਦਾ ਉਹ ਜੀਵਨ ਕਦੇ ਨਹੀਂ ਮਿਲ ਸਕਣਾ, ਜੋ ਤੁਸੀਂ ਅੱਜ ਮਾਣ ਰਹੇ ਹੋ "** । ਪਰ ਬ੍ਰਾਹਮਣ ਦੀ ਜਿਹੜੀ ਕੂਟ ਨੀਤੀ ਬੁੱਧ ਧਰਮ ਨੂੰ ਉਸ ਦੇ ਸੈਂਕੜੇ ਸਾਲਾਂ ਦੇ ਰਾਜ ਸਮੇਤ ਖ਼ਤਮ ਕਰ ਚੁੱਕੀ ਸੀ, ਉਸ ਨੇ ਆਪਣਾ ਰੰਗ ਵਿਖਾਇਆ । ਆਪਣੀ ਉਸ ਘਾਤਕ-ਰੀਤ ਨੂੰ (**ਗੁਰਦੇਵ ਜੀ ਨੇ ਜਿਸ ਤੋਂ ਬਚ ਕੇ ਰਹਿਣ ਲਈ ਕਿਹਾ ਸੀ**) ਏਡੀ ਸਫ਼ਾਈ ਨਾਲ ਸਿੱਖ ਪੰਥ ਵਿਚ ਵਾੜਨਾ ਅਰੰਭ ਕੀਤਾ ਕਿ ਖ਼ਾਲਸਾ ਜੀ ਉਸਦੀਆਂ ਲੱਗ-ਪਗ ਸਾਰੀਆਂ ਰੀਤਾਂ ਦਾ ਧਾਰਨੀ ਬਣ ਕੇ ਵੀ ਆਪਣੇ ਆਪ ਨੂੰ ਨਿਆਰਾ ਹੀ ਸਮਝਦਾ ਰਿਹਾ । **ਗੁਰੂ ਗ੍ਰੰਥ ਸਾਹਿਬ ਨੂੰ ਦੇਵਤੇ ਦੇ ਰੂਪ ਵਿੱਚ ਮੰਨ ਕੇ, ਬ੍ਰਾਹਮਣ ਵਾਂਗ ਹੀ ਉਸ ਅੱਗੇ ਪ੍ਰਸ਼ਾਦ ਦੇ ਥਾਲ ਰੱਖ ਕੇ ਭੋਗ ਲਾਉਣ ਲਈ ਅਰਦਾਸਾਂ ਕਰਨੀਆਂ, ਘਟੀਆਂ ਕਿਸਮ ਦੀ ਉਹੀ ਰੀਤ ਹੈ ਜਿਸ ਦੇ ਆਸਰੇ ਬ੍ਰਾਹਮਣ ਮਾਸ-ਸ਼ਰਾਬ ਅਤੇ ਇਸਤ੍ਰੀਆਂ ਦੇ ਭੋਗੀ ਬਣ ਸਕਿਆ ਸੀ ।**

**ਇੱਕ** ਹੱਡ ਬੀਤੀ ਘਟਣਾ ਇਸ ਪ੍ਰਕਾਰ ਹੈ---ਕੈਨੇਡਾ ਦੇਸ਼ ਕੇ ਇਕ ਸ਼ਹਿਰ ਦੇ ਕਾਲਜ ਵਿੱਚ ਵਦਿਆਰਥੀਆਂ ਨੂੰ ਪੜਾਉਣ ਵਾਲੇ ਇੱਕ ਵਿਦਵਾਨ ਨੇ ਦਾਸ ਦੇ ਪ੍ਰਵਾਰ ਨੂੰ ਰਾਤ ਦੀ ਰੋਟੀ ਖਾਣ ਲਈ ਆਪਣੇ ਘਰ ਬੁਲਾਇਆ । ਘਰ ਵਾਲਿਆਂ ਦੇ ਸਬੰਧੀ ਪੜ੍ਹੇ ਲਿਖੇ ਪ੍ਰਵਾਰ ਹੋਰ ਵੀ ਆਏ ਹੋਏ ਸਨ । ਉਨ੍ਹਾਂ ਵਿਚ ਚਰਚਾ ਚਲ ਰਹੀ ਸੀ ਕਿ ਗੁਰੂ ਨਾਨਕ ਦੇਵ ਜੀ ਮੂਰਤੀ ਪੂਜਾ ਦੇ ਵਿਰੁੱਧ ਨਹੀਂ ਸਨ । ਦਲੀਲ ਇਹ ਦਿੱਤੀ ਜਾ ਰਹੀ ਸੀ ਕਿ ਭਗਤ ਧੰਨਾਂ ਜੀ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਮਿਲਣੀ ਮੂਰਤੀ ਪੂਜਕਾਂ ਨੂੰ ਸਤਿਕਾਰ ਦੇਣ ਵਾਲੀ ਗੱਲ ਹੈ । ਭਾਈ ਗੁਰਦਾਸ ਜੀ ਦੀ ਵਾਰ (੧੦ ਪਉੜੀ ੧੩) ਤੋਂ ਇਹ ਸਿੱਧ ਕੀਤਾ ਜਾ ਰਿਹਾ ਸੀ ਕਿ ਭਗਤ ਧੰਨਾ ਜੀ ਨੂੰ ਪ੍ਰਭੂ ਦੇ ਦਰਸ਼ਨ, ਪੱਥਰ ਦੀ ਪੂਜਾ ਤੋਂ ਹੋਏ ਸਨ ।

ਪੰਨਾ ੪੮੭ ਤੇ ਪੰਚਮ ਪਾਤਿਸ਼ਾਹ ਜੀ ਦਾ ਆਸਾ ਰਾਗ ਦਾ ਸ਼ਬਦ ਹੈ, ਦਾਸ ਨੇ ਪੜ੍ਹ ਕੇ ਤਸੱਲੀ ਕਰਾਉਣ ਦਾ ਯਤਨ ਕੀਤਾ ਕਿ ਭਗਤ ਧੰਨਾਂ ਜੀ ਨੇ ਪੱਥਰ ਪੂਜਣ ਤੋਂ ਰੱਬ ਨਹੀਂ ਸੀ ਪਾਇਆ, ਇਹ ਸਾਖੀ ਬ੍ਰਾਹਮਣੀ ਕੁਟਲ ਨੀਤੀ ਕਾਰਨ ਸਿੱਖ ਜਗਤ ਵਿੱਚ ਪ੍ਰਚੱਲਤ ਹੋਈ ਹੈ ।

ਗੁਰਬਾਣੀ ਦੇ ਸ਼ਬਦ ਤੇ ਅਧਾਰਤ ਦਾਸ ਦੀ ਦਲੀਲ ਸੁਣ ਕੇ ਹਿੰਦੂ ਪ੍ਰੋਫ਼ੈਸਰ ਨੇ ਬੜੇ ਜ਼ੋਰ ਦਾਰ ਸ਼ਬਦਾਂ ਵਿਚ ਇਹ ਆਖਿਆ ਕਿ, " ਭਾਵੇਂ ਆਪ ਦੀ ਦਲੀਲ ਕੱਟਣ ਜੋਗਰੀ ਨਹੀਂ ਹੈ ਪਰ ਫਿਰ ਵੀ ਤਕਰੀਬਨ ਸਾਰਾ ਸਿੱਖ ਜਗਤ **ਘਟੀਆ** ਕਿਸਮ ਦਾImage Worshiper ਹੈ, ਭਾਵ, ਆਕਾਰ-ਪੂਜਕ ਹੈ । ਹੈਰਾਨੀ ਦੀ ਗੱਲ ਇਹ ਹੈ ਕਿ ਆਪਣੀ ਪੀੜ੍ਹੀ ਹੇਠ ਸੋਟਾ ਫ਼ੇਰਨ ਦੇ ਥਾਂ ਸਿੱਖ ਮੂਰਤੀ ਪੂਜਕਾਂ ਨੂੰ ਨਿੰਦਦਾ ਪਤਾ ਨਹੀਂ ਕਿਹੜੇ ਮੂੰਹ ਨਾਲ ਹੈ ? "

ਦਾਸ ਨੇ ਪੁਛ ਲਿਆ ਸਿੱਖ ਬੁਤ ਪੂਜ ਕਿਵੇਂ ਹੋਏ ? ਅਤੇ ਜਦ ਬੁੱਤ-ਪੂਜਣਾ ਹੈ ਹੀ ਘਟੀਆ ਕੰਮ ਫਿਰ ਇਸ ਨੂੰ ਸਿੱਖਾਂ ਨਾਲ ਜੋੜ ਕੇ ਨਿਤਾਰ ਕੇ **ਘਟੀਆ** ਲਫ਼ਜ਼ ਕਿਸ ਕਾਰਨ ਵਰਤਿਆ ਹੈ ? ਤਾਂ ਅਗੋਂ ਜੋ ਉਸ ਸੂਝਵਾਨ ਭਲੇ ਪੁਰਸ਼ ਨੇ ਕਿਹਾ, ਭਾਵੇਂ ਦਾਸ ਨੇ ਐਵੇਂ ਢੀਠ ਪੁਣੇ ਨਾਲ ਸਿਰ ਅੜਾਈ ਕੀਤੀ, ਪਰ ਉਸ ਦੀ ਗੱਲ ੧੦੦ ਪੈਸੇ ਸੱਚ ਹੋ ਦਿੱਸੀ ਸੀ । ਪ੍ਰੋਫ਼ੈਸਰ ਸਾਹਿਬ ਦਾ ਕਥਨ ਇੰਜ ਦਾ ਸੀ :--

ਇੱਕ ਪਾਸੇ ਹਿੰਦੂ ਹੈ ਉਹ ਪੱਥਰ, ਲੱਕੜੀ, ਮਿੱਟੀ ਆਦਿ ਦੀ ਮੂਰਤੀ ਆਪ ਬਣਾਉਂਦਾ ਹੈ ਜਾਂ ਬਣੀ ਬਣਾਈ ਖ਼ਰੀਦ ਲੈਂਦਾ ਹੈ, ਅਤੇ ਉਸ ਦੀ ਪੂਜਾ ਕਰਦਾ ਹੈ । ਹਿੰਦੂ ਖੁੱਲ੍ਹ ਕੇ ਮੰਨਦਾ ਹੈ ਕਿ ਉਹ ਮੂਰਤੀ-ਪੂਜਾ ਕਰਦਾ ਹੈ । ਏਧਰ ਸਿੱਖ ਨੇ ਵੀ ਆਪ ਹੀ ਇੱਕ ਅਕਾਰ ਤਿਆਰ ਕੀਤਾ ਹੁੰਦਾ ਹੈ ਅਤੇ ਉਸ ਦਾ ਨਾਮ ਗੁਰੂ ਗ੍ਰੰਥ ਸਾਹਿਬ

ਥਾਪਦਾ ਹੈ । ਗੁਰੂ-ਘਰ ਦੀ ਇਮਾਰਤ, ਥੜ੍ਹਾ, ਪਾਲਕੀ, ਚੰਦੋਆ, ਰੁਮਾਲੇ, ਪੀਹੜਾ ਆਦਿ ਸੱਭ ਕੁਝ ਆਪ ਬਣਾਉਂਦਾ ਹੈ । ਫਿਰ ਮੰਦਰ ਦੀ ਮੂਰਤੀ ਵਾਂਗ ਹੀ ਚੜ੍ਹਾਵੇ ਅਤੇ ਭੇਟਾ ਦੇ ਪਦਾਰਥ ਅਥਵਾ ਸਮੱਗ੍ਰੀ ਅਰਪਨ ਕਰਕੇ ਮੱਥੇ ਰਗੜਦਾ ਹੋਇਆ ਉਸ ਦੀ ਪੂਜਾ ਕਰਦਾ ਹੈ, ਥਾਲੀਆਂ ਸਜਾ ਕੇ ਆਰਤੀਆਂ ਕਰਦਾ ਹੈ, ਭਜਨਾਂ ਅਥਵਾ ਸ਼ਬਦਾਂ ਨੂੰ ਰਾਗਾਂ ਵਿਚ ਗਾ ਕੇ ਕੀਰਤਨ ਵੀ ਹਿੰਦੂ ਵਾਂਗ ਕਰਦਾ ਅਤੇ ਇਸ ਨੂੰ ਨਾਮ ਜਪਣਾ ਅਥਵਾ ਭਗਤੀ ਦਾ ਅੰਗ ਮੰਨਦਾ ਹੈ, ਭੋਜਨ ਦੇ ਥਾਲ ਭਰ ਕੇ ਆਪਣੇ ਗੁਰੂ ਦੇ ਅੱਗੇ ਰੱਖ ਕੇ ਮੰਦਰ ਦੀ ਮੂਰਤੀ ਵਾਂਗ ਗੁਰੂ-ਗ੍ਰੰਥ ਸਾਹਿਬ ਦੀ ਸੇਵਾ ਵਿਚ ਭੋਗ ਲਾਉਣ ਲਈ ਬੇਨਤੀਆਂ ਵੀ ਮੰਦਰ ਦੇ ਪੁਜਾਰੀ ਵਾਂਗ ਹੀ ਕਰਦਾ ਹੈ, ਅਰਦਾਸ ਕਰਨ ਲੱਗਾ ਦਾਨ ਦੇ ਵੱਟੇ ਸੰਸਾਰੀ ਪਦਾਰਥਾਂ ਦੀ ਮੰਗ ਕਰਦਾ ਹੈ, ਸੁਖਣਾ ਕਰਦਾ ਹੈ, ਵੈਦਕ ਰੀਤੀ ਵਾਂਗ ਬਿਨਾਂ ਸਮਝਿਆਂ ਉਸ ਦੇ ਪਾਠ ਕਰਦਾ ਹੈ, ਮਾਇਆ ਦੀ ਉਗਰਾਹੀ ਕਰਨ ਲਈ ਮੰਗਤਿਆਂ ਵਾਂਗ ਗੁਰੂ ਦੇ ਅੱਗੇ ਗੋਲਕਾਂ ਰੱਖਦਾ ਹੈ, ਗੁਰੂ ਦੇ ਥੜ੍ਹੇ ਦੀਆਂ ਪਰਿਕ੍ਰਮਾਂ ਕਰਕੇ ਸਮਝਦਾ ਹੈ ਕਿ ਗੁਰੂ ਦੀ ਹਾਜ਼ਰੀ ਭਰ ਲਈ ਹੈ ਆਦਿ, ਸੱਭ ਕੁਝ ਉਹੀ ਹੋ ਰਿਹਾ ਹੈ ਜੋ ਆਦਿ ਕਾਲ ਤੋਂ ਬ੍ਰਾਹਮਣ ਨੇ ਪੱਥਰ ਦੀ ਮੂਰਤੀ ਅਥਵਾ ਮੰਦਰ ਨਾਲ ਜੋੜਿਆ ਸੀ । **ਪਹਿਲੀ ਮਾੜੀ ਗੱਲ ਇਹ ਹੈ ਕਿ ਸੱਭ ਕੁਝ ਕਰਦਾ ਹੋਇਆ ਵੀ ਸਿੱਖ ਇਹ ਮੰਨਣ ਨੂੰ ਤਿਆਰ ਨਹੀਂ ਕਿ ਉਹ ਬੁੱਤ-ਪਰੱਸਤਾਂ ਵਾਂਗ ਹੀ ਆਕਾਰ-ਪੂਜਕ ਹੈ ।**

ਹਿੰਦੂ ਨੂੰ ਪਤਾ ਹੈ ਕਿ ਉਸ ਦੀ ਆਪਣੀ ਬਣਾਈ ਮੂਰਤੀ ਨੂੰ ਫੋਲਿਆਂ ਉਸ ਦੇ ਅੰਦਰੋਂ ਕੁਝ ਨਹੀਂ ਲੱਭਣਾ । ਸਿੱਖ ਨੂੰ ਵਿਸ਼ੇਸ਼ ਕਰਕੇ ਘਟੀਆ ਕਿਸਮ ਦਾ ਮੂਰਤੀ-ਪੂਜ ਇਸ ਕਾਰਨ ਕਿਹਾ ਸੀ ਕਿ ਜਿਸ ਅਕਾਰ ਦੇ ਬਾਹਰੀ ਸਰੂਪ ਦੀ ਉਹ ਪੂਜਾ ਕਰਦਾ ਹੈ ਉਸ ਦੇ ਅੰਦਰ ਅਨਮੋਲ ਰਤਨਾਂ ਦਾ ਅਥਾਹ ਖ਼ਜਾਨਾਂ ਹੈ, ਉਸ ਖ਼ਜ਼ਾਨੇ ਦੀ ਸਾਰ ਨੂੰ ਸਿੱਖ ਜਾਣਦਾ ਹੀ ਨਹੀਂ, ਅਤੇ ਸਿੱਖ ਦਾ ਸਾਰਾ ਵਿਹਾਰ ਗੁਰੂ ਦੇ ਰਤਨਾਂ ਰੂਪੀ ਉਪਦੇਸ਼ਾਂ ਦੇ ਉਲਟ ਹੈ । ਦਿਸਦਾ ਅਕਾਰ ਜੋ ਸਿੱਖ ਨੇ ਆਪ ਬਣਾਇਆ ਹੈ ਸਿੱਖ ਦਾ ਗੁਰੂ ਨਹੀਂ ਹੈ । ਸਿਖ ਦਾ ਗੁਰੂ ਉਹ ਹੈ ਜਿਸ ਦਾ ਕੋਈ ਆਕਾਰ ਨਹੀਂ, ਜੋ ਆਖਿਆਂ ਨਾਲ ਵੇਖਿਆ ਨਹੀਂ ਜਾ ਸਕਦਾ । ਸਿੱਖ ਦਾ ਗੁਰੂ ਹੈ ਗਿਆਨ, ਜਿਸ ਦੇ ਦਰਸ਼ਨ ਉਸ ਨੂੰ ਸਮਝਿਆਂ ਅਤੇ ਉਸ ਅਨੁਸਾਰ ਜੀਵਨ ਬਣਾਇਆਂ ਹੋਣੇ ਹਨ । ਉਸ ਗੁਰੂ ਤਾਂਈ ਪੁੱਜਣ ਦੀ ਸਿੱਖ ਲੋੜ ਹੀ ਨਹੀਂ ਸਮਝਦਾ । ਪੀਹੜੀ ਦੇ ਪਾਵੇ ਘੁੱਟ ਕੇ ਸਮਝਦਾ ਹੈ ਗੁਰੂ ਦੇ ਚਰਨ ਦਬਾਉਣ ਦੀ ਸੇਵਾ ਕਰ ਰਿਹਾ ਹਾਂ ।

ਕਿਡੀ ਮੰਦ-ਭਾਗੀ ਘੜੀ ਬਣ ਰਹੀ ਹੈ ਕਿ ਇੱਕ ਅਜੇਹਾ ਮਨੁੱਖ ਜੋ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਇਸ਼ਟ ਨਹੀਂ ਮੰਨਦਾ ਉਸ ਨੇ ਤਾਂ ਸਿੱਖ ਦੇ ਗੁਰੂ ਨੂੰ ਪਛਾਣ ਲਿਆ ਪਰ ਸਿੱਖ ਅਜੇ ਤਾਂਈ ਗੁਰੂ ਦੇ ਉਸ ਬਾਹਰੀ ਸਰੂਪ ਦੀ ਪੂਜਾ ਕਰਕੇ ਅਥਵਾ ਉਸ ਨੂੰ ਭੋਗ ਲਾ ਕੇ ਸੰਤੁਸ਼ਟ ਹੋ ਰਿਹਾ ਹੈ, ਜੋ ਉਸ ਨੇ ਆਪ ਹੀ ਬਣਾਇਆ ਹੈ ।

ਧਰਮੀ ਪੁਰਖਾਂ ਦੀ ਖੁਰਾਕ ਦਾ ਜ਼ਿਕਰ ਕਰਦਿਆਂ ਗੁਰਬਾਣੀ ਦਾ ਫੁਰਮਾਣ ਹੈ--**ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ** ॥[੪੬੭]-ਵ-੭ ਮਨਮੁਖ ਖਾਣ ਵਾਸਤੇ ਜੀਉਂਦਾ ਹੈ ਪਰ ਗੁਰਮੁਖ ਜੀਉਣ ਦੀ ਲੋੜ ਅਨੁਸਾਰ ਖਾਂਦਾ ਹੈ । ਜ਼ਰਾ ਬਬੇਕ ਬੁੱਧੀ ਨਾਲ ਵਿਚਾਰੀਏ ਕਿ ਜੇ ਦੇਵਤੇ ਦੀ ਨਿਰਜੀਵ ਮੂਰਤੀ ਕੁਝ ਨਹੀਂ ਸੀ ਖਾਂਦੀ ਤਾਂ ਗੁਰੂ ਦੇ ਜਿਸ ਸਰੂਪ ਦੇ ਅਸੀਂ ਲੜ ਲੱਗੇ ਹਾਂ (ਭਾਵ, ਆਖਿਆਂ ਨਾਲ ਦੇਖਿਆ ਜਾਣ ਵਾਲਾ ਬਾਹਰੀ ਅਕਾਰ, ਜੋ ਛਾਪੇ ਖਾਨੇ ਵਾਲੇ ਆਪਣੀ ਵਿਉਂਤ ਅਨੁਸਾਰ, ਛੋਟਾ, ਵੱਡਾ ਅਥਵਾ ਦਰਮਿਆਨਾ ਆਦਿ ਤਿਆਰ ਕਰਦੇ ਹਨ) ਕੀ ਉਹ ਸਰੂਪ ਕਿਸੇ ਪਦਾਰਥ ਨੂੰ ਖਾਂਣ-ਪੀਣ ਅਥਵਾ ਭੋਗਣ ਦੀ ਲੋੜ ਅਨਭਵ ਕਰਦਾ ਹੋਵੇਗਾ ? ਸਪੱਸ਼ਟ ਹੈ ਕਿ ਅਜੇਹੀ ਵਿਚਾਰ ਮੂਰਖਤਾਈ ਗ੍ਰਸਿਆ ਕੋਝਾ ਭਰਮ ਹੈ । ਗੁਰਦੇਵ ਜੀ ਦੇ ਸਾਹਮਣੇ ਖਲੋ ਕੇ ਭੋਗ ਲਾਉਣ ਦੀਆਂ ਅਰਦਾਸਾਂ ਕਰਨ ਵਾਲੇ ਲੋਕ ਕੀ ਕਿਤੇ ਬਿੱਪ੍ਰ ਦੇ ਚੇਲੇ ਤਾਂ ਨਹੀਂ ਹਨ ? ਗੁਰੁ ਗ੍ਰੰਥ ਸਾਹਿਬ ਜੀ ਨੇ ਪੇਟ ਦੀ ਭੁੱਖ ਮਿਟਾ ਸਕਣ ਵਾਲੇ ਕਿਸੇ ਭੋਜਨ ਨੂੰ ਜਿੰਦਗੀ ਦਾ ਆਸਰਾ ਮੰਨਣ ਦੀ ਗੱਲ ਨਹੀਂ ਕੀਤੀ ਸਗੋਂ ਐਸੇ ਪਦਾਰਥ ਦੀ ਭੁੱਖ ਹੋਣ ਦਾ ਗਿਆਨ ਦਿੱਤਾ ਹੈ ਜਿਸ ਦੀ ਪ੍ਰਾਪਤੀ ਨਾਲ ਮਨੁੱਖ ਦੇ ਸਾਰੇ ਦੁੱਖਾਂ ਦਾ ਨਾਸ ਹੋ ਜਾਂਦਾ ਹੈ :- **ਸਾਚੇ ਨਾਮ ਕੀ ਲਾਗੈ ਭੂਖ । ਉਤ ਭੂਖੈ ਖਾਇ ਚਲੀਅਹਿ ਦੂਖ** ॥[੩੪੯] ਭਗਤ ਜਨਾਂ ਨੂੰ ਸਦਾ ਪਰਮਾਤਮਾ ਦੀ ਸਿਫਤ ਸਾਲਾਹ ਕਰਨ ਦੀ ਹੀ ਭੁੱਖ ਹੋਣ ਕਰਕੇ ਉਨ੍ਹਾਂ ਦਾ ਆਸਰਾ ਪ੍ਰਭੂ ਦਾ ਨਾਮ ਹੀ ਹੁੰਦਾ ਹੈ - **ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ ॥** [੪੬੬}

**ਭੋਗ :-** ਮਹਾਨ ਕੋਸ਼ ਵਿਚ ਭੋਗ ਸ਼ਬਦ, ਦੇ ਕਈ ਅਰਥ ਲਿਖੇ ਹਨ ਜਿਵੇ ਕਿ, ਅੰਤ, ਗ੍ਰਹਣ ਕਰਣਾ, ਸੱਪ ਦਾ ਫਨ ਆਦਿ । ਭੋਗ ਦਾ ਅਰਥ--**ਦੇਵਤੇ ਨੂੰ ਅਰਪਿਆ ਪ੍ਰਸ਼ਾਦ**--ਵੀ ਲਿਖਆ ਹੈ । ਅਰਥਾਤ ਭੋਗ ਲਾਉਣ ਦੀ ਮਰਯਾਦਾ ਦੇਵਤੇ ਨਾਲ ਹੀ ਜੁੜੀ ਹੋਈ ਸੀ । ਗੁਰਬਾਣੀ ਵਿਚ ਭੋਗੁ ਸ਼ਬਦ ਦੀ ਵਰਤੋਂ ਵਾਲੇ ਕੁਝ ਸ਼ਬਦ ਇਸ ਪ੍ਰਕਾਰ ਹਨ :-

੫੩- **ਸਾਧੂ ਮਿਲੈ ਸਿਧਿ ਪਾਈਐ, ਕਿ ਏਹੁ ਜੋਗੁ ਕਿ ਭੋਗੁ**[੧] ॥[੩੩੫]-੪--੫੫(੨) ੧= ਭੋਗਣੇ, ਵਰਤਨੇ, ਹੰਡਾਉਣੇ ।

ਭਾਵ, ਗੁਰੂ ਦੀ ਸੰਗਤ ਅਤੇ ਉਸ ਦੇ ਉਪਦੇਸ਼ ਤੇ ਤੁਰਿਆਂ ਜੋ ਆਤਮਕ ਠੰਡ ਪ੍ਰਾਪਤ ਹੁੰਦੀ ਹੈ ਉਸ ਦੇ ਸਾਹਮਣੇ ਜੋਗੀਆਂ ਜਾ ਜੋਗ ਤੁੱਛ ਹੈ, ਦੁਨੀਆਂ ਦੇ ਪਦਾਰਥਾਂ ਦਾ ਭੋਗਣਾ ਵੀ ਕੌਈ ਚੀਜ਼ ਨਹੀਂ ।

੫੪- **ਜਾਂ ਤਿਸੁ ਭਾਵੈ ਤਾਂ ਕਰੇ ਭੋਗੁ ॥ ਤਨੁ ਮਨੁ ਸਾਚੇ ਸਾਹਿਬ ਜੋਗੁ ॥੧॥ ਰਹਾਉ** ॥[੧੧੨੮]--੪

ਅਰਥ:- ਹੇ ਸਖੀ ! ਮੈਂ ਆਪਣਾ ਤਨ ਮਨ ਸਦਾ ਕਾਇਮ ਰਹਿਣ ਵਾਲੇ ਮਾਲਕ-ਪ੍ਰਭੂ ਦੇ ਹਵਾਲੇ ਕਰ ਚੁਕੀ ਹਾਂ, ਜਦੋਂ ਉਸ ਦੀ ਰਜ਼ਾ ਹੁੰਦੀ ਹੈ ਮੈਨੂੰ ਆਪਣੇ ਚਰਨਾਂ ਵਿਚ ਜੋੜ ਲੈਂਦਾ ਹੈ ।੧।ਰਹਾਉ। (ਕਰੇ ਭੋਗ--ਆਪਣੇ ਚਰਣਾਂ ਵਿੱਚ ਜੋੜ ਲੈਂਦਾ ਹੈ)

੫੫- **ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ**[੧] **ਕਰੇਇ ॥** ੧= ਖਾ ਜਾਏ , ਮੁਕਾ ਦੇਵੇ ।
**ਤਾ ਕੇ ਲਖਣ ਜਾਣੀਅਹਿ ਖਿਮਾ ਧਨੁ ਸੰਗ੍ਰਹੇਇ ॥ ੩ ॥** [੧੧੭੧]-੩-੧੧

ਅਰਥ:- ਉਹੀ ਮਨੁੱਖ ਪਰਮਾਤਮਾ ਦਾ ਸਿਮਰਨ ਕਰਦਾ ਸਮਝਿਆ ਜਾ ਸਕਦਾ ਹੈ ਜੋ (ਬੁੱਧੀ ਤੇ ਅਵਿਦਿਆ ਦੋ ਮਾਂਵਾਂ ਵਿਚੋਂ) ਇੱਕ ਮਾਂ (ਵਿਦਿਆ ਨੂੰ) ਮੁਕਾ ਦੇਵੇ । (ਜਿਹੜਾ ਮਨੁੱਖ ਅਵਿਦਿਆ ਮਾਂ ਨੂੰ ਮੁਕਾਂਦਾ ਹੈ) ਉਸ ਦੇ (ਰੋਜ਼ੰਨਾ ਜੀਵਨ ਦੇ) ਲੱਛਣ ਇਹ ਦਿਸਦੇ ਹਨ ਕਿ ਉਹ ਦੂਜਿਆਂ ਦੀ ਵਧੀਕੀ ਠੰਡੇ-ਜਿਗਰੇ ਸਹਾਰਨ ਦਾ ਆਤਮਕ ਧਨ ਸਦਾ ਇਕੱਠਾ ਕਰਦਾ ਹੈ ।

੫੬- **ਕਾਮਨਿ ਚਾਹੈ ਸੁੰਦਰਿ ਭੋਗੁ ॥ ਪਾਨ ਫੂਲ ਮੀਠੇ ਰਸ ਰੋਗ ॥**
**ਖੀਲੈ ਬਿਗਸੈ ਤੇਤੋ ਸੋਗ ॥ ਪ੍ਰਭ ਸਰਣਾਗਤਿ ਕੀਨ੍ਹਸਿ ਹੋਗ ॥ ੫ ॥**[੧੧੮੭]--੧

**ਅਰਥ:-** ਸੁੰਦਰ ਜੀਵ ਇਸਤ੍ਰੀ ਦੁਨੀਆਂ ਦੇ ਚੰਗੇ ਪਦਾਰਥਾਂ ਦਾ ਭੋਗ ਲੋੜਦੀ ਹੈ, ਪਰ ਇਹ ਪਾਨ ਫੁੱਲ ਮਿੱਠੇ ਪਦਾਰਥਾਂ ਦੇ ਸੁਆਦ - ਇਹ ਸਭ ਹੋਰ ਹੋਰ ਵਿਕਾਰ ਤੇ ਰੋਗ ਹੀ ਪੈਦਾ ਕਰਦੇ ਹਨ । ਜਿਤਨਾ ਹੀ ਵਧੀਕ ਇਨ੍ਹਾਂ ਭੋਗਾਂ ਵਿਚ ਖਿੱਲੀਆਂ ਮਾਰਦੀ ਹੈ ਤੇ ਖ਼ੁਸ਼ ਹੁੰਦੀ ਹੈ ਉਤਨਾ ਹੀ ਵਧੀਕ ਦੁੱਖ-ਰੋਗ ਵਿਆਪਦਾ ਹੈ । ਪਰ ਜੇਹੜੀ ਜੀਵ ਇਸਤ੍ਰੀ ਪ੍ਰਭੂ ਦੀ ਸਰਨ ਆ ਜਾਂਦੀ ਹੈ (ਉਹ ਰਜ਼ਾ ਵਿਚ ਤੁਰਦੀ ਹੈ ਉਸ ਨੂੰ ਨਿਸਚਾ ਹੁੰਦਾ ਹੈ ਕਿ) ਜੋ ਕੁਝ ਪ੍ਰਭੂ ਕਰਦਾ ਹੈ ਉਹੀ ਹੁੰਦਾ ਹੈ । ੫ ।

੫੭- **ਮਿਠਾ ਕਉੜਾ ਦੋਵੈ ਰੋਗ ॥ ਨਾਨਕ ਅੰਤਿ ਵਿਗੁਤੇ**[੧] **ਭੋਗ**[੨] ॥[੧੨੪੩]-ਵਾਰ--੧੫ ੧= ਖੁਆਰ ਹੋਣਾ । ੨=ਭੋਗਾਂ ਦੇ ਕਾਰਨ ।

ਅਰਥ:- ਮਿਠੇ ਅਤੇ ਕੋੜੇ (ਕਈ ਸੁਆਦਾਂ ਵਾਲੇ) ਪਦਾਰਥ ਰਸ ਕਰਕੇ ਭੋਗਣੇ ਆਖਰ ਰੋਗਾਂ ਦਾ ਕਾਰਨ ਹੀ ਬਣਦੇ ਹਨ। ਹੇ ਨਾਨਕ ! ਇਨ੍ਹਾਂ ਭੋਗਾਂ ਦਾ ਮਿਲਣਾ ਤੇ ਖੁੱਸ ਜਾਣਾ ਦੋਵੇਂ ਗੱਲਾਂ ਹੀ ਦੁਖਦਾਈ ਹਨ ਕਿਉਂਕਿ ਭੋਗਾਂ ਦੇ ਕਾਰਨ ਆਖ਼ਰ ਬੰਦੇ ਖੁਆਰ ਹੁੰਦੇ ਹਨ।

੫੮- **ਸੂਰਜੁ ਚੜੈ ਵਿਜੋਗਿ ਸਭਸੈ ਘਟੈ ਆਰਜਾ ॥ ਤਨੁ ਮਨੁ ਰਤਾ ਭੋਗਿ ਕੋਈ ਹਾਰੈ ਕੋ ਜਿਣੈ ॥..** ੨ ॥[੧੨੪੪]--ਵਾਰ--੧੯

**ਪਦਅਰਥ** :- ਵਿਜੋਗ - ਵਿਛੋੜੇ ਨਾਲ,(ਦਿਨ ਦੇ) ਗੁਜ਼ਰਨ ਨਾਲ। ਸਭਸੈ - ਹਰੇਕ ਜੀਵ ਦੀ। ਆਰਜਾ--ਉਮਰ। ਜਿਣੈ--ਜਿਤਦਾ ਹੈ॥ ਭੋਗਿ--ਮਾਇਆ ਦੇ ਭੋਗਣ ਵਿਚ।

ਅਰਥ:--ਸੂਰਜ ਚੜ੍ਹਦਾ ਹੈ (ਤੇ ਡੁੱਬਦਾ ਹੈ, ਇਸ ਤਰ੍ਹਾਂ ਦਿਨਾਂ ਦੇ) ਗੁਜ਼ਰਨ ਨਾਲ ਹਰੇਕ ਜੀਵ ਦੀ ਉਮਰ ਘਟ ਰਹੀ ਹੈ, ਜਿਸ ਦਾ ਤਨ ਮਨ ਮਾਇਆ ਦੇ ਭੋਗਣ ਵਿਚ ਰੁੱਝਾ ਹੋਇਆ ਹੈ ਉਹ ਤਾਂ ਮਨੁੱਖਾ ਜਨਮ ਦੀ ਬਾਜ਼ੀ ਹਾਰ ਜਾਂਦਾ ਹੈ, ਤੇ, ਕੋਈ (ਵਿਰਲਾ ਸੰਜਮੀ) ਜਿੱਤ ਜਾਂਦਾ ਹੈ।

੫੯- **ਖਸਮੁ ਵਿਸਾਰਿ ਕੀਏ ਰਸ ਭੋਗ**[੧] **॥ ਤਾਂ ਤਨਿ ਉਠਿ ਖਲੋਏ ਰੋਗ ॥** ੧=ਰਸਾਂ ਦੇ ਭੋਗ , ਰਸ ਮਾਣਨੇ।

**ਮਨ ਅੰਧੇ ਕਉ ਮਿਲੈ ਸਜਾਇ ॥ ਵੈਦ ਨ ਭੋਲੇ ਦਾਰੂ ਲਾਇ ॥ ੨ ॥** [੧੨੫੬]-੨-੭

**ਅਰਥ:**- ਜਦੋਂ ਮਨੁੱਖ ਨੇ ਪ੍ਰਭੂ-ਪਤੀ ਨੂੰ ਭੁਲਾ ਕੇ (ਵਿਸ਼ੇ ਵਿਕਾਰਾਂ ਦੇ) ਰਸ ਮਾਣਨੇ ਸ਼ੁਰੂ ਕਰ ਦਿੱਤੇ, ਤਾਂ ਉਸ ਦੇ ਸਰੀਰ ਵਿਚ ਬਿਮਾਰੀਆਂ ਪੈਦਾ ਹੋਣ ਲੱਗ ਪਈਆਂ। (ਕੁਰਾਹੇ ਪਏ ਮਨੁੱਖ ਨੂੰ ਸਹੀ ਰਸਤੇ ਤੇ ਪਾਣ ਲਈ, ਇਸਦੇ) ਮਾਇਆ-ਮੋਹ ਵਿਚ ਅੰਨ੍ਹੇ ਹੋਏ ਮਨ ਨੂੰ (ਸਰੀਰਕ ਰੋਗਾਂ ਦੇ ਰਾਹੀ) ਸਜ਼ਾ ਮਿਲਦੀ ਹੈ। ਸੋ ਹੇ ਅੰਞਾਣ ਵੈਦ ! (ਸਰੀਰਕ ਰੋਗਾਂ ਨੂੰ ਦੂਰ ਕਰਨ ਵਾਸਤੇ ਦਿੱਤੀ ਦਵਾਈ ਦਾ ਕੋਈ ਲਾਭ ਨਹੀਂ (ਵਿਸ਼ੇ ਵਿਕਾਰਾਂ ਦੇ ਕਾਰਨ ਇਹ ਰੋਗ ਤਾਂ ਮੁੜ ਮੁੜ ਪੈਦਾ ਹੋਣਗੇ)। ੨।

੬੦- **ਮਨ ਕੀਆ ਇਛਾ ਪੂਰੀਆ ਪਾਇਆ ਧੁਰਿ ਸੰਜੋਗ ॥ ਨਾਨਕ ਪਾਇਆ ਸਚੁ ਨਾਮੁ ਸਦ ਹੀ ਭੋਗੇ ਭੋਗ ॥੧ ॥**[੯੫੯]-੫

ਗੁਰਬਾਣੀ ਨੇ ਪਦਾਰਥਾਂ ਦੇ ਭੋਗੀ ਅਥਵਾ ਮਾਇਆ ਦੇ ਮੋਹ ਵਿਚ ਫਸੇ ਮਨੁੱਖ ਨੂੰ ਵਿਸ਼ੇ ਵਿਕਾਰਾਂ ਕਾਰਨ ਪੈਦਾ ਹੋਈਆਂ ਬਿਮਾਰੀਆਂ ਨਾਲ ਦੁਖੀ ਦਰਸਾਇਆ ਹੈ। ਗੁਰਬਾਣੀ ਅੰਦਰ ਅਜੇਹਾ ਕੋਈ ਸ਼ਬਦ ਨਹੀਂ ਹੈ ਜਿਥੇ ਪ੍ਰਭੂ ਅਥਵਾ ਗੁਰੂ ਨੂੰ ਪਦਾਰਥਾ ਦਾ ਭੋਗੀ ਦਰਸਾਇਆ ਹੋਵੇ। ਗੁਰੂ ਇਤਿਹਾਸ ਵਿਚੋਂ ਵੀ ਅਜੇਹੀ ਕੋਈ ਸਾਖੀ ਨਹੀਂ ਮਿਲਦੀ ਜਿਥੋਂ ਇਹ ਸਮਝ ਪੈ ਸਕਦੀ ਹੋਵੇ ਕਿ ਗੁਰਦੇਵ ਜੀ ਨੇ ਕਦੇ ਕਿਸੇ ਪਦਾਰਥ ਅਥਵਾ ਭੋਜਨ ਦੀ ਉਚੇਚੀ ਇਛਿਆ ਦਰਸਾਈ ਹੋਵੇ। ਨਾ ਹੀ ਪੰਥਕ ਮਰਯਾਦਾ ਵਾਲੀ ਅਰਦਾਸ ਵਿਚ ਗੁਰਦੇਵ ਨੂੰ ਭੋਗ ਲਾਉਣ ਲਈ ਬੇਨਤੀ ਕਰਨੀ ਦੱਸੀ ਹੈ। ਫਿਰ ਵੀ ਜਿਹੜੇ ਸੱਜਣ ਭੋਜਨਾਂ-ਪਕਵਾਨਾ ਦੇ ਥਾਲ ਪਰੋਸ ਕੇ ਗੁਰਦੇਵ ਜੀ ਦੇ ਹਜ਼ੂਰ ਲਿਆ ਰਖਦੇ ਹਨ ਅਤੇ ਭੋਗ ਲਾਉਣ ਦੀਆਂ ਅਰਦਾਸਾਂ ਕਰਦੇ ਹਨ ਉਨ੍ਹਾਂ ਵਿਚੋ ਬਹੁਗਿਣਤੀ ਤਾਂ ਉਨ੍ਹਾਂ ਦੀ ਹੈ ਜੋ ਗੁਰਬਾਣੀ-- ਸ਼ਬਦ ਦੀ ਤੁਕ ਦੇ ਇਸ ਭਾਗ - **ਹੁਣਿ ਲਾਵਹੁ ਭੋਗੁ ਹਰਿ ਰਾਏ** - ਦਾ ਹਵਾਲਾ ਦੇ ਕੇ ਸੰਗਤਾਂ ਦੇ ਮਨਾਂ ਅੰਦਰ ਇਹ ਭਰਮ ਪੱਕਾ ਕਰਦੇ ਹਨ ਕਿ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਭੋਗ ਲਾਉਣ ਲਈ ਅਰਦਾਸ ਕਰਨ ਵਾਸਤੇ ਆਪ ਫੁਰਮਾਨ ਕੀਤਾ ਹੈ। **ਇਹ ਨਿਤਾਰਾ ਨਹੀਂ ਕਰਦੇ ਕਿ ਗੁਰਦੇਵ ਜੀ ਨੇ ਕਿਹੜੇ ਪਦਾਰਥ ਦਾ ਭੋਗ ਲਾਉਣ ਲਈ ਕਿਸ ਨੂੰ ਕਿਹਾ ਹੈ ?** ਗੁਰਬਾਣੀ ਦੇ ਹੁਕਮਾਂ ਦੀ ਜਾਣ ਬੁੱਝ ਕੇ ਗ਼ਲਤ ਵਰਤੋਂ ਕਰਨ ਵਾਲੇ ਗੁਰੂ ਨਿੰਦਕਾਂ ਅਤੇ ਪੰਥ ਦੇ ਦੁਸ਼ਮਣਾ ਲਈ ਤਾਂ ਬਸ--**ਹੁਣਿ ਲਾਵਹੁ ਭੋਗੁ**--ਤਿੰਨ ਸ਼ਬਦ ਹੀ ਕਾਫ਼ੀ ਹਨ। ਉਨ੍ਹਾਂ ਦਾ ਮੰਤਵ ਪੂਰੀ ਸਫ਼ਲਤਾ ਨਾਲ ਨੇਪਰੇ ਚੜ੍ਹ ਰਿਹਾ ਹੈ। ਉਨ੍ਹਾਂ ਦੇ ਯਤਨਾਂ ਦਾ ਹੀ ਸਿੱਟਾ ਹੈ ਕਿ ਲੰਪਟੀ ਆਦਿ-ਬ੍ਰਾਹਮਣ ਵਲੋਂ ਚਲਾਈ ਹੋਈ ਇਹ ਭੋਗ ਲਾਉਣ ਵਾਲੀ ਰੀਤ, ਕਰੀਬ ਕਰੀਬ ਸਾਰੇ ਗੁਰੂ ਘਰਾਂ ਵਿਚ, ਕਿਸੇ ਨ ਕਿਸੇ ਰੂਪ ਵਿਚ ਚਾਲੂ ਹੈ।

ਅੱਗੇ ਤੁਰਨ ਤੋਂ ਪਹਿਲਾਂ ਇਹ ਪੁੱਛਣ ਦੀ ਗੁਸਤਾਖੀ ਕਰ ਲਵਾਂ ਕਿ ਜਿਨ੍ਹਾਂ ਮਹਾਂ-ਪੁਰਖਾਂ ਨੇ ਤੁਕ ਦੇ ਅੱਖਰੀ ਅਰਥਾਂ ਦਾ ਆਸਰਾ ਲੈ ਕੇ ਭੋਗ ਲਾਉਣ ਵਾਲੀ ਬ੍ਰਾਹਮਣੀ ਪਰਿਪਾਟੀ ਗੁਰਦੇਵ ਜੀ ਦੇ ਪਾਵਨ ਸਰੂਪ ਨਾਲ ਲਿਆ ਜੋੜੀ ਹੈ, ਉਹ ਸੱਜਣ ਹੇਠ ਲਿਖੇ ਬਹੁ-ਮੁੱਲੇ ਗਿਆਨ ਵਾਲੇ ਅਨਮੋਲ ਮਹਾਂ ਵਾਕ ਵਿਚਲੇ **ਭੋਗ** ਸ਼ਬਦ ਦੇ ਕਿਹੋ ਜਿਹੇ ਅਰਥ ਸਮਝ ਕੇ ਕਿਹੜੀ ਰੀਤ ਚਲਾਉਣਗੇ ? :-

੬੧- **ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ ॥**

**ਗਿਆਨਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ ॥ ੪ ॥**[੩੫੯]--੩੫

੬੨- **ਭਉ ਸੀਗਾਰੁ ਤਬੋਲ ਰਸੁ ਭੋਜਨੁ ਭਾਉ ਕਰੇਇ ॥**

**ਤਨੁ ਮਨੁ ਸਉਪੇ ਕੰਤ ਕਉ ਤਉ ਨਾਨਕ ਭੋਗੁ ਕਰੇਇ ॥ ੧ ॥**[੭੮੮--੯

[ਇਨ੍ਹਾਂ ਗੁਰੂ ਫ਼ੁਰਮਾਨਾ ਦੀ ਵਿਸਥਾਰ ਪੂਰਬਕ ਵਿਚਾਰ ਜੀਵ ਇਸਤ੍ਰੀ ਲੇਖ ਵਿਚ ਕੀਤੀ ਗਈ ਹੈ]

ਡੇਰੇ ਦਾਰ ਸਾਧਾਂ ਨੇ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਾਲੇ ਕਈ ਗੁਰੂ ਘਰਾਂ ਵਿੱਚ ਵੀ ਇਸ ਘਿਰਣਤ ਰੀਤ ਨੂੰ ਲਿਆ ਵਾੜਿਆ ਹੈ ਅਤੇ ਹਰ ਪੱਖੋਂ ਗੁਰਦੇਵ ਜੀ ਨੂੰ ਦੇਵਤੇ ਦਾ ਰੂਪ ਦੇਣ ਦਾ ਟਿੱਲ ਲਾ ਰਹੇ ਹਨ।

ਜਿਸ ਸ਼ਬਦ ਦੀ ਤੁਕ ਵਿਚੋਂ ਕੁਝ ਅਖਰ ਲੈ ਕੇ ਭੁਲੇਖਾ ਪਾਇਆ ਜਾ ਰਿਹਾ ਹੈ ਜਾਂ ਅਗਿਆਨਤਾ ਕਾਰਨ ਟਪਲਾ ਖਾਧਾ ਜਾ ਰਿਹਾ ਹੈ ਉਸ ਦੀ ਵਿਚਾਰ ਕਰਨ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ (ਪ੍ਰਥਮ-ਸਰੂਪ) ਦਾ ਇੱਕ ਸ਼ਬਦ ਅਤੇ ਕੁਝ ਸ਼ਬਦ ਗੁਰ ਅਰਜਨ ਦੇਵ ਜੀ (ਪੰਚਮ ਗੁਰੂ ਨਾਨਕ ਜੀ) ਦੇ ਉਚਾਰੇ ਪਾਵਨ ਸ਼ਬਦ ਵਿਚਾਰ ਲਈਏ ਜਿਥੇ **ਭੋਗ** ਲਫ਼ਜ਼ ਦੀ ਵਰਤੋਂ ਹੋਈ ਹੈ :-

੬੩- **ਕਾਇਆ ਕਾਮਣਿ ਜੇ ਕਰੀ ਭੋਗੇ ਭੋਗਣਹਾਰੁ ॥ ਤਿਸੁ ਸਿਉ ਨੇਹੁ ਨ ਕੀਜਈ,**

**ਜੋ ਦੀਸੈ ਚਲਣਹਾਰੁ ॥ ਗੁਰਮੁਖਿ ਰਵਹਿ ਸੋਹਾਗਣੀ ਸੋ ਪ੍ਰਭੁ ਸੇਜ ਭਤਾਰੁ ॥ ੩ ॥**[੨੧]-੨੦

**ਅਰਥ:**- ਜਿਵੇਂ ਇਸਤ੍ਰੀ ਆਪਣੇ ਆਪ ਨੂੰ ਆਪਣੇ ਪਤੀ ਦੇ ਹਵਾਲੇ ਕਰਦੀ ਹੈ, ਤਿਵੇਂ ਜੇ ਮੈਂ ਕਾਇਆਂ ਨੂੰ ਇਸਤ੍ਰੀ ਬਣਾਵਾਂ, ਕਾਇਆਂ-ਇਸਤ੍ਰੀ (ਗਿਆਨ-ਇੰਦਰੀਆਂ) ਨੂੰ ਪ੍ਰਭੂ ਵਾਲੇ ਪਾਸੇ ਪਰਤਾਵਾਂ, ਤਾਂ ਪ੍ਰਭੂ-ਪਤੀ ਦਾ ਮਿਲਾਪ ਹੋ ਜਾਏ। ਸਰੀਰ ਨਾਲ ਇਤਨਾ ਮੋਹ ਨਹੀਂ ਕਰਨਾ ਚਾਹੀਦਾ (ਕਿ ਇਸ ਨੂੰ ਵਿਕਾਰਾਂ ਵਲ ਖੁਲ੍ਹ ਮਿਲੀ ਰਹੇ) ਇਹ ਤਾਂ ਪ੍ਰਤੱਖ ਤੌਰ ਤੇ ਨਾਸਵੰਤ ਹੈ। ਗੁਰੂ ਦੇ ਰਾਹੇ ਤੁਰਨ ਵਾਲੀਆਂ ਜੀਵ-ਇਸਤ੍ਰੀਆਂ ਪ੍ਰਭੂ ਨੂੰ ਸਿਮਰਦੀਆਂ ਹਨ, ਪ੍ਰਭੂ ਉਨ੍ਹਾਂ ਦੀ ਹਿਰਦੇ ਸੇਜ ਤੇ ਬਿਰਾਜਦਾ ਹੈ। ੩।

ਗੁਰੂ ਨਾਨਕ ਦੇਵ ਜੀ ਨੇ ਹੀ ਆਪਣੇ ਆਪ ਨੂੰ ਇਸਤ੍ਰੀ ਅਤੇ ਅਕਾਲ ਪੁਰਖ ਨੂੰ ਪਤੀ ਰੂਪ ਵਿਚ ਚਿਤਵ ਕੇ ਅਤੇ ਪ੍ਰਭੂ ਪਤੀ ਦੇ ਬੈਠਣ ਵਾਸਤੇ ਆਪਣੇ ਹਿਰਦੇ ਦੀ ਸੇਜ ਵਿਛਾਈ ਹੋਣ ਬਾਰੇ ਗੁਰਬਾਣੀ-ਸ਼ਬਦ ਲਿਖੇ। ਪ੍ਰਭੂ ਨਾਲ ਪਿਆਰ ਦੀ ਇਹ ਸਿਖ਼ਰ ਸਾਰੇ ਭਗਤਾਂ ਦੇ ਹਿਰਦੇ ਦੀ ਅਥਵਾ ਗੁਰ ਸਾਹਿਬਾਨ ਦੇ ਹਿਰਦੇ ਦੀ ਪਿਆਰ-ਉਮੰਗ ਗੁਰਬਾਣੀ ਵਿਚੋਂ ਪਰਤੱਖ ਦਿੱਸ ਆਉਂਦੀ ਹੈ। ਗੁਰਮਤਿ ਨੇ ਜਗਤ ਵਿੱਚ ਪ੍ਰਭੂ ਨੂੰ ਹੀ ਪੁਰਖ ਮੰਨਿਆ ਹੈ। ਗੁਰਦੇਵ ਜੀ ਨੇ ਸਾਰੇ ਜਗਤ ਨੂੰ ਉਸ ਪ੍ਰਭੂ ਦੀ ਨਾਰੀ ਰੂਪ ਵਿਚ ਦੇਖਿਆ ਹੈ--**ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ**

**ਸਗਲੀ ਨਾਰਿ ਸਬਾਈ** ॥(੫੯੧) ਇਸ ਸਿਧਾਂਤ ਨੂੰ ਭੁਲਾ ਕੇ ਕਿਸੇ ਤੁਕ ਦੇ ਅੱਖਰੀ ਅਰਥ ਕਰਨ ਨਾਲ ਗੁਰਬਾਣੀ ਦੇ ਅਸਲ ਭਾਵ ਨੂੰ ਸਮਝਣ ਤੋਂ ਖੁੰਝ ਜਾਈਦਾ ਹੈ ਅਥਵਾ ਗੁਰਬਾਣੀ ਬਾਰੇ ਭੁਲੇਖੇ ਪਾਉਣ ਲਈ ਅਜੇਹਾ ਕੁਝ ਜਾਣ ਬੁੱਝ ਕੇ ਵੀ ਕੀਤਾ ਜਾ ਰਿਹਾ ਹੈ । ਏਸੇ ਤਰ੍ਹਾਂ ਹੀ ਗੁਰੂ ਅਰਜਨ ਦੇਵ ਜੀ ਦੇ ਸ਼ਬਦ ਹਨ :-

੬੪- **ਹਰਿ ਹਰਿ ਹਰਿ ਆਰਾਧੀਐ ਹੋਈਐ ਆਰੋਗ ॥ ਰਾਮਚੰਦ ਕੀ ਲਸਟਿਕਾ ਜਿਨਿ ਮਾਰਿਆ ਰੋਗੁ ॥੧॥ ਰਹਾਉ ॥**
**ਗੁਰੁ ਪੂਰਾ ਹਰਿ ਜਾਪੀਐ ਨਿਤ ਕੀਚੈ ਭੋਗੁ**[1] **॥ ਸਾਧ ਸੰਗਤਿ ਕੈ ਵਾਰਣੈ ਮਿਲਿਆ ਸੰਜੋਗੁ ॥ ੧॥**[੮੧੭]-੩੪-੬੪ ੧-ਆਤਮਕ ਅਨੰਦ ।

**ਪਦ ਅਰਥ :** ਰਾਮਚੰਦ--(ਗੁਰਮਤ ਦੇ ਸਿਧਾਂਤ ਤੋ ਅਣਜਾਣ ਜਾਂ ਗੁਰਮਤ ਵਿਚ ਰਲੇ ਪਾਉਣ ਵਾਲੇ ਅੱਖਰੀ ਅਰਥ ਕਰਕੇ ਇਸ ਨੂੰ ਦਸ਼ਰਥ ਦਾ ਪੁੱਤ੍ਰ ਅਥਵਾ ਸੀਤਾ ਦਾ ਪਤੀ ਕੀਣ ਦੀ ਭੁੱਲ ਜਾਂ ਚਲਾਕੀ ਕਰਨਗੇ । ਪ੍ਰਮਾਤਾਮਾ ਲਈ ਵਰਤੇ ਜਾ ਰਹੇ ਪਰਚਲਤ ਨਾਮ ਦੀ ਵਰਤੋਂ ਨਾਲ ਉਸ ਅਨਾਮ ਅਕਾਲਪੁਰਖ ਦੀ ਹੀ ਅਰਾਧਨਾ ਕੀਤੀ ਜਾ ਰਹੀ ਹੈ । ਗੁਰਬਾਣੀ ਵਿੱਚ ਲਗ ਪਗ ਰੱਬ ਦੇ ਸਾਰੇ ਉਨ੍ਹਾਂ ਨਾਵਾਂ ਦੀ ਹੀ ਵਰਤੋਂ ਕੀਤੀ ਹੋਈ ਮਿਲੇਗੀ ਜਿਹੜੇ ਵੇਦਕ ਕਾਲ ਤੋਂ ਬ੍ਰਾਹਮਣ ਨੇ ਰੱਬ ਨੂੰ ਦੇ ਕੇ ਲੋਕਾਂ ਦੀ ਨੱਸ ਨੱਸ ਵਿਚ ਧਸਾ ਦਿੱਤੇ ਹੋਏ ਸਨ । ਜਾਂ ਫਿਰ ਰੱਬ ਦੇ ਪਰਚਲਤ ਇਸਲਾਮੀ ਨਾਮ ਵੀ ਹਨ । ਗੁਰਮਤ ਨੇ ਉਸ ਅਥਾਹ, ਅਗੰਮ ਅਤੇ ਅਗੋਚਰ ਸ਼ਕਤੀ ਨੂੰ **ਸਤਿ** ਕਰਕੇ ਹੀ ਜਾਣਿਆ ਹੈ । ਏਥੇ ਰੱਬ ਦੇ ਉਸ ਰੂਪ ਦਾ ਜ਼ਿਕਰ ਹੋਇਆ ਹੈ ਜਿਵੇਂ ਨਿਆਂਕਾਰੀ ਰਾਜਾ ਅਪਰਾਧੀਆਂ ਨੂੰ ਦੰਡ ਦੇਂਦਾ ਹੈ ਏਸੇ ਤਰ੍ਹਾਂ ਵਿਕਾਰਾਂ ਦੇ ਰੋਗਾਂ ਨੂੰ ਦੰਡ ਦੇਣ ਵਾਲਾ, ਅਥਵਾ ਰੋਗਾਂ ਦਾ ਨਾਸ ਕਰ ਦੇਣ ਵਾਲਾ ਰਾਮਚੰਦ--) ਪ੍ਰਭੂ । ਲਸਟਿਕਾ--ਲਾਠੀ, ਸੋਟੀ, ਰਾਜ-ਦੰਡ । ਜਿਨਿ--ਜਿਸ (ਹਰਿ-ਆਰਾਧਨ) ਨੇ । ਮਾਰਿਆ--ਮੁਕਾ ਦਿੱਤਾ **। ੧ । ਰਹਾਉ ।** ਜਾਪੀਐ--ਜਪਣਾ ਚਾਹੀਦਾ ਹੈ । ਕੀਚ--ਕਰ ਸਕਦਾ ਹੈ । ਭੋਗ--ਆਤਮਕ ਆਨੰਦ । ਸੰਜੋਗ--ਮਿਲਾਪ ਦਾ ਅਵਸਰ **। ੧ ।**

੬੫- **ਪ੍ਰਿਉ ਅਪਨਾ ਗੁਰਿ ਬਸਿ ਕਰਿ ਦੀਨਾ ਭੋਗਉ ਭੋਗ ਨਿਸੰਗਾ ॥**
**ਨਿਰਭਉ ਭਏ ਨਾਨਕ ਭਉ ਮਿਟਿਆ ਹਰਿ ਪਾਇਓ ਪਾਠੰਗਾ ॥ ੨ ॥** [੧੨੧੦]--੩੦

**ਅਰਥ:**-ਗੁਰੂ ਨੇ ਪਿਆਰਾ ਪ੍ਰਭੂ ਮੇਰੇ (ਪਿਆਰ ਦੇ) ਵੱਸ ਵਿਚ ਕਰ ਦਿੱਤਾ ਹੈ, ਹੁਣ (ਕਾਮਾਦਿਕਾਂ ਦੀ) ਰੁਕਾਵਟ ਤੋਂ ਬਿਨਾਂ ਮੈਂ ਉਸ ਮਿਲਾਪ ਦਾ ਆਤਮਕ ਆਨੰਦ ਮਾਣਦਾ ਹਾਂ । ਮੈਂ (ਜੀਵਨ ਦਾ) ਆਸਰਾ ਪ੍ਰਭੂ ਲੱਭ ਲਿਆ ਹੈ, ਮੇਰਾ ਹਰੇਕ ਡਰ ਮਿਟ ਗਿਆ ਹੈ, ਮੈਂ (ਮੈਂ ਕਾਮਾਦਿਕ ਦੇ ਹੱਲਿਆਂ ਤੋਂ) ਨਿਡਰ ਹੋ ਗਿਆ ਹਾਂ ।੨ ।

੬੬- **ਆਠ ਪਹਰ ਉਦਕ ਇਸਨਾਨੀ ॥ ਸਦ ਹੀ ਭੋਗੁ ਲਗਾਇ ਸੁਗਿਆਨੀ ॥**
**ਬਿਰਥਾ ਕਾਹੂ ਛੋਡੈ ਨਾਹੀ ॥ ਬਹੁਰਿ ਬਹੁਰਿ ਤਿਸੁ ਲਾਗਹ ਪਾਈ ॥ ੧ ॥**
**ਸਾਲਗਿਰਾਮੁ ਹਮਾਰੈ ਸੇਵਾ ॥ ਪੂਜਾ ਅਰਚਾ ਬੰਦਨ ਦੇਵਾ ॥ ੧ ॥ ਰਹਾਉ ॥**[੩੯੩]--੯੦

ਅਰਥ :- (ਹੇ ਪੰਡਿਤ) ਪਰਮਾਤਮਾ-ਦੇਵ ਦੀ ਸੇਵਾ ਭਗਤੀ ਹੀ ਸਾਡੇ ਘਰ ਵਿਚ ਸਾਲਗਿਰਾਮ ਦੀ ਪੂਜਾ ਹੈ । (ਹਰਿ-ਨਾਮ ਦਾ ਸਿਮਰਨ ਹੀ ਸਾਡੇ ਵਾਸਤੇ ਸਾਲਗਿਰਾਮ ਦੀ) ਪੂਜਾ, ਸੁਗੰਧੀ-ਭੇਟ ਤੇ ਨਮਸਕਾਰ ਹੈ **। ੧ । ਰਹਾਉ ।** (ਹੇ ਪੰਡਿਤ !) ਅਸੀਂ ਉਸ (ਹਰਿ-ਸਾਲੋਗਰਾਮ) ਦੀ ਪੈਰੀਂ ਮੁੜ ਮੁੜ ਲੱਗਦੇ ਹਾਂ ਜੋ ਕਿਸੇ ਦੀ ਵੀ ਦਰਦ-ਪੀੜ ਨਹੀਂ ਰਹਿਣ ਦੇਂਦਾ । ਉਹ (ਜਲਾਂ ਥਲਾਂ ਵਿਚ ਹਰ ਥਾਂ ਵੱਸਣ ਵਾਲਾ ਹਰਿ ਸਾਲਗਿਰਾਮ) ਅੱਠੇ ਪਹਰ ਹੀ ਪਾਣੀਆਂ ਦਾਂ ਇਸ਼ਨਾਨ ਕਰਨ ਵਾਲਾ ਹੈ, ਹਰੇਕ ਦੇ ਦਿਲ ਦੀ ਚੰਗੀ ਤਰ੍ਹਾਂ ਜਾਨਣ ਵਾਲਾ ਉਹ ਹਰਿ ਸਾਲਿਗਰਾਮ (ਸਭ ਜੀਵਾਂ ਦੇ ਅੰਦਰ ਬੈਠ ਕੇ) ਸਦਾ ਹੀ ਭੋਗ ਲਾਂਦਾ ਰਹਿੰਦਾ ਹੈ (ਪਦਾਰਥ ਛਕਦਾ ਰਹਿੰਦਾ ਹੈ) ।

ਪੰਚਮ ਪਾਤਸ਼ਾਹ ਜੀ ਦੇ ਉਚਾਰੇ ਜਿਸ ਪਾਵਨ ਸ਼ਬਦ ਦੀ ਤੁਕ ਦੀ ਮਨਮੱਤੀ ਵਰਤੋਂ ਕਰਕੇ ਬ੍ਰਾਹਮਣੀ ਚੇਲਿਆਂ ਨੇ ਭੋਗ ਲਾਉਣ ਦੀ ਬ੍ਰਾਹਮਣੀ ਲੰਪਟ-ਨੀਤੀ ਵਾਲੀ ਰੀਤ ਨਿਆਰੇ-ਸਤਿਗੁਰਾਂ ਦੇ ਪਾਵਨ ਸਰੂਪ ਨਾਲ ਲਿਆ ਜੋੜੀ ਹੈ, ਉਸ ਦੀ ਵਿਚਾਰ ਕਰਨ ਤੋਂ ਪਹਿਲਾਂ ਪੰਚਮ ਗੁਰੂ ਨਾਨਕ ਜੀ ਦਾ ਹੀ ਉਚਾਰਿਆ ਪਾਵਨ ਸ਼ਬਦ ਵਿਚਾਰ ਲਈਏ । ਆਉ ! ਸਤਿਗੁਰਾਂ ਦੇ ਉਸ ਇਸਤ੍ਰੀ ਰੂਪ ਦੇ ਦਰਸਨ ਕਰ ਲਈਏ ਜਿਹੜੀ ਬਿਰਹਾ ਕੁੱਠੀ ਆਪਣੇ ਪ੍ਰਭੂ-ਕੰਤ ਨਾਲ ਸੰਜੋਗ ਹੋ ਜਾਣ ਦੀ ਅਪਾਰ ਖ਼ੁਸ਼ੀ ਵਿਚ ਸੱਧਰਾਂ ਨਾਲ ਹਾਰ-ਸ਼ਿੰਗਾਰ ਕਰਦੀ ਹੈ, ਅਤੇ ਖ਼ੁਸ਼ਬੂਆਂ ਖਿਲਾਰਦੀ ਚਾਵਾਂ ਨਾਲ ਹਿਰਦਾ-ਸੇਜ ਵਿਛਾਉਂਦੀ ਹੈ:--

੬੭- **ਗ੍ਰਿਹੁ ਵਸਿ ਗੁਰਿ ਕੀਨਾ ਹਉ ਘਰ ਕੀ ਨਾਰਿ ॥ ਦਸ ਦਾਸੀ ਕਰਿ ਦੀਨੀ ਭਤਾਰਿ ॥ ਸਗਲ ਸਮਗ੍ਰੀ ਮੈ ਘਰ ਕੀ ਜੋੜੀ ॥ ਆਸ ਪਿਆਸੀ ਪਿਰ ਕਉ ਲੋੜੀ ॥ ੧ ॥ ਕਵਨ ਕਹਾ ਗੁਨ ਕੰਤ ਪਿਆਰੇ ॥ ਸੁਘੜ ਸਰੂਪ ਦਇਆਲ ਮੁਰਾਰੇ ॥ ੧ ॥ ਰਹਾਉ ॥ ਸਤੁ ਸੀਗਾਰੁ ਭਉ ਅੰਜਨੁ ਪਾਇਆ ॥ ਅੰਮ੍ਰਿਤ ਨਾਮੁ ਤੰਬੋਲੁ ਮੁਖਿ ਖਾਇਆ ॥ ਕੰਗਨ ਬਸਤ੍ਰ ਗਹਨੇ ਬਨੇ ਸੁਹਾਵੇ ॥ ਧਨ ਸਭ ਸੁਖ ਪਾਵੈ ਜਾਂ ਪਿਰੁ ਘਰਿ ਆਵੈ ॥ ੨ ॥ ਗੁਣ ਕਾਮਣ ਕਰਿ ਕੰਤੁ ਰੀਝਾਇਆ ॥ ਵਸਿ ਕਰਿ ਲੀਨਾ ਗੁਰਿ ਭਰਮੁ ਚੁਕਾਇਆ ॥ ਸਭ ਤੇ ਊਚਾ ਮੰਦਰੁ ਮੇਰਾ ॥ ਸਭ ਕਾਮਣਿ ਤਿਆਗੀ ਪ੍ਰਿਉ ਪ੍ਰੀਤਮੁ ਮੇਰਾ ॥ ੩ ॥ ਪ੍ਰਗਟਿਆ ਸੂਰੁ ਜੋਤਿ ਉਜੀਆਰਾ ॥ ਸੇਜ ਵਿਛਾਈ ਸਰਧ ਅਪਾਰਾ ॥ ਨਵ ਰੰਗ ਲਾਲੁ ਸੇਜ ਰਾਵਣ ਆਇਆ ॥ ਜਨ ਨਾਨਕ ਪਿਰ ਧਨ ਮਿਲਿ ਸੁਖੁ ਪਾਇਆ ॥ ੪ ॥** [੭੩੭]-੪

**ਅਰਥ:**-- (ਹੇ ਸਖੀ !) ਸੁਚੱਜੇ, ਦਇਆਵਾਨ, ਪ੍ਰਭੂ-ਕੰਤ ਦੇ ਮੈਂ ਕਿਹੜੇ ਕਿਹੜੇ ਗੁਣ ਦੱਸਾਂ ? **। ੧ । ਰਹਾਉ ।** ਉਸ ਖ਼ਸਮ-ਪ੍ਰਭੂ ਨੇ ਗੁਰੂ ਦੀ ਰਾਹੀਂ (ਮੇਰਾ) ਸਰੀਰ-ਘਰ (ਮੇਰੇ) ਵੱਸ ਵਿਚ ਕਰ ਦਿੱਤਾ ਹੈ (ਹੁਣ) ਮੈਂ (ਉਸ ਦੀ ਕਿਰਪਾ ਨਾਲ ਇਸ) ਘਰ ਦੀ ਮਾਲਕਾ ਬਣ ਗਈ ਹਾਂ । ਉਸ ਖ਼ਸਮ ਨੇ ਦਸਾਂ ਹੀ ਇੰਦ੍ਰੀਆਂ ਨੂੰ ਮੇਰੀਆਂ ਦਾਸੀਆਂ ਬਣਾ ਦਿੱਤਾ ਹੈ । (ਉੱਚੇ ਆਤਮਕ ਗੁਣਾਂ ਦਾ) ਮੈਂ ਆਪਣੇ ਸਰੀਰ-ਘਰ ਦਾ ਸਾਰਾ ਸਾਮਾਨ ਜੋੜ-ਸਜਾ ਕੇ) ਰੱਖ ਦਿੱਤਾ ਹੈ । ਹੁਣ ਮੈਂ ਪ੍ਰਭੂ-ਪਤੀ ਦੇ ਦਰਸ਼ਨ ਦੀ ਤਾਂਘ ਵਿਚ ਉਸ ਦੀ ਉਡੀਕ ਕਰ ਰਹੀ ਹਾਂ **। ੧ ।** (ਹੇ ਸਖੀ ! ਖ਼ਸਮ-ਪ੍ਰਭੂ ਦੀ ਕਿਰਪਾ ਨਾਲ ਹੀ) ਸੁੱਚੇ ਆਚਰਨ ਨੂੰ ਮੈਂ (ਆਪਣੇ ਜੀਵਨ ਦਾ) ਸ਼ਿੰਗਾਰ ਬਣਾ ਲਿਆ ਹੈ, ਉਸ ਦੇ ਡਰ-ਅਦਬ ਦਾ ਮੈ (ਅੱਖਾਂ ਵਿਚ) ਸੁਰਮਾਂ ਪਾ ਲਿਆ ਹੈ । (ਉਸ ਦੀ ਮਿਹਰ ਨਾਲ ਹੀ) ਆਤਮਕ ਜੀਵਨ ਦੇਣ ਵਾਲਾ ਨਾਮ-ਪਾਨ ਮੈਂ ਮੂੰਹ ਨਾਲ ਖਾਧਾ ਹੈ । ਹੇ ਸਖੀ ! ਜਦੋਂ ਪ੍ਰਭੂ-ਪਤੀ ਹਿਰਦੇ-ਘਰ ਵਿਚ ਆ ਵੱਸਦਾ ਹੈ, ਤਦੋਂ ਜੀਵ-ਇਸਤ੍ਰੀ ਸਾਰੇ ਸੁਖ ਪ੍ਰਾਪਤ ਕਰ ਲੈਂਦੀ ਹੈ, ਉਸ ਦੇ ਕੰਗਣ, ਕੱਪੜੇ ਗਹਿਣੇ ਸੋਹਣੇ ਲੱਗਣ ਲੱਗ ਪੈਂਦੇ ਹਨ (ਸਾਰੇ ਧਾਰਮਿਕ ਉੱਦਮ ਸਫ਼ਲ ਹੋ ਜਾਂਦੇ ਹਨ) **। ੨ ।** ਗੁਰੂ ਨੇ (ਜਿਸ ਜੀਵ ਇਸਤ੍ਰੀ ਦੀ) ਭਟਕਣਾ ਦੂਰ ਕਰ ਦਿੱਤੀ, ਉਸ ਨੇ ਪ੍ਰਭ-ਪਤੀ ਨੂੰ ਆਪਣੇ ਵੱਸ ਵਿਚ ਕਰ ਲਿਆ, ਗੁਣਾਂ ਦੇ ਟੂਣੇ ਬਣਾ ਕੇ ਉਸ ਨੇ ਪ੍ਰਭੂ-ਪਤੀ ਨੂੰ ਖ਼ੁਸ਼ ਕਰ ਲਿਆ । (ਹੇ ਸਖੀ ! ਖ਼ਸਮ-ਪ੍ਰਭੂ ਦੀ ਕਿਰਪਾ ਨਾਲ ਹੀ) ਮੇਰਾ ਹਿਰਦਾ-ਘਰ ਸਭ (ਵਾਸਨਾਵਾਂ) ਤੋਂ ਉੱਚਾ ਹੋ ਗਿਆ ਹੈ । ਹੋਰ ਸਾਰੀਆਂ ਇਸਤ੍ਰੀਆਂ ਨੂੰ ਛੱਡ ਕੇ ਉਹ ਪ੍ਰੀਤਮ ਮੇਰਾ ਪਿਆਰਾ ਬਣ ਗਿਆ ਹੈ **। ੩ ।** (ਉਸ ਕੰਤ ਦੀ ਕਿਰਪਾ ਨਾਲ ਮੇਰੇ ਅੰਦਰ ਆਤਮਕਾਂ ਜੀਵਨ ਦਾ) ਸੂਰਜ ਚੜ੍ਹ ਪਿਆ ਹੈ, (ਆਤਮਕ ਜੀਵਨ ਦੀ) ਜੋਤਿ ਜਗ ਪਈ ਹੈ । ਬੇਅੰਤ ਪ੍ਰਭੂ ਦੀ ਸ਼ਰਧਾ ਦੀ ਸੇਜ ਮੈਂ ਵਿਛਾ ਦਿੱਤੀ ਹੈ (ਭਾਵ, ਮੇਰੇ ਹਿਰਦੇ ਵਿਚ ਪ੍ਰਭੂ ਵਾਸਤੇ ਸ਼ਰਧਾ ਬਣ ਗਈ ਹੈ), (ਹੁਣ ਆਪਣੀ ਮਿਹਰ ਨਾਲ ਹੀ) ਉਹ ਨਿੱਤ ਨਵੇਂ ਪਿਆਰ ਵਾਲਾ ਪ੍ਰੀਤਮ ਮੇਰੇ ਹਿਰਦੇ ਦੀ ਸੇਜ ਉਤੇ ਆ ਬੈਠਾ ਹੈ । ਪ੍ਰਭੂ ਪਤੀ ਨੂੰ ਮਿਲ ਕੇ ਜੀਵ-ਇਸਤ੍ਰੀ ਆਤਮਕ ਆਨੰਦ ਮਾਣਦੀ ਹੈ । ੪ । *

[ * Foot note:--ਪ੍ਰਭੂ ਨੂੰ ਪਤੀ-ਰੂਪ ਵਿਚ ਵੇਖਣ ਵਾਲੇ ਪ੍ਰਭੂ ਪਿਆਰਿਆਂ ਨੇ ਆਪਣੇ ਪਤੀ-ਪਰਮੇਸ਼ਰ ਲਈ ਆਪਣੇ ਆਪ ਨੂੰ ਜੀਵ-ਇਸਤ੍ਰੀ ਦੇ ਕਿਨ੍ਹਾਂ-ਕਿਨ੍ਹਾਂ ਰੂਪਾਂ ਵਿਚ ਚਿਤਵਿਆ ਹੈ, ਇਸ ਅਥਾਹ ਪਿਆਰ ਵਾਲੀ ਅਵਥਾ ਨੂੰ ਸਮਝਣ ਲਈ, ਪੜ੍ਹੋ ਇਸ ਪੁਸਤਕ ਦੇ ਚੌਥੇ ਭਾਗ ਦਾ ਲੇਖ ' ਜੀਵ-ਇਸਤ੍ਰੀ " ]

ਪੰਚਮ ਗੁਰੂ ਨਾਨਕ ਜੀ ਨੇ ਜਿਸ ਪ੍ਰਕਾਰ ਦੇ ਭੋਗ ਲਾਉਣ ਵਾਲਾ ਪ੍ਰਭੂ ਨੂੰ ਇਸ ਪਾਵਨ ਸ਼ਬਦ ਵਿਚ ਦਰਸਾਇਆ ਹੈ ਪਿਆਰ ਅਤੇ ਸ਼ਰਧਾ ਵਾਲੀ ਬਿਲਕੁਲ ਉਹੀ ਭਾਵਣਾ ਉਸ ਸ਼ਬਦ ਵਿਚ ਹੈ ਜਿਸ ਦੀ ਤੁਕ--" **ਹੁਣਿ ਲਾਵਹੁ ਭੋਗੁ ਹਰਿ ਰਾਏ** " ਵਰਤ ਕੇ ਖਰੜ-ਗਿਆਨੀ ਅਥਵਾ ਬਿੱਪ੍ਰ ਦੇ ਚੇਲੇ, ਸਤਿਗੁਰਾਂ ਨੂੰ ਭੋਗ ਲਾਉਣ ਲਈ ਕੀ ਰਹੇ ਹੁੰਦੇ ਹਨ। ਉਸ ਸ਼ਬਦ ਵਿੱਚ ਵੀ ਸੱਧਰਾਂ, ਚਾਵਾਂ, ਉਮੰਗਾਂ ਅਤੇ ਪਿਆਰ ਦੀ ਮਿਲਵੀ ਸਿੱਕ ਨਾਲ ਤਿਆਰ ਹੋਈ ਹਿਰੇ-ਘਰ ਦੀ ਰਸੋਈ ਵਿਚਲੇ, ਮਿਲਾਪ-ਚਾ ਵਾਲੇ ਪ੍ਰੇਮ-ਪਦਾਰਥਾਂ ਨੂੰ ਭੋਗ ਲਾਉਣ ਲਈ ਅਥਵਾ ਹਿਰਦੇ ਘਰ ਵਿਚ ਪਰਕਾਸ਼-ਮਾਨ ਹੋਣ ਲਈ ਜੋਦੜੀ ਕੀਤੀ ਹੋਈ ਹੈ। ਜਿਸ ਗੁਰੂ-ਸ਼ਬਦ ਦੀ ਤੁਕ ਵਰਤ ਕੇ ਬਿੱਪ੍ਰ ਜੀ ਨੇ ਆਪਣੇ ਚੇਲਿਆਂ ਰਾਹੀਂ ਗੁਰੂ ਦਰਬਾਰ ਵਿਚ ਬ੍ਰਾਹਮਣੀ ਰੀਤ ਲਿਆ ਵਾੜੀ ਹੈ, ਉਹ ਪੂਰਾ ਸ਼ਬਦ ਇਸ ਪ੍ਰਕਾਰ ਹੈ:---

੬੮- **ਕਿਆ ਤੂ ਸੋਚਹਿ ਕਿਆ ਤੂ ਚਿਤਵਹਿ ਕਿਆ ਤੂੰ ਕਰਹਿ ਉਪਾਏ ॥ ਤਾ ਕਉ ਕਹਹੁ ਪਰਵਾਹ ਕਾਹੂ ਕੀ, ਜਿਹ ਗੋਪਾਲ ਸਹਾਏ ॥ ੧ ॥ ਬਰਸੈ ਮੇਘ ਸਖੀ ਘਰਿ ਪਾਹੁਨ ਆਏ ॥ ਮੋਹਿ ਦੀਨ ਕ੍ਰਿਪਾ ਨਿਧਿ ਠਾਕੁਰ ਨਵਨਿਧਿ ਨਾਮਿ ਸਮਾਇ ॥ ੧ ॥ ਰਹਾਉ ॥ ਅਨਿਕ ਪ੍ਰਕਾਰ ਭੋਜਨ ਬਹੁ ਕੀਏ, ਬਹੁ ਬਿੰਜਨ ਮਿਸਟਾਏ ॥ ਕਰੀ ਪਾਕਸਾਲ ਸੋਚ ਪਵਿਤ੍ਰਾ ਹੁਣਿ ਲਾਵਹੁ ਭੋਗੁ ਹਰਿ ਰਾਏ ॥ ੨ ॥ ਦੁਸਟ ਬਿਦਾਰੇ ਸਾਜਨ ਰਹਸੇ ਇਹਿ ਮੰਦਰਿ ਘਰ ਅਪਨਾਏ ॥ ਜਉ ਗ੍ਰਿਹਿ ਲਾਲੁ ਰੰਗੀਓ ਆਇਆ ਤਉ ਮੈ ਸਭਿ ਸੁਖ ਪਾਏ ॥ ੩ ॥ ਸੰਤ ਸਭਾ ਓਟ ਗੁਰ ਪੂਰੇ ਧੁਰਿ ਮਸਤਕਿ ਲੇਖੁ ਲਿਖਾਏ ॥ ਜਨ ਨਾਨਕ ਕੰਤੁ ਰੰਗੀਲਾ ਪਾਇਆ ਫਿਰਿ ਦੂਖੁ ਨ ਲਾਗੈ ਆਏ ॥ ੪ ॥**[੧੨੬੬]-੧

**ਅਰਥ:**- ਹੇ ਸਹੇਲੀ ! (ਮੇਰੇ ਹਿਰਦਾ) ਘਰ ਵਿਚ ਪ੍ਰਭੂ-ਪਤੀ ਜੀ ਆ ਟਿਕੇ ਹਨ (ਮੇਰੇ ਅੰਦਰੋਂ ਤਪਸ਼ ਮਿਟ ਗਈ ਹੈ, ਇਉਂ ਜਾਪਦਾ ਹੈ ਜਿਵੇਂ ਮੇਰੇ ਅੰਦਰ ਉਸ ਦੀ ਮਿਹਰ ਦਾ) ਬੱਦਲ ਵੱਸ ਪਿਆ ਹੈ। ਹੇ ਕਿਰਪਾ ਦੇ ਖ਼ਜ਼ਾਨੇ ਪ੍ਰਭੂ ! ਹੇ ਮਾਲਕ-ਪ੍ਰਭੂ ! ਮੈਨੂੰ ਆਪਣੇ ਨਾਮ ਵਿਚ ਲੀਨ ਕਰੀ ਰੱਖ (ਇਹ ਨਾਮ ਹੀ ਮੇਰੇ ਵਾਸਤੇ) ਨੌ ਖ਼ਜ਼ਾਨੇ ਹੈ। **੧। ਰਹਾਉ।** (ਪ੍ਰਭੂ ਦੀ ਸ਼ਰਨ ਛੱਡ ਕੇ) ਤੂੰ ਹੋਰ ਸੋਚਾਂ ਕੀ ਸੋਚਦਾ ਹੈਂ ? ਤੂੰ ਹੋਰ ਹੋਰ ਉਪਾਵ ਕੀ ਚਿਤਵਦਾ ਹੈਂ ? ਤੂੰ ਹੋਰ ਕਿਹੜੇ ਹੀਲੇ ਕਰਦਾ ਹੈਂ ? ਵੇਖ, ਜਿਸ ਮਨੁੱਖ ਦਾ ਸਹਾਈ ਪ੍ਰਭੂ ਆਪ ਹੈ ਉਸ ਨੂੰ, ਦੱਸ, ਕਿਸ ਦੀ ਪਰਵਾਹ ਰਹਿ ਜਾਂਦੀ ਹੈ ? **। ੧ ।** (ਜਿਵੇਂ ਕੋਈ ਇਸਤ੍ਰੀ ਆਪਣੇ ਪਤੀ ਵਾਸਤੇ) ਅਨੇਕ ਕਿਸਮਾ ਦੇ ਮਿੱਠੇ ਸੁਆਦਲੇ ਖਾਣੇ ਤਿਆਰ ਕਰਦੀ ਹੈ, ਬੜੀ ਸੁੱਚ ਨਾਲ ਰਸੋਈ ਬਣਾਉਂਦੀ ਹੈ, ਹੇ ਪ੍ਰਭੂ ! (ਤੇਰੇ ਪਿਆਰ ਵਿਚ ਮੈਂ ਆਪਣੇ ਹਿਰਦੇ ਦੀ ਰਸੋਈ ਤਿਆਰ ਕੀਤੀ ਹੈ, ਮਿਹਰ ਕਰ, ਤੇ (ਇਸ ਨੂੰ) ਪਰਵਾਨ ਕਰ **। ੨ ।** ਹੇ ਸਖੀ ! ਇਨ੍ਹਾਂ ਸਰੀਰ ਘਰਾਂ-ਮੰਦਰਾਂ ਨੂੰ (ਜਦੋਂ ਪ੍ਰਭੂ-ਪਤੀ) ਅਪਣਾਂਉਂਦਾ ਹੈ (ਇਨ੍ਹਾਂ ਵਿੱਚ ਆਪਣਾ ਪਰਕਾਸ਼ ਕਰਦਾ ਹੈ, ਤਦੋਂ ਇਨ੍ਹਾਂ ਵਿਚੋਂ ਕਾਮਾਦਿਕ) ਦੁਸ਼ਮਣ ਨਾਸ ਹੋ ਜਾਂਦੇ ਹਨ (ਅਤੇ ਦੈਵੀ ਗੁਣ) ਸੱਜਣ ਪ੍ਰਫੁੱਲਤ ਹੋ ਜਾਂਦੇ ਹਨ। ਹੇ ਸਖੀ ! ਜਦੋਂ ਤੋਂ ਮੇਰੇ ਹਿਰਦੇ-ਘਰ ਵਿਚ ਸੋਹਣਾ ਲਾਲ (ਪ੍ਰਭੂ) ਆ ਵਸਿਆ ਹੈ, ਤਦੋਂ ਤੋਂ ਮੈਂ ਸਾਰੇ ਸੁੱਖ ਹਾਸਲ ਕਰ ਲਏ ਹਨ **। ੩ ।** ਹੇ ਨਾਨਕ ! ਧੁਰ ਦਰਗਾਹ ਤੋਂ ਜਿਸ ਜੀਵ ਦੇ ਮੱਥੇ ਉਤੇ ਸਾਧ ਸੰਗਤ ਵਿਚ ਪੂਰੇ ਗੁਰੂ ਦੀ ਓਟ ਦਾ ਲੇਖ ਲਿਖਿਆ ਹੁੰਦਾ ਹੈ, ਉਸ ਨੂੰ ਸੋਹਣਾ ਪ੍ਰਭੂ ਪਤੀ ਮਿਲ,ਪੈਂਦਾ ਹੈ, ਉਸ ਨੂੰ ਫਿਰ ਕੋਈ ਦੁੱਖ ਪੋਹ ਨਹੀਂ ਸਕਦਾ। ੪।

ਪੰਚਮ ਪਾਤਿਸ਼ਾਹ ਜੀ ਨੇ ਤਾਂ ਗੁਰੂ ਸ਼ਬਦ ਵਿਚ ਹਰੀ ਰਾਇ ਨੂੰ, ਭਾਵ ਵਾਹਿਗੁਰੂ ਜੀ ਨੂੰ ਸੰਬੋਧਨ ਕੀਤਾ ਹੋਇਆ ਹੈ,ਪਰ ਹੈਰਾਨੀ ਦੀ ਗੱਲ ਇਹ ਹੈ ਕਿ ਸਾਡੇ ਅਰਦਾਸੀਏ ਉਹੀ ਤੁਕ ਵਰਤ ਕੇ ਸਿਧਾ ਸਤਿਗੁਰਾਂ ਨੂੰ ਹੀ ਭੋਗ ਲਾਉਣ ਲਈ ਕੀ ਰਹੇ ਹੁੰਦੇ ਹਨ। ਸਤਿਗੁਰਾਂ ਨੇ ਆਪਣੇ ਪ੍ਰਭੂ-ਪਤੀ ਦੇ ਮਿਲਾਪ ਵਾਲੇ ਭੋਗ ਅਥਵਾ ਆਤਮਕ ਅਨੰਦ ਮਾਣਨ ਬਾਰੇ ਹੋਰ ਵੀ ਕਈ ਅਨਮੋਲ ਬਚਨ ਉਚਾਰੇ ਹਨ:--

੬੯- **ਦੁਰਜਨੁ ਦੂਜਾ ਭਾਉ ਹੈ ਵੇਛੋੜਾ ਹਉਮੈ ਰੋਗੁ ॥ ਸਜਣੁ ਸਚਾ ਪਾਤਿਸਾਹੁ ਜਿਸੁ ਮਿਲਿ ਕੀਚੈ ਭੋਗੁ ॥ ੩ ॥**[੧੦੯੪]-੨

**ਅਰਥ:**- (ਪ੍ਰਭੂ ਤੋ ਬਿਨਾ) ਕਿਸੇ ਹੋਰ ਨਾਲ ਪਿਆਰ (ਜਿੰਦ ਦਾ ਵੱਡਾ) ਵੈਰੀ ਹੈ, ਹਉਮੈ ਦਾ ਰੋਗ (ਪ੍ਰਭੂ ਨਾਲੋਂ) ਵਿਛੋੜਾ ਪਾਉਂਣ ਵਾਲਾ ਹੈ। ਸਦਾ ਕਾਇਮ ਰਹਿਣ ਵਾਲਾ ਪ੍ਰਭੂ ਪਾਤਿਸ਼ਾਹ (ਜਿੰਦ ਦਾ) ਮਿਤ੍ਰ ਹੈ ਜਿਸ ਨੂੰ ਮਿਲ ਕੇ ਆਤਮਕ ਆਨੰਦ ਮਾਣਿਆ ਜਾ ਸਕਦਾ ਹੈ। ੩।

ਜਿਸ ਪ੍ਰਭੂ ਦਾ ਅੱਡਰਾ ਅਤੇ ਵਿਸ਼ੇਸ਼ ਆਕਾਰ ਹੈ ਹੀ ਨਹੀਂ ਜਿਸ ਦਾ ਕੋਈ ਰੂਪ ਰੇਖ ਕੁਝ ਵੀ ਨਹੀ, ਅਤੇ ਜੋ ਸਾਰੇ ਜੀਵਾਂ ਅਥਵਾ ਸਾਰੇ ਪਦਾਰਥਾ ਦੇ ਵਿਚ ਸਮਾਇਆ ਹੋਣ ਕਰਕੇ ਉਨ੍ਹਾਂ ਦਾ ਭੋਗ ਹਰ ਸਮੇ ਕਰ ਰਿਹਾ ਹੈ, ਉਸ ਵਾਸਤੇ ਕਿਸੇ ਭਾਡੇ ਵਿੱਚ ਭੋਜਨ ਪਾ ਕੇ ਭੋਗ ਲਾਉਣ ਲਈ ਬੇਨਤੀ ਕਰਨੀ, ਉਸ ਬੇਅੰਤ ਪਰਮਾਤਮਾ ਦੇ ਅਗੰਮ ਅਤੇ ਅਥਾਹ ਹਸਤੀ ਨਾਲ ਮਖੌਲ ਕਰਨ ਦਾ ਘੋਰ ਪਾਪ ਹੈ। ਅਜੇਹਾ ਪਾਪ ਬ੍ਰਾਹਮਣ ਦੇ ਕਰਨ ਵਾਸਤੇ ਹੀ ਹੈ। ਗੁਰੂ ਦਾ ਸਿੱਖ ਪਾਪੀ ਕਿਉਂ ਬਣੇ?

੭੦- **ਤੂ ਸਭਿ ਘਟ ਭੋਗਹਿ ਆਪਿ ਤੁਧੁ ਲੇਪੁ[੧] ਨ ਲਾਹਰਾ[੨]** ॥[੧੦੯੬]-ਵਾਰ--੫ ੧= ਅਸਰ। ੨=ਨਹੀਂ ਲੱਗਦਾ।

ਜਿਸ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਵਿਚੋਂ ਕੁਝ ਅੱਖਰ ਲੈ ਦੇ ਗੁਰੂ ਅਥਵਾ ਪਰਮਾਤਮਾ ਨਾਲ ਮਖੌਲ ਕਰਨ ਵਾਲੀ ਬ੍ਰਾਹਮਣੀ ਅਪ੍ਰਾਧ ਕਰਦੇ ਹਾਂ ਉਸ ਗੁਰੂ ਦਾ ਫ਼ੁਰਮਾਨ ਪਦੰਰਥਾਂ ਦੇ ਭੋਗ ਬਾਰੇ ਇਹ ਹੈ ਕਿ :-

੭੧- **ਕਪੜ ਭੋਗ ਵਿਕਾਰ ਏ ਹਭੇ ਹੀ ਛਾਰ ॥ ਖਾਕੁ ਲੋੜੇਦਾ ਤੰਨਿ ਖੇ ਜੋ ਰਤੇ ਦੀਦਾਰ ॥ ੨ ॥** [੧੦੯੮]-ਵਾਰ-੧੧]

**ਅਰਥ** :- (ਪ੍ਰਭੂ ਦੀ ਯਾਦ ਤੋਂ ਵਿਰਵੇ ਰਹਿ ਕੇ ਨਿਰੇ) ਖਾਣ-ਹੰਡਾਣ (ਦੇ ਪਦਾਰਥ) ਵਿਕਾਰ (ਪੈਦਾ ਕਰਦੇ ਹਨ। ਇਸ ਵਾਸਤੇ ਅਸਲ ਵਿਚ) ਇਹ ਸਾਰੇ ਸੁਆਹ ਸਮਾਨ ਹਨ (ਉੱਕੇ ਹੀ ਨਿਕੰਮੇ ਹਨ)। ਤਾਂਹੀਏਂ) ਮੈ ਉਨ੍ਹਾਂ ਬੰਦਿਆਂ ਦੇ ਚਰਨਾਂ ਦੀ ਧੂੜ ਭਾਲਦਾ ਹਾਂ, ਜੋ ਪ੍ਰਭੂ ਦੇ ਦੀਦਾਰ ਵਿਚ ਰੰਗੇ ਹੋਏ ਹਨ।

ਪਰਮਾਤਮਾ ਦੀ ਸਿਫ਼ਤ ਸਾਲਾਹ ਵਾਲੀ ਗੱਲ ਤੋਂ ਬਿਨਾਂ ਹੋਰ ਹੋਰ ਅਰਦਾਸਾਂ ਕਰਨੀਆਂ ਸਤਿਗੁਰਾਂ ਦੇ ਹੁਕਮਾਂ ਦੀ ਉਲੰਙਣਾ ਹੈ। ਗੁਰਦੇਵ ਜੀ ਦੱਸੀ ਮਰਿਯਦਾ ਦਾ ਤਿਆਗ **ਬਿੱਪ੍ਰਨ ਕੀ ਰੀਤ** ਹੈ। ਮੂਰਤੀ-ਪੂਜ ਬਿੱਪ੍ਰ ਨੂੰ ਪੱਥਰ ਦੀ ਮੂਰਤੀ ਦੇ ਅੱਗੇ ਭੋਜਨ ਦੇ ਥਾਲ ਭੇਟਾ ਕਰਕੇ ਭੋਗ ਲਾਉਣ ਲਈ ਅਰਦਾਸਾਂ ਕਰਦਾ ਵੇਖ ਕੇ, ਭਗਤ ਕਬੀਰ ਜੀ ਨੇ ਫ਼ੁਰਮਾਨ ਕੀਤਾ ਕਿ ਸਾਰਾ ਕੁਝ ਖਾ ਤੇ ਤੁਸੀਂ ਆਪ ਜਾਂਦੇ ਹੋ ਦੇਵਤੇ ਅਥਵਾ ਦੇਵਤੇ ਦੀ ਮੂਰਤੀ ਦੇ ਮੂੰਹ ਵਿਚ ਤਾਂ ਸੁਆਹ ਵੀ ਨਹੀਂ ਪੈਂਦੀ :-

੭੨- **ਭਾਤੁ ਪਹਿਤਿ ਅਰੁ ਲਾਪਸੀ, ਕਰਕਰਾ ਕਾਸਾਰੁ ॥ ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ ॥ ੪ ॥**[੪੭੯]--੧੪

**ਅਰਥ:**- ਭੱਤ, ਦਾਲ, ਲੱਪੀ ਤੇ ਮੁਰਕਣੀ ਪੰਜੀਰੀ ਤਾਂ (ਪੁਜਾਰੀ ਹੀ) ਛਕ ਜਾਂਦਾ ਹੈ, ਇਸ ਮੂਰਤੀ ਦੇ ਮੂੰਹ ਵਿਚ ਕੁਝ ਵੀ ਨਹੀਂ ਪੈਂਦਾ (ਕਿਉਂਕਿ ਇਹ ਤਾਂ ਨਿਰਜਿੰਦ ਹੈ ਖਾਵੇ ਕਿਵੇਂ ?)। ੪।

ਗੁਰੂ ਅਰਜਨ ਦੇਵ ਜੀ ਦੇ ਉਚਾਰੇ ਬਚਨਾਂ ਦੇ ਗ਼ਲਤ ਅਰਥ ਕਰਕੇ ਪੰਥ ਵਿਚ ਬਿੱਪ੍ਰਨ ਕੀ ਰੀਤ ਲਿਆਉਣ ਵਾਲੇ ਸੱਜਣ ਹੁਣ ਗੁਰੂ ਅਰਜਨ ਦੇਵ ਜੀ ਦਾ ਇਹ ਬਚਨ ਵੀ ਪੜ੍ਹ ਲੈਣ, ਜਿਥੇ ਉਨ੍ਹਾਂ ਨੇ ਅਜੇਹੇ ਸ਼ਰਧਾਲੂਆਂ ਨੂੰ ਰੱਬ ਤੋਂ ਟੁੱਟਾ ਹੋਇਆ ਪਸ਼ੂ ਕਿਹਾ ਹੈ ਜਿਹੜੇ ਕ੍ਰਿਸ਼ਨ ਦੀ ਮੂਰਤੀ ਨੂੰ ਭਗਵਾਨ ਸਮਝਦੇ ਹਨ, ਅਤੇ ਲੋਕਾਂ ਦੀ ਅੱਖ ਬਚਾ ਕੇ ਉਸ ਨੂੰ ਪੰਜੀਰੀ ਆਦਿ ਦਾ ਭੋਗ ਲਵਾਉਂਦੇ ਹਨ :-

੧੩- **ਕਰਿ ਪੰਜੀਰੁ ਖਵਾਇਓ ਚੋਰ ॥ ਓਹੁ ਜਨਮਿ ਨ ਮਰੈ ਰੇ ਸਾਕਤ ਢੋਰ ॥ ੨ ॥**[੧੧੩੬]--੧

**ਅਰਥ:**- ਹੇ ਭਾਈ ! ਪੰਜੀਰੀ ਬਣਾ ਕੇ ਤੂੰ ਲੁਕਾ ਕੇ ( ਆਪਣੇ ਵਲੋਂ ਪਰਮਾਤਮਾ ਨੂੰ ਕ੍ਰਿਸ਼ਨ-ਮੂਰਤੀ ਦੇ ਰੂਪ ਵਿਚ ) ਖਵਾਂਦਾ ਹੈਂ । ਹੇ ਰੱਬ ਤੋਂ ਟੁਟੇ ਹੋਏ ਮੂਰਖ ! ਪਰਮਾਤਮਾ ਨਾਹ ਜੰਮਦਾ ਹੈ ਨਾਹ ਮਰਦਾ ਹੈ । ੨ ।

੧੪- **ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥**
**ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥**
**ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ ਫਿਰਿ ਫਿਰਿ ਪਛੋਤਾਵੈ ॥ ੧ ॥** [੬੦੧]-੬

੨੦

# ਦੇਵੀ ਦੇਵਤੇ ਅਤੇ ਗੁਰਬਾਣੀ

ਹਿੰਦੂ ਮਿਥਿਹਾਸ ਨੂੰ ਗਹੁ ਨਾਲ ਪੜ੍ਹੀਏ ਤਾਂ ਲੱਗ ਪਗ ਸਾਰੀਆਂ ਗਾਥਾਵਾਂ ਵਿਚਲੇ ਰਿਸ਼ੀਆਂ, ਜੋਧਿਆਂ ਰਾਜਿਆਂ ਮਹਾਰਾਜਿਆਂ ਦੇਵੀ ਦੇਵਤਿਆਂ ਅਥਵਾ ਅਵਤਾਰਾਂ ਦਾ ਪ੍ਰਗਟ ਹੋਣਾਂ ਅਤੇ ਉਨ੍ਹਾਂ ਦੀ ਜੀਵਨ ਲੀਲ੍ਹਾ ਵਿਚਲੀਆਂ ਅਦਭੁਤ ਘਟਨਾਵਾਂ ਸਭ ਕੁੱਝ ਪ੍ਰਾਕ੍ਰਿਤਕ ਨੇਮਾਂ ਦੇ ਵਿਰੁੱਧ ਵਾਪਰਦਾ ਨਜ਼ਰ ਆ ਰਿਹਾ ਹੁੰਦਾ ਹੈ । ਸੱਭ ਤੋਂ ਵੱਧ ਦੁਖਦਾਈ ਸਥਿਤੀ ਇਹ ਹੈ ਕਿ ਪੁਰਾਣਾ ਆਦਿ ਗ੍ਰੰਥਾਂ ਦੀਆਂ ਲਿਖਤਾਂ ਆਪਸ ਵਿੱਚ ਹੀ ਇੱਕ ਦੂਸਰੇ ਨੂੰ ਕੱਟਦੀਆਂ ਹਨ । ਬਿਬੇਕ-ਹੀਣ ਅੰਧ ਵਿਸ਼ਵਾਸ਼ੀ ਸ਼ਰਧਾਲੂਆਂ ਨੂੰ ਛੱਡ ਕੇ, ਹੋਰ ਜਿਹੜਾ ਵੀ ਪੁਰਾਣਾ ਦੇ ਇਸ ਮਿਥਿਹਾਸ ਨੂੰ ਪੜ੍ਹੇ, ਲਗ ਪਗ ਹਰ ਕੋਈ ਇਸ ਸ਼ੰਕੇ ਵਿੱਚ ਪੈ ਜਾਵੇਗਾ ਕਿ ਸ਼ਾਇਦ ਇਨ੍ਹਾਂ ਗ੍ਰੰਥਾਂ ਦੀਆਂ ਕਹਾਣੀਆਂ ਦਾ ਕੋਈ ਵੀ ਪਾਤ੍ਰ, (ਦੇਵੀ ਦੇਵਤੇ ਅਵਤਾਰ ਆਦਿ ) ਕਦੇ ਧਰਤੀ ਤੇ ਵਿਚਰਿਆ ਵੀ ਹੈ ਕਿ ਨਹੀਂ । ਆਰੀਆ ਸਮਾਜੀ ਜੋ ਹਿੰਦੂ ਧਰਮ ਦਾ ਬੜਾ ਸੂਝਵਾਨ ਅਤੇ ਪਰਧਾਨ ਅੰਗ ਹਨ ਉਨ੍ਹਾਂ ਬਾਰੇ ਭਾਸ਼ਾ ਵਿਭਾਗ ਪੰਜਾਬ ਦੀ ਪੁਸਤਕ **ਸ਼੍ਰੀ ਗੁਰ ਪ੍ਰਤਾਪ ਸੂਰਜ** (ਜੋ ਪੜਚੋਲੀਆ ਨਜ਼ਰੀਏ ਨਾਲ ਲਿਖੀ ਹੋਈ ਹੈ) ਦੇ ੩੧ ਸਫੇ ਤੇ ਇਸ ਪ੍ਰਕਾਰ ਲਿਖਿਆ ਹੈ :- **ਹਿੰਦੂ ਜਾਤੀ ਵਿਚ ਆਰਯਾ ਸਮਾਜ ਇਕ ਮਤ ਹੈ ਜੋ ਵੇਦਾਂ ਦੇ ਸਿਵਾ ਕਿਸੇ ਹੋਰ ਪੁਸਤਕ ਨੂੰ ਪ੍ਰਮਾਣੀਕ ਹੀ ਨਹੀਂ ਮੰਨਦਾ । ਇਥੋਂ ਤਾਈਂ ਕਿ ਇਨ੍ਹਾਂ ਵਿਚ ਇਤਿਹਾਸ (ਰਾਮਾਇਣ, ਮਹਾਂਭਾਰਤ) ਤੇ ਪੁਰਾਣਾਂ ਨੂੰ ਮਖ਼ੌਲ ਕੀਤਾ ਜਾਂਦਾ ਹੈ ।** ਇਹ ਕੁੱਝ ਪੜ੍ਹ ਕੇ ਪੁਰਾਣਕ ਲਿਖਤਾਂ ਬਾਰੇ ਸੁਤੇ ਹੀ ਸ਼ੰਕਾ ਹੋਰ ਪੱਕਾ ਹੋ ਗਿਆ । ਪਰ ਜਿਨ੍ਹਾਂ ਸਿੱਖ ਵੀਰਾਂ ਵਾਸਤੇ ਇਹ ਹੱਥ ਵਾਲੀ ਪੁਸਤਕ ਲਿਖੀ ਜਾ ਰਹੀ ਹੈ ਉਨ੍ਹਾਂ ਵਿਚੋਂ ਬੇਅੰਤ ਪਰਵਾਰ ਅਜੇਹੇ ਹੱਨ ਜਿਨ੍ਹਾਂ ਦੇ ਘਰਾਂ ਵਿੱਚ ਦੇਵੀ ਦੇਵਤਿਆਂ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਵੇਖੀਦੀਆਂ ਹਨ । ਕਈ ਸਿਖ ਵੈਸਨੋਂ ਦੇਵੀ ਅਥਵਾ ਹੋਰ ਪਹਾੜੀ ਮੰਦਰਾਂ ਨੂੰ ਜਾਣ ਵਾਲੇ ਬਿਖੜੇ ਰਸਤਿਆਂ ਦੀ ਪਰਵਾਹ ਨਾਂ ਕਰਦਿਆਂ, ਉਨ੍ਹਾਂ ਦੀ ਯਾਤ੍ਰਾ ਕਰਨ ਅਥਵਾ ਸੁਖਣਾ ਲਾਹੁਣ ਬੜੀ ਸ਼ਰਧਾ ਨਾਲ ਜਾਂਦੇ ਹਨ । ਸਿਖ ਪਰਵਾਰਾਂ ਵਿੱਚ ਬਣ ਰਹੇ ਅਜਿਹੇ ਵਿਸ਼ਵਾਸ਼ ਬਾਰੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਅਥਵਾ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਵਲੋਂ ਕਦੇ ਵੀ ਕੋਈ **ਸੇਧ-ਪੱਤਰ (Directive)** ਦੇ ਜਾਰੀ ਨਾ ਹੋਣ ਕਾਰਨ ਮਨ ਵਿੱਚ ਵਿਚਾਰ ਬਣਦੀ ਰਹੀ ਹੈ, ਕਿ ਸ਼ਾਇਦ ਅਜੇਹਾ ਸਭ ਕੁੱਝ ਗੁਰਮੱਤ ਦੇ ਅਨਕੂਲ ਹੀ ਹੋ ਰਿਹਾ ਹੋਵੇਗਾ ? ਨਾਲ ਹੀ ਜਦ ਦਸਮ ਗ੍ਰੰਥ ਵਿੱਚ ਦੇਵੀ ਦੇਵਤਿਆਂ ਦੀ ਭਰਪੂਰ ਸੋਭਾ ਪੜ੍ਹੀ ਅਤੇ ਕਥਾ ਵੀ ਸੁਣੀ ਤਾਂ ਮਨ ਦਾ ਇਹ ਭਰਮ ਹੋਰ ਵਧਿਆ ਕਿ ਦੇਵੀ ਦੇਵਤਿਆਂ ਅਥਵਾ ਅਵਤਾਰਾਂ ਨੂੰ ਗੁਰਮਤਿ ਵਿੱਚ ਸਤਿਕਾਰ ਵਾਲੀ ਥਾਂ ਮਿਲੀ ਹੋਈ ਹੋਣੀ ਹੈ । ਪਰ ਗੁਰਸਿੱਖ ਵਾਸਤੇ ਹੋਰ ਸਾਰੇ ਗ੍ਰੰਥਾਂ ਦੀਆਂ ਲਿਖਤਾਂ ਦੀ ਕੇਵਲ-ਮਾਤ੍ਰ ਕਸਵੱਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫ਼ੁਰਮਾਨ ਹਨ । **ਸੋ ਅਸਾਂ ਗੁਰਬਾਣੀ ਦੇ ਹੁਕਮ ਗਹੁ ਨਾਲ ਵਿਚਾਰ ਕੇ ਉਨ੍ਹਾਂ ਅਨੁਸਾਰ ਆਪਣੀ ਜੀਵਨ-ਜੁਗਤ ਢਾਲਣੀ ਹੈ ।**

ਜਿਸ ਚੰਦ੍ਰਮੇ ਨੂੰ ਦੇਵਤਾ ਆਖ ਕੇ ਫਿਰ ਉਸ ਨੂੰ ਕੁੱਕੜ ਬਣਾ ਕੇ ਵਿਭਚਾਰ ਕਰਨ ਵਿੱਚ ਇੰਦਰ ਦਾ ਭਾਈਵਾਲ ਬਣਨ ਦੀਆਂ ਕਹਾਣੀਆਂ ਘੜ ਕੇ ਬ੍ਰਾਹਮਣ ਨੇ ਲੋਕਾਂ ਨੂੰ ਉਲੂ ਬਣਾਇਆ ਸੀ ਅੱਜ ਦੇ ਵਿਗਿਆਨਕ ਯੁੱਗ ਦਾ ਮਨੁੱਖ ਉਸ ਚੰਦ੍ਰਮੇਂ ਤੇ ਜਾ ਕੇ ਉਸ ਦੀ ਪਥਰੀਲੀ ਮਿੱਟੀ ਵੀ ਲੈ ਆਇਆ । ਚੰਦ੍ਰ ਲੋਕ ਤੇ ਹੋ ਆਉਣ ਵਾਲੀ ਮਨੱਖ ਦੀ ਇਹ ਯਾਤ੍ਰਾ ਨਾਲੋ ਨਾਲ T.V ਉਤੇ ਸਾਰੀ ਦੁਨੀਆਂ ਨੂੰ ਵਿਖਾਈ ਗਈ ਸੀ । ਚੰਦ ਤੋਂ ਲਿਆਦੇ ਪੱਥਰਾਂ ਦੀ ਵਿਗਿਆਨਕ ਜਾਂਚ ਕਰਕੇ, ਸਾਇੰਸਦਾਨ ਨੇ ਕੀ ਦਿੱਤਾ ਕਿ ਚੰਦ੍ਰਮਾਂ ਇੱਕ ਬੇਜਾਨ ਧਰਤੀ ਦਾ ਗੋਲਾ ਹੈ ਜਿਸ ਉਤੇ ਹਵਾ ਪਾਣੀ ਦੇ ਨਾ ਹੋਣ ਕਰਕੇ ਕੋਈ ਜੀਵ, ਨਾ ਪੈਦਾ ਹੋ ਸਕਦਾ ਹੈ ਅਤੇ ਨਾ ਕੋਈ ਜੀਵ ਓਥੇ ਪੁੱਜ ਕੇ ਸਦਾ ਰਹਿ ਹੀ ਸਕਦਾ ਹੈ । ਪਰ ਹਜ਼ਾਰਾਂ ਸਾਲ ਪਹਿਲਾਂ ਦਾ ਬੋਲਿਆ ਬ੍ਰਾਹਮਣ ਦਾ ਝੂਠ ਏਨਾ ਸੱਚ ਬਣ ਚੁਕਿਆ ਹੈ ਕਿ ਮਨੁੱਖ ਪ੍ਰਤੱਖ ਦੇਖੀ ਹੋਈ ਸਚਾਈ ਨੂੰ ਮੰਨ ਕੇ ਬ੍ਰਾਹਮਣੀ ਗਾਥਾ ਦੇ ਕੋਰੇ ਝੂਠ ਤੋਂ ਵਿਸ਼ਵਾਸ਼ ਹਟਾਉਣ ਨੂੰ ਤਿਆਰ ਨਹੀਂ । ਚੰਦ੍ਰਮਾ ਅੱਜ ਵੀ ਉਹੀ ਦੇਵਤਾ ਹੈ ਜਿਸ ਨੇ ਕਥਿਤ ਤੌਰ ਤੇ ਕੁੱਕੜ ਬਣ ਕੇ ਇੱਕ ਰਿਸ਼ੀ ਦੀ ਨਿਰਦੋਸ਼ ਪੱਤਨੀ ਦਾ ਸਤ ਭੰਗ ਕਰਨ ਵਿਚ ਇੰਦ੍ਰ ਦੀ ਸਹਾਇਤਾ ਕੀਤੀ ਸੀ ।

ਸੂਰਜ ਵਿਚਲੇ ਤਾਪਮਾਨ ਨੂੰ ਅਤਿਅੰਤ ਸ਼ੁਧੀ ਨਾਲ ਮਾਪਿਆ ਜਾ ਚੁਕਾ ਹੈ । ਉਸ ਦੇ ਬਾਹਰਲੇ ਕੰਢੇ ਦਾ ਤਾਪ ਮਾਨ ੪੦੦੦,$^{C}$ ਅਤੇ ਉਸਦੇ ਕੇਂਦਰ ਦਾ ਤਾਪ ਮਾਨ ਕਈ ਲੱਖ ਦਰਜੇ ਹੈ । ਪਰ ਭਾਰਤੀ ਹਿੰਦੂ, ਬ੍ਰਾਹਮਣੀ ਝੂਠ ਨੂੰ ਇਸ ਹੱਦ ਤਾਈਂ ਸੱਚ ਦਾ ਰੂਪ ਦੇ ਚੁੱਕਾ ਹੈ ਕਿ ਉਹ ਅੱਜ ਵੀ ਨਵ-ਜਨਮੇਂ ਹਨੂੰਮਾਨ ਦੇ ਮੂੰਹ ਵਿੱਚ ਸੂਰਜ ਨੂੰ ਵੜਦਾ ਅਤੇ ਨਿਕਲਦਾ T.V ਤੇ ਵਿਖਾ ਰਿਹਾ ਹੈ । ਇਸ ਝੂਠ ਨੂੰ ਵਿਖਾਉਂਦੇ ਸਮੇ ਨਾਲ ਦੀ ਨਾਲ ਹਨੂੰਮਾਨ ਦੇ ਸੋਹਿਲੇ ਗਾਏ ਜਾ ਰਹੇ ਹੁੰਦੇ ਹੱਨ । ਇਹ ਲੋਕ ਸਚਾਈ ਦੇ ਦਰਸ਼ਨ ਕਰਾ ਸਕਣ ਵਾਲੀ, ਦੂਰਬੀਨ ਨੂੰ ਨਾਸਤਕਾਂ ਨੇ ਬਣਾਇਆ ਹੋਇਆ ਜਾਦੂ ਦਾ ਝੂਠਾ ਯੰਤ੍ਰ ਆਖ ਕੇ ਭੰਨ ਦੇਣਾ ਚਾਹੁਣਗੇ ਪਰ ਬ੍ਰਾਹਮਣ ਨੂੰ ਝੂਠਾ ਆਖਣਾ ਵੱਡਾ ਪਾਪ ਮੰਨਣਗੇ ।

ਜਿਹੜੇ ਲੋਕ ਜਨਮ ਤੋਂ ਹੀ ਹਜ਼ਾਰਾਂ ਸਾਲ ਇਹ ਸੁਣਦੇ ਆ ਰਹੇ ਸਨ ਕਿ ਦੇਵਤਿਆਂ ਦੀ ਪ੍ਰਸੰਨਤਾ ਨਾਲ ਸਾਰੀਆਂ ਮੰਗਾਂ ਪੂਰੀਆਂ ਕਰਨ ਵਾਲੇ ਵਰ ਮਿਲਦੇ ਹਨ ਅਤੇ ਦੇਵਤਿਆਂ ਦੀ ਕ੍ਰੋਪੀ ਨਾਲ ਦੁਖਾਂ ਦੇ ਪਹਾੜ ਟੁੱਟ ਪੈਂਦੇ ਹਨ, ਜਿਹੜੇ ਲੋਕ ਪੱਥਰ ਦੇ ਦੇਵਤੇ ਨੂੰ ਆਪਣਾ ਇਸ਼ਟ ਮੰਨ ਕੇ ਉਸ ਕੋਲੋਂ ਆਪਣੀਆਂ ਮੁਰਾਦਾਂ ਪੂਰੀਆਂ ਕਰ ਲੈਣ ਦੇ ਭ੍ਰਮ ਨੂੰ ਸੱਚ ਮੰਨ ਕੇ ਸ਼ਰਧਾ ਬਣਾ ਬੈਠੇ ਹੋਏ ਸਨ, ਜਿਨ੍ਹਾਂ ਦਾ ਇਹ ਪੱਕਾ ਭਰੋਸਾ ਬਣ ਚੁੱਕਾ ਸੀ ਕਿ ਪੱਥਰ ਦੀ ਮੂਰਤੀ ਵਾਲੇ ਦੇਵਤੇ ਦੀ ਪ੍ਰਸੰਨਤਾ ਹੀ ਉਨ੍ਹਾਂ ਵਾਸਤੇ ਸੁਰਗਾਂ ਦੇ ਦਰਵਾਜ਼ੇ ਖੋਹਲ ਸਕਦੀ ਹੈ, ਜਿਨ੍ਹਾਂ ਲੋਕਾਂ ਦੇ ਕੋਲ ਦੇਵਤੇ

ਦੀ ਮੂਰਤੀ ਦੀ ਪੂਜਾ ਨੂੰ ਭ੍ਰਮ ਆਖਣਾ ਅਥਵਾ ਇਸ ਸਾਰੇ ਕੁਫ਼ਰ ਦੇ ਵਿੱਰੁਧ ਕੋਈ ਦਲੀਲ ਦੇਣੀ, ਮੌਤ ਨੂੰ ਸੱਦਾ ਦੇਣ ਤੁੱਲ ਸੀ, ਅਜਹੇ ਲੋਕਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਸੱਚ ਦੇ ਲੜ ਲਾਉਣਾ ਸੀ । ਮਿੱਠ ਬੋਲੜੇ ਸੱਜਣ ਸੁਆਮੀ ਸ੍ਰੀ ਗੁਰੂ ਨਾਨਕ ਨਿਰੰਕਾਰੀ ਜੀ, ਜੋ ਕੌੜਾ ਬੋਲਣਾ ਜਾਂਣਦੇ ਹੀ ਨਹੀਂ ਸਨ ਉਹ ਦੇਵਤਿਆਂ ਦੀ ਹੋਂਦ ਨੂੰ ਨਿਰਾ ਭਰਮ ਆਖ ਕੇ, ਨਾ ਕਿਸੇ ਪ੍ਰਕਾਰ ਦਾ ਝਗੜਾ ਖੜਾ ਕਰਨਾ ਚਾਹੁੰਦੇ ਸਨ ਅਤੇ ਨਾ ਹੀ ਉਨ੍ਹਾਂ ਪ੍ਰਤੀ ਸ਼ਰਧਾ ਰੱਖਣ ਵਾਲਿਆਂ ਦੇ ਮਨਾਂ ਨੂੰ ਕਿਸੇ ਪ੍ਰਕਾਰ ਦੀ ਠੇਸ ਹੀ ਪੁਚਾਉਣਾ ਚਾਹੁੰਦੇ ਸਨ । ਫਿਰ ਗੁਰਦੇਵ ਜੀ ਕਿਹੜੀ ਬੋਲੀ ਬੋਲਦੇ ? ਕਿਸ ਤਰ੍ਹਾਂ ਲੋਕਾਂ ਦੇ ਮਨਾਂ ਵਿਚੋਂ ਝੂਠ ਦਾ ਹਨੇਰਾ ਦੂਰ ਕਰ ਕੇ ਸੱਚ ਦੀ ਜੋਤ ਜਗਾਉਂਦੇ ?

ਕਹੀਂਦੇ ਹਨ ਕਿ ਜੇ ਗਧੇ ਨੂੰ ਸਿਧੇ ਰਾਹ ਤੇ ਲਿਆਉਣਾ ਹੋਵੇ ਤਾਂ ਡਾਂਗ ਵਰਤਨ ਦੀ ਲੋੜ ਪੈਂਦੀ ਹੈ ਪਰ ਘੋੜਾ ਇਸ਼ਾਰਾ ਸਮਝਦਾ ਹੈ । **ਅਕਲ ਮੰਦ ਨੂੰ ਇਸ਼ਾਰਾ ਹੀ ਕਾਫੀ** ਹੁੰਦਾ ਹੈ ਜਦ ਕਿ **ਮੂਰਖ** ਰੌਲਾ ਪਾਉਂਣ ਤੇ ਵੀ ਨਹੀਂ ਮੁੜਦਾ । ਸੋ ਆਪਣੇ ਸੱਚ ਦੀ ਸੋਝੀ ਕਰਾਉਣ ਵਾਸਤੇ ਗੁਰਦੇਵ ਜੀ ਨੇ **ਅਕੱਲਮੰਦ ਨੂੰ ਇਸ਼ਾਰੇ ਵਾਲਾ ਸਿਧਾਂਤ** ਵਰਤਣਾ ਅਰੰਭਿਆ । ਏਸੇ ਕਾਰਨ ਹੀ ਆਪਣੇ ਸਿਧਾਂਤ ਦਾ ਹਰ ਪੱਖ ਚੰਗੀ ਤਰ੍ਹਾਂ ਸਮਝਾਉਣ ਲਈ ਕਈ ਕਈ ਸ਼ਬਦ ਲਿਖਣ ਦੀ ਖੇਚਲਾਂ ਭਰੀ ਮਿਹਰ ਕੀਤੀ ।

## ਗੁਰਬਾਣੀ ਵਿਚਾਰ

ਵੇਦਾਂਤ ਅਥਵਾ ਬ੍ਰਾਹਮਣੀ ਗਿਆਨ ਦਾ ਮੂਲ ਮੰਤ੍ਰ **ਓ ਅੰ ਮ** ਹੈ, ਜੋ ਤਿਨਾਂ ਦੇਵਤਿਆਂ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਅਥਵਾ ਸ਼ਿਵ ਦਾ ਪ੍ਰਤੀਕ ਹੈ । ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਓਅੰਮ ਕੀਣ ਨਾਲ ਇਨ੍ਹਾਂ ਤਿੱਨਾਂ ਦੇ ਨਾਮ ਦਾ ਜਾਪ ਭਾਵ, ਪੂਰੀ ਰੱਬੀ ਸ਼ਕਤੀ ਦਾ ਜਾਪ । ਪ੍ਰੋਹਿਤ ਦਾ ਕੀਣਾ ਹੈ ਕਿ ਉਤਪਤੀ, ਪਾਲਣਾ ਅਤੇ ਵਿਨਾਸ਼ ਕਰਨ ਵਾਲੇ ਤਿਨਾਂ ਭਗਵਾਨਾ ਦਾ ਮਿਲਵਾਂ ਜਾਪ ਹੀ ਰੱਬ ਦਾ ਜਾਪ ਹੈ । ਗੁਰਦੇਵ ਜੀ ਨੇ ਸਾਫ਼ ਸ਼ਬਦਾਂ ਵਿੱਚ ਇਹ ਨਾ ਕਿਹਾ ਕਿ ਮੈਂ ਇਨ੍ਹਾਂ ਦੇਵਤਿਆਂ ਦੀ ਹੋਂਦ ਨੂੰ ਨਹੀਂ ਮੰਨਦਾ, ਜਾਂ ਤੁਹਾਡਾ ਇਹ ਵਿਸ਼ਵਾਸ਼ ਗ਼ਲਤ ਹੈ ਕਿ ਸੰਸਾਰ ਦੀ ਉਤਪਤੀ, ਪਾਲਣਾ ਅਥਵਾ ਪ੍ਰਲੈ ਤਿੰਨ ਵਖੋ ਵਖਰੇ ਦੇਵਤੇ ਕਰਦੇ ਹਨ । ਜਿਸ ਜਗਤ ਗੁਰੂ ਜੀ ਨੇ ਸੰਸਾਰ ਨੂੰ ਇਹ ਸਿਧਾਂਤ ਦਿੱਤਾ ਹੈ--" **ਨਾਨਕ ਫਿਕੈ ਬੋਲਿਐ ਤਨੁ ਮਨੁ ਫਿੱਕਾ ਹੋਇ** "- ਉਹ ਕਿਸੇ ਦਾ ਦਿਲ ਦੁਖਾਉਣ ਵਾਲਾ ਕੋਈ ਸ਼ਬਦ ਕਿਵੇਂ ਬੋਲ ਸਕਦੇ ਸਨ ? ਸ੍ਰੀ ਗੁਰੂ ਨਾਨਕ ਦੇਵ ਜੀ ਨੇ ਓਅੰ ਦੀ ਧੁਨ ਓਸੇ ਤਰ੍ਹਾਂ ਰਹਿਣ ਦਿੱਤੀ ਪਰ **ਓ** ਤੋਂ ਪਹਿਲਾਂ **੧** ਲਾ ਦਿੱਤਾ । ਅਤੇ ਪਰਮਾਤਮਾ ਨੂੰ " **ਅਜੂਨੀ** " ਅਤੇ " **ਸੈਭੰ** " ਵੀ ਕੀ ਦਿੱਤਾ । ਸੈਨਤ ਸਮਝਣ ਵਾਲੇ ਵਡਭਾਗਿਆਂ ਨੇ ਝੱਟ ਸਮਝ ਲਿਆ ਕਿ ਦੇਵਤਿਆਂ ਦੀ ਦੁਨੀਆਂ ਦਾ ਭੋਗ ਪੈ ਗਿਆ ਹੈ । ਬਿਬੇਕ ਬੁੱਧੀ ਗੁਰਸਿੱਖਾਂ ਨੇ ਆਪਣੇ ਗੁਰੂ-ਪਰਮੇਸ਼ਰ ਦੀ ਰਮਜ਼ ਨੂੰ ਪਛਾਣ ਲਿਆ । ਹਿਰਦੇ ਨੇ ਕਬੂਲ ਕਰ ਲਿਆ ਕਿ ਦੇਵਤਿਆਂ ਪ੍ਰਤੀ ਸਾਰੇ ਕਿੱਸੇ ਕਹਾਣੀਆਂ, ਭਰਮਾਊ ਅਤੇ ਫੋਕਾ ਅਡੰਬਰ ਹੀ ਹਨ । ਇਸ ਇਸ਼ਾਰੇ ਨੂੰ ਆਮ ਲੋਕਾਂ ਦੀ ਸਮਝ ਗੋਚਰਾ ਕਰਨ ਵਾਸਤੇ, ਫਿਰ ਹੌਲੀ ਹੌਲੀ ਕੁੱਝ ਸਪੱਸ਼ਟ ਅਰਥਾਂ ਵਾਲੇ ਬਚਨ ਵੀ ਉਚਾਰੇ । ਮੂਲ ਮੰਤ੍ਰ ਵਿੱਚ ਆਪਣੇ ਸਿਧਾਂਤ ਦਾ ਸਪੱਸ਼ਟ ਸੰਕੇਤ ਕਰ ਦੇਣ ਉਪਰੰਤ ਜਪੁਜੀ ਸਾਹਿਬ ਦੀ ਪੰਜਵੀਂ ਪਉੜੀ ਵਿੱਚ ਫ਼ੁਰਮਾਨ ਕੀਤਾ:-

੭੫- **ਗੁਰਮੁਖਿ ਨਾਦੰ ਗੁਰਮੁਖਿ ਵੇਦੰ, ਗੁਰਮੁਖਿ ਰਹਿਆ ਸਮਾਈ ॥**
**ਗੁਰੁ ਈਸਰੁ ਗੁਰੁ ਗੋਰਖੁ ਬਰਮਾ, ਗੁਰੁ ਪਾਰਬਤੀ ਮਾਈ ॥ .... ੫ ॥**

ਭਾਈ ਵੀਰ ਸਿੰਘ , ਭਾਈ ਸਾਹਿਬ ਸਿੰਘ ਅਤੇ ਸੰਤ ਸਿੰਘ ਮਸਕੀਨ, ਰਜਨੀਸ਼ ਓਸ਼ੋ, ਵਿਨੋਬਾ ਭਾਵੇ ਆਦਿ ਵਿਦਵਾਨਾ ਦੀ ਸਹਿਮਤੀ ਹੈ ਕਿ ਇਸ ਤੁਕ ਦੇ ਅਰਥ ਇਸ ਪ੍ਰਕਾਰ ਹਨ--" ਪ੍ਰਭੂ ਦਾ ਨਾਮ ਅਤੇ ਗਿਆਨ ਗੁਰੂ ਦੇ ਰਾਹੀਂ ਹੀ ਪ੍ਰਾਪਤ ਹੁੰਦਾ ਹੈ ਗੁਰੂ ਦੀ ਸਿਖਿਆ ਨਾਲ ਹੀ ਇਹ ਵ੍ਰਿਸ਼ਵਾਸ਼ ਬੱਝਦਾ ਹੈ ਕਿ ਉਹ ਪਰਮਾਤਮਾ ਹਰ ਥਾਂ ਵਿਆਪਕ ਹੈ । ਗੁਰੂ ਹੀ ਸਾਡੇ ਲਈ ਸ਼ਿਵ ਹੈ, ਗੁਰੂ ਹੀ ਗੋਰਖ ਤੇ ਬ੍ਰਹਮਾ ਹੈ ਅਤੇ ਗੁਰੂ ਹੀ (ਸਾਡੇ ਲਈ) ਪਾਰਬਤੀ, ਦੁਰਗਾ, ਚੰਡੀ, ਭਵਾਨੀ, ਗਿਰਜਾ, ਆਦਿ ਮਾਈ ਹੈ (ਸਾਰੇ ਨਾਮ ਇੱਕੋ ਦੇ ਹੀ ਹਨ) । (ਗੁਰੂ ਨਾਨਕ ਦੇਵ ਜੀ ਦੇ ਗੁਰੂ ਦਾ ਨਾਮ ਸਦਾ ਚੇਤੇ ਰਖਣਾ ਚਾਹੀਦਾ ਹੈ - **ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ** ॥ ਸੋ:ਮ:੧--੫੯੯ । **ਪ੍ਰਿੰ:ਸਤਬੀਰ ਸਿੰਘ** ਨੇ, ਗੁਰੂ ਨਹੀਂ ਸਗੋਂ ਗੁਰੂ-ਸ਼ਬਦ ਕੀ ਕੇ ਅਰਥ ਇਸ ਤਰ੍ਹਾਂ ਲਿਖੇ ਹਨ, ਗੁਰੂ ਸ਼ਬਦ ਵਿੱਚ ਹੀ ਨਾਮ ਦੇ ਵੇਦ (ਗਿਆਨ) ਹੈ ਤੇ ਸੱਚੀ ਗੱਲ ਇਹ ਹੈ ਕਿ ਗੁਰੂ ਸ਼ਬਦ ਵਿੱਚ ਹੀ ਸ਼ਿਵ, ਵਿਸ਼ਨੂੰ, ਬ੍ਰਹਮਾ ਤੇ ਪਾਰਬਤੀ ਹੈ । "

ਪਿਆਰਾਂ ਲੱਦੇ ਹਿਰਦੇ ਵਾਲੇ ਜਗਤ-ਗੁਰੂ ਜੀ ਨੇ, ਇਹ ਨਹੀਂ ਕਿਹਾ ਕਿ ਦੇਵੀ ਦੇਵਤਿਆਂ ਨੂੰ ਮੰਨਣਾ ਭਰਮ ਹੈ, ਜਾਂ ਇਸ ਭਰਮ-ਜਾਲ ਵਿੱਚ ਨਹੀਂ ਫਸਣਾ ਚਾਹੀਦਾ । ਅਜੇਹਾ ਕੀਂਣ ਨਾਲ ਕਿਸੇ ਪ੍ਰਕਾਰ ਦਾ ਵਾਦ ਵਿਵਾਦ ਖੜਾ ਹੋ ਸਕਦਾ ਸੀ, ਅਤੇ ਦੇਵੀ ਦੇਵਤਿਆਂ ਦੇ ਕਿਸੇ ਸ਼ਰਧਾਲੂ ਦਾ ਹਿਰਦਾ ਤਪ ਸਕਦਾ ਸੀ । ਪਰ ਜਗਤ ਗੁਰੂ ਬਾਬਾ ਜੀ ਨੇ ਅਜੇਹੀ ਸੰਭਵਣਾ ਹੀ ਪੈਦਾ ਨਹੀਂ ਹੋਣ ਦਿੱਤੀ । ਇਹ ਕੀ ਦਿੱਤਾ ਕਿ ਜਿਸ ਗੁਰੂ ਕੋਲੋਂ ਅਕਾਲ ਪੁਰਖ ਦੀ ਸੂਝ ਆਉਂਦੀ ਹੈ ਅਤੇ ਜਿਸ ਗੁਰੂ ਕੋਲੋ ਆਤਮਕ ਠੰਡ ਦੇਣ ਵਾਲਾ ਗਿਆਨ ਮਿਲਦਾ ਹੈ ਸਾਡੇ ਵਾਸਤੇ ਉਹੀ ਸੱਭ ਕੁੱਝ ਹੈ । ( ਤੱਤ ਗਿਆਨ ਦੇ ਅਭਿਲਾਖੀ ਬਿਬੇਕ ਬੁਧ ਵਾਲਿਆਂ ਨੇ ਇਸ ਗੁਰੂ ਫ਼ੁਰਮਾਨ ਵਿਚੋਂ ਸਤਿਗੁਰਾਂ ਦੇ ਇਸ ਸੰਕੇਤ ਨੂੰ ਸਮਝ ਲਿਆ ਕਿ " ਅਸੀਂ ਕਥਿਤ ਤੌਰ ਤੇ ਰੱਬੀ ਸ਼ਕਤੀਆਂ ਵਾਲੇ ਕਿਸੇ ਹੋਰ ਦੇਵਤੇ ਆਦਿ ਨੂੰ ਜਾਣਦੇ ਪਛਾਣਦੇ ਹੀ ਨਹੀਂ ਹਾਂ )

ਏਸੇ ਤਰ੍ਹਾਂ ਹੀ ਕਿਸੇ ਦਾ ਦਿਲ ਦੁਖਾਉਣ ਤੋਂ ਬਿਨਾ ਆਪਣਾ ਸਿਧਾਂਤ ਸਪੱਸ਼ਟ ਕਰੀ ਜਾਣ ਵਾਲੇ, ਪਿਆਰਾਂ ਲੱਦੇ ਜਗਤ ਗੁਰੂ ਦਾ ਇੱਕ ਹੋਰ ਮਨਮੋਹਣਾ ਢੰਗ ਵੀ ਬੜਾ ਧਿਆਨ ਗੋਚਰਾ ਹੈ । ਸਚਾਈ ਸਮਝਾਉਂਣ ਦੇ ਉਸ ਮਿੱਠੇ ਅਤੇ ਬਾਦਲੀਲ ਢੰਗ ਨੂੰ ਸਰਲਤਾ ਨਾਲ ਸਮਝਣ ਵਾਸਤੇ ਇੱਕ ਪੇਂਡੂ ਜੇਹੀ ਲਘੂ ਗਾਥਾ ਪੜ੍ਹ ਲੈਣੀ ਲਾਹੇਵੰਦ ਰਹੇਗੀ । ਗਾਥਾ ਇਸ ਪ੍ਰਕਾਰ ਹੈ :- ਇੱਕ ਵਾਰ ਸ਼ਿਕਾਰ ਤੇ ਗਏ ਹੋਏ ਕਿਸੇ ਮਹਾਰਾਜੇ ਨੂੰ ਭੁੱਖ ਪਿਆਸ ਨੇ ਬੜਾ ਸਤਾਇਆ । ਦੇਵ ਨੇਤ ਨਾਲ ਉਸ ਨੂੰ ਇੱਕ ਮਿਲਿਆ ਤਾਂ ਰਾਜੇ ਨੇ ਉਸ ਕੋਲੋਂ ਸਹਾਇਤਾ ਮੰਗੀ । ਉਸ ਗ਼ਰੀਬੜੇ ਵਾਹੀਕਾਰ ਦਾ ਘਰ ਨੇੜੇ ਹੀ ਸੀ ਜਿਥੇ ਉਹ ਆਪਣੀ ਪਤਨੀ ਨਾਲ ਰਹਿੰਦਾ ਸੀ । ਮਹਾਰਾਜੇ ਨੂੰ ਆਪਣੇ ਘਰ ਲੈ ਗਿਆ ਅਤੇ ਯਥਾ ਸ਼ਕਤ ਰੋਟੀ ਪਾਣੀ ਨਾਲ ਉਸ ਦੀ ਸੇਵਾ ਕੀਤੀ । ਮਹਾਰਾਜੇ ਨੇ ਉਸ ਨੂੰ ਕੁਝ ਮਾਇਆ ਦੇਣੀ ਚਾਹੀ ਪਰ ਉਨ੍ਹਾਂ ਦੋਹਾਂ ਜੀਆਂ ਬੜੇ ਸਤਿਕਾਰ ਨਾਲ ਕਿਹਾ ਕਿ ਘਰ ਆਇਆ ਮਾਂ ਪਿਉ ਜਾਇਆ ਹੁੰਦਾ ਹੈ, ਅਸੀਂ ਅਥਿਤੀ ਨੂੰ ਭਗਵਾਨ ਦਾ ਰੂਪ ਮੰਨਦੇ ਹਾਂ, ਰੋਟੀ ਦੀ ਕੀਮਤ ਦੇ ਕੇ ਸਾਡਾ ਧਰਮ ਭ੍ਰਿਸ਼ਟ ਨਾ ਕਰੋ । ਮਹਾਰਾਜੇ ਨੇ ਜਾਣ ਲੱਗਿਆਂ ਜੱਟ ਨੂੰ ਤਾਕੀਦ ਕੀਤੀ ਕਿ ਜਦੋਂ ਵੀ ਜ਼ਿੰਦਗੀ ਵਿੱਚ ਕੋਈ ਲੋੜ ਬਣੇ ਉਸ ਕੋਲ ਆਵੇ ਅਤੇ ਆਪਣਾ ਨਾਮ ਦੱਸ ਕੇ ਕਿਹਾ ਕਿ ਉਹ ਉਸ ਥਾਂ ਦਾ ਮਹਾਰਾਜਾ ਹੈ । ਸ਼ਾਹੀ ਮੋਹਰ ਦੇ ਕੇ ਸਮਝਾਇਆ ਕਿ, ਪਹਿਰੇ ਦਾਰਾਂ ਨੂੰ ਦਿਖਾ ਕੇ ਅੰਦਰ ਲੰਘ ਆਵੀਂ । ਇੱਕ ਸਮੇ ਉਸ ਵਾਹੀ ਕਾਰ ਨੂੰ ਬਹੁਤ ਤੰਗੀ ਆ ਬਣੀ ਅਤੇ ਆਪਣੀ ਪਤਨੀਂ ਦੇ ਕੀਣ ਤੇ ਮਹਾਰਾਜੇ ਨੂੰ ਮਿਲਣ ਤੁਰ ਪਿਆ । ਸ਼ਾਹੀ ਮੋਹਰ ਦਿਖਾ ਕੇ ਮਹਾਰਾਜੇ ਦੇ ਮਹਲੀਂ ਜਾ ਵੜਿਆ । ਮਹਾਰਾਜਾ ਨਮਾਜ਼ ਪੜ੍ਹ ਰਿਹਾ ਸੀ

ਜਿਸ ਨੂੰ ਉਹ ਗਰੀਬੜਾ, ਬੈਠ ਕੇ ਦੇਖਦਾ ਰਿਹਾ । ਨਮਾਜ਼ ਪੜ੍ਹ ਕੇ ਅਸਮਾਨ ਵੱਲ ਮੂੰਹ ਕਰਕੇ ਦੋਹਾਂ ਹੱਥਾਂ ਦਾ ਬੁੱਕ ਬਣਾ ਕੇ ਦੁਆ ਮੰਗੀ ਅਤੇ ਵਿਹਲਾ ਹੋ ਕੇ ਆਇਆ ਅਤੇ ਵਾਹੀਕਾਰ ਨੂੰ ਪਛਾਣ ਕੇ ਬੜਾ ਖੁਸ਼ ਹੋਇਆ ਅਤੇ ਸੇਵਾ ਪੁਛੀ ।

ਬੜੀ ਸਾਦਗੀ ਅਤੇ ਸਰਲਤਾ ਨਾਲ ਉਸ ਜੱਟ ਨੇ ਮਹਾਰਾਜੇ ਕੋਲੋਂ ਪੁੱਛ ਲਿਆ ਕਿ ਬੁੱਕ ਕਰਕੇ ਉਹ ਕੀ ਕਰ ਰਿਹਾ ਸੀ । ਮਹਾਰਾਜੇ ਨੇ ਸਮਝਾਇਆ ਕਿ ਉਹ ਅੱਲਾ ਭਾਵ ਪਰਮਾਤਮਾਂ ਕੋਲੋਂ ਰਹਿਮ-ਕਰਮ ਦੀ ਭਿਖਿਆ ਮੰਗ ਰਿਹਾ ਸੀ । ਜ਼ਿਮੀਦਾਰ ਬਿਨਾ ਕੁੱਝ ਹੋਰ ਕਿਹਾਂ ਵਾਪਸ ਪਰਤ ਪਿਆ । ਮਹਾਰਾਜੇ ਦੇ ਬੜਾ ਪੁੱਛਣ ਤੇ ਕਿ ਉਹ ਕੀ ਕਰਨ ਆਇਆ ਸੀ, ਵਾਹੀਕਾਰ ਨੇ ਕਿਹਾ **ਆਇਆ ਤੇ ਕੁੱਝ ਲੈਣ ਹੀ ਸਾਂ ਪਰ ਸਮਝ ਪੈ ਗਈ ਹੈ ਕਿ ਪਰਮਾਤਮਾਂ ਦੇ ਘਰ ਦਾ ਤੂੰ ਵੀ ਓਸੇ ਤਰ੍ਹਾਂ ਦਾ ਮੰਗਤਾ ਹੈਂ ਜਿਵੇਂ ਦਾ ਮੈਂ ਹਾਂ । ਸੋਂ ਮੈਂ ਵੀ ਫਿਰ ਉਸ ਕੋਲੋਂ ਹੀ ਮੰਗ ਲਵਾਂ ਗਾ ਤੇਰਾ ਮੁਥਾਜ ਕਿਉਂ ਬਣਾ ?** ਗਰੀਬ ਅਤੇ ਸੰਤੋਖੀ ਵਾਹੀਕਾਰ ਨੂੰ ਮਹਾਰਾਜਾ ਦਾਤੇ ਤੋਂ ਮੰਗਤਾ ਹੋ ਦਿੱਸਿਆ ।-- **ਮਾਗਉ ਕਾਹਿ ਰੰਕ ਸਭ ਦੇਖਉ, ਤੁਮ੍ ਹੀ ਤੇ ਮੇਰੋ ਨਿਸਤਾਰੁ ॥ ੧ ॥** [੮੫੬]-੭

ਗੁਰਦੇਵ ਜੀ ਨੇ ਬ੍ਰਹਮਾ ਵਿਸ਼ਨੂੰ ਆਦਿ ਸੱਭ ਦੇਵੀ ਦੇਵਤਿਆਂ ਅਥਵਾ ਹੋਰ ਕਥਿਤ ਅਸਮਾਨੀ ਸ਼ਕਤੀਆਂ ਨੂੰ ਮਨੁੱਖ ਦੀ ਪੱਧਰ ਤੇ ਹੀ ਖਲੋਤੇ ਹੋਏ, ਪਰਮਾਤਮਾਂ ਦੇ ਦਰ ਦੇ ਸਵਾਲੀ, ਉਸ ਦੀ ਬੇਅੰਤਤਾਈ ਦੇ ਸੋਹਲੇ ਗਾਂਉਦੇ, ਉਸ ਦੀ ਮਹਿਮਾਂ ਦੀ ਥਾਹ ਪਾਉਣ ਲਈ ਲੁੱਛਦੇ ਦਰਸਾ ਦੇਣਾ ਠੀਕ ਜਾਣਿਆਂ । ਮਨੁੱਖ ਦੇ ਮਨ ਵਿਚੋਂ ਦੇਵਤਿਆਂ ਦੀ ਉਨ੍ਹਾਂ ਦੈਵੀ ਸ਼ਕਤੀਆਂ ਦਾ ਭਰਮ ਦੂਰ ਕਰਨਾ ਸੀ ਜੋ ਬ੍ਰਾਹਮਣ ਨੇ ਹਜ਼ਾਰਾਂ ਸਾਲਾਂ ਤੋਂ ਬਣਾ ਦਿੱਤਾ ਹੋਇਆ ਸੀ । ਭਰਮੀ ਮਨੁੱਖ ਨੂੰ ਪਿਆਰ ਨਾਲ ਸਮਝਾਇਆ ਕਿ ਜੇ ਦੇਵੀ ਦੇਵਤਿਆਂ ਦੀ ਕੋਈ ਹਸਤੀ ਮੰਨਦੇ ਹੀ ਹੋ, ਤਾਂ ਇਹ ਨਾ ਭੁੱਲੋ, ਕਿ ਸਰਬ ਸ਼ਕਤੀ-ਮਾਨ ਪ੍ਰਭੂ ਦੇ ਦਰਬਾਰ ਤੇ ਉਹ ਵੀ ਸਾਡੇ ਵਰਗੇ ਮੰਗਤੇ ਹੀ ਹਨ ਅਤੇ ਕਿਸੇ ਵੀ ਹਾਲਤ ਵਿੱਚ ਉਹ ਸਾਡੇ ਨਾਲੋਂ ਉਚੇ ਨਹੀਂ ਹਨ । ਮਨੁੱਖ ਦਾ ਸੁਭਾ ਹੈ ਕਿ ਉਹ ਕਿਸੇ ਸ਼ਕਤੀ ਜਾਂ ਵਿਆਕਤੀ ਦੇ ਨਾਲ ਜੁੜਦਾ ਕੇਵਲ ਇਸ ਲਾਲਸਾ ਨਾਲ ਹੈ ਕਿ ਕਿਸੇ ਢੰਗ ਨਾਲ ਉਸ ਦੇ ਗੁਣਾਂ ਤੋਂ ਕੋਈ ਉਚੇਚਾ ਲਾਭ ਲੈ ਸਕੇ । ਜਦ ਪਤਾ ਲੱਗ ਜਾਏ ਕਿ ਇਸ ਵਿਅਕਤੀ (ਅਫਸਰ ਜਾਂ ਲੀਡਰ ) ਦੇ ਹੱਥ ਪੱਲੇ ਕੁੱਝ ਨਹੀਂ ਤਾਂ ਉਸ ਨੂੰ ਸਲਾਮਾਂ ਕਰਨੀਆਂ ਤੇ ਕਿਤੇ ਰਹੀਆਂ, ਸੁਆਰਥੀ ਮਨੁੱਖ ਉਸ ਦੇ ਮੱਥੇ ਲਗਣਾ ਵੀ ਸਮੇਂ ਦਾ ਨਸ਼ਟ ਸਮਝਦਾ ਹੈ । ਕੱਲ੍ਹ ਜਿਸ ਲੀਡਰ ਦੀ ਆਉ ਭਗਤ ਲਈ ਲੱਖਾਂ ਕ੍ਰੋੜਾਂ ਲੋਕ ਅੱਖੀਆਂ ਵਿਛਾਉਦੇ ਸੱਨ ਅੱਜ ਉਸ ਵੱਲ ਗੰਦੇ ਆਂਡੇ ਤੇ ਟਮਾਟਰ ਵਗਾਹ ਰਹੇ ਹੁੰਦੇ ਹਨ । ਗੁਰਬਾਣੀ ਸ਼ਬਦਾਂ ਦੁਆਰਾ ਮਿੱਠੇ ਢੰਗ ਨਾਲ ਹੋਲੀ ਹੋਲੀ ਦੇਵਤੇ ਪ੍ਰਤੀ ਬਣਿਆਂ ਲੋਕਾਂ ਦਾ ਭੁਲੇਖਾ ਚੁਕਿਆ ਜਾ ਰਿਹਾ ਸੀ । ਹੋਲੀ ਹੋਲੀ ਲੋਕਾਂ ਦੇ ਮਨ ਵਿਚ ਵਿਚਾਰ ਬਣ ਰਿਹਾ ਸੀ ਕਿ, " ਹੈਂ, ਦੇਵਤੇ ਤਾਂ ਸਾਥੋਂ ਵੀ ਗਏ ਗੁਜ਼ਰੇ ਮੰਗਤੇ ਹਨ । ਇਨ੍ਹਾਂ ਦੇ ਤਾਂ ਪੱਲੇ ਤਾਂ ਹੈ ਹੀ ਕੱਖ ਨਹੀਂ, ਛੱਡੋ ਪਰ੍ਹਾਂ ਇਨ੍ਹਾਂ ਦਾ ਕੀੜਾ, ਅਸੀਂ ਐਵੇਂ ਇਨ੍ਹਾਂ ਦੀਆਂ ਮੂਰਤੀਆਂ ਅੱਗੇ ਮੱਥੇ ਘਸਾਉਂਦੇ ਰਹੇ ? ਲੋਕ ਗੁਰੂ ਨਾਨਕ ਜੀ ਦੀ ਛਤਰ ਛਾਇਆ ਹੇਠ ਆਉਣੇ ਅਰੰਭ ਹੋ ਗਏ।

ਦੇਵਤਿਆਂ ਬਾਰੇ ਬਣਿਆ ਭਰਮ ਸਾਡੇ ਮਨਾਂ ਵਿਚੋਂ ਕੱਢਣ ਦਾ ਇਹ ਢੰਗ ਬਹੁਤ ਵਾਰੀ ਵਰਤਿਆ ਵੇਖਾਂਗੇ । ਅਜੇਹਾ ਹੀ ਸੰਕੇਤ ਸਾਨੂੰ ਜਪੁਜੀ ਸਾਹਿਬ ਵਿਚੋਂ ਰੋਜ਼ ਹੀ ਮਿਲਦਾ ਹੈ । ਆਉ ਜਪੁਜੀ ਸਾਹਿਬ ਦੀ ਉਹ ਪਉੜੀ ਪੜ੍ਹੀਏ ਜਿਥੋਂ ਦੇਵਤੇ ਆਦਿ ਸੱਭ ਸ਼ਕਤੀਆਂ ਸਾਡੀ ਪੱਧਰ ਤੇ ਹੀ ਖਲੋਤੀਆਂ ਦਿਸਦੀਆਂ ਹਨ :- -

੨੬-- **ਆਖਹਿ, ਵੇਦ ਪਾਠ ਪੁਰਾਣ ॥ ਆਖਹਿ ਪੜੇ , ਕਰਹਿ ਵਖਿਆਣ ॥**
**ਆਖਹਿ ਬਰਮੇ, ਆਖਹਿ ਇੰਦ ॥ ਆਖਹਿ, ਗੋਪੀ ਤੈ ਗੋਵਿੰਦ ॥**
**ਆਖਹਿ ਈਸਰ, ਆਖਹਿ ਸਿਧ ॥ ਆਖਹਿ , ਕੇਤੇ ਕੀਤੇ ਬੁਧ ॥**
**ਆਖਹਿ ਦਾਨਵ, ਆਖਹਿ ਦੇਵ ॥ ਆਖਹਿ, ਸੁਰਿ ਨਰ ਮੁਨਿ ਜਨ ਸੇਵ ॥**
**ਕੇਤੇ ਆਖਹਿ, ਆਖਹਿਣ ਪਾਹਿ ॥ ਕੇਤੇ, ਕੀ ਕੀ, ਉਠਿ ਉਠਿ ਜਾਹਿ ॥**
**ਏਤੇ ਕੀਤੇ, ਹੋਰਿ ਕਰੇਹਿ ॥ ਤਾਂ, ਆਖਿ ਨ ਸਕੀ ਕੇਈ ਕੇਇ ॥**
**ਜੇਵਡੁ ਭਾਵੈ, ਤੇਵਡੁ ਹੋਇ ॥ ਨਾਨਕ ਜਾਣੈ ਸਾਚਾ ਸੋਇ ॥**
**ਜੇ ਕੋ ਆਖੈ ਬੋਲੁ ਵਿਗਾੜੁ ॥ ਤਾਂ ਲਿਖੀਐ, ਸਿਰਿ ਗਾਵਾਰਾ ਗਾਵਾਰੁ ॥ ੨੬ ॥**[੬]

**ਪਦ ਅਰਥ** :- ਆਖਹਿ--ਆਖ ਰਹੇ ਹਨ, ਵਰਨਣ ਕਰਦੇ ਹਨ । ਵੇਦ ਪਾਠ--ਵੇਦਾਂ ਦੇ ਪਾਠ, ਵੇਦਾਂ ਦੇ ਮੰਤ੍ਰ । ਪੜੇ--ਪੜ੍ਹੇ ਹੋਏ ਮਨੁੱਖ, ਵਿਦਵਾਨ । ਕਰਹਿ ਵਖਿਆਣ--ਵਖਿਆਣ ਕਰਦੇ ਹਨ, ਉਪਦੇਸ਼ ਕਰਦੇ ਹਨ । ਬਰਮੇ-ਕਈ ਬ੍ਰਹਮਾ, (ਕਈ ਬ੍ਰਹਮਾ ਕੀ ਕੇ ਬ੍ਰਾਹਮਣ ਦੇ ਉਸ ਬ੍ਰਹਮਾਂ ਦੇਵਤੇ ਦਾ ਭੋਗ ਪਾ ਦਿੱਤਾ ਹੈ ਜਿਸ ਦੇ ਮੂੰਹ ਵਿੱਚੋਂ ਆਪਣੇ ਪੈਦਾ ਹੋਣ ਦੀ **ਬਾਤ** ਜੋੜੀ ਹੋਈ ਹੈ, ਜਿਵੇਂ ਕੀ ਦੇਈਏ ਕਿ, ਤੇਰੇ ਜਿਹੇ ਕਈ ਤੁਰੇ ਫਿਰਦੇ ਹਨ, ਤੂੰ ਕਿਸ ਬਾਗ਼ ਦੀ ਮੂਲੀ ਹੈਂ ?) । ਇੰਦ--(ਕਈ) ਇੰਦਰ ਦੇਵਤੇ । ਤੈ-ਅਤੇ, ਤੇ । ਗੋਪੀ--ਕ੍ਰਿਸ਼ਨ ਦੀਆਂ ਸਹੇਲੀਆਂ, ਗੋਪੀਆਂ । ਗੋਵਿੰਦ--ਕਈ ਕਾਨ੍ਹ (ਕ੍ਰਿਸ਼ਨ ਦਾ ਇੱਕ ਨਾਮ ਗੋਵਿੰਦ ਵੀ ਹੈ) । ਈਸਰ--ਸ਼ਿਵ (ਸ਼ਿਵ ਨਾਮ ਦੇ ਵੀ ਕਈ ਹਨ) । ਕੇਤੇ-- ਬੇਅੰਤ, ਕਈ । ਕੀਤੇ--ਅਕਾਲਪੁਰਖ ਦੇ ਪੈਦਾ ਕੀਤੇ ਹੋਏ । ਬੁਧ--ਮਹਾਤਮਾ ਬੁੱਧ । ਦਾਨਵ - ਰਾਖ਼ਸ਼, ਦੈਂਤ । ਦੇਵ--ਦੇਵਤੇ । ਸੁਰਿ ਨਰ-- ਸੁਰਾਂ ਜਿਹੇ ਮਨੁੱਖ, ਦੇਵਤੇ ਦੇ ਸੁਭਾ ਵਰਗੇ ਮਨੁੱਖ, ਜਿਹੜੀ ਕਿਸਮ ਦਾ ਸੁਭਾ ਦੇਵਤੇ ਨਾਲ ਜੋੜਿਆ ਹੋਇਆ ਹੈ ਉਸ ਸੁਭਾ ਦੇ ਮਨੁੱਖ । ਮੁਨਿ ਜਨ-ਮੁਨੀ ਲੋਕ । ਸੇਵ--ਸੇਵਕ, ਹੋਰ ਕਈ ਪ੍ਰਕਾਰ ਦੇ ਸੇਵਕ । ਆਖਨ ਪਾਹਿ--ਆਖਣ ਦਾ ਜਤਨ ਕਰਦੇ ਹਨ । ਕੀ ਕੀ--ਆਖ ਆਖ ਕੇ, ਅਕਾਲ ਪੁਰਖ ਦਾ ਮੁੱਲ ਪਾ ਪਾ ਕੇ । ਉਠਿ ਉਠਿ ਜਾਹਿ--ਜਹਾਨ ਤੋਂ ਚਲੇ ਜਾਂਦੇ ਹਨ (ਹੋਰ ਮਾਮੂਲੀ ਤੋਂ ਮਾਮੂਲੀ ਜੀਵਾਂ ਵਾਂਗ ਹੀ, ਬ੍ਰਹਮੇ, ਸ਼ਿਵ, ਇੰਦਰ ਆਦਿ ਨਾਵਾਂ ਵਾਲੇ ਸੱਭ ਮਰਦੇ ਖਪਦੇ ਜਾ ਰਹੇ ਹਨ) । ਏਤੇ ਕੀਤੇ--ਇਤਨੇ ਜੀਵ ਪੈਦਾ ਕੀਤੇ ਹੋਏ ਹਨ । ਕਰੇਹਿ--ਜੇ ਤੂੰ ਹੋਰ ਜੀਵ ਵੀ ਪੈਦਾ ਕਰ ਦੇਵੇਂ । ਤਾ--ਤਾਂ ਵੀ । ਨ ਕੇਈ ਕੇਇ--ਕੋਈ ਵੀ ਮਨੁੱਖ ਨਹੀਂ । ਜੇਵਡੁ ਭਾਵੈ--ਜੇਡਾ ਵੱਡਾ । ਭਾਵੈ--ਚਾਹੁੰਦਾ ਹੈ । ਸਾਚਾ ਸੋਇ--ਉਹ ਸਦਾ ਹੀ ਸਥਿਰ ਰਹਿਣ ਵਾਲਾ ਅਕਾਲ ਪੁਰਖ । ਬੋਲ ਵਿਗਾੜੁ--ਬੜਬੋਲਾ, ਗੱਪੀ । ਸਿਰਿ ਗਾਵਾਰਾ ਗਾਵਾਰੁ--ਮੂਰਖਾਂ ਦੇ ਸਿਰ ਮੂਰਖ, ਮਹਾਂ ਮੂਰਖ ॥

ਇਸ ਪਉੜੀ ਰਾਹੀਂ ਗੁਰਦੇਵ ਜੀ ਨੇ ਇਹ ਗਿਆਨ ਬਖ਼ਸ਼ਿਆ ਹੈ :-

(ੳ) ਪਰਮਾਤਮਾਂ ਅਥਾਹ ਅਤੇ ਅਗੋਚਰ ਹੈ । ਉਸ ਦੀ ਕੀਮਤ ਕੋਈ ਨਹੀਂ ਪਾ ਸਕਦਾ । ਉਸਦੀ ਬੇਅੰਤ-ਤਾਈ ਬਾਰੇ ਹਿਸਾਬ ਕਿਤਾਬ ਦਾ ਭੇਤ ਸਮਝਾਉਣ ਦੀ ਗੱਲ ਕਰਨ ਵਾਲਾ ਗੱਪੀ ਹੈ ਅਤੇ ਮਹਾਂ ਮੂਰਖ ਹੈ ।

(ਅ) ਇਸ ਸੰਸਾਰ ਵਿੱਚ ਪੈਦਾ ਹੋਏ ਸੱਭ ਜੀਵ ਪ੍ਰਭੂ ਵਾਸਤੇ ਇਕ ਸਮਾਨ ਹਨ । ਪ੍ਰਭੂ ਦੀ ਸ਼ਕਤੀ ਦਾ ਅੰਦਾਜ਼ਾ ਜਿਸ ਤਰ੍ਹਾਂ ਸਾਧਾਰਨ ਜਿਹਾ ਅਨਪੜ੍ਹ ਮਨੁੱਖ ਨਹੀਂ ਪਾ ਸਕਦਾ ਉਸੇ ਤਰ੍ਹਾਂ ਹੀ, ਬ੍ਰਹਮਾਂ, ਇੰਦ੍ਰ ਸ਼ਿਵ ਆਦਿ ਨਾਵਾਂ ਵਾਲੇ, ਪੜ੍ਹੇ ਲਿਖੇ, ਮੁਨੀ, ਬੁਧ ਆਦਿ ਕੋਈ ਨਹੀਂ ਪਾ ਸਕਦਾ । ਕਿਸੇ ਵਿੱਚ ਵੀ ਅਜੇਹੀ ਕੋਈ ਉਚੇਚੀ ਸ਼ਕਤੀ ਨਹੀਂ ਹੈ ਜੋ ਉਸ ਦਾਤਾਰ ਦੀ ਸਰਬੱਗਤਾ ਦਾ ਵਰਣਨ ਕਰ ਸਕੇ । ਸਾਰੇ ਜੀਵ ਜੰਤ, ਰਿਖੀ ਮੁਨੀ ਕਥਿਤ ਦੇਵੀ ਦੇਵਤੇ ਓਸੇ ਇੱਕ ਨਿਯੱਮ ਵਿੱਚ ਪ੍ਰੋਤੇ ਹੋਏ ਜੰਮਦੇ ਅਤੇ ਮਰ-ਖਪ ਰਹੇ ਹਨ ਜਿਵੇਂ ਦੂਜੇ ਜੀਵ ਸੰਸਾਰ ਵਿਚ ਆ ਕੇ ਵਾਪਸ ਜਾ ਰਹੇ ਹਨ। ਫਿਰ ਕਥਿਤ ਦੇਵਤਿਆਂ ਦੀ ਕਾਹਦੀ ਮੁਥਾਜੀ ਰਹਿ ਗਈ ?

ਏਸੇ ਤਰ੍ਹਾਂ ਫਿਰ ਤੀਹਵੀਂ ਪਉੜੀ ਵਿੱਚ ਹੋਰ ਵੀ ਵੱਧ ਸਪੱਸ਼ਟ ਕਰ ਦਿੱਤਾ ਹੈ ਕਿ ਇਹ ਦੇਵੀ ਦੇਵਤੇ ਸਾਰਾ ਮਾਇਆ ਦਾ ਹੀ ਪਸਾਰਾ ਹੈ । ਭਾਵ ਲੋਕਾਂ ਨੂੰ ਲੁਟਣ ਵਾਸਤੇ, ਮਾਇਆ ਧਾਰੀਆਂ ਨੇ ਹੀ ਦੇਵੀ ਦੇਵਤੇ ਬਣਾਏ ਹਨ । ਸਾਰੀ ਸ੍ਰਿਸ਼ਟੀ ਦਾ ਸਿਰਜਣਹਾਰ, ਪਾਲਣਹਾਰ ਅਤੇ ਪ੍ਰਲੈ ਕਰਨ ਵਾਲਾ ਉਹ ਆਪ ਹੀ ਆਪ ਹੈ :- -

੭੭- **ਏਕਾ ਮਾਈ, ਜੁਗਤਿ ਵਿਆਈ, ਤਿਨਿ ਚੇਲੇ ਪਰਵਾਣੁ ॥ ਇਕੁ ਸੰਸਾਰੀ, ਇਕੁ ਭੰਡਾਰੀ, ਇਕੁ ਲਾਏ ਦੀਬਾਣੁ ॥**
**ਜਿਵ ਤਿਸੁ ਭਾਵੈ, ਤਿਵੈ ਚਲਾਵੈ, ਜਿਵ ਹੋਵੈ ਫੁਰਮਾਣੁ ॥ ਓਹੁ ਵੇਖੈ, ਓਨਾ ਨਦਰਿ ਨ ਆਵੈ, ਬਹੁਤਾ ਏਹੁ ਵਿਡਾਣੁ ॥**
**ਆਦੇਸੁ, ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ, ਜੁਗੁ ਜੁਗੁ ਏਕੋ ਵੇਸੁ ॥ ੩੦ ॥** [੭]

**ਅਰਥ**:--(ਲੋਕਾਂ ਵਿੱਚ ਇਹ ਖ਼ਿਆਲ ਆਮ ਪਰਚੱਲਤ ਹੈ ਕਿ) ਇਕੱਲੀ ਮਾਇਆ ਕਿਸੇ ਜੁਗਤ ਨਾਲ ਪ੍ਰਸੂਤ ਹੋਈ ਤੇ ਪਰਤੱਖ ਤੌਰ ਤੇ ਉਸ ਦੇ ਤਿੱਨ ਪੁੱਤਰ ਜੰਮ ਪਏ **(ਭਾਵ, ਕਿ ਦੁਖਾਂ ਸੁਖਾਂ ਵਾਲੇ ਮਾਇਆ ਜਾਲ ਵਿੱਚ ਫਸੇ ਹੋਏ ਮਨੁੱਖ ਦੀ ਚਿੰਤਾ ਨੇ ਹੀ ਦੇਵੀ ਦੇਵਤਿਆਂ ਦਾ ਸੰਕਲਪ ਬਣਾਇਆ ਸੀ । ਅੱਗੇ ਚੱਲ ਕੇ ,ਆਪਣੇ ਇਸ ਲੁਕਵੇਂ ਸੰਕੇਤ ਨੂੰ ਸਾਫ਼ ਸ਼ਬਦਾਂ ਵਿੱਚ ਪ੍ਰਗਟ ਵੀ ਕਰਦੇ ਹਨ) ।** ਉਨ੍ਹਾਂ ਵਿਚੋਂ (ਬ੍ਰਹਮਾਂ) ਘਰ ਬਾਰੀ ਬਣ ਗਿਆ (ਭਾਵ, ਜੀਵ-ਜੰਤਾਂ ਨੂੰ ਪੈਦਾ ਕਰਨ ਲੱਗ ਪਿਆ), ਇੱਕ (ਵਿਸ਼ਨੂੰ) ਭੰਡਾਰੇ ਦਾ ਮਾਲਕ ਬਣ ਗਿਆ (ਭਾਵ, ਜੀਵਾਂ ਨੂੰ ਰਿਜ਼ਕ ਅਪੜਾਂਣ ਦਾ ਕੰਮ ਕਰਨ ਲੱਗ ਪਿਆ) ਤੇ ਇੱਕ (ਸ਼ਿਵ) ਕਚਿਹਰੀ ਲਾਉਂਦਾ ਹੈ (ਭਾਵ, ਜੀਵਾਂ ਦਾ ਸੰਘਾਰ ਕਰਦਾ ਹੈ) । (ਪਰ ਅਸਲ ਗ਼ਲ ਇਹ ਹੈ ਕਿ) ਜਿਵੇਂ ਉਸ ਅਕਾਲਪੁਰਖ ਨੂੰ ਭਾਉਂਦਾ ਹੈ ਅਤੇ ਜਿਵੇਂ ਉਸ ਦਾ ਹੁਕਮ ਹੁੰਦਾ ਹੈ, ਤਿਵੇਂ ਉਹ ਆਪ ਸੰਸਾਰ ਦੀ ਕਾਰ ਚਲਾ ਰਿਹਾ ਹੈ (ਭਾਵ, ਕਿ ਇਨ੍ਹਾਂ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੇ ਕੁਝ ਹੱਥ ਵਿੱਚ ਨਹੀਂ) । ਇਹ ਬੜਾ ਅਸਚਰਜ ਕੌਤਕ ਹੈ ਕਿ ਉਹ ਅਕਾਲਾਪੁਰਖ ਸੱਭ ਜੀਵਾਂ ਨੂੰ ਵੇਖ ਰਿਹਾ ਹੈ ਪਰ ਜੀਵਾਂ ਨੂੰ ਅਕਾਲਪੁਰਖ ਨਹੀਂ ਦਿਸਦਾ ।

ਗੁਰੂ ਨਾਨਕ ਦੇਵ ਜੀ ਨੇ ਅਪਣੇ ਤੀਸਰੇ ਸਰੂਪ ਵਿੱਚ ਹੋਰ ਵੀ ਸਪੱਸ਼ਟ ਕਰਕੇ ਸਮਝਾ ਦਿੱਤਾ ਕਿ ਦੇਵੀ ਦੇਵਤੇ ਮਾਇਆ ਧਾਰੀਆਂ ਦੀ ਕਲਪਣਾ ਦੀ ਉਪਜ ਹਨ :-

੭੮- **ਦੇਵੀ ਦੇਵਾ ਮੂਲੁ ਹੈ ਮਾਇਆ ॥ ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ ॥**
**ਕਾਮੁ ਕ੍ਰੋਧੁ ਪਸਰਿਆ ਸੰਸਾਰੇ , ਆਇ ਜਾਇ ਦੁਖੁ ਪਾਵਣਿਆ ॥ ੨ ॥**[੧੨੯] ਅਸਟ-੩੩

**ਅਰਥਾ**:--ਗੁਰਦੇਵ ਜੀ ਫ਼ੁਰਮਾਨ ਕਰਦੇ ਹਨ ਕਿ ਦੇਵੀ ਦੇਵਤੇ ਰਚੇ ਜਾਣ ਦਾ ਅਸਲ ਕਾਰਨ ਦੁਖਾਂ ਦਾ ਭੈ ਅਤੇ ਸੁਖਾਂ ਦੀ ਲਾਲਸਾ ਹੈ । ਸੁਖਾਂ ਦੀ ਪ੍ਰਾਪਤੀ ਅਤੇ ਦੁਖਾਂ ਦੀ ਨਿਵਰਤੀ ਦੀ ਲਾਲਸਾ ਦੇ ਕਾਰਨ ਹੀ ਸਿਮਿਰਤੀਆਂ ਅਤੇ ਸ਼ਾਸਤ੍ਰਾਂ ਆਦਿ ਦੀ ਰਾਹੀਂ ਹੀ ਕਰਮ ਕਾਂਡ ਰਚੇ ਗਏ । ਸਾਰੇ ਸੰਸਾਰ ਵਿੱਚ ਹੀ ਸੁਖਾਂ ਦੀ ਲਾਲਸਾ ਅਤੇ ਦੁਖਾਂ ਤੋਂ ਡਰ ਦਾ ਜਜ਼ਬਾ ਪਸਰ ਰਿਹਾ ਹੈ, ਜਿਸ ਕਰਕੇ ਜੀਵ ਜਨਮ ਮਰਨ ਦੇ ਗੇੜ ਵਿੱਚ ਪੈ ਕੇ ਦੁਖ ਪਾ ਰਹੇ ਹਨ । ੨ ।

ਮਾਇਆ ਗ੍ਰਸੀ ਬ੍ਰਾਹਮਣੀ-ਸੋਚ ਦੀ ਉਪਜ, ਦੇਵੀ ਦੇਵਤਿਆਂ ਪ੍ਰਤੀ ਕਿਸੇ ਵੀ ਪ੍ਰਕਾਰ ਦੀ ਸ਼ਰਧਾ ਬਣਾ ਲੈਣ ਦਾ ਅਰਥ ਹੈ, ਕਿ ਅਸੀਂ ਸਤਿਗੁਰਾਂ ਦੇ ਅੰਮ੍ਰਿਤ ਮਈ ਉਪਦੇਸ਼ ਨੂੰ ਭੁੱਲ-ਭੁਲਾ ਕੇ ਮੁੜ ਬਿੱਪ੍ਰਨ ਕੀ ਦੀ ਰੀਤ ਦੇ ਧਾਰਨੀ ਬਣ ਰਹੇ ਹਾਂ ।

ਅਗਲੇ ਮਹਾਂ ਵਾਕ ਵਿੱਚ ਗੁਰੂ ਅਮਰਦਾਸ ਜੀ ਨੇ, ਪੈਦਾ ਕਰਨ ਵਾਲੇ, ਪਾਲਣ ਵਾਲੇ ਅਤੇ ਖੈ ਕਰਨ ਵਾਲੇ ਕਥਿਤ ਦੇਵਤਿਆਂ ਦੀ ਕਿਸੇ ਵੱਖਰੀ ਹਸਤੀ ਦਾ ਭਰਮ ਕੱਢਣ ਵਾਸਤੇ ਮਨੁੱਖ ਨੂੰ ਮਿਲੀਆਂ ਉਨ੍ਹਾਂ ਤਿੰਨਾ ਹੀ ਸ਼ਕਤੀਆਂ ਦਾ ਅਤੇ ਪਰਮਾਤਮਾਂ ਦੀ ਅਦਭੁਤ ਲੀਲ੍ਹਾ ਦਾ ਗਿਆਨ ਕਰਾਇਆ ਹੈ । ਮਨੁੱਖ ਦੀ ਸਿਰਜਣਾ ਸ਼ਕਤੀ ਨੇ ਹੀ ਦੁਨੀਆਂ ਨੂੰ ਸ਼ੰਗਾਰਿਆ ਹੈ । ਕੀ ਕੁੱਝ ਮਨੁਖ ਨੇ ਬਣਾਇਆ ਅਥਵਾ ਪੈਦਾ ਕੀਤਾ ਹੈ ? ਆਪਣੇ ਪ੍ਰਵਾਰ ਨੂੰ ਵੀ ਪਾਲਦਾ ਹੈ ਅਤੇ ਹੋਰ ਕਈ ਪਸ਼ੂ ਪੰਖੀਆਂ ਦੀ ਪਾਲਣਾ ਕਰਨ ਦਾ ਸਾਧਨ ਬਨਿਦਾ ਹੈ (ਭਾਵ, ਯਤੀਮ-ਖਾਨੇ, ਮੁਰਗੀਆਂ ਦੇਅਥਵਾ, ਪਸ਼ੂਆਂ ਦੇ ਫ਼ਾਰਮ, ਚਿੜੀਆ ਘਰ ਆਦਿ) । ਖੈ ਕਰਨ ਵਾਲੇ ਅਥਵਾ ਤਬਾਹੀ ਕਰਨ ਵਾਲੇ ਹਥਿਆਰ ਵੀ ਮਨੁੱਖ ਨੇ ਹੀ ਬਣਾਏ ਹਨ । ਇਨ੍ਹਾਂ ਹੀ ਤਿਨਾਂ ਸ਼ਕਤੀਆਂ (ਬ੍ਰਹਮਾ, ਬਿਸ਼ਨ ਅਤੇ ਮਹੇਸ਼) ਦਾ ਮਨੁੱਖ ਦੇ ਅੰਦਰੇ ਹੋਣ ਦਾ ਗਿਆਨ ਇਸ ਸ਼ਬਦ ਰਾਹੀਂ ਦੇ ਕੇ ਇਨ੍ਹਾਂ ਤੰਨ੍ਹਾਂ ਪ੍ਰਧਾਨ ਦੇਵਤਿਆਂ ਦੀ ਕਿਸੇ ਅੱਡਰੀ ਹਸਤੀ ਦਾ ਭਰਮ ਮੁਕਾਇਆ ਹੈ :-

੭੯- **ਕਾਇਆ ਅੰਦਰ ਬ੍ਰਹਮਾ ਬਿਸਨੁ ਮਹੇਸਾ, ਸਭ ਓਪਤਿ ਜਿਤੁ ਸੰਸਾਰਾ ॥ .... ੭ ॥** [੭੫੪]-ਅਸਟ--੨

੮੦- **ਦੇਵੀ ਦੇਵਾ ਪੂਜੀਐ ਭਾਈ, ਕਿਆ ਮਾਗਉ ਕਿਆ ਦੇਹਿ ॥**
**ਪਾਹਣੁ ਨੀਰਿ ਪਖਾਲੀਐ ਭਾਈ , ਜਲ ਮਹਿ ਬੂਡਹਿ ਤੇਹਿ ॥ ੬ ॥**[੬੩੭]--ਅਸਟ--੪

ਜਿਉ ਜਿਉ ਗੁਰੂ ਸਾਹਿਬ ਦੇ ਸਿਧਾਂਤ ਨੂੰ ਲੋਕ ਸਮਝਦੇ ਗਏ ਗੁਰਦੇਵ ਜੀ ਨੇ ਹੋਰ ਸਪੱਸ਼ਟ ਸ਼ਬਦਾਂ ਵਿੱਚ ਦੇਵੀ ਦੇਵਤਿਆਂ ਦੀ ਹੋਂਦ ਅਤੇ ਉਨ੍ਹਾਂ ਨਾਲ ਜੋੜੀ ਹੋਈ ਸ਼ਕਤੀ ਦੇ ਭਰਮ ਨੂੰ ਮਿਟਾਇਆ । ਫ਼ੁਰਮਾਨ ਕੀਤਾ ਹੈ ਕਿ, ਹੇ ਭਾਈ ! ਦੇਵੀ ਦੇਵਤੇ ਅਥਵਾ ਪੱਥਰ ਦੀਆਂ ਬਣੀਆਂ ਉਨ੍ਹਾਂ ਦੀਆਂ ਮੂਰਤੀਆਂ ਨੂੰ ਪੂਜਣ ਦਾ ਕੋਈ ਲਾਭ ਨਹੀਂ ਹੈ । ਇਹ ਦੇਵੀ ਦੇਵਤੇ ਕੁੱਝ ਨਹੀਂ ਦੇ ਸਕਦੇ । ਮੈ ਇਨਹਾਂ ਤੋਂ ਕੀ ਮੰਗਾਂ ? ਤੇ ਇਨ੍ਹਾਂ ਦੇਣਾ ਕੀ ਹੈ ? ਇਨ੍ਹਾਂ ਪੱਥਰ ਦੇ ਬਣਿਆਂ ਦੇਵੀ ਦੇਵਤਿਆਂ ਨੂੰ ਜਿੱਨਾਂ ਮਰਜ਼ੀ ਹੈ ਮਲ ਮਲ ਕੇ ਧੋਂਦੇ ਰਹੀਏ (ਮਨੁੱਖ ਦੇ ਹੱਥ ਦੇ ਆਸਰੇ ਤੋਂ ਬਿਨਾ ਇਹ ਝੱਟ ਹੀ) ਪਾਣੀ ਵਿੱਚ ਡੁੱਬ ਜਾਂਦੇ ਹਨ (ਆਪਣੇ ਪੁਜਾਰੀਆਂ ਨੂੰ ਉਹ ਕਿਵੇਂ ਸੰਸਾਰ ਸਮੁੰਦਰ ਤੋਂ ਪਾਰ ਕਰ ਸਕਦੇ ਹਨ ?)

੮੧- **ਕੋਟਿ ਸੂਰ ਜਾ ਕੈ ਪਰਗਾਸ ॥ ਕੋਟਿ ਮਹਾਦੇਵ ਅਰੁ ਕਬਿਲਾਸ ॥**
**ਦੁਰਗਾ ਕੋਟਿ ਜਾ ਕੈ ਮਰਦਨੁ ਕਰੈ ॥ ਬ੍ਰਹਮਾ ਕੋਟਿ ਬੇਦ ਉਚਰੈ ॥ ੧ ॥**
**ਜਉ ਜਾਚਉ, ਤਉ ਕੇਵਲ ਰਾਮ ॥ ਆਨ ਦੇਵ ਸਿਉ ਨਾਹੀ ਕਾਮ ॥ ੧ ॥ ਰਹਾਉ ॥**
**ਕੋਟਿ ਚੰਦ੍ਰਮੇ ਕਰਹਿ ਚਰਾਕ ॥ ਸੁਰ ਤੇਤੀਸ *ਉਜੇਵਹਿ ਪਾਕ ॥** (ਸੈਂਚੀ ਵਿਚ ਉ ਤੇਤੀਸ ਨਾਲ ਹੈ
**ਨਵ ਗ੍ਰਹ ਕੋਟਿ ਠਾਢੇ ਦਰਬਾਰ ॥ ਧਰਮ ਕੋਟਿ ਜਾ ਕੈ ਪ੍ਰਤਿਹਾਰ ॥ ੨ ॥** ਪਰ ਸਹਿਬ ਸਿੰਘ ਨੇ ਉਜੇਵੇ
**ਪਵਨ ਕੋਟਿ, ਚਉਬਾਰੇ ਫਿਰਹਿ ॥ ਬਾਸਕ ਕੋਟਿ ਸੇਜ ਬਿਸਥਰਹਿ ॥** ਲਿਖਿਆ ਹੈ )
**ਸਮੁੰਦ ਕੋਟਿ, ਜਾ ਕੇ ਪਾਨੀਹਾਰ ॥ ਰੋਮਾਵਲਿ ਕੋਟਿ ਅਠਾਰਹ ਭਾਰ ॥ ੩ ॥**
**ਕੋਟਿ ਕਮੇਰ, ਭਰਹਿ ਭੰਡਾਰ ॥ ਕੋਟਿਕ ਲਖਿਮੀ ਕਰੈ ਸੀਗਾਰ ॥**
**ਕੋਟਿਕ ਪਾਪ ਪੁੰਨ ਬਹੁ ਹਿਰਹਿ ॥ ਇੰਦ੍ਰ ਕੋਟਿ ਜਾ ਕੈ ਸੇਵਾ ਕਰਹਿ ॥ ੪ ॥**
**ਛਪਨ ਕੋਟਿ ਜਾ ਕੈ ਪ੍ਰਤਿਹਾਰ ॥ ਨਗਰੀ ਨਗਰੀ ਖਿਅਤ ਅਪਾਰ ॥**

**ਲਟ ਛੂਟੀ , ਵਰਤੈ ਬਿਕਰਾਲ ॥ ਕੋਟਿ ਕਲਾ ਖੇਲੈ ਗੋਪਾਲ ॥ ੫ ॥**
**ਕੋਟਿ ਜਗ , ਜਾ ਕੈ ਦਰਬਾਰ ॥ ਗੰਧ੍ਰਬ ਕੋਟਿ ਕਰਹਿ ਜੈਕਾਰ ॥**
**ਬਿਦਿਆ ਕੋਟਿ, ਸਭੈ ਗੁਨ ਕਹੈ ॥ ਤਊ ਪਾਰਬ੍ਰਹਮ ਕਾ ਅੰਤੁ ਨ ਲਹੈ ॥ ੬ ॥**
**ਬਾਵਨ ਕੋਟਿ, ਜਾ ਕੈ ਰੋਮਾਵਲੀ ॥ ਰਾਵਨ ਸੈਨਾ, ਜਹ ਤੇ ਛਲੀ ॥**
**ਸਹਸ ਕੋਟਿ ਬਹੁ ਕਹਤ ਪੁਰਾਨ ॥ ਦੁਰਜੋਧਨ ਕਾ ਮਥਿਆ ਮਾਨੁ ॥ ੭ ॥**
**ਕੰਦ੍ਰਪ ਕੋਟਿ, ਜਾ ਕੈ ਲਵੈ ਨ ਧਰਹਿ ॥ ਅੰਤਰ ਅੰਤਰਿ ਮਨਸਾ ਹਰਹਿ ॥**
**ਕੀ ਕਬੀਰ ਸੁਨਿ ਸਾਰਿਗਪਾਨ ॥ ਦੇਹਿ ਅਭੈ ਪਦੁ ਮਾਂਗਉ ਦਾਨ ॥ ੮ ॥**[੧੧੬੨-੬੩]-੨-੧੮-੨੦

**ਪਦ ਅਰਥ**:-ਕੋਟਿ=-ਕ੍ਰੋੜਾਂ । ਸੂਰ=-ਸੂਰਜ । ਜਾ ਕੈ=ਜਿਸ ਦੇ ਦਰ ਤੇ । ਮਹਾਦੇਵ=ਸ਼ਿਵ । ਕਬਿਲਾਸ=ਕੈਲਾਸ਼ । ਮਰਦਨ=ਮਾਲਸ਼,ਚਰਨ ਮਲਣਾ **। ੧ ।** ਜਉ=ਹਦੋਂ । ਜਾਚਉ=ਜਾਚਉ, ਮੈਂ ਮੰਗਦਾ ਹਾਂ । ਆਨ=ਹੋਰ । ਕਾਮ=ਗ਼ਰਜ਼ **। ੧ । ਰਹਾਉ** । ਚਰਾਕ=ਚਰਾਗ਼, ਰੌਸ਼ਨੀ, ਦੀਵੇ ਦੀ ਲੋ । ਸੁਰ ਤੇਤੀਸ=ਤੇਤੀ ਕ੍ਰੋੜ ਦੇਵਤੇ । ਉਜੇਵਹਿ=ਛਕਦੇ ਹਨ । ਪਾਕ=ਭੋਜਨ । ਠਾਢੇ=ਖੜੇ ਹਨ । ਪ੍ਰਤਿਹਾਰ=ਦਰਬਾਨ **।੨।** ਬਾਸਕ=ਸ਼ੇਸ਼ਨਾਗ । ਬਿਸਥੀਰਹਿ=ਵਿਛਾਉਂਦਾ ਹਨ । ਪਾਨੀਹਾਰਿ=ਪਾਣੀ ਭਰਨ ਵਾਲੇ । ਰੋਮਾਵਲਿ=ਰੋਮਾਂ ਦੀ ਕਤਾਰ, ਜਿਸਮ ਦੇ ਰੋਮ । ਅਠਾਰਹਿ ਭਾਰ=ਸਾਰੀ ਬਨਸਪਤੀ **। ੩ ।** ਕਮੇਰ--ਧਨ ਦਾ ਦੇਵਤਾ । ਹਿਰਹਿ-ਤੱਕ ਰਹੇ ਹਨ **। ੪ ।** ਛਪਨ ਕੋਟਿ=ਛਵੰਜਾ ਕ੍ਰੋੜ ਮੇਘ ਮਾਲਾ । ਖਿਅਤ=ਚਮਕ । ਲਟ ਛੂਟੀ=ਲਿਟਾਂ ਖੋਲ੍ਹ ਕੇ । ਬਿਕਰਾਲ ਡਰਾਉਣੀਆਂ (ਕਾਲੀ ਦੇਵੀਆਂ) ਕਲਾ--ਸ਼ਕਤੀਆਂ **। ੫ ।** ਗੰਧ੍ਰਬ=ਦੇਵਤਿਆਂ ਦੇ ਰਾਗੀ **। ੬ ।** ਬਾਵਨ=ਵਾਮਨ ਅਵਤਾਰ । ਜਹ ਤੇ=ਜਿਸ ਸ੍ਰੀ ਰਾਮ ਚੰਦਰ ਤੋਂ । ਸਹ=ਹਜ਼ਾਰਾਂ । ਮਥਿਆ--(ਜਿਸ ਸ੍ਰੀ ਕ੍ਰਿਸ਼ਨ ਜੀ ਨੇ) ਨਾਸ ਕੀਤਾ **। ੭ ।** ਕੰਦ੍ਰਪ=ਕਾਮ ਦੇਵਤਾ । ਲਵੈ ਨ ਧਰਹਿ=(ਸੁੰਦਰਤਾ ਦੀ) ਬਰਾਬਰੀ ਨਹੀਂ ਕਰ ਸਕਦੇ । ਅੰਤਰ ਅੰਤਰਿ=ਹਿਰਦਿਆਂ ਦੇ ਅੰਦਰ ਦੀ ਵਾਸਨਾ । ਹਿਰਹਿ=(ਜੋ ਕਾਮਦੇਵ ਚੁਰਾ ਲੈਂਦੇ ਹਨ । ੮ ।

[*Foot note:--ਸੈਂਚੀ ਵਿਚ ਉ ਪਾਠ ਤੇਤੀਸ ਨਾਲ ਹੈ, ਪਰ ਸਾਹਿਬ ਸਿੰਘ ਜੀ ਨੇ ਉਜੇਵਹਿ ਲਿਖਿਆ ਹੈ }

ਕਬੀਰ ਸਾਹਿਬ ਜੀ ਨੇ ਬ੍ਾਹਮਣੀ-ਮਿਥਿਹਾਸ ਦੇ ਅਵਤਾਰਾਂ ਅਤੇ ਦੇਵੀ ਦੇਵਤਿਆਂ ਨਾਲ ਜੁੜੀਆਂ ਕਹਾਣੀਆਂ ਵੱਲ ਇਸ਼ਾਰਾ ਕਰਕੇ ਫਰਮਾਇਆ ਹੈ ਕਿ ਪ੍ਰਮਾਤਮਾਂ ਦੀ ਰਚਨਾਂ ਦਾ ਏਡਾ ਵੱਡਾ ਵਿਸਥਾਰ ਹੈ ਕਿ ਜਿਸ ਦਾ ਪਾਰਾਵਾਰ ਨਹੀਂ ਮਿਲ ਸਕਦਾ । ਫਿਰ ਤੁਹਾਡੇ ਬਣਾਏ ਇਹ ਇੱਕ ਇੱਕ ਦੇਵਤੇ (ਇੱਕ ਸ਼ਿਵ, ਇੱਕ ਬ੍ਰਹਮਾ,ਇੱਕ ਰਾਮ ਆਦਿ) ਏਡੇ ਵੱਡੇ ਪਸਾਰੇ ਵਿੱਚ ਤਾਂ ਕਿਤੇ ਨਜ਼ਰ ਵੀ ਨਹੀਂ ਆ ਸਕਦੇ । ਜਿਸ ਪ੍ਰਕਾਰ ਨਾਲ ਦੇਵੀਆਂ ਨੂੰ ਵਿਸਨੂੰ ਆਦਿ ਭਗਵਾਨਾਂ ਦੀ ਸੇਵਾ ਕਰਦਿਆਂ, ਅਥਵਾ ਸ਼ੇਸ਼ਨਾਗ ਨੂੰ ਉਸ ਦਾ ਬਿਸਤਰਾ ਬਣਦਿਆਂ ਦਰਸਾਇਆ ਹੈ ਅਜੇਹੇ ਕੁਝ ਨੂੰ ਗਿਣਤੀ ਵਿੱਚ ਹੋਰ ਕਰੋੜਾਂ ਗੁਣਾ ਵਧਾ ਦਿਉ ਫਿਰ ਵੀ ਉਸ ਬੇਅੰਤ ਪ੍ਰਭੂ ਦੀ ਸੇਵਾ ਵਾਸਤੇ ਤੁੱਛ ਹੋਣਾਂ ਹੈ । ਰਹਾਉ ਦੀ ਤੁੱਕ ਵਿੱਚ ਸਾਫ਼ ਕੀ ਦਿੱਤਾ ਹੈ ਕਿ ਮੈਨੂੰ ਅਜੇਹੇ ਦੇਵੀ ਦੇਵਤਿਆਂ ਨਾਲ ਕੋਈ ਗ਼ਰਜ ਨਹੀਂ, ਮੈਨੰ ਤਾਂ ਇਨ੍ਹਾਂ ਨਾਲ ਜਾਣ ਪਛਾਣ ਕਰਨ ਦੀ ਵੀ ਕਈ ਲੋੜ ਨਹੀਂ । ਮੇਰਾ ਤਾਂ ਸੱਭ ਕੁੱਝ ਉਹ ਪਰਮਾਤਮਾ ਆਪ ਹੀ ਹੈ । ਸਾਰੀ ਸ੍ਰਿਸ਼ਟੀ ਅਤੇ ਅਜੇਹੇ ਨਾਵਾਂ ਵਾਲੇ ਅਸੰਖਾਂ ਕ੍ਰੋੜ ਦੇਵੀ ਦੇਵਤੇ ਉਸ ਬੇਅੰਤ ਪ੍ਰਭੂ ਦੇ ਵਜੂਦ ਦਾ ਮਾਮੂਲੀ ਜਿਹਾ ਹਿੱਸਾ ਹਨ ।

ਇਹ ਪਾਵਨ ਗੁਰੂ-ਸ਼ਬਦ ਹਿੰਦੂ ਮਿਥਿਹਾਸ ਦੇ ਪਖੰਡ ਤੇ ਬੜੀ ਕਰਾਰੀ ਚੋਟ ਹੈ । ਨਿਰੰਕਾਰ ਨੂੰ ਕਿਸੇ ਸੇਵਾ ਦੀ ਕੀ ਲੋੜ ਹੈ, ਜਿਸ ਦਾ ਕੋਈ ਅੱਡਰਾ ਦ੍ਰਿਸ਼ਟਮਾਨ ਅਕਾਰ ਹੈ ਹੀ ਨਹੀਂ । ਜਿਸ ਦਾ ਚਕ੍ਰ, ਚਿਹਨ, ਬਰਨ ਜਾਤ, ਰੂਪ, ਰੰਗ, ਰੇਖ ਭੇਖ ਹੈ ਹੀ ਕੁੱਝ ਨਹੀਂ, ਜੋ ਇੱਕ ਪਰਮ ਜੋਤਿ ਹੈ, ਜੋ ਅਮਿਤਓਜ ਹੈ ਉਸ ਦੇ ਕਿਹੜੇ ਚਰਨਾਂ ਦੀ ਕਿਸੇ ਨੇ ਮਾਲਸ਼ ਕਰਨੀ ਹੈ ? ਉਹ ਤਾਂ ਹੈ ਹੀ ਅਠਾਮ ਫਿਰ ਉਸ ਦਾ ਬਿਸਤ੍ਰਾਂ ਕਿਥੇ ਵਿਛਾਉਂਣਾ ਹੈ ? ਕਬੀਰ ਸਾਹਿਬ ਤਾਂ ਆਪ ਉਸ ਪ੍ਰਭੂ ਨੂੰ ' ਅਨਭਉ ਪਰਕਾਸ਼ ' ਕੀਣ ਦੇ ਨਾਲ ਇਹ ਵੀ ਫਰਮਾਉਂਦੇ ਹਨ ਕਿ ਇਨ੍ਹਾਂ ਅੱਖੀਆਂ ਨਾਲ ਪ੍ਰਭੂ ਵੇਖਿਆ ਨਹੀਂ ਜਾ ਸਕਦਾ--**ਅਨਭਉ, ਕਿਨੈ ਨ ਦੇਖਿਆ ਬੈਰਾਗੀਅੜੇ ॥..੧ ॥** [੧੧੦੪] ਇਸ ਗੁਰੂ-ਸ਼ਬਦ ਵਿੱਚ ਹਿੰਦੂ ਮਿਥਿਹਾਸ ਦੀ ਭਰਪੂਰ ਖੰਡਨਾਂ ਸਪੱਸ਼ਟ ਹੈ । ਏਸੇ ਤਰ੍ਹਾਂ ਹੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਫ਼ੁਰਮਾਨ ਹੈ---

੮੨- **ਭੈਰਉ ਭੂਤ ਸੀਤਲਾ ਧਾਵੈ ॥ ਖਰ ਬਾਹਨੁ ਉਹੁ ਛਾਰੁ ਉਡਾਵੈ ॥ ੧ ॥**
**ਹਉ ਤਉ ਏਕੁ ਰਮਈਆ ਲੈਹਉ ॥ ਆਨ ਦੇਵ ਬਦਲਾਵਨਿ ਦੈਹਉ ॥ ੧ ॥ ਰਹਾਉ ॥**
**ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥ ਬਰਦ ਚਢੇ ਡਉਰੂ ਢਮਕਾਵੈ ॥ ੨ ॥**
**ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥ ੩ ॥**
**ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥ ੪ ॥**
**ਗੁਰਮਤਿ ਰਾਮ ਨਾਮ ਗਹੁ ਮੀਤਾ ॥ ਪ੍ਰਣਵੈ ਨਾਮਾ ਇਉ ਕਹੈ ਗੀਤਾ ॥ ੫ ॥**[੮੭੪]-੨-੬

ਦੇਵੀ ਦੇਵਤਿਆਂ ਵਾਲੇ ਭਰਮ ਦੇ ਮੂੰਹ ਤੇ ਭਗਤ ਨਾਮਦੇਵ ਜੀ ਦੀ ਇਹ ਹੋਰ ਵੀ ਕਰਾਰੀ ਚਪੇੜ ਹੈ । ਇਸ਼ਟ ਆਪਣੇ ਸੇਵਕ ਨੂੰ, ਵੱਧ ਤੋਂ ਵੱਧ ਉਹੀ ਕੁੱਝ ਦੇ ਸਕਦਾ ਹੈ ਜੋ ਕੁੱਝ ਉਸ ਦੇ ਪੱਲੇ ਹੋਵੇ । ਸੋ ਭਗਤ ਜੀ ਨੇ ਇਨ੍ਹਾਂ ਦੇਵੀ ਦੇਵਤਿਆਂ ਦੇ ਪੁਜਾਰੀ ਗੀਤਾ ਪੜ੍ਹਨ ਵਾਲੇ ਬਿੱਪ੍ਰ ਜੀ ਨੂੰ ਸਮਝਾਇਆ ਹੈ ।

**ਅਰਥ**:--(ਹੇ ਪੰਡਿਤ ਜੀ **!)** ਮੈਂ ਤਾਂ ਆਪਣੇ ਸੁਹਣੇ ਪ੍ਰਭੂ ਦਾ ਨਾਮ ਲਵਾਂਗਾ, (ਤੁਹਾਡੇ) ਹੋਰ ਸਾਰੇ ਦੇਵਤਿਆਂ ਨੂੰ ਉਸ ਪਰਮਾਤਮਾ ਦੇ ਨਾਮ ਦੇ ਵੱਟੇ ਵਿੱਚ ਦੇ ਦਿਆਂਗਾ, (ਭਾਵ ਪ੍ਰਭੂ-ਨਾਮ ਦੇ ਟਾਕਰੇ ਤੇ ਮੈਨੂੰ ਤੁਹਾਡੇ ਕਿਸੇ ਵੀ ਦੇਵੀ ਦੇਵਤੇ ਦੀ ਲੋੜ ਨਹੀਂ **ਹੈ) । ੧ । ਰਹਾਉ ।** ਕਿਉਂਕਿ, ਜੋ ਮਨੁੱਖ ਭੈਰੋਂ ਵੱਲ ਜਾਂਦਾ ਹੈ (ਭਾਵ ਭੈਰੋਂ ਦੀ ਅਰਾਧਨਾ ਕਰਦਾ ਹੈ) ਉਹ ਵੱਧ ਤੋਂ ਵੱਧ ਭੈਰੋਂ ਵਰਗਾ ਹੀ) ਭੂਤ ਬਣ ਜਾਂਦਾ ਹੈ । ਜੋ ਸੀਤਲਾ ਨੂੰ ਅਰਾਧਦਾ ਹੈ ਉਹ ਸੀਤਲਾ ਵਾਂਗ ਖੋਤੇ ਦੀ ਸਵਾਰੀ ਕਰਕੇ ਖੋਤੇ ਵਾਂਗ ਸੁਆਹ ਹੀ ਉਡਾਉਂਦਾ ਹੈ **। ੧ ।** ਜੋ ਮਨੁੱਖ ਸ਼ਿਵ ਦਾ ਨਾਮ ਜਪਦਾ ਹੈ ਉਹ ਵੱਧ ਤੋਂ ਵੱਧ ਸ਼ਿਵ ਜੀ ਦਾ ਰੂਪ ਲੈ ਕੇ ਸ਼ਿਵ ਦੀ ਸਵਾਰੀ ਬਲਦ ਉਤੇ ਚੜ੍ਹਦਾ ਹੈ ਅਤੇ ਸਿਵ ਜੀ ਵਾਂਗ ਡੰਬਰੂ ਵਜਾਉਂਦਾ ਹੈ **। ੨ ।** ਜੇ ਮਨੁੱਖ ਪਾਰਬਤੀ ਦੀ ਪੂਜਾ ਕਰਦਾ ਹੈ ਉਹ ਮਨੁੱਖ ਤੋਂ ਜ਼ਨਾਨੀ ਬਣ ਕੇ ਜਨਮ ਲੈਂਦਾ ਹੈ (ਕਿਉਂਕਿ ਪੂਜਾ ਕਰਨ ਵਾਲਾ ਆਪਨੈ ਪੂਜਯ ਦਾ ਰੂਪ ਹੀ ਬਣ ਸਕਦਾ ਹੈ) **। ੩ ।** ਹੇ ਭਵਾਨੀ! ਤੂੰ ਸਭ ਦਾ ਮੁਢ ਅਖਵਾਉਂਦੀ ਹੈਂ,ਪਰ ਆਪਣੇ ਭਗਤਾਂ ਨੂੰ ਮੁਕਤੀ ਦੇਣ ਵੇਲੇ ਤੂੰ ਭੀ, ਪਤਾ ਨਹੀਂ ਕਿਥੇ ਲੁਕੀ ਰਹਿੰਦੀ ਹੈਂ (ਭਾਵ ਮੁਕਤੀ ਭਵਾਨੀ ਪਾਸ ਵੀ ਨਹੀਂ ਹੈ) **। ੪ ।** ਸੋ ਨਾਮਦੇਵ ਬੇਨਤੀ ਕਰਦਾ ਹੈ ਹੇ ਮਿੱਤਰ (ਪੰਡਿਤ !) ਸਤਿਗੁਰੂ ਦੀ ਸਿਖਿਆ ਲੈ ਕੇ ਪਰਮਾਤਮਾਂ ਦੇ ਨਾਮ ਦੀ ਓਟ ਲੈ । ਕੀ ਤੁਹਾਡੀ ਧਰਮ ਪੁਸਤਕ ਗੀਤਾ ਵੀ ਏਹੋ ਨਹੀਂ ਕੀਂਦੀ ?

੮੩- **ਭਭਾ ਭਰਮੁ ਮਿਟਾਵਹੁ ਅਪਨਾ ॥ ਇਆ ਸੰਸਾਰੁ ਸਗਲ ਹੈ ਸੁਪਨਾ ॥**
**ਭਰਮੇ ਸੁਰਿ ਨਰ ਦੇਵੀ ਦੇਵਾ ॥ ਭਰਮੇ , ਸਿਧ ਸੰਧਿਕ ਬ੍ਰਹਮੇਵਾ ॥**

**ਭਰਮਿ ਭਰਮਿ ਮਾਨੁਖ ਡਹਕਾਏ ॥ ਦੁਤਰ ਮਹਾ ਬਿਖਮ ਇਹ ਮਾਏ ॥**[੨੫੮]--੪੦

**ਪਦ ਅਰਥ**:-ਭਰਮੇ=ਦੌੜ ਭੱਜ, ਭਟਕਣਾ । ਸੁਰਿ=ਸਵਰਗੀ ਜੀਵ । ਸਿਧ=ਪੁੱਗੇ ਹੋਏ ਜੋਗੀ । ਸਾਧਿਕ=ਜੋਗ-ਸਾਧਨਾ ਕਰਨ ਵਾਲੇ । ਬ੍ਰਹਮੇਵਾ=ਬ੍ਰਹਮਾ ਵਰਗੇ । ਡਹਕਾਏ=ਧੋਖੇ ਵਿੱਚ ਆ ਜਾਂਦੇ ਹਨ । ਦੁਤਰ=ਜਿਸ ਤੋਂ ਪਾਰ ਲੰਘਣਾ ਔਖਾ ਹੋਵੇ । ਮਾਏ=ਮਾਇਆ । ਸੰਸਾਰ ਦਾ ਮੋਹ ਸੁਕਪਨੇ ਦੇ ਨਿਆਈਂ ਕੀਣ ਦੇ ਨਾਲ ਬ੍ਰਹਮਾਂ ਨੂੰ ਸੰਸਾਰ ਸਿਰਜਣਾ ਕਰਨ ਵਾਲਾ ਅਤੇ ਦੇਵਤਿਆਂ ਨੂੰ ਬੜੀਆਂ ਦੈਵੀ ਸ਼ਕਤੀਆਂ ਵਾਲੇ ਕੀਣ ਵਾਲਿਆਂ ਦੇ ਮੂੰਹ ਤੇ ਮਿੱਠੀ ਚਪੇੜ ਹੈ ।

ਸਾਰੇ ਕਥਿਤ ਦੇਵੀ ਦੇਵਤੇ ਮਨੁਖ ਵਾਂਗ ਹੀ ਮਾਇਆ ਦੇ ਪਿਛੇ ਭਟਕ ਰਹੇ ਹਨ । ਫਿਰ ਇਨ੍ਹਾਂ ਵਿੱਚ ਕਿਹੜੀ ਵਿਸ਼ੇਸ਼ਤਾ ਰਹਿ ਗਈ ਜੋ ਪੂਜੇ ਜਾਣ ? ਬ੍ਰਾਹਮਣਾਂ ਦੀ ਆਪਣੀਆਂ ਹੀ ਲਿਖੀਆਂ ਕੁੱਝ ਕਹਾਣੀਆਂ ਅਸਾਂ ਪਿੱਛੇ ਪੜ੍ਹੀਆਂ ਹਨ ਅਤੇ ਅੱਗੇ ਵੀ ਕਈ ਥਾਈਂ ਬ੍ਰਾਹਮਣੀ ਕਲਪਣਾ ਦੀ ਉਪਜ ਅਜੇਹੀਆਂ ਗੱਲਾਂ ਲਿਖਣੀਆਂ ਪੈਣੀਆਂ ਹਨ । ਇਨ੍ਹਾਂ ਸਾਰੀਆਂ ਕਥਾ-ਕਹਾਣੀਆਂ ਵਿੱਚ ਬ੍ਰਹਮਾਂ, ਵਿਸ਼ਨੂੰ, ਸ਼ਿਵ ਆਦਿ ਦੇਵਤਿਆਂ ਨੂੰ ਅਜੇਹੀਆਂ ਅਸ਼ਲੀਲ ਕਰਤੂਤਾਂ ਕਰਦੇ ਅਤੇ ਮਾਇਆ ਪਿੱਛੇ ਖੱਜਲ ਖੁਆਰ ਹੁੰਦੇ, ਕਾਂਮ ਵੱਸ ਹੋਏ ਗੰਦ ਖਿਲਾਰਦੇ, ਕ੍ਰੋਧ ਵਿਚ ਸੜਦੇ ਭੁੱਜਦੇ ਇੱਕ ਦੂਜੇ ਨੂੰ ਸਰਾਪ-ਰੂਪ ਗਾਲੀਆਂ ਬਕਦੇ, ਬ੍ਰਾਹਮਣ ਨੇ ਆਪ ਹੀ ਦਰਸਾਏ ਹਨ । ਇਨ੍ਹਾਂ ਦੇਵਤਿਆਂ ਦੀਆਂ ਕਰਤੂਤਾਂ ਤੋਂ ਮਨੁੱਖ ਦਾ ਸਿਰ ਵੀ ਸ਼ਰਮ ਨਾਲ ਝੁਕ ਜਾਂਦਾ ਹੈ । ਫਿਰ ਅਜੇਹੇ ਦੇਵੀ ਦੇਵਤਿਆਂ ਪ੍ਰਤੀ ਕੋਈ ਸ਼ਰਧਾ ਬਣਾਉਣੀ ਫੋਕੇ ਭਰਮ ਗ੍ਰਸੀ ਭੁੱਲ ਹੈ ।

੮੪- **ਬ੍ਰਹਮੈ ਕਥਿ ਕਥਿ ਅੰਤੁ ਨ ਪਾਇਆ ॥ ਰਾਮ ਭਗਤਿ ਬੈਠੇ ਘਰਿ ਆਇਆ ॥ ੨ ॥**[੩੨੭]--੧੯

ਜਿਸ ਬ੍ਰਹਮਾ ਨੂੰ ਸ੍ਰਿਸ਼ਟੀ ਦਾ ਸਿਰਜਣ ਹਾਰ ਕੀਂਦੇ ਹਨ, ਕੀ ਉਹ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਭਗਤ ਨਾਲੋਂ ਕਿਤੇ ਨੀਵੇ ਥਾਂ ਖਲੋਤਾ ਦਿੱਸ ਨਹੀਂ ਆ ਰਿਹਾ ?

੮੫- **ਬ੍ਰਹਮੈ ਬੇਦ ਬਾਣੀ ਪਰਗਾਸੀ , ਮਾਇਆ ਮੋਹ ਪਸਾਰਾ ॥**
**ਮਹਾਦੇਉ ਗਿਆਨੀ ਵਰਤੈ ਘਰਿ ਆਪਣੈ ਤਾਮਸੁ ਬਹੁਤੁ ਅਹੰਕਾਰਾ ॥ ੨ ॥**
**ਕਿਸਨੁ ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ ॥**
**ਗੁਰਮੁਖਿ ਗਿਆਨਿ ਰਤੇ ਜੁਗ ਅੰਤਰਿ ਚੂਕੈ ਮੋਹ ਗੁਬਾਰਾ ॥ ੩ ॥**[੫੫੯]--੫

**ਅਰਥ :** - (ਕੀਂਦੇ ਹਨ ਕਿ) ਬ੍ਰਹਮਾ ਨੇ ਵੇਦਾਂ ਦੀ ਬਾਣੀ ਪ੍ਰਗਟ ਕੀਤੀ (ਪਰ ਉਸ ਨੇ ਭੀ) ਮਾਇਆ ਦੇ ਮੋਹ ਦਾ ਖਿਲਾਰਾ ਹੀ ਖਿਲਾਰਿਆ, (ਕੀਂਦੇ ਹਨ ਕਿ) ਮਹਾਂਦੇਉ ਆਤਮਕ ਜੀਵਨ ਦੀ ਸੂਝ ਵਾਲਾ ਹੈ, ਉਹ ਆਪਣੇ ਹਿਰਦੇ-ਘਰ ਵਿੱਚ ਮਸਤ ਰਹਿੰਦਾ ਹੈ, ਪਰ ਉਸ ਦੇ ਅੰਦਰ ਵੀ ਬੜਾ ਕ੍ਰੋਧ ਤੇ ਅਹੰਕਾਰ ਦਸੀਦਾ ਹੈ (ਉਸ ਨੂੰ ਗਿਆਨੀ ਦੱਸਣ ਵਾਲੇ ਆਪ ਹੀ ਉਸ ਨੂੰ ਗੱਲ ਗੱਲ ਤੇ ਕ੍ਰੋਧ ਵਾਨ ਹੁੰਦਾ ਲਿਖਦੇ ਹਨ) **।੨ ।** ਵਿਸ਼ਨੂੰ ਸਦਾ ਅਵਤਾਰ ਧਾਰਨ ਕਰਦਾ ਹੀ (ਦੱਸਿਆ ਜਾ ਰਿਹਾ) ਹੈ । ਦੱਸੋ ਜਗਤ ਕਿਸ ਦੀ ਚਰਨੀ ਲੱਗ ਕੇ ਸੰਸਾਰ-ਸਾਗਰ ਤੋਂ ਪਾਰ ਲੰਘੇ ? (ਇਨ੍ਹਾਂ ਭ੍ਰਮਾਊ ਕਹਾਣੀਆਂ ਨੂੰ ਛੱਡ ਕੇ ਜੇਹੜੇ) ਮਨੁੱਖ ਗੁਰੂ ਦੀ ਸਿਖਿਆ ਤੇ ਤੁਰ ਕੇ ਗੁਰੂ ਤੋਂ ਮਿਲੇ ਆਤਮਕ ਗਿਆਨ ਵਿੱਚ ਰੰਗੇ ਰਹਿੰਦੇ ਹਨ, ਉਨ੍ਹਾਂ ਦੇ ਅੰਦਰੋਂ ਮੋਹ ਰੂਪੀ ਅਗਿਆਨਤਾ ਦਾ ਘੁੱਪ ਹਨੇਰਾ ਦੂਰ ਹੋ ਜਾਂਦਾ ਹੈ । ੩ ।

ਗੁਰੂ ਜੀ ਦੀ ਸਿਖਿਆ ਅਨੁਸਾਰ ਜੀਵਨ ਨੂੰ ਢਾਲਣ ਦੀ ਲਗਨ ਵਾਲੇ ਗੁਰਮੁੱਖ ਮਨੁੱਖ ਨਾਲੋਂ ਸਾਰੇ ਦੇਵਤੇ ਅਤੇ ਹਿੰਦੂ ਮਿਥਿਹਾਸ ਦੇ ਅਵਤਾਰ, ਬਹੁਤ ਨੀਵੇ ਦਿੱਸਦੇ ਹਨ । ਸਤਿਗੁਰਾਂ ਦਾ ਫੁਰਮਾਨ ਹੈ ਕਿ ਦੇਵਤਿਆਂ ਦੀ ਅਰਾਧਨਾਂ ਕਰਨ ਵਾਲਿਓ ਜਿਸ ਦੇਹੀ ਦੀ ਤੁਸੀਂ ਕਦਰ ਨਹੀਂ ਪਾ ਰਹੇ ਉਸ ਨੂੰ ਤਾਂ ਤੁਹਾਡੇ ਦੇਵਤੇ ਵੀ ਤਰਸਦੇ ਹਨ--**ਇਸ ਦੇਹੀ ਕਉ ਸਿਮਰਹਿ ਦੇਵ** ॥ (੧੧੫੯ )

੮੬- **ਮੁਨਿ ਜੋਗੀ ਸਾਸਤ੍ਰਗਿ ਕਹਾਵਤ ਸਭ ਕੀਨ੍ਹੇ ਬਸਿ ਅਪਨਹੀ ॥ ਤੀਨਿ ਦੇਵ ਅਰੁ ਕੋੜਿ**
**ਤੇਤੀਸਾ ਤਿਨ ਕੀ ਹੈਰਤਿ ਕਛੁ ਨ ਰਹੀ ॥ ੧ ॥ਬਲਵੰਤਿ ਬਿਆਪਿ ਰਹੀ ਸਭੁ ਮਹੀ ॥**
**ਅਵਰੁ ਨ ਜਾਨਸਿ ਕੋਊ ਮਰਮਾ ਗੁਰ ਕਿਰਪਾ ਤੇ ਲਹੀ ॥ ੧ ॥ ਰਹਾਉ ॥** [੪੯੮]--੧੪

**ਪਦ ਅਰਥ**:- ਮੁਨਿ--ਸਮਾਧੀ ਲਾ ਕੇ ਚੁੱਪ ਟਿਕੇ ਰਹਿਣ ਵਾਲੇ । ਸਾਸਤ੍ਰਗਿ--ਸ਼ਾਸਤ੍ਰਾਂ ਦੇ ਜਾਣਨ ਵਾਲੇ । ਕਹਾਵਤ--ਅਖਵਾਂਦੇ ਹਨ । ਕੀਨੇ ਬਸਿ ਅਪਨਹੀ--ਆਪਣੇ ਵਸਿ ਵਿੱਚ ਕੀਤੇ ਹੋਏ ਹਨ । ਤੀਨਿ ਦੇਵ--ਬ੍ਰਹਮਾਂ ਵਿਸ਼ਨੂੰ ਤੇ ਸ਼ਿਵ । ਕੋੜਿ ਤੇਤੀਸਾ--ਅਤੇ ਬਾਕੀ ਦੇ ਸਾਰੇ ਕਥਿਤ ਤੇਤੀ ਕ੍ਰੋੜ ਦੇਵਤੇ **( ਬ੍ਰਾਹਮਣੀ ਕਲਪਣਾ ਦੀ ਉਪਜ ਮਿਥਿਹਾਸਕ ਦੇਵੀ ਦੇਵਤੇ, ਜਿਨ੍ਹਾਂ ਪ੍ਰਤੀ ਅਥਾਹ ਸ਼ਰਧਾ ਲੋਕਾਂ ਦੇ ਰੋਮ ਰਮ ਵਿੱਚ ਸਮਾਈ ਹੋਈ ਸੀ, ਇਹ ਸਾਰਾ ਕੁਝ ਉਨ੍ਹਾਂ ਵੱਲ ਹੀਇਸ਼ਾਰਾ ਕੀਤਾ ਜਾ ਰਿਹਾ ਹੈ । ਉਪਦੇਸ਼ ਕਰਨ ਦਾ ਇਹ ਉਹੀ ਢੰਗ ਹੈ ਜੋ ਗੁਰਦੇਵ ਜੀ ਨੇ ਕਟੋਰਾ ਕੱਢਣ ਵਾਸਤੇ ਗੰਦੇ ਚਲ੍ਹੇ ਵਿੱਚ ਵੜਨ ਲਈ ਕੀ ਕੇ ਬਾਬਾ ਲਹਿਣਾਂ ਜੀ ਨੂੰ ਸਿਖਾਇਆ ਸੀ--ਅਰਥਾਤ, ਗੰਦ ਵਿੱਚ ਫਸੇ ਮਨੁੱਖ ਨੂੰ ਕੱਢਣ ਵਾਸਤੇ ਆਪ ਨੂੰ ਗੰਦ ਵਿਚ ਵੜਨਾ ਪੈਂਦਾ ਹੈ । ਲੋਕਾਂ ਨੂੰ ਦੇਵਤਿਆਂ ਦੀ ਸ਼ਕਤੀ ਦੇ ਭਰਮ ਵਿਚੋਂ ਕੱਢਣ ਲਈ ਦੇਵਤਿਆਂ ਦਾ ਜ਼ਿਕਰ ਬਾਰ ਬਾਰ ਕਰਨਾ ਪਿਆ)**

੮੭- **ਸੁਰਿ ਨਰ ਗਣ ਗੰਧਰਬੇ ਜਪਿਓ ਰਿਖਿ ਬਪੁਰੈ ਹਰਿ ਗਾਇਆ ॥**
**ਸੰਕਰਿ ਬ੍ਰਹਮੈ ਦੇਵੀ ਜਪਿਓ ਮੁਖਿ ਹਰਿ ਹਰਿ ਨਾਮੁ ਜਪਿਆ ॥**
**ਹਰਿ ਹਰਿ ਨਾਮਿ ਜਿਨਾ ਮਨੁ ਭੀਨਾ ਤੇ ਗੁਰਮੁਖਿ ਪਾਰਿ ਪਇਆ ॥ ੨ ॥**[੯੯੫]-੨

**ਪਦ ਅਰਥ**:- ਸੁਰਿ--ਦੇਵਤੇ । ਗਣ--ਸ਼ਿਵ ਦੇ ਖ਼ਾਸ ਉਪਾਸ਼ਕ-ਦੇਵਤੇ ਜੋ ਗਣੇਸ਼ ਦੇ ਅਧੀਨ ਦੱਸੇ ਜ:ਦੇ ਹਨ । ਗੰਧਰਬ--ਦੇਵਤਿਆਂ ਦੇ ਰਾਗੀ ॥ ਰਿਖਿ ਬਪੁਰੇ--ਵਿਚਾਰੇ ਧਰਮ ਰਾਜ ਨੇ । (ਸੱਭ ਦੇਵਤੇ ਗੁਰਮਖਾਂ ਤੋਂ ਹੇਠਲੇ ਦਰਜੇ ਤੇ ਖੜੇ ਦਿਸ ਰਹੇ ਹਨ )।

੮੮- **ਰਾਜ ਤੇ ਕੀਟ ਕੀਟ ਤੇ ਸੁਰਪਤਿ ਕਰਿ ਦੋਖ ਜਠਰ ਕਉ ਭਰਤੇ ॥ ਕ੍ਰਿਪਾਨਿਧਿ ਛੋਡਿ ਆਨ ਕਉ ਪੂਜਹਿ**
**ਆਤਮਘਾਤੀ ਹਰਤੇ ॥ ੧ ॥ ਹਰਿ ਬਿਸਰਤ ਤੇ ਦੁਖਿ ਦੁਖਿ ਮਰਤੇ ॥ ਅਨਿਕ ਬਾਰ ਭਰਮਹਿ ਬਹੁ ਜੋਨੀ ਟੇਕ**
**ਨ ਕਾਹੂ ਧਰਤੇ ॥ ੧ ॥ ਰਹਾਉ ॥ ਤਿਆਗਿ ਸੁਆਮੀ ਆਨ ਕਉ ਚਿਤਵਤ ਮੂੜ ਮੁਗਧ ਖਲਖਰ ਤੇ ॥ ਕਾਗਰ**
**ਨਾਵ ਲੰਘਹਿ ਕਤ ਸਾਗਰੁ ਬਿਰਥਾ ਕਥਤ ਹਮ ਤਰਤੇ ॥ ੨ ॥ ਸਿਵ ਬਿਰੰਚਿ ਅਸੁਰ ਸੁਰ ਜੇਤੇ, ਕਾਲ ਅਗਨਿ**
**ਮਹਿ ਜਰਤੇ ॥ ਨਾਨਕ ਸਰਨਿ ਚਰਨ ਕਮਲਨ ਕੀ ਤੁਮ੍ਹ ਨ ਡਾਰਹੁ ਪ੍ਰਭ ਕਰਤੇ ॥ ੩ ॥**[੧੨੬੭]--੪

**ਅਰਥ** :-ਰਾਜਿਆਂ ਤੋਂ ਲੈ ਕੇ ਕੀੜਿਆਂ ਤੱਕ, ਕੀੜਿਆਂ ਤੋਂ ਲੈ ਕੇ ਇੰਦ੍ਰ ਦੇਵਤੇ ਤੱਕ, ਕੋਈ ਵੀ ਹੋਵੇ ਪਾਪ ਕਰਕੇ ਸਾਰੇ ਗਰਭ ਜੂਨ ਵਿੱਚ ਪੈਂਦੇ ਹਨ । ਜਿਹੜੇ ਵੀ ਪ੍ਰਾਣੀ ਕ੍ਰਿਪਾਨਿਧਿ ਅਰਥਾਤ ਦਇਆ ਦੇ ਖਜ਼ਾਨੇ ਪ੍ਰਭੂ ਨੂੰ ਛੱਡ ਕੇ ਹੋਰ ਦੇਵੀ ਦੇਵਤਿਆਂ ਨੂੰ ਪੂਜਦੇ ਹਨ ਉਹ ਰੱਬ ਦੇ ਚੋਰ ਹਨ ਅਤੇ ਆਤਮਾ ਦਾ ਘਾਤ ਕਰਦੇ ਹਨ । ਅਤੇ ਮੂਰਖ ਅਤੇ ਖੋਤੇ ਹਨ । ਪ੍ਰਭੂ ਦਾ ਸਿਮਰਨ ਕਰਨ ਦੀ ਥਾਂ ਕਿਸੇ ਹੋਰ (ਮੂਰਤੀਂ ਆਦਿ ) ਦੀ ਪੂਜਾ ਕਰਨ ਵਾਲੇ ਜੇ ਇਹ ਕੀਣ ਕੇ ਉਹ ਸੰਸਾਰ ਸਮੁੰਦਰ ਤੋਂ ਪਾਰ ਲੰਘ ਰਹੇ ਹਨ ਤਾਂ ਉਨ੍ਹਾਂ ਦਾ ਇਹ ਕੀਣਾ ਇਸ ਤਰ੍ਹਾਂ ਦਾ ਹੈ ਜਵੇਂ ਕੋਈ ਕਾਗ਼ਜ਼ ਦੀ ਬੇੜੀ ਵਿੱਚ ਬੈਠ ਕੇ ਕਹੇ ਕਿ ਉਹ ਸਮੰਦਰੋਂ ਪਾਰ ਲੰਘ ਰਿਹਾ ਹੈ । ਸ਼ਿਵ, ਬ੍ਰਹਮਾ,ਦੈਂਤ, ਦੇਵਤੇ, ਸੱਭ ਆਤਮਕ ਮੌਤ ਦੀ ਅੱਗ ਵਿੱਚ ਸੜਦੇ ਹਨ (ਦੇਵਤਿਆਂ ਦਾ ਭਰਮ-ਜਾਲ ਜੋ ਬ੍ਰਾਹਮਣ ਨੇ ਵਿਛਾਇਆ ਹੋਇਆ ਹੈ ਉਸ ਦੀਆਂ ਤੰਦਾਂ ਟੁੱਟ ਰਹੀਆਂ ਹਨ) । ਨਾਲ ਹੀ ਗਰਦੇਵ ਜੀ ਇਹ ਸਿਖਿਆ

ਵੀ ਦੇ ਰਹੇ ਹਨ ਕਿ ਇਸ ਮਾਇਆ, ਜਾਲ ਤੋਂ ਬਚਾਈ ਰਖਣ ਲਈ ਪ੍ਰਭੂ ਚਰਨਾ ਵਿੱਚ ਅਰਦਾਸ ਕਰਦੇ ਰਹਿਣਾ ਚਾਹੀਦੀ ਹੈ ਕਿ ਉਹ ਸਾਨੂੰ ਆਪਣੇ ਚਰਨ ਕੰਵਲਾਂ ਨਾਲ ਜੋੜੀ ਰੱਖੇ, ਕਦੇ ਆਪਣੇ ਤੋਂ ਪਰੇ ਨਾ ਹਟਾਏ ॥

**ਜਿਸ ਕਰਾਮਾਤੀ ਸਫਲਤਾ ਵਾਲੀ ਦਲੇਰੀ** ਨਾਲ ਆਪਣੇ ਅਵਤਾਰਾਂ, ਦੇਵੀ-ਦੇਵਤਿਆਂ, ਧਰਮ ਗ੍ਰੰਥਾਂ ਅਤੇ ਜਾਪ ਕਰਨ ਵਾਲੇ ਪਵਿਤ੍ਰ ਮੰਤ੍ਰਾਂ ਆਦ ਦੀ ਬੇਅਦਬੀ ਅਥਵਾ ਹਾਸੋਹੀਣੀ ਦਸ਼ਾ, ਹਿੰਦੂਆਂ ਦੇ ਧਰਮ-ਗੁਰੂ ਬਿੱਪ੍ਰ ਨੇ ਕੀਤੀ ਹੈ, ਸੰਸਾਰ ਦੇ ਹੋਰ ਕਿਸੇ ਧਰਮ-ਗੁਰੂ ਨੇ ਅਜੇਹਾ ਪਾਪ ਨਹੀਂ ਕੀਤਾ । ਬ੍ਰਾਹਮਣ ਨੂੰ ਉਸ ਦੇ ਇਸ ਦੁਸ਼-ਕਰਮ ਦਾ ਇਹਸਾਸ ਕਰਾਉਣ ਵਾਸਤੇ ਅਤੇ ਜਗਤ ਨੂੰ ਅਜੇਹੀ ਭੁੱਲ ਕਰਨ ਤੋਂ ਸੁਚੇਤ ਰਹਿਣ ਲਈ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸ਼ਬਦ :--

੮੯- **ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ ॥ ਰਹਾਉ ॥ ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ ॥ ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ ॥ ੧ ॥ ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ ॥ ਮੋਦੀ ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ ॥ ੨ ॥ ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ ॥ ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ ॥ ੩ ॥ ਹਿੰਦੂ ਅੰਨ੍ਹਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥ ਹਿੰਦੂ ਪੂਜੈ ਦੇਹੁਰਾ ਮੁਸਲਮਾਣ ਮਸੀਤਿ ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥ ੪ ॥** [੮੭੪]-੩

**ਅਰਥ:-** (ਰਹਾਉ ਦੀ ਤੁਕ ਤੋਂ ਹੀ ਸਪੱਸ਼ਟ ਹੈ ਨਾਮਦੇਵ ਜੀ ਕਿਸੇ ਮੂਰਖਤਾਈ ਦੇ ਸੁਧਾਰ ਕਰਨ ਦਾ ਉਪਦੇਸ਼ ਦੇ ਰਹੇ ਹਨ । ਫੁਰਮਾਉਂਦੇ ਹਨ) ਕਿ ਮੈਂ ਤਾਂ ਬੀਠਲ ਦਾ ਏਸੇ ਜਨਮ ਵਿੱਚ ਹੀ ਦਰਸ਼ਨ ਕਰ ਲਿਆ ਹੈ । ਪਰ ਹੇ ਪਾਂਡੇ ! ਤੂੰ ਮੂਰਖ ਹੀ ਰਹਿਓਂ, ਤੈਨੂੰ ਦਰਸ਼ਨ ਨਹੀਂ ਹੋਇਆ । ਆ ਮੈਂ ਤੈਨੂੰ ਮੂਰਖ ਨੂੰ ਸਮਝਾਵਾਂ ਕਿ ਤੈਨੂੰ ਦਰਸ਼ਨ ਕਿਉਂ ਨਹੀਂ ਹੁੰਦੇ । ਰਹਾਉ ।

ਪਹਿਲੀ ਗੱਲ ਇਹ ਹੈ ਕਿ **ਗਾਇਤ੍ਰੀ ਮੰਤ੍ਰ** ਨੂੰ ਬੜਾ ਪਵਿਤ੍ਰ ਅਤੇ ਕਲਿਆਣ ਕਾਰੀ ਸਮਝ ਕੇ ਤੂੰ ਨੇਮ ਨਾਲ ਪਾਠ ਕਰਦਾ ਹੈਂ । ਪਰ ਗਾਇਤ੍ਰੀ ਬਾਰੇ ਕਥਾ ਇਹ ਸੁਣਾਉਂਦਾ ਹੈਂ ਕਿ ਉਹ ਲੋਧੇ ਜਟ ਦਾ ਖੇਤ ਖਾਂਦੀ ਸੀ ਜਿਸ ਨੇ ਸੋਟਾ ਮਾਰ ਕੇ ਉਸ ਦੀ ਲੱਤ ਭੰਨ ਦਿਤੀ ਜਿਸ ਕਾਰਨ ਲੰਗ ਮਾਰ ਕੇ ਤੁਰਦੀ ਹੈ, ਭਾਵ, ਤਿੰਨ ਹੀ ਲੱਤਾਂ ਰਹਿ ਗਈਆਂ **। ੧ ।** ਹੇ ਪਾਂਡੇ ! (ਫਿਰ ਤੂੰ ਸ਼ਿਵ ਦੀ ਅਰਾਧਨਾ ਕਰਦਾ ਹੈਂ, ਉਸ ਨੂੰ ਬੜਾ ਕ੍ਰੋਧੀ ਸਮਝਦਾ ਹੈਂ ਕਿ ਗੁੱਸੇ ਵਿੱਚ ਆ ਕੇ ਉਹ ਸ੍ਰਾਪ ਦੇ ਕੇ ਭਸਮ ਕਰ ਦਿੰਦਾ ਹੈ । ਐਸੇ ਸ਼ਿਵ ਨਾਲ ਤੂੰ ਪਿਆਰ ਕਿਵੇਂ ਕਰ ਸਕਦਾ ਹੈਂ ?) ਤੇਰਾ ਸ਼ਿਵ (ਤਾਂ ਉਹ ਹੈ ਜਿਸ ਬਾਰੇ ਤੂੰ ਆਖਦਾ ਹੈਂ) ਕਿਸੇ ਭੰਡਾਰੀ ਦੇ ਘਰ ਉਸ ਵਾਸਤੇ ਭੋਜਨ ਤਿਆਰ ਹੋਇਆ, ਸ਼ਿਵ **ਚਿੱਟੇ ਬਲਦ** ਉਤੇ ਜਾਂਦਾ ਦੇਖਿਆ, (ਭਾਵ, ਤੂੰ ਦਸਦਾ ਹੈਂ ਕਿ ਸ਼ਿਵ ਜੀ ਬਲਦ ਦੀ ਸਵਾਰੀ ਕਰਦੇ ਸਨ) (ਪਰ ਸ਼ਇਦ ਉਹ ਭੋਜਨ ਪਸੰਦ ਨਹੀਂ ਆਇਆ, ਸ਼ਿਵ ਨੇ ਸ੍ਰਾਪ ਦੇ ਕੇ ) ਉਸ ਦਾ ਮੁੰਡਾ ਮਾਰ ਦਿੱਤਾ । ੨ । ਹੇ ਪਾਂਡੇ ! ਤੇਰੇ ਸ੍ਰੀ ਰਾਮਚੰਦਰ ਜੀ ਭੀ ਆਉਂਦੇ ਦੇਖੇ ਹਨ ( ਭਾਵ, ਜਿਸ ਸ੍ਰੀ ਰਾਮਚੰਦ੍ਰ ਜੀ ਦੀ ਤੂੰ ਉਪਾਸ਼ਨਾਂ ਕਰਦਾ ਹੈਂ ਉਨ੍ਹਾਂ ਦੀ ਬਾਬਤ ਭੀ ਤੈਥੋਂ ਇਹੀ ਕੁਝ ਅਸਾਂ ਸੁਣਿਆ ਹੈ ਕਿ) ਰਾਵਣ ਨਾਲ ਉਨ੍ਹਾਂ ਦੀ ਲੜਾਈ ਹੋ ਪਈ ਕਿਉਂਕਿ ਉਹ ਵਹੁਟੀ (ਸੀਤਾ ਜੀ) ਗਵਾ ਬੈਠੇ ਸਨ । ੩ ।

ਸੋ ਹਿੰਦੂ ਦੋਵੇਂ ਅਖਾਂ ਗਵਾ ਬੈਠਾ ਹੈ, ਪਰ ਮੁਸਲਮਾਨ ਦੀ ਇੱਕ ਅੱਖ ਹੀ ਖਰਾਬ ਹੈ, ਇਨ੍ਹਾਂ ਦੋਹਾਂ ਨਾਲੋਂ ਸਿਆਣਾ ਉਹ ਬੰਦਾ ਹੈ ਜਿਸ ਨੂੰ (ਪ੍ਰਭੂ ਦੀ ਹਸਤੀ ਦਾ ਸਹੀ) ਗਿਆਨ ਹੋ ਗਿਆ ਹੈ । (ਹਿੰਦੂ ਨੇ ਇੱਕ ਅੱਖ ਤਾਂ ਤਦੋਂ ਗਵਾਈ ਜਦੋਂ ਉਹ ਆਪਣੇ ਇਸ਼ਟ ਬਾਰੇ ਸ਼ਰਧਾ-ਹੀਣ ਕਹਾਣੀਆਂ ਘੜਨ ਲੱਗ ਪਿਆ, ਤੇ ਦੂਜੀ ਗਵਾਈ, ਜਦੋਂ ਪਰਮਾਤਮਾ ਨੂੰ ਸਿਰਫ਼, ਮੰਦਰਾਂ ਵਿੱਚ ਬੈਠਾ ਸਮਝ ਕੇ) ਮੰਦਰ ਨੂੰ ਪੂਜਣ ਲੱਗ ਪਿਆ, ਮੁਸਲਮਾਨ (ਦੀ ਹਜ਼ਰਤ ਮੁਹੰਮਦ ਸਾਹਿਬ ਵਿੱਚ ਪੂਰੀ ਸ਼ਰਧਾ ਹੋਣ ਕਰਕੇ ਇੱਕ ਅੱਖ ਤਾਂ ਸਾਬਤ ਹੈ ਪਰ ਦੂਜੀ ਗਵਾ ਬੈਠਾ। ਕਿਉਂਕਿ ਰੱਬ ਨੂੰ ਨਿਰਾ ਮਸਜਦ ਵਿੱਚ ਜਾਣ ਕੇ) ਮਸਜਦ ਨੂੰ ਹੀ ਰੱਬ ਦਾ ਘਰ ਸਮਝ ਰਿਹਾ ਹੈ । ਮੈਂ ਨਾਮਦੇਵ ਉਸ ਪਰਮਾਤਮਾ ਦਾ ਸਿਮਰਨ ਕਰਦਾ ਹਾਂ ਜਿਸ ਦਾ ਨਾਂਹ ਕੋਈ ਖ਼ਾਸ ਮੰਦਰ ਹੈ ਤੇ ਨਾ ਮਸਜਦ । ੪ । [ਨਾਮਦੇਵ ਜੀ ਨੂੰ ਅੱਜ ਕੌਣ ਦੱਸੇ ਕਿ ਗੁਰੂ ਗ੍ਰੰਥ ਸਾਹਿਬ ਦੇ ਸਿੱਖ ਵੀ ਗੁਰੂ ਪਰਮੇਸ਼ਰ ਦੇ ਘਰ ਅਥਵਾ ਹਰਿ ਮੰਦਰ, ਅਥਵਾ ਰੱਬ ਦੇ ਘਰ ਆਪ ਹੀ ਬਣਾ ਰਿਹਾ ਹੈ । ਸਿੱਖ ਨੇ ਰੱਬ ਦਾ ਘਰ ਹਿਰਦੇ ਦੀ ਥਾਂ ਕੰਧਾਂ ਕੋਠੇ ਸਮਝ ਲਿਆ ਹੋਇਆ ਹੈ । ਇਸ ਪਾਵਨ ਸਿਖਿਆ ਦੇ ਦਾਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿੱਖ ਨੇ ਵੀ, ਅੱਜ ਹਿਰਦੇ ਨੂੰ ਗੁਰੂ ਦਾ ਅਥਵਾ ਰੱਬ ਦਾ ਘਰ ਬਣ ਲੈਣ ਵਾਲੀ ਗੱਲ ਸਮਝਣ ਦੀ ਲੋੜ ਮੁਕਾ ਦਿੱਤੀ ਹੋਈ ਹੈ । ਗੁਰੂ ਗ੍ਰੰਥ ਸਾਹਿਬ ਦੇ ਗਿਆਨ ਨੂੰ ਸਮਝ ਕੇ ਉਸ ਸਨੁਸਾਰ ਜੀਵਨ ਬਣਾ ਲੈਣ ਦੀ ਲੋੜ ਨੂੰ ਕੋਹਾ ਪਿੱਛੇ ਛੱਡ ਤੁਰੇ ਗੁਰੂ ਦੇ ਲਾਲ ਨੇ ਵੀ ਅੱਜ ਗਿਆਨ ਦੇ ਦੋਵੇਂ ਨੇਤ੍ਰ ਲਏ ਹਨ। ਬ੍ਰਾਹਮਣ ਦੇ ਚੇਲੇ ਹਿੰਦੂ ਵਾਂਗ ਹੀ ਸਿੱਖ ਨੇ ਵੀ ਵਿਖਾਵੇ ਵਾਲੇ ਕਰਮਾਂ ਨੂੰ ਧਰਮ ਮੰਨ ਲਿਆ ਹੋਇਆ ਹੈ }

ਇਸ ਉਪ੍ਰੋਕਤ ਗੁਰੂ ਸ਼ਬਦ ਵਿਚ ਆਏ **(ੳ) ਗਾਇਤ੍ਰੀ ਮੰਤ੍ਰ, (ਅ) ਮੋਦੀ ਦੇ ਘਰ ਖਾਣਾ ਖਾਣ ਗਏ ਮੰਡਾ ਮਾਰ ਦੇਣ ਵਾਲਾ ਸ਼ਿੰਵ ਜੀ ਦਾ ਸਾਕਾ (ੲ) ਸ਼ਿਵ ਜੀ ਦੇ ਧੌਲੇ ਬੌਲਦ ਆਦਿ** ਬਾਰੇ ਪੁਰਾਣਕ ਗਾਥਾਂ ਦੀ ਅਸਲੀਯਤ ਸਮਝ ਲੈਣੀ ਵੀ ਲਾਹੇਵੰਦ ਰਹੇਗੀ--

੨੧

# ਗਾਇਤ੍ਰੀ ਮੰਤ੍ਰ, ਮੋਦੀ ਅਥਵਾ ਧੌਲਾ ਬੌਲਦ ?

**(ੳ)** ਕਥਿਤ ਕਲਿਆਣ-ਕਾਰੀ ਗਾਇਤ੍ਰੀ ਮੰਤ੍ਰ ਬਾਰੇ ਜੋ ਕੁਝ ਬ੍ਰਾਹਮਣ ਨੇ ਆਪ ਲਿਖਿਆ ਹੈ, ਉਸ ਦਾ ਸੰਖੇਪ ਇਸ ਪ੍ਰਕਾਰ ਹੈ:-

(੧) **ਗਾਇਤ੍ਰੀ ਮੰਤ੍ਰ ਦੇ ਅਰਥ**--" ਸੂਰਜ ਦੇਵਤਾ ਜੋ ਸਭ ਨੂੰ ਜਿਵਾਉਂਦਾ ਹੈ, ਦੁਖਾਂ ਤੋਂ ਛਡਾਉਂਦਾ ਹੈ, ਪ੍ਰਕਾਸ਼ ਰੂਪ ਹੈ, ਬੇਨਤੀ ਕਰਨ ਜੋਗ ਹੈ, ਜੋ ਪਾਪ ਨਾਸ਼ਕ ਹੈ, ਜੋ ਸਾਡੀਆਂ ਬੁਧੀਆਂ ਨੂੰ ਪ੍ਰੇਰਦਾ ਹੈ, ਉਸ ਦਾ ਅਸੀਂ ਧਿਆਨ ਕਰਦੇ ਹਾਂ " । ਅਰਥਾਂ ਤੋਂ ਸਪੱਸ਼ਟ ਹੈ ਕਿ ਗਾਇਤ੍ਰੀ ਮੰਤ੍ਰ ਵਿਚ ਪਰਮਾਤਮਾ ਦਾ ਜਾਪ ਨਹੀਂ ਹੈ ਸਗੋਂ ਪਰਮਾਤਮਾ ਦੀ ਕਿਰਤ " ਸੂਰਜ " ਦੀ ਪੂਜਾ ਹੈ ।

(੨) ਇਸ ਮੰਤ੍ਰ ਪ੍ਰਤੀ ਪੁਰਾਣਾ ਵਿਚ ਲਿਖੀ ਗਾਥਾ ਦਾ ਸੰਖੇਪ--- ਮਹਾਨ ਕੋਸ਼ ਦੇ ੪੦੩ ਸਫ਼ੇ ਤੇ ਨੋਟ ਹੈ ਜਾ (ਲਗ-ਪਗ) ਇਉਂ ਹੈ--ਇੱਕ ਵਾਰੀ ਬ੍ਰਹਮਾ ਨੇ ਜੱਗ ਕਰਨ ਲੱਗਾ ਤਾਂ ਆਪਣੀ ਇਸਤ੍ਰੀ ਸਾਵਿਤ੍ਰੀ ਨੂੰ ਬੁਲਾਉਣ ਲਈ ਇੰਦ੍ਰ ਨੂੰ ਭੇਜਿਆ, ਕਿਉਂਕਿ ਪਤਨੀ ਤੋਂ ਬਿਨਾਂ ਜਗ ਹੋ ਨਹੀਂ ਸੀ ਸਕਦਾ । ਸਾਵਿਤ੍ਰੀ ਨੇ ਜਾਣੋਂ ਨਾਹ ਕਰ ਦਿੱਤੀ ਤੇ ਇੰਦ੍ਰ ਖਾਲੀ ਮੁੜ ਆਇਆ ਤਾਂ ਬ੍ਰਹਮਾਂ ਨੇ ਕਿਹਾ ਕਿ ਮੇਰੇ ਲਈ ਹੋਰ ਇਸਤ੍ਰੀ ਫੜ ਲਿਆ । ਇੰਦ੍ਰ ਨੇ ਮ੍ਰਿਤ ਲੋਕ (ਭਾਵ ਕ੍ਰਿਸ਼ਨ ਜੀ ਦੇ ਲੀਲ੍ਹਾ ਅਸਥਾਨ U.P ਵਿਚੋਂ ਇੱਕ ਗਵਾਲਣ (ਗੋਪੀ) ਚੁੱਕ ਖੜੀ ਜਿਸ ਦਾ ਨਾਉਂ **ਗਾਇਤ੍ਰੀ** ਸੀ । ਬ੍ਰਹਮਾਂ ਨੇ ਉਸ ਨਾਲ ਗੰਧਰਬ ਵਿਆਹ ਕਰਕੇ ਜੱਗ ਪੂਰਾ ਕੀਤਾ ।

ਇਹ ਵੀ ਲਿਖਿਆ ਹੈ ਕਿ, ਇੱਕ ਵਾਰੀ ਇਸ ਗਾਇਤ੍ਰੀ ਨੂੰ ਹੰਕਾਰ ਹੋ ਗਿਆ ਤਾਂ ਬ੍ਰਹਮਾ ਨੇ ਇਸ ਨੂੰ **ਗਊ** ਬਣਾ ਦਿਤਾ । ਗਊ ਹੋਈ ਇਹ ਗਾਇਤ੍ਰੀ (ਰੱਸਾ ਤੁੜਾ ਕੇ) ਜੱਟਾਂ ਦੀ ਪੈਲੀ ਵਿਚ ਜਾ ਵੜੀ । ਜਦ ਲੋਧੇ ਜੱਟ ਦਾ ਖੇਤ ਖਾ ਰਹੀ ਸੀ ਤਾਂ ਉਸ ਜੱਟ ਨੇ ਡਾਂਗ ਮਾਰ ਕੈ ਉਸ ਚੋਰ-ਗਊ ਦੀ ਇੱਕ ਲੱਤ ਭੰਨ ਦਿੱਤੀ । ਲਤ ਤੁੜਵਾ ਕੇ

ਲੰਗੜੀ ਹੋ ਚੁੱਕੀ ਆਪਣੀ ਗਊ--ਪਤਨੀ ਤੇ ਤਰਸ ਖਾ ਕੇ ਭਗਵਾਨ ਬ੍ਰਹਮਾ ਜੀ ਨੇ ਇਸ ਨੂੰ " ਮੰਤ੍ਰ " ਦਾ ਰੂਪ ਦੇ ਕੇ ਉਸ ਨੂੰ ਉਸ ਦਾ ਗਵਾਲਣ ਵਾਲੇ ਪਹਿਲੇ ਨਾਮ ਤੇ **ਗਇਤ੍ਰੀ-ਮੰਤ੍ਰ** ਬਣਾ ਦਿੱਤਾ ਜਿਸ ਨੂੰ ਬ੍ਰਾਹਮਣ ਨੇ ਕਲਿਆਣ-ਕਾਰੀ ਥਾਪ ਦਿੱਤਾ ।

ਬਿਨਾ ਆਗਿਆ ਦੇ ਕਿਸੇ ਦੇ ਖੇਤ ਵਿਚੋਂ ਚੋਰੀ ਪੱਠੇ ਖਾਂਦੀ ਹੋਈ ਆਪਣੀ ਲੱਤ ਤੁੜਵਾ ਬੈਠੀ ਚੋਰ-ਗਊ ਤੋਂ ਬਣੇ ਗਾਇਤ੍ਰੀ-ਮੰਤ੍ਰ ਨੇ ਫਿਰ ਲੋਕਾਂ ਦਾ ਕੀ ਸਵਾਰਨਾ ਹੋਇਆ ? ਭਾਵ, ਕਿ ਪਾਂਡੇ ਨੇ ਜਿਸ ਮੰਤ੍ਰ ਨਾਲ ਅਜੇਹਾ ਘਟੀਆ ਕਿਸਮ ਦਾ ਮਖੌਲ ਜੋੜਿਆ ਹੋਇਆ ਹੋਵੇ ਉਸ ਪ੍ਰਤੀ ਉਸ ਦੀ ਸ਼ਰਧਾ ਕਿਹੋ ਜਿਹੀ ਬਣਨੀ ਹੈ ? ਚੋਰ ਦਾ ਸਿਮਰਨ ਚੋਰ ਹੀ ਬਨਾਉਂਦਾ ਹੈ--**ਜੈਸਾ ਸੇਵੈ, ਤੈਸੋ ਹੋਇ** ॥(੨੨੪) ਗਾਇਤ੍ਰੀ ਮੰਤ੍ਰ ਦਾ ਹੋਰ ਜ਼ਿਕਰ ਗੁਰਬਾਣੀ ਵਿੱਚ ਇਸ ਪ੍ਰਕਾਰ ਹੈ :-

੯੦- **ਤ੍ਰੈ ਗੁਣ ਧਾਤੁ ਬਹੁ ਕਰਮ ਕਮਾਵਹਿ ਹਰਿ ਰਸ ਸਾਦੁ ਨ ਆਇਆ ॥**
**ਸੰਧਿਆ ਤਰਪਣੁ ਕਰਹਿ ਗਾਇਤ੍ਰੀ, ਬਿਨੁ ਬੂਝੇ ਦੁਖੁ ਪਾਇਆ ॥ ੨ ॥** [੬੦੩]-੧੦

[ਇਹ ਗੁਰੂ-ਬਾਣੀ ਤੁਕ ਅਗਲੀਆਂ ਦੋ ਤੁਕਾਂ ਸਮੇਤ ਪੁਸਤਕ ਦੇ ਤੀਜੇ ਭਾਗ ਦੇ ਛੇਵੇਂ ਕਾਂਡ ਦੇ ੩੧ਵੇਂ ਸ਼ਬਦ-ਨੰਬਰ ਤੇ ਅਰਥਾਂ ਸਮੇਤ ਲਿਖੀ ਹੋਈ ਹੈ ]

੯੧- **..ਮੁਖਿ ਝੂਠ ਬਿਭੂਖਣ ਸਾਰੰ ॥ ਤ੍ਰੈਪਾਲ ਤਿਹਾਲ ਬਿਚਾਰੰ ॥ .. ੨** ॥[੪੭੦]-ਵਾ-੧੪

**(ਅ) ਮੋਦੀ ਕੇ ਘਰ**--ਦੂਜਾ ਇਸ਼ਟ ਸ਼ਿਵ ਜੀ ਹੈ । ਹਿੰਦੂ ਜਨਤਾ ਵਿਚ ਸ਼ਿਵ ਜੀ ਦੇ ਕਈ ਰੂਪਾਂ ਦੀ ਬੜੀ ਪੂਜਾ ਕੀਤੀ ਜਾ ਰਹੀ ਹੈ । ਨਾਮਦੇਵ ਜੀ ਨੇ ਮਹਾਂ ਦਿਉ ਭਾਵ, ਸ਼ਿਵ ਜੀ ਦੀ ਉਸ ਪੂਰਾਣਕ ਗਾਥਾ ਦਾ ਜਿਕਰ ਕੀਤਾ ਹੈ ਜਿਸ ਵਿਚ ਉਨ੍ਹਾਂ ਨੇ ਉਸੇ ਮੋਦੀ ਦਾ ਕਾਕਾ ਮਾਰ ਦਿੱਤਾ ਸੀ ਜਿਸ ਦੇ ਘਰ ਪ੍ਰਸ਼ਾਦਾ ਛਕਣ ਗਏ ਸਨ । ਮੋਦੀ ਕੌਣ ਸੀ ਅਤੇ ਸਿਵ ਜੀ ਦੇ ਕ੍ਰੋਧ ਕਾਰਨ ਸ਼ਹੀਦੀ ਪਾਉਣ ਵਾਲਾ ਉਹ ਮੁੰਡਾ ਕੌਣ ਸੀ ?

ਪ੍ਰਿੰ: ਸਾਹਿਬ ਸਿੰਘ ਜੀ ਨੇ ਮੋਦੀ ਦਾ ਅਰਥ ਭੰਡਾਰੀ ਲਿਖਿਆ ਹੈ । ਮਹਾਨ ਕੋਸ਼ ਦੇ ੯੯੮ ਸਫ਼ੇ ਤੇ ਮੋਦੀ ਦੇ ਅਰਥ ਇਸ ਪ੍ਰਕਾਰ ਲਿਖੇ ਹਨ--ਅਦਾ ਕਰਨ ਵਾਲਾ, ਮੁਦੀ, ਕ੍ਰਿਪਾਲੂ, ਮਿਹਰਬਾਨ--**ਮੋਦੀ ਕੇ ਘਰ ਖਾਨਾ ਪਾਕਾ ਵਾ ਕਾ ਲੜਕਾ ਮਾਰਿਆ ਥਾ** ॥ ਕਿਰਪਾਲੂ ਪਾਰਵਤੀ ਦੇ ਘਰ ਜਦੋਂ ਪ੍ਰਸ਼ਾਦਿ ਤਿਆਰ ਹੋਇਆ ਉਸ ਵੇਲੇ ਸ਼ਿਵ ਨੇ **ਲੜਕਾ** ਮਾਰ ਦਿੱਤਾ ।

ਭਾਵ, ਰੋਟੀ ਖੁਵਾਉਣ ਵਾਲਾ ਮੋਦੀ, ਸਿਵ ਜੀ ਦੀ ਆਪਣੀ ਪਤਨੀ ਪਾਰਬਤੀ ਹੀ ਸੀ । ਕੀ ਪਰਬਤੀ ਦਾ ਕਾਕਾ ਸ਼ਿਵ ਜੀ ਪੁੱਤ੍ਰ ਨਹੀਂ ਸੀ ? ਕੀ ਸ਼ਿਵ ਜੀ ਨੇ ਆਪਣਾ ਕਾਕਾ ਕੀ ਮਾਰ ਮੁਕਾਇਆ ਸੀ ? ਪਰ ਕਿਸ ਕਾਰਨ ?

ਜਿਸ ਲੜਕੇ ਨੂੰ ਸ਼ਿਵ ਨੇ ਮਾਰ ਦਿੱਤਾ ਸੀ ਉਸ ਦੀ ਗਾਥਾ ਮਹਾਨ ਕੋਸ਼ ਦੇ ੩੯੪ ਸਫ਼ੇ ਤੇ ਇਸ ਪ੍ਰਕਾਰ ਲਿਖੀ ਹੈ :- ਪਾਰਵਤੀ ਨੇ ਆਪਣੇ ਸਰੀਰ ਦੀ ਮੈਲ ਤੋਂ ਇੱਕ ਬਾਲਕ ਬਣਾ ਕੇ ਦਰਵਾਜੇ ਤੇ ਪਹਿਰੇ ਲਈ ਬਿਠਾਇਆ, ਸ਼ਿਵ ਨੇ ਰੋਟੀ ਖਾਣ ਆਉਣਾ ਸੀ । ਜਦ ਸ਼ਿਵ ਆਏ ਤਾਂ ਲੜਕੇ ਨੇ ਅੰਦਰ ਜਾਣੋਂ ਰੋਕਿਆ, ਇਸ ਤੇ ਸ਼ਿਵ ਨੂੰ ਕ੍ਰੋਧ ਆਇਆ ਤੇ ਉਸ ਨੇ ਬਾਲਕ ਦਾ ਸਿਰ ਵੱਢ ਦਿੱਤਾ । ਪਾਰਵਤੀ ਦਾ ਵਿਰਲਾਪ ਸੁਣ ਕੇ ਸ਼ਿਵ ਨੇ ਹਾਥੀ ਦਾ ਸਿਰ ਧੜ ਨਾਲ ਲਿਆ ਜੋੜਿਆ । ਅਤੇ ਨਾਉਂ **ਗਣੇਸ਼** ਰੱਖ ਦਿੱਤਾ।

**ਪਰ ਬ੍ਰਹਮ-ਵੈਵਰਤ ਪੁਰਾਣ ਲਿਖਨ** ਵਾਲੇ ਬ੍ਰਾਹਮਣ ਨੂੰ **ਗਣੇਸ਼ ਦੇ ਪੈਦਾ** ਕਰਨ ਦਾ ਇਹ ਢੰਗ ਸ਼ਾਇਦ ਪਸੰਦ ਨਹੀਂ ਆਇਆ । ਉਸ ਨੇ ਲਿਖਿਆ ਹੈ:--ਵਿਸ਼ਨੂੰ ਦੇ ਵਰ ਨਾਲ ਪਾਰਵਤੀ ਦੇ ਪੁੱਤ੍ਰ ਪੈਦਾ ਹੋਇਆ ਸਾਰੇ ਦੇਵਤੇ ਬਾਲਕ ਨੂੰ ਦੇਖਣ ਆਏ । ਜਦ ਸਾਰੇ ਦੇਵਤੇ ਦੇਖ ਕੇ ਪ੍ਰਸੰਨ ਹੋਏ, ਤਦ ਪਾਰਵਤੀ ਨੇ ਸ਼ਨੀ ਨੂੰ ਬਾਲਕ ਦੇਖਣ ਲਈ ਆਖਿਆ । ਜਦ ਸ਼ਨੀ ਦੀ ਨਜ਼ਰ ਪਈ, ਤਦ ਬੱਚੇ ਦਾ ਸਿਰ ਉੱਡ ਗਿਆ, ਪਾਰਵਤੀ ਰੋਣ ਲੱਗੀ । ਵਿਸ਼ਨੂੰ ਨੇ ਇਕ ਹਾਥੀ ਦਾ ਸਿਰ ਵੱਢ ਕੇ ਬਾਲਕ ਦੇ ਧੜ ਨਾਲ ਜੋੜ ਦਿੱਤਾ ਅਤੇ ਨਾਉਂ **ਗਣੇਸ਼** ਥਾਪ ਕੇ ਕਿਹਾ ਕਿ ਸਾਰੇ ਕਾਰਜਾਂ ਦੇ ਆਦਿ ਵਿਚ ਇਸ ਦਾ ਪੂਜਨ ਕਰੋ । (ਇਸ ਗਾਥਾ ਨਾਲ ਇੱਕ ਤਾਂ ਸ਼ਨੀ ਵਾਰ ਨੂੰ, ਸ਼ਨੀ ਦੀ ਭਿਆਣਕ ਕ੍ਰੋਪੀ ਦਾ ਡਰ ਦੇ ਕੇ ਲੋਕਾਂ ਕੋਲੋਂ ਮਰਜ਼ੀ ਅਨੁਸਾਰ **ਦਾਨ-ਲੁੱਟ** ਕਰਨੀ ਅਤੇ ਠੱਗੀਆਂ ਮਾਰਨੀਆਂ ਸਹਿਲ ਹੋ ਗਈਆਂ । ਦੂਜਾ ਗਣੇਸ਼ ਦੇਵਤੇ ਦਾ ਇੱਕ ਹੋਰ ਕਰ ਲਿਆ ਗਿਆ । ਜਿਸ ਦੀ ਸਹਾਇਤਾ ਨਾਲ ਮਾਇਆ ਦੀ ਆਮਦਨ ਹੋਰ ਵਧਾ ਲਈ) । ਕੰਮ ਅਰੰਭ ਕਰਨ ਤੋਂ ਪਹਿਲਾਂ-- ਕਰੋ ਜੀ ਸਿਰੀ ਗਣੇਸ਼ ! ਇਹ ਬ੍ਰਾਹਮਣੀ-ਮੰਤ੍ਰ ਤਾਂ ਕਈ ਸਿੱਖਾਂ ਦੇ ਮੂੰਹ ਵੀ ਚੜ੍ਹਿਆ ਹੋਇਆ ਹੈ ।

**(ੲ) ਧੌਲਾ ਬਲਦ**-- ਭਗਤ ਨਾਮ ਦੇਵ ਜੀ ਦਾ ਸ਼ਿਵ ਨੂੰ ਧੌਲੇ ਬਲਦ ਤੇ ਚੜ੍ਹਿਆ ਲਿਖਨ ਵਿਚ ਕੀ ਭੇਤ ਹੈ ? ਕਈ ਦੇਵਤਿਆਂ ਨੂੰ ਕੁੱਤੇ, ਗਧੇ, ਸੂਰ ਆਦਿ ਦੀ ਸਵਾਰੀ ਮਿਲੀ ਹੋਈ ਹੈ । ਫਿਰ ਮਹਾਂਦੇਉ ਦੇ ਹੀ ਪੁੱਤ੍ਰ ਸ੍ਰੀ ਗਣੇਸ਼ ਜੀ, ਨੂੰ ਸਿਰ ਤਾਂ ਹਾਥੀ ਦਾ ਲਾਇਆ ਸੀ ਪਰ ਉਸ ਗਰੀਬ ਨੂੰ ਸਵਾਰੀ ਚੂਹੇ ਦੀ ਦਿੱਤੀ ਹੈ । ਏਧਰ ਸ਼ਿਵ ਜੀ ਨੂੰ ਸਗੋਂ ਗਊ ਮਾਤਾ ਦਾ ਜਾਇਆ ਸੁੰਦਰ ਬਲਦ ਸਵਾਰੀ ਲਈ ਦਿੱਤਾ ਹੋਇਆ ਹੈ । ਕੀ ਭਗਤ ਨਾਮਦੇਵ ਜੀ ਨੂੰ ਗਊ ਦੇ ਜਾਏ ਤੇ ਚੜ੍ਹਾ ਦੇਣ ਵਿਚ ਬ੍ਰਾਹਮਣ ਦੀ ਅਸ਼ਰਧਾ ਨਜ਼ਰ ਆਈ ਹੈ ਕਿ ਜਾਂ ਕੋਈ ਹੋਰ ਕੁਝਾ ਭੇਤ ਹੈ ? ਨਾਮਦੇਵ ਜੀ ਨੇ ਖਾਸ ਤੌਰ ਤੇ ਸ਼ਿਵ ਜੀ ਨੂੰ ਬਲਦ ਉਤੇ ਚੜ੍ਹਿਆ ਦੇਖਣ ਦਾ ਜ਼ਿਕਰ ਕਿਸ ਕਾਰਨ ਕੀਤਾ ? ਗਾਇਤ੍ਰੀ ਵਾਂਗ ਹੀ ਜ਼ਰੂਰ ਕੋਈ ਬੜੀ ਸਪੱਸ਼ਟ ਬੇਅਦਬੀ ਵਾਲੀ ਗਾਥਾ ਹੋਣੀ ਹੈ ? ਇਸ ਉਤਸੁਕਤਾ ਨੂੰ ਦੂਰ ਕਰਨ ਲਈ ਪੁਰਾਣਾ ਦੀ ਘੋਖ ਕੀਤੀ । ਪੁਰਾਣਕ ਗਾਥਾ ਵਿੱਚ ਬ੍ਰਾਹਮਣ ਨੇ ਇਸ ਬਲਦ ਦੇ ਜਨਮ ਨਾਲ ਵਾਕਿਆ ਹੀ ਬੜੀ ਅਜੀਬ ਕਹਾਣੀ ਜੋੜ ਕੇ ਇਸ ਦਾ ਵੀ ਖੂਬ ਮੌਜੂ ਉਡਾਇਆ ਹੋਇਆ ਹੈ ।

ਮਹਾਨ ਕੋਸ਼ ਦੇ ੩੨੦ ਸਫ਼ੇ ਤੇ ਲਿਖਿਆ ਹੈ :- ਕਾਲਕਾ ਪੁਰਾਣ ਵਿੱਚ ਕਥਾ ਹੈ ਕਿ ਦਕਸ਼ ਦੀ ਕੰਨਿਆ ਸਰਭਿ ਦੇ ਉਦਰ ਤੋਂ ਕਸ਼ਯਪ ਦੀ ਬੇਟੀ ਰੋਹਣੀ ਜੰਮੀ । ਰੋਹਣੀ ਦੇ ਗਰਭ ਤੋਂ ਸੂਰਸੈਣ ਵਸੁ ਦੇ ਵੀਰਯ ਕਰਕੇ ਕਾਮਧੇਨ (ਇਸਤ੍ਰੀ ਦੇ ਗਰਭ ਵਿੱਚੋਂ ਗਊ) ਦਾ ਜਨਮ ਹੋਇਆ । ਇੱਕ ਵਿਸ਼ਈ ਬੇਤਾਲ (ਭੂਤ) ਕਾਮ ਧੇਨ ਦੀ ਸੁੰਦਰਤਾ ਦੇਖ ਕੇ ਮੋਹਤ ਹੋ ਗਿਆ ਅਤੇ ਬੈਲ ਦਾ ਰੂਪ ਧਾਰ ਕੇ ਉਸ ਨੇ ਕਾਮ ਧੇਨ ਨਾਲ ਭੋਗ ਕੀਤਾ , ਜਿਸ ਤੋਂ ਇੱਕ ਵਡੇ ਕੱਦ ਦਾ ਬੈਲ ਜੰਨਮਿਆਂ ਜੋ ਸ਼ਿਵ ਦਾ ਵਾਹੁਨ ਹੋਇਆ । (ਭਾਵ, ਸ਼ਿਵ ਦੀ ਸਵਾਰੀ ਬਣਿਆਂ) । (ਜਿਸ ਬਲਦ ਦਾ ਪਿਤਾ ਭੂਤ, ਮਾਤਾ ਗਊ ਅਤੇ ਨਾਨੀ ਇਸਤ੍ਰੀ ਹੋਵੇ, ਅਜੇਹੀ ਹਰਾਮੀ ਔਲਾਦ ਸ਼ਿਵ ਜਾਂ ਇਸ ਤੋਂ ਵੀ ਵੱਡੇ ਦੇਵਤੇ ਦੀ ਸਵਾਰੀ ਹੋਵੇ, ਉਸ ਪ੍ਰਤੀ ਸ਼ਰਧਾ ਭਾਵਣਾ ਬਣਨੀ ਮੁਸ਼ਕਲ ਹੁੰਦੀ ਹੈ) ।

ਸਾਰੇ ਸੰਸਾਰ ਦੇ ਲੋਕਾਂ ਨੇ ਰਾਮਾਇਣ ਅਤੇ ਮਹਾਂਭਾਰਤ ਮੂਵੀਆਂ T.V. ਤੇ ਵੇਖੀਆਂ ਹਨ । ਉਨ੍ਹਾਂ ਵਿਚ ਕਥਿਤ ਭਗਵਾਨ-ਬ੍ਰਹਮਾ ਸਮੇਤ ਸਾਰੇ ਦੇਵਤੇ ਕਹਾਣੀ ਦੇ ਹਰ ਮੋੜ ਤੇ ਪ੍ਰਗਟ ਹੋਏ ਕਈ ਤਰ੍ਹਾਂ ਦੇ ਵਰ ਸਰਾਪ ਦਿੰਦੇ ਵੇਖਣ ਵਿਚ ਆਉਦੇ ਹਨ । ਜਿਸ ਢੰਗ ਨਾਲ ਇਹ ਸਭ ਕੁਝ ਵਾਪਰਦਾ ਦਰਸਾਇਆ ਹੈ ਉਸ ਤੋਂ ਲੋਕਾਂ ਦਾ ਵਿਸ਼ਵਾਸ਼ ਬਣ ਜਾਂਦਾ ਹੈ ਕਿ ਸਤਿਜੁਗ ਤੋਂ ਲੈ ਕੇ ਹਰ ਜੁਗ ਵਿਚ, ਜਦੋਂ ਵੀ ਅਤੇ ਜਿਥੇ ਵੀ (ਬ੍ਰਹਮਾ, ਬਿਸ਼ਨ ਮਹੇਸ਼) ਜਿਸ ਦੇਵੀ ਦੇਵਤੇ ਨੂੰ ਵੀ ਯਾਦ ਕੀਤਾ ਜਾਂਦਾ ਹੈ ਉਹ ਪ੍ਰਗਟ ਹੋ ਕੇ ਆਪਣੇ ਭਗਤ ਦੀ ਬੇਨਤੀ ਸੁਣਦਾ ਹੈ ਅਤੇ ਯੋਗ ਸਹਾਇਤਾ ਜ਼ਰੂਰ ਕਰਦਾ ਹੈ । ਪਰ ਪਿੱਛੋਂ " **ਧਰਤੀ ਮਾਤਾ ਦੀ ਪੁਕਾਰ** " ਲੇਖ ਵਿਚ ਪਾਠਕ ਨੇ ਪੜ੍ਹਿਆ ਹੈ ਕਿ ਹਿੰਦੂ ਧਰਮ ਤੇ ਬੇਅੰਤ ਤਰ੍ਹਾਂ

ਨਾਲ ਜ਼ੁਲਮੀ ਕੀਰ ਵਰਤਿਆ ਪਰ ਕਦੇ ਕਿਸੇ ਵੀ ਦੇਵਤੇ ਨੇ ਦੇਸ਼ ਵਾਸੀਆਂ ਦੀ ਕੋਈ ਪੁਕਾਰ ਨਹੀਂ ਸੁਣੀ । ਕਦੇ ਕੋਈ ਦੇਵਤਾ ਕਿਸੇ ਦੁਖਿਆਰੇ ਦੀ ਸਹਾਇਤਾ ਲਈ ਨਹੀਂ ਆਇਆ । ਹਿੰਦੂ ਧਰਮ ਦੇ ਗ੍ਰੰਥਾਂ ਵਿਚ ਬ੍ਰਹਮਾ ਦੀ ਉਮਰ ਕਈ ਕ੍ਰੋੜ ਵਰ੍ਹੇ ਲਿਖੀ ਹੈ । ਭਾਗਵਤ ਪੁਰਾਣ ਦੇ ਲਿਖਾਰੀ ਨੇ ਭਗਵਾਨ ਵਿਸ਼ਨੂੰ ਨੂੰ ਅਤੇ ਸ਼ਿਵ ਪੁਰਾਣ ਲਿਖਣ ਵਾਲੇ ਨੇ ਭਗਵਾਨ " ਮਹਾਂਸ਼ਿਵ " ਨੂੰ ਅਮਰ ਲਿਖਿਆ ਹੈ । ਏਡੀ ਲੰਮੀ ਉਮਰ ਵਾਲਾ ਬ੍ਰਮਾ, ਅਥਵਾ ਅਮਰਾ ਪਦ ਵਾਲਾ ਵਿਸ਼ਨੂੰ, ਸ਼ਿਵ, ਦੁਰਗਾ ਆਦਿ ਦੇਵੀ ਦੇਵਤੇ, ਜਿਹੜੇ ਰਾਮਾਇਣ ਅਤੇ ਮਹਾਂਭਾਰਤ ਦੇ ਸਮਿਆਂ ਵਿਚ ਝੱਟ ਪ੍ਰਗਟ ਹੁੰਦੇ ਦਰਸਾਏ ਹੋਏ ਹਨ, ਭਾਰਤ ਤੇ ਕੀਤੇ ਕਏ ਜ਼ੁਲਮ ਅਥਵਾ ਲਗਾਤਾਰ ਪੈ ਰਹੀਆਂ ਮੁਸੀਬਤਾਂ ਸਮੇਂ ਉਹ ਕਥਿਤ ਮਹਾਨ ਦੇਵਤੇ ਕਿੱਧਰ ਚਲੇ ਗਏ ਸਨ ? ਸ੍ਰਿਸ਼ਟੀ ਦਾ ਕਰਤਾ, ਬ੍ਰਾਮਣ ਨੂੰ ਆਪਣੇ ਮੂੰਹ ਵਿਚੋਂ ਪੈਦਾ ਕਰਨ ਵਾਲਾ, ਸਾਰੇ ਜੀਵਾਂ ਦਾ ਪਿਤਾ, ਭਗਵਾਨ ਬ੍ਰਹਮਾਂ ਜੀ ਭਾਰ ਵਾਸੀ ਆਪਣੇ ਸਕੇ ਪੁੱਤਰਾਂ ਦੀ ਸਹਾਇਤਾ ਲਈ ਕਿਸ ਕਾਰਨ ਕਦੇ ਨਹੀਂ ਬਹੁੜਿਆ ? ਉਸ ਦੀ ਕ੍ਰੋੜਾਂ ਸਾਲ ਵਾਲੀ ਉਮਰ ਦੀ ਗੱਲ ਦਾ ਕੀ ਬਣਿਆ ? ਕੀ ਵਾਕਿਆ ਹੀ ਦੇਵਤੇ ਅਮਰ ਹਨ ? ਕੀ ਇਸ ਸਾਰਾ ਪ੍ਰੋਹਿਤ-ਵਾਦੀ-ਮਾਇਆ-ਜਾਲ ਹੀ ਤਾਂ ਨਹੀਂ ਹੈ ? ਆਉ ਜੁਗੁ ਜੁਗੋ ਅਟੱਲ, ਹਾਜ਼ਰਾ ਹਜ਼ੂਰ ਸਤਿਗੁਰੂ ਗ੍ਰੰਥ ਸਾਹਿਬ ਦੇ ਬਚਨ ਧਿਆਨ ਨਾਲ ਸੁਣ ਕੇ ਵਿਚਾਰੀਏ:---

੯੨- **ਪ੍ਰਥਮੇ ਬ੍ਰਹਮਾ ਕਾਲੈ ਘਰ ਆਇਆ ॥ ਬ੍ਰਹਮ ਕਮਲੁ ਪਇਆਲ ਨ ਪਾਇਆ ॥ ਆਗਿਆ ਨਹੀਂ ਲੀਨੀ ਭਰਮਿ ਭੁਲਾਇਆ ॥ ੧ ॥ ਜੋ ਉਪਜੈ ਸੋ ਕਾਲ ਸੰਘਾਰਿਆ ॥ ਹਮ ਹਰਿ ਰਾਖੇ ਗੁਰ ਸਬਦੁ ਬੀਚਾਰਿਆ ॥ ੧ ॥ ਰਹਉ ॥ ਮਾਇਆ ਮੋਹੇ ਦੇਵੀ ਸਭਿ ਦੇਵਾ ॥ ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ ॥ ਓਹੁ ਅਬਿਨਾਸੀ ਅਲਖ ਅਭੇਵਾ ॥ ੨ ॥ ਸੁਲਤਾਨ ਖਾਨ ਬਾਦਿਸਾਹ, ਨਹੀ ਰਹਨਾ ॥ ਨਾਮਹੁ ਭੂਲੈ, ਜਮ ਕਾ ਦੁਖੁ ਸਹਨਾ ॥ ਮੈ ਧਰ ਨਾਮੁ ,ਜਿਉ ਰਾਖਹੁ ਰਹਨਾ ॥ ੩ ॥ ਚਉਧਰੀ ਰਾਜੇ ਨਹੀ ਕਿਸੈ ਮੁਕਾਮੁ ॥ ਸਾਹ ਮਰਹਿ ਸੰਚਹਿ ਮਾਇਆ ਦਾਮ ॥ ਮੈ ਧਨੁ ਦੀਜੈ ਹਰਿ ਅੰਮ੍ਰਿਤ ਨਾਮੁ ॥ ੪ ॥ ਰਯਤਿ ਮਹਰ ਮੁਕਦਮ ਸਿਕਦਾਰੈ ॥ ਨਿਹਚਲੁ ਕੋਇ ਨ, ਦਿਸੈ ਸੰਸਾਰੈ ॥ ਅਫਰਿਉ ਕਾਲੁ ਕੂੜੁ ਸਿਰਿ ਮਾਰੈ ॥ ੫ ॥ ਨਿਹਚਲ ਏਕੁ ਸਚਾ ਸੋਈ ॥ ਜਿਨਿ ਕਰਿ ਸਾਜੀ ਤਿਨਹਿ ਸਭ ਗੋਈ ॥ ਓਹੁ ਗੁਰਮੁਖਿ ਜਾਪੈ ਤਾਂ ਪਤਿ ਹੋਈ ॥ ੬ ॥ ਕਾਜੀ ਸੇਖ ਭੇਖ ਫਕੀਰਾ ॥ ਵਡੇ ਕਹਾਵਹਿ ਹਉਮੈ ਤਨਿ ਪੀਰਾ ॥ ਕਾਲੁ ਨ ਛੋਡੈ ਬਿਨੁ ਸਤਿਗੁਰ ਕੀ ਧੀਰਾ ॥ ੭ ॥ ਕਾਲੁ ਜਾਲੁ ਜਿਹਵਾ ਅਰੁ ਨੈਣੀ ॥ ਕਾਨੀ ਕਾਲੁ ਸੁਣੈ ਬਿਖੁ ਬੈਣੀ ॥ ਬਿਨੁ ਸਬਦੈ ਮੂਠੇ ਦਿਨੁ ਰੈਣੀ ॥੮॥ ਹਿਰਦੈ ਸਾਚੁ ਵਸੈ ਹਰਿ ਨਾਇ ॥ ਕਾਲੁ ਨ ਜੋਹਿ ਸਕੈ ਗੁਣ ਗਾਇ ॥ ਨਾਨਕ ਗੁਰਮੁਖਿ ਸਬਦਿ ਸਮਾਇ ॥ ੯ ॥**[੨੨੭]-੧੪

ਇਸ ਪਾਵਨ ਸ਼ਬਦ ਵਿਚ ਸਭ ਤੋਂ ਪਹਿਲਾਂ ਬ੍ਰਹਮਾ ਨੂੰ ਹੀ ਕਾਲ ਚੱਕਰ ਵਿਚ ਫਸਿਆ ਖੱਜਲ ਖ਼ੁਆਰ ਹੁੰਦਾ ਦਰਸਾ ਕੇ ਉਸ ਪ੍ਰਤੀ ਬਣਿਆਂ ਸਿਰਜਣ -ਹਾਰ ਵਾਲਾ ਭੁਲੇਖਾ ਖ਼ਤਮ ਕੀਤਾ ਹੈ । ਫਿਰ ਹੋਰ ਸਾਰੇ ਦੇਵੀ ਦੇਵਤੇ ਮਨੁੱਖ ਵਾਂਗ ਆਤਮਕ ਮੌਤੇ ਮਰਦੇ ਹੋਣ ਦੇ ਕਾਰਨ, ਸੰਸਾਰ ਵਿਚ ਜੰਮਦੇ ਮਰਦੇ ਦਰਸਾ ਕੇ ਉਨ੍ਹਾਂ ਦੀ ਕਥਿਤ ਦੈਵੀ ਸ਼ਕਤੀ ਬਾਰੇ ਬਣੇ ਭਰਮ ਦੀ ਖੰਡਨਾਂ ਕੀਤੀ ਹੈ । ਸਤਿਗਰਾਂ ਦਾ ਸ਼ਬਦ-ਗਿਆਨ ਹੀ ਮਨੁੱਖ ਲਈ ਕਲਿਆਣ-ਕਾਰੀ ਹੈ । ਸਦਾ ਗੁਰੂ ਦੀ ਸਿਖਿਆ ਅਨੁਸਾਰ ਚੱਲ ਕੇ ਆਪਣੀ ਜੀਵਨ ਜੁਗਤ ਸੁਆਰਨ ਦੇ ਆਹਰ ਵਿਚ ਸੁਚੇਤ ਰਹਿਣਾ ਚਾਹੀਦਾ ਹੈ ।

ਅਗਲੇ ਸ਼ਬਦ ਵਿਚ ਵੀ ਸਤਿਗੁਰਾਂ ਨੇ ਸਾਰੇ ਸੰਸਾਰ ਨੂੰ ਰੋਗੀ ਫ਼ੁਰਮਾਨ ਕਰਦਿਆਂ ਬ੍ਰਹਮਾ, ਸ਼ਿਵ ਆਦਿ ਕਥਿਤ ਵਡੇ ਵਡੇ ਦੇਵਤਿਆਂ ਨੂੰ ਵੀ (ਸਾਰੇ ਵਿਕਾਰਾਂ ਦਾ ਮੂਲ) ਹਉਮੈ-ਰੋਗ ਦੇ ਰੋਗੀ ਕੀ ਕੇ, ਇਨ੍ਹਾਂ ਦੀ ਅੱਡਰੀ ਦੈਵੀ ਹਸਤੀ ਦੀ ਹੋਂਦ ਬਾਰੇ ਬਣੇ ਭਰਮ ਦਾ ਭੋਗ ਪਾਇਆ ਹੈ । ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਸਤਿਗੁਰੂ ਮੰਨਣ ਵਾਲੇ ਗੁਰਮੁਖਿ ਸਿੱਖ ਨੂੰ ਦੇਵੀ ਦੇਵਤਿਆਂ ਦੀ ਕਿਸੇ ਕਰਾਮਾਤੀ ਹੋਂਦ ਦੇ ਭਰਮ ਵਿਚ ਨਹੀਂ ਪੈਣਾ ਚਾਹੀਦਾ :--

੯੩- **ਪਉਣ ਪਾਣੀ ਬੈਸੰਤਰੁ ਰੋਗੀ ਰੋਗੀ ਧਰਤਿ ਸਭੋਗੀ ॥**
**ਮਾਤ ਪਿਤਾ ਮਾਇਆ ਦੇਹ ਸਿ ਰੋਗੀ ਰੋਗੀ ਕੁਟੰਬ ਸੰਜੋਗੀ ॥ ੩ ॥**
**ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ ॥**
**ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ ॥ ੪ ॥** [੧੧੫੩]

## ੨੨

# ਪ੍ਰਭੂ ਆਪੇ ਹੀ ਆਪ ਹੈ

ਦੇਵੀ ਦੇਵਤਿਆਂ ਬਾਰੇ ਗੁਰਬਾਣੀ ਵਿਚਾਰ ਹੋਰ ਅਗੇ ਤੋਰਨ ਤੋਂ ਪਹਿਲਾਂ ਇਹ ਸਮਝ ਲਈਏ ਕਿ ਸੂਰਜ, ਚੰਦ, ਹਵਾ, ਬੱਦਲ ਆਦਿ ਸ਼ਕਤੀਆਂ ਤੋਂ ਇਲਾਵਾ ਕੀ ਸ੍ਰਿਸ਼ਟੀ ਦੀ ਸਿਰਜਣਾ ਵਿਚ, ਇਸ ਦੀ ਸੰਭਾਲ ਕਰਨ ਵਿਚ ਜਾਂ ਹੋਰ ਕਿਸੇ ਪਰਕਾਰ ਦੇ ਪਰਬੰਧ ਕਰਨ ਵਿਚ ਪਰਮਾਤਮਾ ਦੀ ਸਹਾਇਤਾ ਕਰਨ ਵਾਲੀ ਕੋਈ ਹੋਰ ਸ਼ਕਤੀ ਵੀ ਇਸ ਕਾਇਨਾਤ ਵਿਚ ਵਿਆਪਕ ਹੈ ? ਜੀਵਾਂ ਦੇ ਕਰਮਾਂ ਦੇ ਹਿਸਾਬ ਕਿਤਾਬ ਰੱਖਣ ਵਾਲਾ ਕੋਈ ਚਿਤ੍ਰਗੁਪਤ, ਕਰਮਾ ਦੀ ਪਰਖ ਕਰਕੇ ਜੀਵਾਂ ਨੂੰ ਸੁਰਗ ਜਾਂ ਨਰਕ ਵਿਚ ਭੇਜਣ ਵਾਲਾ ਧਰਮਰਾਜ, ਜੀਵਾਂ ਦੀ ਜਾਨ ਕੱਢ ਕੇ ਯਮਰਾਜ ਦੇ ਪੇਸ਼ ਕਰਨ ਵਾਲੇ ਜਮਦੂਤਾਂ ਦੀ ਫ਼ੌਜ ਅਥਵਾ, ਅਪਾਰ ਸ੍ਰਿਸ਼ਟੀ ਦਾ ਵਿਸ਼ਾਲ ਅਤੇ ਕਠਨ ਪ੍ਰਬੰਧ ਨੂੰ ਠੀਕ ਢੰਗ ਨਾਲ ਚਲਾਉਣ ਵਿਚ ਸਹਾਈ ਹੋਣ ਲਈ ਪ੍ਰਭੂ ਨੇ ਕੀ ਕੋਈ ਖ਼ਾਸ ਅਮਲਾ ਫੈਲਾ ਰਖਿਆ ਹੋਇਆ ਹੈ ?

ਮਨੁੱਖ ਦੀ ਬਣਾਈ ਬਿਜਲੀ ਅਥਵਾ ਯੰਤ੍ਰਾਂ ਆਦਿ ਦੀਆਂ ਸ਼ਕਤੀਆਂ ਜਿਹੜੀਆਂ ਮਨੁੱਖ ਦੀ ਵਰਤੋਂ ਵਿੱਚ ਹਨ, ਉਨ੍ਹਾਂ ਸ਼ਕਤੀਆਂ ਦੀ ਵਰਤੋਂ ਵਿਚ ਘਾਟੇ ਜਾਂ ਵਾਧੇ ਦੀ ਲੋੜ, ਮਨੁੱਖ ਹੀ ਅਨੁਭਵ ਕਰਦਾ ਹੈ । ਮਨੁੱਖ ਦੀ ਵਰਤੋਂ ਵਿਚ ਆ ਰਹੀ ਮਸ਼ੀਨੀ-ਸ਼ਕਤੀ ਜਾਂ ਪਸ਼ੂ-ਸ਼ਕਤੀ ਨੇ, ਵਿਤੋਂ ਵੱਧ ਕੰਮ ਹੋਣ ਦੀ ਸ਼ਕਾਇਤ ਕਰਕੇ, ਆਪਣੇ ਲਈ ਕਦੇ ਕੋਈ ਸਹਾਇਕ ਸ਼ਕਤੀ ਦੀ ਮੰਗ ਕਦੇ ਨਹੀਂ ਕੀਤੀ। ਪਰਮਾਤਮਾ ਦੀਆਂ

ਬਣਾਈਆਂ ਸ਼ਕਤੀਆਂ, ਸੂਰਜ, ਚੰਦ, ਹਵਾ ਆਦਿ ਨੇ ਵੀ ਕਦੇ ਕੋਈ ਸਹਾਇਤਾ ਨਹੀਂ ਮੰਗੀ । ਸਹਾਇਕ ਦੀ ਅਥਵਾ Subordinate ਦੀ ਲੋੜ ਕੇਵਲ ਵਿਅਕਤੀ ਨੂੰ ਹੀ ਪੈਂਦੀ ਹੈ, ਸ਼ਕਤੀ ਨੂੰ ਅਜੇਹੀ ਲੋੜ ਭਲਾ ਕਿਉਂ ਪਵੇ ।

ਪਰਮਤਮਾ ਵੀ ਕੋਈ ਵਿਅਕਤੀ ਨਹੀਂ ਹੈ । ਅਕਾਲ ਪੁਰਖ ਅਜੇਹੀ ਪਰਮ ਸ਼ਕਤੀ ਹੈ ਜੋ ਅਥਾਹ ਹੈ, ਅਗੋਚਰ ਹੈ, ਅਗੰਮ ਹੈ ਅਤੇ ਜੋ ਆਪਣੇ ਆਪ ਤੋਂ ਆਪ ਹੀ ਪੈਦਾ ਹੋਈ ਹੈ । ਦੁਨੀਆਂ ਦੀਆਂ ਸਾਰੀਆਂ ਦਿਸਦੀਆਂ ਸ਼ਕਤੀਆਂ ਉਸ ਮਹਾਨ ਸ਼ਕਤੀ ਦੇ ਆਸਰੇ ਤੇ ਹਨ । ਸਗੋਂ ਪਰਮਾਤਮਾ ਦੇ ਵਜੂਦ ਵਿੱਚ ਸਾਰਾ ਪਸਾਰਾ ਸਮਾਇਆ ਹੋਇਆ ਹੈ । ਅਸੰਖਾਂ ਸੂਰਜ, ਅਸੰਖਾਂ ਧਰਤੀਆਂ, ਸਾਰੇ ਦਾ ਸਾਰਾ ਅਪਾਰ ਬ੍ਰਹਿਮੰਡ ਉਸ ਪਰਮ ਸ਼ਕਤੀ ਦਾ ਆਪਣਾ ਵਜੂਦ ਹੈ । ਸ੍ਰਿਸ਼ਟੀ ਵਿਚ ਜੋ ਕੁਝ ਹੋ ਰਿਹਾ ਹੈ, ਜਿਸ ਪਰਕਾਰ ਜੀ ਜੀਵਨ ਰੌ ਚਲ ਰਹੀ ਹੈ ਉਹ ਸੱਭ ਕੁਝ ਉਸ ਅਪਾਰ ਸ਼ਕਤੀ ਦਾ ਆਪਣਾ ਵਜੂਦ ਹੀ ਹਰਕਤ ਕਰ ਰਿਹਾ ਹੈ । ਉਸ ਤੋਂ ਬਾਹਰ ਹੋਰ ਕੁਝ ਹੈ ਹੀ ਨਹੀਂ । ਸਭ ਕੁਝ ਉਹ ਆਪ ਹੀ ਆਪ ਹੈ । ਉਸ ਨੂੰ ਭਲਾ ਉਪਰ ਲਿਖੇ ਦੇਵੀ ਦੇਵਤੇ ਆਦਿ ਕਿਸੇ ਅਮਲੇ ਫੈਲੇ ਦੀ ਲੋੜ ਕਿਉਂ ਹੋਵੇ ? ਸ੍ਰਿਸ਼ਟੀ ਦੀ ਰਚਨਾਂ ਕਰਨ ਵਿਚ, ਸੰਭਾਲ ਅਥਵਾ ਪਾਲਣ ਪੋਸਣ ਕਰਨ ਵਿਚ ਅਤੇ ਫਿਰ ਨਾਸ ਕਰਨ ਦੇ ਕਾਰਜਾਂ ਵਿੱਚ, ਨਾ ਉਸ ਨੂੰ ਕਿਸੇ ਦੇ ਸਲਾਹ ਮਸ਼ਵਰੇ ਦੀ ਲੋੜ ਹੈ ਅਤੇ ਨਾ ਕਿਸੇ **ਅਧੀਨ** (Subordinate)**ਦੇਵੀ ਦੇਵਤੇ** ਦੀ ਹੀ ਲੋੜ ਹੈ । ਅਪਣੀ ਕਿਰਤ ਦੇ ਅੰਦਰ ਵੀ ਅਤੇ ਬਾਹਰ ਵੀ ਉਹ ਸਭ ਕੁਝ ਆਪ ਹੀ ਆਪ ਹੈ । ਜੀਵਾਂ ਦੇ ਅੰਦਰ ਬੈਠ ਕੇ ਜੀਵਾਂ ਦੇ ਕਰਮਾਂ ਦਾ ਹਿਸਾਬ ਵੀ ਉਹ ਆਪ ਹੀ ਰੱਖ ਰਿਹਾ ਹੈ । ਉਨ੍ਹਾਂ ਦੇ ਕੀਤੇ ਕਰਮਾਂ ਦਾ ਨਿਆਂ ਵੀ ਉਹ ਆਪ ਹੀ ਕਰਦਾ ਹੈ। ਆਪਣੀ ਰਚਨਾ ਦੇ ਕਣ-ਕਣ ਵਿਚ ਉਹ ਆਪ ਹੀ ਆਪ ਪਸਰ ਰਿਹਾ ਹੈ :- -

੯੪- **ਆਪੇ ਕੀਤੋ ਰਚਨੁ, ਆਪੇ ਹੀ ਰਤਿਆ ॥ ਆਪੇ ਹੋਇਓ ਇਕੁ ਆਪੇ ਬਹੁ ਭਤਿਆ ॥**
**ਆਪੇ ਸਭਨਾ ਮੰਝਿ ਆਪੇ ਹੀ ਬਾਹਰਾ ॥ ਆਪੇ ਜਾਣਹਿ ਦੂਰਿ ਆਪੇ ਹੀ ਜਾਹਰਾ ॥**
**ਆਪੇ ਹੋਵਹਿ ਗੁਪਤੁ ਆਪੇ ਪਰਗਟੀਐ ॥ ਕੀਮਤਿ ਕਿਸੈ ਨ ਪਾਇ ਤੇਰੀ ਥਟੀਐ ॥**
**ਗਹਿਰ ਗੰਭੀਰੁ ਅਥਾਹੁ ਅਪਾਰੁ ਅਗਣਤੁ ਤੂੰ ॥ ਨਾਨਕ ਵਰਤੈ ਇਕੁ ਇਕੋ ਇਕੁ ਤੂੰ ॥ ੨੨ ॥** [੯੬੬]-ਵਾਰ

**ਪਦ ਅਰਥ** :- ਰਤਿਆ--(ਰਚਨਾ ਵਿੱਚ ਮਿਲਿਆ ਹੋਇਆ) ਭਤਿਆ--ਭਾਂਤਾਂ ਵਿੱਚ, ਅਨੇਕਾਂ ਰੰਗਾਂ ਵਿੱਚ । ਤੇਰੀ ਥਟੀਐ--ਤੇਰੀ ਕੁਦਰਤਿ ਦੀ ।

੯੫- **ਲਖ ਚਉਰਾਸੀਹ ਜੀਅ ਉਪਾਏ ॥ ਗਿਆਨੀ ਧਿਆਨੀ ਆਖਿ ਸੁਣਾਏ ॥**
**ਸਭਨਾ ਰਿਜਕੁ ਸਮਾਹੇ ਆਪੇ, ਕੀਮਤਿ ਹੋਰ ਨ ਹੋਈ ਹੇ ॥ ੨ ॥** [੧੦੪੪]-ਸੋਲਹੇ-**੨**

੯੬- **ਆਪੇ ਸਾਚਾ ਏਕੋ ਸੋਈ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥੧੬॥**(੧੦੫੦]--੬
**ਆਪੇ ਆਪਿ ਨਿਰੰਜਨਾ, ਜਿਨਿ ਆਪੁ ਉਪਾਇਆ ॥**
**ਆਪੇ ਖੇਲੁ ਰਚਾਇਓਨੁ, ਸਭੁ ਜਗਤੁ ਸਬਾਇਆ ॥ ੧ ॥** [੧੨੩੭]-੪

੯੭- **ਆਪੇ ਅੰਡਜ ਜੇਰਜ ਸੇਤਜ ਉਤਭੁਜ ਆਪੇ ਖੰਡ ਆਪੇ ਸਭ ਲੋਇ ॥**
**ਆਪੇ ਸੂਤੁ ਆਪੇ ਬਹੁ ਮਣੀਆ ਕਰਿ ਸਕਤੀ ਜਗਤੁ ਪਰੋਇ ॥**
**ਆਪੇ ਹੀ ਸੂਤਧਾਰੁ ਹੈ ਪਿਆਰਾ ਸੂਤੁ ਖਿੰਚੇ ਢਹਿ ਢੇਰੀ ਹੋਇ ॥ ੧ ॥**
**ਮੇਰੇ ਮਨ ਮੈ ਹਰਿ ਬਿਨੁ ਅਵਰੁ ਨ ਕੋਇ ॥**
**ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਪਿਆਰਾ, ਕਰਿ ਦਇਆ ਅੰਮ੍ਰਿਤੁ ਮੁਖਿ ਚੋਇ ॥ ਰਹਾਉ ॥**
**ਆਪੇ ਜਲ ਥਲਿ ਸਭਤੁ ਹੈ ਪਿਆਰਾ ਪ੍ਰਭੁ ਆਪੇ ਕਰੇ ਸੁ ਹੋਇ ॥**
**ਸਭਨਾ ਰਿਜਕੁ ਸਮਾਹਦਾ ਪਿਆਰਾ ਦੂਜਾ ਅਵਰੁ ਨ ਕੋਇ ॥**
**ਆਪੇ ਖੇਲ ਖੇਲਾਇਦਾ ਪਿਆਰਾ, ਆਪੇ ਕਰੇ ਸੁ ਹੋਇ ॥ ੨ ॥** [੬੦੪-੫]-੨

ਗੁਰਦੇਵ ਜੀ ਨੇ ਬੜਾ ਸਪੱਸ਼ਟ ਕਰਕੇ ਫੁਰਮਾਇਆ ਹੈ ਕਿ ਭਾਈ ! ਇਹ ਕਦੇ ਵੀ ਵਿਚਾਰ ਨਹੀਂ ਕਰਨੀ ਕਿ ਕਿਸੇ ਹੋਰ ਦੇਵੀ ਦੇਵਤੇ ਜਾਂ ਕਿਸੇ ਮਨੁੱਖ ਦੇ ਹੱਥ ਵਿੱਚ ਵੀ ਕੁੱਝ (ਕਰਾਮਾਤੀ ਸ਼ਕਤੀ ਆਦਿ) ਹੈ । ਸਭ ਕੁਝ ਪ੍ਰਮਾਤਮਾ ਆਪ ਹੀ ਆਪ ਕਰਨਹਾਰ ਹੈ-**ਮਤਿ ਕੋਈ ਜਾਣਹੁ ਅਵਰੁ ਕਛੁ ਸਭ ਪ੍ਰਭ ਕੈ ਹਾਥਿ** ॥ (੮੧੩) । ਇਸ ਤਰ੍ਹਾਂ ਹੋਰ ਬੇਅੰਤ ਸ਼ਬਦਾਂ ਦੁਆਰਾ ਬਾਰ ਬਾਰ ਸਮਝਾਇਆ ਹੈ ਕਿ ਪ੍ਰਭੂ ਆਪਿ ਹੀ ਆਪਿ ਹੈ ਅਤੇ ਉਸ ਦੇ ਇਸ ਮਹਾਨ ਸੰਸਾਰ-ਤਮਾਸ਼ੇ ਵਿੱਚ ਉਸਦਾ ਨਾ ਹੀ ਕੋਈ ਭਾਈ ਵਾਲ ਹੈ ਅਤੇ ਨਾ ਕੋਈ ਸਹਾਇਤਾ ਵਾਲਾ ਦੇਵੀ ਦੇਵਤਾ ਹੀ ਹੈ । ਜੇ ਕੋਈ ਦੇਵ ਦਾਨਵਾਂ ਆਦਿ ਜਿਹੀ ਖ਼ਲਕਤ ਹੋਵੇ ਗੀ ਵੀ ਤਾਂ ਉਹ ਕੀੜੀਆਂ ਤੋਂ ਲੈ ਕੇ ਹਾਥੀ ਜਾਂ ਇਸ ਤੋਂ ਵੀ ਵੱਡੇ ਅਕਾਰ ਦੇ ਆਮ ਸਧਾਰਨ ਜੀਵਾਂ ਵਾਂਗ ਹੀ ਹੋਵੇਗੀ । ਪ੍ਰਭੂ ਦੇ ਕੰਮ ਵਿੱਚ ਕਿਸੇ ਦਾ ਕੋਈ ਦਖ਼ਲ ਨਹੀਂ ਹੈ । ਬਾਣੀ ਦਾ ਰਸ ਮਾਨਣ ਦੀ ਸ਼ਰਧਾ ਵਾਲਿਆਂ ਪ੍ਰੇਮੀਆਂ ਲਈ ਅਜਿਹੇ ਕੁਝ ਸ਼ਬਦਾਂ ਦੀ ਸੂਚੀ ਇਸ ਪਰਕਾਰ ਹੈ :-

| | | | | | |
|---|---|---|---|---|---|
| ੧= [੨੫੦]-ਪਉੜੀ-੧ | ੨= [੮੦੩]-੨-੭ | ੩= [੬੦੫]-੩ | ੪= [੮੧੮]--੭੩(੨) | ੫= [੬੦੬]-੪ | ੬= [੬੦੬]-੫ |
| ੭= [੮੬੦]-੨ | ੮= [੬੯੯] -੪-੧੦(੧+੨) | ੯= [੯੩੩]--੩੧ | ੧੦= [੯੩੬]-੪੫ | ੧੧= [੯੬੬]-ਵਾ-੨੦ | ੧੨= [੯੬੫] -ਵਾ-੨੨ |
| ੧੩= [੧੦੨੦]-੧ | ੧੪= [੧੦੨੧]-੨ | ੧੫= [੧੦੩੩-੧-੧੩ | ੧੬= [੧੦੪੭]-੪ | ੧੭= [੧੦੫੩]-੧-੧੦(੫ ਤੋਂ੮) | ੧੮= [੧੦੫੬]-੪-੧੩ |
| ੧੯= [੧੦੫੯]-੨-੧੬ | ੨੦= [੧੧੫੦]-੩੭-੫੦ | ੨੧= [੧੧੯੦]- ੭ | ੨੨= [੧੨੫੧]-ਵਾਰ-੩੬ | ੨੩= [੧੩੧੩]-ਵਾ-੧ | ੨੪= [੧੩੧੫]-ਵਾ-੬(੧) |

ਦੇਵੀ ਦੇਵਤਿਆਂ ਬਾਰੇ ਬਣੀ ਸ਼ਰਧਾ ਦਾ ਭ੍ਰਮ ਕੱਢਣ ਲਈ ਕਬੀਰ ਸਾਹਿਬ ਨੇ ਪ੍ਰਭੂ ਦਾ ਸਿਮਰਨ ਕਰਨ ਵਾਲੇ ਭਗਤ ਤੋਂ ਬਿਨਾਂ ਵੱਡੇ ਵੱਡੇ ਕਥਿਤ ਦੇਵਤਿਆਂ ਸਮੇਤ ਸੱਭ ਕੁਝ ਨੂੰ ਮਲੀਨ ਦੱਸਿਆ ਹੈ :-

੯੮- **ਮੈਲਾ ਬ੍ਰਹਮਾ, ਮੈਲਾ ਇੰਦੁ ॥ ਰਵਿ ਮੈਲਾ, ਮੈਲਾ ਹੈ ਚੰਦੁ ॥ ੧ ॥**
**ਮੈਲਾ ਮਲਤਾ ਇਹੁ ਸੰਸਾਰੁ ॥**
**ਇਕੁ ਹਰਿ ਨਿਰਮਲੁ, ਜਾ ਕਾ ਅੰਤੁ ਨ ਪਾਰੁ ॥ ੧ ॥ ਰਹਾਉ ॥**

**ਮੈਲੇ ਬ੍ਰਹਮੰਡਾਇ ਕੈ ਈਸ ॥ ਮੈਲੇ ਨਿਸਿ ਬਾਸੁਰ ਦਿਨ ਤੀਸ ॥ ੨ ॥**
**ਮੈਲਾ ਮੋਤੀ, ਮੈਲਾ ਹੀਰੁ ॥ ਮੈਲਾ ਪਉਨੁ ਪਾਵਕੁ ਅਰੁ ਨੀਰੁ ॥ ੩ ॥**
**ਮੈਲਾ ਸਿਵ ਸੰਕਰਾ ਮਹੇਸ ॥ ਮੈਲਾ ਸਿਧ ਸਾਧਿਕ ਅਰੁ ਭੇਖ ॥ ੪ ॥**
**ਮੈਲੇ ਜੋਗੀ ਜੰਗਮ ਜਟਾ ਸਹੇਤਿ ॥ ਮੈਲੀ ਕਾਇਆ ਹੰਸ ਸਮੇਤਿ ॥ ੫ ॥**
**ਕੀ ਕਬੀਰ ਤੇ ਜਨ ਪਰਵਾਨ ॥ ਨਿਰਮਲ ਤੇ, ਜੋ ਰਾਮਹਿ ਜਾਨ ॥ ੬ ॥**[੧੧੫੮]-੩

ਭਾਵ, ਬ੍ਰਹਮਾਂ, ਇੰਦ੍ਰ ਸ਼ਿਵ ਆਦਿਕ ਸਾਰੇ ਦੇਵੀ ਦੇਵਤੇ ਵੀ ਓਸੇ ਤਰ੍ਹਾਂ ਹੀ ਮਲੀਨ ਹਨ ਜਿਵੇ ਬਾਕੀ ਦਾ ਇਹ ਦਿਸਦਾ ਸੰਸਾਰ ਮੈਲਾ ਹੈ । ਦੇਵਤਿਆਂ ਨੂੰ ਵੀ ਉਸੇ ਥਾਂ ਹੀ ਲਿਆ ਖੜ੍ਹਾ ਕੀਤਾ ਹੈ ਜਿਥੇ ਹਵਾ ਪਾਣੀ ਆਦਿ ਪਦਾਰਥ ਹੱਨ । ਦੇਵਤੇ ਅਤੇ ਪਦਾਰਥ ਵਿਚ ਕੋਈ ਅੰਤਰ ਨਹੀਂ ਰਖਿਆ । ਆਉ ਹੁਣ ਉਸ ਕਲਗ਼ੀਧਰ ਜੀ ਦੇ ਵਿਚਾਰ ਪੜ੍ਹ ਲਈਏ ਜਿਸ ਨੂੰ ਬਿੱਪ੍ਰ ਦੇ ਚੇਲੇ ਕ੍ਰਿਸ਼ਨ ਦਾ ਉਪਾਸ਼ਕ ਅਥਵਾ ਕ੍ਰਿਸ਼ਨ ਕੀ ਰਹੇ ਹਨ :-

ਅਕਾਲ ਉਸਤਤਿ

੯੯- **ਜਿਹ ਕੋਟਿ ਇੰਦ੍ਰ ਨ੍ਰਿਪਾਰ**[੧] **। ਕਈ ਬ੍ਰਹਮਾ ਬਿਸਨ ਬਿਚਾਰ ।** ੧= ਰਾਜੇ । ੨= ਭੇਜਿਆ ਹੋਇਆ , ਹਜ਼ਰਤ ਮੁਹੰਮਦ ਸਾਹਿਬ ।
**ਕਈ ਰਾਮ ਕ੍ਰਿਸਨ ਰਸੂਲ**[੨] **। ਬਿਨ ਭਗਤਿ ਕੋ ਨ ਕਬੂਲ । ੩੮ ।** ੩= ਸਮੁੰਦਰ ,ਸਾਗਰ । ੪=ਵਿਧੰਯ ਨਾਮੇ ਪਰਬਤ ਜੋ ਭਾਰਤ ਦੇ
**ਕਈ ਸਿੰਧ**[੩] **ਬਿੰਧ**[੪] **ਨਗਿੰਦ੍ਰ**[੫] **। ਕਈ ਮੱਛ ਕੱਛ ਫਨਿੰਦ੍ਰ ।** ਦਖੱਣੀ ਹਿੰਦ ਨੂੰ ਅੱਡ ਕਰਦਾ ਹੈ । ੫= ਵੱਡੇ ਪਰਬਤ ।
**ਕਈ ਦੇਵਿ ਆਦਿ ਕੁਮਾਰਿ । ਕਈ ਕ੍ਰਿਸ਼ਨ ਬਿਸ਼ਨ ਅਵਤਾਰ । ੩੯ ।** ੬= ਬੂਹੇ ਤੇ ਬਹੁਕਰ-ਬੁਹਾਰੀ(ਝਾੜੂ) ਫੇਰਨ ਵਾਲੇ ।
**ਕਈ ਇੰਦ੍ਰ ਬਾਰ-ਬੁਹਾਰ**[੬] **। ਕਈ ਬੇਦ ਅਉ ਮੁਖ-ਚਾਰ ।** ੭= ਸ਼ਿਵ । ੮=ਤੁੱਛ, ਹੀਣ ਕੁ , ਘਟੀਆ ਦਰਜੇ ਦਾ ।
**ਕਈ ਰੁੱਦ੍ਰ**[੭] **ਛੁੱਦ੍ਰ**[੮] **ਸਰੂਪ । ਕਈ ਰਾਮ ਕ੍ਰਿਸਨ ਅਨੂਪ । ੪੦ ।**

ਕਲਗੀ ਧਰ ਨੇ ਵੀ ਇਨ੍ਹਾਂ ਦੇਵਤਿਆਂ ਆਦਿ ਨੂੰ ਪ੍ਰਭੂ ਦੀ ਅਪਾਰ ਸਿਰਜਣਾ ਵਿੱਚ ਇੱਕ ਤੁੱਛ ਮਾਤਰ, ਹਸਤੀ ਹੀ ਦਰਸਾ ਕੇ ਉਨ੍ਹਾਂ ਦੀ ਮਹਿਮਾ ਦਾ ਖੰਡਨ ਕਰ ਦਿੱਤਾ ਹੈ ਜੋ ਬ੍ਰਾਹਮਣ ਨੇ ਬਣਾਈ ਹੋਈ ਹੈ ।

੧੦੦- **ਨਾਰਾਇਣ**[੧] **ਕੱਛ ਮੱਛ, ਤੇਂਦੂਆ ਕਹਤ ਸਭ,** ੧= ਪਾਣੀ ਵਿੱਚ ਰਹਿਣ ਵਾਲਾ ।
**ਕਉਨਾਭਿ ਕਉਲ ਜਿਹ ਤਾਲ ਮੈ ਰਹਤ ਹੈ ।**
**ਗੋਪੀਨਾਥ ਗੂਜਰ, ਗੋਪਾਲ ਸਬੈ ਧੇਨਚਾਰੀ ,**
**ਰਿਖੀਕੇਸ ਨਾਮ ਕੈ, ਮਹੰਤ ਲਹੀਅਤ ਹੈ ।**
**ਮਾਧਵ ਭਵਰ ਔ ਅਟੇਰੂ ਕੇ ਕਨ੍ਹੱਯਾ ਨਾਮ,**
**ਕੰਸ ਕੋ ਬਧੱਯਾ , ਜਮਦੂਤ ਕਹੀਅਤੁ ਹੈ ।**
**ਮੂੜ੍ਹ ਰੂੜ੍ਹਿ ਪੀਟਤ, ਨ ਗੂੜ੍ਹਤਾ ਕੋ ਭੇਦ ਪਾਵੈਂ**
**ਪੂਜਤ ਨ ਤਾਹਿ, ਜਾ ਕੇ ਰਾਖੇ ਰਹੀਅਤੁ ਹੈਂ ।** ( ਅਕਾਲ ਉਸਤਤਿ - ਕਬਿਤ)

(ਅਰਥ ਕ੍ਰਿਸ਼ਨ ਅਵਤਾਰ ਲੇਖ ਦੇ ੧੮ ਨੰਬਰ ਸ਼ਬਦ ਤੇ ਲਿਖੇ ਹੋਏ ਹਨ)

ਉਸ ਸਮੇਂ ਦੇ ਉਚ ਕੋਟੀ ਦੇ ਵਿਦਵਾਨ ਭਾਈ ਗੁਰਦਾਸ ਜੀ ਜਿਹੜੇ ਗੁਰਮੱਤ ਗਿਆਨ ਦੇ ਪੂਰੇ ਗਿਆਤਾ ਅਤੇ ਪਰਚਾਰਕ ਸਨ ਅਤੇ ਜਿਨ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ (ਗੁਰੂ ਤੇਗ਼ਬਹਾਦਰ ਜੀ ਦੀ ਰਚਨਾਂ ਤੋਂ ਬਿਨਾਂ) ਆਪਣੇ ਹੱਥੀਂ ਲਿਖੀ ਹੈ, ਕਈ ਪੰਥ ਦੋਖੀ ਉਨ੍ਹਾਂ ਦੀਆਂ ਵਾਰਾਂ ਦੇ ਗ਼ਲਤ ਅਰਥ ਕਰਕੇ ਇਸ ਸਬੰਧ ਵਿੱਚ ਭੁਲੇਖੇ ਪਾ ਰਹੇ ਹਨ । :-

[ਭਾਈ ਗੁਰਦਾਸ ਵਾਰ ੨੦

੧੦੧- **ਬਿਸਨ ਲਏ ਅਵਤਾਰ ਦਸ , ਵੈਰ ਵਿਰੋਧ ਜੋਧ ਸੰਘਾਰੇ ।**
**ਮਛ ਕਛ ਵੈਰਾਹ ਰੂਪਿ ਹੋਇ ਨਰਸਿੰਘੁ ਬਾਵਨ ਬਉਧਾਰੇ ।**
**ਪਰਸਰਾਮੁ ਰਾਮੁ ਕਿਸਨੁ ਹੋਇ ਕਿਲੁਕਿ ਕਲੰਕੀ ਅਤਿ ਅਹੰਕਾਰੇ ।ੈ**
**ਖਤ੍ਰੀ ਮਾਰਿ ਇਕੀ ਵਾਰ ਰਾਮਾਇਣ ਕਰਿ ਭਾਰਥ ਭਾਰੇ ।**
**ਕਾਮ ਕਰੋਧੁ ਨ ਸਾਧਿਓ , ਲੋਭੁ ਮੋ ਅਹੰਕਾਰੁ ਨ ਮਾਰੇ ।**
**ਸਤਿਗੁਰ ਪੁਰਖੁ ਨ ਭੇਟਿਆ ਸਾਧ ਸੰਗਤਿ ਸਹਲੰਗ ਨ ਸਾਰੇ ।**
**ਹਉਮੈ ਅੰਦਰਿ ਕਾਰਿ ਵਿਕਾਰੇ । ੮ ।**

**ਪਦ ਅਰਥ :**-ਜੋਧ--ਜੋਧਾ, ਬਲੀ, ਅਤਿਰਥੀ । ਸਘਾਰੇ--ਮਾਰੇ । ਮਛ--ਮਛੀ ਅਵਤਾਰ । ਕਛ--ਕਛੂ ਅਵਤਾਰ । ਵੈਰਾਹ--ਸੂਰ ਦਾ ਅਵਤਾਰ । ਬਾਵਨ--੫੨ ਉਂਗਲਾਂ ਜੋੜਨ ਨਾਲ ਜਿਨੀ ਲੰਬਾਈ ਬਣਦੀ ਹੈ ਓਨੇ ਕੱਦ ਦਾ ਅਵਤਾਰ । ਬਉਧਾਰੇ--ਬੁਧ ਅਵਤਾਰ । ਕਿਲਕਿ ਕਲੰਕੀ--ਬਲੀ ਕਲਕੀ ਅਵਤਾਰ ਜੋ ਬੜਾ ਗੱਜ ਕੇ (ਗਰਜਨਾ ਕਰਦਾ ਹੋਣਾ ਲਿਖਿਆ ਹੋਇਆ ਹੈ) । ਸਹਲੰਗ--ਮੇਲ ਮਿਲਾਪ ।

ਬ੍ਰਾਹਮਣੀ ਗ੍ਰੰਥਾਂ ਵਿਚਲੀਆਂ ਕਹਾਣੀਆਂ ਦਾ ਇਸ਼ਾਰੇ ਮਾਤ੍ਰ ਜ਼ਿਕਰ ਕਰਕੇ ਭਾਈ ਸਾਹਿਬ ਨੇ ਕਿਹਾ ਹੈ, ਕਿ ਵਿਸ਼ਨੂੰ ਨੇ ਇਹ ਜੋ ਕਥਿਤ ਦਸ ਅਵਤਾਰ ਧਾਰੇ ਸਨ ਇਨ੍ਹਾਂ ਵਿੱਚ ਜਗਤ ਨਿਸਤਾਰੇ ਵਾਲਾ ਕਿਹੜਾ ਕੰਮ ਕੀਤਾ ਸੀ ? ਲੋਕਾਂ ਨੂੰ ਕਿਹੜਾ ਬਹੁਮੁੱਲਾ ਉਪਦੇਸ਼ ਦਿੱਤਾ ਸੀ ? ਸਗੋਂ ਅਵਤਾਰੀ ਹੋ ਕੇ ਹਰ ਵਾਰੀ ਵੈਰ ਵਿਰੋਧ ਅਤੇ ਅਹੰਕਾਰ ਦਾ ਹੀ ਪ੍ਰਗਟਾਵਾ ਕੀਤਾ ਹੈ । ਸੂਰਮਿਆਂ ਨੂੰ ਅਥਵਾ ਖੱਤ੍ਰੀਆਂ ਨੂੰ (ਪੈਦਾ ਕਰਨ ਵਾਲੇ ਵੀ ਆਪ ਤੇ ਫਿਰ ਉਨ੍ਹਾਂ ਨੂੰ) ਖ਼ਤਮ ਕਰਕੇ ਆਪਣਾ ਅਹੰਕਾਰ ਅਤੇ ਕ੍ਰੋਧ ਦਰਸਾਉਣ ਵਾਲੇ ਬਣ ਗਏ । ਭਾਵ, ਕਾਮ ਕ੍ਰੋਧ ਕਿਸ ਨੇ ਵੀ ਨਾ ਸਾਧਿਆ । ਸਾਧ ਸੰਗਤ ਵਿੱਚ ਆ ਕੇ ਗੁਰੂ ਦੇ ਉਪਦੇਸ਼ ਸੁਣ ਕੇ ਉਸ ਅਨੁਸਾਰ ਤੁਰਿਆਂ ਹੀ ਪਾਰ ਉਤਾਰਾ ਹੈ - **ਕਿਸੈ ਸਾਂਤਿ ਨ ਆਈਆ ਬਿਨ ਸਤਿਗੁਰ ਕੇ ਉਪਦੇਸੁ** - ਦਾ ਗਿਆਨ ਹੈ - । ਹਉਮੈ ਦੇ ਅੰਦਰ ਕੀਤੇ ਕੰਮ ਖੋਟੇ ਹੁੰਦੇ ਹਨ।

ਭਾਈ ਗੁਰਦਾਸ ਵਾਰ ੧੮

੧੦੨- **ਲਖ ਲਖ ਬ੍ਰਹਮੇ ਵੇਦ ਪੜਿ ਇਕਸ ਅਖਰ ਭੇਦੁ ਨ ਜਾਤਾ ।**

**ਜੋਗ ਧਿਆਨ ਮਹੇਸ ਲਖ ਰੂਪ ਨ ਰੇਖ ਨ ਭੇਖ ਪਛਾਤਾ ।**
**ਲਖ ਅਵਤਾਰ ਅਕਾਰ ਕਰਿ ਤਿਲੁ ਵੀਚਾਰੁ ਨ ਬਿਸਨ ਪਛਾਤਾ ।**
**ਲਖ ਲਖ ਨਉਤਨ ਨਾਉ ਲੈ , ਲਖ ਲਖ ਸੇਖ ਵਿਸ਼ੇਖ ਨ ਤਾਤਾ ।**
**ਚਿਰ ਜੀਵਣੁ ਬਹੁ ਹੰਡਣੇ ਦਰਸਨ ਪੰਥ ਨ ਸਬਦੁ ਸਿਵਾਤਾ ।**
**ਦਾਤਿ ਲੁਭਾਇ ਵਿਸਾਰਨਿ ਦਾਤਾ ।**

**ਪਦ ਅਰਥ:**-ਅੱਖਰ=ਜੋ ਨਾ ਖਰੇ, ਵਾਹਿਗੁਰੂ । ਭੇਦ=(ਇੱਕ ਅਖਰ ਅਵਿਨਾਸ਼ੀ) ਦਾ ਭੇਦ । ਵਿਸੇਖ ਨ ਤਾਤਾ=ਵਿਸ਼ੇਸ਼ ਤੱਤ੍ ਨੂੰ ਨਹੀਂ ਪਾ ਸਕਿਆ । ਸ਼ਬਦ=ਪਾਰਬ੍ਰਹਮ । ਦਾਤ=**ਦਾਤ ਪਿਆਰੀ ਵਿਸਰਿਆ ਦਾਤਾਰ**।-

**ਅਰਥ:**-ਲੱਖਾਂ ਬ੍ਰਹਮੇ ਲੱਖਾਂ ਵਾਰ ਹੀ ਵੇਦ ਪੜ੍ਹਨ ਵਾਲਿਆਂ ਪ੍ਰਭੂ ਦਾ ਭੇਦ ਨਾ ਜਾਣਿਆ । ਪ੍ਰਾਣਾਯਾਮ ਕਰਕੇ ਲੱਖਾਂ ਸ਼ਿਵ ਧਿਆਨ ਧਰਦੇ ਹਨ ਪ੍ਰੰਤੂ ਅਕਾਲ ਪੁਰਖ ਦਾ ਰੂਪ ਰੇਖ ਅਤੇ ਭੇਖ ਨਹੀਂ ਪਛਾਣਿਆ । ਲੱਖਾਂ ਅਵਤਾਰਾਂ ਦੇ ਅਕਾਰ ਵਿਸ਼ਨੂੰ ਨੇ ਧਾਰਨ ਕੀਤੇ ਪ੍ਰੰਤੂ ਉਸ ਅਕਾਲਪੁਰਖ ਦਾ ਤਿਲ ਮਾਤ੍ਰ ਵੀ ਵਿਚਾਰ ਨਾ ਲੱਭਿਆ । ਕਈ ਲੱਖਾਂ ਸ਼ੇਸ਼ ਨਾਗਾਂ ਨੇ ਵੀ (ਕਥਿਤ ਤੌਰ ਤੇ) ਲੱਖਾਂ ਨਵੇਂ ਤੋਂ ਨਵੇਂ ਨਾਮ ਰੋਜ਼ ਲੈ ਲੈ ਕੇ ਵੀ ਤੱਤ-ਸਾਰ ਨਾ ਜਾਣਿਆ (ਪ੍ਰਭੂ ਦੀ ਪਛਾਣ ਨਾ ਆਈ)। ਚਿਰੰਜੀਵੀਆਂ (ਅਸ਼ਵਥਾਮਾ, ਬਲਿ, ਵਯਾਸ, ਹਨੂੰਮਾਨ, ਵਿਭੀਖਣ, ਕ੍ਰਿਪਾਚਾਰੀਆ, ਪਰਸ਼ੁਰਾਮ ਆਦਿ, ਬ੍ਰਾਹਮਣੀ ਕਲਪਣਾ ਦੀ ਉਪਜ ਮਿਥਿਹਾਸ ਦੇ ਨਾਇਕ) ਨੇ ਬਹੁਤਾ ਕਾਲ (ਮਨ ਲਉ ਕਿ)ਆਯੂ ਵੀ ਭੋਗੀ ਪਰੰਤੂ (ਉਨ੍ਹਾਂ ਨੇ ਵੀ ਅਰ ਹੋਰ ਖਟ) ਦਰਸਨਾਂ ਨੇ ਵੀ ਸ਼ਬਦ (ਪ੍ਰਭੂ) ਨੂੰ ਨਹੀਂ ਪਛਾਤਾ । ਕਿਉਂਕਿ ਬ੍ਰਾਹਮਣ ਆਪ ਅਜੇਹਾ ਲਿਖਦਾ ਹੈ ਕਿ ਸਾਰੇ ਦੇਵਤਿਆਂ ਨੇ ਦਾਤ (ਮਾਇਆ) ਵਿੱਚ ਲੁਭਾਇਮਾਨ ਹੋ ਕੇ ਦਾਤਾਰ ਨੂੰ ਵਿਸਾਰ ਦਿੱਤਾ ।

ਭਾਈ ਸਾਹਿਬ ਵੀ ਦੇਵੀ ਦੇਵਤਿਆਂ ਅਥਵਾ ਅਵਤਾਰ ਪ੍ਰਥਾ ਨੂੰ ਨਹੀਂ ਮੰਨਦੇ । ਹੋ ਸਕਦਾ ਹੈ ਕਿ ਬ੍ਰਹਮਾ ਵਿਸ਼ਨੂੰ ਅਤੇ ਸ਼ਿਵ ਨਾ ਦੇ ਕੋਈ ਸ਼ਕਤੀ ਸ਼ਾਲੀ ਵਿਦਵਾਨ ਰਾਜੇ ਜਾਂ ਬੜੀ ਤੀਖਣ ਬੁੱਧੀ ਵਾਲੇ ਰਿਖੀ ਆਦਿ ਹੋਏ ਹੋਣ, ਪਰ ਜਿਨ੍ਹਾਂ ਅਣਹੋਣੀਆਂ ਕਹਾਣੀਆਂ ਨਾਲ ਜੋੜ ਕੇ, ਤਿੰਨਾ ਦੀ ਗਿਣਤੀ ਤੋਂ ਟੱਪ ਕੇ ਤੇਤੀ ਕ੍ਰੋੜ ਦੇਵਤਿਆਂ ਦੀ ਪੂਜਾ ਜੋ ਬਿੱਪ੍ਰ ਕਰਾ ਰਿਹਾ ਹੈ ਉਹ, ਸਾਰਾ ਹੀ ਕੁਫ਼ਰ ਹੈ, ਝੂਠ ਹੈ, ਲੁੱਟ ਦਾ ਸਾਧਨ ਹੈ । ਕਿਸੇ ਵੀ ਹਾਲਤ ਵਿੱਚ ਦੇਵੀ ਦੇਵਤਿਆਂ ਤੇ ਵਿਸ਼ਵਾਸ਼ ਰੱਖਣਾ **ਬਿੱਪ੍ਰਨ ਕੀ ਰੀਤੀ ਹੈ**, ਗੁਰੂ ਦੀਆਂ ਨਜ਼ਰਾਂ ਵਿੱਚ ਬੇ ਪ੍ਰਤੀਤੇ ਹੋ ਕੇ ਤੇਜ ਪ੍ਰਤਾਪ ਦੀ ਪਰਾਪਤੀ ਦੇ ਲਖਸ਼ ਤੋ ਲੱਖਾਂ ਮੀਲ ਦੂਰ ਜਾ ਪੈਣ ਤੁੱਲ ਹੈ । ਕਦੇ ਵੀ ਨਾ ਭੁਲੀਏ ਕਿ - **ਹਰਿ ਜੋ ਕਿਛੁ ਕਰੇ ਸੁ ਆਪੇ ਆਪੇ ਓਹੁ ਪੂਛਿ ਨ ਕਿਸੈ ਕਰੇ ਬੀਚਾਰਿ ।।**(੧੧੩੫)

## ੧੦੩= ਤੂ ਪੁਰੁ ਸਾਗਰੁ ਮਾਣਕੁ ਹੀਰੁ ।। ਤੂ ਨਿਰਮਲੁ ਸਚੁ ਗੁਣੀ ਗਹੀਰੁ ।। ਸੁਖੁ ਮਾਨੈ ਭੇਟੈ ਗੁਰ ਪੀਰੁ ।। ਏਕੋ ਸਾਹਿਬੁ ਏਕੁ ਵਜੀਰੁ ।। ੫ ।।[੪੧੨]-੩

# ਚੌਥਾ ਕਾਂਡ

# ਅਵਤਾਰ ਪ੍ਰਥਾ ਅਤੇ ਗੁਰਮੱਤ

## ੧

**ਅਵਤਾਰ**--ਜਿੰਨੇ ਵੀ ਮਹਾਂਪੁਰਖ ਦੁਨੀਆਂ ਦੇ ਸੁਧਾਰ ਅਤੇ ਪਰ-ਉਪਕਾਰ ਲਈ ਆਏ ਅਤੇ ਜਿਨ੍ਹਾਂ ਦੀ ਜੀਵਨੀ ਦੇ ਇਤਿਹਾਸ ਅਤੇ ਉਨ੍ਹਾਂ ਦੇ ਉਪਦੇਸ਼ਾਂ ਅਥਵਾ ਗਿਆਨ ਤੋਂ ਮਨੁੱਖਤਾ ਲਾਭ ਲੈਂਦੀ ਆ ਰਹੀ ਹੈ, ਗੁਰੂਘਰ ਵਿੱਚ ਸਦਾ ਹੀ ਉਨ੍ਹਾਂ ਦਾ ਸਨਮਾਨ ਹੋਇਆ ਹੈ ਅਤੇ ਗੁਰੂ ਦੇ ਸਿਖ ਵੀ ਉਨ੍ਹਾਂ ਦਾ ਸਤਿਕਾਰ ਕਰਨਾ ਫ਼ਰਜ਼ ਸਮਝਦੇ ਹਨ । ਐਸੇ ਪਰ-ਉਪਕਾਰੀਆਂ ਦਾ ਦਿਲੋਂ ਸਨਮਾਨ ਨਾ ਕਰਨਾ ਅਥਵਾ ਉਨ੍ਹਾਂ ਦੀ ਸ਼ਾਨ ਵਿਰੁੱਧ ਕੋਈ ਬਚਨ ਬੋਲਣਾ ਭਾਰੀ ਭੁੱਲ ਹੈ ਅਥਵਾ ਪਾਪ ਹੈ, **ਪਰ ਉਨ੍ਹਾਂ ਨੂੰ ਵਾਹਿਗੁਰੂ, ਕਰਤਾਰ, ਵਿਧਾਤਾ, ਕਰਨ-ਕਾਰਨ ਜਾਣ ਕੇ ਉਨ੍ਹਾਂ ਦੀ ਪੂਜਾ ਕਰਨਾਂ ਉਸ ਤੋਂ ਵੀ ਵੱਡਾ ਗੁਨਾਹ ਹੈ** । ਇਹ ਸਮਝਣਾ ਕਿ ਪਰਮਾਤਮਾਂ ਜਨਮ ਧਾਰ ਕੇ ਮਨੁੱਖ-ਰੂਪ ਵਿੱਚ ਧਰਤੀ ਤੇ ਕਦੇ ਵਿਚਰਿਆ ਹੈ ਅਥਵਾ ਖ਼ਾਸ ਜਾਂ ਉਚੇਚੇ ਰੂਪ ਵਿੱਚ ਵਿਚਰਨ ਵਾਸਤੇ ਪ੍ਰਭੂ ਕਦੇ ਧਰਤੀ ਤੇ ਆਉਂਦਾ ਹੈ--**ਗੁਰਮੱਤ ਅਨੁਸਾਰ ਕੁਫ਼ਰ** ਹੈ, **ਨਿਰਾ ਭਰਮ ਹੈ**, ਅਥਵਾ **ਬਿੱਪ੍ਰਨ ਕੀ ਰੀਤ ਦੇ ਧਾਰਨੀ ਹੋਣ ਦਾ ਐਲਾਨ ਹੈ** ।

ਮਹਾਨ ਕੋਸ਼ ਵਿੱਚ **ਅਵਤਾਰ** ਦੇ ਅਰਥ ਇਸ ਪ੍ਰਕਾਰ ਹਨ--

੧= ਜਨਮ--**ਮਾਨੁਖਾ ਅਵਤਾਰ ਦੁਲਭ** (੪੮੬)

੨= ਜਨਮ ਗ੍ਰਹਿਣ, ਜਨਮ ਧਾਰਨਾ ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਰੰਭਕ ਬਾਣੀ--**ਮੂਲਮੰਤ੍ਰ**--ਵਿੱਚ ਹੀ ਪਰਮਾਤਮਾਂ ਨੂੰ **ਅਜੋਨੀ** ਕਹਿ ਕੇ ਉਸ ਦੇ ਅਵਤਾਰੀ ਹੋ ਕੇ ਧਰਤੀ ਤੇ ਆਉਣ ਵਾਲੇ ਭਰਮ ਦਾ ਖੰਡਨ ਕਰ ਦਿੱਤਾ ਹੋਇਆ ਹੈ । ਮੂਲ-ਮੰਤ੍ਰ ਗੁਰਮਤ ਦਾ ਧੁਰਾ ਮੰਨਿਆ ਗਿਆ ਹੈ । ਗੁਰੂ ਦੇ ਸਿੱਖ ਦਾ ਫ਼ਰਜ਼ ਬਣਦਾ ਹੈ ਕਿ ਮੂਲ-ਮੰਤ੍ਰ ਦੇ ਹਰ ਇੱਕ ਸ਼ਬਦ ਦੇ ਅਰਥ ਨੂੰ ਸਮਝੇ ਅਤੇ ਉਸ ਪ੍ਰਤੀ ਪੱਕਾ ਵਿਸ਼ਵਾਸ਼ ਅਤੇ ਅਥਾਹ ਸ਼ਰਧਾ ਬਣਾਏ । ਅਵਤਾਰ ਪ੍ਰਥਾ ਨੂੰ ਮੁਢੋਂ ਹੀ ਨਿਰਮੂਲ ਸਮਝ ਲੈਣ ਲਈ ਗੁਰੂ ਕੇ ਸਿੱਖ ਵਾਸਤੇ ਇਹ ਇਕੋ ਅਜੋਨੀ ਸ਼ਬਦ ਹੀ ਕਾਫ਼ੀ ਹੋਣਾ ਚਾਹੀਦਾ ਸੀ । ਫਿਰ ਗੁਰਮਤਿ ਅਨੁਸਾਰ ਇੱਕ ਅਕਾਲਪੁਰਖ ਹੀ ਕੇਵਲ ਅਜੇਹੀ ਅਪਾਰ ਸ਼ਕਤੀ ਦਾ ਮਾਲਕ ਹੈ ਜੋ ਸਾਰੇ ਸੰਸਾਰ-ਅਕਾਰ ਦਾ ਕਰਤਾ ਹੁੰਦਾ ਹੋਇਆ ਆਪ ਅਕਾਰ-ਰਹਿਤ ਹੈ । ਉਸ ਦਾ ਆਪਣਾ ਅੱਡਰਾ ਕੋਈ ਸਰੀਰ ਨਹੀਂ ਹੈ । ਸ੍ਰਿਸ਼ਟੀ ਦਾ ਸਾਰਾ ਬੇਅੰਤ ਪਸਾਰਾ ਪਰਮਾਤਮਾ ਦਾ ਆਪਣਾ ਵਜੂਦ ਹੈ । ਉਸੇ ਕਰਤੇ ਪੁਰਖ ਵਿਧਾਤੇ ਦਾ ਬਣਾਇਆ ਇਹ ਅਟੱਲ ਨਿਯੱਮ ਹੈ ਕਿ ਜਿਸ ਨੇ ਵੀ ਮਨੁੱਖਾ ਸਰੀਰ ਵਿਚ ਧਰਤੀ ਤੇ ਆਉਣਾ ਹੈ, ਉਸ ਲਈ ਕੇਵਲ ਅਤੇ ਇਕੋ ਰਸਤਾ, ਮਾਤਾ (ਇਸਤ੍ਰੀ) ਦਾ ਗਰਭ ਹੀ ਹੈ । ਇਸ ਨਿਯਮ ਦੀ ਉਲੰਘਣਾ ਨਾ ਕਦੇ ਹੋਈ ਹੈ ਅਤੇ ਨਾ ਕਦੇ ਹੋ ਹੀ ਸਕਦੀ ਹੈ । ਪਰਮਾਤਮਾ ਬਾਰੇ ਸਤਿਗੁਰੂ ਨਾਨਕ ਸਾਹਿਬ ਜੀ ਦਾ ਫ਼ੁਰਮਾਨ ਕਿ---**ਨਾਨਕ ਭੰਡੇ ਬਾਹਰਾ ਏਕੋ ਸਚਾ ਸੋਇ ।।** [੪੭੩] ਪ੍ਰਭੂ ਦੇ ਮਨੁੱਖਾ ਸਰੀਰ ਵਿਚ ਆਉਣ ਦੀ ਸੰਭਾਵਣਾ ਨੂੰ ਇੱਕ ਦਮ ਰੱਦ ਕਰਦਾ ਹੈ । ਪਰਮਾਤਮਾ ਗਰਭ ਵਿਚ ਨਹੀਂ ਆਉਂਦ ਅਤੇ ਗਰਭ ਤੋਂ ਬਿਨਾ ਮਨੁੱਖਾ ਸਰੀਰ ਧਰਤੀ ਤੇ

ਨਹੀਂ ਆ ਸਕਦਾ । ਆਪਣਾ ਬਣਾਇਆ ਅਸੂਲ, ਪਰਮਾਤਮਾ ਆਪ ਹੀ ਕਿਵੇਂ ਭੰਗ ਕਰੇ ? ਗੁਰਸਿੱਖ ਦਾ ਧਰਮ ਹੈ ਕਿ ਉਹ ਸਤਿਗੁਰਾਂ ਦੇ ਇਨ੍ਹਾਂ ਬਚਨਾ ਤੇ ਅਟੱਲ ਵਿਸ਼ਵਾਸ਼ ਰੱਖਦਾ ਹੋਇਆ, **ਕਿਸੇ ਵੀ ਮਨੁੱਖਾ ਸਰੀਰ ਵਾਲੇ ਨੂੰ ਰੱਬ ਨਾ ਮੰਨੇ** ।

ਭਾਰਤੀ ਮਨੁੱਖ ਦੇ ਮੁਢਲੇ ਗੁਰੂ ਬ੍ਰਾਹਮਣ ਨੇ [**ਕਬੀਰ ਬਾਮਨ ਗੁਰੂ ਹੈ ਜਗਤ ਕਾ ...** (੧੩੭੭)] " ਅਜੋਨੀ " ਸ਼ਬਦ ਦੇ ਅਰਥ ਬੜੇ ਗੁੰਝਲਦਾਰ ਬਣਾ ਦਿੱਤੇ ਹੋਏ ਸਨ । ਪਰਮਾਤਮਾ ਨੂੰ ਉਹ (ਬਿੱਪ੍ਰ) ਵੀ ਕਈ ਥਾਈਂ ' ਅਜੋਨੀ, ਅਤੇ " ਅਜਨਮਾ " ਲਿਖਦਾ ਹੈ । ਪਰ ਨਾਲ ਹੀ ਮਹਾਰਾਜਾ ਦਸ਼ਰਥ ਦੀ ਰਾਣੀ **ਕੁਸ਼ੱਲਿਆ** ਦੇ ਪੇਟੋਂ ਜਨਮੇ ਸ੍ਰੀ ਰਾਮ ਜੀ, ਅਤੇ ਵਾਸਦੇਵ ਜੀ ਦੀ ਪਤਨੀ **ਦੇਵਕੀ** ਦੇ ਪੁੱਤਰ ਸ੍ਰੀ ਕ੍ਰਿਸ਼ਨ ਜੀ, ਦੋਹਾਂ ਨੂੰ ਹੀ ਅਜਨਮੇ ਈਸ਼ਵਰ ਲਿਖਦਾ ਹੈ । ਬ੍ਰਾਹਮਣ ਨੇ ਇਹ ਸਮਝਾਉਣ ਲਈ ਬੜਾ ਖੁਲ੍ਹਾ ਪਰਚਾਰ ਕੀਤਾ ਹੋਇਆ ਹੈ ਕਿ, ਸ੍ਰੀ ਰਾਮ ਜੀ ਅਤੇ ਸ੍ਰੀ ਕ੍ਰਿਸ਼ਨ ਜੀ, ਧਰਤੀ ਤੋਂ ਪਾਪੀਆਂ ਦਾ ਨਾਸ ਕਰਨ ਲਈ ਆਏ, ਪਾਰਬ੍ਰਹਮ ਪਰਮੇਸ਼ਰ ਹੀ ਸਨ । ਬ੍ਰਾਹਮਣ ਦਾ ਕਥਨ ਹੈ ਕਿ ਭਗਵਾਨ, ਜਦੋਂ ਠੀਕ ਸਮਝਦਾ ਹੈ ਆਪਣੀ ਮਰਜ਼ੀ ਦਾ ਕੋਈ ਸਰੀਰ ਧਾਰ ਕੇ ਸੰਸਾਰ ਵਿਚ ਆਉਂਦਾ ਰਹਿੰਦਾ ਹੈ, ਉਸ ਨੂੰ ਕਿਸੇ ਇਸਤ੍ਰੀ ਦੇ ਗਰਭ ਵਿਚ ਆਉਣ ਦੀ ਕੋਈ ਲੋੜ ਨਹੀਂ ।

ਨਾਸਵੰਤ ਸਰੀਰ ਵਿਚ ਸੰਸਾਰ ਤੇ ਪ੍ਰਗਟ ਹੋਣ ਤੇ ਵੀ ਪਰਮੇਸ਼ਰ ਨੂੰ ਅਜਨਮਾ ਸਿੱਧ ਕਰਨ ਲਈ ਦਲੀਲ ਇਹ ਦਿੱਤੀ ਜਾਂਦੀ ਹੈ, ਕਿ ਆਤਮਾ ਅਥਵਾ ਪਰਮਾਤਮਾ ਕਦੇ ਜਨਮ ਮਰਨ ਵਿਚ ਨਹੀਂ ਆਉਂਦਾ । ਪਰਮਤਾਮਾ ਜਨਮ ਨਹੀਂ ਲੈਂਦਾ, ਜਦੋਂ ਚਾਹੁੰਦਾ ਹੈ ਉਹ ਆਪਣੀ ਯੋਗ ਮਾਇਆ ਦੁਆਰਾ ਪ੍ਰਗਟ ਹੋ ਜਾਂਦਾ ਹੈ । ਪਰ ਕਦੇ ਇਹ ਸਪੱਸ਼ਟ ਨਹੀਂ ਕੀਤਾ, ਕਿ ਜੇ ਰਾਮ-ਰੂਪ ਪ੍ਰਭੂ ਅਥਵਾ ਕ੍ਰਿਸ਼ਨ-ਰੂਪ ਪਰਮਾਤਮਾ, ਅਜਨਮਾਂ ਸੀ, ਤਾਂ ਬਿੱਪ੍ਰ ਜੀ ਨੇ ਉਪ੍ਰੋਕਤ ਦੋਹਾਂ ਭਗਵਾਨਾਂ ਦੀਆਂ ਜਨਮ ਦਾਤੀਆਂ (ਮਹਾਰਾਣੀ ਕੁਸ਼ੱਲਆ ਅਤੇ ਦੇਵੀ ਦੇਵਕੀ ਜੀ) ਦੇ ਨਾਮ, ਪਰਮਾਤਮਾ ਦੀ ਕਿਹੜੀ ਉਚੇਚੀ ਵਡਿਆਈ ਸਮਝਾਉਣ ਲਈ ਲਿਖੇ ਹਨ ? ਜੇ ਸਰੀਰ ਦਾ ਕੋਈ ਮੁੱਲ ਨਹੀਂ ਹੈ, ਕੇਵਲ ਆਤਮਾ ਹੀ ਸਭ ਕੁਝ ਹੈ, ਤਾਂ, ਮੰਦਰਾਂ ਵਿਚ ਮੂਰਤੀਆਂ ਕੀ ਆਤਮਾ ਦੀਆਂ ਹਨ ? ਜਿੰਨਾ ਮਰਜ਼ੀ ਹੈ ਢੱਕਣ ਦਾ ਯਤਨ ਕਰੀਏ, ਝੂਠ ਦਾ ਕੋਈ ਨ ਕੋਈ ਪਾਸਾ ਨੰਗਾ ਰਹਿ ਹੀ ਜਾਂਦਾ ਹੈ।

ਹਜ਼ਾਰਾਂ ਸਾਲਾਂ ਤੋਂ ਮਨੁੱਖ, ਬੇ-ਦਲੀਲੇ ਝੂਠ ਦੀ ਉਪਜ " ਅਵਤਾਰ ਪ੍ਰਥਾ " ਤੇ ਵਿਸ਼ਵਾਸ਼ ਬਣਾਈ ਬੈਠਾ ਸੀ । ਸੁਜਾਨ ਗੁਰੂ, ਨਾਨਕ ਨਿਰੰਕਾਰੀ ਜੀ ਨੇ ਸਾਡੀ ਸਮਝ ਅਤੇ ਵਿਸ਼ਵਾਸ ਵਿੱਚ ਪਕਿਆਈ ਦੀ ਘਾਟ ਅਨੁਭਵ ਕਰਕੇ, **ਅਜੋਨੀ** ਸਿਧਾਂਤ ਨੂੰ ਠੀਕ ਤਰ੍ਹਾਂ ਦ੍ਰਿੜ ਕਰਾਉਣ ਲਈ, ਕਈ ਸ਼ਬਦ ਲਿਖਣ ਦੀ ਕਿਰਪਾਲਤਾ ਕੀਤੀ । ਪੰਜ-ਭੂਤਕ ਜੀਵਨ-ਕਾਲ ਵਾਲੇ ਬਾਕੀ ਨੌਂ ਸਰੂਪਾਂ ਵਿਚ ਵਿਚਰਦਿਆਂ ਵੀ ਚੰਗੀ ਤਰ੍ਹਾਂ ਸਪੱਸ਼ਟ ਕਰਕੇ ਸਮਾਝਾਉਂਦੇ ਰਹੇ ਕਿ ਪਰਮਾਤਮਾ ਜਨਮ ਵਿਚ ਕਦੇ ਨਹੀਂ ਆਉਂਦਾ । ਕੇਵਲ ਪਹਿਲੇ ਸਰੂਪ ਸਮੇ ਦੇ ਰਚੇ ਹੋਏ ਸ਼ਬਦਾਂ ਵਿਚੋਂ ਕੁਝ ਸਬਦ ਇਸ ਪ੍ਰਕਾਰ ਹਨ :-

੧- **ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ ਘਟ ਭੀਤਰਿ ਦੇਖੁ ਮੁਰਾਰੀ ਜੀਉ ॥ ੨ ॥**[੫੯੭]--੮

**ਅਰਥ**:--ਪ੍ਰਭੂ ਜੂਨਾਂ ਵਿੱਚ ਕਦੇ ਨਹੀਂ ਆਉਂਦਾ, ਹੁਣ ਵੀ ਮੌਜੂਦ ਹੈ ਅਗਾਂਹ ਵੀ ਮੌਜੂਦ ਰਹੇਗਾ (ਬਾਹਰ ਕਿਸੇ ਸ਼ਕਲ ਵਿਚ ਉਸਦੀ ਭਾਲ ਕਰਨ ਦੀ ਬਜਾਏ ਉਸ ਨੂੰ ਆਪਣੇ ਹਿਰਦੇ ਵਿੱਚ ਵੱਸਦਾ ਵੇਖੋ ।

੨- **ਏਕਮ ਏਕੰਕਾਰੁ <u>ਨਿਰਾਲਾ</u> ॥ ਅਮਰੁ <u>ਅਜੋਨੀ</u> ਜਾਤਿ ਨ <u>ਜਾਲਾ</u> ॥... ੧ ॥**[੮੩੮]-੧

**ਅਰਥ**:--ਪਰਮਾਤਮਾ ਇੱਕ ਹੈ (ਭਾਵ ਉਸ ਦੇ ਬਰਾਬਰ ਦਾ ਹੋਰ ਕੋਈ ਨਹੀਂ) । ਉਹ ਨਿਰਾਲਾ ਹੈ ਭਾਵ, ਉਸ ਦਾ ਕੋਈ ਖ਼ਾਸ ਘਰ ਨਹੀਂ ਹੈ, ਉਸ ਦੀ ਮੌਤ ਸੰਭਵ ਨਹੀਂ, ਉਹ ਅਜੋਨੀ ਹੈ ਭਾਵ ਉਹ ਗਰਭ ਵਿੱਚ ਨਹੀਂ ਆਉਂਦਾ, ਉਸ ਦੀ ਕੋਈ ਜਾਤਿ ਨਹੀਂ ਹੈ, ਉਹ ਕਿਸੇ ਜਾਲ ਵਿੱਚ ਨਹੀਂ, ਭਾਵ ਉਸ ਨੂੰ ਮਾਇਆ ਦਾ ਬੰਧਨ ਨਹੀਂ ਵਿਆਪਦਾ ।

੩- **ਧਨੁ ਧਰਣੀਧਰੁ ਆਪਿ ਅਜੋਨੀ, ਤੋਲਿ ਬੋਲਿ ਸਚੁ ਪੂਰਾ ॥**
**ਕਰਤ ਕੀ ਮਿਤਿ ਕਰਤਾ ਜਾਣੈ, ਕੈ ਜਾਣੈ ਗੁਰੁ ਸੂਰਾ ॥ ੩ ॥**[੯੩੦]

**ਅਰਥ**:--ਸਤਿਗੁਰੂ ਤੋਲ ਵਿੱਚ ਬੋਲ ਵਿਚ ਸੱਚਾ ਤੇ ਪੂਰਨ ਹੁੰਦਾ ਹੈ । ਅਤੇ ਜੋ ਪਰਮਾਤਮਾ ਧਰਤੀ ਦਾ ਆਸਰਾ ਹੈ ਜੋ ਆਪਿ ਹੀ ਆਪ ਹੈ, ਭਾਵ ਜਿਸ ਦਾ ਹੋਰ ਕੋਈ ਸ਼ਰੀਕ ਨਹੀਂ, ਜੋ ਜਨਮ-ਰਹਿਤ ਹੈ ਉਹੀ ਅਕਾਲਪੁਖ ਸਚੇ ਸਤਿਗੁਰੂ ਦਾ ਧਨ (ਸਰਮਾਇਆ) ਹੈ । ਕਰਤਾਰ ਦੀ ਕੁਦਰਤ ਦੀ ਥਾਹ ਕਰਤਾਰ ਹੀ ਜਾਣਾਦ ਹੈ ਅਤੇ ਜਾਂ ਸੂਰਮਾ ਗੁਰੂ ਹੀ ਜਾਣ ਸਕਦਾ ਹੈ ।

੪- **ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ ॥**
**ਜਾਤਿ ਅਜਾਤਿ ਅਜੋਨੀ ਸੰਭਉ, ਨਾ ਤਿਸੁ ਭਾਉ ਨ ਭਰਮਾ ॥ ੧ ॥**[੫੯੭]--੬

**ਅਰਥ** :- ਉਹ ਪ੍ਰਮਾਤਮਾ ਅਲਖ ਹੈ ਭਾਵ ਅਦ੍ਰਿਸ਼ਟ ਹੈ, ਅਪਾਰ ਹੈ ਭਾਵ ਬੇਅੰਤ ਹੈ,ਅਗੰਮ ਭਾਵ ਅਪਹੁੰਚ ਹੈ, ਅਗੋਚਰ ਅਰਥਾਤ ਮਨੁੱਖ ਦੇ ਗਿਆਨ ਇੰਦ੍ਰੇ ਉਸ ਨੂੰ ਸਮਝ ਨਹੀਂ ਸਕਦੇ, ਨਾ ਤਿਸ ਕਾਲੁ ਭਾਵ ਮੌਤ ਉਸ ਨੂੰ ਪੋਹ ਨਹੀਂ ਸਕਦੀ, ਨ ਕਰਮਾਂ ਦਾ ਵੀ ਉਸ ਉਤੇ ਕੋਈ ਦਬਾਉ ਨਹੀਂ (ਭਾਵ ਜਿਵੇਂ ਜੀਵ ਆਪਣੇ ਕਰਮਾਂ ਦੇ ਅਧੀਨ ਹਨ) । ਉਸ ਪ੍ਰਭੂ ਦੀ ਕੋਈ ਜਾਤਿ ਨਹੀਂ, ਉਹ ਅਜੋਨੀ ਹੈ, (ਜੂਨਾਂ ਵਿੱਚ ਨਹੀਂ ਪੈਂਦਾ ਭਾਵ ਗਰਭ ਵਿੱਚ ਨਹੀਂ ਆਉਂਦਾ) ਉਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ, ਨਾ ਉਸ ਨੂੰ ਮੋਹ ਵਿਆਪਦਾ ਹੈ ਅਤੇ ਨਾ ਹੀ ਉਸ ਨੂੰ ਕੋਈ ਭਟਕਣਾ ਹੈ ।

੫- **ਬੈਸਿ ਸੁ ਥਾਨਿ ਕਹਾਂ ਗੁਣ ਤੇਰੇ ਕਿਆ ਕਿਆ ਕਥਉ ਅਪਾਰਾ ॥**
**ਅਲਖੁ ਨ ਲਖੀਐ ਅਗਮੁ ਅਜੋਨੀ ਤੂੰ ਨਾਥਾਂ ਨਾਥਣ ਹਾਰਾ ॥ ....... ੪ ॥**[੧੨੫੫]--੩

**ਪਦ ਅਰਥ**:--ਬੈਸਿ--ਬੈਠ ਕੇ । ਸੁ ਥਾਨ--ਸ੍ਰੇਸ਼ਟ ਥਾਂ ਵਿੱਚ, ਸਤਸੰਗਤ ਵਿੱਚ । ਕਹਾਂ ਮੈਂ ਆਖਾਂ । ਕਥਉ--ਮੈਂ ਕਹਿ ਸਕਦਾ ਹਾਂ । ਨਾਥ--ਆਪਨੈ ਆਪ ਨੂੰ ਨਾਥ ਸਮਝਣ ਵਾਲੇ । ਨਾਥਣਹਾਰਾ--ਨੱਥ ਕੇ ਰਖਣ ਵਾਲਾ, ਆਪਣੇ ਵੱਸ ਵਿੱਚ ਰਖਣ ਵਾਲਾ । [ਇਸ ਪੂਰੀ ਤੁਕ ਦੇ ਸਵਿਸਥਾਰ ਅਰਥ ਪੁਸਤਕ ਦੇ ਦੂਜੇ ਭਾਗ ਦੇ ਤੀਜੇ ਕਾਂਡ ਦੀ ਸ਼ਬਦ-ਸੂਚੀ ਦੇ ੨੨ ਨੰਬਰ ਤੇ ਲਿਖੀ ਹੋਈ ਹੈ]

**ਬ੍ਰਾਹਮਣ ਇੱਕ ਪਦਵੀ**--ਪ੍ਰਕਰਣ ਵਿੱਚ ਇਹ ਇਤਿਹਾਸ ਆਇਆ ਸੀ ਕਿ ਰਾਜੇ ਅਤੇ ਬ੍ਰਾਹਮਣ ਦੀ ਸੌਦੇ ਬਾਜ਼ੀ ਕਾਰਨ ਹੀ ਰਾਜੇ ਨੂੰ ਧਰਤੀ ਦਾ ਈਸ਼ਵਰ ਬਣਾ ਕੇ ਉਸ ਦੇ ਸੋਹਲੇ ਗਾਏ ਗਏ ਸਨ । ਸਮੇਂ ਦੇ ਗੇੜ ਨੇ ਰਾਜੇ ਨੂੰ ਹੀ ਫਿਰ ਧਰਤੀ ਤੋਂ ਅਸਮਾਨੀਂ ਚਾੜ੍ਹ ਦਿੱਤਾ ਅਤੇ **ਰੱਬ** ਦੇ **ਰੂਪ** ਤੋਂ ਸਿੱਧਾ **ਰੱਬ** ਹੀ ਬਣਾ ਦਿੱਤਾ । ਗੁਰਬਾਣੀ ਦੇ ਜਿਨ੍ਹਾਂ ਸ਼ਬਦਾਂ ਦੇ ਅਧਾਰ ਤੇ ਇਸ ਭੇਤ ਦੀ ਸਮਝ ਪਈ ਹੈ ਉਹ ਇਸ ਪਰਕਾਰ ਹਨ :-

੬- **ਜੁਗਹ ਜੁਗਹ ਕੇ ਰਾਜੇ ਕੀਏ, ਗਾਵਹਿ ਕਰਿ ਅਵਤਾਰੀ ॥**

**ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ ॥ ੭ ॥**[੪੨੩]--ਅਸਟ- ੨੩

**ਅਰਥ:**--(ਹੇ ਭਾਈ ! ਪਰਮਾਤਮਾ ਨੇ ਰਾਮ ਕ੍ਰਿਸ਼ਨ ਆਦਿਕ) ਆਪੋ ਆਪਣੇ ਸਮੇਂ ਦੇ ਰਾਜੇ ਪੈਦਾ ਕੀਤੇ ਸਨ, ਪਰ ਲੋਕਾਂ ਨੇ ਉਨ੍ਹਾਂ ਨੂੰ ਅਵਤਾਰ ਮੰਨ ਲਿਆ ਤੇ ਉਨ੍ਹਾਂ ਦੇ ਸੋਹਲੇ ਗਾਉਂਣ ਲੱਗ ਪਏ । (ਜਿਨ੍ਹਾਂ ਨੂੰ ਲੋਕ ਭਗਵਾਨ ਕਹਿ ਰਹੇ ਹਨ ਜਦ ਉਨ੍ਹਾਂ ਨੂੰ ਵੀ) ਅਕਾਲ ਪਰਖ ਦਾ ਅੰਤ ਨਹੀਂ ਸੀ ਲੱਭਾ । (ਮੈਂ ਵਿਚਾਰਾ ਤਾਂ ਹਾਂ ਹੀ ਇੱਕ ਫ਼ਕੀਰ ,ਮੈਂ ਭਲਾ) ਕੀ ਆਖ ਕੇ ਉਸ ਪ੍ਰਭੂ ਦੇ ਗੁਣਾ ਦੀ ਵਿਚਾਰ ਕਰ ਸਕਦਾ ਹਾਂ ॥ (ਨੋਟ--ਗੁਰਬਾਣੀ ਦੇ ਕਿਸੇ ਸ਼ਬਦ ਅਥਵਾ ਤੁਕ ਵਿੱਚ ਅਵਤਾਰਾਂ ਦਾ ਜ਼ਿਕਰ ਆਵੇ ਤਾਂ ਅਰਥ ਸਮਝਣ ਸਮੇ ਇੱਸ ਅਟੱਲ ਸਿਧਾਂਤ ਨੂੰ ਕਦੇ ਨਹੀਂ ਭੁੱਲਣਾ ਕਿ ਕਿਸੇ ਵੀ ਪੰਜ ਭੂਤਕ ਅਥਵਾ ਦ੍ਰਿਸ਼ਟਮਾਨ ਅਕਾਰ ਨੂੰ ਪਰਮਾਤਮਾਂ ਮੰਨਣ ਦੀ, ਗੁਰਮਤ ਨੇ ਭਰਪੂਰ ਖੰਡਣ ਕੀਤਾ ਹੈ) ।

ਇਨ੍ਹਾਂ ਅਵਤਾਰਾਂ ਅਥਵਾ ਦੇਵਤਿਆਂ ਅਦਿ ਨੂੰ ਰਾਜੇ ਕਹਿ ਕੇ ਉਨ੍ਹਾਂ ਪ੍ਰਤੀ ਬਣਿਆ ਭਰਮ ਦੂਰ ਕਰਨ ਦਾ ਇੱਕ ਹੋਰ ਬੜਾ ਹੀ ਮਿੱਠਾ ਅਤੇ ਅਸਰਦਾਰ ਢੰਗ :-

੭- **ਅੰਸਾ ਅਉਤਾਰੁ ਉਪਾਇਓਨੁ ਭਾਉ ਦੂਜਾ ਕੀਆ ॥ ਜਿਉ ਰਾਜੇ ਰਾਜੁ ਕਮਾਵਦੇ ਦੁਖ ਸੁਖ ਭਿੜੀਆ ॥**
**ਈਸਰੁ ਬ੍ਰਹਮਾ ਸੇਵਦੇ, ਅੰਤੁ ਤਿਨ੍ਹੀ ਨ ਲਹੀਆ ॥ ਨਿਰਭਉ ਨਿਰੰਕਾਰੁ ਅਲਖੁ ਹੈ ਗੁਰਮੁਖਿ ਪ੍ਰਗਟੀਆ ॥**
**ਤਿਥੈ ਸੋਗੁ ਵਿਜੋਗੁ ਨਾ ਵਿਆਪਈ ਅਸਥਿਰੁ ਜਗਿ ਥੀਆ ॥ ੧੯ ॥**[੫੧੬]- ਵਾਰ

**ਪਦ ਅਰਥ:**--ਅੰਸ--ਹਿੱਸਾ । ਅੰਸਾ ਅਉਤਾਰ--(ਪਰਮਾਤਮਾ ਦੇ) ਅੰਸਾਂ ਦਾ ਜਗਤ ਵਿੱਚ ਆਉਣਾ, ਦੇਵਤੇ ਆਦਿਕਾਂ ਦਾ ਜਨਮ (ਗੁਰਦੇਵ ਜੀ ਪੁਰਾਣਕ ਗਾਥਾਵਾਂ ਵੱਲ ਇਸ਼ਾਰਾ ਕਰਕੇ, ਜਿਨ੍ਹਾਂ ਵਿੱਚ ਇਹ ਕਿਹਾ ਗਿਆ ਹੈ ਕਿ ਪਰਮਾਤਮਾ ਦੀ ਕਲਾ ਭਾਵ ਸ਼ਕਤੀ ਦਾ ਕੁੱਝ ਹਿਸਾ ਲੈ ਕੇ ,(੯ ਕਲਾ, ੧੬ ਕਲਾ ਆਦਿ) ਆਉਣ ਵਾਲੇ ਅੰਸਾ ਅਵਤਾਰਾਂ ਪ੍ਰਤੀ ਬਣਿਆ ਭਰਮ ਦੂਰ ਕਰ ਰਹੇ ਹਨ)। ਭਾਉ ਦੂਜਾ--ਮਾਇਆ ਦਾ ਮੋਹ । ਜਿਉ ਰਾਜੇ--ਰਾਜਿਆਂ ਵਾਂਗ । ਤਿਥੈ--(ਗੁਰਮੁਖ ਵਾਲੀ) ਅਵਸਥਾ ਵਿੱਚ । ਵਿਜੋਗੁ--ਵਿਛੋੜਾ ॥

ਗੁਰਦੇਵ ਜੀ ਦਾ ਫੁਰਮਾਨ ਹੈ ਕਿ ਜੇ ਤੁਸੀਂ ਅੰਸਾ-ਅਵਤਾਰਾਂ* ਆਦਿ ਦੀ ਹੋਂਦ ਨੂੰ ਮੰਨਦੇ ਹੀ ਹੋ ਤਾਂ ਉਹ ਵੀ ਮਨੱਖਾਂ ਵਾਂਗ ਪ੍ਰਮਾਤਮਾਂ ਦੀ ਹੀ ਪੈਦਾਇਸ਼ ਸਨ । ਅਤੇ ਫਿਰ ਤੁਹਾਡੀਆਂ ਆਪਣੀਆਂ ਹੀ ਲਿਖਤਾਂ ਦੇ ਅਨੁਸਾਰ ਉਹ ਸਾਰੇ ਮਨੁੱਖਾਂ ਵਾਂਗ ਮਾਇਆ ਦੇ ਪਿਛੇ ਭਟਕਦ ਅਤੇ ਮਾਇਆ ਕਾਰਨ **ਆਪਸ-ਵਿੱਚ ਲੜਾਈਆਂ ਕਰਨ ਵਾਲੇ ਮਾਮੂਲੀ ਜਿਹੇ ਰਜਵਾੜੇ ਸਨ** । ਇਹ ਜੋ ਸ਼ਿਵ ਅਤੇ ਬ੍ਰਹਮਾਂ ਆਦਿ ਕਹਿ ਰਹੇ ਹੋ ਇਹ ਵੀ ਮਾਇਆ ਪਿੱਛੇ ਭਟਕਦੇ ਤੁਸਾਂ ਆਪ ਹੀ ਵਿਖਾਏ ਹਨ । ਜਿਸ ਪਰਮਾਤਮਾ ਦਾ ਅੰਤ ਕਿਸੇ ਮਨੁੱਖ ਨੂੰ ਨਹੀਂ ਮਿਲ ਸਕਿਆ ਉਸ ਬੇਅੰਤ ਪ੍ਰਭੂ ਦੀ ਮਾਇਆ ਦੇ ਕਿਸੇ ਇੱਕ ਵੀ ਪੱਖ ਦੀ ਪੂਰੀ ਸਮਝ, ਇਨ੍ਹਾਂ ਕਥਿਤ ਅਵਤਾਰਾਂ ਅਥਵਾ ਦੇਵਤਿਆਂ ਵਿਚੋਂ ਵੀ ਕਿਸੇ ਨੂੰ ਵੀ ਨਹੀਂ ਆਈ ।

ਅਸੀਂ ਪਿੱਛੇ ਦੇਵੀ ਦੇਵਤਿਆਂ ਬਾਰੇ ਲੇਖਾਂ ਵਿਚ ਪੜ੍ਹ ਲਿਆ ਹੈ ਕਿ ਗੁਰਬਾਣੀ ਵਿਚ ਬ੍ਰਹਮਾਂ ਅਦਿ ਨੂੰ ਗੁਰਮੁਖਾਂ ਨਾਲੋਂ ਹੇਠਾਂ ਦਰਸਾਉਂਦਿਆਂ ਸਤਿਗੁਰਾਂ ਨੇ ਫੁਰਮਾਨ ਕੀਤਾ ਹੈ, ਕਿ ਪਰਮਾਤਮਾ ਅਕਾਰ ਰਹਿਤ ਅਤੇ ਅਲੱਖ ਹੈ । ਪ੍ਰਭੂ ਗੁਰਮੁਖ ਦੇ ਹਿਰਦੇ ਅੰਦਰ ਪਰਗਟ ਹੁੰਦਾ ਹੈ । ਗੁਰਮੁਖ ਅਵਸਥਾ (ਜੋ ਬ੍ਰਾਹਮਣੀ ਗਾਥਾ ਵਿੱਚਲੇ ਕਿਸੇ ਵੀ ਦੇਵੀ ਦੇਵਤੇ ਨੂੰ ਨਹੀਂ ਮਿਲਦੀ) ਵਿੱਚ ਚਿੰਤਾ ਅਤੇ ਪ੍ਰਭੂ ਨਾਲੋਂ ਵਿਛੋੜਾ ਨਹੀਂ ਵਿਆਪਦਾ । ਸਿਰਫ਼ ਗੁਰਮੁਖ ਹੀ ਮਾਇਆ ਦੇ ਮੋਹ ਵਲੋਂ ਅਡੋਲ ਰਹਿੰਦਾ ਹੈ । ਅਵਤਾਰਾਂ ਸਮੇਤ ਕੋਈ ਵੀ ਦੇਵਤਾ ਅਜੇਹਾ ਨਹੀਂ ਦਿਸਦਾ ਜੋ ਮਾਇਆ ਦੇ ਪਿੱਛੇ ਅਥਵਾ ਮਾਇਆ (ਭਾਵ, ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ) ਦੇ ਕਾਰਨ ਭਟਕਦਾ, ਖੱਜਲ-ਖੁਆਰ ਹੁੰਦਾ ਬ੍ਰਾਹਮਣ ਨੇ ਨਾਂ ਵਿਖਾਇਆ ਹੋਵੇ।

## ੨

# ਬ੍ਰਾਹਮਣ ਬਨਾਮ ਮਿਥਿਹਾਸਕ ਅਵਤਾਰ

ਕਥਿਤ ਅਵਤਾਰਾਂ ਕੋਲੋਂ ਵੀ ਬ੍ਰਾਹਮਣ ਨੇ ਉਵੇਂ ਹੀ ਆਪਣੇ ਕਈ ਸੁਆਰਥ ਸਿੱਧ ਕਰਵਾਏ ਹਨ ਜਿਵੇ ਉਹ ਦੇਵੀ ਦੇਵਤਿਆਂ ਤੋਂ ਕਰਵਾਉਂਦਾ ਰਿਹਾ, ਅਸੀਂ ਪਿੱਛੇ ਪੜ੍ਹ ਆਏ ਹਾਂ । ਹਿੰਦੂ ਗ੍ਰੰਥਾਂ ਵਿਚ ਜਿੰਨੇ ਵੀ ਅਵਤਾਰ ਹਨ ਸਾਰੇ ਦੇ ਸਾਰੇ ਬ੍ਰਾਹਮਣ ਦੀ ਵਡਿਆਈ ਵਧਾਉਂਦੇ ਅਤੇ ਬ੍ਰਾਹਮਣ ਦੇ ਹੀ ਸੋਹਲੇ ਗਉਂਦੇ ਨਜ਼ਰ ਆਉਂਦੇ ਹਨ । ਜਿਉਂ ਜਿਉਂ ਪਾਠਕ ਇਸ ਲੇਖ ਨੂੰ ਪੜ੍ਹਨਗੇ ਉਪ੍ਰੋਕਤ ਸਚਾਈ ਉੱਘੜ ਕੇ ਸਾਹਮਣੇ ਆਉਂਦੀ ਜਾਵੇਗੀ ।

ਜਿਨ੍ਹਾਂ ਅਵਤਾਰਾਂ ਦੇ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਹ ਧਰਤੀ ਤੋ ਪਾਪੀਆਂ ਦਾ ਨਾਸ ਕਰਕੇ ਧਰਮ ਦੀ ਅਸਥਾਪਣਾ ਕਰਨ ਆਉਂਦੇ ਰਹੇ ਹਨ ਉਨ੍ਹਾਂ ਨੂੰ ਬ੍ਰਾਹਮਣ ਨੇ ਆਪ ਹੀ ਬੇ-ਅਸੂਲੇ, ਝੂਠੇ, ਬਚਨ ਕਰਕੇ ਖਿਸਕ ਜਾਣ ਵਾਲੇ, ਦੁਰਾਚਾਰੀ ਆਦਿ ਲਿਖਿਆ ਹੈ ।

**ਅਵਤਾਰਾਂ ਦਾ ਵੇਰਵਾ :-** ਬ੍ਰਾਹਮਣੀ ਗ੍ਰੰਥਾਂ ਵਿੱਚ ਅਵਤਾਰਾਂ ਦੀ ਗਿਣਤੀ ਅਤੇ ਨਾਮ ਵੱਖੋ ਵਖਰੇ ਹਨ । ਆਮ ਕਰਕੇ ੨੪ ਅਵਤਾਰਾਂ ਦੀ ਗਿਣਤੀ ਮਸ਼ਹੂਰ ਹੈ । ਭਾਗਵਤ ਪੁਰਾਣ (ਪੰਜਾਬੀ ਅਨੁਵਾਦ) ਦੇ ਸਕੰਧ--੧, ਅਧਿਆਇ--੩, ਦੇ ੨੧ ਸਫੇ ਅਤੇ ਸਕੰਧ--੨, ਅਧਿਆਇ--੭ ਦੇ ੧੦ ਸਫ਼ੇ ਤੇ, ਕੁਲ **੨੪** ਅਵਤਾਰਾਂ ਦਾ ਵੇਰਵਾ ਲਿਖਿਆ ਹੈ ਜਿਨ੍ਹਾਂ ਦੇ ਨਾਮ ਅਤੇ ਸੰਖੇਪ ਜਾਣਕਾਰੀ ਇਸ ਪ੍ਰਕਾਰ ਹਨ :-

**(੧)** **ਬ੍ਰਹਮਾਂ ਅਵਤਾਰ**--ਸੂਤ ਨਾਮੀ ਰਿਖੀ ਜੋ ਕਥਿਤ ਤੌਰ ਤੇ **ਵਿਯਾਸ ਰਿਖੀ** ਦਾ ਚੇਲਾ ਸੀ, ਨੇ ਹੋਰ ਰਿਖੀਆਂ ਨਾਲ ਗੱਲ ਬਾਤ ਕਰਦਿਆਂ ਦੱਸਿਆ, ਕਿ, ਪਰਲੈ ਹੋ ਜਾਨ ਉਪਰੰਤ ਜਦੋਂ ਪ੍ਰਭੂ ਜੀ ਸੰਸਾਰ ਰਚਨਾ ਦੀ ਇੱਛਾ ਕਰਦੇ ਹਨ ਤਾਂ ਉਹ ਪਹਿਲਾਂ ਸ਼ੇਸ਼ਨਾਗ ਦੀ ਛਾਤੀ ਤੇ ਸੌਂਦੇ ਹਨ । ਉਸ ਸਮੇਂ ਉਨ੍ਹਾਂ ਦੇ ਬੇਰਾਟ ਰੂਪ ਦੇ ਇੱਕ ਹਜ਼ਾਰ ਸਿਰ, ਹਜ਼ਾਰ ਹੀ ਨੱਕ, ਹਜ਼ਾਰ ਹੀ ਕੰਨ, ਹਜ਼ਾਰ ਬਾਹਾਂ, ਅਤੇ ਹਜ਼ਾਰ ਹੀ ਚਰਨ ਹੁੰਦੇ ਹਨ (ਕੀਹ ਬਾਹਾਂ ਤੇ ਚਰਨ ਸਿਰਾਂ ਨਾਲੋਂ ਦੁਗਣੇ ਨਹੀਂ ਸੀ ਹੋਣੇ ਚਾਹੀਦੇ ?) । ਫਿਰ ਉਸ ਵੈਰਾਟ ਰੂਪ ਦੀ ਨਾਭੀ ਵਿਚੋਂ ਕਮਲ ਦਾ ਫੁੱਲ ਲਿਕਲਦਾ ਹੈ ਅਤੇ ਉਸ ਫੁੱਲ ਵਿਚੋਂ ੧੪ ਲੋਕਾਂ ਦੀ ਰਚਨਾ ਕਰਨ ਵਾਲਾ **ਬ੍ਰਹਮਾ ਅਵਤਾਰ** ਪੈਦਾ ਹੁੰਦਾ ਹੈ ।

**(੨)** **ਬੈਰਾਹ ਅਵਤਾਰ**-- ਬੈਰਾਹ ਦਾ ਅਰਥ ਸੂਰ ਹੈ । ਪ੍ਰਹਲਾਦ ਭਗਤ ਦਾ ਸਕਾ ਤਾਇਆ ਅਰਥਾਤ ਹਰਨਾਖਸ਼ ਦਾ ਵੱਡਾ ਭਾਈ ਹਣਨਯਕਸ਼ਿਪੁ ਦੈਂਤ ਬ੍ਰਹਮਾ ਨਾਲ ਨਰਾਜ ਹੋ ਕੇ ਧਰਤੀ-ਮਾਤਾ ਨੂੰ ਚੁੱਕ ਕੇ ਦੌੜ ਗਿਆ ਸੀ ਤਾਂ ਜੋ ਬ੍ਰਹਮਾਂ ਜੀਵਾਂ ਆਦਿ ਦੀ ਰਚਨਾਂ ਨਾ ਕਰ ਸਕੇ । ਬ੍ਰਹਮਾਂ ਦੀ ਪੁਕਾਰ ਅਤੇ ਉਧਾਲੀ ਗਈ ਧਰਤੀ-ਮਾਂ ਦੀ ਫਰਿਆਦ ਸੁਣ ਕੇ ਵੈਰਾਟ ਰੂਪ ਵਾਲੇ **ਵਿਸ਼ਨੂੰ** ਨੇ ਹੀ **ਸੂਰ** ਦਾ ਰੂਪ ਧਾਰਿਆ ਤੇ ਪਾਤਾਲ ਲੋਕ ਤੋ ਪ੍ਰਿਥਵੀ ਲਿਆਂਦੀ । (ਬ੍ਰਾਹਮਣ ਗੁਰੂ ਕੋਲੋਂ ਇਹ ਕੌਣ ਪੁੱਛੇ ਕਿ ਜੱਦ ਧਰਤੀ ਨੂੰ ਤਾਂ ਦੈਂਤ ਨੇ ਸਿਰ ਤੇ ਚੁੱਕ ਲਿਆ ਸੀ ਫਿਰ ਦੌੜਨ ਵਾਸਤੇ ਉਹ ਪੈਰ ਕਿਸ ਚੀਜ਼ ਤੇ ਰਖਦਾ ਸੀ ? ਬ੍ਰਾਹਮਣ ਜੀ ਦਾ ਕਿਹਾ ਕੋਰਾ ਝੂਠ ਜਿਉਂ ਦਾ ਤਿਉਂ ਅੱਜ ਸਾਂਇੰਸ ਦੇ ਜੁਗ ਵਿਚ ਵੀ ਪੂਰਨ ਸੱਚ ਮੰਨਿਆ ਜਾ ਕੇ ਪੂਜਿਆ ਜਾ ਰਿਹਾ ਹੈ । ਸੁਣਿਆ ਹੈ ਕਿ ਸੀਤਾ ਜੀ ਦੇ ਉਧਾਲੇ ਜਾਂਣ ਦੀ ਫਿਲਮ ਵਾਂਗ ਧਰਤੀ-ਮਾਤਾ ਨਾਲ ਜੋ ਭਾਣਾ ਵਰਤਿਆ ਉਸ ਦੀ ਵੀ Movie ਬਣ ਗਈ ਹੈ? । ਉਹ ਭਾਣਾ ਇਹ ਵਰਤਿਆ ਕਿ **ਬੈਰਾਹ ਅਵਤਾਰ** ਦੀ ਬਹਾਦਰੀ ਤੇ ਪ੍ਰਿਥਵੀ (ਧਰਤੀ-ਮਾਤਾ) ਮੋਹਤ ਹੋ ਗਈ । ਅਤੇ ਜਿਸ ਪ੍ਰਿਥਵੀ ਦਾ ਭਾਰ ਦੂਰ ਕਰਨ ਲਈ ਅਵਤਾਰੀ ਹੋਏ ਸਨ, **ਬੈਰਾਹ** ਰੂਪ **ਵਿਸ਼ਨੂੰ** ਜੀ ਨੇ ਓਸੇ ਪ੍ਰਿਥਵੀ

ਨਾਲ **ਭੋਗ** ਕੀਤਾ (ਮ:ਕੋ: ੯੨੬) । ਪ੍ਰਿਥ੍ਵੀ ਦੇ ਪੇਟੋਂ ਇਸ ਅਦਭੁਤ ਸੂਰ-ਅਵਤਾਰ ਦਾ ਪੁੱਤ੍ਰ **ਭੂਮਾਸੁਰ** ਹੋਇਆ । ਫਿਰ ਦੂਜੀ ਵਾਰੀ ਪ੍ਰਿਥਵੀ ਦਾ ਭਾਰ ਹਲਕਾ ਕਰਨ ਲਈ, ਵਿਸ਼ਨੂੰ ਦੇ ਹੀ ਅਵਤਾਰ **ਕ੍ਰਿਸ਼ਨ** ਨੇ ਉਸ ਆਪਣੇ ਪੁੱਤ੍ਰ **ਭੂਮਾਸੁਰ** ਨੂੰ ਮਾਰਿਆ । ਵੈਰਾਹ ਰੂਪ ਵਿਸ਼ਨੂ ਦੇ ਬੇਟੇ ਭੋਮਾਸੁਰ ਨੇ ਆਪਣੀ ਸ਼ਾਦੀ ਵਾਸਤੇ ਜਿਹੜੀਆਂ ੧੬੧੦੦ ਸੁੰਦਰੀਆਂ ਘੇਰੀਆਂ ਹੋਈਆਂ ਸਨ ਉਨ੍ਹਾਂ ਸੁੰਦਰੀਆਂ ਨੂੰ ਕ੍ਰਿਸ਼ਨ ਰੂਪ ਵਿਸ਼ਨੂੰ ਜੀ ਨੇ **ਆਪਣੇ ਘਰ ਪਾ ਲਿਆ,** (ਭਾਵ, ਆਪਣੀਆਂ ਹੋਣ ਵਾਲੀਆਂ ਨੋਹਾਂ ਨੂੰ ਧੀਆਂ ਸਮਝ ਕੇ ਘਰੋ-ਘਰੀ ਭੇਜਣ ਦੀ ਥਾਂ, ਜਾਂ ਹਰੇਕ ਲਈ ਕੋਈ ਚੰਗਾ ਵਰ ਲਭ ਕੇ ਸ਼ਾਦੀ ਕਰ ਦੇਣ ਦੀ ਥਾਂ ਸਾਰੀਆਂ ਨੂੰ ਆਪ ਹੀ ਵਰ ਲਿਆ, ਅਤੇ ਇਸਤ੍ਰੀ ਜਾਤੀ ਨੂੰ ਭੇਡਾਂ ਦੇ ਇੱਜੜ ਅਤੇ ਸਿਰਫ਼ ਕਾਮ ਵਾਸਨਾਂ ਦਾ ਖਿਡਾਉਣਾਂ ਬਣਾ ਕੇ ਰੱਖਣ ਦਾ ਲੋਕਾਂ ਨੂੰ ਉਤਸ਼ਾਹ ਦਿੱਤਾ --**ਗੁਰੂ ਜਿਨ੍ਹਾਂ ਦੇ ਟੱਪਣੇ, ਚੇਲੇ ਜਾਣ ਛੜੱਪ**--ਫਿਰ ਰਾਜਿਆਂ ਦੇ ਮਹਿਲਾ ਵਿਚ, ਅਥਵਾ ਹੋਰ ਸਰਦੇ-ਪੁਜਦੇ ਅਮੀਰਾਂ ਦੇ ਘਰਾਂ ਵਿੱਚ ਇਸਤ੍ਰੀ, **ਪਸ਼ੂਆਂ ਦੀ ਪੱਧਰ ਤੋਂ ਹੇਠਾਂ ਜੂਏ ਵਿਚ ਹਾਰੀ ਜਾਣ ਵਾਲੀ ਵਸਤੂ ਬਣ ਗਈ**-- (**ਬ੍ਰਾਹਮਣ ਦੇ ਭਗਵਾਨ ਜੀ ਨੇ** ਧਰਤੀ ਦਾ ਭਾਰ ਹੌਲਾ ਕਰਨ ਲਈ ਸੋਹਣਾ ਢੰਗ ਵਰਤਿਆ ?) ਅਤੇ ਫਿਰ ਕ੍ਰਿਸ਼ਨ ਰੂਪ ਵਿਸ਼ਨੂੰ ਜੀ ਨੇ ਉਨ੍ਹਾਂ ਸਾਰੀਆਂ ੧੬੧੦੦ ਸੁੰਦਰੀਆਂ ਨਾਲ ਇੱਕੋ ਜਿਹਾ ਸਲੂਕ ਕਰਨ ਦੀ ਮਿਸਾਲ ਸਥਾਪਤ ਕਰਨ ਲਈ ਹਰੇਕ ਦੇ ਪੇਟੋਂ ੧੦/੧੦ ਮੁੰਡੇ ਅਤੇ ੧/੧ ਕੰਨਿਆਂ ਪੈਦਾ ਕੀਤੀ । (ਭਾਗਵਤ ਪੁਰਾਣ ਸਕੰਧ ੧੦)।

**ਗੰਭੀਰ ਸ਼ੰਕੇ**--ਇਸ ਮਿਥਿਹਾਸਕ ਗਾਥਾ ਨੂੰ ਸੱਚ ਮੰਨ ਕੇ " ਬੈਰਾਹ ਅਵਤਾਰ " ਦੀ ਪੂਜਾ ਕਰਨ ਵਾਲੇ ਲੋਕ ਇਸ ਸ਼ੰਕੇ ਨੂੰ ਦੂਰ ਨਹੀਂ ਕਰਦੇ, ਕਿ ਧਰਤੀ ਨੂੰ ਚੁੱਕ ਕੇ ਲੈ-ਭੱਜਣ ਵਾਲਾ ਦੈਂਤ, ਅਤੇ ਫਿਰ ਆਪਣੇ ਮੂੰਹ ਵਿਚ ਫੜ ਕੇ ਧਰਤੀ ਨੂੰ ਮੋੜ-ਲਿਆਉਂਣ ਵਾਲੇ, ਵੈਰਾਹ ਅਵਤਾਰ ਨੇ, ਆਪਣੇ ਪੈਰ ਕਿਹੜੀ ਧਰਤੀ ਤੇ ਟਿਕਾਏ ਸਨ ? **(੨)** ਪਹਿਲਾਂ ਚੋਰ-ਦੈਂਤ ਅਤੇ ਫਿਰ ਉਸ ਨੂੰ ਮਾਰ ਮੁਕਾਉਣ ਵਾਲੇ " ਬੈਰਾਹ ਅਵਤਾਰ ਜੀ " ਜਿਸ ਸਮੁੰਦਰ ਵਿਚ ਵੜੇ ਹੋਏ ਯੁੱਧ ਕਰਦੇ ਰਹੇ ਸਨ, ਜਾਂ ਜਿਸ ਸਮੁੰਦਰ ਤੇ ਉਨ੍ਹਾਂ ਧਰਤੀ ਟਿਕਾਈ ਸੀ ਉਹ (ਸਮੁੰਦਰ) ਕਿਹੜੀ ਧਰਤੀ ਤੇ ਸੀ ? ਕੀ ਸਮੁੰਦਰ ਵੀ ਧਰਤੀ ਦੇ ਨਾਲ ਹੀ ਚੋਰੀ ਨਹੀਂ ਸੀ ਹੋਇਆ ? **(੩)** ਉਚੇਚੇ ਪੁੱਤਰ " ਭੂਮਾਸਰ " ਨੂੰ ਜਨਮ ਦੇਣ ਵਾਲੀ ਧਰਤੀ ਬਾਰੇ ਕੀ ਇਹ ਸਮਝਾਇਆ ਜਾਵੇ ਕਿ ਇਹ ਦੂਜੇ ਜੀਵਾਂ ਨੂੰ ਆਪਣੀ ਔਲਾਦ ਨਹੀਂ ਸੀ ਮੰਨਦੀ ? **(੪)** ਕੀ " ਭੂਮਾਸੁਰ " ਵਾਲਾ ਭਾਣਾ ਯੂ ਪੀ ਵਿਚ ਵਰਤਿਆ ਸੀ, ਜੋ ਧਰਤੀ ਮਾਤਾ ਨੇ ਸਿਵਾਏ ਯੂ ਪੀ ਦੇ ਵਸਨੀਕਾਂ ਦੇ ਕਿਸੇ ਹੋਰ ਥਾਂ ਦੇ ਵਾਸੀਆਂ ਤੇ ਹੋਏ ਜ਼ੁਲਮਾਂ ਬਾਰੇ ਵਿਸ਼ਨੂੰ ਜੀ ਕੋਲ ਕਦੇ ਕੋਈ ਫ਼ਰਿਆਦ ਨਹੀਂ ਕੀਤੀ ? ਕੀ ਇਹ ਹੈਰਾਨੀ ਵਾਲੀ ਗੱਲ ਨਹੀਂ ਕਿ ਜਦ ਧਰਤੀ ਦੇ ਪੁੱਤ੍ਰ ਭੂਮਾਸੁਰ ਨੂੰ ਮਾਰਿਆ ਗਿਆ ਤਾਂ, ਉਸ ਦੀ ਮਾਤਾ, ' ਧਰਤੀ ' ਨੇ ਕੋਈ ਹਾਲ-ਦੁਹਾਈ ਨਹੀਂ ਪਾਈ ? ਫਿਰ ਇਹ ਵੀ ਬੜੀ ਹੈਰਾਨ ਕਰਨ ਵਾਲੀ ਗੱਲ ਹੈ ਕਿ ਸ਼ਾਦੀ ਕਰਨ ਲਈ ਲਿਆਂਦੀਆਂ ਰਾਜਕੁਮਾਰੀਆਂ ਖੋਹ ਲੈਣ ਤੇ ਵੀ ਧਰਤੀ ਨੇ ਵਿਸ਼ਨੂੰ ਜੀ ਨੂੰ ਨਾ ਸਮਝਾਇਆ ਕਿ ਜਿਨ੍ਹਾਂ ਨੇ ਨੋਹਾਂ ਬਣਨਾ ਸੀ ਉਨ੍ਹਾਂ ਬੱਚੀਆਂ ਨਾਲ ਆਪ ਹੀ ਸ਼ਾਦੀ ਨਾ ਕਰੇ ? ਪਰ ਅੱਜ ਝੂਠ ਏਡਾ ਪੱਕਾ ਸੱਚ ਬਣ ਚੁੱਕਾ ਹੈ ਕਿ ਸੱਚ ਦੀ ਪਛਾਣ ਕਰਨ ਦੀ ਨਾ ਲੋੜ ਰਹੀ ਹੈ ਅਤੇ ਨਾ ਝੂਠ ਨੂੰ ਝੂਠ ਕਹਿਣ ਦੀ ਦਲੇਰੀ ਹੀ ਰਹੀ ਹੈ]

**(੩)** **ਚਤੁਰ ਭੁਜੀ ਅਵਤਾਰ**--ਧਾਰਨ ਕਰਕੇ ਰਾਜਿਆਂ ਨੂੰ ਯੱਗ ਕਰਨ ਦਾ ਰਾਹ ਦੱਸ ਕੇ ਕਿਰਤਾਰਥ ਕੀਤਾ ।

**(੪)** **ਹੈਗ੍ਰੀਵ ਅਵਤਾਰ**--- ਸਰੀਰ ਮਨੁੱਖ ਦਾ ਅਤੇ ਸਿਰ ਘੋੜੇ ਦਾ ਧਾਰਨ ਕਰਕੇ ਬ੍ਰਹਮਾਂ ਨੂੰ ਵੇਦ ਪੜ੍ਹਾਏ । ਪਰ ਸ਼ਿਵ ਪੁਰਾਣ ਸਕੰਧ ੨ ਦੇ ਅਧਿਆਇ ੭ (ਸਫ਼ਾ ੭੦) ਤੇ ਬ੍ਰਹਮਾ ਦੀ ਆਪਣੀ ਜ਼ਬਾਨੋ ਲਿਖਿਆ ਹੈ ਕਿ ਇਸ ਹੈਗ੍ਰੀਵ ਨੇ ਪਾਤਾਲ ਵਿੱਚ ਜਾ ਕੇ ਮਦ ਤੇ ਕੈਡਭ ਦੈਂਤਾਂ ਨੂੰ ਮਾਰ ਕੇ ਉਨ੍ਹਾਂ ਕੋਲੋਂ ਵੇਦ ਛੁਡਾ ਕੇ ਲਿਆਂਦੇ ਸਨ ।

**(੫)** **ਨਰ ਨਰਾਇਣ ਅਵਤਾਰ**-- ਬੱਦ੍ਰੀ ਕੇਦਾਰ ਵਿੱਚ ਸੰਸਾਰੀ ਜੀਵਾਂ ਨੂੰ ਤਪੱਸਿਆ ਦਾ ਰਾਹ ਦੱਸਣ ਲਈ ਆਪ ਨੇ ਘੋਰ ਤਪੱਸਿਆ ਕੀਤੀ ਅਤੇ ਅੱਜ ਵੀ ।ਮੁਰਤੀ ਦੀ ਸ਼ਕਲ ਵਿੱਚ ਬੈਠੇ ਤਪ ਕਰੀ ਜਾ ਰਹੇ ਹਨ । ਅਤੇ ਉਰਵਸ਼ੀ ਪਰੀ ਪੈਦਾ ਕੀਤੀ ।

**ਮਹਾਨ ਕੋਸ਼** ਦੇ ੬੯੪ ਸਫੇ ਤੇ **ਵਾਮਨਪੁਰਾਣ** ਦੇ ਹਵਾਲੇ ਨਾਲ ਲਿਖਿਆ ਹੈ ਕਿ **ਨਰ-ਨਾਰਾਯਿਣ** ਦੀ ਤਪਸਿਆ ਵੇਖ ਕੇ ਦੇਵਤੇ ਵੀ ਹੈਰਾਨ ਹੋ ਗਏ, ਇਸ ਲਈ ਇੰਦ੍ਰ ਨੇ ਅਪੱਸਰਾਂ ਭੇਜੀਆਂ ਕਿ ਜਾ ਕੇ ਉਨ੍ਹਾਂ ਦਾ ਤਪ ਭੰਗ ਕਰਨ ( **ਈਰਖਾ ਵੱਸ ਹੋਏ ਦੇਵ-ਰਾਜ ਇੰਦ੍ਰ ਦੇ ਹਿਰਦੇ ਵਿਚ ਸਾੜੇ ਅਤੇ ਮਾਨਸਕ-ਗਿਰਾਵਟ ਦੀ ਹੱਦ ? ਤੇ ਅੱਗੋਂ ਨਾਰਾਯਣ ਕਿਹੜਾ ਏਡਾ ਆਵੇਸਲਾ ਸੀ ਉਸ ਨੇ)** ਇੱਕ ਫੁੱਲ ਲੈ ਕੇ ਆਪਣੇ **ਉਰ** (ਭਾਵ, ਪੇਟ) ਤੇ ਰਖਿਆ ਤਾਂ ਵਿੱਚੋਂ ਅਹੇਜੀ ਸੁੰਦਰ ਅਪਸਰਾ ਨਿਕਲੀ ਜੋ ਸੁਰਗ ਤੋਂ ਆਈਆਂ ਸਾਰੀਆਂ ਅਪਸਰਾਂ ਨਾਲੋਂ ਵਧੀਕ ਸੁੰਦਰ ਸੀ ਅਤੇ " ਉਰ " ਵਿਚੋਂ ਨਿਕਲਣ ਕਰਕੇ ਉਸ ਦਾ ਨਾਮ **ਉਰਵਸ਼ੀ** ਹੋਇਆ । ਉਸ ਨੂੰ ਵੇਖ ਕੇ ਇੰਦ੍ਰ ਲੋਕ ਤੋਂ ਆਈਆਂ ਸਾਰੀਆਂ ਅਪਸਰਾਂ ਸ਼ਰਮਿੰਦੀਆਂ ਹੋ ਕੇ ਮੁੜ ਦੇਵ ਲੋਕ ਨੂੰ ਚਲੀਆਂ ਗਈਆਂ । ਨਾਰਾਇਣ ਨੇ ਉਰਵਸ਼ੀ ਨੂੰ ਵੀ ਉਨ੍ਹਾਂ ਦੇ ਨਾਲ ਹੀ ਸਵਰਗ ਨੂੰ ਭੇਜ ਦਿੱਤਾ । ਨਾਰਾਯਿਨ ਦਾ ਪਿਛੋਕੜ ਦੱਸਣ ਲਈ ਅਗੇ **ਕਾਲਿਕਪੁਰਾਣ** ਦੇ ਹਵਾਲੇ ਨਾਲ ਲਿਖਿਆ ਹੈ ਕਿ ਮਹਾਂਦੇਵ (ਸ਼ਿਵ) ਨੇ **ਸ਼ਰਭ ਜੀਵ** ਦਾ ਰੂਪ ਧਾਰ ਕੇ ਨਰਸਿੰਘ ਅਵਤਾਰ ਦੇ ਦੋ ਟੁਕੜੇ ਕਰ ਦਿੱਤੇ ਸਨ, ਨਰ ਹਿੱਸੇ ਦਾ **ਨਰ-ਰਿਖੀ** ਅਤੇ ਸ਼ੇਰ ਵਾਲੇ ਭਾਗ ਦਾ **ਨਾਰਾਇਣ** ਰਿਖੀ ਬਣ ਗਿਆ ਸੀ । ਇਹ ਦੋਵੇਂ ਹੀ ਵਿਸ਼ਨੂੰ ਦੇ **ਅੰਸ਼ਾ-ਅਵਤਾਰ** ਮੰਨੇ ਜਾਂਦੇ ਹਨ ।

**ਸ਼ਰਭ ਜੀਵ** = ਸੰਸਕ੍ਰਿਤ ਕਵੀਆਂ ਦੇ ਲੇਖ ਅਨੁਸਾਰ ਬਰਫ਼ਾਨੀ ਪਹਾੜਾਂ ਵਿੱਚ ਰਹਿਣ ਵਾਲਾ ਅੱਠ-ਟੰਗੀਆ ਇੱਕ ਮਹਾਂ ਬਲੀ ਜੀਵ ਜੋ ਸ਼ੇਰ ਦਾ ਸ਼ਿਕਾਰ ਕਰਦਾ ਹੈ--(ਬ੍ਰਾਹਮਣੀ ਕਲਪਣਾ ਦੀ ਉਪਜ, ਕਾਮਧੇਨ ਅਥਵਾ ਨੰਦਨੀ ਗਊ ਵਾਂਗ ਹੀ) ਇਸ ਨੂੰ ਕਿਸੇ ਮਨੁੱਖ ਨੇ ਅੱਜ ਤਾਂਈ ਨਹੀਂ ਵੇਖਿਆ ਪਰ ਹਿੰਦੂ ਧਰਮ ਗ੍ਰੰਥਾਂ ਵਿੱਚ ਲਿਖਿਆ ਹੋਣ ਕਰਕੇ ਇਸ ਨੂੰ ਮੰਨਦੇ ਅਤੇ ਪੂਜਦੇ ਹਨ ।

**(੬)** **ਕਪਲ ਦੇਵ ਮੁਨੀ ਅਵਤਾਰ**-- ਧਾਰ ਕੇ ਆਪਣੀ ਮਾਤਾ ਦੇਵਹੂਤੀ ਨੂੰ ਸਾਂਖ ਜੋਗ ਮੱਤ ਦਾ ਉਪਦੇਸ਼ ਦਿੱਤਾ ।

**(੭)** **ਦੱਤਾਤ੍ਰੇ ਜੀ ਅਵਤਾਰ,**--ਜੋ **ਅੱਤ੍ਰ ਮੁਨੀ** ਤੋਂ ਹੋਇਆ ਸੀ ਜਿਸ ਨੇ ਰਾਜਾ **ਅਕਲਰ** ਅਤੇ **ਪ੍ਰਹਿਲਾਦ ਭਗਤ** ਨੂੰ ਵੇਦਾਂਤ ਪੜ੍ਹਾਇਆ ਸੀ (ਪ੍ਰਹਲਾਦ ਵੀ ਇਨ੍ਹਾਂ ਬ੍ਰਾਹਮਣੀ ਗਾਥਾਂ ਦੀ ਹੀ ਉਪਜ ਹੈ ) ।

**(੮)** **ਰਿਖਭ ਦੇਵ ਅਵਤਾਰ**-- ਇਸ ਵਾਰੀ ਵਿਸ਼ਨੂੰ ਜੀ ਦਾ ਇਹ ਅਵਤਾਰ ਇੰਦ੍ਰ ਦੀ ਕੰਨਿਆਂ **ਚਿਤ੍ਰ ਦੇਵੀ** ਦੇ ਪੇਟੋਂ ਪੈਦਾ ਹੋਏ ਸਨ ਅਤੇ ਜੜ ਚਰਚਾ ਦਿਖਲਾਯਾ । ਉਨ੍ਹਾਂ ਦੇ ਬੇਟੇ **ਜੋਨਦੇਵ** ਨੇ ਜੈਨ ਧਰਮ ਅਤੇ ਸਰੇਵੜਿਆਂ ਦਾ ਧਰਮ ਸੰਸਾਰ ਵਿਚ ਫੈਲਾਯਾ ।

**(੯)** **ਰਾਜਾ ਪ੍ਰਿਥੂ ਅਵਤਾਰ**-- (**ਵੈਰਾਹ** ਅਵਤਾਰ ਸਮੇ ਤਾਂ ਧਰਤੀ ਨੂੰ ਗਰਭ-ਵਤੀ ਕੀਤਾ ਸੀ ਹੁਣ) ਇਸ ਅਵਤਾਰ ਨੇ ਗਊ ਰੂਪੀ ਪ੍ਰਿਥਵੀ ਨੂੰ ਚੋਇਆ ਅਤੇ ਉਸ ਦੇ ਅੰਦਰ ਖਪੇ ਹੋਏ ਅੰਨ ਆਦਿ ਪਦਾਰਥ ਅਤੇ ਦੁਧ ਦੇ ਸਮਾਨ ਸੱਭ ਔਖਦੀਆਂ ਬਾਹਰ ਕੱਢੀਆਂ । ਅਤੇ ਖਿੱਲਰੇ ਹੋਏ ਪਹਾੜਾਂ ਨੂੰ ਚੁੱਕ ਕੇ ਉਤਰਾ ਖੰਡ ਵਿੱਚ ਰਖਿਆ ਅਤੇ ਥਾਂ ਖਾਲੀ ਕਰਕੇ ਪਿੰਡ ਵਸਾਏ । (ਇਸ ਬ੍ਰਾਹਬਣੀ ਦਲੀਲ ਬਾਰੇ ਪਾਠਕ ਅੰਦਾਜ਼ਾ ਲਾ ਲਵੇ ਕਿ ਇਹ ਕਿਨੀ ਕੁ ਸੱਚੀ ਹੋ ਸਕਦੀ ਹੈ ?)

**(੧੦)** **ਮੱਛ ਅਵਤਾਰ**---**ਸਤਬਰਤ** ਨੂੰ ਸੱਤ ਰਿਖੀਆਂ ਸਮੇਤ ਬੇੜੀ ਵਿੱਚ ਬਿਠਾ ਕੇ ਗਿਆਨ ਦਾ ਉਪਦੇਸ਼ ਦਿੱਤਾ ਅਤੇ ਆਪਣੀ ਮਾਇਆ ਦਾ ਕੌਤਕ ਦਿਖਲਾਇਆ । ਮਹਾਨ ਕੋਸ਼ ਅਨੁਸਾਰ । ਸੰਖਾਸਰ ਨਾਮੀ ਦੈਂਤ ਇਕ ਸੰਖ ਵਿਚੋਂ ਪੈਦਾ ਹੋਇਆ ਅਤੇ ਜੰਮਦਾ ਹੀ ਬ੍ਰਹਮਾ ਜੀ ਦੇ ਚਾਰ ਵੇਦ ਚੁਰਾ ਕੇ ਸਮੁੰਦਰ ਵਿਚ ਜਾ ਵੜਿਆ । ਬ੍ਰਹਮਾ ਦੀ ਫ਼ਰਿਆਦ ਤੇ ਵਿਸ਼ਨੂੰ ਜੀ ਮੱਛ ਬਣ ਕੇ ਸਮੁੰਦਰ ਵਿਚ ਜਾ ਵੜੇ ਅਤੇ ਬੜਾ ਲੰਮਾ ਅਤੇ ਭਿਆਨਕ ਯੁੱਧ ਕਰਕੇ ਉਸ ਦੈਂਤ ਨੂੰ ਮਾਰ ਕੇ, ਵੇਦ ਲਿਆ ਕੇ ਬ੍ਰਹਮਾ ਜੀ ਨੂੰ ਦਿੱਤੇ ।

ਪਰ ਏਹੀ ਗਲ ਦੇਵੀ ਭਾਗਵਤ ਵਿਚ ਇਸ ਪ੍ਰਕਾਰ ਲਿਖੀ ਹੈ--ਪ੍ਰਲੈ ਵੇਲੇ ਜਦ ਸਾਰੇ ਜੀਵ ਪਾਣੀ ਵਿਚ ਡੁੱਬ ਗਏ ਤਾਂ (ਵਿਹਲੇ ਹੋ ਚੁਕੇ) ਸੁੱਤੇ ਵਿਧਾਤ ਜੀ ਦੇ ਮੂੰਹ ਵਿਚੋਂ ਚੌਹਾਂ ਵੇਦਾਂ ਦੀ ਉਤਪਤੀ ਹੋਈ । ਉਸ ਵੇਲੇ ਹਯਗ੍ਰੀਵ ਨੇ ਵੇਦ ਚੁਰਾ ਲਏ, ਵਿਸ਼ਨੂੰ ਜੀ ਨੇ ਮੱਛ ਦਾ ਰੂਪ ਬਣ ਕੇ ਉਸ ਤੋਂ ਵੇਦ ਵਾਪਸ ਲਏ । ਮੱਛ ਅਵਤਾਰ ਦਾ ਹੇਠਲਾ ਹਿੱਸਾ ਮੱਛੀ ਦਾ ਸੀ ਤੇ ਉਪਰਲਾ ਹਿੱਸਾ ਮਨੁੱਖ ਵਰਗਾ ਸੀ । ਅਤੇ ਲਿਖਿਆ ਹੈ ਕਿ, ਧਰਤੀ ਤੋ ਭਾਰ ਹਲਕਾ ਕਰਨ ਵਾਲਾ ਇਹ ਅਨੋਖਾ ਉਪਕਾਰ ਵੀ ਵਿਸ਼ਨੂੰ ਜੀ ਨੇ ਸਤਜੁਗ ਵਿਚ ਕੀਤਾ ਸੀ ।

ਵੇਦਾਂ ਦੀ ਚੋਰੀ ਕਰਨ ਵਾਲੇ ਇਸ ਹਯਗ੍ਰੀਵ ਨੂੰ ਦੇਵੀ ਭਾਗਵਤ ਵਿਚ ਵਿਸ਼ਨੂੰ ਦਾ ਹੀ ਅਵਤਾਰ ਲਿਖਿਆ ਹੈ, ਅਤੇ ਉਸ ਦੀ ਜਨਮ ਕਥਾ ਇਸ ਪ੍ਰਕਾਰ ਲਿਖੀ ਹੈ--ਇੱਕ ਵਾਰ ਵਿਸ਼ਨੂੰ ਦਾ ਅਪਣੀ ਹੀ ਕਮਾਨ ਦੇ ਚਿਲੇ ਨਾਲ ਗਲ ਵੱਢਿਆ ਗਿਆ । ਦੇਵੀ ਦੇ ਆਖਣ ਤੇ ਦੇਵਤਿਆਂ ਨੇ ਘੋੜੇ ਦਾ ਸਿਰ ਵਿਸ਼ਨੂੰ ਦੇ ਧੜ ਤੇ ਜੋੜ ਦਿੱਤਾ, ਜਿਸ ਤੋਂ ਹਯਗ੍ਰੀਵ ਅਵਤਾਰ ਹੋਇਆ । ਅਤੇ ਲਿਖਿਆ ਹੈ ਕਿ ਵਿਸ਼ਨੂੰ ਦੇ ਇਸ ਹਯਗ੍ਰੀਵ ਅਵਤਾਰ ਨੇ ਮਧੁ ਅਤੇ ਕੈਟਬ ਦੈਂਤਾਂ ਨੂੰ ਮਾਰ ਕੇ ਵੇਦਾਂ ਦਾ ਉਧਾਰ ਕੀਤਾ ਸੀ । (੨੬੨-ਮ-ਕ) ਇਨ੍ਹਾਂ ਵੇਦਾਂ ਦੇ ਉਧਾਰ ਕਰਨ ਵਾਲੀ ਇਕ ਹੋਰ ਕਥਾ ਵੀ ਹੈ ਜੋ ਇਸ ਪੁਸਤਕ ਦੇ ਅੰਮ੍ਰਿਤਮੰਥਨ ਲੇਖ ਵਿਚ ਹੋਰ ਵੀ ਖੋਹਲ ਕੇ ਲਿਖੀ ਹੈ । ਇਸ ਮੱਛ ਅਵਤਾਰ ਨਾਲ ਗੁਰੂ ਨਾਨਕ ਜੀ ਨੂੰ ਜੋੜਿਆ ਹੈ ਜਿਸ ਦਾ ਮੌਜੂ ਬ੍ਰਾਹਮਣਾ ਨੇ ਆਪ ਹੀ ਉਡਾਇਆ ਹੈ ।

(੧੧) **ਕੱਛ ਅਵਤਾਰ**-- ਦੇਵਤਿਆਂ ਅਤੇ ਦੈਂਤਾਂ ਨੇ ਸਮੁੰਦਰ ਰਿੜਕਣ ਵੇਲੇ **ਮੰਦ੍ਰਾਚਲ ਪਹਾੜ ਮਧਾਣੀ** ਬਣਿਆਂ ਸੀ । ਰਿੜਕਣ ਸਮੇ ਉਹ ਪਹਾੜ ਦੀ ਬਣੀ ਉਹ ਮਧਾਣੀ ਹੇਠਾਂ ਧਸਦੀ ਜਾਂਦੀ ਸੀ । ਭਗਵਾਨ ਵਿਸ਼ਨੂੰ ਜੀ ਨੇ ਕਛੂ ਬਣ ਕੇ ਆਪਣੀ ਪਿੱਠ ਹੇਠਾਂ ਦੇ ਦਿਤੀ, ਅਤੇ ਮਧਾਣੀ ਹੇਠਾਂ ਧਸਣੋ ਖਲੋਗਈ । ਇਸ ਤਰ੍ਹਾਂ ਕਛੂ- ਅਵਤਾਰ ਜੀ ਨੇ ਸਮੁਦਰ ਵਿਚੋਂ ੧੪ ਰਤਨ ਕੱਢਵਾ ਕੇ ਪ੍ਰਿਥਵੀ ਦਾ ਭਾਰ ਹਲਕਾ ਕੀਤਾ ।

(੧੨) **ਧਨੰਤਰ ਅਵਤਾਰ**-- ਸਮੁੰਦਰ ਨੂੰ ਰਿੜਕਣ ਨਾਲ ਇਹ (ਕਥਿਤ ਵੈਦ) ਜਦ ਪਾਣੀ ਵਿਚੋਂ ਬਾਹਰ ਆਇਆ ਤਾਂ ਇਸ ਦੇ ਹੱਥ ਵਿੱਚ ਅੰਮ੍ਰਿਤ ਦਾ ਕਲਸ ਸੀ । ਅਤੇ ਰੋਗੀਆਂ ਵਾਸਤੇ ਸਮੁੰਦਰ ਵਿਚੋਂ ਜੜੀਆਂ ਬੂਟੀਆਂ ਲਿਆਇਆ ਸੀ ।

(੧੩) **ਮੋਹਨੀ ਅਵਤਾਰ**-- ਦੈਂਤਾਂ ਨੂੰ ਆਪਣੀ ਮੋਹਣੀ ਸ਼ਕਲ ਤੇ ਮੋਹਤ ਕਰਕੇ ਉਨ੍ਹਾਂ ਕੋਲੋਂ ਅੰਮ੍ਰਿਤ ਦਾ ਕਲਸ ਠੱਗ ਲਿਆ ਅਤੇ ਅੰਮ੍ਰਿਤ ਦੇਵਤਿਆਂ ਨੂੰ ਪਿਲਾ ਦਿੱਤਾ। [ਕੀ ਇਹ ਕੁਝ ਕਰਕੇ ਭਗਵਾਨ ਨੇ ਠੱਗੀਆਂ ਮਾਰਨ ਦਾ ਉਪਦੇਸ਼ ਦਿੱਤਾ ?]

(੧੪) **ਨਰਸਿੰਘ ਅਵਤਾਰ**--ਹਰਨਾਖਸ਼ ਦੈਂਤ ਨੂੰ ਮਾਰ ਕੇ ਪ੍ਰਹਲਾਦ ਭਗਤ ਦੀ ਰਖਿਆ ਕੀਤੀ । ਸ਼ਿਵ ਪੁਰਾਣ ਦੇ- ਉਤਰਰਿਧ- ਸਤਵੇਂ ਖੰਡ ਦੇ ੨੧-੨੨ ਅਧਿਆਇ ਵਿੱਚ ਪ੍ਰਹਿਲਾਦ ਦੇ ਪਿਤਾ ਦਾ ਨਮ **ਕਨਕਕਸ਼ਿਪੁ** ਲਿਖਿਆ ਹੈ । ਇਥੇ ਇਹ ਗਾਥਾ ਬ੍ਰਹਮਾਂ ਦੇ ਮੂੰਹੋਂ ਅਖਵਾ ਕੇ ਹੋਰ ਵਿਸਥਾਰ ਨਾਲ ਇਉਂ ਲਿਖੀ ਹੈ-- ਹਰਨਾਖਸ਼ ਨੂੰ ਮਾਰ ਕੇ ਫਿਰ ਨਰਸਿੰਘ ਨੂੰ ਬੜਾ ਕ੍ਰੋਧ ਚੜ੍ਹਿਆ ਅਤੇ ਹੋਰ ਵੀ ਭਿਆਨਕ ਰੂਪ ਬਣਾ ਕੇ ਅਜੇਹੀ ਗਰਜਨਾ ਕੀਤੀ ਕਿ ਪ੍ਰਿਥਵੀ ਕੰਬ ਉਠੀ, ਪ੍ਰਬਤ ਸੜਨ ਲੱਗੇ । ਬ੍ਰਹਮਾਂ ਕਹਿੰਦਾ ਹੈ ਕਿ ਅਸੀਂ ਸਮੇਤ ਸ਼ਿਵ ਜੀ ਦੇ ਡਰ ਕੇ ਦੂਰ ਚਲੇ ਗਏ ਅਤੇ ਪ੍ਰਹਿਲਾਦ ਨੂੰ ਕਿਹਾ ਕਿ ਉਹ ਜਾ ਕੇ ਨਰਸਿੰਘ ਦੀ ਕ੍ਰੋਧ ਅਗਨੀ ਨੂੰ ਸ਼ਾਂਤ ਕਰੇ । ਪ੍ਰਹਿਲਾਦ ਦੇ ਬੇਨਤੀ ਕਰਨ ਤੇ ਨਰਸਿੰਘ ਨੇ ਸਗੋਂ ਹੋਰ ਵੀ ਬਹੁਤਾ ਭਿਆਨਕ ਰੂਪ ਬਣਾ ਲਿਆ । ਇੰਦ੍ਰ ਆਦਿ ਸਾਰਿਆਂ ਨੇ ਸ਼ਿਵ ਦੀ ਸ਼ਰਨ ਵਿੱਚ ਆ ਕੇ ਉਸ ਦੀ ਉਸਤਤੀ ਕਰ ਕੇ ਸਹਾਇਤਾ ਲਈ ਕਿਹਾ । ਸ਼ਿਵ ਜੀ ਨੇ ਆਪਣੇ **ਗਣ ਵੀਰਭਦਰ** ਨੂੰ ਬੁਲਾਇਆ ਅਤੇ ਨਰਸਿੰਘ ਦਾ **ਕ੍ਰੋਧ ਸ਼ਾਂਤ** ਕਰਨ ਲਈ ਭੇਜਿਆ । ਵੀਰ ਭੱਦਰ ਨੇ ਨਰਸਿੰਘ ਰੂਪ ਵਿਸ਼ਨੂੰ ਨੂੰ ਸਮਝਾਇਆ ਕਿ, **ਤੁਸੀਂ ਜਗਤ ਦੇ ਪਾਲਣਹਾਰ ਹੋ । ਇਹ ਪ੍ਰਲੈਯ ਵਾਲਾ ਰੂਪ ਛੱਡੋ । ਅਹੰਕਾਰ ਤਿਆਗੋ ਅੰਤੇ ਅੰਤਰ ਧਿਆਨ ਹੋ ਜਾਉ ।** ਪਰ ਨਰਸਿੰਘ ਦੀ ਕ੍ਰੋਧ-ਅਗਨੀ ਹੋਰ ਭੜਕ ਪਈ ਅਤੇ ਉਸ ਨੇ ਵੀਰਭੱਦਰ ਨੂੰ ਫੜਨਾ ਚਾਹਿਆ । ਫਿਰ ਸ਼ਿਵ ਜੀ ਨੇ ਨਰਸਿੰਘ ਨਾਲੋਂ ਵੀ ਭਿਆਨਕ ਰੂਪ ਬਣਾ ਲਿਆ । **ਉਨ੍ਹਾਂ ਦਾ ਅੱਧਾ ਸਰੀਰ ਸ਼ੇਰ ਦਾ ਦੋ ਖੰਭ ਤੇ ਚੁੰਜ, ਹਜ਼ਾਰ ਬਾਹਾਂ, ਸੀਸ ਤੇ ਜਟਾਂ ਮਸਤਕ ਤੇ ਚੰਦ੍ਰਮਾਂ, ਮਹਾਂ ਭਿਅੰਕਰ ਦੰਦ ਤੇ ਨੌਂਹ ਬਜਰ ਸਮਾਨ ਸਨ । ਉਨ੍ਹਾਂ ਨੇ ਨਰਸਿੰਘ ਨੂੰ ਆਪਣੀਆਂ ਬਾਹਾਂ ਵਿੱਚ ਜਕੜ ਲਿਆ ਅਤੇ ਆਕਾਸ਼ ਵੱਲ ਉਡ ਗਏ । ਅਕਾਸ਼ ਤੋਂ ਨਰਸਿੰਘ ਨੂੰ ਧਰਤੀ ਤੇ ਪਟਕਾ ਮਾਰਿਆ । ਅਤੇ ਫਿਰ ਧਰਤੀ ਤੇ ਆ ਦਬਾਇਆ ।** ਨਰਸਿੰਘ ਦਾ ਅਹੰਕਾਰ ਦੂਰ ਹੋ ਗਿਆ ਅਤੇ ਗੁੱਸਾ ਵੀ ਸ਼ਾਂਤ ਹੋ ਗਿਆ । (ਬਾਝੋਂ ਹਥ ਕਰਾਰਿਆਂ- - - - ਵਿਸ਼ਨੂੰ ਭਗਵਾਨ ਜੀ ਸੁਤ ਨ- - - - ?)

(੧੫) **ਬਾਵਨ ਅਵਤਾਰ**-- ਰਾਜਾ ਬੱਲ ਕੋਲੋਂ ਢਾਈ ਕਰਮਾ ਪ੍ਰਿਥਵੀ ਦਾਨ ਵਿੱਚ ਮੰਗੀ । ਮੰਗਣ ਵਾਲਾ ਸਦਾ ਹੀ ਛੋਟਾ ਹੋ ਜਾਂਦਾ ਹੈ ਇਸ ਲਈ **ਮਾਂਗਨੇ ਸਮੇ ਪਰਮੇਸਰ ਨੇ ਭੀ ਆਪਣਾ ਛੋਟਾ ਰੂਪ ਬਨਾਇਆ ਥਾ ।** (**ਮੰਗਣ ਗਿਆ ਸੋ ਮਰ ਰਿਹਾ**-- ਵਾਲਾ ਗਿਆਨ ਦੇਣ ਲਈ ਏਥੇ ਵਿਸ਼ਨੂੰ ਪ੍ਰਭੂ ਨੂੰ ਬੌਣਾ ਬਣਾ ਕੇ ਪੇਸ਼ ਕੀਤਾ ਹੈ ਪਰ ਏਸੇ ਬ੍ਰਾਹਮਣ ਨੇ ਵਿਸ਼ਨੂੰ ਭਗਵਾਨ ਦੇ ਹੀ ਅਵਤਾਰ ੮/੯ ਸਾਲ ਦੇ **ਰਾਮ ਭਗਵਾਨ** ਦਾ ਸਿਰ ਰਗੜ ਕੇ ਮੁੰਨਿਆ ਤੇ ਉਸ ਦੇ ਗੱਲ ਵਿਚ ਮੰਗਤਿਆਂ ਵਾਲੇ ਕੱਪੜੇ ਪੁਆ ਕੇ ਉਸ ਨੂੰ ਮੰਗਤਿਆਂ ਵਾਲੀ ਲੰਮੀ ਹੇਕ ਨਾਲ--ਭਿਕਸ਼ਾ**..**,ਆ.. ਆ..ਦੇ**...** ਹੀ--ਦੀ ਸੱਦ ਲਾਉਣ ਦੀ ਜਾਚ ਦੱਸੀ । ਫਿਰ ਕੁੱਤੇ ਡਰਾਉਣ ਲਈ ਮੋਟਾ ਸਾਰਾ ਡੰਡਾ ਹੱਥ ਵਿਚ ਫੜਾਇਆ । ਫਿਰ ਉਸ ਭਗਵਾਨ ਨੂੰ ਘਰਾਂ ਤੋਂ ਭਿਖਿਆ ਮੰਗਦਾ ਦਰਸਾਇਆ । ਅਜੇਹਾ ਕਰਕੇ ਲੋਕਾਂ ਦੇ ਮਨਾਂ ਅੰਦਰ ਮੰਗਤੇ ਦੇ ਭੇਖਵਿਚ ਭਗਵਾਨ ਬੂਹੇ ਆ ਖਲੋਣ ਦਾ ਭਰਮ ਬਣਾ ਦਿੱਤਾ ਅਰਥਾਤ ਮੰਗਤਿਆਂ ਲਈ ਠੱਗੀਆਂ ਮਾਰ ਸਕਣ ਦਾ ਰਸਤਾ ਪੱਧਰਾ ਕਰ ਦਿੱਤਾ । ਬ੍ਰਾਹਮਣ ਤੋਂ ਬਿਨਾਂ ਦੁਨੀਆਂ ਵਿਚ ਹੋਰ ਕਿਹੜਾ ਹੈ ਜੋ ਭਗਵਾਨ ਨੂੰ ਏਸ ਤਰ੍ਹਾਂ ਦਾ ਠੱਗ ਅਤੇ ਮੰਗਤਾ ਬਹੁ-ਰੂਪੀਆ ਬਣਾ ਕੇ ਖੱਜਲ ਕਰ ਸਕੇ ?**)**

ਪੁਰਾਣਕ ਕਥਾ ਅਨੁਸਾਰ, ਰਾਜਾ ਬਲ, ਪ੍ਰਹਿਲਾਦ ਭਗਤ ਦਾ ਪੋਤਾ ਵਿਰੋਚਨ ਦਾ ਪੁੱਤਰ ਸੀ । ਇਸ ਨੇ ਆਪਣੇ ਬਲ ਨਾਲ ਇੰਦਰ ਨੂੰ ਜਿਤ ਕੇ ਤੀਨੋਂ ਲੋਕਾਂ ਵਿਚ ਆਪਣਾ ਰਾਜ ਥਾਪ ਲਿਆ ਸੀ । ਦੇਵਤਿਆਂ ਦੇ ਕਹਿਣ ਤੇ ਵਿਸ਼ਨੂੰ ਜੀ ਨੇ ਰਾਜੇ ਬਲ ਨਾਲ ਛਲ ਕਰਨ ਲਈ ਬਾਵਨ ਭਾਵ ਬੌਣਾ ਰੂਪ ਧਾਰਨ ਕਰ ਲਿਆ । ਬ੍ਰਾਹਮਣ ਦਾ ਭੇਸ ਬਣਾ ਕੇ ਰਾਜੇ ਬਲ ਕੋਲੋਂ ਢਾਈ ਕਰਮ ਧਰਤੀ ਮੰਗੀ । ਰਾਜੇ ਨੇ ਜਦ ਧਰਤੀ ਦੇਣੀ ਮੰਨ ਲਈ ਤਾਂ ਵਿਸ਼ਨੂੰ ਨੇ ਆਪਣਾ ਸਰੀਰ ਵਧਾ ਲਿਆ ਅਤੇ ਦੋਹਾਂ ਕਰਮਾ ਵਿਚ ਸਾਰੀ ਧਰਤੀ ਅਤੇ ਆਕਾਸ਼ ਮਿਣ ਲਏ । (ਗੋਲ ਧਰਤੀ ਦਾ ਸਿਰਾ ਕਿਥੇ ਕੁ ਆਇਆ ਹੋਵੇ ਗਾ ? ਸਾਰੀ ਧਰਤੀ ਉਤੇ ਇਕੋ ਸਮੇ ਤਾਂ ਸੂਰਜ ਆਪਣੀ ਰੌਸ਼ਨੀ ਵੀ ਨਹੀ ਪੁਚਾ ਸਕਦਾ ਕਦਮਾ ਨਾਲ ਇਕੋ ਸਮੇ ਮਿਣ ਸਕਣ ਦੀ ਗੱਲ ਤਾਂ ਉਂਜ ਹੀ ਹਾਸੋ-ਹੀਣੀ ਹੈ) ਅਖੇ ਜਦ ਦੋ ਕਦਮਾ ਵਿਚ ਸਾਰੀ ਸ੍ਰਿਸ਼ਟੀ ਮਿਣੀ ਗਈ ਤਾਂ ਅੱਧੇ ਕਦਮ ਲਈ ਬਲ ਨੇ ਆਪਣਾ ਸਰੀਰ ਅੱਗੇ ਰੱਖ ਦਿੱਤਾ । ਵਿਸ਼ਨੂੰ ਜੀ ਨੇ ਖੁਸ਼ ਹੋ ਕੇ ਇਸ ਨੂੰ ਪਾਤਾਲ ਦਾ ਰਾਜਾ ਥਾਪ ਦਿੱਤਾ ਅਤੇ ਆਪ ਵਿਸ਼ਨੂੰ ਉਸ ਦਾ ਦੁਆਰਪਾਲ ਹੋਣਾ ਮੰਨ ਲਿਆ । (ਕੀ ਗਿਆਨੀ ਈਸ਼ਰ ਸਿੰਘ ਨਾਰਾ ਇਹ ਸਮਝਾ ਸਕਦੇ ਹਨ ਕਿ ਜਦ ਧਰਤੀ ਤੇ ਅਕਾਸ਼ ਮਿਣੇ ਜਾ ਚੁਕੇ ਸਨ ਤਾਂ ਰਾਜੇ ਬਲ ਨੇ ਆਪਣਾ ਸਰੀਰ ਕਿਸ ਥਾਂ ਟਿਕਾਇਆ ਹੋਵੇਗਾ ? ) **" ਝੂਠ ਨ ਬੋਲੁ ਪਾਡੇ ਸਚ ਕਹੀਏ "**

(੧੬) **ਹੰਸ ਅਵਤਾਰ**-- ਸਨਤ ਕੁਮਾਰ ਨੂੰ ਗਯਾਨ ਉਪਦੇਸ਼ ਕਰਕੇ ਉਸ ਦਾ ਗਰਬ ਭੰਨਿਆ ।

(੧੭) **ਨਾਰਦ ਅਵਤਾਰ**-- ਪੰਚਰਾਤ **ਬੇਦ** ਬਣਾਇਆ ਜਿਸ ਵਿਚ ਸਾਰਾ ਵੈਸ਼ਨਵ ਧਰਮ ਲਿਖਿਆ ।

(੧੮) **ਹਰੀ ਅਵਤਾਰ**--ਹਾਥੀਆਂ ਦੇ ਰਾਜੇ **ਗਜਿੰਦ੍ਰ** ਨੂੰ ਗ੍ਰਹ ਦੇ ਮੁੱਖ ਤੋਂ ਛੁਡਾਇਆ । (**ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ।** । ੫੩ ॥ ਪੁਰਾਣਕ ਗਾਥਾ ਵਾਲੇ ਜਿਸ ਗਜ=ਹਾਥੀ ਦਾ ਪ੍ਰਮਾਣ ਵਜੋਂ ਗੁਰਦੇਵ ਜੀ ਨੇ ਜ਼ਿਕਰ ਕੀਤਾ ਹੈ ਉਸ ਬਾਰੇ ਭਾਗਵਤ ਪੁਰਾਣ ਦੇ ਸਕੰਧ--੮ ਦੇ ਪਹਿਲੇ ਤੋ ਚੌਥੇ ਅਧਿਆਇ ਵਿੱਚ ਇਸ ਗਜਿੰਦ੍ਰ ਭਾਵ ਹਾਥੀਆਂ ਦੇ ਰਾਜੇ ਦੀ ਗਾਥਾ ਸੁਕਦੇਵ ਰਿਖੀ ਨੇ ਪ੍ਰੀਛਤ ਰਾਜੇ ਨੂੰ ਸੁਣਾਈ ਲਿਖੀ ਹੈ । ਸੁਕਦੇਵ ਨੇ ਪ੍ਰੀਛਤ ਨੂੰ ਦਸਿਆ ਕਿ ਇੱਕ **ਤ੍ਰਿਕੂਟ ਪਰਬਤ ਚਾਲੀ ਹਜ਼ਾਰ ਕੋਹ** -੪੦੦੦੦- ਲੰਬੇ ਚੌੜੇ **ਦੁਧ ਦੇ ਸਮੁੰਦਰ** ਦੇ ਕੋਲ ਹੈ **(ਯਾਦ ਰਹੇ ਕਿ ਸਾਰੀ ਧਰਤੀ ਦਾ ਘੇਰਾ ਕੁੱਲ ਪੰਜੀ ਹਜ਼ਾਰ-(੨੫੦੦੦) ਮੀਲ ਹੈ, ਕੋਹ ਇਕ ਮੀਲ ਨਾਲੋਂ ਘੱਟੋ ਘੱਟ ਡੇਉੜ੍ਹਾ ਜ਼ਰੂਰ ਹੁੰਦਾ ਹੈ ਉਂਜ ਪੁਰਾਣਾ ਵਿੱਚ, ਕੋਸ ਛੇ ਮੀਲ ਦਾ ਵੀ ਲਿਖਿਆ ਹੈ । ਏਥੇ ਇੱਕ ਸਮੁੰਦਰ ਹੀ ਚਾਲੀ ਹਜ਼ਾਰ ਕੋਹ ਲਿਖਿਆ ਗਿਆ ਹੈ)**ਉਸ ਪਹਾੜ ਤੇ ਬੇਅੰਤ ਹੀਰੇ, ਮੋਤੀ, ਲਾਲ ਤੇ ਰਤਨ ਹੋਣ ਕਰਕੇ ਉਨ੍ਹਾਂ ਦੀ ਚਮਕ ਦਾ ਬੜਾ ਚਾਨਣਾ ਰਹਿੰਦਾ ਹੈ । ਉਥੇ ਜਲ ਦੇ ਹਜ਼ਾਰਾਂ ਕੁੰਡ ਹਨ ਅਤੇ ਚਾਰ ਚਾਰ ਕੂਹਾਂ ਤੇ ਫੁੱਲਾਂ ਦੀ ਸੁਗੰਧੀ ਖਿਲੱਰੀ ਰਹਿੰਦੀ ਹੈ । ਓਥੇ ਇੱਕ ਵਡਾ ਭਾਰੀ ਤਲਾਬ ਵੀ ਹੈ । ਉਸ ਥਾਂ ਦੇ ਨੇੜੇ ਬੜਾ ਭਾਰੀ ਬਨ ਹੈ ਜਿਸ ਵਿੱਚ ਹਾਥੀਆਂ ਦੇ ਹਜ਼ਾਰਾਂ ਹੀ ਝੁੰਡ ਵਿਚਰਦੇ ਹਨ, ਜਿਹੜੇ ਹਥਨੀਆਂ ਨਾਲ ਕਲੋਲ ਕਰਦੇ ਰਹਿੰਦੇ ਹਨ । ਸਾਰੇ ਹਾਥੀਆਂ ਦਾ ਸਰਦਾਰ ਇੱਕ ਦਿੱਨ ਪਿਆਸ ਤੋਂ ਵਿਆਕਲ ਆਪਣੀਆਂ ਹਥਨੀਆਂ ਤੇ ਬੱਚਿਆਂ ਆਦਿ ਨਾਲ ਉਸ ਵੱਡੇ ਤਲਾਬ ਵਿੱਚ ਆ ਵੜਿਆ । ਆਪਣੇ ਬਲ ਦੇ ਅਹੰਕਾਰ ਵਿੱਚ ਮਸਤ ਹੋ ਕੇ ਪਾਣੀ ਵਿੱਚ ਖਰਮੱਸਤੀਆਂ ਕਰਨ ਲੱਗ ਪਿਆ ਤਾਂ ਤਲਾਬ ਦੇ ਗ੍ਰਾਹ (ਗ੍ਰਹ--ਭਾਵ, ਤੇਂਦੂਆ**)** ਨੇ ਹਾਥੀਆਂ ਦੇ ਉਸ ਹੰਕਾਰੀ ਰਾਜੇ ਨੂੰ ਫੜ ਲਿਆ । ਉਸ ਨੂੰ ਫਸਿਆ ਦੇਖ ਕੇ ਉਸ ਦਾ ਪਰਵਾਰ ਦੌੜ ਗਿਆ । ਹਾਥੀ ਨੇ ਇੱਕ ਕਮਲ ਦਾ ਫੁੱਲ ਵਿਸ਼ਨੂੰ ਮਹਾਰਾਜ ਦੀ ਭੇਟਾ ਕਰਨ ਲਈ ਆਪਣੀ ਸੁੰਡ ਵਿੱਚ ਫੜ ਲਿਆ ਅਤੇ ਉਸਤਤੀ ਕਰਕੇ ਸਹਾਇਤਾ ਲਈ ਪੁਕਾਰਿਆ ।

ਭਗਵਾਨ ਨੇ ਦੁਖੀ ਹਾਥੀ ਦੇ ਮੂੰਹੋਂ ਜਦ ਆਪਣੀ ਉਸਤਤੀ ਸੁਣੀ ਤਾਂ ਆਪਣਾ ਸੁਦਰਸ਼ਨ ਚੱਕ੍ਰ ਲਿਆ ਅਤੇ ਗਰੁੜ ਦੀ ਵੀ ਉਡੀਕ ਨਾ ਕੀਤੀ, ਨੰਗੇ ਪੈਰੀਂ ਉਠ ਦੌੜੇ ਅਤੇ ਅਕਾਸ਼ ਮਾਰਗ ਥਾਣੀ ਝੱਟ ਤਲਾਬ ਤੇ ਜਾ ਪਹੁੰਚੇ। ਹਾਥੀ ਨੇ ਫੁੱਲ ਭੇਟਾ ਕੀਤਾ। ਭਗਵਾਨ ਨੇ ਸੁਦਰਸ਼ਨ ਚੱਕ੍ਰ ਨਾਲ ਗ੍ਰਾਹ ਦਾ ਮੂੰਹ ਚੀਰ ਦਿੱਤਾ ਅਤੇ ਹਾਥੀ ਨੂੰ ਬਾਹਰ ਕਢਿਆ।

ਅਗੇ ਚੌਥੇ ਅਧਿਆਇ ਵਿੱਚ ਲਿਖਿਆ ਹੈ ਕਿ ਜਦ ਗ੍ਰਾਹ ਮਰ ਗਿਆ ਤਾਂ ਦੇਵਤਿਆਂ ਬੜੀ ਉਸਤਤੀ ਕੀਤੀ। ਗ੍ਰਾਹ ਬੜਾ ਸੁੰਦਰ ਸਰੂਪ ਦੇਵਤਾ ਬਣ ਗਿਆ। ਉਸ ਨੇ ਦੱਸਿਆ ਕਿ ਉਹ ਪਿਛਲੇ ਜਨਮ ਵਿੱਚ **ਹੂ ਹੂ** ਨਾਮ ਦਾ **ਗੰਧਰਬ** ਸੀ। ਇੱਕ ਦਿਨ ਆਪਣੀਆਂ ਇਸਤ੍ਰੀਆਂ ਨਾਲ ਇੱਕ ਤਲਾਬ ਵਿੱਚ ਨ੍ਹਾ ਰਿਹਾ ਸੀ। ਓਥੇ ਹੀ **ਦੇਵਲ ਰਿਖੀ** ਨ੍ਹਾ ਰਿਹਾ ਸੀ। ਮੈਂ ਗੋਤਾ ਮਾਰ ਕੇ ਉਸ ਦਾ ਪੈਰ ਫੜ ਕੇ ਖਿੱਚ ਲਿਆ। **ਦੇਵਲ ਰਿਖੀ** ਦੇ ਸਰਾਪ ਨਾਲ ਉਹ ਗ੍ਰਾਹ ਬਣ ਗਿਆ। ਏਧਰੋਂ ਹਾਥੀ ਵੀ ਇੱਕ ਸੁੰਦਰ ਰੂਪ ਰਾਜਾ ਬਣ ਗਿਆ ਸੀ। ਉਸ ਨੇ ਸੁਣਾਇਆ ਕਿ ਉਸ ਦਾ ਨਾਮ **ਇੰਦ੍ਰ ਦਯਮਨ** ਸੀ ਅਤੇ ਰਾਜ ਕਰਦਾ ਸੀ। ਇੱਕ ਦਿਨ **ਅਗਸਤ ਮੁਨੀ** ਆਇਆ ਤਾਂ ਉਸ ਦਾ ਠੀਕ ਤਰ੍ਹਾਂ ਆਦਰ ਨਾ ਹੋ ਸਕਿਆ। ਰਿਖੀ ਨੇ **ਗੁੱਸੇ** ਵਿੱਚ ਆ ਕੇ ਕਿਹਾ--ਤੈਨੂੰ ਕਿਸੇ ਬ੍ਰਾਹਮਣ-ਰਿਖੀ ਦਾ ਆਦਰ ਕਰਨਾ ਨਹੀਂ ਆਉਂਦਾ-- ਅਤੇ ਸਰਾਪ ਦੇ ਕੇ ਹਾਥੀ ਬਣਾ ਦਿੱਤਾ ਸੀ।

ਏਸੇ ਹੀ ਗਾਥਾ ਨੂੰ ਮਹਾਨ ਕੋਸ਼ ਦੇ ੨੭੦ ਸਫੇ ਤੇ ਮਹਾਂਭਾਰਤ ਦੇ ਹਾਵਾਲੇ ਨਾਲ ਲਿਖਿਆ ਹੈ ਕਿ **ਹਾ ਹਾ** ਅਤੇ **ਹੂ ਹੂ** ਦੋਵੇ ਗੰਧਰਬਾਂ ਦੇ ਸਰਦਾਰ ਸਨ ਜੋ ਇੰਦ੍ਰ ਦੇ ਗਵੈਯੇ ਹਨ। ਇਨ੍ਹਾਂ ਨੂੰ ਵਿਦਿਆ ਦਾ ਅਹੰਕਾਰ ਹੋ ਜਾਣ ਕਾਰਨ **ਦੇਵਲ ਰਿਖੀ** ਦੇ ਸਰਾਪ ਨਾਲ ਗਜਿੰਦ੍ਰ ਤੇ ਤੇਂਦੂਆ ਬਣ ਗਏ ਸਨ। (ਜਿਸ ਕਿਸੇ ਬ੍ਰਾਹਮਣ ਨੂੰ ਜਿਵੇਂ ਠੀਕ ਲੱਗਾ ਕਹਾਣੀ ਨੂੰ ਮੋੜ ਦੇ ਲਿਆ। ਜੇ ਸੱਚੀ ਗੱਲ ਹੋਵੇ ਤਾਂ ਏਸ ਤਰ੍ਹਾਂ ਦਾ ਫਰਕ ਪੈ ਹੀ ਨਹੀਂ ਸਕਦਾ। ਅਸਲੀਅਤ ਜਾਨਣ ਵਾਲੇ ਝੱਟ ਰੌਲਾ ਪਾ ਦਿੰਦੇ ਹਨ। ਜਦ ਲਿਖਣਾ ਹੀ ਝੂਠ ਹੈ ਫਿਰ ਜੋ ਮਰਜ਼ੀ ਲਿਖੀ ਜਾਉ, ਕਿਸੇ ਨੂੰ ਕੀਹ ?)

**(ੳ) ਸੁਕਦੇਵ**--ਮਹਾਨ ਕੋਸ਼ ਦੇ ੨੦੭ ਸਫੇ ਤੇ ਮਹਾਭਾਰਤ ਗ੍ਰੰਥ ਦੇ ਹਵਾਲੇ ਨਾਲ ਲਿਖਿਆ ਹੈ ਕਿ ਵਯਾਸ ਹਵਨ ਕਰਨ ਲਈ ਅਰਣੀ ਲੱਕੜੀ ਘਸਾ ਕੇ ਅੱਗ ਕੱਢਣ ਦਾ ਯਤਨ ਕਰ ਰਿਹਾ ਸੀ, ਇਤਨੇ ਵਿੱਚ ਘ੍ਰਿਤਾਚੀ ਅਪਸਰਾ ਆਈ, ਜਿਸ ਨੂੰ ਦੇਖ ਕੇ ਰਿਖੀ ਦਾ ਵੀਰਯ ਅਰਣੀ ( ਲੱਕੜੀ ਜੋ ਹੱਥ ਵਿਚ ਫੜੀ ਹੋਈ ਘਸਾ ਰਿਹਾ ਸੀ ?) ਵਿੱਚ ਡਿੱਗ ਪਿਆ। ਘਿਰਤਾਚੀ ਇਹ ਦੇਖ ਕੇ ਬੜੀ ਡਰੀ ਕਿ ਰਿਖੀ ਕਿਤੇ ਸਰਾਪ ਨਾ ਦੇ ਦੇਵੇ ਅਤੇ ਤੋਤੀ ਬਣ ਕੇ ਉਥੋਂ ਉੱਡ ਗਈ। ਉਹ ਅਰੁਣੀ ਲੱਕੜੀ ਵਿਚੋਂ ਫਿਰ **ਵਿਯਾਸ** ਦਾ ਪੁੱਤ੍ਰ **ਸੁਕਦੇਵ** ਪੈਦਾ ਹੋਇਆ। ਏਸੇ ਸੁਖਦੇਵ ਰਿਸ਼ੀ ਬਾਰੇ ਲਿਖਿਆ ਹੈ ਕਿ ਇਹ ਬਾਰਾਂ ਬਰਸ (ਸੁੱਕੀ ਲੱਕੜੀ) ਮਾਂ ਦੇ ਗਰਭਵਿਚ ਰਿਹਾ ਸੀ ਅਤੇ ਜੰਮਦਾ ਹੀ ਤਪ ਕਰਨ ਲਈ ਬਣ ਵਿਚ ਚਲਾ ਗਿਆ ਸੀ।

**(ਅ) ਪ੍ਰੀਛਤ**--ਇਹ ਰਾਜਾ ਅਰਜੁਨ ਦੇ ਪੁੱਤ੍ਰ ਅਤੇ ਸ੍ਰੀ ਕ੍ਰਿਸ਼ਨ ਦੇ ਭਾਂਣਜੇ ਅਭਮੰਨਯੂੰ ਦਾ ਪੁੱਤ੍ਰ ਉੱਤ੍ਰਾ ਦੇ ਪੇਟੋਂ ਪੈਦਾ ਹੋਇਆ ਸੀ। ਇਹ ਜਦੋਂ ਆਪਣੀ ਮਾਂ ਦੇ ਪੇਟ ਵਿੱਚ ਹੀ ਸੀ ਤਾਂ ਅਸ਼ੁਸਥਾਮਾ ਨੇ ਪਾਂਡਵਾਂ ਦੀ ਕੁਲ ਦਾ ਨਾਸ ਕਰਨ ਵਾਸਤੇ ਬ੍ਰਹਮ ਅਸਤ੍ਰ ਚਲਾਇਆ। ਉਸ ਦਾ ਇੱਕ ਹਿੱਸਾ ਉਤ੍ਰਾ ਦੇ ਗਰਭ ਵਿੱਚ ਚਲਾ ਗਿਆ ਜਿਸ ਦੀ ਅਗਨੀ ਨਾਲ ਉਤ੍ਰਾਂ ਵਿਆਕੁਲ ਹੋ ਕੇ ਕੁਰਲਾਈ। ਦ੍ਰੋਪਦੀ ਨੇ ਮੁਰਲੀ ਮਨੋਹਰ ਦੀ ਅਰਾਧਨਾ ਕੀਤੀ ਤਾਂ ਉਹ ਪ੍ਰਗਟ ਹੋ ਗਏ ਅਤੇ ਸੁਦਰਸ਼ਨ ਚੱਕ੍ਰ ਲੈ ਕੇ ਉਤ੍ਰਾਂ ਦੇ ਗਰਭ ਵਿਚ ਜਾ ਵੜੇ ਅਤੇ ਬ੍ਰਹਮ ਅਸਤ੍ਰ ਦੀ ਅਗਨੀ ਨੂੰ ਸ਼ਾਂਤ ਕਰਕੇ ਬਾਹਰ ਆ ਗਏ। ਭਗਵਤ ਪੁਰਾਣ ਦੇ ੪੨ ਸਫੇ ਤੇ ਇਸ ਪ੍ਰਕਾਰ ਲਿਖਿਆ ਹੈ--ਜਬ ਪ੍ਰੀਛਤ ਉੱਤ੍ਰਾ ਕੇ ਪੇਟ ਸੇ ਉਤਪੰਨ ਹੂਆ ਤਬ ਆਂਖੇਂ ਖੋਲ ਕਰ ਚਾਰੋਂ ਤਰਫ਼ ਦੇਖਣੇ ਲਗਾ ਕਿ ਜੋ ਸਰੂਪ ਮੈਂ ਨੇ ਮਾਤਾ ਕੇ ਉਦਰ ਮੇਂ ਦੇਖਾ ਥਾ ਓਹ ਕਹਾਂ ਹੈ। ਇਸੀ ਕਾਰਨ ਇਸ ਕਾ ਨਾਮ ਪ੍ਰੀਛਤ ਹੂਆ। ਇਸ ਨੂੰ ਸ੍ਰਿੰਗੀ ਰਿਖੀ ਦੇ ਸਰਾਪ ਨਾਲ ਸੱਪ ਲੜਿਆ ਸੀ।

**(੧੯)** **ਪਰਸਰਾਮ ਅਵਤਾਰ**-- ਪਰਸੁਰਾਮ ਜਮਦਗਨਿ ਬ੍ਰਾਹਮਣ ਰਿਖੀ ਦਾ ਪੁੱਤ੍ਰ ਸੀ। ਇਸ ਤਾਮਸ਼ੀ ਸੁਭਾ ਵਾਲੇ ਭਗਵਾਨ ਨੇ ਇੱਕੀਸ ਵਾਰ ਪ੍ਰਵਾਰਾਂ (ਇਸਤ੍ਰੀਆ, ਬੱਚੇ ਬੁੱਢੇ ਰੋਗੀ ਆਦਿ) ਸਮੇਤ ਖੱਤ੍ਰੀਆਂ ਨੂੰ ਪ੍ਰਿਥਵੀ ਤੋਂ ਖਤਮ ਕੀਤਾ ਸੀ। ਜਿਤੀ ਹੋਈ ਪ੍ਰਿਥਵੀ ਬ੍ਰਾਹਮਣਾ ਨੂੰ ਦਾਨ ਕਰ ਦਿੱਤੀ ਅਤੇ ਆਪ **ਮੁਹਿੰਦ੍ਰ ਪਰਪਤ** ਤੇ ਬਿਸਰਾਮ ਕਰਦਾ ਸੀ। ਖੱਤ੍ਰੀਆਂ ਦੇ ਇਸ ਸਮੂਹਕ ਕਤਲ ਕੀਤੇ ਜਾਣ ਦੇ ਕਾਰਨ ਦਾ ਪਿਛੋਕੜ ਇੰਜ ਹੈ:---ਬ੍ਰਾਹਮਣ ਘਰਾਨੇ ਦੇ ਇਸ ਵੰਸ ਦਾ ਅਰੰਭ ਭ੍ਰਿਗੁ ਤੋਂ ਚਲਿਆ ਲਿਖਿਆ ਹੈ (ਭ੍ਰਿਗੁ ਬ੍ਰਹਮਾਂ ਦੀ ਜਿਸ ਅਨੋਖੀ ਦੈਵੀ ਕਰਤੂਤ ਦੀ ਪ੍ਰਦਾਇਸ਼ ਹੈ ਉਹ ਅਦਭੁਤ ਭ੍ਰਿਗੁ-ਜਨਮ-ਗਾਥਾ **ਬਿੱਪ੍ਰ ਅਤੇ ਉਸ ਦੀ ਰੀਤ**--ਪ੍ਰਕਰਣ ਵਿੱਚ ਆ ਚੁੱਕੀ ਹੈ)। ਪਰਸਰਾਮ ਦੇ ਪਿਤਾ **ਜਮਦਗਨਿ** ਦੇ ਪਿਤਾ ਦਾ ਨਾਮ **ਰਿਚੀਕ** ਅਤੇ ਮਾਤਾ ਦਾ ਨਾਮ **ਸਤਯਵਤੀ** ਲਿਖਿਆ ਹੈ। ਇਹ ਬੀਬੀ ਛੱਤ੍ਰੀ ਵੰਸ਼ ਦੇ **ਗਾਧਿ** ਨਮੇਂ ਰਾਜੇ ਦੀ ਪੁਤ੍ਰੀ ਹੋਣੀ ਲਿਖੀ ਹੈ। ਵਿਸ਼ਨੂੰ ਪੁਰਾਣ ਵਿੱਚ ਲਿਖਿਆ ਹੈ ਕਿ ਇੱਕ ਸਮੇ ਰਿਚੀਕ ਰਿਖੀ ਨੇ ਆਪਣੇ ਤਪ ਦੇ ਪ੍ਰਭਾਵ ਨਾਲ ਇੱਕ ਦਿਵਯ ਭੋਜਨ ਤਿਆਰ ਕੀਤਾ, ਜਿਸ ਦੇ ਖਾਣ ਤੋ ਬ੍ਰਾਹਮਣ ਦੀਆਂ ਸਿਫਤਾਂ ਵਾਲਾ ਪੁੱਤ੍ਰ ਪੈਦਾ ਹੋ ਸਕਦਾ ਸੀ, ਉਸ ਨੇ ਸਤਯਾਵਤੀ ਨੂੰ ਦਿੱਤਾ। ਰਿਖੀ ਨੇ ਉਸੇ ਵੇਲੇ ਇੱਕ ਹੋਰ ਆਹਾਰ ਤਿਆਰ ਕਰਕੇ ਸਤਯਵਤੀ ਦੀ ਮਾਤਾ ਨੂੰ ਵੀ ਦਿੱਤਾ, ਜਿਸ ਦੇ ਅਸਰ ਨਾਲ ਯੋਧੇ ਪੁੱਤ੍ਰ ਨੇ ਜਨਮ ਲੈਣਾ ਸੀ। ਇਨ੍ਹਾਂ ਮਾਵਾਂ ਧੀਆਂ ਨੇ ਉਹ ਆਹਾਰ ਆਪਸ ਵਿੱਚ ਬਦਲ ਲਿਆ, ਇਸ ਲਈ ਰਿਚੀਕ ਦਾ ਪੁੱਤ੍ਰ ਜਮਦਗਨਿ ਤਾਂ ਯੋਧਾ ਹੋਇਆ, ( ਪਰ ਮਗਰੋਂ ਯੋਧੇ ਵਾਲੇ ਗੁਣ ਪਰਸਰਾਮ ਵਿੱਚ ਬਦਲ ਦਿੱਤੇ ਗਏ ਲਿਖਿਆ ਹੈ) ਤੇ ਗਾਧਿ ਛੱਤ੍ਰੀ ਰਾਜੇ ਦਾ ਪੁੱਤ੍ਰ ਵਿਯਾਸ ਹੋਇਆ। ਮਹਾਂਭਾਰਤ ਵਿੱਚ ਲਿਖਿਆ ਹੈ ਕਿ ਜਦ **ਜਮਦਗਨਿ** ਨੇ ਸਾਰੇ ਵੇਦਾਂ ਦਾ ਅਭਿਯਾਸ ਕਰ ਲਿਆ, ਤਾਂ ਸੂਰਜ ਵੰਸ਼ੀ **ਰੇਣੁ ਰਾਜੇ** ਪਾਸ ਗਿਆ ਅਤੇ ਉਸ ਦੀ ਕੰਨਿਆ ਰੇਣੁਕਾ ਮੰਗੀ। ਰਾਜੇ ਨੇ ਉਸ ਨੂੰ ਕੰਨਿਆਂ ਦੇ ਦਿੱਤੀ ਜਿਸ ਦੇ ਉਦਰ ਤੋਂ, **ਰੁਮਨ੍ਵਾਨ, ਸੁਖਸ਼ੇਣ, ਵਹੁ, ਵਿਸ਼੍ਵਾਵਹੁ,** ਅਤੇ **ਪਰਸ਼ਰਾਮ** ਜਨਮੇ -ਮ:ਕੋ: ੫੦੭ ॥

**ਜਮਦਗਨਿ**-- ਯੂ ਪੀ ਪ੍ਰਦੇਸ਼ ਦੇ ਜ਼ਿਲੇ ਗ਼ਾਜ਼ੀਪੁਰ ਦੇ ਇਲਾਕੇ ਵਿਚ ਗੰਗਾ ਦੇ ਕਿਨਾਰੇ ਰਹਿੰਦਾ ਸੀ (ਪੁਰਾਣਕ ਗਾਥਾਵਾਂ ਦੇ ਅਧਾਰ ਤੇ ਜਿੰਨੇ ਵੀ ਅਵਤਾਰ, ਦੇਵਤੇ, ਰਿਖੀ ਆਦਿ ਪੈਦਾ ਹੋਏ, ਜਾਂ ਜਿੰਨੇ ਵੀ ਤੀਰਥ ਬਣੇ ਸੱਭ ਦੇ ਸੱਭ UP ਅਥਵਾ ਪੂਰਬੀ ਭਾਰਤ ਵੱਲ ਹੀ ਹਨ। ਅਜੇਹਾ ਕਿਉਂ ? ਕੀ ਕਦੇ ਕਿਤੋਂ ਕੋਈ ਠੋਸ ਦਲੀਲ ਮਿਲ ਸਕਦੀ ਹੈ ਕਿ ਦਿੱਲੀ ਤੋਂ ਉਰ੍ਹਾਂ ਕੁਰਖੇਤ੍ਰ ਤੋਂ ਅੱਗੇ, ਕੋਈ ਵੀ ਭਗਵਾਨ, ਦੇਵਤਾ ਜਾਂ ਅਦਭੁਤ ਰਿਖੀ ਕਿਸ ਕਾਰਨ ਨਾ ਟੱਪ ਸਕਿਆ ?]
**ਜਮਦਗਨ** ਦੀ ਸਾਲੀ ਸਹੰਸਰ-ਬਾਹੂ (ਭਾਵ ਹਜ਼ਾਰਾਂ ਬਾਹਾਂ ਵਾਲੇ) ਦੀ ਪਤਨੀ ਸੀ। ਸਹੰਸਰਬਾਹੂ ਬੜਾ ਸ਼ਕਤੀ ਸ਼ਾਲੀ ਚੰਦਰ ਵੰਸ਼ੀ ਰਾਜਾ ਸੀ। ਇੱਕ ਵਾਰੀ ਰੇਣੁਕਾ ਨੇ ਆਪਣੇ ਭੈਣ ਭਣੋਈਏ ਨੂੰ ਨਿਉਤਾ ਦਿੱਤਾ। ਸਹੰਸਰ ਬਾਹੂ ਆਪਣੀ ਫੌਜ ਸਮੇਤ ਰੋਟੀ ਖਾਣ ਆ ਗਿਆ। ਜਮਗਦਨ ਨੇ ਸੁਰਗਾਂ ਵਿਚੋਂ ਮੰਗ ਕੇ ਲਿਆਂਦੀ ' ਕਾਮਧੇਨ ਗਊ " ਦੀ ਸਹਾਇਤਾ ਨਾਲ ਸਾਰੀ ਫੌਜ ਸਮੇਤ ਆਪਣੇ ਸਾਂਢੂ ਸਹੰਸਰ ਬਾਹੂ ਦੀ ਬੜੀ ਸੇਵਾ ਕੀਤੀ। ਉਹ ਹੈਰਾਨ ਰਹਿ ਗਿਆ ਕਿ ਇੱਕ ਤਪੱਸਵੀ ਨੇ ਸ਼ਾਹੀ ਠਾਠ-ਬਾਠ ਵਾਲੀ ਪ੍ਰਾਹੁਣਚਾਰੀ ਕਿਵੇਂ ਕਰ ਵਿਖਾਈ ?

ਜਦ ਉਸ ਨੂੰ ਇਹ ਪਤਾ ਲੱਗਾ ਇਹ ਸਾਰਾ ਚਮਤਕਾਰ ਕਾਮਧੇਨ ਗਊ ਦਾ ਸੀ ਤਾਂ ਸਹੰਸਰਬਾਹੂ ਨੇ ਜਮਗਦਨ ਤੋਂ ਕਾਮਧੇਨ ਗਊ ਮੰਗ ਲਈ। ਜਮਦਗਨਿ ਦੇ ਇਨਕਾਰ ਕਰਨ ਤੇ ਲੜਾਈ ਹੋ ਪਈ। ਸਹੰਸਰਬਾਹੂ ਨੇ ਜਮਦਗਨਿ ਨੂੰ ਕਤਲ ਕਰ ਦਿੱਤਾ। ਪਰ ਗਾਂ ਮੌਕਾ ਤਾੜ ਕੇ ਵਾਪਸ ਸੁਰਗਾਂ ਨੂੰ ਦੌੜ ਗਈ। ਜਦ ਪਰਸਰਾਮ ਘਰ ਆਇਆ ਤਾਂ ਰੇਣੁਕਾ ਨੇ ਰੋ ਕੇ ਸਾਰਾ ਹਾਲ ਦੱਸਿਆ ਤਾ ਪਰਸਰਾਮ ਨੇ ਪਿਤਾ ਦੀ ਲਾਸ਼ ਸਾਂਭਣ ਤੋਂ ਪਹਿਲਾਂ ਸਹੰਸਰ ਬਾਹੂ ਨੂੰ ਕਤਲ ਕਰ ਦਿੱਤਾ ਅਤੇ ਪ੍ਰਤਿਗਆ ਕੀਤੀ ਕਿ ਉਹ ੨੧ ਵਾਰ ਪ੍ਰਿਥਵੀ ਨੂੰ ਖੱਤ੍ਰੀਆਂ ਤੋਂ ਖ਼ਾਲੀ ਕਰੇਗਾ। ਭਾਗਵਤ ਪੁਰਾਣ ਅਨੁਸਾਰ ਪਰਸਰਾਮ ਨੇ ਖੱਤ੍ਰੀਆਂ ਦੇ ੨੧ ਵਾਰੀ ਦੇ ਖ਼ੂਨ ਦੇ ਨਾਲ ਕੁਰੁਖੇਤ੍ਰ ਵਿੱਚ ਲਹੂ ਦੀ ਨਦੀ ਵਗਾ ਕੇ ਉਸ ਵਿੱਚ ਖੜੇ ਹੋ ਕੇ ਆਪਣੇ ਪਿੱਤ੍ਰਾਂ ਨੂੰ ਲਹੂ ਦਾ ਤਰਪਣ ਕੀਤਾ ਸੀ। (ਕਤਲ ਹੋਣ ਵਾਸਤੇ ਦੂਜੀ ਕੁਲ ਤਿਆਰ ਹੋ ਸਕਣ ਦੇ ਸਮੇਂ ਤੱਕ ਪਹਿਲੀ ਕੁਲ ਦੇ ਕਤਲਾਂ ਦਾ ਵਗਿਆ ਹੋਇਆ ਖ਼ੂਨ ਕੀਸੁਕਦਾ ਨਹੀਂ ਸੀ ? ਅਤੇ ਫਿਰ ਕੀ ਸਾਰੇ ਖੱਤ੍ਰੀ ਉਥੇ ਇੱਕ ਥਾਂ ਤੇ ਲਿਆ ਕੇ ਝਟਕਾਏ ਜਾਂਦੇ ਸਨ ? ਫਰ ਵੀ ਲਹੂ ਦੀ ਅਜੇਹੀ ਨਦੀ ਕਿਸੇ ਹਾਲਤ ਵਿੱਚ ਨਹੀਂ ਵਗ ਸਕਦੀ ਜਿਸ ਵਿੱਚ ਖੜੇ ਹੋ ਕੇ ਪਿਤ੍ਰਾਂ ਨੂੰ ਲਹੂ ਦਾ ਤਰਪਣ ਕੀਤਾ ਜਾਏ। ਇਹ ਸਾਰਾ ਕੁਫਰ ਬੁਲਾਇਆ ਵੀ ਕ੍ਰਿਸ਼ਨ ਜੀ ਦੇ ਮੂੰਹੋਂ ਹੈ। ਇਸ ਗੱਲ ਨੂੰ ਕਿਸੇ ਥਾਂ ਸਪੱਸ਼ਟ ਨਹੀਂ ਕੀਤਾ ਹੋਇਆ ਕਿ ਇਹ ਖੱਤ੍ਰੀ ਖ਼ਤਮ ਹੋ ਜਾਣ ਉਪ੍ਰੰਤ,

ਪਰਸਰਾਮ ਦੇ ਕੁਹਾੜੇ ਦਾ ਸ਼ਿਕਾਰ ਬਣਨ ਲਈ ਮੁੜ ਮੁੜ ਆਪਣੀ ਨਸਲ ਕਿਥੋਂ ਤੋਰ ਲੈਂਦੇ ਸਨ ? ਬੜੇ ਸਪੱਸ਼ਟ ਸ਼ਬਦਾਂ ਵਿੱਚ ਇਹੀ ਲਿਖਿਆ ਮਿਲਦਾ ਹੈ ਕਿ ਭਗਵਾਨ ਪਰਸਰਾਮ ਨੇ ੨੧ ਵਾਰੀ ਖੱਤ੍ਰੀਆਂ ਤੋ ਧਰਤੀ ਖਾਲੀ ਕਰ ਦਿੱਤੀ ਅਤੇ ਧਰਤੀ ਬ੍ਰਾਹਮਣਾ ਨੂੰ ਦਾਨ ਕਰ ਦਿੱਤੀ ਸੀ)

**ਭਾਗਵਤ ਪੁਰਾਣ ਦੇ ਹੀ ਸਕੰਧ** ੯ ਅਤੇ ਅਧਿਆਇ ੧੬ ਵਿੱਚ ਲਿਖਿਆ ਹੈ ਕਿ ਇਕ ਦਿਨ ਰੇਣੁਕਾ ਪਰਸਰਾਮ ਦੀ ਮਾਤਾ, ਗੰਗਾ ਨਦੀ ਤੋਂ ਜਲ ਲੈਣ ਗਈ ਤਾਂ ਉਥੇ **ਚਿਤ੍ਰਰਥ ਗੰਧਰਬ** ਆਪਣੀ ਇਸਤ੍ਰੀਆਂ ਨਾਲ ਪਾਣੀ ਵਿੱਚ ਕ੍ਰੀੜਾ ਕਰਦੇ ਨੂੰ ਦੇਖ ਕੇ ਕਾਮ ਵੱਸ ਹੋ ਗਈ । ਜਮਦਗਨ ਨੇ ਆਪਣੇ ਜੋਗ ਬਲ ਨਾਲ ਸੱਭ ਕੁਝ ਵੇਖ ਲਿਆ । ਕ੍ਰੋਧ ਵੱਸ ਹੋ ਕੇ ਉਸ ਨੇ ਆਪਣੇ ਪੁਤ੍ਰਾਂ ਨੂੰ ਕਿਹਾ ਕਿ ਆਪਣੀ ਇਸ ਮਾਂ ਨੂੰ ਕਤਲ ਕਰ ਦਿਉ । ਬਾਕੀ ਪੁੱਤ੍ਰ ਤਾਂ ਨਾ ਮੰਨੇ, ਪਰ ਜਲਾਦਾਂ ਵਾਲਾ ਕੰਮ ਕਰਨ ਗਿੱਝੇ ਹੋਏ ਭਗਵਾਨ ਪਰਸਰਾਮ ਨੇ, ਆਪਣੇ ਭਰਾਵਾਂ ਨੂੰ ਅਤੇ ਮਾਤਾ ਨੂੰ ਕਤਲ ਕਰਦਿਆਂ ਜ਼ਰਾ ਢਿੱਲ ਨਾ ਲਈ ।

## ਮੁਹਿੰਦ੍ਰ ਪਰਬਤ ---

**(ਪਰਸਰਾਮ ਦਾ ਵਿਸ਼ਰਾਮ ਘਰ):**--- ਪਰਸਰਾਮ ਨਾਲ ਜੁੜੀ ਲਗ-ਪਗ ਹਰ ਗਾਥਾ ਵਿੱਚ ਕਿਹਾ ਗਿਆ ਹੈ ਕਿ ਪਰਸਰਾਮ ਨੇ ਸਾਰੀ ਪ੍ਰਿਥਵੀ ਆਪਣੀ ਬ੍ਰਾਹਮਣ-ਬ੍ਰਾਦਰੀ ਵਿੱਚ ਵੰਡ ਦਿੱਤੀ ਸੀ ਅਥਵਾ ਬ੍ਰਾਹਮਣਾ ਨੂੰ ਦਾਨ ਕਰ ਦਿੱਤੀ ਸੀ ਅਤੇ ਆਪ ਫਿਰ ਸਦਾ ਮੁਹਿੰਦ੍ਰ ਪਰਬਤ ਤੇ ਹੀ ਜਾ ਟਿਕਦਾ ਸੀ । ਕਦੇ ਵੀ ਧਰਤੀ ਤੇ ਨਹੀਂ ਸੀ ਸੌਂਦਾ । ਸੀਤਾ ਦੇ ਸੁੰਬਰ ਸਮੇਂ ਧਨੁਖ ਟੁੱਟਣ ਦੇ ਖੜਕੇ ਨੂੰ ਸੁਣ ਕੇ ਮੁਹਿੰਦ੍ਰ ਪਰਬਤ ਤੋਂ ਹੀ ਆ ਕੇ ਪਰਸਰਾਮ ਨੇ ਰਾਮ ਚੰਦ੍ਰ ਨਾਲ ਝਗੜਾ ਅਰੰਭਿਆ ਸੀ । ਰਾਮਾਇਣ ਗਾਥਾ ਵਾਲੀਆਂ **Video** ਰੀਲਾਂ ਵਿੱਚ ਇਸ ਦ੍ਰਿਸ਼ ਨੂੰ ਬੜਾ ਵਿਸਥਾਰ ਨਾਲ ਵਿਖਾਇਆ ਹੈ ।

**ਮਹਿੰਦ੍ਰ ਪਹਾੜ--ਜੰਬੁ** ਨਾਮੀ ਦੀਪ ਵਿੱਚ ਹੈ । ਭਾਗਵਤ ਪੁਰਾਣ ਅਨੁਸਾਰ ਇਹ ਦੀਪ ਪ੍ਰਿਥਵੀ ਦੇ ਸੱਤ ਦੀਪਾਂ ਵਿਚੋਂ ਹੈ ਅਤੇ ਇੱਕ ਏਹੀ ਦੀਪ ਖਾਰੇ ਸਮੁੰਦਰ ਨਾਲ ਘਿਰਿਆ ਹੋਇਆ ਹੈ ।(ਕੀਹ ਸਾਰੇ ਸਮੁੰਦਰਾਂ ਦਾ ਪਾਣੀ ਖਾਰਾ ਨਹੀਂ ਹੁੰਦਾ ?) । ਜਾਮਣ ਦੇ ਇੱਕ ਬੜੇ ਵੱਡੇ ਰੁਖ ਦੇ ਹੋਣ ਕਾਰਨ ਇਸ ਦਾ ਨਾਮ ਜੰਬੁ (ਭਾਵ ਜਾਮਨ) ਪਿਆ । ਇਸ ਦੀਪ ਦਾ ਵਿਸਤਾਰ ਇਕ ਲੱਖ ਯੋਜਨ ਅਰਥਾਤ ਛੇ ਲੱਖ ਮੀਲ ਹੈ **(ਸਾਰੀ ਧਰਤੀ ਦੀ ਗੁਲਾਈ ਨਾਲੋਂ ੨੪ ਗੁਣਾਂ ਵੱਡਾ)** ਫਿਰ ਇਸ ਦੀਪ ਦੇ ਨੌਂ ਖੰਡ ਨੌਂ ਨੌਂ ਹਜ਼ਾਰ ਯੋਜਨ(ਨੌ ਛੀਕੇ ਚੁਰਿੰਜਾ ਹਜ਼ਾਰ ਮੀਲ ਦਾ ਇੱਕ ਖੰਡ ਅਰਥਾਤ ਧਰਤੀ ਨਾਲੋਂ ਦੁੱਗਣੇ ਅਕਾਰ ਤੋਂ ਵੀ ਵੱਡਾ) ਸਾਡੇ ਬ੍ਰਾਹਮਣ ਜੀ ਨੇ ਉਨ੍ਹਾਂ ਨੌਆਂ ਖੰਡਾਂ ਦੇ ਨਾਮ ਇਸ ਪ੍ਰਕਾਰ ਦੇ ਰੱਖੇ ਹੋਏ ਹਨ:--**ਇਲਾਵ੍ਰਿਤ, ਰਮਯਕ, ਹਿਣਹਯ, ਕੁਰੁਵੱਸ੍ਰ, ਹਰਿਵਸੰ, ਭਾਰਤ, ਭਧ੍ਰਾਸ਼ਵ ਅਤੇ ਕੇਤੁਮਾਲ ।**

**ਜਾ<u>ਮਨ</u>**:---ਜਿਸ ਅਦਭੁਤ ਜਾਮਨ ਦੇ ਦਰਖ਼ਤ ਦੇ ਨਾਮ ਤੋਂ ਇਸ ਦੀਪ ਦਾ ਜੰਬ (ਜਾਮਨ) ਨਾਮ ਪਿਆ ਲਿਖਿਆ ਹੈ, ਉਸ ਦਰਖ਼ਤ ਦੀ ਖ਼ਾਸ ਗੱਲ ਇਹ ਲਿਖੀ ਹੈ ਕਿ **ਉਸ ਨੂੰ ਹਾਥੀ ਜਿੱਡੇ ਜਿੱਡੇ ਜਾਮਨੂੰ ਲੱਗਦੇ ਹਨ ।** ਉਹ ਜਾਮਨ ਪੱਕ ਕੇ ਜਦ ਧਰਤੀ ਤੇ ਡਿੱਗਦੇ ਹਨ ਤਾਂ ਉਨ੍ਹਾਂ ਵਿਚੋਂ ਨਿਕਲਦੇ **ਰਸ ਦੀ ਇੱਕ ਨਦੀ** ਵਹਿ ਤੁਰਦੀ ਹੈ । ਉਸ ਨਦੀ ਦਾ ਨਾਮ **ਜਾਂਬੁਨਦ** ਹੈ । ਭਾਗਵਤ ਪੁਰਾਣ ਅਨੁਸਾਰ ਇਹ ਜਾਂਬੁਨਦ ਦਰਿਆ ਇਲਾਵ੍ਰਿਤ ਵਿਚ ਹੈ । ਇਸ ਦੇ ਰਸ ਨਾਲ ਭਿੱਜੀ ਹੋਈ ਮਿੱਟੀ ਸੂਰਜ ਦੀਆਂ ਕਿਰਣਾਂ ਨਾਲ ਖੁਸ਼ਕ ਹੋ ਕੇ ਸੋਨਾਂ ਬਣ ਜਾਂਦੀ ਹੈ । ਇਸ ਸੋਨੇ ਦੇ ਬਣੇ ਗਹਿਣੇ ਹੀ ਦੇਵਤਿਆਂ ਦੀਆਂ ਇਸਤ੍ਰੀਆਂ ਪਹਿਨਦੀਆਂ ਹਨ ।

(ਧਰਮ ਗ੍ਰੰਥਾਂ ਦੀ ਇਹ ਗਾਥਾ ਪੜ੍ਹ ਕੇ ਪਛਤਾਵਾ ਲੱਗਦਾ ਹੈ ਕਿ ਛੋਟੇ ਹੁੰਦੇ ਅਸੀਂ ਐਵੇਂ ਹੀ ਬਾਬਾ ਗੋਦੜੀ-ਵਾਲੇ ਨੂੰ ਝੂਠਾ ਸਮਝਦੇ ਰਹੇ ! ਜੇ ਜੰਬੁ ਜਾਮਨ ਵਾਲੀ ਗੱਲ ਸੱਚੀ ਹੈ ਤਾਂ ਬਾਬੇ ਦੀ ਉਹ ਗੱਲ ਕਿਵੇਂ ਝੂਠ੍ਹੀ ਹੋ ਸਕਦੀ ਹੈ ਜਿਹੜੀ ਉਹ ਸਾਨੂੰ ਬੱਚਿਆਂ ਨੂੰ ਬੜੇ ਪਿਆਰ ਅਤੇ ਨਿਸਚੇ ਨਾਲ ਸੁਣਾਇਆ ਕਰਦਾ ਸੀ ਕਿ:--ਬੇਰੀ ਦਾ ਇੱਕ ਬੜਾ ਵੱਡਾ ਰੁੱਖ ਸੀ । ਪਿੰਡ ਦੇ ਮੁੰਡੇ ਇੱਕ ਦਿਨ ਬੇਰ ਲਾਹੁਣ ਲਈ ਢੀਮਾ ਮਾਰ ਰਹੇ ਸਨ ਪਰ ਜਿਹੜੀ ਢੀਮ ਮਾਰਨ ਉਹ ਵਾਪਸ ਨਾਂ ਆਵੇ । ਬੇਰੀ ਦੇ ਉਤੇ ਢੀਮਾਂ ਦੀ ਮਿੱਟੀ ਨਾਲ ਧਰਤੀ ਬਣ ਗਈ । ਧਰਤੀ ਦੇ ਉਸ ਟੁਕੜੇ ਉਤੇ ਕਿਸੇ ਇੱਲ ਨੇ ਮੋਠਾਂ ਦਾ ਦਾਣਾ ਲਿਆ ਸੁਟਿਆ ਜੋ ਉਗ ਪਿਆ । ਬਾਰਸ਼ਾਂ ਹੋਣ ਕਾਰਨ ਉਹ ਏਨਾ ਵੱਧ ਗਿਆ ਕਿ ਕਈ ਪਿੰਡਾਂ ਦੇ ਪਸ਼ੂਆਂ ਦੇ ਵੱਗ ਦੁਪਹਿਰ ਨੂੰ ਉਸ ਦੀ ਸੰਙਣੀ ਛਾਂਵੇਂ ਆ ਬੈਠਿਆ ਕਰਦੇ । ਜਦ ਉਹ ਮੋਠਾਂ ਦਾ ਬੂਟਾ ਫਲ ਕੇ ਪੱਕਿਆ ਤਾਂ ਦਾਣਿਆਂ ਦੇ ਗੱਡੇ ਭਰ ਭਰ ਕੇ ਲੋਕ ਘਰਾਂ ਅਤੇ ਮੰਡੀਆਂ ਨੂੰ ਲਈ ਜਾਣ । ਦਾਣੇ ਰਖਣ ਨੂੰ ਥਾਂ ਨਾ ਲੱਭੇ, ਮੁਕੱਣ ਵਿੱਚ ਹੀ ਨਾ ਆਉਣ । ਅਖੇ ਮੋਠ ਦੇ ਬੂਟੇ ਦੇ ਟਾਹਣਿਆਂ ਦੀ ਲੱਕੜ ਨਾਲ ਕਈ ਕੋਠੇ ਛੱਤੇ ਗਏ । ਬੇਰੀ ਦੇ ਉਤੇ ਬਣੀ ਉਸ ਧਰਤੀ ਤੇ ਆ ਕੇ ਵਿਸ਼ਨੂੰ ਭਗਵਾਨ ਜੀ ਕਈ ਵਾਰੀ ਆਪਣੇ ਸੱਜੇ ਪੈਰ ਦਾ ਅੰਗੂਠਾ ਚੁੰਗਿਆ ਕਰਦੇ ਸਨ । ਵਿਸ਼ਨੂੰ ਜੀ ਉਸ ਬੇਰੀ ਨੂੰ ਫਿਰ ਸੁਰਗਾਂ ਵਿਚ ਲੈ ਗਏ ਸਨ ।)

**(੨੦) ਸ੍ਰੀ ਰਾਮਚੰਦ੍ਰ ਅਵਤਾਰ**-- ਸਮੰਦਰ ਉਤੇ ਪੁਲ ਬੱਨ੍ਹ ਕੇ ਸਮੁੰਦਰ ਦਾ ਅਹੰਕਾਰ ਤੋੜਿਆ । ਪਾਪੀ ਰਾਵਣ ਮਾਰਿਆ ਅਤੇ ਲੰਕਾ ਦਾ ਰਾਜ ਬਿਭੀਖਣ ਕੋ ਦੀਆ । (ਸ੍ਰੀ ਰਾਮ ਚੰਦ੍ਰ ਜੀ ਦਾ ਠੀਕ ਹਾਲ ਅਗਲੇ ਸਫ਼ਿਆਂ ਤੇ ਲਿਖਿਆ ਹੈ)

**(੨੧) ਵੇਦ ਵਿਆਸ ਅਵਤਾਰ**-- ਚਾਰ ਵੇਦ, ਮਹਾਂਭਾਰਤ, ਔਰ ਅਠਾਰਾਂ ਪੁਰਾਣ ਬਣਾਏ । ਸ਼ਿਵ ਪੁਰਾਣ ਦੇ ਸਤਵੇਂ ਖੰਡ ਦੇ ਪਹਿਲੇ ਅਧਆਇ ਦੇ ੩੯੨ ਸਫ਼ੇ ਤੇ ਬ੍ਰਹਮਾਂ ਆਪਣੇ ਪੁੱਤ੍ਰ ਨਾਰਦ ਨੂੰ ਦੱਸਦਾ ਹੈ ਕਿ, ਸ਼ਿਵ ਜੀ **ਵਿਆਸ** ਦਾ ਅਵਤਾਰ ਲੈ ਕੇ ਯੋਗ ਸ਼ਾਸਤ੍ਰ ਤੇ ਪੁਰਾਣ ਬਣਾ ਕੇ ਆਪਣੇ ਸ਼ਿਸ਼ਾਂ (ਭਾਵ, ਬ੍ਰਾਹਮਣਾਂ) ਨੂੰ ਪੜ੍ਹਾਉਂਦੇ ਹਨ । ਇਹ ਵੇਦ ਅਤੇ ਪੁਰਾਣ ਦੇ ਧਰਮ ਨੂੰ ਅਸਥਿਤ ਕਰਦੇ ਹਨ । ਵਿਆਸ ਦੇ ਇਨ੍ਹਾਂ ਅਵਤਾਰਾਂ ਦੇ ਨਾਮ ਇਹ ਹਨ :-

੧- ਸ਼੍ਵੇਤ, ੨- ਸੁਤਾਰ, ੩- ਸੁਹੋਤਰ, ੪- ਕੰਕਣ, ੫- ਸਾਖਯ, ੬- ਜਗਾਖਸ਼ਯ, ੭- ਜੈਗੀਸ਼ਵਯ, ੮- ਦਧਿਵਾਹਨ, ੯- ਰਿਸ਼ੀਭਾਂਡਯ, ੧੦- ਭ੍ਰਿੰਗ, ੧੧- ਤਪ, ੧੨- ਅਤਰੀ, ੧੩- ਬਾਲ, ੧੪, ਗੌਤਮ, ੧੫- ਵੇਦਸ਼ਿਰ, ੧੬- ਧੇਨੁਕਰਣ, ੧੭- ਗੁਹਬਾਲ, ੧੮- ਸ਼ਿਖੰਡੀ, ੧੯- ਜਟਾਮਾਲੀ, ੨੦- ਅਠਹਾਸ, ੨੧- ਦਾਹਕ, ੨੨- ਲਾਂਗਲੀ, ੨੩- ਸਤੇਤਤ੍ਰਿਸੂਲ, ੨੪- ਦੰਡੀ, ੧੫- ਮੁੰਡੇਸ਼ਵਰ, ੨੬- ਸੋਮਹੁਰਮਾ, ੨੭- ਲੰਕਕੇਸ਼, ਅਤੇ ੨੮- ਸਹਿਸ਼ੁਣ ।

ਬੜੀ ਹੈਰਾਨੀ ਦੀ ਗੱਲ ਹੈ ਕਿ ਏਡੇ ਅਥਾਹ ਪਸਾਰੇ ਵਾਲੇ ਪਰਮਾਤਮਾ ਨੂੰ ਕੇਵਲ ਬ੍ਰਾਹਮਣ ਨੂੰ ਹੀ ਵਿਦਵਾਨ ਬਣਾਉਣ ਦੀ ਚਿੰਤਾ ਲੱਗੀ ਰਹੀ । ਸੰਸਾਰ ਦੇ ਹੋਰ ਸਾਰੇ ਜੀਵਾਂ ਦੀ ਅਨਪੜ੍ਹਤਾ ਅਤੇ ਅਗਿਆਨਤਾ ਮਿਟਾਉਣ ਦਾ ਖ਼ਿਆਲ ਛੱਡ ਕੇ ਕੇਵਲ ਬ੍ਰਾਹਮਣ ਨੂੰ ਹੀ ਪੜ੍ਹਾਉਣ ਲਈ ਰੱਬ ਜੀ ਨੇ ਏਨੇ ਅਵਤਾਰ ਲਏ । ਕੀ ਰੱਬ ਬ੍ਰਾਹਮਣ ਦੇ ਸਰਾਪ ਤੋਂ ਡਰ ਗਿਆ ਸੀ ਕਿ ਜਾਂ ਬ੍ਰਾਹਮਣ ਨਾਲ ਖ਼ਾਸ ਸਨੇਹ ਹੋ ਗਿਆ ਹੋਇਆ ਸੀ ? ਸਪੱਸ਼ਟ ਹੈ ਕਿ ਵਿਦਿਆ ਤੋਂ ਕੋਰੀ ਜੰਤਾ ਤੋਂ ਆਪਣੀ ਪਕੜ ਮਜ਼ਬੂਤ ਤੋਂ ਮਜ਼ਬੂਤ ਬਣਾਈ ਜਾਣ ਵਾਲਾ ਚਾਤੁਰ ਬ੍ਰਾਹਮਣ,, ਆਪੇ ਰੱਬ ਦੇ ਨਾਮ ਧਰ ਲੈਂਦਾ ਸੀ ਅਤੇ ਆਪਣੀ ਯੋਜਨਾਂ ਅਨੁਸਾ ਉਨ੍ਹਾਂ ਦੀ ਵਰਤੋਂ ਕਰਕੇ ਆਪਣੀ ਪ੍ਰਭਤਾ ਵਧਾਈ ਜਾ ਰਿਹਾ ਸੀ ।

**(੨੨) ਸ੍ਰੀ ਕ੍ਰਿਸ਼ਨ ਅਵਤਾਰ**-- ਲਿਖਿਆ ਹੈ ਕਿ ਇਸ ਨੇ ਕੌਰੋ ਅਤੇ ਪਾਂਡਵਾਂ ਦਾ ਮਹਾਂਭਾਰਤ ਯੁੱਧ ਕਰਵਾਇਆ । ਕੰਸ, ਕਾਲਯਮਨ ਅਤੇ ਜਰਾ ਸੰਧ ਆਦਿ ਅਧਰਮੀਆਂ ਨੂੰ ਮਾਰ ਕੇ ਧਰਤੀ ਦਾ ਭਾਰ ਹਲਕਾ ਕੀਤਾ । ਅਤੇ ਹੋਰ ਬੜੀ ਲੀਲਾ ਕੀਤੀ । (**ਪੜ੍ਹੋ ਕ੍ਰਿਸ਼ਨ ਅਵਤਾਰ**)

**(੨੩) ਬੋਧ ਅਵਤਾਰ**-- ਇਸ ਦੇ ਅਵਤਾਰੀ ਹੋਣ ਦਾ ਕਾਰਨ ਇਹ ਲਿਖਿਆ ਹੈ ਕਿ, ਇੱਕ ਵਾਰੀ ਦੈਂਤਾਂ ਨੇ ਆਪਣਾ ਰਾਜ ਕਾਇਮ ਕਰਨ ਵਾਸਤੇ ਆਪਣੇ ਪ੍ਰੋਹਤ ਸ਼ੁਕ੍ਰ ਬ੍ਰਾਹਮਣ ਕੋਲੋਂ ਉਹ ਢੰਗ ਪੁਛਿਆ ਜਿਸ ਢੰਗ ਨਾਲ ਦੇਵਤੇ ਸਦਾ ਰਾਜ ਕਰਦੇ ਆ ਰਹੇ ਸਨ । ਸ਼ੁਕਰ ਨੇ ਦਸਿਆ ਕਿ ਸਿਰਫ਼ ਯੱਗ ਕਰਨ ਨਾਲ ਹੀ ਉਨ੍ਹਾਂ ਵਿੱਚ ਸਾਰੀਆਂ ਸ਼ਕਤੀਆਂ ਆਉਂਦੀਆਂ ਹਨ । ਦੈਂਤਾਂ ਨੇ ਵੀ ਯੱਗ ਕਰਨਾ ਅਰੰਭ ਦਿੱਤਾ । ਦੇਵਤੇ ਘਾਬਰ ਕੇ ਨਾਰਾਇਣ ਜੀ ਕੋਲ ਗਏ । ਬਹੁਤ ਉਸਤਤੀ ਕਰਕੇ ਬੇਨਤੀ ਕੀਤੀ ਕਿ, ਹੇ ਬੈਕੁੰਠ ਨਾਥ ! ਦੈਂਤ ਤਾਂ ਅੱਗੇ ਹੀ ਸਾਥੋਂ ਤਕੜੇ ਹਨ ਹੁਣ ਜੇ ਯੱਗ ਸਿਰੇ ਚੜ੍ਹ ਗਿਆ ਤਾਂ ਉਹ ਅਜਿੱਤ ਹੋ ਜਾਣੇ ਹਨ, ਕੋਈ ਉਪਾ ਕਰੋ । **ਭਗਵਾਨ ਨੇ ਬੋਧ ਅਵਤਾਰ ਧਾਰ ਕੇ ਸਰੇਵੜੇ ਦਾ ਰੂਪ ਧਾਰਨ ਕੀਤਾ । ਗੰਦੇ ਮੈਲੇ ਕੱਪੜੇ ਪਾ ਲਏ, ਮੱਖੀਆਂ ਉਡਾਉਣ ਲਈ ਹੱਥ ਵਿੱਚ ਚੌਰੀ ਫੜ ਲਈ** ਅਤੇ ਜਾ ਵੜੇ ਦੈਂਤਾਂ ਦੀ ਯੱਗ-ਸ਼ਾਲਾ ਵਿੱਚ । ਦੈਂਤਾਂ ਨੇ ਦੇਖ ਕੇ ਬੜਾ ਸਨਮਾਨ ਕੀਤਾ ਅਤੇ ਪੁਛਿਆ ਕਿ ਹੱਥ ਵਿੱਚ ਕੀਹ ਹੈ ? ਬੋਧ ਜੀ ਨੇ ਫ਼ੁਰਮਾਇਆ ਕਿ ਜਿਸ ਥਾਂ ਬੈਠਣਾਂ ਹੋਵੇ ਉਸ ਥਾਂ ਨੂੰ ਚੌਰੀ ਨਾਲ ਝਾੜ ਲੈਣਾ ਚਾਹੀਦਾ ਹੈ ਤਾਂ ਜੋ ਕੀੜੇ ਮਕੌੜੇ ਹੇਠਾਂ ਆ ਕੇ ਨਾ ਮਰ ਜਾਣ । ਅਤੇ ਦੱਸਿਆ ਕਿ ਕੱਪੜੇ ਵੀ ਕਦੇ ਨਹੀਂ ਧੋਣੇ

ਚਾਹੀਦੇ ਕਿਉਂਕਿ ਕੱਪੜੇ ਧੋਣ ਨਾਲ ਵੀ ਬੇਅੰਤ ਜੀਵ ਮਰਦੇ ਹਨ । ਦੈਂਤਾਂ ਨੂੰ ਇਹ ਭਰਮ ਪਾ ਦਿੱਤਾ ਕਿ ਯੱਗ ਕਰਨ ਨਾਲ ਬੜੀ ਜੀਵ ਹੱਤਿਆ ਹੁੰਦੀ ਹੈ । ਉਨ੍ਹਾਂ ਨੇ ਯੱਗ ਬੰਦ ਕਰਦੱਤਾ । ਅਤੇ ਦੇਵਤੇ ਬਲਵਾਨ ਬਣੇ ਰਹੇ । ਸਰੇਵੜਿਆਂ ਦਾ ਗੰਦਾ ਰਿਹਣਾਂ ਏਥੋਂ ਚੱਲਿਆ ।

(੨੪) **ਕਲਗੀ ਅਵਤਾਰ**-- (ਅਵਤਾਰਾਂ ਦੇ ਜਨਮ ਦਾਤਾ ਬ੍ਾਹਮਣ ਜੀ ਨੂੰ ਪਤਾ ਹੈ ਕਿ) ਕਲਯੁੱਗ ਦੇ ਅੰਤ ਵਿੱਚ ਇੱਕ ਕਲਗੀ ਅਵਤਾਰ ਹੋਣਾ ਹੈ ਜਿਸ ਨੇ ਅਧਰਮੀਆਂ ਦਾ ਨਾਸ ਕਰਨਾਂ ਹੈ ।

## ਦਸਮ ਗ੍ਰੰਥ ਸਾਹਿਬ ਵਿਚਲੇ ਅਵਤਾਰ-

ਦਸਮ ਗ੍ਰੰਥ ਵਿਚਲੇ ਅਵਤਾਰਾਂ ਦੇ ਨਾਵਾਂ ਵਿੱਚ ਬੜਾ ਅੰਤਰ ਹੈ । ਮੱਛ, ਕੱਛ, ਨਰਨਾਰਾਇਣ, ਮੋਹਨੀ, ਬੈਰਾਹ, ਨਰਸਿੰਘ, ਬਾਵਨ, ਧਨੰਤਰ, ਪਰਸਰਾਮ, ਬ੍ਰਹਮਾਂ, ਰਾਮ ਅਤੇ ਕ੍ਰਿਸ਼ਨ ਤਾਂ ਭਾਗਵਤ ਪੁਰਾਣ ਵਾਲੇ ਹੀ ਹਨ, ਪਰ ਸੂਰਜ, ਚੰਦ, ਬਿਸ਼ਨ, ਰੁਦ੍ਰ, ਜਲੰਧਰ, ਮਨੁ ਰਾਜਾ ਆਦਿ ਅਵਾਤਰਾਂ ਦੇ ਨਾਮ ਹੋਰ ਹਨ ।

## ਸਿਵ ਪੁਰਾਣ ਵਿੱਚਲੇ ਅਵਤਾਰ-

ਸ਼ਿਵ ਪੁਰਾਣ ਦੇ ਸਤਵੇਂ ਖੰਡ ਵਿੱਚ ਬ੍ਰਹਮਾਂ ਨੇ ਆਪਣੇ ਪੁੱਤ੍ਰ ਨਾਰਦ ਨੂੰ ਅਵਤਾਰਾਂ ਦੇ ਨਾਮ ਬਿਲਕੁਲ ਹੋਰ ਦੱਸੇ ਹਨ :- ੧-ਸਦਯੋਤਾ, ੨-ਵਾਮਦੇਵ, ੩-ਤਤਪੁਰਸ਼, ੪-ਸਿਆਮ ਤੇ ੫- ਈਸ਼ਨ ਇਹ ਪੰਜ ਅੱਡਰੇ ਦੱਸ ਕੇ ਫਿਰ ਅੱਠ ਹੋਰ , ੧- ਭਵ,੨- ਰੁਦਰ, ੩- ਉਗਰ, ੪-ਭੀਮ, ੫- ਪਸ਼ੂਪਤੀ, ੬- ਈਸ਼ਾਨ, ੭- ਸ਼ਲਵ ਤੇ ੮- ਮਹਾਂਦੇਵ ਦੱਸ ਕੇ ਲਿਖਿਆ ਹੈ ਕਿ ਅੱਠੇ ਹੀ ਪ੍ਰਿਥਵੀ,ਅਗਨੀ, ਅਕਾਸ਼ ਯਗਯ, ਵਾਯੂ, ਚੰਦ੍ਰਮਾ ਤੇ ਸੂਰਜ ਵਿੱਚ ਰਹਿੰਦੇ ਹਨ ਇਸ ਲਈ ਇਹ ਅੱਠ ਅਵਤਾਰ ਸਦਾਸ਼ਿਵ ਦੇ ਰੂਪ ਹਨ ।

## ਮਹਾਨ ਕੋਸ਼ ਵਿੱਚਲੇ ਅਵਤਾਰ-

ਮਹਾਨ ਕੋਸ਼ ਦੇ ੧੦੪੨ ਸਫ਼ੇ ਤੇ ਇਸ ਪ੍ਰਕਾਰ ਲਿਖਿਆ ਹੈ - ਵਿਸ਼ਨੂ ਪੁਰਾਣ ਵਿੱਚ ਲਿਖਿਆ ਹੈ ਕਿ ਬ੍ਰਹਮਾ ਨੇ ਇੱਛਾ ਕੀਤੀ ਕਿ ਮੇਰੇ ਪੁਤ੍ਰ ਹੋਵੇ, ਝਟ ਉਸ ਦੇ ਮੱਥੇ ਵਿਚੋਂ ਬਾਲਕ ਪੈਦਾ ਹੋਇਆ, ਜੋ ਜੰਮਦਾ ਹੀ ਰੋਣ ਲੱਗ ਪਿਆ । ਬ੍ਰਹਮਾ ਨੈ ਉਸ ਦਾ ਨਾਮ ਰੁਦ੍ਰ (ਰੋਂਦੂ) ਰਖਿਆ । ਇਸ ਪੁਰ ਭੀ ਸੱਤ ਵਾਰ ਰੋ ਕੇ ਰੁਦ੍ਰ ਨੇ ਆਖਿਆ ਕਿ ਮੇਰੇ ਹੋਰ ਨਾਮ ਥਾਪੋ । ਬ੍ਰਹਮਾ ਨੇ ਉਸ ਦੇ , ਭਵ, ਸ਼ਰਵ, ਈਸ਼ਨ, ਪਸ਼ੁਪਤਿ, ਭੀਮ, ਉਗ੍ਰ ਅਤੇ ਮਹਾਂਦੇਵ ਸੱਤ ਨਾਮ ਰੱਖੇ ।ਪੁਰਾਣਾ ਵਿੱਚ ੧੧ ਰੁਦ੍ਰ ਇਹ ਲਿਖੇ ਹਨ, ਅਜ, ਏਕਪਾਦ, ਅਹਿਵ੍ਰਧਨ, ਪਿਨਾਕੀ, ਅਦਰਾਜਿਤ, ਤ੍ਰਯੰਬਕ, ਮਹੇਸ੍ਰ, ਵ੍ਰਿਕਸ਼ਾਕਪੀ, ਸ਼ੰਭੂ, ਹਰਣ ਅਤੇ ਈਸ਼ਰ ।

**ਗਰੁੜਪੁਰਾਣ ਵਿੱਚਲੇ ਅਵਤਾਰ**----ਅਜੈਕਪਾਦ, ਅਹਿਵ੍ਰਧਨ, ਤ੍ਰਕਸ਼ਟਾ, ਵਿਸ੍ਰੂਪਹਰ, ਬਹੁਰੂਪ, ਤ੍ਰਯੰਬਕ, ਅਪਰਾਜਿਤਾ, ਸੰਭੂ ਵ੍ਰਿਕਸ਼ਾਕਪਿ, ਸ਼ੰਭੂ, ਕਪਰਦੀ ਅਤੇ ਰੈਵਤ ਹਨ ।

**ਮਹਾਂਭਾਰਤ ਵਿਚਲੇ ੧੦ ਅਵਤਾਰ**--ਮਹਾਂ ਭਾਰਤ ਅਨੁਸਾਰ ਵਿਸ਼ਨੂੰ ਦੇ ਅਵਤਾਰ ਇਸ ਪ੍ਰਕਾਰ ਹਨ :- ਮੱਛ, ਕੱਛ, ਵਰਾਹ, ਨ੍ਰਿੰਘ, ਵਾਮਨ, ਪਰੁਸ਼ਰਾਮ, ਰਾਮਚੰਦ੍ਰ, ਕ੍ਰਿਸ਼ਨ, ਬੁੱਧ ਅਤੇ ਕਲਕੀ ।

ਉੱਪਰ ਲਿਖੇ ਨਾਵਾਂ ਦੇ ਮਿਲ-ਗੋਭੇ ਤੋਂ ਇਹ ਕਿਵੇਂ ਸਮਝਿਆ ਜਾਵੇ ਕਿ ਧਰਤੀ ਤੋਂ ਪਾਪ ਨਾਸ ਕਰਨ ਲਈ ਇਨ੍ਹਾਂ ਵਿਚੋਂ ਕਿਹੜਾ ਅਵਤਾਰ ਆਉਂਦਾ ਹੈ ? ਕੀ ਇਹ ਅਜੀਬ ਕਿਸਮ ਦਾ ਮਤ ਭੇਦ ਹੀ ਇਨ੍ਹਾਂ ਦੀ ਸਚਾਈ ਨੂੰ ਰੱਦ ਕਰ ਦੇਣ ਲਈ ਕਾਫ਼ੀ ਨਹੀਂ ? ਗੁਰੂ ਨਾਨਕ ਜੀ ਦਾ **ੴ** ਹੀ ਅਟੱਲ ਸਚਾਈ ਹੈ ।ਜਿਨ੍ਹਾ ਅਵਤਾਰਾਂ ਬਾਰੇ ਗੀਤਾ ਦਾ ਇਹ ਫੁਰਮਾਨ ਹੈ ਕਿ ਉਹ ਧਰਤੀ ਤੋਂ ਅਧਰਮੀਆਂ ਦਾ ਨਾਸ ਕਰਕੇ ਧਰਮ ਦੀ ਸਥਾਪਣਾ ਕਰਨ ਆਉਂਦੇ ਹਨ ਉਨ੍ਹਾਂ ਸਾਰੇ ਹੀ (ਉੱਪਰ ਲਿਖੇ) ਅਵਤਾਰਾਂ ਦੇ ਜਨਮ ਵਿਧੀ ਤੋਂ ਲੈ ਕੇ ਜੋ ਗਾਥਾ ਹਿੰਦੂ ਗ੍ਰੰਥਾਂ ਵਿੱਚ ਲਿਖੀ ਹੈ ਉਨ੍ਹਾਂ ਨੂੰ ਪੜ੍ਹ ਕੇ, (ਕਿਸੇ ਹੋਰ ਧਰਮ ਦੇ ਵਿਦਵਾਨ ਦੀ ਗਲ ਤਾਂ ਦੂਰ ਰਹੀ) ਕੋਈ ਹਿੰਦੂ ਅਥਵਾ ਕੋਈ ਵਿਦਵਾਨ **ਬ੍ਾਹਮਣ** ਵੀ ਇਨ੍ਹਾਂ ਹੇਠ ਲਿਖੇ ਸ਼ੰਕਿਆਂ ਨੂੰ ਮਿਟਾਉਣ ਵਾਸਤੇ ਤਸੱਲੀ ਬਖ਼ਸ਼ ਜਵਾਬ ਅਜੇ ਤੱਕ ਨਹੀਂ ਦੇ ਸਕਿਆ:---

੧-- ਸਾਰੀ ਧਰਤੀ ਦੇ ਜੀਵਾਂ ਦੇ ਦੁੱਖ ਦੂਰ ਕਰਨ ਦੀ ਗੱਲ ਤਾਂ ਕਿਤੇ ਰਹੀ ਕਿਸੇ ਇੱਕ ਮੁਲਕ ਦੇ ਜੀਵਾਂ ਦੇ ਦੁੱਖ ਦੂਰ ਕਰਨ ਵਾਸਤੇ ਵੀ ਕਿਸੇ ਅਵਤਾਰ ਨੇ ਜਾਂ ਕਿਸੇ ਦੇਵਤੇ ਨੇ ਕਿਹੜਾ ਸੁਧਾਰ ਕੀਤਾ ਸੀ ? ਬੇਅੰਤ ਦੇਵੀ ਦੇਵਤਿਆਂ ਤੇ ਅਵਤਾਰਾਂ ਦੇ ਰੂਪ ਵਿੱਚ ਧਰਤੀ ਤੇ ਵਿਚਰਦੇ ਕਿਸੇ ਭਗਵਾਨ ਨੇ ਕੀ ਕਦੇ ਕੋਈ ਅਜੇਹਾ ਲਿਖਤੀ ਗਿਆਨ ਦੁਨੀਆਂ ਨੂੰ ਦਿੱਤਾ ਜਿਸ ਤੋਂ ਮਨੁੱਖ ਸਦੀਵੀ ਸੇਧ ਲੈ ਸਕੇ ?

੨-- ਸਿਰਫ਼ ਦੋ ਅਵਤਾਰਾਂ (ਰਾਮ ਜੀ ਅਤੇ ਕ੍ਰਿਸ਼ਨ ਜੀ) ਨੂੰ ਛੱਡ ਕੇ ਉਪਰ ਲਿਖੇ ਬਾਕੀ ੬੦/੭੦ ਅਵਤਾਰਾਂ ਦੇ ਜਨਮ-ਅਸਥਾਨ ਕਿਥੇ ਹਨ ? ਅਥਵਾ ਇਹ ਕਿਸ ਇਲਾਕੇ ਵਿੱਚ ਵਿਚਰਦੇ ਰਹੇ ?

੩-- ਬਾਵਨ ਅਵਤਾਰ ਨੇ ਧਰਤੀ ਦੇ ਕਿਹੜੇ ਹਿੱਸੇ ਤੋ ਅਧਰਮ ਦਾ ਅਥਵਾ ਅਧਰਮੀਆਂ ਦਾ ਨਾਸ ਕੀਤਾ ? ਠੱਗੀ ਕਰਨੀ ਜਾਂ ਛੱਲ ਕਰਨਾ ਕੀ ਚੰਗਾ ਕਰਮ ਹੈ ? ਭਗਵਾਨ ਨੂੰ ਠੱਗ ਦੇ ਅਥਵਾ ਮੰਗਤੇ ਦੇ ਰੂਪ ਵਿੱਚ ਪੇਸ਼ ਕਰਨ ਨਾਲ ਕੀ ਆਮ ਮਨੁੱਖ ਦੇ ਮਨ ਨੂੰ ਵੀ ਠੱਗੀ ਮਾਰਨ ਦੀ ਅਤੇ ਮੰਗ ਖਾਣ ਦੀ ਪ੍ਰੇਰਨਾ ਨਹੀਂ ਮਿਲਦੀ ?

੪-- ਬਾਵਨ ਅਵਤਾਰ ਨੇ ਰਾਜੇ ਬਲ ਨੂੰ ਧੋਖਾ ਦੇਣ ਲਈ, ਵਿਸ਼ਨੂੰ ਨੇ ਜਲੰਧਰ ਨੂੰ ਧੋਖਾ ਦੇਣ ਲਈ, ਭੀਮ ਅਤੇ ਅਰਜੁਨ ਨੂੰ ਨਾਲ ਲੈ ਕ੍ਰਿਸ਼ਨ ਜੀ ਨੇ ਜਰਾ-ਸਿੰਧ ਨੂੰ ਧੋਖਾ ਦੇਣ ਲਈ, ਕਰਣ ਨੂੰ ਠੱਗਣ ਵਾਸਤੇ ਇੰਦ੍ਰ ਆਦਿ ਸੱਭ ਨੇ ਬ੍ਾਹਮਣ ਦਾ ਹੀ ਭੇਖ ਧਾਰਿਆ । ਇਨ੍ਹਾਂ ਸਾਰੇ ਭਗਵਾਨਾਂ ਨੂੰ ਠੱਗੀਆਂ ਮਾਰਨ ਲਈ **ਬ੍ਾਹਮਣ ਦਾ ਭੇਖ** ਕਿਸ ਕਾਰਨਂ ਧਾਰਨਾਂ ਪੈਂਦਾ ਸੀ ? ਬ੍ਾਹਮਣੀ ਭੇਖ ਨੂੰ ਬਦਨਾਮ ਕਰਨ ਲਈ ਕਿ **ਜਾਂ ਇਹ ਭੇਖ ਬਣਿਆ ਹੀ ਠੱਗੀਆਂ ਮਾਰਨ ਵਾਸਤੇ ਹੈ ?**

੫-- ਸਮੁੰਦਰ ਰਿੜਕਣ ਵਾਲਾ ਸਾਕਾ ਕਿਸ ਧਰਤੀ ਤੇ ਵਾਪਰਿਆ ਸੀ ? (ਕਿਉਂਕਿ ਮਧਾਣੀ ਹੇਠਾਂ ਪਿੱਠ ਦੇਣ ਸਮੇ, ਕੱਛ ਅਵਤਾਰ ਦੀ ਪਿੱਠ ਇੱਖ ਲੱਖ ਯੋਜਨ ਅਰਥਾਤ ੪ ਲੱਖ ਮੀਲ ਦੀ ਲਿਖੀ ਹੈ । ਧਰਤੀ ਦੀ ਗੋਲਾਈ ਸਾਰੀ ਪੰਜੀ ਹਜ਼ਾਰ ਮੀਲ (੨੫੦੦੦ ਹੈ । ਗੋਲ ਧਰਤੀ ਦੇ ਪਾਣੀ ਵਿੱਚ ਏਡੇ ਅਕਾਰ ਦੀ ਚਪਟੀ ਪਿੱਠ ਕਿਵੇਂ ਡੁੱਬ ਸਕਦੀ ਹੈ ?)

੬-- ਰਤਨਾਂ ਦੇ ਲਾਲਚ ਨੇ ਭਗਵਾਨ ਨੂੰ ਏਨ੍ਹਾਂ ਵਿਆਕੁਲ ਕਰ ਦਿੱਤਾ ਕਿ ਉਹ ਕੱਛੂ ਬਣ ਕੇ ਗਾਰੇ ਵਿੱਚ ਮੂੰਹ ਧਸਾ ਕੇ ਆਪਣੀ ਪਿੱਠ ਤੇ ਪਹਾੜ ਦੀ ਮਧਾਣੀ ਦੇ ਰਗੜੇ ਖਾਂਦਾ ਰਿਹਾ? ਉਸ ਹਾਲਤ ਦੀ ਕਲਪਣਾ ਕਰਨ ਨਾਲ ਜੋ ਦ੍ਰਿਸ਼ ਅੱਖੀਆਂ ਅੱਗੇ ਆਉਂਦਾ ਹੈ ਉਸ ਅਨੁਸਾਰ ਭਗਵਾਨ ਦੀ ਇਸ ਮੰਦੀ ਹਾਲਤ ਉਤੇ ਤਰਸ ਆਉਂਦਾ ਹੈ ਕਿ ਜਾਂ ਹਾਸਾ ? ਫਿਰ ਮਾਇਆ ਮੋਹ ਵਿਚ ਫ਼ਸ ਕੇ ਅਜੇਹੇ ਹੋਛੇ ਕੰਮ ਕਰਨ ਵਾਲੇ ਭਗਵਾਨ ਪ੍ਰਤੀ ਕਿਹੋ ਜਿਹੀ ਸ਼ਰਧਾ ਬਣਦੀ ਹੈ ?

੭-- ਧਰਤੀ ਨੂੰ ਲੈ ਕੇ ਦੌੜ ਜਾਣ ਵਾਲਾ ਦੈਂਤ ਅਤੇ ਉਸ ਨੂੰ ਮੋੜ ਕੇ ਲਿਉਣ ਵਾਲਾ ਬੈਰਾਹ ਅਵਤਾਰ ਆਪ ਕਿਹੜੀ ਧਰਤੀ ਤੇ ਪੈਰ ਰਖਦੇ ਸਨ ? ਕਿਉਂਕਿ ਧਰਤੀ ਤਾਂ ਦੈਂਤ ਨੈ ਸਿਰ ਤੇ ਚੁੱਕ ਲਈ ਸੀ ਤੇ ਬੈਰਾਹ ਰੂਪ ਭਗਵਾਨ ਨੇ ਆਪਣੇ ਮੂੰਹ ਵਿੱਚ ਫੜੀ ਹੋਈ ਸੀ ? ਫਿਰ ਜਿਸ ਵਿਚੋਂ ਭਗਵਾਨ ਨੇ ਧਰਤੀ ਕੱਢੀ ਸੀ ਉਹ ਸਮੁੰਦਰ ਕਿਹੜੀ ਧਰਤੀ ਤੇ ਸੀ ?

੮-- ਜਿਸ ਬ੍ਾਹਮਣ ਕੋਲੋਂ ਰਾਮ ਚੰਦ੍ਰ ਅਤੇ ਕ੍ਰਿਸ਼ਨ ਜਿਹੇ ਭਗਵਾਨ ਵਿਦਿਆ ਲੈਂਦੇ ਰਹੇ ਅਤੇ ਮਨੂੰ ਸਿਮ੍ਰਿਤੀ ਅਨੁਸਾਰ ਬ੍ਾਹਮਣ ਹੀ ਹਰ ਪ੍ਰਕਾਰ ਦੇ ਯੱਗ ਕਰ ਸਕਦਾ ਸੀ ਫਿਰ ਬ੍ਾਹਮਣ ਦੇ ਹੁੰਦਿਆਂ ਰਾਜਿਆਂ ਨੂੰ ਯੱਗ ਕਰਨ ਦਾ ਰਾਹ ਦਸਣ ਲਈ ਈਸ਼ਵਰ ਨੂੰ ਚਤਰਭੁੱਜ ਅਵਤਾਰ ਕਿਸ ਕਾਰਨ ਲੈਣਾ ਪਿਆ ? ਚਤੁਰਭੁਜ ਜੀ ਨੇ ਕਿਸ ਪ੍ਰਕਾਰ ਦੇ ਪਾਪਾਂ ਦਾ ਨਾਸ ਕਰਕੇ ਕਿਹੜੇ ਧਰਮ ਦੀ ਸਥਾਪਣਾ ਕੀਤੀ ਸੀ ?

੯-- ਜੇ ਯੱਗ ਕਰਨਾ ਬੜਾ ਧਰਮ ਦਾ ਕੰਮ ਸਮਝਿਆ ਗਿਆ ਸੀ ਤਾਂ ਫਿਰ ਈਸ਼ਵਰ ਨੇ ਆਪੇ ਹੀ ਯੱਗ ਭੰਗ ਕਰਨ ਵਾਸਤੇ ਬੋਧ ਅਵਤਾਰ ਕਿਉਂ ਲਿਆ ? ਗੰਦੇ ਅਤੇ ਬਦਬੋਦਾਰ ਕੱਪੜੇ ਪਾ ਕੇ ਜਾਣਾ ਅਤੇ ਦੈਂਤਾਂ ਨੂੰ ਪੁਠੇ ਰਾਹ ਪਾਉਣ ਲਈ ਉਨ੍ਹਾਂ ਨੂੰ ਕਹਿਣਾ ਕਿ ਕੱਪੜੇ ਕਦੇ ਨਹੀਂ ਧੋਣੇ ਚਾਹੀਦੇ ਆਦਿ, ਕੀ ਅਜੇਹਾ ਬੇਅਸੂਲਾ ਕਰਮ ਕਰਨਾ ਰੱਬ ਦੀ ਸ਼ਾਨ ਦੇ ਵਿਰੁੱਧ ਨਹੀਂ ਸੀ ? ਅਜੇਹਾ ਕਰਕੇ ਭਾਰ ਹੌਲਾ ਕੀਤਾ ਕਿ ਜਾਂ ਲੋਕਾਂ ਨੂੰ ਪੁੱਠੇ ਰਾਹ ਪਾਉਣ ਵਾਲਾ ਕੁਕਰਮ ਕਰ ਕੇ ਧਰਤੀ ਦਾ ਭਾਰ ਸਗੋਂ ਵਧਾਇਆ ?

੧੦-- ਪ੍ਰਭੂ ਨੂੰ ਰਿਖਭ-ਅਵਤਾਰ ਲੈਣ ਦੀ ਖ਼ਾਸ ਲੋੜ ਕਿਸ ਕਾਰਨ ਹੋਈ ? ਕੀ ਉਦੋਂ ਵੀ ਧਰਤੀ ਨੇ ਹੀ ਪੁਕਾਰ ਕੀਤੀ ਸੀ ? ਧਰਮ ਨੂੰ ਕਿਸ ਪ੍ਰਕਾਰ ਦੀ ਗਿਲਾਨੀ ਸੀ ? ਰੱਬ ਨੇ ਆਪ ਆ ਕੇ ਜਦ ਸ੍ਰੇਵੜਿਆਂ ਦਾ ਧਰਮ ਚਲਾਇਆ ਹੈ ਤਾਂ ਫਿਰ ਸਾਰੇ ਬ੍ਰਾਹਮਣ ਅਤੇ ਹਿੰਦੂ ਸ੍ਰੇਵੜੇ ਕਿਉਂ ਨਹੀਂ ਬਣਦੇ ? ਕੀ ਰੱਬ ਦਾ ਚਲਾਇਆ ਧਰਮ ਉਨ੍ਹਾਂ ਨੂੰ ਪਸੰਦ ਨਹੀਂ ?

੧੧-- ਕੀ ਕਾਰਨ ਸੀ ਜੋ ੩੩ ਕ੍ਰੋੜ ਦੇਵੀ-ਦੇਵਤਿਆਂ ਅਥਵਾ ਅਵਤਾਰਾਂ ਵਿਚੋਂ ਕੋਈ ਵੀ, ਧਰਤੀ ਦੇ ਉਸ ਇਕ ਖਾਸ ਹਿੱਸੇ ਤੋਂ ਬਾਹਰ ਨਾ ਪੈਦਾ ਹੋਇਆ ਅਤੇ ਨਾ ਹੀ ਕੋਈ ਹੋਰ ਕਿਸੇ ਦੇਸ਼ ਵਿੱਚ ਵਿਚਰਿਆ ? ਕੀ ਧਰਤੀ ਦੇ ਕਿਸੇ ਹੋਰ ਥਾਂ ਨਾਲ ਉਨ੍ਹਾਂ ਦਾ ਕੋਈ ਵਾਸਤਾ ਨਹੀਂ ?

੧੨-- ਦੇਵਤਿਆਂ ਤੇ ਭਗਤਾਂ ਆਦਿ ਨੂੰ ਤੰਗ ਕਰਨ ਵਾਲੇ ਅਜੇਹੇ ਜ਼ਾਲਮ ਅਤੇ ਉਪੱਦ੍ਰੀ ਦੈਂਤ ਜੋ ਕਦੇ ਬ੍ਰਹਮਾਂ ਦੇ ਵੇਦ ਚੁਰਾ ਕੇ ਲੈ ਜਾਂਦੇ ਹਨ ਅਤੇ ਕਦੇ ਧਰਤੀ ਹੀ ਚੁੱਕ ਦੌੜਦੇ ਸਨ, ਕੀ ਇਹ ਪਰਮਾਤਮਾਂ ਦੀ ਮਰਜ਼ੀ ਤੋਂ ਬਿਨਾਂ ਧੱਕੇ ਨਾਲ ਹੀ ਪੈਦਾ ਹੋ ਜਾਂਦੇ ਸਨ ? ਕੀ ਦੈਂਤਾਂ ਵਾਂਗ ਹੀ ਕੋਈ ਹੋਰ ਬਲੀ ਜੋਧਾ ਭੇਜ ਕੇ ਜਾਂ ਪ੍ਰਲੈ ਕਰ ਸਕਣ ਵਾਲੀ ਸ਼ਕਤੀ ਨਾਲ ਅਥਵਾ ਸਿਰਫ਼ ਆਪਣੀ ਇਛਿਆ ਸ਼ਕਤੀ ਨਾਲ ਅਥਵਾ ਕੋਈ ਜਾਨ-ਲੇਵਾ ਰੋਗ ਲਾ ਕੇ ਪਰਮਾਤਮਾ ਉਨ੍ਹਾਂ ਦੀ ਮੌਤ ਨਹੀਂ ਸੀ ਕਰ ਸਕਦਾ ਜੋ ਉਸ ਨੂੰ, ਨਰਸਿੰਘ, ਸੂਰਭ, ਮੱਛ, ਕੱਛ ਆਦਿ ਪਸ਼ੂਆਂ ਵਾਲੀਆਂ ਸ਼ਕਲਾਂ ਧਾਰ ਕੇ ਕੰਮ ਸਾਰਨਾਂ ਪੈਂਦਾ ਸੀ ? ਕੀ ਅਜੇਹਾ ਲਿਖ ਕੇ ਬ੍ਰਾਹਮਣ ਨੇ ਸਰਬਸ਼ਕਤੀ ਮਾਨ ਸਿਜਣਹਾਰ ਨਾਲ ਘਟੀਆ ਕਿਸਮ ਦੀ ਟਿੱਚਰ ਨਹੀਂ ਕੀਤੀ ਹੋਈ ?

੧੩-- ਸ੍ਰੀ ਰਾਮ ਚੰਦ੍ਰ ਜੀ ਨੇ ਵਿਸ਼ਵਾ ਮਿੱਤ੍ਰ ਰਿਸ਼ੀ ਨਾਲ ਜਾ ਕੇ ਕਈ ਵੱਡੇ ਵੱਡੇ ਰਾਖਸ਼ਸ਼ ਮਾਰੇ, ਫਿਰ ਪੰਚ ਵਟੀ ਪੁਜਣ ਤੋਂ ਪਹਿਲਾਂ ਅਤੇ ਉਥੇ ਪੁੱਜ ਕੇ ਵੀ ਬੜੇ ਸ਼ਕਤੀ-ਸ਼ਾਲੀ ਅਤੇ ਕਥਿਤ ਤੌਰ ਤੇ ਅਜਿੱਤ ਦੈਂਤ ਭਸਮ ਕਰ ਦਿੱਤੇ ਸਨ, ਫਿਰ ਰਾਵਣ ਨੂੰ ਮਾਰਨ ਵਾਸਤੇ ਆਪਣੀ ਨੇਕ ਅਤੇ ਦੁਖਾਂ ਸੁਖਾਂ ਦੀ ਭਾਈਵਾਲ ਨਿਰਦੋਸ਼ ਪਤਨੀ ਸੀਤਾ (ਮਾਤਾ) ਨੂੰ ਰੋਂਦੀ ਕੁਰਲਾਂਦੀ ਨੂੰ ਰਾਵਣ ਕੋਲੋਂ ਚੁਕਵਾ ਕੇ ਉਸ ਦੇਵੀ ਨੂੰ ਦੁਖਾਂ ਵਿੱਚ ਪਾਉਣ ਦਾ ਕਰੜਾ ਦੰਡ ਦੇਣਾ **ਰਾਮ-ਰੂਪ-ਪਰਮਾਤਮਾ** ਲਈ ਕਿਸ ਕਾਰਨ ਜ਼ਰੂਰੀ ਬਣ ਗਿਆ ਸੀ ? ਅਜੇਹਾ ਘੋਰ ਅਨਰਥ ਕਰਵਾਉਣ ਵਾਲਾ **ਪ੍ਰਭੂ-ਰਾਮ** ਸੀ ਕਿ **ਰਾਜਾ-ਰਾਮ** ਸੀ ?

੧੪-- ਮੁਸਲਮਾਨੀ ਦਮਨ ਚੱਕ੍ਰ ਸਮੇ ਕੋਈ ਦੇਵੀ ਦੇਵਤਾ ਜਾਂ ਅਵਤਾਰ ਕਿਉਂ ਪ੍ਰਗਟ ਨਾ ਹੋਇਆ ?

੧੫-- ਪਰਸਰਾਮ ਦੇ ਬਾਰੇ ਬ੍ਰਾਹਮਣ ਨੇ ਆਪ ਹੀ ਲਿਖਿਆ ਹੈ ਕਿ ਉਸ ਨੇ **ਜਮਦਗਨਿ** ਦੇ ਕਾਤਲ **ਸਹੰਸਰ ਬਾਹੂ** ਨੂੰ ਮਾਰ ਕੇ ਆਪਣੇ ਪਿਤਾ ਦੇ ਕਤਲ ਦਾ ਬਦਲਾ ਉਸੇ ਦਿਨ ਹੀ ਲੈ ਲਿਆ ਸੀ । ਫਿਰ ਉਸ ਨੇ ਨਿਰੋਲ ਆਪਣੇ ਨਿੱਜੀ ਵੈਰ ਦੀ ਅੱਗ ਨੂੰ ਠੰਢਾ ਕਰਨ ਵਾਸਤੇ ਖੱਤ੍ਰੀਆਂ ਦੇ ਬੇਗੁਨਾਹ ਬੱਚੇ ਬੱਚੀਆਂ, ਬਿਰਧ ਮਰਦ-ਇਸਤ੍ਰੀਆਂ ਦੇ ਸਮੇਤ ਉਨ੍ਹਾਂ ਦੀਆਂ ੨੧ ਕੁਲਾਂ, ਬੇਰਹਿਮੀ ਨਾਲ ਕਤਲ ਕੀਤੀਆਂ ਅਤੇ ਫਿਰ ਕਸਾਈਆਂ ਵਾਂਗ ਉਨ੍ਹਾਂ ਦੇ ਲਹੂ ਵਿੱਚ ਖਲੋ ਕੇ ਪਿਤ੍ਰਾਂ ਨੂੰ ਤਰਪਣ ਕਰਦਾ ਰਿਹਾ । ਏਡਾ ਘੋਰ ਅਨਰਥ ਅਤੇ ਪਾਪ ਕਰਨ ਵਾਲਾ ਜੇ ਈਸ਼ਵਰੀ ਅਵਤਾਰ ਆਖਿਆ ਜਾਂਦਾ ਹੈ ਤਾਂ ਰਾਖ਼ਸ਼ ਕਿਸ ਨੂੰ ਕਿਹਾ ਜਾਵੇਗਾ ? ਨਰਦਈ ਜ਼ਾਲਮਾਂ ਵਾਲੇ ਘੋਰ ਪਾਪ ਜਿਨੇ ਭਗਵਾਨ ਪਰਸੁਰਾਮ ਦੇ ਨਾਮ ਨਾਲ ਮੜ੍ਹੇ ਹੋਏ ਹਨ (ਮਨੁੱਖਾਂ ਦੀ ਕਿਸੇ ਨਸਲ ਨੂੰ ੨੧ ਵਾਰੀ ਮਾਰ ਮੁਕਾਉਣ ਵਰਗੇ ਘੋਰ ਕੁਕਰਮ) ਰਾਵਣ ਵਿਰੁੱਧ ਮਨੁੱਖੀ ਕਤਲਾਂ ਦਾ ਦੋਸ਼ ਲਿਖਿਆ ਕਿਸੇ ਇੱਕ ਵੀ ਬ੍ਰਾਹਮਣੀ ਗ੍ਰੰਥ ਵਿਚ ਨਹੀਂ ਮਿਲਦਾ । ਫਿਰ ਕੀ ਕਾਰਨ ਸੀ ਜੋ ਏਡੇ ਜ਼ੁਲਮ ਕਰਨ ਵਾਲੇ ਪਰਸਰਾਮ ਵਿਰੁਧ ਰੋਣਾ ਰੋਣ ਲਈ ਧਰਤੀ-ਮਾਂ ਨਾ ਗਊ ਬਣੀ ਅਤੇ ਨਾ ਭਗਵਾਨ ਅੱਗੇ ਫਰਿਆਦੀ ਹੋਈ ? ਜੇ ਪਰਸ-ਰਾਮ ਬ੍ਰਾਹਮਣ ਸੀ ਤਾਂ ਇਸ ਤੋਂ ਕਿਤੇ ਘੱਟ ਪਾਪੀ, ਰਾਵਣ ਵੀ ਤਾਂ ਬ੍ਰਾਹਮਣ ਹੀ ਸੀ, ਉਸ ਵਿਰੁਧ ਸ਼ਕਾਇਤ ਕਰਨ ਦੀ ਧਰਤੀ ਨੂੰ ਕੀ ਮਜਬੂਰੀ ਆ ਪਈ ਸੀ ?

੧੬- ਪਿਛਲੇ ਜੁਗਾਂ ਵਿਚ ਬਹੁਤੇ ਅਵਤਾਰਾਂ ਦੇ ਆਉਣ ਵਾਲੀਆਂ ਪੁਰਾਣਕ ਕਥਾ-ਕਹਾਣੀਆਂ ਤੋਂ ਕੀ ਇਹ ਸਿੱਧ ਨਹੀਂ ਹੁੰਦਾ, ਕਿ ਕਲਿਜੁਗ ਨਾਲੋਂ ਉਨ੍ਹਾਂ ਦਿਨਾਂ ਵਿਚ ਬਹੁਤੇ ਭਿਆਨਕ ਪਾਪ ਹੋਇਆ ਕਰਦੇ ਸਨ ਜੋ, ਪਾਪੀਆਂ ਦਾ ਨਾਸ ਕਰਨ ਲਈ, ਰੱਬ ਜੀ ਨੂੰ ਕਈ ਵਾਰੀ ਆਉਣਾ ਪਿਆ ਸੀ ? ]

ਗੁਰਦੇਵ ਜੀ ਨੇ ਵੇਦ ਬਾਣੀ ਨੂੰ ਮਾਇਆ ਮੋਹ ਦਾ ਪਸਾਰਾ ਦੱਸ ਕੇ ਵਿਸ਼ਨੂੰ ਦੇ ਅਵਤਾਰਾਂ ਨੂੰ ਇੱਕ ਖੇਡ ਅਤੇ ਸ਼ੁਗਲ ਵਾਲਾ ਰੁਝੇਵਾਂ ਕਿਹਾ ਹੈ । ਇਨ੍ਹਾਂ ਅਵਤਾਰਾਂ ਤੋ ਸੰਸਾਰੀ ਜੀਵ ਨੂੰ ਕਦੇ ਕੋਈ ਲਾਭ ਹੋਇਆ ਹੋਵੇਗਾ-- ਅਜੇਹੀ ਸੰਭਾਵਨਾਂ ਨੂੰ ਸਤਿਗੁਰਾਂ ਨੇ ਮੁਢੋਂ ਹੀ ਨੇ ਰੱਦ ਕਰ ਦਿੱਤਾ ਹੈ।

੮- **ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ ॥ ਮਹਾਦੇਉ ਗਿਆਨੀ ਵਰਤੈ ਘਰਿ ਆਪਣੈ**
**ਤਾਮਸੁ ਬਹੁਤ ਅਹੰਕਾਰਾ ॥ ੨ ॥ ਕਿਸਨੁ ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ ॥**
**ਗੁਰਮੁਖਿ ਗਿਆਨ ਰਤੇ ਜੁਗ ਅੰਤਰਿ ਚੂਕੈ ਮੋਹ ਗੁਬਾਰਾ ॥ ੩ ॥**[੫੫੯]--੫
**[ਇਸ ਗੁਰੂ ਫ਼ੁਰਮਾਨ ਦੇ ਅਰਥ ਤੀਜੇ ਕਾਂਡ ਦੇ ਦੇਵੀ ਦੇਵਤੇ ਅਤੇ ਗੁਰਬਾਣੀ ਲੇਖ ਦੇ ੮੪ ਨੰਬਰ ਤੇ ਲਿਖੇ ਹੋਏ ਹਨ ]**

੯- **ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ ॥ ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ ॥ ੭ ॥**
**ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ ॥ ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ ॥ ੮ ॥**
[੬੪]-੧੭

੩

# ਭਗਵਾਨ ਰਾਮ ਚੰਦ੍ਰ ਜੀ

ਕਈ ਪੜ੍ਹੇ ਲਿਖੇ ਸਿੱਖ ਘਰਾਂ ਵਿਚ ਵੀ ਸ੍ਰੀ ਰਾਮ ਅਤੇ ਕ੍ਰਿਸ਼ਨ ਜੀ ਦੀਆਂ ਤਸਵੀਰਾਂ ਅਥਵਾ ਮੂਰਤੀਆਂ ਵੇਖਣ ਵਿਚ ਆਉਂਦੀਆਂ ਹਨ। ਪਿਛੇ ਜਿਹੇ ਰਾਮਾਇਣ ਅਤੇ ਮਹਾਂਭਾਰਤ ਗਾਥਾ T.V. ਤੇ ਵਿਖਾਈ ਗਈ ਸੀ । ਉਸ ਨੂੰ ਵੇਖਣ ਵਾਸਤੇ ਲਗ-ਪਗ ਸਾਰੇ ਸਿੱਖ ਜਗਤ ਨੇ ਜ਼ਰੂਰੀ ਤੋਂ ਜ਼ਰੂਰੀ ਕੰਮਾ ਨੂੰ ਵਿਸਾਰਿਆ ਹੁੰਦਾ ਸੀ । ਇਨ੍ਹਾਂ ਦੋਹਾਂ ਅਵਤਾਰਾਂ ਬਾਰੇ ਸਿੱਖ ਜਗਤ ਵਿਚ ਬੜੀ ਸ਼ਰਧਾ ਅਤੇ ਭੁਲੇਖੇ ਹਨ ਜਿਨ੍ਹਾਂ ਕਰਕੇ ਵੀ ਬਿੱਪ੍ਰਨ ਕੀ ਰੀਤ ਪੰਥ ਵਿਚ ਦਾਖਲ ਹੋਈ ਅਤੇ ਹੋ ਰਹੀ ਹੈ । ਇਸ ਲਈ ਇਨ੍ਹਾ ਦੋਹਾਂ ਹੀ ਅਵਤਾਰਾਂ ਬਾਰੇ ਅੱਡਰੀ ਅਤੇ ਖੁਲ੍ਹੀ ਵਿਚਾਰ ਕਰ ਲੈਣੀ ਜ਼ਰੂਰੀ ਹੈ । ਇਨ੍ਹਾਂ ਗ੍ਰੰਥਾਂ ਵਿਚਲੇ ਸੱਚ ਝੂਠ ਨੂੰ ਨਿਤਾਰਨ ਦਾ ਸਾਡਾ ਮੰਤਵ ਨਹੀਂ ਹੈ । ਸਾਡਾ ਵਿਸ਼ਾ ਕੇਵਲ ਬਿੱਪ੍ਰਨ ਕੀ ਰੀਤ ਤੱਕ ਹੀ ਸੀਮਤ ਹੈ । ਇਸ ਗੱਲ ਦਾ ਖ਼ਿਆਲ ਰੱਖਿਆ ਗਿਆ ਹੈ ਕਿ ਕੋਈ ਵੀ ਅਜੇਹੀ ਗੱਲ ਨਾ ਲਿਖੀ ਜਾਵੇ ਜਿੜੀ ਹਿੰਦੂ ਗ੍ਰੰਥਾਂ ਦੀਆਂ ਲਿਖਤਾਂ ਤੇ ਅਧਾਰਤ ਨਾ ਹੋਵੇ ।

ਹਿੰਦੂ ਮਿਥਿਹਾਸ ਵਿੱਚ ਸ੍ਰੀ ਰਾਮ ਜੀ ਨੂੰ ਤ੍ਰੈਲੋਕੀ-ਨਾਥ, ਵਿਧਾਤਾ, ਭਗਵਾਨ ਅਥਵਾ ਸਰਬ ਨਿਵਾਸੀ ਪਰਮਤਮਾ ਕਿਹਾ ਹੈ । ਰਾਮਾਇਣ ਦੀ ਜੇਹੜੀ ਗਾਥਾ **T.V.** ਤੇ ਵਿਖਾਈ ਜਾਣ ਲਈ ਫਿਲਮਾਈ ਗਈ ਸੀ ਉਸ ਵਿਚ ਗੋਸਵਾਮੀ ਤੁਲਸੀ ਦਾਸ ਰਚਿਤ, **ਰਾਮ ਚਿਰਤ੍ਰ ਮਾਣਸ** ਗ੍ਰੰਥ ਦੀ ਪ੍ਰਧਾਨਤਾ ਵਿਸ਼ੇਸ਼ ਹੈ । ਤੁਲਸੀ ਦਾਸ ਨੇ ਭਗਵਾਨ ਰਾਮ ਚੰਦ੍ਰ ਜੀ ਬਾਰੇ ਇਹ ਕੁਝ ਲਿਖਿਆ ਹੋਇਆ ਹੈ :---

**ਜਾਸੁ ਕ੍ਰਿਪਾ ਅਸ ਭ੍ਰਮ ਮਿਟਿ ਜਾਈ । ਗਿਰਿਜਾ ਸੋ ਕ੍ਰਿਪਾਲ ਰਘੁਰਾਈ ।**
**ਆਦਿ ਅੰਤ ਕੋਊ ਜਾਸੁ ਨ ਪਾਵਾ । ਮਤਿ ਅਨੁਮਾਨਿ ਨਿਗਮ ਅਸ ਗਾਵਾ ।**

**ਅਰਥ:**--(ਸ਼ਿਵ ਜੀ ਆਪਣੀ ਘਰਦੀ ਗਿਰਜਾ ਅਥਵਾ ਪਾਰਪਤੀ ਨੂੰ ਰਾਮ ਜੀ ਦੀ ਮਹਿਮਾ ਸੁਣਾ ਰਹੇ ਹਨ) ਹੇ ਪਾਰਬਤੀ ! ਜਿਨ੍ਹਾਂ ਦੀ ਕਿਰਪਾ ਨਾਲ ਐਸਾ ਭ੍ਰਮ ਮਿਟ ਜਾਂਦਾ ਹੈ, ਓਹੋ ਕਿਰਪਲੂ ਸ੍ਰੀ ਰਘੁਨਾਥ ਜੀ ਹਨ, ਜਿਨ੍ਹਾਂ ਦਾ ਆਦਿ ਤੇ ਅੰਤ ਕਿਸੇ ਨੇ ਨਹੀਂ ਪਾਇਆ ਹੈ । ਨਿਗਮ ਭਾਵ, ਵੇਦਾਂ (ਗ੍ਰੰਥਾਂ) ਨੇ ਆਪਣੀ ਅਕਲ ਦਾ ਅਨੁਮਾਨ ਲਾ ਕੇ ਇਸ ਤਰ੍ਹਾਂ ਵਰਨਣ ਕੀਤਾ ਹੈ ।

**ਬਿਨੁ ਪਦ ਚਲੈ ਸੁਨੈ ਬਿਨੁ ਕਾਨਾ । ਕਰ ਬਿਨੁ ਕਰਮ ਕਰਹਿ ਬਿਧਿ ਨਾਨਾ ।**
**ਆਨਨ ਰਹਿਤ ਸਕਲ ਰਸ ਭੋਗੀ । ਬਿਨੁ ਬਾਨੀ ਬਕਤਾ ਬਡ ਜੋਗੀ ।**

ਓਹ ਬ੍ਰਹਮ (ਅਕਾਲਪੁਖ) ਬਿਨਾ ਪੈਰਾਂ ਦੇ ਚਲਦਾ, ਬਿਨਾਂ ਕੰਨਾਂ ਦੇ ਸੁਣਦਾ, ਬਿਨਾ ਹਥ ਦੇ ਕਈ ਪ੍ਰਕਾਰ ਦੇ ਕੰਮ ਕਰਦਾ, ਬਿਨਾਂ ਮੂੰਹ ਦੇ ਕਈ ਪ੍ਰਕਾਰ ਦੇ ਰਸ ਚੱਖਦਾ ਤੇ ਬਿਨਾ ਕਿਸੇ ਬਾਣੀ ਦੇ ਬੋਲਣ ਵਾਲਾ ਵੱਡਾ ਜੋਗੀ ਹੈ ।

**ਤਨ ਬਿਨ ਪਰਸ ਨੁਨ ਬਿਨ ਦੇਖਾ । ਗ੍ਰਹਹਿ ਨ੍ਰਾਣ ਬਿਨੁ ਬਾਸ ਬਿਸੇਖਾ ।**
**ਅਸਿ ਸਭ ਭਾਂਤ ਅਲੌਕਿਕ ਕਰਨੀ । ਮਹਿਮਾ ਜਾਸੁ ਜਾਇ ਨਹਿ ਬਰਨੀ ।**

ਓਹ ਬਿਨਾਂ ਸਰੀਰ ਦੇ ਸਪਰਸ਼ ਕਰਦਾ ਹੈ, ਬਿਨਾਂ ਅੱਖਾਂ ਦੇ ਦੇਖਦਾ ਤੇ ਬਿਨਾਂ ਨੱਕ ਦੇ ਸਭ ਸੁਗੰਧੀਆਂ ਲੈਂਦਾ ਹੈ । ਇਸ ਤਰ੍ਹਾਂ ਇਹ ਅਚਰਜ ਹੀ ਕੰਮ ਕਰਦਾ ਹੈ ਜਿਸਦੀ ਮਹਿਮਾਂ ਕਹੀ ਨਹੀਂ ਜਾ ਸਕਦੀ ।

ਦੋਹਿਰਾ----**ਜਿਹ ਇਮ ਗਾਵਹਿ ਬੇਦ ਬੁਧ, ਜਾਹਿ ਧਰਹਿ ਮੁਨਿ ਧਯਾਨ ।**
**ਸੋ ਦਸਰਥ-ਸੁਤ ਭਗਤ ਹਿਤ, ਕੋਸਲ-ਪਤਿ ਭਗਵਾਨ ।੧੪੨।** ( ਬਾਲ ਕਾਂਡ)

ਜਿਸ ਦਾ ਵੇਦ ਬੁਧੀਜਨ ਜਸ ਗਾਉਂਦੇ ਤੇ ਮੁਨੀ ਧਿਆਨ ਧਰਦੇ ਹਨ, ਓਹੀਓ ਪਾਰਬ੍ਰਹਮ ਪਰਮਾਤਮਾ, ਭਗਤਾਂ ਦਾ ਪਿਆਰਾ, **ਦਸ਼ਰਥ ਪੁਤਰ, ਅਜੁਧਿਆ ਦਾ ਸੁਾਮੀ** ਭਗਵਾਨ ਸ੍ਰੀ ਰਾਮ ਚੰਦ੍ਰ ਜੀ ਹੀ ਹਨ ।

ਰਾਮਾਇਣ ਗਾਥਾ ਵਾਲੇ ਗ੍ਰੰਥ ਵਿਚ ਭਗਵਾਨ ਸ਼ਿਵ ਜੀ ਦੇ ਮੂੰਹੋਂ, ਅਜੁਧਿਆ ਪਤੀ **ਦਸ਼ਰਥ ਦੇ ਪੁਤਰ ਸ੍ਰੀ ਰਾਮ ਜੀ** ਨੂੰ, ਸਰਬ ਸ਼ਕਤੀਮਾਨ ਪਰਮਾਤਮਾ ਅਖਵਾਉਣ ਵਾਲੀ ਨਿਰਾਲੀ ਕਾਢ ਤੁਲਸੀਦਾਸ ਦੇ ਹਿੱਸੇ ਦੀ ਹੈ । ਉਤਲੇ ਦੋਹੇ ਪੜ੍ਹਦਿਆਂ ਗੁਰੂ ਨਾਨਕ ਦੇਵ ਜੀ ਦੇ ਇਸ ਫ਼ੁਰਮਾਨ ਦਾ ਚੇਤਾ ਆ ਜਾਂਦਾ ਹੈ--**ਸਹਸ ਤਵ ਨੈਨ, ਨਨ ਨੈਨ ਹਹਿ ਤੋਹਿ ਕਉ, ਸਹਸ ਮੂਰਤਿ ਨਨਾ ਏਕ ਤੁੋਹੀ ॥ ਸਹਸ ਪਦ ਬਿਮਲ, ਨਨ ਏਕ ਪਦ, ਗੰਧ ਬਿਨੁ, ਸਹਸ ਤਹ ਗੰਧ, ਇਵ ਚਲਤ ਮੋਹੀ ॥** (੧੩--ਸੋਹਿਲਾ) ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਮ ਪਿਤਾ ਅਕਾਲ-ਪੁਰਖ ਦੀ ਸਿਫ਼ਤ ਵਿਚ ਜਿਹੜੇ ਸ਼ਬਦ ਕਹੇ ਹਨ, ਲਗ-ਪਗ ਉਹ ਸਾਰੇ ਅਜੁਧਿਆ ਪਤੀ ਸ੍ਰੀ ਰਾਮ ਜੀ ਲਈ ਵਰਤੇ ਹਨ ।

ਗੁਰੂ ਨਾਨਕ ਜੀ ਨੇ ਅਜੇਹੇ ਕਈ ਰਾਮ, ਉਸ ਨਿਰਭਉ ਨਿਰੰਕਾਰ ਦੀ ਚਰਨ ਧੂੜ ਹੋਣੇ ਲਿਖੇ ਹੱਨ--**ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ** ॥ (੪੬੪) ਇਸ ਤਰ੍ਹਾਂ ਸਤਿਗੁਰਾਂ ਨੇ ਤੁਲਸੀ ਦਾਸ ਵਾਲੇ ਰਾਮ ਜੀ ਨੂੰ ਆਮ ਸਾਧਾਰਨ ਮਨੁੱਖ ਜ਼ਾਹਰ ਕਰਕੇ ਉਸ ਦੇ ਈਸ਼ਵਰ ਹੋਣ ਦੀ ਅਥਵਾ ਈਸ਼ਵਰੀ ਅਵਤਾਰ ਹੋਣ ਦੀ ਭਰਪੂਰ ਖੰਡਣਾ ਕੀਤੀ ਹੈ । ਗੁਰਦੇਵ ਜੀ ਤਾਂ ਅਜਹੇ ਕਿਸੇ ਰਾਮ ਨੂੰ ਉਸ ਮਹਾਂਪੁਰਖ ਦੇ ਤੁੱਲ ਵੀ ਨਹੀਂ ਮੰਨਦੇ ਜਿਸ ਨੇ ਤ੍ਰਿਸ਼ਨਾ ਅਗਨੀ ਬੁਝਾ ਕੇ ਵਾਸਨਾਂ ਤੇ ਕਾਬੂ ਪਾ ਲਿਆ ਹੇਵੇ, ਅਥਵਾ ਜਿਹੜਾ ਮਾਇਆ ਦੇ ਪ੍ਰਭਾਵ ਤੋਂ ਨਿਰਲੇਪ ਹੋ ਕੇ ਪ੍ਰਭੂ ਦਾ ਜਨ ਬਣ ਚੁੱਕਾ ਹੋਵੇ । ਰਾਮ ਵਿਚ ਉਸ ਜਨ ਵਾਲੀ ਕੋਈ ਸਿਫ਼ਤ ਨਹੀਂ ਦਿਸਦੀ ਜਿਸ ਨੇ ਕਾਮ ਕ੍ਰੋਧ ਲੋਭ ਮੋਹ ਦੇ ਮੰਦੇ ਅਸਰਾਂ ਤੋਂ ਛੁਟਕਾਰਾ ਪਾ ਲਿਆ ਹੋਵੇ--**ਤੇਰਾ ਜਨ ਏਕੁ ਆਧੁ ਕੋਈ ॥ ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ, ਹਰਿ ਪਦੁ ਚੀਨੈ ਸੋਈ ॥** (੧੧੨੩) ਬ੍ਰਾਹਮਣ ਦੇ ਇਸ ਰਾਮ-ਰੱਬ ਜੀ ਨੂੰ ਤਾਂ, ਗੁਰਦੇਵ ਜੀ ਨੇ, ਇਸਤ੍ਰੀ ਅਤੇ ਭਰਾ ਦੇ ਮੋਹ ਅਥਵਾ ਵਿਛੋੜੇ ਕਾਰਨ ਰੋਂਦਾ ਕੁਰਲਾਉਂਦਾ ਵੇਖਿਆ ਹੈ :- -

੧੦- **ਸਲੋਕ ਮ: ੧ ॥ ਰੋਵੈ ਰਾਮੁ ਨਿਕਾਲਾ ਭਇਆ ॥ ਸੀਤਾ ਲਖਮਣੁ ਵਿਛੁੜਿ ਗਇਆ ॥**[੯੫੩ ਵਾਰ ੧੪]

ਇਸ ਤਰ੍ਹਾਂ ਦੀ ਭੈੜੀ ਹਾਲਤ ਵਿਚ ਰਾਜਾ-ਰਾਮ ਤਾਂ ਮੰਨਿਆ ਜਾ ਸਕਦਾ ਹੈ ਪਰ ਸ੍ਰਿਸ਼ਟੀ ਕੇ ਕਣ-ਕਣ ਵਿੱਚ ਰਮੇ ਹੋਏ ਰਾਮ ਦੀ ਅਜੇਹੀ ਦਿਸ਼ਾ ਕਦੇ ਨਹੀਂ ਹੋ ਸਕਦੀ । ਅਰਥਾਤ ਗੁਰਦੇਵ ਜੀ ਨੇ ਬ੍ਰਾਹਮਣ ਦੀ ਆਪਣੀ ਹੀ ਲਿਖੀ ਗਾਥਾ ਦੇ ਹਵਾਲੇ ਨਾਲ ਰਾਮ ਨੂੰ ਪ੍ਰਭੂ ਜਾਂ ਪ੍ਰਭੂ ਦਾ ਅਵਤਾਰ ਮੰਨਣ ਦੀ ਖੰਡਣਾ ਕੀਤੀ ਹੈ । ਏਸੇ ਸਬੰਧ ਵਿਚ ਸਤਿਗੁਰੂ ਨਾਨਕ ਜੀ ਦਾ ਹੋਰ ਬਚਨ ਇਉਂ ਹੈ :-

੧੧- **ਰਾਮੁ ਝੁਰੈ ਦਲ ਮੇਲਵੈ ਅੰਤਰਿ ਬਲੁ ਅਧਿਕਾਰ ॥ ਬੰਤਰ ਕੀ ਸੈਨਾ ਸੇਵੀਐ ਮਨਿ ਤਨਿ ਜੁਝੁ ਅਪਾਰੁ ॥**
**ਸੀਤਾ ਲੈ ਗਇਆ ਦਹਿਸਿਰੋ ਲਛਮਣੁ ਮੂਓ ਸਰਾਪਿ ॥ ਨਾਨਕ ਕਰਤਾ ਕਰਣਹਾਰੁ ਕਰਿ ਵੇਖੈ ਥਾਪਿ ਉਥਾਪਿ ॥ ੨੫ ॥**
**ਮਨ ਮਹਿ ਝੂਰੈ ਰਾਮਚੰਦੁ ਸੀਤਾ ਲਛਮਣ ਜੋਗੁ ॥ ਹਣਵੰਤਰੁ ਆਰਾਧਿਆ ਆਇਆ ਕਰਿ ਸੰਜੋਗੁ ॥ ਭੂਲਾ ਦੈਤੁ ਨ**
**ਸਮਝਈ ਤਿਨਿ ਪ੍ਰਭ ਕੀਏ ਕਾਮ ॥ ਨਾਨਕ ਵੇਪਰਵਾਹੁ ਸੋ ਕਿਰਤੁ ਨ ਮਿਟਈ ਰਾਮ ॥ ੨੬ ॥**[੧੪੧੨]

**ਪਦ ਅਰਥ :**- ਝੂਰੈ--ਦੁਖੀ ਹੁੰਦਾ ਹੈ । ਦਲ--ਫ਼ੌਜਾਂ । ਮੇਲਵੈ--ਇਕੱਠੀਆਂ ਕਰਦਾ ਹੈ । ਬਲੁ ਅਧਿਕਾਰ--ਇਖ਼ਤਿਆਰ ਦੀ ਤਾਕਤ । ਬੰਤਰ ਕੀ ਸੈਨਾ--ਵਾਨਰਾਂ ਦੀ ਫ਼ੌਜ । ਸੇਵੀਐ--(ਰਾਮ ਚੰਦ੍ਰ ਦੀ) ਸੇਵਾ ਕੀਤੀ ਜਾ ਰਹੀ ਹੈ । ਮਨਿ ਤਨਿ--ਮਨ ਅਤੇ ਤਨ ਕਰਕੇ । ਜੁਝੁ--ਜੁੱਧ ਦਾ ਚਾਉ । ਮੂਓ--ਮਰ ਗਿਆ, ਮੂਰਛਾ ਹੋਣ ਦੇ ਦੁਖ ਵਿੱਚ ਪਿਆ । ਸਰਾਪ--ਸਰਾਪ ਨਾਲ (ਰਾਮਾਇਣ ਗਾਥਾ ਸੁਨਾਉਂਣ ਵਾਲੇ ਦਸਦੇ ਹਨ ਕਿ ਲਛਮਣ ਨੇ ਭੀਲਣੀ ਦੇ ਜੂਠੇ ਬੇਰ ਨਹੀਂ ਸੀ ਖਾਧੇ ਅਤੇ ਅੱਖ ਬਚਾ ਕੇ ਸੁੱਟਦਾ ਰਿਹਾ ਸੀ ਤਾਂ ਰਾਮ ਨੇ ਹੀ ਕਿਹਾ ਸੀ ਕੇ ਤੈਨੂੰ ਇਸ ਭੁੱਲ ਦੀ ਸਜ਼ਾ ਮਿਲਣੀ ਹੈ) । ਥਾਪਿ--ਪੈਦਾ ਕਰਕੇ । ਉਥਾਪਿ--ਨਾਸ ਕਰਕੇ **। ੨੫ ।** ਜੋਗ--ਖ਼ਾਤਰ, ਵਾਸਤੇ (ਸੀਤਾ ਗੁਆ ਕੇ ਤੇ ਲਛਮਣ ਨੂੰ ਬਰਛੀ ਮਰਵਾ ਕੇ ਇਨ੍ਹਾਂ ਦੀ ਖ਼ਾਤਰ ਰਾਮ ਦੁਖੀ ਹੋ ਰਿਹਾ ਹੈ) । ਹਣਵੰਤਰੁ--ਹਨੂਮਾਨ । ਆਰਾਧਿਆ--ਯਾਦ ਕੀਤਾ । ਕਰਿ--ਕਰਕੇ, ਦੇ ਕਾਰਨ । ਸੰਜੋਗ--ਮਿਲਾਪ (ਪਿਛਲੇ ਬਣੇ ਸੰਜੋਗਾਂ ਨਾਲ । ਦੈਤ--ਰਾਵਣ ਦੈਂਤ ॥ ਤਿਨਿ--ਉਸ ਨੇ । ਕਾਮ--ਸਾਰੇ ਕੰਮ ਕੀਤੇ ਹਨ । ਵੇਪਰਵਾਹ--ਜਿਸ ਨੂੰ ਕਿਸੇ ਦੀ ਮੁਥਾਜੀ ਨਾ ਹੋਵੇ । ਕਿਰਤੁ--ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਦਾ ਸਮੂਹ, ਭਾਵੀ । ਨ ਮਿਟਈ ਰਾਮ--ਇਸ (ਰਾਜਾ)--ਰਾਮ ਕੋਲੋਂ ਵੀ ਨਹੀਂ ਮਿਟ ਸਕਦੀ ।

ਗੁਰੂ ਪਾਤਿਸ਼ਾਹ ਨੇ ਇਨ੍ਹਾਂ ਪਾਵਨ ਸਲੋਕਾਂ ਵਿੱਚ ਰਾਮਾਇਣ ਦੀ ਕਥਾ ਵਿਚਲੀਆਂ ਕਥਿਤ ਘਟਨਾਵਾਂ ਦੇ ਵਾਪਰੇ ਹੋਣ ਦੇ ਸੱਚ ਜਾਂ ਝੂਠ ਬਾਰੇ ਆਪਣੇ ਵਿਚਾਰ ਪ੍ਰਗਟ ਨਹੀਂ ਕੀਤੇ, ਸਗੋਂ ਗਾਥਾ ਵਿਚਲੀਆਂ ਉਕਾਈਆਂ ਵੱਲ ਧਿਆਨ ਦੁਆ ਕੇ ਸਮਝਾਇਆ ਹੈ ਕਿ ਅਜੇਹਾ ਕੁੱਝ ਸਰਬ ਸ਼ਕਤੀ ਮਾਨ ਅਕਾਲ ਪੁਰਖ ਨਾਲ ਜੋੜਨਾ ਭੁੱਲ ਹੈ । ਜੇ ਇਸ ਗਾਥਾ ਵਿਚਲੀਆਂ ਘਟਨਾਵਾਂ ਨੂੰ ਸੱਚ ਵੀ ਮੰਨੀਏ, ਤਦ ਵੀ ਰਾਮਚੰਦ੍ਰ ਜੀ ਆਪਣੇ ਪਿਛਲੇ ਕੀਤੇ ਕਰਮਾ ਦਾ ਫਲ ਭੋਗਦੇ ਹੀ ਨਜ਼ਰ ਆ ਰਿਹੇ ਹਨ । ਉਨ੍ਹਾਂ ਵਿੱਚ ਅਜੇਹੀ ਕੋਈ ਸ਼ਕਤੀ ਨਹੀਂ ਸੀ ਕਿ ਸੰਸਕਾਰਾਂ ਦੇ ਅਨੁਸਾਰ ਵਾਪਰਨ ਵਾਲੀ ਭਾਵੀ ਨੂੰ ਬਦਲ ਸਕਦੇ । ਜੇ ਔਖੀ ਵੇਲੇ ਹਨੂੰਮਾਨ* ਨਾ ਬਹੁੜਦਾ ਤਾਂ ਲਛਮਣ ਕਦੇ ਸੁਰਜੀਤ ਨਹੀਂ ਸੀ ਰਹਿ ਸਕਦਾ ਅਤੇ ਰਾਮ ਜੀ ਆਪ ਕਹਿ ਰਿਹੇ ਸਨ ਕਿ ਜੇ ਲਛਮਣ ਸੁਰਜੀਤ ਨਾ ਹੋ ਸਕਿਆ ਤਾਂ ਉਹ ਵੀ ਨਹੀਂ ਬਚਣਗੇ । ਬੜੇ ਮਿੱਠੇ ਸ਼ਬਦਾਂ ਵਿੱਚ ਗੁਰੂ ਜੀ ਨੇ ਅਵਤਾਰ ਪ੍ਰਥਾ ਦੀ ਖੰਡਣਾ ਕੀਤੀ ਹੈ ।>>>>>

**Foot Note:-ਹਨੂੰਮਾਨ** = ਮਹਾਨ ਕੋਸ਼ ਦੇ ੨੫੯ ਸਫੇ ਤੇ ਇਸ ਪ੍ਰਕਾਰ ਲਿਖਿਆ ਹੈ :- ਵਾਲਮੀਕ ਕਾਂਡ ੪, ਅਧਿਆਇ ੬੬ ਵਿੱਚ ਲੇਖ ਹੈ ਕਿ ਅਪਸਰਾ **ਪੰਜਿਕਸਥਲਾ** ਜਿਸ ਨੂੰ ਅੰਜਨਾ ਭੀ ਆਖਦੇ ਹਨ, ਕੇਸਰੀ ਦੀ ਇਸਤ੍ਰੀ ਵਡੀ ਸੁੰਦਰ ਸੀ । ਉਸ ਨੂੰ ਦੇਖ ਕੇ ਪਵਨ ਦੇਵਤਾ ਕਾਮਾਤ੍ਰ ਹੋ ਕੇ ਲਿਪਟ ਗਿਆ, ਜਿਸ ਤੋਂ ਇਹ ਬਲੀ ਪੁੱਤ੍ਰ ਜਨਮਿਆ, ਜੋ ਉਸੇ ਦਿਨ ਸੂਰਜ ਨੂੰ ਫ਼ਲ ਜਾਣਕੇ ਖਾਣ ਲਈ ਕੁਦਿਆ । ਇੰਦ੍ਰ ਨੇ ਸੂਰਜ ਦੀ ਰਖਿਆ ਲਈ ਬਾਲਕ ਨੂੰ ਵੱਜ੍ਰ ਮਾਰਕੇ ਜ਼ਮੀਨ ਤੇ ਸੁੱਟ ਦਿੱਤਾ, ਜਿਸ ਤੋਂ ਬੱਚੇ ਦਾ ਹਨ ( ਜੁਬਾੜਾ) ਵਿੰਗਾ ਹੋ ਗਿਆ । ਇਸ ਕਾਰਣ ਨਾਉਂ ਹਨੂਮਾਨ ਹੋਇਆ । ਅਨੇਕ ਪੁਸਤਕਾਂ ਵਿੱਚ ਹਨੂਮਾਨ ਨੂੰ ਬਾਂਦਰ ਲਿਖਿਆ ਹੈ । ਕਿਤਨਿਆਂ ਲੋਕਾਂ ਦਾ ਖਿਆਲ ਹੈ ਕਿ ਇਹ ਬੰਦਰ (ਜੰਗਲੀ) ਲੋਕਾਂ ਵਿਚੋਂ ਸੀ ਅਤੇ ਬਨਵਾਸੀ ਰਿਖੀਆਂ ਤੋਂ ਵਿਦਿਆ ਪੜ੍ਹ ਕੇ ਵਿਦਵਾਨ ਹੋ ਗਿਆ ਸੀ ।

ਸਿਵ ਪੁਰਾਣ ਖੰਡ--੭-- ਅਧਿਆਇ--੩੩-- ਵਿੱਚ ਲਿਖਿਆ ਹੈ ਕਿ ਸ਼ਿਵ ਜੀ ਮੋਹਨੀ (ਅਵਤਾਰ ਦੇ) ਰੂਪ ਨੂੰ ਦੇਖ ਕੇ ਚੰਬੜ ਗਏ । ਸ਼ਿਵ ਜੀ ਦਾ ਮਦ ਅਰਥਾਤ ਵੀਰਜ ਧਰਤੀ ਤੇ ਡਿਗ ਪਿਆ, ਜਿਸ ਨੂੰ **ਨਾਗ-ਮੁਨੀ** ਨੇ ਸ਼ਿਵ ਜੀ ਦੇ ਇਸ਼ਾਰੇ ਨਾਲ ਰੱਖ ਲਿਆ । ਅਤੇ ਫਿਰ ਰਾਮਚੰਦਰ ਜੀ ਦੇ ਕਾਰਜ ਸਿੱਧ ਕਰਨ ਖਾਤਰ ਉਸ ਵੀਰਜ ਨੂੰ ਵਰਤ ਕੇ ਅੰਜਣੀ ਦੁਆਰਾ ਸ਼ਿਵ ਜੀ ਨੇ ਆਪ ਹੀ ਅਵਤਾਰ (ਹਨੂੰਮਾਨ ਨੂੰ ਸ਼ਿਵ ਜੀ ਦਾ ਅਵਤਾਰ ਮੰਨਿਆ ਜਾਂਦਾ ਹੈ ) ਲਿਆ ਅਤੇ ਵਿਸ਼ਨੂੰ ਅਰਥਾਤ ਰਾਮਚੰਦ੍ਰ ਦਾ ਦੁਖ ਨਵਿਰਤ ਕੀਤਾ । ਪਰ ਏਸੇ ਹੀ ਧਰਮ-ਗ੍ਰੰਥ ਸਿਵ ਪੁਰਾਣ ਦੇ--ਖੰਡ--੭--ਅਧਿਆਇ--੩੯--(ਸਫਾ ੪੮੪ ਪੰਜਾਬੀ ਅਨੁਵਾਦ) ਤੇ ਲਿਖਿਆ ਹੈ ਕਿ **ਕਿੰਪੁਰਸ਼** ਨਾਮੀ ਦੀਪ ਦੇ ਵਸਨੀਕ ਸ਼ਿਵ ਭਗਤ, **ਕੇਸਰੀ** ਜੋ ਬਾਂਦਰਾਂ ਦਾ ਰਾਜਾ ਸੀ ਦੀ ਸੁਪੱਤਨੀ **ਅੰਜਨੀ** ਮਹਾਂ ਸੁੰਦਰੀ ਸੀ । ਉਸ ਨੂੰ ਦੇਖ ਕੇ ਪਵਨ ਦਾ ਦੇਵਤਾ **ਸ਼ਮੀਰ** ਜਿਸ ਦਾ ਨਾਮ **ਪ੍ਰਭੰਜਨ** ਸੀ, ਉਸ ਨਾਲ ਚਿੰਬੜ ਗਿਆ ਤਾਂ ਅੰਜਨੀ ਨੇ ਉਸ ਨੂੰ ਸਰਾਪ ਦੇਣ ਦੀ ਧਮਕੀ ਦਿੱਤੀ ਪਰ ਪ੍ਰਭੰਜ ਨੇ ਕਿਹਾ ਕਿ ਉਹ ਕੋਈ ਰੰਜ ਨਾ ਕਰੇ । ਇਸ ਸੰਜੋਗ ਨਾਲ ਉਸ ਦੇ ਘਰ ਸ਼ਿਵ ਜੀ ਦਾ ਅਵਤਾਰ, ਬੜਾ ਬਲੀ ਪੁੱਤ੍ਰ ਜਨਮੇਗਾ । ੧੦ ਮਹੀਨਿਆ ਮਗਰੋਂ ਹਨੂੰਮਾਨ ਪੈਦਾ ਹੋਇਆ ਅਤੇ ਇਸ ਬਾਲਕ ਦੇ ਜਨਮ ਤੇ ਦੇਵਤਿਆਂ ਨੇ ਖ਼ੁਸ਼ੀ ਮਨਾਈ । ਸੰਸਾਰ ਦੇ ਕਸ਼ਟ ਕੱਟੇ ਗਏ ।

ਅੱਗੇ ਸਤਵੇਂ ਖੰਡ ਦੇ ਹੀ ਅਧਿਆਇ ੪੦ ਤੇ ਬ੍ਰਹਮਾ ਜੀ ਨਾਰਦ ਨੂੰ ਸੁਣਾਉਂਦੇ ਹਨ ਕਿ ਜਦੋਂ ਅੰਜਨੀ ਨੇ ਹਨੂੰਮਾਨ ਵਿੱਚ ਸ਼ਿਵ ਜੀ ਦਾ ਅੰਸ਼ ਨਾ ਦੇਖਿਆ ਤਾਂ ਉਸ ਨੇ ਇਸ ਨਵ-ਜਨਮੇ ਬਾਲਕ ਨੂੰ ਪਰਬਤ ਦੀ ਚੋਟੀ ਤੋਂ ਹੇਠਾਂ ਸੁਟ ਦਿੱਤਾ । ਬਾਲਕ ਦੇ ਡਿੱਗਣ ਨਾਲ ਬੜਾ ਭਿਆਨਕ ਸ਼ਬਦ ਹੋਇਆ ਅਤੇ ਪਰਬਤ ਟੁਕੜੇ ਟੁਕੜੇ ਹੋ ਕੇ ਹੇਠਾਂ ਧੱਸ ਗਿਆ ਅਤੇ ਧਰਤੀ ਕੰਬਣ ਲੱਗ ਪਈ । ਸਮੁੰਦਰ ਸੁੱਕ ਗਿਆ । ਹਨੂੰਮਾਨ ਨੇ ਪ੍ਰਿਥਵੀ ਤੇ ਡਿਗ ਕੇ ਜਦ ਆਕਾਸ਼ ਤੇ ਸੂਰਜ ਨੂੰ ਦੇਖਿਆ ਤਾਂ ਉਸ ਨੂੰ ਫਲ ਸਮਝ ਕੇ ਖਾਣ ਨੂੰ ਪਿਆ । ਇੰਦਰ ਨੇ ਸੂਰਜ ਦੀ ਸਹਾਇਤਾ ਕਰਨ ਲਈ ਆਪਣਾ ਵਜ੍ਰ ਹਨੂੰਮਾਨ ਦੇ ਮਾਰਿਆ ਤਾਂ ਉਹ ਧਰਤੀ ਤੇ ਡਿੱਗ ਪਿਆ । ਹਨੂੰਮਾਨ ਨੂੰ ਮਰ ਗਿਆ ਸਮਝ ਕੇ ਪਵਨ-ਦੇਵਤਾ **ਵਿਰਲਾਪ** ਕਰਨ ਲੱਗ ਪਿਆ । ਸ਼ਿਵ ਜੀ ਦੇ ਕਹਿਣ ਤੇ ਪਵਨ-ਦੇਵ ਨੈ ਆਪਣਾ ਸੁਆਸ ਖਿੱਚ ਲਿਆ (ਭਾਵ, ਜੀਵਾਂ ਦੇ ਸਾਹ ਲੈਣ ਵਾਸਤੇ ਹਵਾ ਨਾ ਰਹੀ ) । ਫਿਰ ਦੇਵਤਿਆਂ ਨੇ ਮਿੰਨਤਾਂ ਕੀਤੀਆਂ ਅਤੇ ਸ਼ਿਵ ਜੀ ਦੇ ਕਹਿਣ ਤੇ ਸਾਰਿਆਂ ਨੇ ਹਨੂੰਮਾਨ ਨੂੰ ਅਸੀਸਾਂ ਦਿੱਤੀਆਂ ਤਾਂ ਹਨੂਮਾਨ ਰਾਜ਼ੀ ਹੋ ਗਿਆ ਅਤੇ ਪਵਨ ਦੇਵਤਾ ਉਸ ਨੂੰ ਅੰਜਨੀ ਦੀ ਗੋਦ ਵਿੱਚ ਦੇ ਕੇ ਅੰਤਰ ਧਿਆਨ ਹੋ ਗਿਆ । ਅੰਜਨੀ ਨੇ ਉਸ ਨੂੰ ਦੁੱਧ ਚੁੰਘਾਇਆ । ਕੇਸਰੀ ਵੀ ਹਨੂੰਮਾਨ ਨੂੰ ਦੇਖ ਕੇ ਬੜਾ ਖ਼ੁਸ਼ ਹੋਇਆ । ਥੋੜੇ ਦਿਨਾ ਬਾਅਦ ਹਨੂੰਮਾਨ ਏਨਾ ਬਲਵਾਨ ਹੋ ਗਿਆ ਕਿ ਪ੍ਰਿਥਵੀ ਤੋਂ ਉੱਡ ਕੇ ਆਕਾਸ਼ ਤੇ ਚਲਾ ਜਾਂਦਾ । ਕਦੀ ਪਵਨ ਅਤੇ ਕਦੀ ਸੂਰਜ ਕੋਲ ਜਾ ਕੇ ਖੇਡਦਾ । **ਤਾਰਿਆਂ ਨੂੰ ਖਡੌਣੇ ਸਮਝ ਕੇ ਫੜ ਲੈਂਦਾ ਅਤੇ ਚੰਦਰਮੇਂ ਨੂੰ ਚਾਟ ਸਮਝ ਕੇ ਚੱਟਦਾ । ਕਈ ਵਾਰੀ ਆਕਾਸ਼ ਗੰਗਾ (Milky-Way) ਵਿੱਚ ਇਸ਼ਨਾਨ ਕਰਕੇ ਆਪਣੀ ਪੂਛਲ ਛੰਡਦਾ ।** ਖਰੂਦੀ ਦੇਖ ਕੇ ਮੁਨੀਆਂ ਨੇ ਉਸ ਨੂੰ ਸਰਾਪ ਦੇ ਦਿੱਤਾ ਕਿ ਸਾਰੀ ਸ਼ਕਤੀ ਦਾ ਉਸ ਨੂੰ ਚੇਤਾ ਹੀ ਭੁੱਲ ਜਾਏ । ਪਰ ਅਕਾਸ਼ਬਾਣੀ ਹੋਣ ਤੇ ਮੁਨੀ ਡਰ ਗਏ ਅਤੇ ਸਰਾਪ ਨਰਮ ਕਰ ਦਿੱਤਾ । ਕਿ ਜਦੋਂ ਇਸ ਨੂੰ ਰਾਮਚੰਦਰ ਜੀ ਮਿਲਣਗੇ ਤਾਂ ਇਸ ਨੂੰ ਆਪਣੇ ਬਲ ਦਾ ਚੇਤਾ ਆ ਜਾਵੇਗਾ । ਫਿਰ ਹਨੂੰਮਾਨ ਨੇ **ਸੂਰਜ ਕੋਲ ਜਾ ਕੇ ਵਿਦਿਆ ਪੜ੍ਹੀ** । ਅਤੇ ਫਿਰ ਸੂਰਜ ਦੇ ਕਹਿਣ ਤੇ **ਪੰਪਾਪੁਰ** ਵਿਖੇ **ਸੁਗ੍ਰੀਵ** ਹੁਣਾ ਕੋਲ ਆ ਗਿਆ । **ਰਿਸ਼ੀਮੁਕ** ਪਰਬਤ ਤੇ ਰਾਮਚੰਦਰ ਨਾਲ ਮੇਲ ਹੋਇਆ ਅਤੇ ਹਨੂੰਮਾਨ ਨੇ ਫਿਰ ਰਾਮਚੰਦ੍ਰ ਦੀ ਸੀਤਾ ਦਾ ਪਤਾ ਲਿਆ ਕੇ ਦਿੱਤਾ । ਲਛਮਣ ਨੂੰ ਜੀਉਂਦਾ ਕਰਨ ਲਈ ਹਮਾਲੀਆ ਪਹਾੜ ਦੀ ਉਸ ਪਹਾੜੀ ਨੂੰ, ਜਿਸ ਤੇ **ਸੰਜੀਵਣੀ** ਆਦਿ **ਦੈਵੀ ਜੜੀ ਬੂਟੀਆਂ** ਉਗੀਆਂ ਸਨ, ਚੁੱਕ ਕੇ ਰਾਤੋ ਰਾਤ ਲੰਕਾ ਲੈ ਗਿਆ ਅਤੇ ਦਿਨ ਚੜ੍ਹਨ ਤੋਂ ਪਹਿਲਾਂ ਹੀ ਉਸ ਪਹਾੜੀ ਨੂੰ ਮੁੜ ਵਾਪਸ ਉਥੇ ਹੀ ਰੱਖ ਆਇਆ ।

<<<< ਆਪਣੇ ਅਵਤਾਰਾਂ, ਦੇਵੀ ਦੇਵਤਿਆਂ, ਧਰਮ ਗ੍ਰੰਥਾਂ ਅਤੇ ਜਾਪ ਕਰਨ ਵਾਲੇ ਪਵਿੱਤ੍ਰ ਮੰਤ੍ਰਾਂ ਦੀ ਬੇਅਦਬੀ ਜਿੰਨੀ ਹਿੰਦੂਆਂ ਦੇ ਧਰਮ-ਗੁਰੂ, ਬ੍ਰਾਹਮਣ ਨੇ ਕੀਤੀ ਹੈ ਸੰਸਾਰ ਦੇ ਹੋਰ ਕਿਸੇ ਵੀ ਧਰਮ-ਆਗੂ ਨੇ ਅਜੇਹਾ ਪਾਪ ਨਹੀਂ ਕੀਤਾ । ਇੱਕ ਪਾਸੇ ਰਾਮ ਜੀ ਨੂੰ ਸਰਬ-ਸ਼ਕਤੀਮਾਨ ਪਰਮਾਤਮਾ ਕਿਹਾ ਹੈ ਅਤੇ ਫਿਰ ਉਨ੍ਹਾਂ ਦੀ ਪਤਨੀ ਸੀਤਾ ਜੀ ਨੂੰ ਰਾਵਣ ਰਾਹੀਂ ਉਧਾਲੇ ਜਾਣ ਵਾਲੀ ਗਾਥਾ, ਰਾਮ ਜੀ ਦੀ ਜੀਵਨੀ ਦੇ ਨਾਲ ਮੜ੍ਹ ਦੇਣੀ ਭਗਤ ਨਾਮ ਦੇਵ ਜੀ ਨੂੰ ਬੁਰੀ ਲੱਗੀ । ਬ੍ਰਾਹਮਣ ਦੀ ਇਸ ਦੋ-ਰੁਖੀ ਚਾਲ ਦਾ ਅਨਭਵ ਕਰਾਉਂਦੇ ਹੋਏ ਭਗਤ ਜੀ ਫੁਰਮਾਨ ਕਰਦੇ ਹਨ---

੧੨- **ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ ॥**
**ਰਾਵਨ ਸੇਤੀ ਸਰਬਰ ਹੋਈ, ਘਰ ਕੀ ਜੋਇ ਗਵਾਈ ਥੀ** ॥ ੩ ॥[੮੭੪]--੩-੭

[NOte:- ਇਸ ਪੂਰੇ ਸਬਦ ਦੀ ਵਿਸਥਾਰ ਪੂਰਬਕ ਵਿਚਾਰ, ਤੀਜੇ ਕਾਂਡ ੯੯ ਨੰਬਰ ਤੇ ਹੋ ਚੁੱਕੀ ਹੈ ]

ਆਰੀਆ ਸਮਾਜੀ, ਰਾਮਾਇਣ, ਮਹਾਂਭਾਰਤ ਗ੍ਰੰਥਾਂ ਸਮੇਤ ਸਾਰੇ ਪੁਰਾਣਾਂ ਆਦਿ ਨੂੰ ਝੂਠ ਦੇ ਪੁਲੰਦੇ ਮੰਨਦੇ ਹਨ । (ਵੇਖੋ ਭਾਸ਼ਾ ਵਿਭਾਗ ਪੰਜਾਬ ਦੀ ਕਿਤਾਬ--**ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ** ਸਫ਼ਾ ੩੧-੩੨) ਗੋਸ੍ਵਾਮੀ ਤੁਲਸੀ ਦਾਸ ਦਾ ਲਿਖਿਆ--**ਸ੍ਰੀ ਰਾਮ ਚਿਰਤ੍ਰ ਮਾਨਸ**--ਅਥਵਾ ਰਾਮਾਇਣ ਦੇ ਹੋਰ ਗ੍ਰੰਥ, ਇਕਾਗਰਤਾ ਨਾਲ ਪੜ੍ਹਿਆਂ ਅਤੇ ਸੰਪੂਰਨ-ਰਾਮਾਇਣ ਗਾਥਾ ਦੀ ਫ਼ਿਲਮ ਦੀਆਂ ਵੀਡੀਓ (Video) ਰੀਲਾਂ ਨੂੰ ਪੜਚੋਲੀਆ ਨਜ਼ਰ ਨਾਲ ਵੇਖਿਆਂ, ਬੜੀਆਂ ਦੁਖਦਾਈ ਕਮਜ਼ੋਰੀਆਂ ਸ੍ਰੀ ਰਾਮਚੰਦ੍ਰ ਜੀ ਦੇ ਆਚਰਨ ਵਿਚ ਵਿਖਾਈਆਂ ਮਿਲਣਗੀਆਂ । ਗਾਥਾ ਵਿਚਲੇ ਪ੍ਰਾਕ੍ਰਿਤਕ ਨੇਮਾ ਦੇ ਵਿੱਰੁਧ ਵਾਪਰਦੇ ਸਾਕੇ, ਰਹਿੰਦੀ ਕਸਰ ਵੀ ਪੂਰੀ ਕਰ ਰਹੇ ਹਨ । ਜਿਸ ਤੋਂ ਇਸ ਗਾਥਾ ਦੀ ਸਚਾਈ ਬਾਰੇ ਗੰਭੀਰ ਸ਼ੰਕੇ ਉਤਪਨ ਹੋ ਜਾਣੇ ਸੁਭਾਵਕ ਹਨ । ਗੁਰਬਾਣੀ ਨੇ ਵੀ ਰਾਮਾਇਣ ਗਾਥਾ ਵਾਲੇ ਰਾਮ ਜੀ ਨੂੰ ਮਾਮੂਲੀ ਮਨੁੱਖ ਤੋਂ ਵੱਧ ਕੁਝ ਨਹੀਂ ਮੰਨਿਆ । ਇਸ ਸੱਭ ਕੁਝ ਤੋਂ ਇਹੀ ਪ੍ਰਭਾਵ ਬਣਦਾ ਹੈ ਕਿ ਸ਼ਾਇਦ ਇਹ ਗਾਥਾ ਕਿਸੇ ਬੇਹਦ ਚਲਾਕ ਅਤੇ ਸੁਆਰਥੀ ਬ੍ਰਾਹਮਣ ਨੇ ਬੜੇ ਵੱਡੇ ਲਾਭ ਨੂੰ ਮੁਖ ਰੱਖ ਕੇ ਲਿਖੀ ਹੋਈ ਹੈ ।

ਰਾਮਾਇਣ ਗਾਥਾ ਦੇ ਲਿਖਾਰੀ ਨੂੰ ਅਜੇਹਾ ਕੁਝ ਲਿਖਣ ਵਿਚ ਜਿਹੜੇ ਜ਼ਰੂਰੀ ਲਾਭ ਪੁੱਜਣ ਦੀ ਸੰਭਾਵਣਾ ਸੀ ਉਨ੍ਹਾਂ ਬਾਰੇ ਜੋ ਸਮਝ ਆਈ ਹੈ, ਉਸ ਦਾ ਵੇਰਵਾ ਇਸ ਪ੍ਰਕਾਰ ਹੈ :-

ਧਾਰਮਿਕ ਮਰਯਾਦਾ ਅਥਵਾ ਸਮਾਜੀ ਜ਼ਿੰਦਗੀ ਦੇ ਕਰਮਕਾਂਡੀ ਰੀਤੀ ਰਿਵਾਜ ਜਿਹੜੇ ਇਨ੍ਹਾਂ (ਵੇਦ-ਪੁਰਾਣਾਂ, ਸਿਮ੍ਰਿਤੀਆਂ ਆਦਿਕ) ਸਮੁੱਚੇ ਧਰਮ ਗ੍ਰੰਥਾਂ ਰਾਹੀਂ ਲੋਕਾਂ ਤੇ ਲਾਗੂ ਕੀਤੇ ਹੋਏ ਸੱਨ ਉਹ ਸਾਰੇ ਹੀ ਕਿਸੇ ਨਾ ਕਿਸੇ ਰੂਪ ਵਿੱਚ ਬ੍ਰਾਹਮਣ ਵਰਗ ਦੀ ਪੂਜਾ ਪ੍ਰਤਿਸ਼ਟਾ ਬਨਾਉਣ ਅਥਵਾ ਬ੍ਰਾਹਮਣ ਦੀ ਆਮਦਨ ਵਧਾਉਣ ਦੇ ਸਾਧਨ ਪੈਦਾ ਕਰਦੇ ਸਿੱਧ ਹੁੰਦੇ ਹਨ* ।>>>>>>(* Foot note:-ਇਸ ਦਲੀਲ ਦੀ ਸਚਾਈ ਨੂੰ ਸਮਝਣ ਵਾਸਤੇ ਪੜ੍ਹੋ, ਦੇਵਤੇ ਅਤੇ ਮਾਸ ਸ਼ਰਾਬ, ਪੂਜਾ ਭੇਟਾ, ਪੁੰਨ-ਦਾਨ, ਵਿਚੋਲਾ, ਮਰਨ ਸੰਸਕਾਰ, ਅੰਮ੍ਰਿਤ ਮੰਥਨ ਕੁੰਭ ਅਥਵਾ ਤੀਰਥਾਂ ਵਾਲੇ ਪ੍ਰਕਰਣ) ।

<<< ਖੁਲ੍ਹੀ ਠੱਗੀ ਦਾ ਇਹ ਲੰਮਾ ਚੌੜਾ **ਪਸਾਰਾ** ਬ੍ਰਾਹਮਣ ਵਾਸਤੇ **ਪਾਰਜਾਤ ਰੁੱਖ** ਬਣ ਚੁੱਕਾ ਸੀ ।

ਠੱਗ ਨੀਤੀ ਨਾਲ ਖਿਲਾਰੇ ਹੋਏ ਭਰਮ-ਜਾਲ ਦਾ ਪਾਜ ਨੰਗਾ ਕਰਨ ਵਾਲਾ ਕਦੇ ਕੋਈ ਸੱਚਾ ਸੁੱਚਾ ਮਹਾਂ-ਪੁਰਖ ਪੈਦਾ ਨਾ ਜਾਵੇ ? ਕਿਤੇ ਮੇਰੇ ਇਸ ਮਾਇਆ-ਜਾਲ ਦੀ ਅਸਲੀਅਤ ਨੰਗੀ ਨਾ ਹੋ ਜਾਵੇ ? ਸਵਗੀ ਸੁਖਾਂ ਦੇ ਲਾਰੇ, ਨਰਕੀ ਦੁਖਾਂ ਦੇ ਫੋਕੇ ਡਰਾਵੇ, ਅਥਵਾ ਰੱਬ ਦਾ ਮਿਲਾਪ ਕਰਾ ਦੇਣ ਦੇ ਫੋਕੇ ਲਾਰੇ ਨਾਲ ਅਰੰਭ ਕੀਤੀ ਹੋਈ ਇਸ ਸਾਰੀ ਲੁੱਟ ਦਾ ਪਾਜ ਕਿਤੇ ਨੰਗਾ ਨਾ ਹੋ ਜਾਵੇ ? ਬ੍ਰਾਹਮਣ ਨੂੰ ਪੂਰਾ ਗਿਆਨ ਸੀ ਕਿ ਦੁਖਾਂ ਸੁਖਾਂ ਦਾ ਦਾਤਾ ਈਸ਼ਵਰ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੋ ਸਕਦਾ । ਆਪਣੇ ਬਣਾਏ ਦੇਵੀ ਦੇਵਤਿਆਂ ਦੀ ਅਸਲੀਅਤ ਦਾ ਵੀ ਪੂਰਾ ਪਤਾ ਸੀ । ਉਹ ਜਾਣਦਾ ਸੀ ਕਿ ਦੇਵੀ ਦੇਵਤਿਆਂ ਦੇ ਫੋਕੇ ਡਰਾਵੇ ਨਾਲ ਬਣਾਈ ਮਰਯਾਦਾ ਦੇ ਆਸਰੇ ਉਸ ਨੇ ਬੜੇ ਤਕੜੇ ਉਪੱਦਰ ਅਰੰਭ ਕੀਤੇ ਹੋਏ ਹਨ । ਇਸ ਫੋਕਟ ਮਰਯਾਦਾ ਦਾ ਪਾਜ ਉਘੱੜ ਜਾਣ ਨਾਲ ਵਿਹਲੜ ਬ੍ਰਾਹਮਣ ਦੀ ਆਮਦਨ ਅਤੇ ਇੱਜ਼ਤ ਦੇ ਨਾਲ ਉਸ ਦੀ ਜਾਨ ਨੂੰ ਵੀ ਸੱਖ਼ਤ ਖ਼ਤਰਾ ਬਣ ਜਾਣ ਦੀ ਤਕੜੀ ਸੰਭਾਵਣਾ ਸੀ । ਬ੍ਰਾਹਮਣ ਨੇ ਇਹ ਅਨੁਭਵ ਵੀ ਕਰ ਲਿਆ, ਕਿ ਇਸ ਫੋਕਟ ਮਰਯਾਦਾ ਨੂੰ ਸਦੀਵੀ ਸੱਚ ਦਾ ਰੂਪ ਦੇ ਸਕਣਾ ਦੇਵੀ ਦੇਵਤਿਆਂ ਦੇ ਵੱਸ ਦਾ ਰੋਗ ਨਹੀਂ ਹੈ । ਦੂਰ-ਰਸ ਯੋਜਨਾਂ ਬਣਾਉਣ ਵਿਚ ਨਿਪੁੰਨ, ਚਪਲ ਬੁੱਧੀ ਬ੍ਰਾਹਮਣ ਦੀ ਰਾਤ ਦਿਨ ਦੀ ਸੋਚ-ਵਿਚਾਰ ਨੇ ਇਹ ਫੈਸਲਾ ਕਰ ਲਿਆ ਕਿ ਇਸ ਸਾਰੀ ਕਰਮਕਾਂਡੀ ਮਰਯਾਦਾ ਦੀ ਪੁਸ਼ਟੀ ਖ਼ੁਦ ਪਰਮਾਤਮਾਂ ਕੋਲੋਂ ਕਰਵਾ ਲੈਣੀ ਸਦੀਵੀ ਸੁਰੱਖਿਅਤਾ ਦਾ ਕਾਰਨ ਬਣ ਜਾਵੇਗੀ । ਦੇਵਤਿਆਂ ਦੇ ਮਗਰੇ ਹੀ ਹੁਣ ਰੱਬ ਕਿਥੋਂ ਆ ਜਾਵੇ ? **ਮਥੈ ਟਿਕਾ ਤੇੜਿ ਧੋਤੀ ਕਖਾਈ ॥ ਹਥਿ ਛੁਰੀ ਜਗਤ ਕਾਸਾਈ ॥** ਰੱਬ ਦਾ ਮਿਲਾਪ ਕਰਾ ਦੇਣ ਦੇ ਲਾਰੇ ਨਾਲ, ਦਾਨ ਦੇ ਬਹਾਨੇ ਲੋਕਾਂ ਕੋਲੋਂ ਸਭ ਕੁਝ ਲੁਟ ਪੁੱਟ ਲੈਣ ਮਗਰੋਂ ਕਰਵਤ ਹੇਠ ਬਿਠਾ ਕੇ ਅੱਧ ਵਿਚੋਂ ਚੀਰ ਕੇ ਮਾਰ ਦੇਣ ਵਾਲਾ ਇਹ ਜਗਤ ਕਸਾਈ, ਲੋਕਾਂ ਦੀ ਧੀਆਂ ਭੈਣਾ ਨੂੰ ਪੱਥਰਾਂ ਨਾਲ ਵਿਆਹ ਕੇ, ਰਾਮ ਜਣੀਆਂ ਬਣਾਈ ਜਾਣ ਵਾਲਾ, ' **ਸਤੀ ਮਰਯਾਦਾ** ' ਚਾਲੂ ਕਰਕੇ ਰੋਦੀਆਂ ਕੁਲਾਉਂਦੀਆਂ ਮਸੂਮ ਬੱਚੀਆਂ ਨੂੰ ਅੱਗ ਵਿਚ ਸਾੜ ਕੇ ਕਬਾਬ ਬਣਾਈ ਜਾਣ ਵਾਲਾ ਇਹ ਨਿਰਦਈ ਬ੍ਰਾਹਮਣ, ਆਪਣੇ ਇਨ੍ਹਾਂ ਪਾਪਾਂ ਦਾ ਚੇਤਾ ਕਰਕੇ ਕੰਬ ਰਿਹਾ ਸੀ। ਉਚੇਚੇ ਮਿਥੇ ਹੋਏ ਧਾਰਮਿਕ ਪਹਿਰਾਵੇ ਵਾਲਾ, ਧਰਮ ਦਾ ਪਰਚਾਰਕ, ਸਾਡਾ ਇਹ ਵਿਦਵਾਨ ਪਰ ਜ਼ਾਲਮ ਤੇ ਠੱਗ ਪ੍ਰੋਹਿਤ, ਡੂਘੀਆਂ ਵਿਚਾਰਾਂ ਵਿਚ ਡੁੱਬ ਗਿਆ ।

ਆਖ਼ਰ ਇਹ ਫੈਸਲਾ ਕਰ ਲਿਆ ਕਿ ਅਸਮਾਨੀ ਰੱਬ ਜਨਮ ਲੈ ਕੇ ਧਰਤੀ ਤੇ ਆਇਆ ਦਰਸਾ ਦੇਣਾ ਚਾਹੀਦਾ ਹੈ । ਰਾਜੇ ਨੂੰ ਧਰਤੀ ਦਾ ਈਸ਼ਵਰ ਪਹਿਲਾਂ ਥਾਪ ਹੀ ਲਿਆ ਹੋਇਆ ਸੀ । ਗੋ ਲੋਕ ਵਿਚ ਵੱਸਦੇ ਰੱਬ ਨੂੰ ਕਿਸੇ ਰਾਜੇ ਦੀ ਮਹਾਰਾਣੀ ਦੇ ਪੇਟੋਂ ਪੈਦਾ ਕਰ ਲੈਣ ਵਿਚ ਸਫ਼ਲਤਾ ਨਜ਼ਰ ਆਈ । ਰਾਜ-ਗੁਰੂ, ਰਾਜ-ਮੰਤ੍ਰੀ, ਰਾਜ ਪ੍ਰੋਹਤ ਬਣ ਚੁੱਕੇ ਵਿਦਵਾਨ ਬ੍ਰਾਹਮਣ ਦੇ ਵਸੀਲੇ ਏਨੇ ਵੱਧ ਚੁੱਕੇ ਸਨ ਕਿ, ਕਿਸੇ ਵੀ ਨਿਰਮੂਲ ਗੱਲ ਨੂੰ ਜੰਤਾ ਵਿਚ ਸਾਖ਼ਸ਼ਾਤ ਸੱਚ ਸਿੱਧ ਕਰ ਸਕਣਾ ਉਸ ਲਈ ਮਾਮੂਲੀ ਗਲ ਸੀ । ਬ੍ਰਾਹਮਣੀ ਯੋਜਨਾ ਅਨੁਸਾਰ, ਰੱਬ ਜੀ ਨੂੰ ਪੈਦਾ ਕਰਨ ਲਈ ਥਾਂ ਸਰਹੱਦੀ ਇਲਾਕੇ ਤੋਂ ਹਟਵਾਂ ਅਤੇ ਵਿਦਿਆ ਤੋਂ ਸੱਖਣੇ ਭਰਮੀ ਲੋਕਾਂ ਵਾਲਾ ਹੋਣਾ ਠੀਕ ਜਾਤਾ । ਟਿੱਕ ਲਿਆ ਕਿ ਰੱਬ ਜੀ ਦੇ ਆਗਮਨ ਵਾਲਾ ਟਿਕਾਣਾ **ਯੂ ਪੀ** ਵਿਚ ਹੋਣੀ ਚਾਹੀਦਾ ਹੈ । ਅਜੁਧਿਆ ਨਗਰੀ ਵਿਚ ਰੱਬ ਦਾ ਆਉਣਾ ਠੀਕ ਮੰਨਿਆਂ ਗਿਆ । ਵਿਦਵਾਨ, ਚਾਤੁਰ ਅਤੇ ਕਹਾਣੀ ਕਲਾ ਵਿਚ ਨਿਪੁੰਨ ਬ੍ਰਾਹਮਣ ਨੇ ਰਾਮਾਇਣ ਦੀ ਗਾਥਾ ਦਾ ਅਰੰਭ, " ਧਰਤੀ ਮਾਤਾ " ਦੀ ਵਿਸ਼ਨੂੰ ਜੀ ਅੱਗੇ ਫਰਿਆਦ ਤੋਂ ਕੀਤਾ । ਵਿਸ਼ਨੂੰ ਜੀ ਦੇ ਹੀ ਮੂੰਹੋਂ ਇਉਂ ਅਖਵਾ ਲਿਆ-- " ਮੈਂ ਆਪਣੀਆਂ ਕਲਾਂ ਸਮੇਤ ਅਜੁਧਿਆ ਦੇ ਰਾਜੇ ਦੇ ਘਰ ਜਨਮ ਲਵਾਂਗਾ " ਅਤੇ ਆਪ ਹੀ ਬਣਾਏ ਦੇਵਤਿਆਂ ਕੋਲੋਂ ਜੈ ਜੈ ਕਾਰ ਕਰਵਾ ਲਈ ।

**ਗੰਭੀਰ ਸ਼ੰਕਾ**-- ਅਜੇਹਾ ਦਰਸਾ ਕੇ ਵਿਦਵਾਨ ਬ੍ਰਾਹਮਣ ਨੇ ਇਹ ਵੀ ਸਿੱਧ ਕਰ ਦਿੱਤਾ ਕਿ ਵਿਸ਼ਨੂੰ ਜੀ ਅਜੇਹੇ ਰਬ ਹਨ ਜੋ ਆਪਣੀ ਸਿਰਜਣਾ ਦੀ ਕਣ ਕਣ ਵਿਚ ਵਾਸ ਕਰਨ ਦੇ ਥਾਂ ਆਪਣੇ ਪੱਕੇ ਟਿਕਾਣਾ ਗੋ ਲੋਕ ਵਿਚਲੇ ਖੀਰ ਸਮੁੰਦਰ ਵਿਚ ਨਾਗ ਸੇਜ ਤੇ ਨਿਸਚਿੰਤ ਸੁੱਤੇ ਰਹਿੰਦੇ ਹਨ । ਜਦ ਕਦੇ ਧਰਤੀ-ਮਾਤਾ ਅਤੇ ਦੇਵਤੇ ਰਲਵੀਂ ਹਾਲ-ਦੁਹਈ ਦੁਆਰਾ ਜਗਾ ਕੇ ਦੱਸਣ ਕਿ ਧਰਤੀ ਤੇ ਪਾਪ ਵੱਧ ਗਏ ਹਨ, ਤਾਂ ਰੱਬ ਜੀ ਆਸਮਾਨਾਂ ਤੋਂ ਧਰਤੀ ਤੇ ਜਨਮ ਧਾਰਦੇ ਹਨ । ਨਹੀਂ ਤਾਂ ਇਸ ਵਿਚਾਰੇ ਰਬ ਨੂੰ ਕੱਖ ਪਤਾ ਨਹੀਂ ਹੁੰਦਾ ਕਿ ਧਰਤੀ ਤੇ ਕੀ ਭਾਣੇ ਵਰਤ ਰਹੇ ਹਨ ? ਫਿਰ ਇਹ ਗੱਲ ਵੀ ਬੜੀ ਅਚੰਭੇ ਵਾਲੀ ਹੈ ਕਿ, ਆਪਣੇ ਕੋਲ ਹੀ ਆਸਮਾਨਾ ਵਿਚ ਬਣੇ ਸੁਰਗ-ਧਾਮ ਵਿਚ ਸੁਖੀ ਵੱਸਦੇ ਰੱਬ ਨੂੰ ਦੁੱਖਾਂ ਦੀ ਖਾਣ, ਧਰਤੀ ਤੇ ਧੱਕਾ ਦੇ ਦੇਣ ਵਿਚ ਦੇਵੀ-ਦੇਵਤੇ ਕਿਸ ਕਾਰਨ ਖੁਸੀਆਂ ਮਨਾਉਂਣ ਲੱਗ ਪਏ ਸਨ ? ਆਪਣੇ ਪਿਆਰੇ ਭਗਵਾਨ ਵਿਸ਼ਨੂੰ ਜੀ ਨੂੰ ਦੇਸੋਂ ਪ੍ਰਦੇਸ ਹੁੰਦਾ ਸੁਣ ਕੇ ਸਗੋਂ ਸੋਗ ਮਨਾਉਂਣਾ ਸੀ ਕਿ ਜਾਂ ਖ਼ੁਸ਼ੀਆਂ ਮਨਾਉਂਣੀਆਂ ਸਨ ? ਖ਼ੈਰ ਜੋ ਕੁਝ ਮਰਜ਼ੀ ਹੈ ਸੋਚੀ ਜਾਈਏ ਬ੍ਰਾਹਮਣ ਜੀ ਨੇ ਰਾਮਾਇਣ ਗਾਥਾ ਲਿਖ ਕੇਂ ਜੰਤਾ ਵਿਚ ਪਰਚਾਰਨੀ ਅਰੰਭ ਕਰ ਦਿੱਤੀ । ਉਸ ਦਾ ਤੀਰ ਠੀਕ ਨਿਸ਼ਾਨੇ ਤੇ ਜਾ ਵੱਜਾ ਸੀ ।

ਬ੍ਰਾਹਮਣ ਦੀ ਕਹੀ ਹਰ ਗੱਲ ਨੂੰ ਆਕਾਸ਼ ਬਾਣੀ ਸਮਝ ਕੇ ਉਸ ਪ੍ਰਤੀ ਸ਼ਰਧਾ ਬਣਾ ਲੈਣ ਦੀ ਆਦਤ ਵਾਲੀ (ਭਾਰਤ ਦੇਸ਼ ਦੀ) ਅਗਿਆਨਤਾ ਨੇ, ਹੋਲੀ ਹੌਲੀ, ਇਸ ਝੂਠੀ **ਗਾਥਾ ਨੂੰ** ਉਸ ਦੇ ਪਾਤਰਾਂ ਸਮੇਤ **ਸੱਚ** ਮੰਨ ਕੇ ਅਥਾਹ ਸ਼ਰਧਾ ਬਣਾ ਲਈ । ਰਾਮਾਇਣ ਦੀ ਕਥਾ ਦੇ ਮੁੱਖ ਨਾਇਕ **ਸ੍ਰੀ ਰਾਮ** ਨੂੰ **ਪਾਰਬ੍ਰਹਮ ਪਰਮਾਤਮਾ** ਬਣਾ ਦਿੱਤਾ ਅਤੇ ਰਾਮ ਦੇ ਸਾਰੇ ਸਾਥੀ **ਦੇਵਤੇ** ਬਣ ਗਏ । ਜਿਨ੍ਹਾਂ ਥਾਂਵਾਂ ਦਾ ਜ਼ਿਕਰ ਇਸ ਅਦਭੁਤ ਗ੍ਰੰਥ (ਰਾਮਾਇਣ) ਵਿਚ ਆਇਆ ਸੀ ਉਹ ਓਸੇ ਤਰ੍ਹਾਂ ਹੀ ਮਹਾਨ ਤੀਰਥ ਬਣ ਗਏ ਜਿਵੇਂ ਦਸਮ ਗ੍ਰੰਥ ਵਿਚਲੀ ਬ੍ਰਾਹਮਣੀ ਲਿਖਤ ਨੇ ਹੇਮ-ਕੁੰਡ ਨੂੰ **++(ਅਗਿਆਨੀ) ਅਤੇ ਅੰਧ-ਵਿਸ਼ਵਾਸ਼ੀ ਸਿਖ ਲਈ ਮਹਾਨ ਤੀਰਥ ਬਣਾ ਦਿੱਤਾ ਹੈ ।** ਏਥੇ ਖਲੋਤੇ ਕਲਗ਼ੀਧਰ ਜੀ ਸਿੱਖਾਂ ਨੂੰ ਉਸੇ ਤਰ੍ਹਾਂ ਹੀ ਉਡੀਕਣ ਲੱਗ ਪਏ ਹਨ ਜਿਵੇਂ ਉਹ ਹਜ਼ੂਰ ਸਾਹਿਬ ਪੁਜਣ ਵਾਲਿਆਂ ਦੀ ਉਡੀਕ ਵਿਚ ਖਲੋਤੇ ਹੋਏ ਸਮਝੇ ਜਾਂਦੇ ਸਨ । (ਇਹ ਹੈ ਬ੍ਰਾਹਮਣ ਦੇ ਲਿਖਣ-ਢੰਗ ਦੀ ਕਰਮਾਤ ਦਾ ਭੂਤ, ਜਿਹੜਾ ਗੁਰੂ ਦੇ ਸਿੱਖਾਂ ਦੇ ਸਿਰ ਚੜ੍ਹ ਕੇ ਵੀ ਬੋਲੀ ਜਾ ਰਿਹਾ ਹੈ)*

ਆਪਣੇ ਲਿਖਣ ਢੰਗ ਦੇ ਪੱਕੇ ਅਸੂਲ ਨੂੰ ਵਰਤਦਿਆਂ ਗਾਥਾ ਸੁਣਾਉਣ ਵਾਲਾ (ਸਾਰਿਆਂ ਰਾਮਾਇਣ ਗ੍ਰੰਥਾਂ ਵਿਚ) ਸ਼ਿਵ ਜੀ ਵਰਗਾ ਕੋਈ ਨ ਕੋਈ ਭਗਵਾਨ ਹੀ ਹੈ । ਗਿਆਨ ਦੇ ਬੜੇ ਸੰਙਣੇ ਪਰਦੇ ਵਿਚ ਲਪੇਟੀ ਹੋਈ ਕਹਾਣੀ, ਬੜੀ ਦਿਲ ਲੁਭਾਉਣੀ ਹੈ । ਰਿਸ਼ੀਆਂ ਦੇ ਬਹੁਮੁੱਲੇ ਗਿਆਨ ਦੇ ਪਰਦੇ ਦੇ ਪਿਛੇ ਲੁਕਿਆ ਅਗਿਆਨ, ਫੋਕਟ ਕਰਮਕਾਂਡੀ ਮਰਯਾਦਾ, ਬੇ-ਮਤਲਬੇ ਰੀਤੀ ਰਿਵਾਜ ਅਤੇ ਕੋਰਾ ਝੂਠ, ਆਦਿ ਜਿਹੇ ਅਵਗੁਣਾਂ ਨੂੰ ਪੂਜਨੀਕ-ਗੁਣ ਬਣਾ ਦੇਣ ਵਾਲੀ **ਕਰਾਮਾਤੀ ਰਾਮਾਇਣ ਗਾਥਾ ਘਰ ਘਰ ਵਿਚ ਪੜ੍ਹੀ, ਪੂਜੀ ਤੇ ਗਾਈ ਜਾਣ ਲੱਗ ਪਈ ।**

ਭਾਵੇਂ ਜਨਮ ਸਿਖ ਘਰਾਨੇ ਵਿਚ ਹੋਇਆ ਸੀ ਪਰ ਜਦੋਂ ਤੋਂ ਅਸਾਂ ਸੁਰਤ ਸਾਂਭੀ ਸੀ ਦਸਹਿਰੇ ਦਾ ਮੇਲਾ, ਅਤੇ ਉਸ ਨਾਲ ਸਬੰਧਤ ਦਸ ਦਿਨਾਂ ਦੀ ਰਾਮ ਲੀਲ੍ਹਾ ਅਤੇ ਦੀਵਾਲੀ ਦੇ ਤਿਉਹਾਰਾਂ ਕਾਰਨ ਰਾਮਾਇਣ ਦੀ ਕਹਾਣੀ ਤੋਂ ਜਿਨੀ ਜਾਣਕਾਰੀ ਹੋ ਗਈ ਸੀ ਏਨੀ ਗੁਰੂ ਨਾਨਕ ਦੇਵ ਜੀ ਬਾਰੇ ਨਹੀਂ ਸੀ ਹੋ ਸਕੀ । ਏਹੋ ਹਾਲ ਪਿੰਡਾਂ, ਨੱਗਰਾਂ, ਅਥਵਾ ਸ਼ਹਿਰਾਂ ਦੇ ਸਿੱਖ ਬੱਚੀ ਬੱਚੇ ਦਾ ਸੀ । ਹਿੰਦੂ ਪਰਵਾਰਾਂ ਦਾ ਤਾਂ ਕਹਿਣਾ ਹੀ ਕੀ ਹੈ । ਉਨ੍ਹਾਂ ਦੇ ਤਾਂ ਮੰਦਰਾਂ ਵਿੱਚ ਸੀਆ-ਪਤੀ-ਰਾਮਚੰਦ੍ਰ ਦੀ ਜੈ, ਦੇ ਰੋਜ਼ ਨਾਅਹਰੇ ਗੂੰਜਦੇ ਸਨ । ਸਾਡੇ ਪਿੰਡ (ਜ਼ਿਲ੍ਹਾ ਮਿੰਟਗੁਮਰੀ--ਪਾਕਿਸਤਨ) ਵਿੱਚ ਉਨ੍ਹੀਂ ਦਿਨੀ ਜਸਵੰਤ ਸਿੰਘ ਦੀ ਰਾਮਾਇਣ--(ਜੋ ਡਰਾਮੇ ਦੀ ਤਰਜ਼ ਤੇ ਲਿਖੀ ਹੋਈ ਸੀ) ਬੜੀ ਪ੍ਰਚੱਲਤ ਸੀ । ਉਸ ਨੂੰ ਬਚਪਨ ਵਿੱਚ ਹੀ ਖੂਬ ਪੜ੍ਹਿਆ, ਅਤੇ ਆਪਣੇ ਸੰਗੀਆਂ ਨਾਲ ਰਲ ਕੇ ਰਾਮ ਲੀਲ੍ਹਾ ਖੇਡਣ ਵਿੱਚ ਹਿੱਸਾ ਵੀ ਲਿਆ । ਇਹ ਸੀ ਬ੍ਰਾਹਮਣੀ ਪਰਚਾਰ ਦਾ ਸਿੱਟਾ । ਏਧਰ ਸਿੱਖ ਪੰਥ ਦਾ ਜਥੇਦਾਰ ਅਣਗਹਿਲੀ ਵਾਲੀ ਆਤਮ-ਘਾਤੀ ਨੀਂਦ ਵਿਚ, ਅਥਵਾ ਸਿਆਸੀ ਲਾਭਾਂ ਦੇ ਨਸ਼ੇ ਕਾਰਨ ਮਦਹੋਸ਼ ਹੋ ਗਿਆ ਸੀ । ਚੰਗਾ ਪਰਚਾਰਕ ਤੇ ਕਿਤੇ ਰਿਹਾ, ਕਿਸੇ ਪਿੰਡ ਵਿਚ ਕੋਈ ਸਿਆਣਾ ਗ੍ਰੰਥੀ ਵੀ ਨਹੀਂ ਸੀ ਮਿਲਦਾ । ਮਾਪਿਆਂ ਨੂੰ ਵੀ ਗੁਰਮਤਿ ਦਾ ਪਤਾ ਕਿਥੋਂ ਲੱਗਣਾ ਸੀ ਜੋ ਆਪਣੇ ਬੱਚਿਆਂ ਨੂੰ ਸਿਖਾ ਸਕਦੇ ? [ * Foot note:--- ਗਿਆਨੀ ਅਖਵਾਉਂਣ ਵਾਲੇ ਗੁਰਸਿੱਖ ਲਿਖਾਰੀਆਂ ਦਾ ਲਿਖਿਆ ਜਦ ਇਹ ਪੜ੍ਹੀ ਦਾ ਹੈ, ਕਿ, ਦਸ਼ਮੇਸ਼ ਜੀ ਨੇ ਹਿੰਦੂਆਂ ਦੇ ਗ੍ਰੰਥਾਂ ਤੋਂ ਜਾਣਕਾਰੀ ਹੋਣੀ ਪੰਥ ਲਈ ਏਡੀ ਜ਼ਰੂਰੀ ਸਮਝੀ ਸੀ ਕਿ ਉਨ੍ਹਾਂ ਨੇ ਆਪਣੇ ਸਖ਼ਤ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ, ਬੜੀ ਮਿਹਨਤ ਨਾਲ " ਦਸਮ ਗੁਰੂ ਗ੍ਰੰਥ ਲਿਖਿਆ " । ਦਸਮ ਗ੍ਰੰਥ ਦੇ ਮਦਈਆਂ ਨੇ ਇਹ ਵੀ ਲਿਖਿਆ ਹੈ ਕਿ ਗੁਰੂ ਗ੍ਰੰਥ ਜੀ ਦੀ ਬਾਣੀ ਦੀ ਪੂਰੀ ਸਮਝ ਆਉਂਦੀ ਹੀ ਤਦ ਹੈ ਜੇ ਨਾਲ ਦਸਮ ਗ੍ਰੰਥ ਵੀ ਪੜ੍ਹਿਆ ਜਾਵੇ । ਆਪਣੇ ਆਪ ਨੂੰ ਪੰਥ ਦੇ ਸੱਚੇ ਹਿਤੈਸ਼ੀ ਅਤੇ ਦਸਮ ਗ੍ਰੰਥ ਦੀ ਵਿਰੋਧਤਾ ਕਰਨ ਵਾਲਿਆਂ ਨੂੰ ਸਰਕਾਰੀਏ ਆਖ ਕੇ ਬਦਨਾਮ ਕਰਨ ਵਾਲੇ ਇਨ੍ਹਾਂ ਲਿਖਾਰੀਆਂ ਦਾ ਅਜੇਹਾ ਲਿਖਿਆ ਪੜ੍ਹ ਕੇ **ਸ਼ਰਮ ਨਾਲ ਸਿਰ ਝੁਕ ਜਾਂਦਾ ਹੈ** । ਮੁਸਲਮਾਨਾਂ ਨੇ ਸੈਂਕੜੇ ਸਾਲ ਭਾਰਤ ਤੇ ਰਾਜ ਕੀਤਾ, ਉਨ੍ਹਾਂ ਨੇ ਵੇਦ ਸ਼ਾਸਤ੍ਰ ਪੜ੍ਹਨ ਦੀ ਥਾਂ ਸਗੋਂ ਲੱਭ ਲੱਭ ਕੇ ਸਾੜੇ । ਅੰਗ੍ਰੇਜ਼ ਕੌਮ ਲਈ ਵੀ ਅਜੇਹਾ ਕੋਈ ਗ੍ਰੰਥ ਨਹੀਂ ਬਣਿਆਂ ਜਿਸ ਤੋਂ ਬ੍ਰਾਹਮਣੀ ਗ੍ਰੰਥਾਂ ਵਿਚਲੇ ਮਿਥਿਹਾਸਕ ਗਿਆਨ ਨੂੰ ਜਾਣਨ ਦੀ ਲੋੜ ਪੂਰੀ ਕੀਤੀ ਹੋਵੇ । ਮੁਸਲਮਾਨਾਂ ਅਤੇ ਅੰਗ੍ਰੇਜ਼ਾਂ ਦੀ ਸਾਰੀ ਕੌਮ (ਅਤੇ ਇਨ੍ਹਾਂ ਦੋਹਾਂ ਕੌਮਾਂ ਦੇ ਬੱਚੇ) ਆਪਣੇ ਆਪਣੇ ਧਰਮ ਤੋਂ ਜਾਣੂੰ ਹੋਣ ਵਿਚ ਸਿੱਖ ਕੌਮ ਨੂੰ (ਅਥਵਾ ਸਿੱਖ-ਬੱਚਿਆਂ ਨੂੰ) ਕੋਹਾਂ ਦੂਰ ਪਿੱਛੇ ਛੱਡ ਗਏ ਹੋਏ ਹਨ । ਗੁਰੂ ਨਾਨਕ ਜੀ ਦੇ ਨੌਂ ਸਰੂਪਾਂ ਨੇ ਵੀ ਵੇਦਕ ਤਾਲੀਮ ਨੂੰ ਫੋਕਟ ਕਰਮਕਾਂਡੀ ਸਿਖਿਆ ਦਾ ਭੰਡਾਰ ਮੰਨ ਕੇ ਸਿੱਖਾਂ ਨੂੰ ਓਧਰ ਜਾਣੋਂ ਵਰਜੀ ਰੱਖਿਆ । ਦਸ਼ਮੇਸ਼ ਜੀ ਨੇ ਫਿਰ ਵੇਦਾਂ ਸ਼ਾਸਤ੍ਰਾਂ ਦੀ ਤਾਲੀਮ ਦੀ ਲੋੜ ਭਲਾ ਕਿਸ ਕਾਰਨ ਸਮਝਣੀ ਸੀ ? ਉਨ੍ਹਾਂ ਨੇ ਤਾਂ " ਮਨਮ ਬੁੱਤ ਸ਼ਿਕਸਤਮ " ਫੁਰਮਾਨ ਕੀਤਾ ਸੀ । ਵਡਾ ਦੁੱਖ ਹੈ ਕਿ ਗੁਰੂ ਨਾਨਕ ਦੀ ਪਨੀਰੀ ਨੂੰ ਗੁਰਮਤਿ ਤੋਂ ਕੋਰੀ ਰੱਖਣ ਲਈ ਗੁਰੂ ਗ੍ਰੰਥ ਸਾਹਿਬ ਨਾਲੋਂ ਵੀ ਵੱਡੇ ਆਕਾਰ ਵਾਲੇ ਅਜੇਹੇ ਗ੍ਰੰਥ ਨੂੰ ਸਿੱਖੀ ਦਾ ਅੰਗ ਬਣਾਇਆ ਜਾ ਰਿਹਾ ਜਿਸ ਵਿਚ ਥਾਂ ਥਾਂ ਗੁਰਮਤਿ ਦੀ ਖੰਨਾਂ ਕੀਤੀ ਹੋਈ ਹੈ ਜੋ ਮਨੁੱਖ ਨੂੰ ਬਿੱਪ੍ਰਨ ਕੀ ਰੀਤ ਨਾਲ ਜੋੜਨ ਵਿਚ ਸੱਭ ਗ੍ਰੰਥਾਂ ਨਾਲੋਂ ਅੱਗੇ ਹੈ ]

੧੨- **ਤੂੰ ਮੇਰਾ ਸਖਾ ਤੂੰਹੀ ਮੇਰਾ ਮੀਤੁ ॥ ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਹੀਤੁ ॥**
**ਤੂੰ ਮੇਰੀ ਪਤਿ ਤੂੰਹੈ ਮੇਰਾ ਗਹਣਾ ॥ ਤੁਝ ਬਿਨੁ ਨਿਮਖੁ ਨ ਜਾਈ ਰਹਿਣਾ ॥੧॥**
**ਤੂੰ ਮੇਰੇ ਲਾਲਨ ਤੂੰ ਮੇਰੇ ਪ੍ਰਾਨ ॥ ਤੂੰ ਮੇਰੇ ਸਾਹਿਬ ਤੂੰ ਮੇਰੇ ਖਾਨ ॥੧॥ਰਹਾਉ ॥** [੧੮੧]-੧੮-੮੭

੪

# ਰਾਮਾਇਣ ਕਥਾ ਪ੍ਰਤੀ ਗੰਭੀਰ ਸੰਕਿਆਂ ਦਾ ਵੇਰਵਾ

**੧-** ਗਾਥਾ ਦੇ ਅਰੰਭ ਵਿਚ ਧਰਤੀ-ਮਾਤਾ ਆਪਣੇ ਨਾਲ ਦੇਵਤਿਆਂ ਨੂੰ ਸਫ਼ਾਰਸ਼ੀ ਲੈ ਕੇ ਖੀਰ ਸਮੁੰਦਰ ਵਿਚ ਸੁੱਤੇ ਵਿਸ਼ਨੂੰ ਰੱਬ ਜੀ ਕੋਲ ਜਾ ਕੇ ਰਾਵਣ ਵਿੱਰੁਧ ਸਹਾਇਤਾ ਦੀ ਦੁਹਾਈ ਦਿੰਦੀ ਦਰਸਾਈ ਗਈ ਹੈ । ਵਿਸ਼ਨੂੰ ਜੀ ਦਸ਼ਰਥ ਦੇ ਘਰ ਜਨਮ ਲੈ ਕੇ ਪਾਪਾਂ ਦਾ ਨਾਸ ਕਰਨ ਦਾ ਬਚਨ ਕਰਦੇ ਹਨ । ਉਥੇ ਹੀ ਆਏ ਬ੍ਰਹਮਾ ਜੀ ਦੇਵ-ਰਾਜ ਇੰਦ੍ਰ ਨੂੰ ਹਦਾਇਤ ਕਰਦੇ ਹਨ ਕਿ ਕਿਉਂਕਿ ਭਗਵਾਨ ਜੀ ਨੇ ਧਰਤੀ ਤੇ ਜਾਣ ਦਾ ਫ਼ੈਸਲਾ ਕਰ ਲਿਆ ਹੈ ਇਸ ਲਈ ਦੇਵਤਿਆਂ ਨੂੰ ਕਿਹਾ ਜਾਵੇ ਕਿ ਉਹ ਵੀ ਧਰਤੀ ਤੇ ਜਨਮ ਲੈ ਕੇ ਪ੍ਰਭੂ ਦੀ ਸਹਾਇਤਾ ਲਈ ਤਿਆਰ ਰਹਿਣ । (ਅਰਥਾਤ, ਪ੍ਰਭੂ ਵਿਚਾਰਾ ਇੱਕਲਾ ਕਿਹੜੇ ਕੰਮ ?--ਗੁਰੂ ਨਾਨਕ ਜੀ ਦਾ ਅਕਾਲਪੁਖ ਤਾਂ ਉਹ ਹੈ ਜਿਸ ਨੇ ਸਾਰੀ ਸ੍ਰਿਸ਼ਟੀ ਨੂੰ ਆਪਣੇ ਆਪ ਵਿਚ ਨੱਥਿਆ ਹੋਇਆ ਹੈ--**ਆਪਿ ਨਾਥੁ ਨਾਥੀ ਸਭ ਜਾ ਕੀ** ॥(ਜਪੁ-੨੯) ਗੁਰੂ ਨਾਨਕ ਜੀ ਦਾ ਰੱਬ ਤਾਂ ਸਭ ਕੁਝ ਆਪ ਹੀ ਆਪ ਹੈ---**ਆਪੇ ਸਚਾ ਏਕੋ ਸੋਈ ॥ ਤਿਸੁ ਬਿਨ ਦੂਜਾ ਅਵਰੁ ਨ ਕੋਈ** ॥(੧੦੫੦-੬) (ਖੀਰ ਸਮੁੰਦਰ ਵਾਲੇ ਵਿਸ਼ਨੂੰ ਰੱਬ ਨੇ ਬ੍ਰਾਹਮਣ ਦੀ ਗਾਥਾ ਦਾ ਨਾਇਕ ਬਣਨਾ ਸੀ । ਸੋ ਨਾਇਕ ਨੂੰ ਲਿਖਾਰੀ ਦੀ ਮਰਜ਼ੀ ਦਾ ਹੋਣ ਦੀ ਲੋੜ ਹੁੰਦੀ ਹੈ) ।

ਭਾਂਵੇ ਵਿਸ਼ਨੂੰ ਰੱਬ ਜੀ ਨੇ ਦਸ਼ਰਥ ਦੇ ਘਰ ਜਨਮ ਲੈਣ ਦਾ ਬਚਨ ਦੇ ਦਿੱਤਾ ਸੀ ਫੇਰ ਵੀ, ਵਸ਼ਿਸ਼ਟ ਰਿਸ਼ੀ ਦਸ਼ਰਥ ਨੂੰ ਬ੍ਰਾਹਮਣ ਰਿਖੀਆਂ ਕੋਲ ਨੰਗੇ ਪੈਰੀਂ ਜਾ ਕੇ ਪੁੱਤ੍ਰ ਵਾਸਤੇ ਫ਼ਰਿਆਦਾਂ ਕਰਨ ਲਈ ਭੇਜਦਾ ਦਰਸਾਇਆ ਹੈ । ਅਤੇ **ਸੁਰਿੰਗ** ਨਾਮੀ ਬ੍ਰਾਹਮਣ ਰਿਸ਼ੀ ਦੇ ਕਹਿਣ ਤੇ ਰਾਜਾ ਦਸ਼ਰਥ **ਹਜ਼ਾਰਾਂ ਬ੍ਰਾਹਮਣਾਂ** ਨੂੰ ਬੁਲਾ ਕੇ **ਪੁਤਰੇਸ਼ਠੀ** ਯੱਗ ਕਰਵਾਉਂਦਾ ਹੈ । ਯੱਗ ਦੇ ਹਵਨ ਕੁੰਡ ਵਿਚੋਂ ਅਗਨ ਦੇਵਤਾ ਖੀਰ ਦਾ ਪਿਆਲਾ ਫੜੀ ਨਿਕਲਦਾ ਹੈ । ਪਿਆਲਾ ਰਾਜੇ ਦਸ਼ਰਥ ਨੂੰ ਫੜਾ ਕੇ ਕਹਿੰਦਾ ਹੈ ਕਿ ਖੀਰ ਖਾ ਲੈਣ ਨਾਲ ਰਾਣੀਆਂ ਗਰਭ ਵਤੀ ਹੋ ਜਾਣ ਗੀਆਂ । ਖੀਰ ਖਾਂਦਿਆਂ ਸਾਰ ਹੀ ਤਿੰਨੇ ਰਾਣੀਆਂ ਇੱਕੋ ਸਮੇ ਗਰਭ ਵਤੀ ਹੋ ਗਈਆਂ । ਸੁਮਿਤ੍ਰਾ ਰਾਣੀ ਨੇ ਦੋ ਗ੍ਰਾਹੀਆਂ ਖੀਰ ਖਾ ਲਈ ਸੀ ਇਸ ਕਾਰਨ ਉਸ ਨੂੰ ਦੋ ਕਾਕੇ, ਲਛਮਣ ਅਤੇ ਸ਼ਤਰੁਘਣ ਜਨਮੇ ਅਤੇ ਦੂਜੀਆਂ ਨੂੰ ਰਾਮ ਅਤੇ ਭਰਤ ਇੱਕ ਇੱਕ । ਬ੍ਰਾਹਮਣੀ ਖੀਰ ਦੀ ਕਰਾਮਾਤ ਨਾਲ ਇੱਕ **ਵਿਸ਼ਨੂੰ** ਦੇ ਇੱਕਲੇ ਪੈਦਾ ਹੋਣ ਵਾਲੇ ਬਚਨ ਵਿਚ ਵੀ ਦਰੁਸਤੀ ਹੋ ਗਈ । ਨਹੀਂ ਤਾਂ ਬਾਕੀ ਭਰਾਂਵਾਂ ਦੀ ਭੂਮਕਾ ਕਿਸ ਨੇ ਨਿਭਾਉਣੀ ਸੀ ? (ਤੁਲਸੀ ਰਾਮਾਇਣ ਵਿਚ ਲਿਖਿਆ ਹੈ ਕਿ ਦੇਵਤਿਆਂ ਦੀ ਸਲਾਹ ਕਾਰਨ ਵਿਸ਼ਨੂੰ ਨੇ ਹੀ ਆਪਣੇ ਚਾਰ ਹਿਸੇ ਕਰ ਲਏ ਸਨ) ।

ਪਤੀ ਦੇ ਸੰਜੋਗ ਤੋਂ ਬਿਨਾਂ ਹੀ ਰਾਣੀਆਂ ਦਾ ਇਕੋ ਸਮੇਂ ਗਰਭ ਵਤੀ ਹੋ ਕੇ ਇਕੋ ਸਮੇਂ ਹੀ (ਖੀਰ ਦੀਆਂ ਬੁਰਕੀਆਂ ਦੇ ਹਿਸਾਬ ਨਾਲ) ਚਾਰ ਭਗਵਾਨਾਂ ਦਾ ਪੈਦਾ ਹੋਣਾ ਦਰਸਾ ਕੇ ਪਹਿਲੇ ਹਥ ਬ੍ਰਾਹਮਣ ਨੇ ਇਹ ਪ੍ਰਭਾਵ ਬਣਾ ਲਿਆ ਕਿ ਰੱਬ ਦਾ ਹਰ ਨੇਮ ਅਥਵਾ ਵਿਧਾਤੇ ਦਾ ਹਰ ਹੁਕਮ ਉਸ (ਬ੍ਰਾਹਮਣ) ਦੀ ਮਰਜ਼ੀ ਦੇ ਅਧੀਨ ਹੈ । ਰੱਬੀ ਕਾਨੂੰਨ ਨੂੰ ਜਦੋਂ ਅਤੇ ਜਿਵੇਂ ਚਾਹੇ, ਬ੍ਰਾਹਮਣ ਮੋੜ ਤੋੜ ਸਕਦਾ ਹੈ । ਉਸ ਦੀ ਮਰਜ਼ੀ ਤੋਂ ਬਿਨਾਂ ਵਿਸ਼ਨੂੰ ਭਗਵਾਨ ਵੀ ਦਸ਼ਰਥ ਦੀ ਬਿੰਦੀ ਸਨਤਾਨ ਨਹੀਂ ਬਣ ਸਕਦਾ । ਅਤੇ ਅਗਨੀ ਦੇਵਤੇ ਦੀ ਖੀਰ ਦੇ ਚਮਤਕਾਰ ਨਾਲ ਉਨ੍ਹਾਂ ਖ਼ਿਆਲੀ ਦੇਵਤਿਆਂ ਦੀ ਕਥਿਤ ਸ਼ਕਤੀ ਦਾ ਭਰਮ ਚੰਗੀ ਤਰ੍ਹਾਂ ਪੱਕਾ ਕਰ ਦਿੱਤਾ, ਜਿਨ੍ਹਾਂ ਨੂੰ ਨਾਮ ਅਤੇ ਸ਼ਕਲਾਂ ਅਤੇ ਸਵਾਰੀਆਂ ਵੀ ਬ੍ਰਾਹਮਣ ਨੇ ਆਪ ਹੀ ਬਖਸ਼ੀਆਂ ਸਨ । ਇਸ ਮਿਥਿਹਾਸ ਤੇ **ਰੱਬੀ ਦਫਤਰ ਦੀ ਮੋਹਰ** ਲੱਗ ਜਾਣ ਨਾਲ ਇਹ ਸਭ-ਕੁਝ ਸੱਚ ਬਣ ਗਿਆ ਅਤੇ ਮੂਰਤੀਆਂ ਦੀ ਸ਼ਕਲ ਧਾਰ ਕੇ ਮੰਦਰਾਂ ਵਿਚ ਆ ਬਿਰਾਜਿਆ । **ਪੱਥਰ ਭਗਵਾਨ ਬਣ ਗਿਆ ।**

**੨-** ਦੁਨੀਆਂ ਵਿੱਚ ਪੈਗ਼ੰਬਰ, ਖ਼ੁਦਾਈ-ਬੇਟਾ, ਰਹਿਬਰ, ਮਹਾਨ ਆਤਮਾ, ਗੁਰੂ, ਸੁਧਾਰਕ ਅਥਵਾ ਲੀਡਰ ਆਦਿ ਸਿਰਫ਼ ਉਸ ਨੂੰ ਹੀ ਮੰਨਿਆ ਗਿਆ ਹੈ ਜਿਸ ਨੇ ਸੰਸਾਰ ਨੂੰ ਕੋਈ ਨਿਰਾਲਾ ਗਿਆਨ ਦੇ ਕੇ ਨਿਰਾਲੀ ਸੋਚ ਅਤੇ ਨਿਰਾਲੀ ਜੀਵਨ ਜੁਗਤ ਦੀ ਸੂਝ ਦਿੱਤੀ ਹੋਵੇ ਅਤੇ ਮਨੁੱਖਤਾ ਦੀ ਭਲਾਈ ਵਾਲੇ ਚਮਤਕਾਰੀ ਕਾਰਜ ਕੀਤੇ ਹੋਣ । ਜਿਹੜਾ ਨਿਰੋਲ ਲੋਕਾਂ ਵਾਸਤੇ ਹੀ ਜੀਵਿਆ ਹੋਵੇ । ਇਤਿਹਾਸ ਗਵਾਹ ਹੈ ਕਿ ਅਜੇਹੀ ਉਚ ਆਤਮਾ ਵਾਲੇ ਮਹਾਂਪੁਰਖਾਂ ਨੇ ਆਪਣੇ ਬਚਪਨ ਵਿਚ ਹੀ ਆਪਣੇ ਜਨਮ ਦੇਣ ਵਾਲਿਆਂ ਨੂੰ, ਅਧਿਆਪਕਾਂ ਨੂੰ ਅਤੇ ਨਿਕਟ-ਵਰਤੀਆਂ ਨੂੰ ਆਪਣੀ ਤੀਖਣ ਬੁੱਧੀ ਵਾਲੀ ਚਮਤਕਾਰੀ ਸੂਝ ਬੂਝ ਨਾਲ ਹੈਰਾਨ ਕਰ ਦਿੱਤਾ । ਜਿਹੜੀ ਪੜ੍ਹਾਈ ਆਮ ਬੱਚਾ ਕਈ ਸਾਲਾਂ ਵਿੱਚ ਪੂਰੀ ਕਰਦਾ ਸੀ ਅਜੇਹੇ ਅਨੋਖੇ ਅਤੇ ਚਮਤਕਾਰੀ ਬਚਿਆਂ ਨੇ ਕੁੱਝ ਮਹੀਨਿਆਂ ਵਿੱਚ ਪੂਰੀ ਕਰ ਲਈ । ਮਹਾਂਨ ਆਤਮਾਂ ਵਾਲੇ ਕਈ ਮਨੁੱਖ ਸਕੂਲੇ ਵੀ ਭਾਵੇਂ ਨਾ ਗਏ ਹੋਣਗੇ

ਪਰ ਉਨ੍ਹਾਂ ਦਾ ਚਲਾਇਆ ਸਿਧਾਂਤ ਜਗਤ-ਪ੍ਰਸਿੱਧ ਹੋਇਆ । ਕੋਰੇ ਅਨ-ਪੜ੍ਹਾਂ ਨੇ ਸ਼ਕਤੀ ਸ਼ਾਲੀ ਰਾਜ ਸਥਾਪਤ ਕੀਤੇ । ਜਨਮ ਤੋਂ ਹੀ ਅਜੇਹੇ ਅਨੋਖੇ ਬਾਲਕਾਂ ਦੀ ਵਾਸ਼ਨਾਂ ਖਿਲਰਨੀ ਅਰੰਭ ਹੋ ਜਾਂਦੀ ਹੈ ਅਤੇ ਸਾਰੇ ਦੇਸ਼ ਵਾਸੀਆਂ ਕੋਲ ਪੁੱਜਦੀ ਨੂੰ ਢਿੱਲ ਨਹੀਂ ਲਗਦੀ । ਰਾਮਾਇਣ ਗਾਥਾ ਵਿਚਲੇ ਰਾਮ ਜੀ ਵਿਚ ਦੁਨੀਆਂ ਦੇ ਹੋਰ ਤੀਖਣ ਬੁਧੀ ਮਹਾਂ ਪੁਰਖਾਂ ਵਾਲੀ ਇੱਕ ਵੀ ਸਿਫਤ ਹੋਣ ਦਾ ਕਿਤੇ ਝਾਉਲਾ ਵੀ ਨਹੀਂ ਪੈਂਦਾ । ਭਾਵ, ਰਾਮਾਇਣ ਗਾਥਾ ਦੇ ਲਿਖਾਰੀ ਬ੍ਰਾਹਮਣ ਨੂੰ ਅਜੇਹੇ ਰੱਬ ਦੀ ਲੋੜ ਨਹੀਂ ਸੀ ਜਿਹੜਾ ਬ੍ਰਾਹਮਣ ਗੁਰੂ ਨਾਲੋਂ ਕਿਸੇ ਹਾਲਤ ਵਿਚ ਵੀ ਵੱਧ ਗੁਣਵਾਣ ਹੁੰਦਾ ।

**੩-** ਮਨੁਸਿਮ੍ਰਤੀ ਅਨੁਸਾਰ ਖੱਤ੍ਰੀ ਨੂੰ ਜਨੇਊ ਜਨਮ ਵਾਲੇ ਦਿਨ ਤੋਂ ਗਯਾਰਵੇਂ ਸਾਲ ਦੀ ਉਮਰ ਵਿਚ ਪਾਇਆ ਜਾਂਦਾ ਹੈ । ਇੱਕ ਪਾਸੇ ਬਾਲਕ ਨਾਨਕ (ਨਿਰੰਕਾਰੀ) ਜੀ ਹਨ, ਜੋ ਰੱਬ ਨਹੀਂ ਸਨ, ਮਨੁੱਖ ਦੇ ਘਰ ਜਨਮੇ ਪਰਮ-ਮਨੁੱਖ ਸਨ । (ਮਨੁੱਖ) ਗੁਰੂ ਨਾਨਕ ਦੇਵ ਜੀ ਤਾਂ ਜਨੇਊ ਪਾਉਣ ਦੀ ਤਿਆਰੀ ਕਰਦੇ ਬ੍ਰਾਹਮਣ ਕੋਲੋ ਅਜੇਹੇ ਜਨੇਊ ਦੀ ਮੰਗ ਕਰ ਲੈਂਦੇ ਹਨ ਜਿਹੜਾ ਨਾ ਕਦੇ ਟੁਟੇ, ਨਾ ਸੜੇ ਅਤੇ ਨਾ ਮਰਨ ਉਪਰੰਤ ਹੀ ਸਾਥ ਛੱਡੇ, ਤੇ ਏਧਰ **ਰਾਮ-ਰੱਬ ਜੀ** ਨੂੰ ਜਨੇਊ ਪਾਉਣ ਤੋਂ ਪਹਿਲਾਂ ਉਨ੍ਹਾਂ ਦਾ ਸਿਰ ਰਗੜ ਕੇ ਮੁੰਨ ਕੇ ਉਨ੍ਹਾਂ ਦੀ ਸਕਲ ਹਾਸੋ ਹੀਣੀ ਬਣਾ ਦਿੱਤੀ ਜਾਂਦੀ ਹੈ । ਰਾਮ ਜੀ ਬੇਚਾਰਗੀ ਦੀ ਹਾਲਤ ਵਿਚ ਬ੍ਰਾਹਮਣਾ ਦਾ ਧਨਵਾਦ ਕਰਦੇ ਹੋਏ ਉਸ ਸੱਭ ਕੁਝ ਨੂੰ ਰੱਬੀ ਹੁਕਮ ਸਮਝ ਕੇ ਖ਼ੁਸ਼ੀ ਨਾਲ ਝੱਲਦੇ ਦਰਸਾਏ ਗਏ ਹਨ । ਜਨੇਊ ਪਾਉਣ ਵਾਲੀ ਕਰਮਕਾਂਡੀ ਮਰਯਾਦਾ ਨੂੰ ਬਿਨਾਂ ਕਿੰਤੂ ਦੇ ਮੰਨਣ ਤੇ **ਰੱਬੀ ਮੋਹਰ ਆ ਟਿਕੀ ।**

**੪-** ਪੜ੍ਹਾਈ ਕਰਨ ਜਾਣ ਦੀ ਤਿਆਰੀ ਕਰਨ ਸਮੇਂ ਬ੍ਰਾਹਮਣ-ਗੁਰੂ ਵਸ਼ਿਸ਼ਟ ਰੱਬ-ਰਾਮ ਜੀ ਦੇ ਗਲ ਅਤੇ ਤੇੜ ਸਾਧੂਆਂ ਵਾਲੀ ਗੇਰੂਏ ਰੰਗ ਦੀ ਧੋਤੀ ਪਵਾਉਂਦਾ ਹੈ । ਰਗੜੇ ਹੋਏ ਸਿਰ ਵਾਲੇ ਰਾਮ ਦੇ ਗਲ ਵਿਚ ਮੰਗਤਿਆਂ ਵਾਲੀ ਝੋਲੀ ਪਾ ਕੇ ਲੋਕਾਂ ਕੋਲੋਂ ਖ਼ੈਰ ਮੰਗਣ ਲਈ ਬਣਾਈ ਹੋਈ ਲੰਮੀ ਹੇਕ ਨਾਲ ਬੋਲੀ ਜਾਣ ਵਾਲੀ ਮੁਹਾਰਨੀ ਬੁਲਵਾਉਂਦਾ ਹੈ । ਫਿਰ ਕੁੱਤੇ ਮੋੜਨ ਲਈ ਹੱਥ ਵਿਚ ਮੋਟਾ ਤੇ ਰਾਮ ਜੀ ਦੇ ਕੱਦ ਨਾਲੋਂ ਲੰਮਾ, ਡੰਡਾ ਫੜਾ ਕੇ ਮੰਗਨ ਲਈ ਭੇਜਦਾ ਹੈ । ਰਾਮ-ਰੱਬ ਜੀ ਬੜੇ ਸਾਊ ਬੱਚੇ ਵਾਂਗ ਬ੍ਰਾਹਮਣ ਦੇ ਇਸ਼ਾਰੇ ਤੇ ਨੱਚਦੇ ਹੋਏ ਕਿਸੇ ਪ੍ਰਕਾਰ ਦਾ ਕਿੰਤੂ ਨਹੀਂ ਕਰਦੇ । ਸਮਾਜ ਲਈ ਹਾਨੀਕਾਰਕ, **ਮੰਗਤਾ** ਬਣ ਕੇ ਲੋਕਾਂ ਨਾਲ ਠੱਗੀਆਂ ਮਾਰਨ ਅਥਵਾ ਲੁੱਟਣ-ਨੀਤੀ ਵਾਲੀ ਰੀਤ ਤੇ ਵੀ **ਰੱਬੀ ਮੋਹਰ ਲੁਆ ਲਈ ।**

**੫-** ਰਾਮਚੰਦ੍ਰ ਜੀ ਦਾ ਸਾਰਾ ਬਚਪਨ ਸ਼ਾਹੀ ਮਹਲਾਂ ਤੋਂ ਦੂਰ, ਸਿਰਫ਼ ਵਿਦਿਆ ਲੈਣ ਖ਼ਾਤਰ ਹੀ ਸਾਧਾਰਨ ਬੁੱਧੀ ਵਾਲੇ ਬੱਚਿਆਂ ਵਾਂਗ ਜੰਗਲਾਂ ਦੇ ਕਸ਼ਟਾਂ ਵਿੱਚ ਬਤੀਤ ਹੋਇਆ । ੨੫ ਸਾਲ ਦੇ ਜਵਾਨ ਹੋ ਕੇ ਹੀ ਘਰ ਪਰਤੇ । ਦੁਨੀਆਂ ਦਾ ਭਲਾ ਕਰਨ ਆਇਆ ਅਨੋਖੀ ਬੁੱਧੀ ਵਾਲਾ ਬੱਚਾ ਕਦੇ ਵੀ ਅਜੇਹੀ ਕੈਦ ਵਿੱਚ ਟਿੱਕ ਕੇ ਆਪਣੀ ਜ਼ਿੰਦਗੀ ਦਾ ਏਨਾਂ ਲੰਮਾ ਸਮਾਂ ਸਿਰਫ਼ ਵਿਦਿਆ ਲੈਣ ਵਾਸਤੇ ਹੀ ਬਰਬਾਦ ਨਹੀਂ ਕਰਦਾ । ਪਰਮਾਤਮਾ ਨੂੰ ਰਾਮ ਰੂਪ ਦੀ ਅਜੇਹੀ ਹਾਲਤ ਵਿਚ ਪੇਸ਼ ਕਰਕੇ, ਬ੍ਰਾਹਮਣ ਨੇ ਆਪਣੀ ਪ੍ਰਭੁਤਾ ਪ੍ਰਤਿਸ਼ਟਾ ਸਰਬ-ਉਚਤਾ ਨੂੰ ਬਣਾਈ ਰੱਖਣ ਵਾਲੇ ਜਿਨ੍ਹਾਂ ਸਿਧਾਤਾਂ ਤੇ **ਰੱਬੀ ਮੋਹਰ ਲਵਾ ਲਈ** ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :-

(ੳ) ਆਪਣੇ ਬਣਾਏ ਆਸ਼ਰਮ-ਵੰਡ ਵਾਲੇ ਬ੍ਰਹਮਚਾਰੀ ਆਸ਼ਰਮ ਵਾਲੇ ਸਿਧਾਂਤ ਤੇ,

(ਅ) ਬ੍ਰਾਹਮਣ ਕੋਲੋਂ ਵਿਦਿਆ ਦਾਨ ਲਏ ਬਿਨਾਂ ਅਤੇ ਉਸ ਨੂੰ ਗੁਰੁ ਦਛੱਣਾਂ ਦਿੱਤੇ ਬਿਨਾਂ ਰੱਬ ਵੀ ਧਰਤੀ ਤੇ ਸੁਖੀ ਜੀਵਨ ਨਹੀਂ ਬਿਤਾ ਸਕਦਾ ।

(ੲ) ਵਿਦਿਆ ਲੈਣ ਲਈ ਬ੍ਰਾਹਮਣਾਂ ਦੇ ਘਰਾਂ ਦੀ, ਆਸ਼ਰਮ ਅਥਵਾ ਪਸ਼ੂਆਂ ਦੇ ਤਬੇਲੇ ਦੀ ਸਫਾਈ ਤੋਂ ਲੈਕੇ ਘਰੇਲੂ ਨੌਕਰਾਂ ਦੇ ਕਰਨ ਵਾਲੇ ਸਾਰੇ ਕੰਮ ਅਤੇ ਬ੍ਰਾਹਮਣ ਦੀ ਮੁੱਠੀ-ਚਾਪੀ ਕਰਨ ਦੇ ਨਾਲ ਉਸ ਦੇ ਚਰਨ ਧੋਣੇ ਆਦਿ, **ਭਗਵਾਨ ਰਾਮ** ਜੀ ਕੋਲੋਂ ਕਰਵਾ ਕੇ ਇਸ ਸਾਰੇ **ਕੁਝ ਨੂੰ ਰੱਬੀ ਰਜ਼ਾ ਅਥਵਾ ਧਰਮ ਦਾ ਅੰਗ ਬਣਾ ਲਿਆ ।**

**੬-** ਜਾਤਕ ਸੰਸਕਾਰਾਂ ਅਤੇ ਬੱਚੇ ਦੇ ਨਾਮ ਕਰਣ ਤੋ ਅਰੰਭ ਹੋ ਕੇ, ਯਗਯੋਪਾਵੀਤ, ਮੁੰਡਣ ਸੰਸਕਾਰ, ਭਿਖਿਆ ਮੰਗਣ ਦੀ ਮਰਯਾਦਾ, ਵਿਆਹ ਸੰਸਕਾਰ, ਮ੍ਰਿਤਕ ਸੰਸਕਾਰ, (ਰੋਣਾ, ਢਾਹਾਂ ਮਾਰਨੀਆਂ, ਚਿਤਾ ਵਿੱਚ ਰਖਣਾ ਅਤੇ ਅਗਨ ਭੇਟ ਕਰਨਾ, ਫੂੱਲ ਤਾਰਨੇ, ਤਰਪਣ ਕਰਨਾ, ਸ਼ਰਾਧ, ਬ੍ਰਾਹਮਣਾਂ ਨੂੰ ਦਾਨ ਦੇਣਾ, ਗਊਆਂ ਮਨਸਣੀਆਂ, ਗੰਗਾ ਦੇ ਇਸ਼ਨਾਨ, ਮਰਨ ਤੇ ਮੁੰਡਨ ਕਰਵਾਉਂਣ ਆਦਿ ਗਲ ਕੀ ਸਾਰੇ ਸੰਸਕਾਰ ਬ੍ਰਾਹਮਣ ਦੀਆਂ ਲਿਖੀਆਂ ਸਿਮਿਰਤੀਆਂ ਅਥਵਾ ਪੁਰਾਣਾਂ ਆਦਿ ਦੇ ਅਨੁਸਾਰ ਕਰਨੇ । ਫਿਰ ਕੰਮ ਭਾਵੇਂ ਸਿਆਸੀ ਹੋਣ, ਸਮਾਜੀ ਹੋਣ ਤੇ ਭਾਵੇਂ ਪਰਿਵਾਰਕ ਹੋਣ ਸਾਰੇ ਦੇ ਸਾਰੇ ਬ੍ਰਾਹਮਣ ਕੋਲੋਂ ਪੁੱਛ ਕੇ ਕਰਨੇ, ਏਥੋਂ ਤੱਕ ਕਿ ਰਾਜਾ-ਰਾਮ ਨੇ ਸਹੁਰੇ ਜਾਣਾ ਸੀ ਉਹ ਵੀ ਬ੍ਰਾਹਮਣ-ਗੁਰੂ ਵਿਸ਼ਿਸ਼ਟ ਕੋਲੋਂ ਪੁੱਛ ਕੇ ਤੁਰਿਆ । ਦੇਸ਼ ਦੀ ਮਿੱਟੀ ਤੋਂ ਲੈ ਕੇ, ਰੁਖਾਂ, ਹਵਾ, ਪਾਣੀ, ਦੇਵੀਆਂ, ਦੇਵਤਿਆਂ ਦੀ ਪੂਜਾ, ਗੱਲ ਕੀ ਸਾਰੇ ਰੀਤ, ਰਿਵਾਜਾਂ ਦੇ ਭਰਮ ਜਿਹੜੇ ਮੁਢਲੇ ਬ੍ਰਾਹਮਣ ਨੇ (ਠੱਗ-ਨੀਤੀ ਨਾਲ) ਚਾਲੂ ਕੀਤੇ ਹੋਏ ਸਨ, ਸਾਰਾ ਕੁਝ ਭਗਵਾਨ-ਰਾਮ ਕੋਲੋਂ ਕਰਵਾ ਕੇ ਸਾਰੇ ਦੇ **ਸਾਰੇ ਕਰਮ-ਕਾਂਡ ਨੂੰ ਰੱਬੀ ਹੁਕਮ ਬਣਾ ਲਿਆ** । ਬ੍ਰਾਹਮਣ ਦੇ ਇਸ਼ਾਰੇ ਤੇ ਨਚਦੇ ਭਗਵਾਨ ਜੀ ਨੂੰ ਕਿਸੇ ਇੱਕ ਥਾਂ ਵੀ ਬ੍ਰਾਹਮਣ ਅੱਗੇ ਚੂੰ ਤੱਕ ਕਰਦੇ ਨਹੀਂ ਦਰਸਾਇਆ ।

**੭-** ਵਿਸ਼ਵਾਮਿੱਤ੍ਰ ਰਿਸ਼ੀ ਨੇ ਮਹਾਰਾਜ ਦਸਰਥ ਕੋਲ ਆ ਕੇ ਰਾਖ਼ਸ਼ਾਂ ਵਿੱਰੁਧ ਸ਼ਕਾਇਤ ਕੀਤੀ ਅਤੇ ਉਨ੍ਹਾਂ ਨੂੰ ਖ਼ਤਮ ਕਰਨ ਲਈ ਇਕੱਲੇ ਸ੍ਰੀ ਰਾਮ ਜੀ ਨੂੰ ਮੰਗ ਲਿਆ । ਆਪਣੇ ਲਾਡਲੇ ਅਤੇ ਚਿਰਾਂ ਪਿਛੋਂ ਘਰ ਆਏ ਪੁਤ੍ਰ ਨੂੰ ਭੇਜਣ ਦੀ ਬਜਾਏ ਇਸ ਖ਼ਤਰੇ ਵਾਲੇ ਕੰਮ ਨੂੰ ਕਰਨ ਲਈ ਫੌਜ ਸਮੇਤ ਦਸ਼ਰਥ ਆਪਿ ਤਿਆਰ ਹੋ ਪਿਆ । ਰਾਜੇ ਦੀ ਇਸ ਗਲ ਤੇ ਰਿਸ਼ੀ ਗੁੱਸੇ ਵਿਚ ਆ ਗਿਆ ਅਤੇ ਖ਼ਾਲੀ ਮੁੜ ਜਾਣ ਲਈ ਤਿਆਰ ਹੋ ਪਿਆ । ਰਾਜ ਗੁਰੂ ਵਸ਼ਿਸ਼ਟ ਨੇ ਦਖ਼ਲ ਦਿੰਦਿਆਂ ਇਹ ਕਿਹਾ ਕਿ ਵਿਸ਼ਵਾਮਿੱਤ੍ਰ ਜੀ ਸ੍ਰੀ ਰਾਮ ਦੇ ਭਲੇ ਵਾਸਤੇ ਹੀ ਆਏ ਹਨ ਅਤੇ ਰਾਖ਼ਸ਼ਾਂ ਦੇ ਮਾਰਨ ਦੀ ਵਡਿਆਈ ਰਾਮ ਨੂੰ ਦੇਣਾ ਚਾਹੁੰਦੇ ਹਨ ਨਹੀਂ ਤਾਂ ਇਨ੍ਹਾਂ ਦੇ ਆਪਣੇ ਕੋਲ ਏਨੀ ਸ਼ਕਤੀ ਹੈ ਕਿ ਸਾਰੇ ਰਾਖ਼ਸ਼ਾਂ ਨੂੰ ਸਹਜੇ ਹੀ ਮਾਰ ਸਕਦੇ ਹਨ । ਏਨਾਂ ਸੁਣ ਕੇ ਦਸ਼ਰਥ ਨੇ ਰਾਮ ਅਤੇ ਲਛਮਣ ਦੋਹਾਂ ਨੂੰ ਰਿਸ਼ੀ ਨਾਲ ਭੇਜ ਦਿੱਤਾ । ਉਨ੍ਹਾਂ ਕੋਲੋਂ ਵਿਸ਼ਾਮਿਤ੍ਰ ਨੇ ਕਈ ਦੈਂਤ ਮਰਵਾਏ । ਇੱਕ ਥਾਂ ਜਾ ਕੇ ਵਿਸ਼ਵਾ-ਮਿਤ੍ਰ ਨੇ ਇੱਕ ਪੱਥਰ ਵਲ ਇਸ਼ਾਰਾ ਕਰਕੇ ਰਾਮ ਜੀ ਨੂੰ ਪੈਰ ਲਾਉਣ ਲਈ ਕਿਹਾ । ਰਾਮ ਜੀ ਨੇ ਬਿਨਾਂ ਕਾਰਨ ਪੁਛਿਆਂ ਪੱਥਰ ਨੂੰ ਆਪਣਾਂ ਪੈਰ ਲਾ ਦਿੱਤਾ । ਪੈਰ ਲੱਗਦਿਆਂ ਹੀ ਉਸ ਪੱਥਰ ਤੋਂ ਇਕ ਸੁੰਦਰ ਇਸਤ੍ਰੀ ਬਣ ਗਈ । ਅਰਥਾਤ ਕੀ ਰੱਬ ਰਾਮ ਜੀ ਨੂੰ ਪਤਾ ਹੀ ਨਹੀਂ ਕਿ ਉਸ ਨੇ ਕਿਸੇ ਸਰਾਪੀ ਹੋਈ ਅਬਲਾ ਦਾ ਉਧਾਰ ਵੀ ਕਰਨਾ ਹੈ ?

ਛੇਤੀ ਹੀ ਰਿਸ਼ੀ ਵਿਸ਼ਵਾਮਿਤ੍ਰ ਨੂੰ ਰਾਜੇ ਜਨਕ ਦਾ ਸੁਨੇਹਾ ਆ ਗਿਆ ਕਿ ਉਹ ਉਸ ਦੀ ਲੜਕੀ ਸੀਤਾ ਦੇ ਸੁਅੰਬਰ ਤੇ ਪੁੱਜੇ । ਦੋਹਾਂ ਰਾਜਕੁਮਾਰਾਂ ਨੂੰ ਨਾਲ ਲੈ ਕੇ ਵਿਸ਼ਵਾਮਿਤ੍ਰ ਜਨਕ ਪੁਰੀ ਚਲਾ ਗਿਆ । ਰਾਜੇ ਜਨਕ ਦੇ ਪੁਛੱਣ ਤੇ ਕਿ ਉਸ ਦੇ ਨਾਲ ਦੋ ਸੁੰਦਰ ਜਵਾਨ ਕੌਣ ਹਨ, ਵਿਸ਼ਵਾ ਮਿੱਤ੍ਰ ਨੇ ਦੱਸਿਆ ਕਿ ਉਹ ਅਜੁਧਿਆ ਦੇ ਰਾਜੇ, ਦਸ਼ਰਥ ਦੇ ਪੁੱਤਰ, ਸ੍ਰੀ ਰਾਮ ਅਤੇ ਲਛਮਣ ਹਨ । ਉਨ੍ਹਾਂ ਦੀ ਜਾਣਕਾਰੀ ਹੋਣ ਤੇ ਰਾਜਾ ਜਨਕ ਬੜਾ ਹੈਰਾਨ ਅਤੇ ਖ਼ੁਸ਼ ਹੋਇਆ । ਸਾਬਤ ਏਹੀ ਹੁੰਦਾ ਹੈ ਕਿ ਉਸ ਨੂੰ ਅਜੁਧਿਆ ਦੇ ਰਾਜੇ ਦਸ਼ਰਥ ਅਤੇ ਉਸ ਦੇ ਪੁੱਤਰਾਂ ਬਾਰੇ ਪਹਿਲਾਂ ਕੋਈ ਜਾਣਕਾਰੀ ਨਹੀਂ ਸੀ । ਏਸੇ ਕਾਰਨ ਹੀ ਤਾਂ ਰਾਜੇ ਜਨਕ ਨੇ ਅਜੁਧਿਆ ਵਾਲਿਆਂ ਨੂੰ ਸੀਤਾ ਦੇ ਸੁਅੰਬਰ ਤੇ ਆਉਣ ਦਾ ਸੱਦਾ ਨਹੀਂ ਸੀ ਭੇਜਿਆ । ਹਾਲਾਂਕਿ ਸੁਅੰਬਰ ਦੇ ਮੰਡਪ ਵਿਚ ਰਾਜਾ ਜਨਕ ਆਪ ਦੱਸਦਾ ਹੈ ਉਸ ਸੁਅੰਬਰ ਵਿਚ ਦੇਸ਼ ਦੇ ਸਾਰੇ ਰਾਜੇ ਮਹਾਰਾਜਿਆਂ ਤੋਂ ਛੁੱਟ ਬਿਦੇਸਾਂ ਦੇ ਬੇਅੰਤ ਰਾਜੇ ਅਤੇ ਅਸਮਾਨ ਤੋਂ ਦੇਵਤੇ, ਗੰਧਰਬ ਅਤੇ ਗਣ ਆਦਿ ਵੀ ਆਏ ਹੋਏ ਸਨ । ਵਿਸ਼ਨੂੰ ਜੀ ਨੇ ਧਰਤੀ ਤੇ ਜਨਮ ਲੈਣ ਲਈ ਅਜੇਹਾ ਰਾਜ-ਮਹਲ ਚੁਣਿਆਂ ਜਿਸ ਨੂੰ ਗੁਆਂਢੀ ਵੀ ਨਹੀਂ ਸੀ ਜਾਣਦੇ । ਅਸਲ ਗੱਲ ਤਾਂ ਇਹ ਹੈ ਕਿ ਜੇ ਬ੍ਰਾਹਮਣ ਨਾ ਚਾਹੇ ਤਾਂ ਰੱਬ ਦੇ ਜਨਮ ਲੈ ਕੇ ਧਰਤੀ ਤੇ ਆਉਣ ਦੀ ਖ਼ਬਰ ਕਿਸੇ ਗੁਆਂਡੀ (ਅਤੇ ਬ੍ਰਹਮਗਿਆਨੀ ਜਨਕ ਜਿਹੇ) ਰਾਜੇ ਨੂੰ ਵੀ ਨਹੀਂ ਸੀ ਲੱਗ ਸਕਦੀ ।

**<u>ਏਨੀ ਗਾਥਾ ਵਿਚਲੀਆਂ ਖ਼ਾਮੀਆਂ</u>**

(ੳ) ਕਿਡੀ ਹੈਰਾਨੀ ਦੀ ਗੱਲ ਹੈ ਕਿ ਮਹਾਰਾਜੇ ਦਸ਼ਰਥ ਨੂੰ ਸੈਂਕੜੇ ਸਾਲ ਪਹਿਲਾਂ ਦੀ ਉਮਰ ਸਮੇ ਔਲਾਦ ਦੀ ਭੁੱਖ ਨਾ ਜਾਗੀ । ਪਰ ਜਦੋਂ ਵਿਸ਼ਨੂੰ ਜੀ ਨੇ ਧਰਤੀ-ਮਾਤ ਅਤੇ ਦੇਵੀ ਦੇਵਤਿਆਂ ਦੀ ਮਿਲਵੀਂ ਫ਼ਰਿਆਦ ਸੁਣ ਕੇ ਧਰਤੀ ਤੇ ਜਨਮ ਲੈਣ ਦਾ ਬਚਨ ਦੇ ਕੇ, ਪੁੱਤ੍ਰ ਬਣਨ ਲਈ ਆਪਣਾ ਪਿਤਾ ਦਸ਼ਰਥ ਨੂੰ ਚੁਣ ਲਿਆ ਤਾਂ ਰਾਜੇ ਦਸ਼ਰਥ ਨੂੰ ਵੀ ਪੁੱਤ੍ਰ ਦੀ ਘਾਟ ਨੇ ਸਤਾਉਣਾ ਸ਼ੁਰੂ ਕਰ ਦਿੱਤਾ ਅਤੇ ਉਹ ਵੀ ਪੁੱਤ੍ਰ ਪ੍ਰਾਪਤੀ ਲਈ ਬ੍ਰਾਹਮਣ ਰਿਸ਼ੀਆਂ ਦੇ ਆਸ਼ਰਮਾਂ ਤੇ ਨੰਗੇ ਪੈਰੀਂ ਜਾ ਕੇ ਫਰਿਅਦਾਂ ਕਰਨ ਲੱਗ ਪਿਆ ।

(ਅ) ਸੈਕੜੇ ਸਾਲਾਂ ਤੋਂ ਯੱਗ ਕਰਦੇ ਆ ਰਹੇ ਰਿਸ਼ੀ ਵਿਸ਼ਵਾ ਮਿੱਤ੍ਰ ਦੀ ਇਹ ਪਹਿਲੀ ਤੇ ਆਖ਼ਰੀ ਸ਼ਕਾਇਤ ਐਨ ਉਸ ਸਮੇਂ ਹੀ ਦਸ਼ਰਥ ਕੋਲ ਪੁੱਜੀ ਜਦ ਸ੍ਰੀ ਰਾਮ

ਜੀ ਪੜ੍ਹਾਈ ਪੂਰੀ ਕਰਕੇ ਅਜੇ ਆਏ ਹੀ ਸਨ । ਵਿਸ਼ਵਾਮਿਤ੍ਰ ਦੇ ਆਉਣ ਵਾਲਾ ਮੋੜ ਕਹਾਣੀ ਵਿਚ ਸਿਰਫ਼ ਇਹ ਦੱਸਣ ਲਈ ਆਇਆ ਕਿ, ਜੇ ਰਿਸ਼ੀ ਆਪ ਆ ਕੇ ਸ੍ਰੀ ਰਾਮ ਅਤੇ ਲਿਛਮਣ ਨੂੰ ਨਾਲ ਨਾ ਲੈ ਜਾਂਦਾ ਤਾਂ ਰਾਮ ਜੀ ਅਥਵਾ ਬਾਕੀ ਤਿੰਨ ਭਾਈਆਂ ਨੇ ਸ਼ਾਇਦ ਸਾਰੀ ਉਮਰ ਕੁਆਰੇ ਹੀ ਰਹਿਣਾ ਸੀ । ਕਿਉਂਕਿ ਜਨਕ ਨੇ ਦੂਰ ਦੁਰਾਡੇ ਵਾਲੇ ਸਾਰੇ ਰਾਜਿਆਂ ਨੂੰ ਬੁਲਾ ਲਿਆ ਸੀ, ਪਰ ਮਹਾਰਾਜ ਦਸ਼ਰਥ ਨੂੰ ਅਥਵਾ ਉਨ੍ਹਾਂ ਦੇ ਅਵਤਾਰੀ ਪੁੱਤ੍ਰਾਂ ਨੂੰ ਤਾਂ ਉਹ ਜਾਣਦਾ ਹੀ ਨਹੀਂ ਸੀ । ਕਹਾਣੀ ਦੇ ਇਸ ਮੋੜ ਨੇ ਇਹ ਵੀ ਸਾਬਤ ਕਰ ਦਿੱਤਾ ਕਿ ਧਰਤੀ ਤੇ ਆ ਚੁੱਕੇ ਭਗਵਾਨ ਨੂੰ ਵੀ ਹਰ ਹਾਲਤ ਵਿਚ ਬ੍ਰਾਹਮਣ ਦੀ ਕਿਰ੍ਪਾ ਦ੍ਰਿਸ਼ਟੀ ਦੀ ਲੋੜ ਰਹਿੰਦੀ ਹੈ । ਪੱਥਰ ਬਣੀ ਅਹਲਿਆ ਦਾ ਸਰਾਪ ਵੀ ਵਿਸ਼ਵਾਮਿਤ੍ਰ ਦੇ ਇਸ਼ਾਰੇ ਦਾ ਹੀ ਮੁਥਾਜ ਦਿਸਦਾ ਹੈ ਰਾਮ ਵਿਚਾਰੇ ਨੂੰ ਤਾਂ ਪਤਾ ਵੀ ਨਹੀਂ ਸੀ ਕਿ ਪੱਥਰ ਨੂੰ ਪੈਰ ਲਾਉਣ ਵਾਸਤੇ ਉਸ ਨੂੰ ਕਿਉਂ ਕਿਹਾ ਗਿਆ ਸੀ । **ਆਪਣੀ ਸਰਬ-ਉੱਚਤਾ ਵਾਲੇ ਇਸ ਪੱਖ ਤੇ ਵੀ ਰੱਬੀ ਮੋਹਰ ਲੁਆ ਲਈ ।**

**੮-** ਵਾਲਮੀਕੀ ਰਾਮਾਇਣ ਅਜੁਧਿਆ ਕਾਂਡ ਦੇ ੫੨ ਵੇਂ ਅਧਿਆਇ ਵਿੱਚ ਲਿਖਿਆ ਹੈ ਕਿ ਜਦ ਸੀਤਾ, ਰਾਮਚੰਦ੍ਰ ਜੀ ਨਾਲ ਵਨਵਾਸ ਨੂੰ ਜਾਂਦੀ ਹੋਈ ਗੰਗਾ ਨਦੀ ਲੰਘੀ, ਤਦ ਮੰਨਤ ਮੰਨੀ ਕਿ--ਹੇ ਗੰਗਾ ! ਜੇ ਰਾਮ ਬਨਵਾਸ ਤੋਂ ਮੁੜਕੇ ਅਯੋਧਿਆ ਦਾ ਰਾਜ ਪਾਉਣਗੇ, ਤਾਂ ਮੈਂ ਤੇਰੇ ਕਿਨਾਰੇ ਰਹਿਣ ਵਾਲੇ **ਬ੍ਰਾਹਮਣਾ ਨੂੰ** ਹਜ਼ਾਰਾਂ ਗਊਆਂ ਦਾਨ ਦੇਵਾਂਗੀ ਅਤੇ ਇੱਕ ਹਜ਼ਾਰ ਘੜਾ **ਸੁਰਾ** ਭਾਵ **ਸ਼ਰਾਬ** ਦਾ ਤੈਨੂੰ ਅਰਪਾਂਗੀ, ਅਰ **ਮਾਸ** ਚਾਵਲ ਆਦਿ ਨਾਲ ਤੇਰੀ ਪੂਜਾ ਕਰਾਂਗੀ । ਮਾਸ-ਸ਼ਰਾਬ ਦੀ ਵਰਤੋਂ ਦੀ ਖੁਲ੍ਹ ਵਾਲੇ ਕਰਮ, ਅਤੇ ਗੰਗਾ ਦੀ ਪੂਜਾ ਕਰਨ ਵਾਲੇ ਭਰਮ ਅਤੇ ਬ੍ਰਾਹਮਣਾ ਨੂੰ ਦਾਨ ਦਿਤੇ ਜਾਣ ਨੂੰ ਪੁੰਨ ਕਰਮ ਸਮਝੀ ਰਖਣ ਲਈ ਅਜੇਹਾ ਲਿਖਿਆ । ਅਰਥਾਤ ਬ੍ਰਾਹਮਣ ਨੇ ਅਪਣੀ ਹਵਸ ਪੂਰਤੀ ਵਾਸਤੇ ਗ੍ਰੰਥਾਂ ਦੀ ਸਹਾਇਤਾ ਨਾਲ ਜੋ ਜਾਲ ਵਿਛਾਇਆ ਸੀ ਉਸ ਦੇ ਕਈ ਪੱਖਾਂ ਤੇ **ਭਗਵਾਨ-ਰਾਮ ਕੋਲੋਂ ਰੱਬੀ ਮੋਹਰ ਲਵਾ ਲਈ ।**

## ਮਨੁੱਖਤਾ ਦੇ ਚੰਗੇ ਗੁਣਾ ਵਲੋਂ ਢਿੱਲ -

ਰਾਮਾਇਣ ਗਾਥਾ ਦੀ ਫਿਲਮ ਵਿਚ ਵਿੱਚ ਅਜੇਹੀਆਂ ਠੋਸ ਮਹਤਤਾ ਵਾਲੀਆਂ ਕਈ ਗੱਲਾਂ ਹੱਨ ਜਿਨ੍ਹਾਂ ਤੋਂ ਇਸ ਕਥਾ ਦੀ ਅਸਲੀਅਤ ਵਿਰੁੱਧ ਗੰਭੀਰ ਸ਼ੰਕੇ ਬਣਦੇ ਹਨ । ਦਸ਼ਰਥ ਅਥਵਾ ਰਾਮ, ਦੇ ਮੂੰਹੋਂ ਜ਼ਾਹਰਾ ਝੂਠ ਬੁਲਵਾਇਆ ਗਿਆ ਹੈ । ਫਿਰ ਜਿਸ ਰਾਮ ਜੀ ਨੂੰ ਤ੍ਰੈਲੋਕੀ ਨਾਥ, ਭਗਵਾਨ ਕਿਹਾ ਜਾ ਰਿਹਾ ਹੈ ਉਸ ਕੋਲੋਂ ਕਈ ਥਾਂਈਂ ਅਜੇਹਾ ਕੁੱਝ ਅਖਵਾਇਆ ਗਿਆ ਹੈ ਅਥਵਾ ਕਰਵਾਇਆ ਗਿਆ ਹੈ, ਜੋ ਆਪਣੇ ਆਪ ਵਿੱਚ ਬੇਅਸੂਲੀ ਅਥਵਾ ਕੋਰਾ ਝੂਠ ਬਣ ਕੇ ਰਹਿ ਜਾਂਦਾ ਹੈ । ਭਗਵਾਨ ਤੇ ਕਿਤੇ ਰਿਹਾ, ਇੱਕ ਚੰਗਾ ਮਨੁੱਖ ਵੀ ਅਜੇਹਾ ਕੁੱਝ ਨਾ ਕਦੇ ਬੋਲੇ ਅਤੇ ਨਾ ਹੀ ਕਰੇ । ਉਦਾਹਰਣ ਵਜੋਂ :-

**੯-** **ਝੂਠ ਬੋਲਣਾ:**--ਸਾਧਾਰਨ ਤੌਰ ਤੇ ਅਜੇਹੀ ਗੱਲ ਨੂੰ ਦਿਲ ਕਦੇ ਕਬੂਲ ਨਹੀਂ ਕਰਦਾ ਕਿ ਦੁਨੀਆਂ ਦਾ ਕੋਈ ਵੀ ਰਾਜਾ ਏਡਾ ਸ਼ੇਖ਼ੀ ਖ਼ੋਰਾ, ਜਾਂ ਝੂਠਾ ਹੋਵੇਗਾ ਜਿਸ ਤਰ੍ਹਾਂ ਦਾ ਮਹਾਰਾਜਾ ਦਸ਼ਰਥ ਅਥਵਾ ਰਾਮ ਜੀ ਨੂੰ ਦਰਸਾਇਆ ਹੋਇਆ ਹੈ । ਮੰਥਰਾ ਗੋਲੀ ਦੀ ਚੁੱਕ ਵਿੱਚ ਆ ਕੇ ਕੈਕਈ ਕਾਲੇ ਬਸਤ੍ਰ ਪਾ ਕੇ ਹਨੇਰੀ ਗੁਫ਼ਾ ਵਿੱਚ ਜਾ ਪੈਂਦੀ ਹੈ । ਦਸ਼ਰਥ ਉਸ ਨੂੰ ਮਨਾਉਣ ਦੇ ਯਤਨ ਵਿੱਚ ਕਹਿੰਦਾ ਹੈ ਕਿ--**ਦੇਵੀ ਜਹਾਂ ਤੱਕ ਸੂਰਜ ਕਾ ਚੱਕ੍ਰ ਘੂਮਤਾ ਹੈ ਸਾਰੀ ਪ੍ਰਿਥਵੀ ਮੇਰੇ ਅਧਿਕਾਰ ਮੇਂ ਹੈ** --ਅਤੇ ਫਿਰ ਸ਼ੇਖ਼ੀ ਵਿਚ ਆਇਆ ਹੋਇਆ ਆਪਣੇ ਅਧਿਕਾਰ ਹੇਠਲੇ ਦੇਸ਼ਾਂ ਅਰਥਾਤ ਸੁਰਾਸ਼ਟਰ, ਸੰਧੂ, ਅੰਗ, ਬੰਗ, ਕੌਸ਼ਕ, ਕਾਂਸ਼ੀ ਆਦਿ ਦੇ ਨਾਮ ਵੀ ਲੈਂਦਾ ਹੈ । ਕਹਾਣੀ ਜ਼ਰਾ ਹੀ ਅੱਗੇ ਤੁਰਦੀ ਹੈ ਤਾਂ ਦਸ਼ਰਥ ਦੇ ਕਥਨ ਝੂਠੇ ਅਤੇ ਨਿਰਾਧਾਰ ਸਿੱਧ ਹੋਣੇ ਅਰੰਭ ਹੋ ਜਾਂਦੇ ਹਨ ਅਥਵਾ ਦਸ਼ਰਥ ਦਾ ਇਹ ਸਾਰਾ ਭਾਸ਼ਨ ਇਨ੍ਹਾਂ ਗੱਲਾਂ ਕਰਕੇ ਗੱਪ ਬਣ ਕੇ ਰਹਿ ਜਾਂਦਾ ਹੈ :-

(ੳ) ਦਸ਼ਰਥ ਦੇ ਅਜੇਹੇ ਕਹਿਣ ਤੋਂ ਅਗਲੀ ਸਵੇਰ ਰਾਮ ਬਨਵਾਸ ਨੂੰ ਤੁਰਦਾ ਹੈ । ਇੱਕ ਰਾਤ ਰਸਤੇ ਵਿੱਚ ਪੜਾ ਕਰਕੇ ਅਗਲੀ ਸ਼ਾਮ ਹੋਣ ਤੋਂ ਪਹਿਲਾਂ ਹੀ ਸੋਮੰਤ ਨਾਮੀ ਮਹਾਂ ਮੰਤ੍ਰੀ ਰਥ ਰੋਕ ਕੇ ਰਾਮ ਨੂੰ ਕਹਿੰਦਾ ਹੈ ਕਿ ਉਨ੍ਹਾਂ ਦੇ ਰਾਜ ਦੀ ਹੱਦ ਖ਼ਤਮ ਹੋ ਗਈ ਹੈ ਅਤੇ ਇਸ ਤੋਂ ਅੱਗੇ ਰੱਥ ਨਹੀਂ ਜਾ ਸਕਦਾ । ਰਾਮ ਜੀ ਉੱਤਰ ਕੇ ਆਪਣੇ ਰਾਜ ਦੀ ਧਰਤੀ ਨੂੰ ਨਮਸਕਾਰ ਕਰਦੇ ਹਨ ਅਤੇ ਥੋਹੜੀ ਮਿੱਟੀ ਲੈ ਕੇ ਸਤਿਕਾਰ ਨਾਲ ਰੁਮਾਲ ਵਿਚ ਬਨ੍ਹ ਲੈਂਦੇ ਹਨ । ਉਸ ਤੋਂ ਅਗਲੇ ਦਿਨ ਗੰਗਾ ਪਾਰ ਕਰਕੇ ਜਦ ਜਮਨਾ ਨਦੀ ਤੋਂ ਆਪਣੇ ਮਿੱਤ੍ਰ ਨਿਸ਼ਾਦ ਰਾਜ, (ਮਲਾਹਾਂ ਦਾ ਰਾਜਾ) ਜਿਸ ਦੇ ਅਧਿਕਾਰ ਵਿੱਚ ਇੱਕ ਪਿੰਡ ਅਤੇ ਪੱਤਣਾ ਦੇ ਨਾਲ ਲਗਦੀ ਥੁਹੜੀ ਜਿਹੀ ਧਰਤੀ ਸੀ, ਨੂੰ ਰਾਮ ਤਾਕੀਦ ਕਰਦਾ ਹੈ ਕਿ ਭਰਤ ਦੇ ਰਾਜ ਦੀ ਸੀਮਾ (Boundaries)ਦੀ ਰਖਿਆ ਕਰਨ ਵਿੱਚ ਸਹਾਇਤਾ ਕਰੇ । ਏਥੋਂ ਇਹੀ ਸਾਬਤ ਹੁੰਦਾ ਹੈ ਕਿ **ਭਰਤ** ਦਾ ਰਾਜ ਬੜਾ ਕਮਜ਼ੋਰ ਅਤੇ ਛੋਟਾ ਸੀ ਜਿਹੜਾ ਮਲਾਹਾਂ ਦੇ ਕਬੀਲੇ ਦੀ ਰਖਿਆ ਦਾ ਮੁਥਾਜ ਦਰਸਾਇਆ ਗਿਆ ਸੀ ।

(ਅ) ਰਾਮ ਦੇ ਰਾਜਾ ਬਣ ਜਾਣ ਉਪ੍ਰੰਤ ਜਦੋਂ ਧੋਬੀ ਦੀ ਇਸਤ੍ਰੀ ਵਾਲਾ ਝਗੜਾ ਖੜਾ ਹੁੰਦਾ ਹੈ ਤਾਂ ਰਾਮ ਸੀਤਾ ਨੂੰ ਕਹਿੰਦਾ ਹੈ ਕਿ ਧੋਬਣ ਦੂਜੇ ਰਾਜ ਵਿੱਚ ਚਲੀ ਗਈ ਹੈ ਇਸ ਲਈ ਉਸ ਨੂੰ ਬੁਲਾ ਕੇ ਝਗੜੇ ਦੀ ਪੁੱਛ ਪੜਤਾਲ ਕਰਕੇ ਫ਼ੈਸਲਾ ਨਹੀਂ ਕਰ ਸਕਦਾ । ਇਸ ਤੋਂ ਵੀ ਰਾਜਾ ਰਾਮ ਦੇ ਰਾਜ ਅਧਿਕਾਰ ਦੀ ਕਮਜ਼ੋਰੀ ਅਤੇ ਬੇਬਸੀ ਪਰਤੱਖ ਹੋ ਦਿਸਦੀ ਹੈ । ਗੁਆਂਢੀ ਰਾਜੇ ਨੂੰ ਕਹਿ ਕੇ ਧੋਬਣ ਵੀ ਵਾਪਸ ਨਹੀਂ ਮੰਗਵਾ ਸਕਦਾ । ਅਤੇ ਜਿਸ ਰਾਜ ਦੀਆਂ ਹੱਦਾਂ ਨੂੰ ਇੱਕ ਦੁਖਿਆਰੀ ਅਬਲਾ ਸਹਿਜ ਨਾਲ ਹੀ ਪਾਰ ਕਰ ਸਕਦੀ ਹੈ, ਉਸ ਰਾਮ-ਰਾਜ ਦੀ ਹੱਦ ਇੱਕ ਠਾਣੇ ਦੀ ਹੱਦ ਤੋਂ ਵੀ ਘੱਟ ਹੋ ਦਿਸਦੀ ਹੈ ।

(ੲ) ਬ੍ਰਹਮ ਗਿਆਨੀ ਅਤੇ ਦਿਬ-ਦ੍ਰਿਸ਼ਟੀ ਵਾਲਾ ਰਾਜਾ ਜਨਕ, ਜੰਗਲਾਂ ਵਿਚ ਵਿਚਰਨ ਵਾਲੇ ਉਨ੍ਹਾਂ ਰਿਸ਼ੀਆਂ ਨੂੰ ਤਾਂ ਆਪਣੀ ਧੀ ਦੇ ਸੁਅੰਬਰ ਤੇ ਆਉਣ ਦਾ ਸੱਦਾ ਭੇਜ ਸਕਦਾ ਹੈ ਜਿਨ੍ਹਾਂ ਦਾ ਪੱਕਾ ਟਿਕਾਣਾ ਕਿਤੇ ਨਹੀਂ ਹੁੰਦਾ, ਪਰ ਜਿਹੜਾ ਆਪਣੇ ਰਾਜ ਦੀ ਹੱਦ ਵਿਚ ਸਾਰੀ ਦੁਨੀਆਂ ਦੱਸਦਾ ਸੀ ਅਤੇ ਜਿਸ ਦੇ ਘਰ ਭਗਵਾਨ ਨੂੰ ਜਨਮ ਲਏ ਨੂੰ ਕਰੀਬ ੨੫ ਸਾਲ ਹੋ ਚੁੱਕੇ ਸਨ ਉਸ ਰਾਜੇ ਦਸ਼ਰਥ ਨੂੰ ਰਾਜਾ ਜਨਕ ਜਾਣਦਾ ਪਛਾਣਦਾ ਤੱਕ ਨਹੀਂ । ਕੀ ਉਹ ਕੋਈ ਗੁਮਨਾਮ ਜਿਹਾ ਮਾਮੂਲੀ ਜਿੰਮੀਦਾਰ ਹੀ ਸੀ ? ਕਿ ਜਾਂ ਪਿੰਡ ਦਾ ਗੁਮਨਾਮ ਚੌਧਰੀ ਸੀ ? ਕਿ ਜਾਂ ਸਭ ਮਨਘੜ ਗ਼ਾਂਡਾ-ਸਾਂਡਾ ਹੀ ਹੈ ? **ਕੀ ਇਹ ਸਮਝਿਆ ਜਾਏ**

**ਕਿ ਮਹਾਰਾਜ ਦਸ਼ਰਥ ਨੇ ਕੈਕਈ ਨਾਲ ਐਂਵੇਂ ਗੱਪ ਮਾਰੀ ਸੀ ਕਿ ਉਸ ਦੇ ਰਾਜ ਵਿੱਚ ਸੂਰਜ ਨਹੀਂ ਡੁੱਬਦਾ ?**

(ਸ) ਸਾਰੀ ਪ੍ਰਿਥਵੀ ਦਾ ਭਾਰ ਦੂਰ ਕਰਨ ਆਇਆ, ਸਾਰੇ ਸੰਸਾਰ ਦਾ ਪ੍ਰਭੂ, ਆਪਣੇ ਰਾਜ ਦੀ ਮਿੱਟੀ ਨੂੰ ੧੪ ਸਾਲ ਜੰਗਲਾਂ ਬਨਾਂ ਵਿੱਚ ਬੜੇ ਸਤਿਕਾਰ ਨਾਲ ਸਾਂਭੀ ਰੱਖਦਾ ਹੈ । ਰੋਜ਼ ਉਸ ਮਿੱਟੀ ਦੀ ਪੂਜਾ ਕਰਕੇ ਇਹ ਸਾਬਤ ਕਰਦਾ ਹੈ ਕਿ ਉਸ ਨੂੰ ਬਾਕੀ ਧਰਤੀ ਦੀ ਮਿੱਟੀ ਨਾਲ ਕੋਈ ਵਾਸਤਾ ਨਹੀਂ । ਅਤੇ ਫਿਰ ਬਾਲੀ ਨੂੰ ਰਾਮ ਇਹ ਕਹਿੰਦਾ ਹੈ ਕਿ ਬਾਲੀ ਦੇ ਅਧਿਕਾਰ ਵਾਲੀ ਥਾਂ ਤਾਂਈਂ ਉਸ ਦੇ ਭਾਈ **ਭਰਤ** ਦਾ ਰਾਜ ਹੈ ਇਸ ਬਹਾਨੇ ਬਾਲੀ ਨੂੰ ਮ੍ਰਿਤੂ ਡੰਨ ਦੇਣਾ ਆਪਣੇ ਅਧਿਕਾਰ ਖੇਤ੍ਰ ਵਿੱਚ ਦਸਦਾ ਹੈ । ਕਿੱਡਾ ਕੋਰਾ ਝੂਠ ਉਸੇ ਰਾਮ ਜੀ ਕੋਲੋ ਬਲਵਾਇਆ ਗਿਆ ਹੈ ਜਿਹੜਾ ਮਗਰੋਂ ਸੀਤਾ ਕੋਲ ਆਪਣੀ ਬੇਬਸੀ ਇਹ ਆਖ ਕੇ ਜ਼ਾਹਰ ਕਰਦਾ ਹੈ ਕਿ, ਧੋਬਣ ਦੂਜੇ ਰਾਜ ਵਿਚ ਜਾ ਵੜੀ ਹੈ ਇਸ ਲਈ ਉਸ ਦੀ ਫਰਿਆਦ ਦਾ ਫ਼ੈਸਲਾ ਕਿਵੇਂ ਕਰੇ ? ਕੀ ਕਹਾਣੀ ਦੀ ਲੋੜ ਪੂਰੀ ਕਰਨ ਲਈ ਕਿ ਜਾਂ ਕਿਸੇ ਹੋਰ ਕਾਹਲੀ ਵਿਚ ਬ੍ਰਾਹਮਣ ਨੇ ਪੈਰ ਪੈਰ ਤੇ ਅਜੇਹੀਆਂ ਸ਼ਖ਼ਸੀਅਤਾਂ ਦੇ ਮੂਹੋਂ ਝੂਠ ਬੁਲਾਏ ਹਨ ? ਅਜੇਹਾ ਕਰਨ ਨਾਲ ਲਿਖਾਰੀ ਨੂੰ ਨਿਜੀ ਲਾਭ ਕੀ ਪੁੱਜਣਾ ਸੀ ? **ਸਿਰਫ਼ ਝੂਠ ਬੋਲਣ ਵਾਲੀ ਆਪਣੀ ਆਦਤ ਤੇ ਰੱਬੀ ਮੋਹਰਾਂ ਲੁਆ ਕੇ, ਬ੍ਰਾਹਮਣ ਇਸ ਨੂੰ ਧਰਮ ਅਥਵਾ ਸਭਿਅਤਾ ਦਾ ਅੰਗ ਬਣਾ ਰਿਹਾ ਸੀ ।**

**੧੦-** ਕਿਸੇ ਦੀ ਇਸਤ੍ਰੀ ਦਾ ਹਰਨ ਹੋ ਜਾਣ ਨੂੰ ਮਾਨਵਤਾ ਵਿੱਚ ਬੜਾ ਦੁਖਦਾਈ ਅਤੇ ਸ਼ਰਮਨਾਕ ਮੰਨਿਆ ਗਿਆ ਹੈ । ਜਿਸ ਢੰਗ ਨਾਲ ਸੀਤਾ ਦਾ ਹਰਨ ਹੋਇਆ ਵਿਖਾਇਆ ਗਿਆ ਹੈ ਅਤੇ ਜਿਸ ਪ੍ਰਕਾਰ ਦੀ ਸਥਿਤੀ ਸਮੇਂ ਜਿਸ ਕਿਸਮ ਦੀ ਕਮ-ਅਕਲੀ ਵਾਲੀਆਂ ਅਥਵਾ ਸਖ਼ਤ ਅਨਗਹਿਲੀ ਵਾਲੀਆਂ ਭੁੱਲਾਂ ਪ੍ਰਭੂ-ਰਾਮ ਦੇ ਮੱਥੇ ਮੜ੍ਹੀਆਂ ਹਨ, ਅਜੇਹੀਆਂ ਗੰਭੀਰ ਭੁੱਲਾਂ ਸਧਾਰਨ ਸੂਝ-ਬੂਝ ਵਾਲਾ ਮਨੁੱਖ ਵੀ ਕਦੇ ਨਹੀਂ ਕਰ ਸਕਦਾ । ਉਨ੍ਹਾਂ ਭੁੱਲਾਂ ਦਾ ਵੇਰਵਾ ਇਸ ਪ੍ਰਕਾਰ ਹੈ :-

**(ੳ)** ਰਾਮ-ਰੂਪ ਵਿਚ ਵਿਚਰਦੇ ਵਿਸ਼ਨੂੰ ਜੀ ਨੂੰ ਇਹ ਕਿਵੇਂ ਭੁੱਲ ਸਕਦਾ ਸੀ ਕਿ ਜਿਹੜੇ ਦੇਵਤੇ ਉਸ ਕੋਲ ਖੀਰ ਸਮੁੰਦਰ ਵਿੱਚ ਰਾਵਣ ਦੇ ਵਿਰੁੱਧ ਸ਼ਕਾਇਤਾਂ ਲਾਉਣ ਗਏ ਸਨ, ਰਾਵਣ ਵੀ ਉਨ੍ਹਾਂ ਦਾ ਹੀ ਭਗਤ ਸੀ ਅਤੇ ਉਸ ਨੂੰ ਸਾਰੇ ਵਰ ਉਨ੍ਹਾਂ ਨੇ ਹੀ ਦਿੱਤੇ ਹੋਏ ਸਨ । ਇਹ ਕਿਵੇਂ ਹੋ ਸਕਦਾ ਸੀ ਕਿ ਰਾਵਣ ਨੂੰ

ਪਤਾ ਨਾ ਹੁੰਦਾ ਕਿ ਵਿਸ਼ਨੂੰ ਨੇ ਉਸ ਦੇ ਮਾਰਨ ਲਈ ਅਵਤਾਰ ਲਿਆ ਸੀ ? (ਉਸੇ ਹੀ ਪ੍ਰਭੂ ਦੇ ਦਰਬਾਰੀਆਂ ਨੇ ਕੰਸ ਨੂੰ ਕਈ ਸਾਲ ਪਹਿਲਾਂ ਦੱਸ ਦਿੱਤਾ ਸੀ ਕਿ ਉਸ ਦੀ ਆਪਣੀ ਭੈਣ ਦੀ ਕੁਖੋਂ ਵਿਸ਼ਨੂੰ ਨੇ ਪੈਦਾ ਹੋ ਕੇ ਉਸ ਨੂੰ ਖਤਮ ਕਰਨਾ ਹੈ । ਪ੍ਰਭੂ ਦੇ ਦਰਬਾਰ ਦੇ ਕਰਮਚਾਰੀਆਂ ਦੀ ਹੀ ਚੁਗਲ ਖੋਰੀ ਵਾਲੀ ਆਦਤ ਕਾਰਨ ਬੇਗੁਨਾਹ ਬੱਚਿਆਂ ਨੂੰ ਕੰਸ ਨੇ ਕਤਲ ਕੀਤਾ ਸੀ । ਇਨ੍ਹਾਂ ਮਾਸੂਮ ਬਚਿਆਂ ਦੇ ਕਾਤਲ ਅਸਲ ਵਿੱਚ ਭਵਿੱਸ਼-ਬਾਣੀ ਕਰਨ ਵਾਲੇ ਪ੍ਰਭੂ ਦਰਬਾਰ ਦੇ ਭੇਤੀ, ਉਸ ਦੇ ਆਪਣੇ ਅਹਿਲਕਾਰ ਹੀ ਸਨ) ਰਾਮ ਜੀ ਨੂੰ ਰਾਵਣ ਵਲੋਂ ਹਰ ਪਲ ਸੁਚੇਤ ਰਹਿਣਾ ਸੁਭਾਵਕ ਗੱਲ ਹੋਣੀ ਚਾਹੀਦੀ ਸੀ ।

**(ਅ)** ਵਿਸ਼ਵਾ ਮਿਤ੍ਰ ਰਿਸ਼ੀ ਦੇ ਨਾਲ ਜਾਣ ਸਮੇਂ ਤੋਂ ਲੈ ਕੇ ਰਾਮ ਜੀ ਰਾਵਣ ਦੇ ਕੁਟੰਬੀਆਂ ਨੂੰ ਕਤਲ ਕਰਦੇ ਆ ਰਹੇ ਸਨ । ਫਿਰ ਪੰਚ ਵਟੀ ਪੁੱਜ ਕੇ ਵੀ ਰਾਵਣ ਦੀ ਸਕੀ ਭੈਣ ਦਾ ਨੱਕ ਵੱਢ ਦੇਣਾਂ, ਤੇ ਰਾਵਣ ਦੇ ਮਹਾਂ ਬਲੀ ਭਰਾਵਾਂ ਦਾ ਫ਼ੌਜ ਸਮੇਤ ਖਾਤਮਾ ਕਰ ਦੇਣਾ, ਇਨ੍ਹਾਂ ਕਾਰਨਾ ਕਰਕੇ ਅਤੇ ਫਿਰ ਜੰਗਲ ਦੇ ਵਾਸ ਸਮੇਂ ਹੋਰ ਵੀ ਅਸਾਧਾਰਨ ਰੂਪ ਵਿੱਚ ਉਚੇਚੀ ਖ਼ਬਰਦਾਰੀ ਦੀ ਲੋੜ ਸੀ । ਪੰਚਵਟੀ ਦੀ ਰਿਹਾਇਸ਼ ਸਮੇ ਰਾਮ ਨੂੰ ਤਾਂ ਇਸ ਤਰ੍ਹਾਂ ਦਰਸਾਇਆ ਹੈ ਜਿਵੇਂ ਨਾਨਕੇ ਪਿੰਡ ਫਿਰ ਰਹੇ ਹੁੰਦੇ ਹਨ ।

**(ੲ)** ਸੁਨਹਿਰੀ ਹਿਰਣ ਨੂੰ ਵੇਖ ਕੇ ਉਸ ਨੂੰ ਫੜਨ ਦੀ ਜਾਂ ਮਾਰ ਕੇ ਖੱਲ ਹਾਸਲ ਕਰ ਲੈਣ ਦੀ ਲਾਲਸਾ ਪੈਦਾ ਹੋਣੀ, ਇੱਕ ਸਾਧਾਰਨ ਇਸਤ੍ਰੀ ਦੇ ਮਨ ਵਾਲੀ ਕੋਝੀ ਤ੍ਰਿਸਨਾਂ ਸੀ । ਅਜੇਹੀ ਬੱਚਿਆਂ ਵਾਲੀ ਜਿਦ **ਲਛਮੀ ਦੇਵੀ** ਦੀ ਅਵਤਾਰ, ਸੀਤਾ-ਮਾਤਾ ਜੀ ਦੇ ਆਚਰਨ ਨੂੰ ਧੁੰਦਲਾ ਕਰਦੀ ਹੈ । ਫਿਰ **ਲਛਮਣ** ਨੇ ਸੁਚੇਤ ਕੀਤਾ ਸੀ ਕਿ ਹਿਰਣ ਪ੍ਰਾਕ੍ਰਿਤਕ ਨੇਮਾਂ ਦੇ ਵਿਰੁੱਧ ਹੈ, ਅਤੇ ਉਸ ਨੇ ਕਿਸੇ ਦੁਰਘਟਣਾ ਦੇ ਵਾਪਰ ਸਕਣ ਦਾ ਡਰ ਵੀ ਪ੍ਰਗਟ ਕੀਤਾ ਸੀ, ਪ੍ਰਭੂ-ਰਾਮ ਨੇ ਉਸਦੇ ਕਹੇ ਨੂੰ ਰੱਦ ਕਰ ਦਿੱਤਾ ਅਤੇ ਹਿਰਣ ਪਿਛੇ ਭੱਜ ਉਠਿਆ । ਇਸ ਗੰਭੀਰ ਭੁੱਲ ਨੂੰ ਮਗਰੋਂ ਰਾਮ ਆਪਣੇ ਮੂੰਹੋਂ ਮੰਨਦਾ ਅਤੇ ਸਖ਼ਤ ਪਛਤਾਵਾ ਕਰਦਾ ਵੀ ਦਰਸਾਇਆ ਗਿਆ ਹੈ । ਅਜੇਹਾ ਭੁਲੜ ਰੱਬ ਸਿਰਫ਼ ਬ੍ਰਾਹਮਣ ਦਾ ਹੀ ਹੋ ਸਕਦਾ ਹੈ । ਗੁਰਮਤਿ ਦੇ ਰੱਬ ਅਤੇ ਗੁਰੂ ਦੋਵੇਂ ਅਭੁੱਲ ਹਨ ।

**(ਸ)** ਰਾਮ ਦਾ ਤੀਰ ਵੱਜਦਿਆਂ ਸਾਰ ਹੀ ਸਵਰਨ ਹਿਰਨ, ਦੈਂਤ ਦੇ ਰੂਪ ਵਿੱਚ ਬਦਲ ਕੇ ਰਾਮ ਦੀ ਆਵਾਜ਼ ਵਿੱਚ ਸੀਤਾ ਅਤੇ ਲਛਮਣ ਨੂੰ ਸਹਾਇਤਾ ਵਾਸਤੇ ਪੁਕਾਰਨ ਲੱਗ ਪਿਆ ਸੀ । ਅਜੇਹੇ ਸਮੇਂ ਬੜੀ ਘੱਟ ਬੁਧੀ ਵਾਲੇ ਮਨੁੱਖ ਨੂੰ ਵੀ ਖ਼ਤਰੇ ਦਾ ਪੂਰਾ ਗਿਆਨ ਹੋ ਜਾਂਦਾ ਹੈ । ਰਾਮ ਦਾ ਜਾਨ ਲੇਵਾ ਤੀਰ ਵੱਜਣ ਦੀ ਪੀੜ ਵਿੱਚ ਆਖਰੀ ਸੁਆਸਾਂ ਤੇ ਪੁੱਜੇ ਜਿਸ ਦੈਂਤ ਦੀ ਆਵਾਜ਼ **ਲਛਮਣ** ਅਤੇ **ਸੀਤਾ** ਨੂੰ ਧੋਖਾ ਦੇ ਰਹੀ ਸੀ, ਕੀ ਓਸੇ ਥਾਂ ਤੇ ਖਲੋਤਿਆਂ ਹੀ ਪ੍ਰਭੂ-ਰਾਮ ਦੀ ਆਵਾਜ਼ ਉਨ੍ਹਾਂ ਨੂੰ ਹੌਸਲਾ ਨਹੀਂ ਸੀ ਦੇ ਸਕਦੀ ? ਕੀ ਭਗਵਾਨ ਰਾਮ ਜੀ ਦੀ ਆਵਾਜ਼ ਏਡੀ ਕਮਜ਼ੋਰ ਸੀ ਕਿ ਆਪਣੇ ਠੀਕ ਠਾਕ ਹੋਣ ਬਾਰੇ ਦੱਸ ਨਹੀਂ ਸਨ ਸਕਦੇ ? ਝੱਟ ਪੱਟ ਕੁਟੀਆ ਵੱਲ ਨੂੰ ਮੁੜਨ ਦੀ ਬਜਾਏ ਡੌਰ-ਭੌਰੇ ਹੋਏ ਉਸ ਥਾਂ ਤੇ ਜਾ ਖੜ੍ਹੇ ਹੁੰਦੇ ਹਨ ਜਿਥੋਂ ਮਾਰੀਸ਼ ਦੈਂਤ ਰਾਮ ਵਰਗੀ ਆਵਾਜ ਨਾਲ ਸੀਤਾ ਅਤੇ ਲੱਛਮਣ ਨੂੰ ਧੋਖੇ ਵਿੱਚ ਪਾ ਰਿਹਾ ਸੀ । ਕਿਨ੍ਹਾਂ ਚਿਰ ਦੈਂਤ ਕੋਲ ਖੜੇ ਹੋ ਕੇ ਉਸ ਦੀ ਜਾਨ ਨਿਕਲਦੀ ਦਾ ਤਮਾਸਾ ਬਿਟ-ਬਿਟ ਵੇਖੀ ਜਾਂਦੇ ਹਨ, ਕੀ ਇਹ ਸੱਭ ਕੁੱਝ ਦਰਸਾ ਕੇ ਪ੍ਰਭੂ-ਰਾਮ ਦੀ ਹਸਤੀ ਨਾਲ ਇੱਕ ਹੋਰ ਵੀ ਘਿਣਾਵਣਾ ਮਖੌਲ ਨਹੀਂ ਕੀਤਾ ਗਿਆ ? ਫਿਰ ਰਾਮ ਜੀ ਨੂੰ ਆਪਣੀਆਂ ਭੁਲਾਂ ਕਾਰਨ ਪਛਤਾਉਂਦਿਆਂ ਦਰਸਾ ਕੇ ਪਰਮਾਤਮਾਂ ਦੀ ਅਭੁੱਲ ਸ਼ਕਤੀ ਤੇ ਕੋਝਾ ਹਮਲਾ ਕੀਤਾ ਗਿਆ ਹੈ :-

੧੪- **ਤੂ ਕਰਤਾ ਆਪਿ ਅਭੁੱਲੁ ਹੈ ਭੁਲਣ ਵਿਚਿ ਨਾਹੀ ॥** [[੩੦੧]-ਵਾਰ-੪

੧੫-- **ਹਮ ਭੂਲਹ ਤੁਮ ਸਦਾ ਅਭੂਲਾ ਹਮ ਪਤਿਤ ਤੁਮ ਪਤਿਤ ਉਧਰੀਆ ॥**

**ਹਮ ਨੀਚ ਬਿਰਖ ਤੁਮ ਮੈਲਾਗਰ ਲਾਜ ਸੰਗਿ ਸੰਗਿ ਬਸਰੀਆ ॥ ੧ ॥** [੧੨੧੩]-੨੨

ਪਹਿਲੀ ਤੁਕ ਦੇ ਅਰਥ ਸਾਫ਼ ਹਨ ਕਿ ਅਕਾਲ ਪੁਰਖ ਕਦੇ ਵੀ ਭੁੱਲ ਨਹੀਂ ਕਰਦਾ । ਦੂਜੀ ਤੁਕ ਦਾ ਅਰਥ:--ਹੇ ਪ੍ਰਭੂ ! ਅਸੀਂ ਜੀਵ ਸਦਾ ਭੁੱਲਾਂ ਕਰਦੇ ਹਾਂ, ਤੂੰ ਸਦਾ ਅਭੁੱਲ ਹੈਂ, ਅਸੀਂ ਜੀਵ ਵਿਕਾਰਾਂ ਵਿੱਚ ਡਿੱਗੇ ਰਹਿੰਦੇ ਹਾਂ, ਤੂੰ ਵਿਕਾਰੀਆਂ ( ਪਤਿਤ) ਨੂੰ ਬਚਾਉਣ ਵਾਲਾ ( ਉਧਰੀਆ) ਹੈਂ । ਅਸੀ ਨੀਚ ਰੁੱਖ (ਨੀਚ ਬਿਰਖ--ਅਰਿੰਡ) ਹਾਂ ਅਤੇ ਤੂੰ ਚੰਦਨ (ਮੈਲਾਗਰ) ਹੈਂ ਜੋ ਨਾਲ ਵੱਸਣ ਵਾਲਿਆਂ ਰੁਖਾਂ ਨੂੰ ਸੁਗੰਧਤ ਕਰ ਦੇਂਦਾ ਹੈ ਭਾਵ ਉਨ੍ਹਾਂ ਦੀ ਲਾਜ ਵੀ ਰਖਦਾ ਹੈਂ । ਪਰ ਰਾਮਾਇਣ ਦੀ ਕਥਾ ਵਿੱਚ ਪ੍ਰਭੂ ਨੂੰ ਭੁੱਲਾਂ ਕਰਦਾ ਅਤੇ ਆਪਣੀ ਅਰਧ-ਅੰਗਨੀ, ਆਪਣੀ ਸਾਥਨ, ਦੁਖਾਂ ਸੁਖਾਂ ਦੀ ਭਾਈਵਾਲ ਆਪਣੀ ਪਤੀ-ਬਰਤਾ ਇਸਤ੍ਰੀ ਨੂੰ, ਜਿਸ ਦੀ ਇਜ਼ੱਤ ਦਾ ਰਾਖਾ ਬਣਿਆ ਸੀ, ਜਿਸ ਨੂੰ ਅਗਨੀ ਦੇਵਤਾ ਦੀ ਕਸਮ ਖਾ ਕੇ ਅਪਣਾਇਆ ਸੀ , ਉਸ ਦੀ ਭਿਆਨਕ ਕਿਸਮ ਦੀ ਦੁਰ ਦਿਸ਼ਾ ਕਰਾਈ ਦਰਸਾ ਕੇ ਕੀ ਬ੍ਰਾਹਮਣ ਨੇ ਈਸ਼ਵਰ ਦਾ ਮੌਜੂ ਨਹੀਂ ਉਡਾਇਆ ?

**੧੧-** ਤੁਲਸੀ ਦਾਸ ਨੇ ਰਾਮ ਚ੍ਰਿਤਰ ਮਾਨਸ ਵਿਚ ਲਿਖਿਆ ਹੈ ਕਿ ਸਰੂਪ ਨਖਾ ਦਾ ਨੱਕ ਵਢਣ ਮਗਰੋਂ ਜਦ ਰਾਵਣ ਦੇ ਭਰਾ **ਖਰ ਦੂਖਣ** ਨੂੰ ਉਨ੍ਹਾਂ ਦੀਆਂ ਫੌਜਾਂ ਸਮੇਤ ਮਾਰ ਦਿੱਤਾ ਤਾਂ ਇੱਕ ਦਿਨ ਜਦ ਲਛਮਣ ਜੰਗਲ ਵਿਚੋਂ ਲੱਕੜਾਂ ਲੈਣ ਗਿਆ ਹੋਇਆ ਸੀ ਤਾਂ ਰਾਮ ਜੀ ਨੇ ਸੀਤਾ ਜੀ ਨੂੰ ਕਿਹਾ :-

**ਸੁਨਹੁ ਪ੍ਰਿਬ੍ਰਤ ਰੁਚਿਰ ਸੁਸਾਲਾ । ਮੈਂ ਕਛੁ ਕਰਬ ਲਲਿਤ ਨਰ ਲੀਲਾ ।**
**ਤੁਮ ਪਾਵਕ ਮਹਿ ਕਰਹੁ ਨਿਵਾਸਾ । ਜੌ ਲਗਿ ਕਰੌਂ ਨਿਸਾਚਰ ਨਾਸਾ ।**
**ਜਬਹਿ ਰਾਮ ਸਭ ਕਥਾ ਬਖਾਨੀ । ਪ੍ਰਭੂ ਪਦ ਧਰ ਹਿਯ ਅਨਲ ਸਮਾਨੀ ।**
**ਨਿਜ ਪ੍ਰਤਿਬਿੰਬ ਰਾਖਿ ਤਹ ਸੀਤਾ । ਤੈਸਹਿ ਸੀਲ ਰੂਪ ਸੁਬਿਨੀਤਾ ।**

ਭਾਵ, ਰਾਮ ਨੇ ਸੀਤਾ ਨੂੰ ਕਿਹਾ ਕਿ ਉਹ ਕੋਈ ਮਨੋਹਰ ਮਨੁੱਖ-ਲੀਲ੍ਹਾ ਕਰਨੀ ਚਾਹੁੰਦੇ ਹਨ ਇਸ ਲਈ ਜਦ ਤਾਂਈ ਦੈਂਤਾਂ ਦਾ ਨਾਸ ਨਹੀਂ ਕਰ ਲੈਂਦੇ ਤੂੰ ਅਗਨੀ ਵਿਚ ਪ੍ਰਵੇਸ਼ ਕਰ ਜਾਹ । ਪ੍ਰਭੂ ਨੇ ਇਹ ਬਚਨ ਕਹੇ ਤਾਂ ਸੀਤਾ ਜੀ ਰਾਮ ਜੀ ਦੇ ਚਰਣਾਂ ਦਾ ਧਿਆਨ ਧਰ ਕੇ ਅਗਨੀ ਵਿਚ ਪ੍ਰਵੇਸ਼ ਕਰ ਗਈ ਤੇ ਆਪਣਾ ਪਰਛਾਂਵਾਂ ਰੱਖ ਗਈ ਜੋ ਸੀਤਾ ਵਰਗਾ ਹੀ ਸੀ ।

ਰਾਮਾਇਣ ਗਾਥਾ ਦੀ ਫਿਲਮ ਵਿਚ ਇਸ ਦ੍ਰਿਸ਼ ਨੂੰ ਵਿਖਾਉਂਣ ਤੋਂ ਪਹਿਲਾਂ ਰਾਮ ਜੀ ਲਛਮਣ ਨੂੰ ਕਹਿੰਦੇ ਹਨ ਕਿ ਉਨ੍ਹਾਂ ਨੂੰ ਪਤਾ ਲੱਗ ਗਿਆ ਸੀ ਕਿ ਰਾਵਣ ਨੇ ਸੀਤਾ ਨੂੰ ਲੈ ਜਾਣਾ ਹੈ ਸੋ ਉਨ੍ਹਾਂ ਨੇ ਅਸਲੀ ਸੀਤਾ ਅਗਨੀ ਦੇਵਤੇ ਦੇ ਹਵਾਲੇ ਕਰ ਦਿੱਤੀ ਸੀ । ਉਸੇ ਤਰ੍ਹਾਂ ਅਗਨੀ ਦੇਵਤਾ ਪ੍ਰਗਟ ਹੁੰਦਾ ਅਤੇ ਅਸਲੀ ਸੀਤਾ ਨੂੰ ਲੈ ਜਾਂਦਾ ਹੈ ਅਤੇ ਪਰਛਾਵਾਂ ਰੂਪੀ ਸੀਤਾ ਨੂੰ ਛੱਡ ਜਾਂਦਾ ਹੈ । ਕਹਾਣੀ ਨੂੰ ਅਜੇਹਾ ਮੋੜ ਦੇ ਲੈਣ ਨਾਲ, ਹਰਨ ਪਿੱਛੇ ਉਠ ਭਜਣ ਵਾਲੀ, ਰਾਮ ਚੰਦ੍ਰ ਜੀ ਵਲੋਂ ਜਾਣ ਬੁੱਝ ਕੇ ਕੀਤੀ ਗਈ ਅਣਗਹਿਲੀ, ਦੇ ਭੇਤ ਦੀ ਸਮਝ ਤਾਂ ਬੇਸ਼ਕ ਆ ਜਾਂਦੀ ਹੈ, ਪਰ ਲਿਖਾਰੀ ਵਲੋਂ ਸ੍ਰੀ ਰਾਮ ਜੀ ਅਥਵਾ ਸੀਤਾ ਜੀ ਪ੍ਰਤੀ ਅਜੇਹੀ ਅੰਨ੍ਹੀ ਸ਼ਰਧਾ ਵਿਖਾਉਣ ਨਾਲ, ਹੋਰ ਵੀ ਵੱਧ ਗੰਭੀਰ ਪ੍ਰਸ਼ਨ ਜਨਮ ਲੈ ਲੈਂਦੇ ਹਨ:--

**ੳ)** ਲਛਮਣ ਨੂੰ ਸੀਤਾ ਜੀ ਨਾਲ ਆਪਣੀ ਸਕੀ ਮਾਤਾ ਨਾਲੋਂ ਵੱਧ ਸਨੇਹ ਹੋਣਾ ਵੀ ਦਸਾਇਆ ਗਿਆ ਹੈ । ਲਛਮਣ ਦੇ ਵਿਜੋਗ ਵਿਚ ਰਾਮ ਜੀ ਪ੍ਰਾਣ ਤਿਆਗਣ ਨੂੰ ਤਿਆਰ ਹੋ ਪਏ ਵੀ ਦਰਸਾਏ ਗਏ ਸਨ । ਫਿਰ ਜਾਨ ਤੋਂ ਪਿਆਰੇ ਅਤੇ ਵਫ਼ਾ ਦੇ ਪੁਤਲੇ ਲਛਮਣ ਨੂੰ ਉਸ ਦੀ ਮਾਂ-ਸੀਤਾ ਦੇ ਉਧਾਲੇ ਜਾਣ ਦੀ ਸ਼ਰਮ ਅਤੇ ਸੀਤਾ ਜੀ ਤੇ ਪਈਆਂ ਮੁਸੀਬਤਾਂ ਦੇ ਅਨਭਵ ਦੀ ਪੀੜ ਵਿਚ ਸਾਰਾ ਸਾਲ ਲੁਛਦੇ ਰੱਖਣ ਵਿਚ ਰਾਮ ਭਗਵਾਨ ਨੇ ਕਿਹੋ ਜਿਹੀ ਮਰਯਾਦਾ ਚਲਾਈ ਸੀ ?
**ਕੀ ਬ੍ਰਾਹਮਣ ਨੇ ਆਪਣੇ ਆਚਰਨ ਦੀ ਕੁਟਲਤਾ ਅਤੇ ਕਠੋਰਤਾ ਵਾਲੇ ਇੱਕ ਹੋਰ ਗੰਭੀਰ ਪੱਖ ਤੇ ਰੱਬੀ ਮੋਹਰ ਨਹੀਂਲੁਆ ਲਈ ?**

**ਅ=** ਸੀਤਾ ਜੀ ਦੀ ਭਾਲ ਵਿੱਚ ਵਿਰਲਾਪ ਕਰਦੇ, ਪਸੂਆਂ, ਪੰਛੀਆਂ, ਦਰੱਖਤਾਂ ਕੋਲੋਂ ਪੁਛਦੇ ਹੋਏ ਸੀਤਾ ਦੇ ਵਿਛੋੜੇ ਵਿਚ ਦੁਖੀ ਹੁੰਦੇ ਦਰਸਾਉਣਾ, ਰਾਮ ਜੀ ਨੂੰ ਘਟੀਆ ਕਿਸਮ ਦਾ ਝੂਠਾ ਤੇ ਡਰਾਮੇ-ਬਾਜ ਸਿੱਧ ਕਰਨ ਵਾਲੀ ਕਰਤੂਤ ਹੈ । ਰੱਬ-ਰਾਮ ਜੀ ਨੂੰ ਇੱਕ ਪਾਸੇ ਮਰਯਾਦਾ ਪੁਰਸ਼ੋਤਮ ਕਿਹਾ ਜਾ ਰਿਹਾ ਹੈ ਅਤੇ

ਨਾਲ ਹੀ ਉਨ੍ਹਾਂ ਦੀ ਪਾਵਨ ਹਸਤੀ ਨਾਲ ਏਡਾ ਭੈੜਾ ਡਰਾਮਾ ਅਥਵਾ ਸੁਧਾ ਝੂਠ ਜੋੜਨਾ ਕਿਸ ਕਿਸਮ ਦੀ ਮਰਯਾਦਾ ਦੇ ਚਾਲੂ ਕਰਨ ਦਾ ਯਤਨ ਸੀ ? ਹਨੂਮਾਨ, ਸੁਗ੍ਰੀਵ ਅਥਵਾ ਸਾਰੀ ਸੈਨਾਂ ਦੇ ਸਾਹਮਣੇ ਸੀਤਾ ਜੀ ਦੇ ਵਿਛੋੜੇ ਦੀ ਪੀੜ ਨਾਲ ਰੋਣਾ, ਸੀਤਾ ਜੀ ਵਲੋਂ ਕੀਤੀ ਸੇਵਾ ਅਤੇ ਪਤੀ ਪ੍ਰਤੀ ਸੱਚੇ ਪਿਆਰ ਨੂੰ ਯਾਦ ਕਰ ਕਰ ਕੇ ਹਟਕੋਰੇ ਭਰਨੇ, ਵਿਛੋੜੇ ਦੇ ਸੱਲ ਨਾਲ ਅਧੀਰ ਦਿਸਣਾ, ਅਜੇਹਾ ਝੂਠਾ ਡਰਾਮਾ ਕਰਦਿਆਂ ਸਧਾਰਨ ਮਨੁੱਖ ਵੀ ਲਾਜ ਨਾਲ ਮਰ ਜਾਂਦਾ ਹੈ । ਪਰ ਰਾਮ ਜੀ ਨੂੰ ਕਿਸੇ ਪ੍ਰਕਾਰ ਦੀ ਅਜੇਹੀ ਸੰਗ ਤੋਂ ਅਭਿਜ ਦਿਖਾਇਆ ਹੈ । ਅਜੇਹਾ ਕੁਝ ਕਰਕੇ ਰਾਮ ਜੀ ਨੇ ਮਨੁੱਖ ਨੂੰ ਕਿਸ ਪ੍ਰਕਾਰ ਦੀ ਸਿਖਿਆ ਦਿੱਤੀ ? **ਸਾਫ਼ ਸਿੱਧ ਹੈ ਕਿ ਸਿਰਫ਼ ਬ੍ਰਾਹਮਣੀ ਕੁਟਲ-ਨੀਤੀ ਨੂੰ ਧਰਮ ਦਾ ਅੰਗ ਬਣਾਇਆ ਜਾ ਰਿਹਾ ਸੀ ।** ਅਰਥਾਤ ਬ੍ਰਾਹਮਣ ਵਲੋਂ ਖੁਲ੍ਹਾ ਐਲਾਨ ਸੀ ਕਿ ਅਜੇਹੇ ਡਰਾਮੇ ਬਾਜ ਇਸ਼ਟ ਦੇ ਭਗਤਾਂ ਤੇ ਕਿਸੇ ਹਾਲਤ ਵਿਚ ਵੀ ਭਰੋਸਾ ਨਾ ਕੀਤਾ ਜਾਵੇ ।

## <u>ਅਤੇ ਹੁਣ ਬਚਨ ਕਰਕੇ ਖਿਸਕ ਜਾਣ ਦੀ ਮਰਯਾਦਾ</u> ?

**੧੨-** ਸੀਤਾ ਜੀ ਦੇ ਵਿਜੋਗ ਵਿਚ ਵਿਰਲਾਪ ਕਰਨ ਦਾ ਅਥਵਾ ਉਸ ਦੁਖਿਆਰੀ ਦੀ ਭਾਲ ਕਰਨ ਦਾ ਡਰਾਮਾ ਬੜੀ ਯੋਗਤਾ ਨਾਲ ਨਿਭਾਉਂਦੇ ਹੋਏ ਭਗਵਾਨ ਜੀ ਆਪਣੇ ਪਿਤਾ ਦਸ਼ਰਥ ਦੇ ਮਿੱਤ੍ਰ, ਗਿੱਧ-ਰਾਜ ਜਟਾਯੂ ਕੋਲ ਪੁਜਦੇ ਹਨ । ਜਟਾਯੂ ਗੰਭੀਰ ਰੂਪ ਵਿਚ ਜ਼ਖ਼ਮੀ ਹੋਣ ਕਰਕੇ ਮਰਨ ਕਿਨਾਰੇ ਪੁੱਜਾ ਹੋਇਆ ਸੀ । ਅਗਲੀ ਦੁਨੀਆਂ ਦੇ ਪਾਂਧੀ ਗਿਧ-ਰਾਜ ਨੂੰ ਰਾਮ ਜੀ ਪ੍ਰਾਰਥਨਾ ਕਰਦੇ ਹਨ ਕਿ ਜਦ ਉਹ ਪਰਲੋਕ ਵਿੱਚ ਉਨ੍ਹਾਂ ਦੇ ਪਿਤਾ ਦਸ਼ਰਥ ਨੂੰ ਮਿਲੇ ਤਾਂ ਉਨ੍ਹਾਂ ਨੂੰ ਸੀਤਾ ਹਰਨ ਦਾ ਬਿਰਤਾਂਤ ਬਿਲਕੁਲ ਨਾ ਦੱਸੇ, ਅਤੇ ਉਂਗਲ ਉਤਾਂਹ ਨੂੰ ਖੜੀ ਕਰਕੇ, ਬੜੇ ਜ਼ੋਰਦਾਰ ਸ਼ਬਦਾਂ ਵਿੱਚ ਇਹ ਪ੍ਰਤਿਗਿਯਾ ਕਰਦੇ ਹਨ ਕਿ--**ਕਿ ਜੇ ਮੈ ਉਨ੍ਹਾਂ ਦਾ ਪੁੱਤ੍ਰ ਰਾਮ ਹਾਂ ਤਾਂ ਰਾਵਣ ਆਪਣੇ ਸਾਰੇ ਕਟੁੰਬ ਸਮੇਤ ਛੇਤੀ ਹੀ ਉਨ੍ਹਾਂ ਦੇ ਚਰਨਾਂ ਵਿੱਚ ਪੁੱਜ ਕੇ ਇਹ ਕਹਾਣੀ ਆਪਣੇ ਮੂੰਹੋਂ ਆਪ ਹੀ ਸੁਣਾਏਗਾ** --ਪਰ ਜਦ ਲੰਕਾਂ ਪੁੱਜ ਕੇ ਰਾਮ ਦੀਆਂ ਫੌਜਾਂ ਯੁੱਧ ਕਰਨ ਲਈ ਤਿਆਰ ਸਨ ਤਾਂ ਰਾਮ ਜੀ ਕਹਿੰਦਾ ਹੈ ਕਿ ਉਸ ਦਾ ਦਿੱਲ ਚਾਹੁੰਦਾ ਹੈ ਕਿ ਦੂਤ ਭੇਜ ਕੇ ਰਾਵਣ ਨੂੰ ਕਿਹਾ ਜਾਵੇ ਕਿ ਜੇ ਉਹ ਸੀਤਾ ਮੋੜ ਦੇਵੇ ਤਾਂ ਉਹ ਉਸ ਨੂੰ **ਮਾਫ਼ੀ ਦੇ ਕੇ ਵਾਪਸ ਮੁੜਨ ਨੂੰ ਤਿਆਰ ਹੈ ।** ਸਖ਼ਤ ਇਤਰਾਜ਼ ਵਾਲੀ ਪਹਿਲੀ ਗਲ ਤਾਂ ਇਹ ਹੈ ਕਿ ਰਾਵਣ ਦੇ ਇਸ ਨੀਚ ਕਾਰਜ ਦੀ ਸਖ਼ਤ ਵਿਰੋਧਤਾ ਕਰੀ ਆ ਰਹੇ ਉਸ ਦੇ ਪਰਵਾਰ ਦਾ ਕੀ ਦੋਸ਼ ਸੀ ਜੋ ਰਾਮ ਚੰਦ੍ਰ ਜੀ ਨੇ ਕੁਟੁੰਭ ਸਮੇਤ ਰਾਵਣ ਨੂੰ ਪਰਲੋਕ ਭੇਜ ਦੇਣ ਦੀ ਪ੍ਰਤਿੱਗਿਆ ਕਰ ਲਈ ਸੀ ? ਕੀ ਇਹ ਸਿਰਜਣ ਹਾਰ ਭਗਵਾਨ ਦਾ ਕਿਰਦਾਰ ਹੈ ?

ਸੱਚੇ ਸੂਰਬੀਰ ਦੀ ਇਹੋ ਨਿਸ਼ਾਨੀ ਹੈ ਕਿ ਬੇਗੁਨਾਹਾਂ ਦੀ ਮੌਤ ਕਰ ਦੇਣ ਵਾਲੀ ਅਜੇਹੀ ਹਰ ਜੰਗ ਨੂੰ ਰੋਕਣ ਦਾ ਪੂਰਾ ਯਤਨ ਕਰੇ । ਪਰ ਭਗਵਾਨ ਰਾਮ ਜੀ ਜੋ ਧਰਤੀ ਤੇ ਆਏ ਹੀ ਰਾਵਣ ਦਾ ਨਾਸ ਕਰਨ ਲਈ ਸਨ, ਜਿਨ੍ਹਾਂ ਨੇ ਸੀਤਾ ਦਾ ਹਰਨ ਜਾਣ ਬੁਝ ਕੇ ਕਰਾਇਆ ਹੀ ਰਾਵਣ ਦੇ ਘਰ ਤਾਂਈ ਪੁਜਣ ਲਈ ਸੀ, ਜਿਸ ਪ੍ਰਭੂ ਰਾਮ ਜੀ ਨੇ ਕੁੱਝ ਦਿਨ ਪਹਿਲਾਂ ਹੀ ਜਟਾਯੂ ਕੋਲ ਰਾਵਣ ਨੂੰ ਕੁਟੰਬ ਸਮੇਤ ਮਾਰ ਦੇਣ ਦਾ ਬਚਨ ਕੀਤਾ ਸੀ, ਉਸ ਰਾਮ ਦੇ ਇਸ ਸਾਰੇ ਕਿਰਦਾਰ ਨੂੰ ਮੁੱਖ ਰੱਖ ਕੇ ਸੋਚਣ ਤੇ ਮਜਬੂਰ ਹੋਈਦਾ ਹੈ ਕਿ ਇਨ੍ਹਾਂ ਭਗਵਾਨਾਂ ਦੀ ਕਿਹੜੀ ਗੱਲ ਸੱਚੀ ਅਤੇ ਅਟੱਲ ਸਮਝੀ ਜਾਵੇ ? ਕੀ ਖੀਰ ਸਮੰਦਰ ਵਾਲਾ ਸਾਰਾ ਡਰਾਮਾ ਨਿਰਾ ਧੋਖਾ ਹੀ ਸੀ ? ਕੀ ਜਟਾਯੂ ਦੇ ਕੋਲ ਜੋ ਬਚਨ ਕੀਤੇ ਸੱਨ ਉਹ ਬਿਨਾ ਸੋਚੇ ਸਮਝੇ ਹੀ ਮਾਰੀ ਇੱਕ ਫੜ੍ਹ ਸੀ ? ਕੀ ਜਟਾਯੂ ਰਾਹੀਂ ਆਪਣੇ ਪਿਤਾ ਕੋਲ ਭੇਜੇ ਜਾਣ ਵਾਲੇ ਸੁਨੇਹੇ ਦਾ ਏਹੋ ਅੰਤ ਹੋਣਾ ਸੀ ? ਕੀਹ ਉਹ ਬਚਨ ਇੱਕ ਹੋਛੇ ਅਤੇ ਅਹੰਕਾਰੀ ਮਨੁੱਖ ਦੇ ਮੂੰਹੋਂ ਨਿਕਲੇ ਨਹੀਂ ਹੋ ਦਿਸਦੇ ? ਇਹ ਵੱਖਰੀ ਗੱਲ ਹੈ ਕਿ ਰਾਵਣ ਆਪਣੀ ਜ਼ਿਦ ਤੇ ਅੜਿਆ ਰਿਹਾ ਅਤੇ ਆਪਣਾ ਨਾਸ ਕਰਾ ਬੈਠਾ । ਜੇ ਉਹ ਡਰਪੋਕ ਸਿੱਧ ਹੋ ਕੇ ਸੀਤਾ ਮੋੜ ਦੇਂਦਾ ਤਾਂ ਪਿਛਲੇ ਵਾਪਰੇ ਸੱਭ ਕੁੱਝ ਦਾ ਅਰਥ ਕੀ ਰਹਿ ਜਾਂਦਾ ? [ ਸਿੱਧ ਹੁੰਦਾ ਹੈ ਕਿ ਰਾਮਾਇਣ ਦੀ ਗਾਥਾ ਹੈ ਹੀ ਬ੍ਰਾਹਮਣ ਦੇ ਆਪਣੇ ਆਚਰਨ ਦੀ ਕਹਾਣੀ ਉਸ ਦੀ ਆਪਣੀ ਜ਼ਬਾਨੀ]

੧੩- ਵੈਰੀ ਦਾ ਭਰਾ ਭਬੀਖਨ ਸਮੁੰਦਰੋਂ ਪਾਰ ਹੀ ਰਾਮ ਜੀ ਨੂੰ ਜਾ ਮਿਲਦਾ ਹੈ । ਨਿਸ਼ਕਪਟ ਹਿਰਦੇ ਵਾਲਾ ਸੰਤ-ਸੂਰਮਾਂ, ਜਿਹੜਾ ਮਨੁੱਖਤਾ ਦਾ ਆਚਰਨ ਉਚਾ ਕਰਨ ਆਇਆ ਹੋਵੇ ਉਸ ਰਾਮ-ਰੱਬ ਜੀ ਕੋਲੋਂ ਆਸ ਤਾਂ ਇਹ ਸੀ ਕਿ ਉਹ ਭਬੀਖਣ ਨੂੰ ਪਹਿਲਾਂ ਆਪਣੇ ਦੇਸ਼ ਅਤੇ ਰਾਜੇ-ਭਰਾ ਦਾ ਵਫ਼ਾਦਾਰ ਰਹਿਣ ਦਾ ਉਪਦੇਸ਼ ਦਿੰਦੇ ਅਤੇ ਫਿਰ ਉਸ ਨੂੰ ਦੋਬਾਰਾ ਵਿਚਾਰ ਕਰਨ ਦਾ ਸਮਾ ਦਿੰਦੇ । ਜੇ ਭਬੀਖਣ ਫ਼ਿਰ ਵੀ ਆਪਣੇ ਫ਼ੈਸਲੇ ਤੇ ਅਟੱਲ ਰਹਿੰਦਾ ਤਾਂ ਰਾਮ ਜੀ ਆਪਣੇ ਸਾਥੀਆਂ ਨਾਲ ਖੁਲ੍ਹੀ ਵਿਚਾਰ ਕਰ ਲੈਣ ਉਪਰੰਤ ਉਸ ਨੂੰ ਆਪਣੀ ਸ਼ਰਨ ਵਿਚ ਆਸਰਾ ਦਿੰਦੇ । ਪਰ ਉਸ ਸਮੇਂ ਦੇ ਵਤੀਰੇ ਤੋਂ ਅਨੁਭਵ ਇਹ ਹੁੰਦਾ ਹੈ ਕਿ ਰਾਮ ਜੀ ਦੇ ਮਨ ਵਿਚ ਸੁਆਰਥ ਸਿੱਧੀ ਦੀ ਲਾਲਸਾ ਅਤੇ ਰਾਵਣ ਦੇ ਅਜਿੱਤ ਹੋਣ ਦਾ ਭੈ, ਬੜਾ ਪਰਬਲ ਸੀ । ਸ਼ਕਤੀ-ਸ਼ਾਲੀ ਦੁਸ਼ਮਣ ਦੇ ਘਰ ਦੇ ਭੇਤੀ, ਰਾਵਣ ਦਾ ਸਕੇ ਭਰਾ, ਗ਼ੱਦਾਰ-ਭਬੀਖਣ ਆਪਣੇ ਨਾਲ ਆ ਮਿਲਿਆ ਵੇਖ ਕੇ ਰਾਮ ਜੀ ਖੁਸ਼ੀ ਨਾਲ ਏਨਾਂ ਉਖੜੇ ਹੋਏ ਦਰਸਾਏ ਗਏ ਹਨ ਬਿਨਾਂ ਆਪਣੇ ਸਾਥੀਆਂ ਨਾਲ ਕਿਸੇ ਲੰਮੀ ਵਿਚਾਰ ਕੀਤਿਆਂ, ਝੱਟ ਪੱਟ ਉਸ ਨੂੰ ਲੰਕਾ ਦਾ ਰਾਜਾ ਘੋਸ਼ਤ ਕਰਕੇ ਉਸੇ ਵੇਲੇ ਹੀ ਉਸ ਦਾ ਰਾਜ ਤਿਲਕ ਕਰ ਦਿੰਦੇ ਹਨ । ਅਤੇ ਫ਼ਿਰ ਭਰੇ ਦਰਬਾਰ ਵਿੱਚ ਇਹ ਘੋਸ਼ਨਾਂ ਵੀ ਨਾਲ ਹੀ ਕਰ ਦਿੰਦੇ ਹਨ ਕਿ, ਭਬੀਖਣ ਨੂੰ ਲੰਕਾ ਦਾ ਰਾਜਾ ਬਣਾਉਣ ਵਿੱਚ ਜੇ ਪ੍ਰਾਣ ਵੀ ਵਾਰਨੇ ਪਏ ਤਦ ਵੀ ਸੰਕੋਚ ਨਹੀਂ ਕਰਾਂ ਗਾ । ਅਤੇ ਇਹ ਬਚਨ ਬੜੀ ਦ੍ਰਿੜਤਾ ਅਤੇ ਸਵੈਮਾਣ ਭਰਪੂਰ ਆਵਾਜ਼ ਵਿਚ ਬੋਲੇ----**<u>ਰਘੁ-ਕੁਲ ਰੀਤ ਸਦਾ ਚਲੀ ਆਈ, ਪ੍ਰਾਣ ਜਾਏਂ ਪਰ ਬਚਨ ਨਾ ਜਾਈ "</u>** ਭਾਵ ਕਿ ਸਾਡੀ ਕੁਲ ਦੇ **ਰਘੂਵੰਸੀਆਂ ਦੀ ਜਾਨ ਬੇਸ਼ਕ ਚਲੀ ਜਾਵੇ ਪਰ ਬਚਨ ਤੋਂ ਕਦੇ ਨਹੀਂ ਫਿਰਦੇ ।** ਪਰ ਜਦੋਂ ਜੰਗ ਵਿੱਚ ਬਰਛੀ ਲੱਗਣ ਨਾਲ ਲਛਮਣ ਬੇਹੋਸ਼ ਹੋ ਗਿਆ ਤਾਂ ਰਾਮ ਜੀ ਏਨਾ ਅਧੀਰ ਹੋ ਕੇ ਵਿਲਕਦੇ ਹੋਏ ਫਿਲਮਏ ਗਏ ਹਨ ਕਿ ਉਨ੍ਹਾਂ ਦੀ ਹਾਲਤ ਇੱਕ ਰੋਂਦੂ ਬੱਚੇ ਜੇਹੀ ਹੋ ਦਿਸਦੀ ਹੈ । ਬਾਰ ਬਾਰ ਇਹੀ ਕਹੀ ਜਾਂਦੇ ਹਨ ਕਿ--**ਹੁਣ ਲੜਾਈ ਕਿਸ ਲਈ ਕਰਨੀ ਹੈ ?** ਲਛਮਣ ਦੇ ਨਾਲ ਹੀ ਪ੍ਰਾਣ ਤਿਆਗਣ ਦੀਆਂ ਗੱਲਾ ਕਰੀ ਜਾਂਦੇ ਹਨ । ਜਿਹੜੇ ਲੋਕ ਰਾਮ ਦੀ ਸਹਾਇਤਾ ਵਿੱਚ ਆਪਣੀਆਂ ਜਾਨਾਂ ਵਾਰਨ ਲਈ ਨਾਲ ਆਏ ਸੱਨ ਅਤੇ ਸ਼ਕਤੀ ਸ਼ਾਲੀ ਜ਼ਾਲਮ ਰਾਜੇ ਦੇ ਸਾਰੇ ਪੁੱਤ੍ਰ ਮਾਰ ਕੇ ਉਸ ਨੂੰ ਆਪਣਾ ਨਿੱਜੀ ਦੁਸ਼ਮਣ ਬਣਾ ਬੈਠੇ ਸਨ, ਉਨ੍ਹਾਂ ਕੁਰਬਾਨੀ ਦੇ ਪੁਤਲਿਆਂ ਨੂੰ ਸਮੁੰਦਰ ਤੋਂ ਪਾਰ, ਵੈਰੀ ਦੇਸ਼ ਵਿੱਚ ਲਾਵਾਰਸ ਛੱਡ ਜਾਣ ਲਈ ਤਿਆਰ ਹੋ ਬੈਠੇ ਦਰਸਾਉਣੇ ਕਿਹੜੀ ਉੱਚੀ ਮਰਿਯਾਦਾ ਦੇ ਚਾਲੂ ਕਰਨ ਦਾ ਯਤਨ ਸੀ ? ਕੀ ਇਸ ਤਰ੍ਹਾਂ ਕਰਕੇ ਰੱਬੀ ਗੁਣਾਂ ਵਾਲੇ ਅਵਤਾਰੀ ਪੁਰਖ ਨਾਲ ਘਟੀਆ ਕਿਸਮ ਦਾ ਮਖ਼ੌਲ ਨਹੀਂ ਕੀਤਾ ਹੋਇਆ ?

ਰਾਜ ਭਾਗ ਮਿਲ ਜਾਣ ਵਾਲੀ ਆਸ, ਭਬੀਖਣ ਨੂੰ ਵੀ ਜਾਂਦੀ ਦਿਸੀ । ਉਹ ਰਾਮ ਜੀ ਨੂੰ ਕਹਿੰਦਾ ਹੈ---" ਹੇ ਪ੍ਰਭੂ ! ਜੇ ਤੂੰ ਹੀ ਹੌਸਲਾ ਤਿਆਗ ਦਿੱਤਾ ਤਾਂ ਸਾਡਾ ਕੀ ਬਣੇਗਾ ? ਉੱਚਾ ਆਚਰਨ ਅਤੇ ਸਚੀ ਸੂਰਬੀਰਤਾ ਤਾਂ ਰਾਮ ਜੀ ਦੇ ਮੂੰਹੋਂ ਇਹ ਸੁਣਨਾ ਚਾਹੁੰਦੀ ਸੀ ਕਿ , **ਹੇ ਮਹਾਰਾਜਾ ਭਬੀਖਣ ! ਭਾਵੇਂ ਕੁੱਝ ਵੀ ਹੋ ਜਾਵੇ, ਤੈਨੂੰ ਲੰਕਾ ਦੇ ਤਖ਼ਤ ਦਾ ਮਾਲਕ ਬਣਾਉਣਾ ਅਤੇ ਆਪਣੇ ਨਾਲ ਲਿਆਂਦੀ ਸੂਰਬੀਰਾਂ ਦੀ ਇਸ ਲਾਡਲੀ ਫੌਜ ਨੂੰ, ਸਹੀ ਸਲਾਮਤ ਅਤੇ ਇੱਜ਼ਤ ਮਾਣ ਨਾਲ ਵਾਪਸ ਘਰ ਪੁਚਾਉਣਾਂ ਮੇਰਾ ਪਰਮ-ਧਰਮ ਹੈ** । ਪਰ ਬ੍ਰਾਹਮਣ ਦੀ ਕਲਮ ਦੇ ਕਾਬੂ ਆਏ ਪ੍ਰਭੂ-ਰਾਮ ਦੇ ਫ਼ਿਲਮਾਏ ਗਏ ਬਚਨ ਇਹ ਹਨ--**ਮਹਾਰਾਜ ਭਬੀਖਣ ! ਮੁਝੇ ਖੇਦ ਹੈ ਮੈਂ ਨੇ ਬੜੇ ਗਰਵ ਸੇ ਆਪ ਕੋ ਲੰਕਾ ਕਾ ਰਾਜਾ ਬਨਾਂਨੇ ਕਾ ਵਚਨ ਦੀਆ ਥਾ ਪ੍ਰੰਤੂ ਮੇਰਾ ਵੁਹ ਵਚਨ ਅਬ ਝੂਠਾ ਹੋ ਜਾਵੇਗਾ ।** ਅਗੋਂ ਭਬੀਖਣ ਘਾਬਰ ਕੇ ਅਜੇ ਏਨਾ ਹੀ ਕਹਿੰਦਾ ਹੈ, **ਅਜੁਧਿਆ ਨਾਥ !** ਪਰ ਪ੍ਰਭੂ-ਰਾਮ ਝੱਟ ਹੀ, **ਹਾਂ ਭਬੀਸ਼ਣ ਜੀ !**, ਕਹਿਕੇ ਗੱਲ ਮੁਕਾ ਦੇਂਦੇ ਹਨ । **ਪ੍ਰਭੂ-ਰਾਮ ਦੀ ਸ਼ਖ਼ਸ਼ੀਅਤ ਦੇ ਨਾਲ, ਬਚਨ ਕਰਕੇ ਖਿਸਕ ਜਾਣ ਦੀ, ਝੂਠੀਆਂ ਗੱਪਾਂ ਮਾਰਨ ਦੀ, ਅਕਿਰਘਣਤਾ ਅਤੇ ਵਿਸ਼ਵਾਸ-ਘਾਤ ਕਰਨ ਦੀ ਗੱਲ ਕਿਸ ਖ਼ਿਆਲ ਨਾਲ ਜੋੜੀ ਗਈ ?** ਲਿਖਾਰੀ ਦੇ ਆਪਣੇ ਆਚਰਨ ਦਾ ਗੰਦ ਉਬਾਲੇ ਮਾਰ ਮਾਰ ਬਾਹਰ ਆ ਰਿਹਾ ਹੈ । **ਬਿੱਪ੍ਰ ਏਨਾ ਦਲੇਰ ਹੋ ਚੁੱਕਾ ਸੀ ਕਿ ਸਾਰੇ ਅਨਰਥ ਨੂੰ ਰੱਬੀ ਹੁਕਮ ਬਣਾ ਕੇ ਹਿੰਦੂ ਧਰਮ ਦਾ ਹਿੰਸਾ ਬਣਾਈ ਜਾ ਰਿਹਾ ਸੀ । ਅਤੇ ਲੋਕਾਂ ਨੂੰ ਸੁਚੇਤ ਕਰ ਰਿਹਾ ਸੀ ਕਿ ਰਾਮ ਜੀ ਦੇ ਇਨ੍ਹਾਂ ਭਗਤਾਂ ਨਾਲ ਪਾਇਆ ਯਰਾਨਾਂ ਮਹਿੰਗਾ ਪਵੇਗਾ । ਅਥਵਾ, ਝੂਠੇ ਅਤੇ ਕਹਿ ਕੇ ਮੁੱਕਰ ਜਾਣ ਵਾਲੇ ਰਾਮ ਜੀ ਦੇ ਇਨ੍ਹਾਂ ਭਗਤਾਂ ਤੇ ਭਰੋਸਾ ਕਰਨਾ ਆਤਮ ਹਤਿਆ ਕਰ ਲੈਣ ਦੇ ਹਾਲਾਤ ਪੈਦਾ ਕਰ ਲੈਣ ਵਾਲੀ ਗੰਭੀਰ ਭੁੱਲ ਹੋਵੇਗਾ ।**

# <u>ਜੰਗ ਦੇ ਮੈਦਾਨ ਵਿਚ ਭਗਵਾਨ ਰਾਮ ਜੀ ਦੇ ਦਰਸ਼ਨ</u>

੧੪- ਇਤਹਾਸ ਵਿੱਚ ਬੇਅੰਤ ਮਿਸਾਲਾਂ ਹਨ ਜਿਥੇ ਇਸ ਤੋਂ ਕਈ ਗੁਣਾ ਵੱਧ ਭੈੜੀ ਅਤੇ ਖ਼ਤਰਨਾਕ ਹਾਲਤ ਵਿੱਚ ਵੀ, ਚੰਗੇ ਲੀਡਰ ਨੇ ਆਪਣੀ ਫੌਜ ਨੂੰ ਆਪਣੇ ਅੰਦਰ ਦੇ ਕਿਸੇ ਤੋਖ਼ਲੇ ਦਾ ਅਨਭਵ ਨਹੀਂ ਹੋਣ ਦਿੱਤਾ ਅਤੇ ਸਗੋਂ ਦੂਣੀ ਚੌਣੀ ਚੜ੍ਹਦੀ ਕਲਾ ਵਿੱਚ ਵਿਚਰਿਆ । (ਸ੍ਰੀ ਅਨੰਦ ਪੁਰ ਦੇ ਕਿਲ੍ਹੇ ਨੂੰ ਛੱਡਣ ਤੋਂ ਲੈ ਕੇ ਦਸ਼ਮੇਸ਼ ਜੀ ਦੇ ਮਾਛੀ ਵਾੜੇ ਪੁੱਜਣ ਦਾ ਇਤਿਹਾਸ ਯਾਦ ਕਰਕੇ, ਲੂੰ ਖੜੇ ਹੋ ਜਾਂਦੇ ਹਨ । ਭਗਵਾਨ-ਰਾਮ ਜੀ ਦਾ ਭਰਾ ਤਾਂ ਅਜੇ ਬੇਹੋਸ਼ ਹੀ ਹੋਇਆ ਸੀ ਪਰ ਭਗਵਾਨ ਜੀ ਦੀ ਹਾਲਤ ਬਹੁਤ ਹੀ ਤਰਸ

ਜੋਗ ਬਣ ਗਈ ਅਤੇ ਸੱਭ ਕੁੱਝ ਛੱਡ ਛਡਾ ਕੇ ਲਛਮਣ ਦੇ ਨਾਲ ਹੀ ਮਰਨ ਨੂੰ ਤਿਆਰ ਹੋ ਪਏ ਸਨ । ਏਧਰ ਗੁਰਦੇਵ ਜੀ ਦਾ ਤਾਂ ਸਾਰਾ ਹੀ ਪ੍ਰਵਾਰ ਵਿੱਛੜ ਗਿਆ ਸੀ । ਦੋ ਜਿਗਰ ਦੇ ਟੁਕੜਿਆਂ ਦੀਆਂ ਲਾਸ਼ਾਂ ਸਾਹਮਣੇ ਪਈਆਂ ਸੱਨ, ਫੌਜ ਸਾਰੀ ਦੀ ਸਾਰੀ ਖ਼ਤਮ ਹੋ ਚੁੱਕੀ ਸੀ, ਕਈ ਮੀਲਾਂ ਵਿੱਚ ਵੈਰੀ ਦੱਲ ਦਾ ਸਖ਼ਤ ਘੇਰਾ ਸੀ, ਫਿਰ ਵੀ ਚੜ੍ਹਦੀ ਕਲਾ ਵਿੱਚ ਕੋਈ ਫ਼ਰਕ ਨਹੀਂ ਸੀ ਆਇਆ । ਹਾਲਾਂਕਿ ਉਹ ਭਗਵਾਨ ਨਹੀਂ ਸਨ ਸਗੋਂ ਉਸ ਪਰਮ ਸ਼ਕਤੀ ਦੇ ਦਾਸ ਸਨ - **ਹਮ ਹੋਂ ਪਰਮ ਪੁਰਖ ਕੋ ਦਾਸਾ** )

ਹੋਰ ਗੰਭੀਰ ਵਿਸ਼ੇ ਛੱਡ ਕੇ ਸਿਰਫ਼ ਜੰਗ ਦੇ ਮੈਦਾਨ ਵਿੱਚ ਝਾਤੀ ਮਾਰੀਏ ਤਾਂ ਰੱਬ-ਰਾਮ ਨਾਲੋਂ ਪਾਪੀ-ਰਾਵਣ ਸੂਰਮਤਾਈ ਦੇ ਗੁਣਾ ਦੇ ਬਹੁਤਾ ਨੇੜੇ ਖਲੋਤਾ ਦਿਸਦਾ ਹੈ । ਰਾਵਣ ਦੇ ਸਾਰੇ ਭਰਾ ਅਤੇ ਪੁੱਤ੍ਰ ਮਾਰੇ ਜਾਂਦੇ ਹਨ, ਆਪਣੀ ਮੌਤ ਸਾਹਮਣੇ ਖੜੀ ਦਿਸਦੀ ਹੈ ਪਰ ਉਸ ਦੀ ਚੜ੍ਹਤ ਵਿੱਚ ਅਤੇ ਸ਼ਾਹੀ ਠਾਠ ਵਿੱਚ ਜ਼ਰਾ ਫ਼ਰਕ ਨਹੀਂ ਆਇਆ । ਏਧਰ ਭਗਵਾਨ ਦਾ ਭਰਾ ਲਛਮਣ ਮਰਿਆ, ਨਹੀਂ ਸਿਰਫ ਬੇਹੋਸ਼ ਹੀ ਹੋ ਜਾਂਦਾ ਹੈ ਤਾਂ ਉਸ ਦੇ ਮੋਹ ਵਿੱਚ ਰਾਮ ਜੀ ਬੁੱਲ੍ਹੀਆਂ ਕੱਢ ਕੇ ਰੋਂਦੇ, ਵਿਲਕਦੇ ਅਤੇ ਵਿਰਲਾਪ ਕਰਦੇ ਨਜ਼ਰੀਂ ਆ ਰਿਹੇ ਹਨ । ਸੱਭ ਕੁਝ ਛੱਡ ਛਡਾ ਕੇ ਆਤਮ ਹੱਤਿਆ ਕਰ ਲੈਣ ਨੂੰ ਤਿਆਰ ਬੈਠੇ ਦਿਸਦੇ ਹਨ । ਰਾਵਣ ਦੀ ਮਾਤਾ ਅਤੇ ਇਸਤ੍ਰੀ ਦੇ ਸਮੇਤ ਪਰਵਾਰ ਦੇ ਸਾਰੇ ਜੀਅ, ਉਸ ਦਾ ਮਨੋਬੱਲ ਗਿਰਾ ਰਹੇ ਹਨ, ਉਸ ਨੂੰ ਅਪਣਾ ਸਾਥੀ ਇੱਕ ਵੀ ਨਜ਼ਰ ਨਹੀਂ ਆ ਰਿਹਾ । ਸਕਾ ਭਾਈ ਦੁਸ਼ਮਣ ਨਾਲ ਮਿਲ ਕੇ ਉਸ ਦੇ ਪੁਤ੍ਰਾਂ ਦੀ ਮੌਤ ਅਤੇ ਰਾਵਨ ਦੀ ਮੌਤ ਹੋ ਸਕਣ ਦੇ ਭੇਤ ਅਥਵਾ ਸਰਬ-ਨਾਸ ਕਰ ਸਕਣ ਦੇ ਖ਼ੁਫ਼ੀਆ ਭੇਤ ਰਾਮ ਜੀ ਨੂੰ ਦੱਸ ਰਿਹਾ ਹੈ । ਰਾਵਨ ਫਿਰ ਵੀ ਅਜਿੱਤ ਅਤੇ ਨਿਰਭੈ ਦਿੱਸਦਾ ਹੈ । ਏਧਰ ਰਾਮ ਜੀ ਦੀ ਸਾਇਤਾ ਲਈ ਉਨ੍ਹਾਂ ਦੇ ਇਸ਼ਟ ਦੇਵ **ਸ਼ਿਵ ਜੀ**, ਹਨੂੰਮਾਨ ਦੇ ਰੂਪ ਵਿਚ ਆਪ ਆ ਕੇ ਜੰਗ ਦੇ ਮਦਾਨ ਵਿਚ ਜੂਝ ਹੀ ਨਹੀਂ ਰਿਹੇ ਸਗੋਂ ਰਾਮ ਜੀ ਦਾ ਮਨੋਬਲ ਬਣਾਈ ਰੱਖਣ ਲਈ ਲਛਮਣ ਨੂੰ ਤੰਦਰੁਸਤ ਕਰਨ ਵਾਸਤੇ ਹਮਾਲੀਆਂ ਪਹਾੜ ਦਾ ਇੱਕ ਹਿੱਸਾ ਹੀ ਚੁੱਕ ਲਿਆਉਂਦੇ ਹਨ । ਰਾਮ ਜੀ ਨੇ ਰਾਵਣ ਦੇ ਘਰ ਦਾ ਭੇਤੀ ਕਾਬੂ ਕੀਤਾ ਹੋਇਆ ਹੈ ਅਤੇ ਅਸਮਾਨੀ ਦੇਵੀ ਦੇਵਤੇ, ਕਰਾਮਾਤੀ ਰਿਖੀ ਮੁਨੀ, ਰਾਮ ਜੀ ਨੂੰ ਸ਼ਕਤੀ ਸ਼ਾਲੀ ਅਤੇ ਭਿਆਨਕ-ਤਬਾਹੀ ਕਰ ਸਕਣ ਵਾਲੇ ਸ਼ਸਤ੍ਰਾਂ ਦੇ ਨਾਲ ਦੈਵੀ ਸ਼ਕਤੀ ਵਾਲਾ ਰੱਥ ਸੁਰਗਾਂ ਵਿਚੋਂ ਲਿਆ ਕੇ ਦੇ ਰਹੇ ਹਨ । ਏਥੇ ਹੀ ਬਸ ਨਹੀਂ ਇਹ ਦੇਵਤੇ ਪਲ-ਪਲ ਤੇ ਜ਼ਰੂਰੀ ਸਲਾਹ ਦੇਣ ਦੇ ਨਾਲ ਕਈ ਗੁਝੇ ਭੇਤ ਦੱਸ ਰਹੇ ਹਨ । ਸਫ਼ਲਤਾਵਾਂ ਬਖ਼ਸ਼ਨ ਵਾਲੇ ਅਮੋਘ ਮੰਤ੍ਰਾਂ ਦਾ ਜਾਪ ਰਾਮ ਜੀ ਨੂੰ ਕਰਾ ਰਹੇ ਹਨ । ਪਰ ਭਗਵਾਨ-ਰਾਮ ਜੀ ਫਿਰ ਵੀ **ਡਿਗੇ ਕੇ ਡਿੱਗੇ,** ਹੀ ਦਿਸ ਰਹੇ ਹਨ । ਕਦੇ ਕਦੇ ਜਦ ਬਹਾਦਰਾਂ ਵਾਲੀ ਬੋਲਦੇ ਵੀ ਹਨ ਤਾਂ ਇਹ ਵੀ ਛਾਇਆ--ਸੀਤਾ* ਦੇ ਵਿਜੋਗ ਵਿਚ ਹਉਕਿਆਂ ਵਾਂਗ ਇਕ ਡਰਾਮਾ ਹੀ ਅਨਭਵ ਹੁੰਦਾ ਹੈ । >>>>>

[Foot Note:--ਤੁਲਸੀਦਾਸ ਦੇ ਸ੍ਰੀ ਰਾਮ ਚਰ੍ਤ੍ਰ ਮਾਨਸ ਅਨੁਸਾਰ ਅਤੇ ਰਾਮਾਇਣ ਗਾਥਾ ਵਾਲੀ Video Movie ਅਨੁਸਾਰ ਅਸਲੀ ਸੀਤਾ ਰਾਮ ਜੀ ਨੇ ਆਪ ਹੀ ਅਗਨ ਦੇਵਤਾ ਨਾਲ ਸੁਰਗਾਂ ਵਿਚ ਭੇਜੀ ਹੋਈ ਸੀ ]

<<<<<ਰਾਵਣ ਨੂੰ ਪਾਪੀ ਅਤੇ ਜ਼ਾਲਮ ਦੇ ਰੂਪ ਵਿੱਚ ਹੋਣ ਕਾਰਨ ਮੌਤ ਦੇ ਭੈ ਵਿਚ ਰਹਿਣ ਵਾਲਾ ਡਰੂ ਅਤੇ ਮਾਇਆ ਦੇ ਮੋਹ ਵਿਚ ਰੋਂਦਾ ਕੁਰਲਾਂਦਾ ਨਜ਼ਰ ਆਉਣਾ ਚਾਹੀਦਾ ਸੀ ਤੇ ਰਾਮ ਭਗਵਾਨ ਜੀ ਜਿਹੜੇ ਦੁਨੀਆਂ ਤੇ ਧਰਮ ਦੀ ਸਥਾਪਨਾ ਕਰਨ ਹੀ ਆਏ ਸਨ, ਨੂੰ ਤਿਆਗੀ, ਮੋਹ ਮਾਇਆ ਤੋਂ ਨਿਰਲੇਪ ਅਤੇ ਸਦਾ ਚੜ੍ਹਦੀ ਕਲਾ ਵਿੱਚ ਵਿਚਰਦਾ ਹੋਣਾ ਦਿਸਣਾ ਚਾਹੀਦਾ ਸੌ । ਪਰ ਏਥੇ ਸੱਭ ਕੁਝ ਹੀ ਉਲਟ ਦਿੱਸ ਰਿਹਾ ਹੈ । ਕਾਰਨ ਸਿਰਫ਼ ਇਹ ਹੈ ਕਿ ਬ੍ਰਾਹਮਣ ਆਪਣੇ ਰੱਬ ਦਾ ਉਹੀ ਰੂਪ ਲੋਕਾਂ ਨੂੰ ਵਿਖਾਉਂਣਾ ਚਾਹੁੰਦਾ ਸੀ ਜਿਹੜਾ ਰੂਪ ਉਹ ਆਪ ਕਈ ਸਾਲਾਂ ਤੋਂ ਧਾਰੀ ਬੈਠਾ ਸੀ । ਤਾਂ ਜੋ ਉਸ ਦੀਆਂ ਸਾਰੀਆਂ ਊਣਤਾਈਆਂ ਨੂੰ ਲੋਕ ਰੱਬੀ ਗੁਣ ਸਮਝਣਾ ਗਿਝ ਜਾਣ ।

**੧੫-** ਸਿਰਫ਼ ਸੁਗ੍ਰੀਵ ਦੀ ਇੱਕ ਤਰਫ਼ਾ ਸ਼ਕਾਇਤ ਸੁਣ ਕੇ ਅਤੇ ਬਿਨਾਂ ਬਾਲੀ ਦਾ ਪੱਖ ਸੁਣਿਆ ਝੱਟ ਪਟ ਹੀ ਬਾਲੀ ਨੂੰ ਜਾਨੋ ਮਾਰ ਦੇਣ ਦਾ ਫੈਸਲਾ ਕਰਨਾ ਧੱਕੇ ਸ਼ਾਹੀ ਵਾਲੀ ਬੇਇਨਸਾਫ਼ੀ ਸੀ ਜੋ ਪ੍ਰਭੂ-ਰਾਮ ਦੇ ਨਾਮ ਨਾਲ ਕਿਸੇ ਹਾਲਤ ਵਿੱਚ ਵੀ ਨਹੀਂ ਸੀ ਜੋੜਨੀ ਚਾਹੀਦੀ । ਏਸੇ ਪ੍ਰਭੂ-ਰਾਮ ਦੇ ਮੂਹੋਂ ਕਈ ਵਾਰੀ ਅਖਵਾਇਆ ਸੀ ਕਿ, **ਸ਼ਸਤ੍ਰ ਉਸ ਵੇਲੇ ਹੀ ਚੁੱਕਣਾ ਚਾਹੀਦਾ ਜਦ ਹੋਰ ਕੋਈ ਚਾਰਾ ਨਾ ਰਹਿ ਜਾਏ** ਫਿਰ ਬਾਲੀ ਨੂੰ ਮਾਰਨ ਦੇ ਫ਼ੈਸਲੇ ਵਿੱਚ ਓਸੇ ਪ੍ਰਭੂ ਦੇ ਕੋਲੋਂ ਉਸ ਦੀ ਹੀ ਬਣਾਈ ਮਰਯਾਦਾ ਭੰਗ ਕਰਾਉਣੀ ਕੀ ਵਾਜਬ ਸੀ ?

ਕੋਈ ਕਮਜ਼ੋਰ ਮਨੁੱਖ ਤਾਂ ਭਾਵੇਂ ਸੁਲਾਹ ਵਾਸਤੇ ਨਾ ਕਹਿ ਸਕਦਾ ਪਰ ਦੋਹਾਂ ਭਰਾਵਾਂ ਨਾਲੋਂ ਕਿਤੇ ਵੱਧ ਸ਼ਕਤੀ ਵਾਲੇ ਭਗਵਾਨ-ਰਾਮ ਨੂੰ ਦੋਹਾਂ ਵਿੱਚ ਸੁਲ੍ਹਾ ਕਰਾ ਦੇਣੀ ਬਣਦੀ ਸੀ । ਜਿਸ ਰਾਵਣ ਦੇ ਜ਼ੁਲਮਾਂ ਦੇ ਵਿਰੱਧ ਸ਼ਕਾਇਤ ਕਰਨ ਵਾਸਤੇ ਧਰਤੀ ਨੂੰ ਗਊ ਬਣ ਕੇ ਅਤੇ ਸਾਰੇ ਦੇਵਤੇ ਨਾਲ ਲੈ ਕੇ ਏਸੇ ਭਗਵਾਨ ਕੋਲ ਫ਼ਰਿਆਦੀ ਹੋਣਾ ਪਿਆ ਸੀ, ਜਿਸ ਨੂੰ ਮਾਰਨ ਵਾਸਤੇ ਅਵਤਾਰ ਲਿਆ ਸੀ, ਉਸ ਨਾਲ ਸੁਲਾਹ ਕਰ ਲੈਣ ਵਾਸਤੇ ਏਸੇ ਬਾਲੀ ਦਾ ਹੀ ਲੜਕਾ ਦੂਤ ਬਣਾ ਕੇ ਭੇਜਿਆ ਸੀ, ਫਿਰ ਕਿਹੜੀ ਮਰਯਾਦਾ ਸੀ ਕਿ ਮਾਰ ਦੇਣ ਤੋਂ ਪਹਿਲਾਂ ਬਾਲੀ ਦੀ ਗੱਲ ਵੀ ਨਾ ਸੁਣੀ ਗਈ ? ਕੀ ਇਨ੍ਹਾਂ ਗੰਭੀਰ ਊਣਤਾਈਆਂ ਵਾਲਾ ਵਿਅਕਤੀ ਮਰਯਾਦਾ ਪਰਸ਼ੋਤਮ ਮੰਨਿਆਂ ਜਾ ਸਕਦਾ ਹੈ ?

**੧੬-** ਇਕ ਪਾਸੇ ਤਾਂ ਰਾਮ ਜੀ ਦੇ ਮੂੰਹੋਂ ਕਈ ਬਾਰ ਇਹ ਅਖਵਾਇਆ ਹੈ ਕਿ ਵੈਰੀ ਨੂੰ ਲੁੱਕ ਕੇ ਜਾਂ ਵੰਗਾਰੇ ਬਿਨਾ ਅਥਵਾ ਸ਼ਸਤ੍ਰ ਹੀਨ ਨੂੰ ਮਾਰ ਦੇਣਾ ਮਨੁੱਖਤਾ ਦੇ ਵਿਰੁੱਧ ਕਰਮ ਹੈਂ, ਫਿਰ ਉਸੇ ਨੂੰ ਹੀ ਬਿਨਾਂ ਵੰਗਾਰੇ ਅਤੇ ਲੁੱਕ ਕੇ ਤੀਰ ਮਾਰਦਾ ਦਰਸਾਉਣਾ ਕਿੱਧਰ ਦੀ ਪ੍ਰਭੂ-ਭਗਤੀ ਹੈ ? ਅਤੇ ਫਿਰ ਮਾਰੇ ਜਾਣ ਤੋਂ ਥੁਹੜਾ ਸਮਾ ਪਹਿਲਾਂ ਹੀ ਬਾਲੀ ਆਪਣੀ ਪਤਨੀ **ਤਾਰਾ** ਨੂੰ ਇਹ ਕਹਿੰਦਾ ਦਰਸਾਇਆ ਹੈ ਕਿ--**ਉਸ ਨੇ ਸੁਣਿਆ ਹੈ ਕਿ ਰਾਮ ਜੀ ਧਰਮ ਅਤੇ ਅਨੀਤੀ ਵਿਰੁਧ ਕਦੇ ਕੋਈ ਕੰਮ ਨਹੀਂ ਕਰਦੇ ਇਸ ਲਈ ਉਸ ਨਾਲ ਕਿਸੇ ਛੱਲ ਦੇ ਵਰਤੇ ਜਾਣ ਦਾ ਕੋਈ ਖ਼ਤਰਾ ਨਹੀਂ ਹੈ ।** ਬਾਲੀ ਦੇ ਇਸ ਵਿਸ਼ਵਾਸ਼ ਦਾ ਐਸੀ ਬੇਰਹਿਮੀ ਨਾਲ ਕਤਲ ਕੀਤਾ ਗਿਆ ਕਿ ਜਿਸ ਦੀ ਮਿਸਾਲ ਮਿੱਲਣੀ ਮੁਸ਼ਕਲ ਹੈ । ਅਤੇ ਫਿਰ ਅਜੇਹੀ ਨੀਚਤਾ ਵਾਲਾ ਕਰਮ ਵੀ ਉਸ ਪ੍ਰਭੂ ਰਾਮ ਦੇ ਮੱਥੇ ਹੀ ਮੜ੍ਹਿਆ ਜਿਹੜਾ ਆਇਆ ਹੀ ਮਰਯਾਦਾ ਅਥਵਾ ਧਰਮ ਦੀ ਰਾਖੀ ਕਰਨ ਸੀ । ਸਰਬ ਸ਼ਕਤੀ ਮਾਨ ਪ੍ਰਭ- ਰਾਮ ਜੀ ਕੋਲੋਂ ਹੀ ਗੀਦੀਆਂ ਵਾਂਗ ਧੋਖੇ ਨਾਲ ਘਾਤਕ ਵਾਰ ਕਰਵਾ ਕੇ, ਅਥਵਾ ਉਸ ਨੂੰ ਅਨੀਤੀ ਅਤੇ ਅਧਰਮ ਕਰਦਾ ਦਰਸਾ ਕੇ, ਉਸ ਦੀ ਉੱਚਤਾ ਨੂੰ ਗੰਦ ਨਾਲ ਭਰੀ ਡੂੰਘੀ ਖੱਡ ਵਿਚ ਧੱਕਾ ਦੇ ਦਿੱਤਾ । ਅਜੇਹਾ ਜ਼ੁਲਮੀ ਅਨਰਥ ਭਗਵਾਨ ਦੇ ਨਾਮ ਨਾਲ ਜੋੜਨ ਦੀ ਦਲੇਰੀ ਉਹੀ ਮਨੁੱਖ ਕਰ ਸਕਦਾ ਹੈ ਜਿਹੜਾ ਸਮਝਦਾ ਹੈ ਕਿ ਉਸ ਦੀ ਗਾਥਾ ਦਾ ਪਾਤ੍ਰ ਇਹ ਭਗਵਾਨ-ਰਾਮ ਅਜੇਹੀਆਂ ਬੇਅਸੂਲੀਆਂ ਉਤੇ ਰੱਬੀ ਮੋਹਰ ਲੁਵਾਉਣ ਲਈ ਹੀ ਪੈਦਾ ਕੀਤਾ ਹੋਇਆ ਹੈ । ਰੱਬ ਦੇ ਭੈ ਵਾਲਾ ਕੋਈ ਮਨੁੱਖ ਵੀ ਅਜੇਹੇ ਅਨਰਥ ਨਹੀਂ ਕਰ ਸਕਦਾ ਜੋ ਕੁਝ ਬਿੱਪ੍ਰ ਜੀ ਨੇ ਸਿਧਾ ਭਗਵਾਨ ਨਾਲ ਜੋੜ ਦਿੱਤਾ ਹੋਇਆ ਹੈ ।

[" ਗੁਰੂ ਜਿਨ੍ਹਾਂ ਦੇ ਟੱਪਣੇ ਚੇਲੇ ਜਾਣ ਛੜੱਪ "। ਜੇ ਇਸ਼ਟ ਬੇਜ਼ਬਾਨਾ, ਝੂਠਾ ਅਤੇ ਵਿਸ਼ਵਾਸ਼ ਘਾਤੀ ਹੈ ਤਾਂ ਚੇਲਾ ਉਸ ਨਾਲੋ ਹੋਰ ਵੀ ਵੱਧ ਭੈੜੀਆਂ ਖ਼ਸਲਤਾਂ ਵਾਲਾ, ਨਿਰਦਈ ਅਤੇ ਅਕਿਰਤਘਣ ਕਿਉਂ ਨਾ ਹੋਵੇਗਾ ? ਏਹੀ ਕਾਰਨ ਹੈ ਕਿ ਸਤਿਗੁਰਾਂ ਨੇ ਬਿੱਪ੍ਰ ਦੀ ਰੀਤ ਤੋਂ ਬਚ ਕੇ ਰਹਿਣ ਦੀ ਤਾਕੀਦ ਕੀਤੀ ਸੀ ]

**੧੭-** ਤੀਰ ਵੱਜਣ ਉਪਰੰਤ ਬਾਲੀ ਨੇ ਰਾਮ ਦੇ ਮਰਯਾਦਾ ਪਰਸ਼ੋਤਮ ਹੋਣ ਨੂੰ ਸੰਘ ਪਾੜ ਕੇ ਬੜੈ ਜੋਰ-ਦਾਰ ਸ਼ਬਦਾਂ ਵਿੱਚ ਵੰਗਾਰਿਆ, ਅਤੇ ਬਾਰ ਬਾਰ ਰਾਮ ਨੂੰ ਬੋਲਣ ਵਾਸਤੇ ਲਲਕਾਰਦਾ ਦਰਸਾਇਆ ਹੈ । ਆਖਰ ਰਾਮ ਦਾ ਉਤੱਰ ਸੀ ਕਿ ਬਾਲੀ ਨੂੰ ਜ਼ੁਲਮ ਕਰਦਿਆਂ ਕਿਸੇ ਮਰਯਾਦਾ ਅਥਵਾ ਧਰਮ ਦਾ ਕਦੇ ਖਿਆਲ ਨਹੀਂ ਸੀ ਆਇਆ ਸੋ ਕਿਸੇ ਦੂਜੇ ਨੂੰ ਮਰਯਾਦਾ ਹੀਣ ਆਖਣ ਦਾ ਉਸ ਨੂੰ ਕੋਈ ਹੱਕ ਨਹੀਂ ਹੈ । ਕਿਸੇ ਜ਼ਾਲਮ ਨਾਲ ਜ਼ਾਲਮ, ਕਿਸੇ ਬੇਅਸੂਲੇ ਨਾਲ ਬੇਅਸੂਲੇ, ਕਿਸੇ ਅਧਰਮੀ ਨਾਲ ਅਧਰਮੀ ਬਣ ਜਾਣਾਂ ਕੀਹ ਪ੍ਰਭੂ ਲਈ ਠੀਕ ਸੀ ? ਕੀ ਰਾਮ ਜੀ ਕੋਲੋਂ ਇਹ ਅਖਵਾਉਣਾ ਵਾਜਬ ਸੀ ਕਿ **ਅੱਗੇ ਤੂੰ ਵੀ ਤਾਂ ਗੰਦੇ ਕੰਮ ਕਰਦਾ ਹੀ ਰਿਹਾ ਹੈਂ, ਜੇ ਅੱਜ ਮੈਂ ਵੀ ਗੰਦ ਖਿਲਾਰ ਲਿਆ ਤਾਂ ਤੈਨੂੰ ਤਕਲੀਫ਼ ਕਿਉਂ ਹੋਈ ਹੈ ?** ਗੁਰਬਾਣੀ ਦਾ ਫ਼ੁਰਮਾਨ ਹੈ:--

੧੫- **ਕਬੀਰ ਸੰਤੁ ਨ ਛਾਡੈ ਸੰਤਈ, ਜਉ ਕੋਟਿਕ ਮਿਲਹਿ ਅਸੰਤ ॥**
**ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ ॥ ੧੭੪ ॥** [੧੩੭੩]

ਸੰਤ ਉਸ ਨੂੰ ਮੰਨਿਆ ਜਾਂਦਾ ਹੈ ਜੋ ਅਪਣੀ ਸੰਤਤਾਈ ਕਦੇ ਨਹੀਂ ਤਿਆਗਦਾ, ਭਾਵ ਖਿਮਾਂ ਕਰਨ ਵਾਲਾ ਸ਼ਾਂਤ ਅਤੇ ਸਦਾ ਭਲਿਆਈ ਸੋਚਣ ਵਾਲਾ ਅਤੇ ਦੂਜਿਆਂ ਨਾਲ ਨੇਕੀ ਕਰਨ ਵਾਲਾ ਆਪਣਾ ਪੱਕਾ ਸੁਭਾ ਕਦੇ ਨਹੀਂ ਤਿਆਗਦਾ, ਭਾਵੇਂ ਉਸਦਾ ਵਾਹ ਕ੍ਰੋੜਾ ਹੀ ਭੈੜੇ ਬੰਦਿਆਂ ਨਾਲ ਪੈਂਦਾ ਹੋਵੇ । ਜਿਵੇਂ ਚੰਦਨ ਦਾ ਬੂਟਾ ਜਿਹਰੀਲੇ ਸੱਪਾਂ ਨਾਲ ਘਿਰਿਆ ਰਹਿੰਦਾ ਹੈ ਪਰ ਉਹ ਆਪਣੇ ਅੰਦਰ ਦੀ ਠੰਡਕ ਨਹੀਂ ਤਿਆਗਦਾ । ਹਰੀ ਦਾ ਜਨ ਤਾਂ ਹੁੰਦਾ ਹੀ ਉਹ ਹੈ ਜਿਹੜਾ ਈਸ਼ਵਰੀ ਗੁਣ ਕਦੇ ਨਾ ਤਿਆਗੇ । ਏਥੇ ਈਸ਼ਵਰ ਆਪ ਹੀ ਸੁਭ ਗੁਣਾ ਨੂੰ ਤਿਲਾਂਜਲੀ ਦੇ ਰਿਹਾ ਦਰਸਾ ਕੇ ਚੰਗਿਆਈ ਦਾ ਗਲ ਘੁਟਿਆ ਗਿਆ ਹੈ ।

ਉਚੀ ਆਤਮਾ ਵਾਲਾ ਕੋਈ ਗਰੀਬੜਾ ਮਨੁੱਖ ਅਜੇਹਾ ਕੁਝ ਕਰਨਾ ਸੋਚ ਵੀ ਨਹੀਂ ਸਕਦਾ ਜੋ ਕੁੱਝ ਬ੍ਰਾਹਮਣ ਨੇ ਉਸ ਰਾਮ ਕੋਲੋਂ ਕਰਵਾਇਆ ਹੈ ਜਿਸ ਦੀਆਂ ਮੂਰਤੀਆਂ ਬਣਾ ਕੇ ਪੂਜਦਾ ਹੈ । ਸਾਫ਼ ਸਿੱਧ ਹੋ ਰਿਹਾ ਹੈ ਕਿ ਗਾਥਾ ਦੇ ਲਿਖਾਰੀ ਬ੍ਰਾਹਮਣ ਦੇ ਆਪਣੇ ਆਚਰਨ ਅਤੇ ਮੰਦੇ ਸੰਸਕਾਰਾਂ ਕਾਰਨ ਬਣੀ ਉਸ ਦੇ ਅੰਦਰ ਦੀ ਹਾਲਤ, ਉਬਾਲੇ ਖਾ ਕੇ ਕਾਗ਼ਜ਼ ਤੇ ਆ ਖਿਲੱਰੀ ਹੈ । ਅਪਣੇ ਮਾਇਆ ਜਾਲ ਦੇ ਇਸ ਖਿਲਾਰੇ ਉਤੇ ਭਗਵਾਨ ਦੀ ਮੋਹਰ ਲਵਾ ਕੇ ਸੱਭ ਕੁੱਝ ਧਰਮ ਦਾ ਹਿੱਸਾ ਬਣਾ ਦੇਣਾ, ਉਸ ਦੀ ਵੱਡੀ ਕਰਾਮਾਤ ਮੰਨਣੀ ਪੈਂਦੀ ਹੈ । ਹਿੰਦੂ ਜਗਤ ਦਾ ਅਸਲ ਭਗਵਾਨ ਜਾਂ ਦੇਵਤਾ ਅਥਵਾ ਗੁਰੂ, ਕੇਵਲ ਅਤੇ ਕੇਵਲ ਬ੍ਰਾਹਮਣ ਹੀ ਹੈ । ਹੋਰ ਇਹ ਅਵਤਾਰ, ਅਤੇ ਦੇਵਤੇ ਆਦਿ, ਸੱਭ ਦੇ ਸਭ ਬ੍ਰਾਹਮਣ ਦੇ ਹਥਕੰਡੇ ਸਨ ।

ਭਗਤ ਨਾਮਦੇਵ ਜੀ ਵੀ ਇਹੀ ਸਮਝਾ ਰਹੇ ਹਨ ਕਿ ਕਿਸੇ ਸੱਚੇ ਇਸ਼ਟ ਨਾਲ ਇਹ ਕੁੱਝ ਨਹੀਂ ਮੜ੍ਹਿਆ ਜਾ ਸਕਦਾ ਜੋ ਬ੍ਰਾਹਮਣ ਨੇ ਆਪਣੇ ਭਗਵਾਨਾ ਨਾਲ ਜੋੜਿਆ ਹੈ । ਫਿਰ ਉਨ੍ਹਾਂ ਨਾਲ ਸ਼ਰਧਾ ਕਿਵੇਂ ਬਣੇ ਅਤੇ ਉਨ੍ਹਾਂ ਦੇ ਦਰਸ਼ਨ ਕਿਵੇਂ ਹੋਣ ?

[ਨੋਟ---ਇਹ ਦਲੀਲ ਦੇਣੀ ਬੜੀ ਹਾਸੋ ਹੀਣੀ ਹੈ ਕਿ ਪਰਮਾਤਮਾ ਨੇ ਮਨੁੱਖ ਵਾਂਗ ਹੀ ਦੁਖ ਸੁਖ ਤੋਂ ਪ੍ਰਭਾਵਤ ਹੋ ਕੇ ਰੋਂਦਿਆਂ ਵਿਲਾਪ ਕਰਦਿਆਂ ਹੋਇਆ ਵਿਚਰ ਕੇ ਵਡੇ ਵਡੇ ਕੰਮ ਕਰਕੇ ਮਨੁੱਖ ਨੂੰ ਉਤਸ਼ਾਹ ਦਿੱਤਾ ਸੀ ਉਹ ਵੀ ਇਸ ਤਰ੍ਹਾਂ ਦੇ ਕੰਮ ਕਰ ਸਕਦਾ ਹੈ । ਤਾਂ ਕੀ, ਮਨੁੱਖ ਪੱਥਰ ਨੂੰ ਅਹੱਲਿਆ ਦਾ ਰੂਪ ਦੇ ਸਕਦਾ ਹੈ ? ਕੀ ਮਨੁੱਖ ਨੇ ੬੦੦ ਮੀਲ ਦੇ ਥਾਂ ੧੦ ਮੀਲ ਸਮੁੰਦਰ ਤੇ ਵੀ ਪੁੱਲ ਬੱਨ੍ਹ ਲਿਆ ਹੈ ? (ਹਾਲਾਂ ਕੇ ਅੱਜ ਦਾ ਮਨੁਖ ਚੰਦ ਦੇਵਤੇ ਦੀ ਪਥਰੀਲੀ ਅਤੇ ਨਿਰਜੀਵ ਧਰਤੀ ਨੂੰ ਪੈਰਾਂ ਹੇਠ ਰੋਲ ਆਇਆ ਹੈ) ਕੀ ਅੱਜ ਤਾਂਈ ਕੋਈ ਮਨੁੱਖ ਸਮੁੰਦਰ ਨੂੰ ਆਪਣੇ ਤੀਰ ਨਾਲ ਸੁਕਾ ਦੇਣ ਦੀ ਧਮਕੀ ਦੇ ਸਕਿਆ ਹੈ ? ਕੀ ਕਿਸੇ ਮਨੁੱਖ ਨੂੰ ਲੜੇ ਸੱਪ ਦਾ ਜਹਿਰ ਉਤਾਰਨ ਲਈ ਗਰੜ ਭਗਵਾਨ ਆਇਆ ? ਕੀ ਕਦੇ ਕਿਸੇ ਦੀ ਸਹਾਇਤਾ ਲਈ ਅਸਮਾਨ ਤੋ ਦੇਵਤੇ ਸ਼ਸਤ੍ਰ ਅਤੇ ਰੱਥ ਲੈ ਕੇ ਭਖਦੇ ਜੰਗ ਦੇ ਮੈਦਾਨ ਵਿਚ ਪੁਜੇ ਹਨ ? ਅਜੇਹਾ ਧਨੁਖ ਜਾਂ ਕੋਈ ਹੋਰ ਚੀਜ਼ ਜਿਸ ਨੂੰ ਪੰਜ ਹਜ਼ਾਰ ਮਨੁੱਖ ਮਸਾਂ ਚੁਕਦੇ ਹੋਣ ਕੀ ਰਾਮ ਜੀ ਵਾਂਗ ਕਦੇ ਕਿਸੇ ਇੱਕ ਮਨੁੱਖ ਨੇ ਚੁਕਿਆ ਹੈ ? **{ਵਾਲਮੀਕ ਕਾਂਡ ੧, ਅਧਿਆਇ ੬੭ ਵਿੱਚ ਲਿਖਿਆ ਹੈ ਕਿ ਸੀਤਾ ਸਵੈਂਬਰ ਸਮੇ ਜਿਹੜਾ ਧਨੁਖ ਰਾਮ ਜੀ ਨੇ ਇਕੱਲਿਆਂ ਹੀ ਆਸਾਨੀ ਨਾਲ ਚੁੱਕ ਕੇ ਤੋੜ ਦਿੱਤਾ ਸੀ ਉਸ ਨੂੰ (ਉਸ ਸਮੇਂ ਦੌ) ਪੰਜ ਹਜ਼ਾਰ (੫੦੦੦) ਮਨੁੱਖ ਚੁੱਕ ਕੇ ਸਅੰਬਰ ਵਾਲੀ ਥਾਂ ਤੇ ਮਸਾਂ ਹੀ ਲਿਆਏ ਸਨ }** । ਕੀ ਰਾਮ ਜੀ ਦੇ ਇਹ ਸਾਰੇ ਕੌਤਕ ਸਧਾਰਨ ਮਨੁੱਖਾਂ ਵਾਲੇ ਸਨ ? ਕੀ, ਅਜੇਹੇ ਕਰਨਾਮੇ ਜੋ ਬ੍ਰਾਹਮਣ ਲਿਖਾਰੀ ਨੇ ਸ੍ਰੀ ਰਾਮ ਜੀ ਕੋਲੋਂ ਕਰਵਾਏ ਹਨ, ਕਦੇ ਕੋਈ ਮਨੁੱਖ ਕਰ ਸਕਿਆ ਹੈ ? ਬ੍ਰਾਹਮਣ ਦਾ ਇਹ ਕਹਿਣਾ ਕੀ ਝੌਠ ਨਹੀਂ ਹੈ, ਕਿ, ਭਗਵਾਨ ਧਰਤੀ ਤੇ ਆ ਕੇ ਆਮ ਸਾਧਾਰਨ ਮਨੁੱਖਾਂ ਵਾਂਗ ਵੀ ਵਿਚਰਦਾ ਹੈ]

੫

# ਮ<u>ਰਯਾਦਾ-ਪਰਸ਼ੋਤਮ ਉਪਾਧੀ</u>

ਰਾਮਾਇਣ ਗਾਥਾ ਵਾਲੀਆਂ ਪੁਸਤਕਾਂ ਪੜ੍ਹਨ ਤੋਂ ਅਤੇ ਇਸ ਗਾਥਾ ਨੂੰ ਪਰਚਾਰਨ ਵਾਲੀ ਹੋਰ ਸਮੱਗ੍ਰੀ ਗਹੁ ਨਾਲ ਵਾਚ ਲੈਣ ਤੋਂ ਜਿਹੜੀ ਪਰਯਾਦਾ ਦੇ ਧਾਰਨੀ ਜਾਂ ਜਿਹੜੀ ਮਰਯਾਦਾ ਦੀ ਰਖਿਆ ਕਰਦੇ ਰਾਮ ਜੀ ਨਜ਼ਰ ਆਉਂਦੇ ਹਨ ਉਸ ਦਾ ਵੇਰਵਾ ਇਉਂ ਹੈ :---

**੧=** ਪਰਿਵਾਰਕ ਅਤੇ ਸਮਾਜੀ ਰੀਤੀ ਰਿਵਾਜ ਅਤੇ ਮਰਯਾਦਾ ਸਾਰੀ ਦੀ ਸਾਰੀ ਉਹੀ ਹੈ ਜੋ ਬ੍ਰਾਹਮਣ ਨੇ ਵੇਦਾਂ, ਪੁਰਾਣਾਂ ਸਿਮ੍ਰਿਤੀਆਂ ਆਦਿ ਵਿੱਚ ਲਿਖੀ ਹੋਈ ਹੈ । ਭਾਈਆਂ ਦਾ ਪਿਆਰ ਅਤੇ ਮਾਤਾ ਪਿਤਾ ਦੇ ਹੁਕਮ ਦੀ ਪਾਲਣਾ ਅਤੇ ਪਤੀ ਭਗਤੀ ਬਾਰੇ ਉਪਦੇਸ਼ ਤਾਂ ਹੋਰ ਵੀ ਕਈ ਕਥਾ ਕਹਾਣੀਆਂ ਵਿੱਚ ਦਿੱਤਾ ਹੋਇਆ ਹੈ । ਇਹ ਵੀ ਕੋਈ ਉਚੇਚੀ ਅਤੇ ਨਵੀਂ ਸਿਖਿਆ ਦਾ ਆਦਰਸ਼ ਨਹੀਂ ਸੀ । ਸਗੋਂ ਰਾਮ ਜੀ ਸੀਤਾ ਨੂੰ ਆਪ ਕਹਿੰਦੇ ਹਨ ਕਿ ਉਹ ਦੇਵੀ ਅਨਸੂਈਆ ਕੋਲੋਂ ਇਸਤ੍ਰੀ ਧਰਮ ਦੀ ਸਿਖਿਆ ਲਵੇਂ । ਅਰਥਾਤ, ਇਸ ਪ੍ਰਕਾਰ ਦੇ ਗਿਆਨ ਦੇ ਬੁਰਕੇ ਵਿੱਚ ਲਪੇਟੀ ਕਰਮਕਾਂਡੀ ਅਥਵਾ ਵਰਨ- ਆਸ਼ਰਮ ਦੀ ਵੰਡ ਵਾਲੀ, ਕੁਟਲ ਨੀਤੀ ਪਹਿਲਾਂ ਤੋਂ ਹੀ ਪਰਚਾਰਨੀ ਅਰੰਭ ਹੋ ਚੁੱਕੀ ਸੀ । ਰਾਮ ਜੀ ਤਾਂ ਤਾਬਿਆਦਾਰੀ ਨਾਲ ਉਸੇ ਹੀ ਮਰਯਾਦਾ ਦੀ ਪਾਲਣਾ ਕਰਦੇ ਦਰਸਾਏ ਹਨ । ਉਨ੍ਹਾਂ ਨੇ ਨਵੀਂ ਮਰਯਾਦਾ ਕਿਹੜੀ ਸਥਾਪਤ ਕੀਤੀ ਸੀ ? ਇਸ ਦਾ ਉੱਤਰ ਕਿਸੇ ਵੀ ਬ੍ਰਾਹਮਣ ਕੋਲ ਨਹੀਂ ਹੈ ।

**੨=** ਧਾਰਮਿਕ ਵਿਸ਼ਵਾਸ਼ ਅਤੇ ਪੂਜਾ ਅਰਚਾ, ਸੱਭ ਕੁਝ ਬ੍ਰਾਹਮਣ ਨੇ ਪਹਿਲਾਂ ਹੀ ਚਲਾਇਆ ਹੋਇਆ ਸੀ । ਰਾਮ ਜੀ ਨੇ ਵਾਧਾ ਇਹ ਕੀਤਾ ਕਿ ਰੱਬੀ-ਆਵਤਾਰ ਹੋਣ ਦੀ ਹਸਤੀ ਵਿੱਚ ਵੀ (ਗਰੀਬ ਸ਼ੂਦ੍ਰਾਂ ਦੇ ਨਹੀ) ਸਿਰਫ਼ ਬ੍ਰਾਹਮਣਾ ਦੇ ਚਰਨ ਧੋਤੇ, ਅਤੇ ਬ੍ਰਾਹਮਣਾ ਨੂੰ ਹੀ ਕਈ ਕੁੱਝ ਦਾਨ ਕੀਤਾ, ਉਨ੍ਹਾਂ ਦੀ ਮੁੱਠੀ ਚਾਪੀ ਕੀਤੀ ਅਤੇ ਉਨ੍ਹਾਂ ਦੀ ਇਛਿਆ ਨੂੰ ਰੱਬੀ ਹੁਕਮ ਮੰਨਿਆਂ । ਬ੍ਰਾਹਮਣ ਨੇ ਜਿਨ੍ਹਾਂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ, ਸ਼ਿਵਲਿੰਗ, ਸੂਰਜ, ਚੰਦ, ਪਿੱਤ੍ਰਾਂ, ਦਰਖਤਾ, ਪਾਣੀ, ਮਿੱਟੀ ਅਦਿ ਦੀ ਪੂਜਾ ਕਰਨ ਦਾ ਵਿਅਰਥ ਦਾ ਭ੍ਰਮ ਮਨੁੱਖ ਨੂੰ ਪਾਇਆ ਹੋਇਆ ਸੀ ਉਸ ਹਰ ਇੱਕ ਸ਼ੈ ਦੀ, ਨੇਮ ਨਾਲ ਪੂਜਾ-ਵੰਦਨਾ ਕਰਨ ਵਾਲੀ ਸ਼ਰਧਾ ਵਾਲਾ ਭਗਤ, ਰਾਮ-ਈਸ਼ਵਰ ਨੂੰ ਹੀ ਦਰਸਾ ਕੇ ਸਾਰੇ ਭ੍ਰਮ-ਜਾਲ ਨੂੰ ਰੱਬੀ ਹੁਕਮ ਬਣਾ ਲਿਆ ।

੩- ਬ੍ਰਾਹਮਣ ਰਿਖੀਆਂ ਦੀ ਅਣਹੋਣੀ ਵਡਿਆਈ ਕਰਨ ਲੱਗਿਆਂ (ਸਚੇ ਰਬ ਦੀ ਸੱਚੀ ਕਾਰ ਵਾਲੇ ਰੱਬੀ ਨੇਮਾਂ ਅਨੁਸਾਰ ਬਣੇ) ਪ੍ਰਾਕ੍ਰਿਤਕ ਸਿਧਾਂਤਾ ਦੀ ਖੰਡਣਾਂ ਕਰਨ ਵਿੱਚ ਪ੍ਰਭੂ-ਰਾਮ ਜੀ ਨੇ ਜ਼ਰਾ ਸੰਕੋਚ ਨਾ ਕੀਤਾ । ਜਿਵੇ :-

(ੳ) ਅਗਸਤ ਮੁਨੀ ਦੇ ਆਸ਼ਰਮ ਨੂੰ ਜਾਂਦੇ ਸਮੇ ਰਾਮ ਜੀ ਆਪਣੇ ਭਰਾ ਲਛਮਣ ਨੂੰ ਸੁਣਾਉਂਦੇ ਹਨ ਕਿ ਇੱਕ ਵਾਰੀ ਅਗਸਤ ਨੇ ਸਾਰੇ ਸਮੁੰਦਰਾਂ ਦਾ ਪਾਣੀ ਚੁਲੀ ਨਾਲ (ਸਣੇ ਵੇਲ ਮਛੀਆਂ, ਸੰਸਾਰਾਂ ਅਤੇ ਹੋਰ ਬੇਅੰਤ ਬਲਾਵਾਂ ਦੇ) ਪੀ ਲਿਆ ।

( ਅ) ਅਖੇ ਇੱਕ ਪਹਾੜ ਨੂੰ ਤਾਕਤ ਦਾ ਹੰਕਾਰ ਹੋ ਗਿਆ ਕਿ ਮੈਂ ਸੂਰਜ ਨੂੰ ਚੜ੍ਹਨ ਹੀ ਨਹੀਂ ਦੇਣਾ ਅਤੇ ਉਹ ਸੂਰਜ ਦੇ ਸਾਹਮਣੇ ਖੜਾ ਹੋ ਗਿਆ । ਅਖੇ, ਸੂਰਜ ਪਹਾੜ ਦੀ ਸ਼ਕਤੀ ਤੋਂ ਘਾਬਰ ਗਿਆ । ਸੂਰਜ ਦੀ ਜਾਨ ਛੁਡਾਉਣ ਲਈ ਅਗਸਤ ਨੇ ਉਸ ਹੰਕਾਰੀ ਪਹਾੜ ਦੇ ਸਿਰ ਵਿੱਚ ਅੱਡੀ ਮਾਰੀ ਤੇ ਉਹ ਧਰਤੀ ਵਿੱਚ ਧਸ ਗਿਆ (ਕ੍ਰੋੜਾਂ ਮੀਲ ਉਚਾ ਸੂਰਜ ਧਰਤੀ ਤੇ ਬਣੇ ਇੱਕ ਪਹਾੜ ਨੇ ਜਾ ਘੇਰਿਆ ? ਕੀ ਬ੍ਰਾਹਮਣੀ ਝੂਠ ਤੇ ਲੱਗੀ ਇਹ ਰੱਬੀ ਮੋਹਰ ਹੀ ਨਹੀਂ ?)

( ੲ) ਬ੍ਰਾਹਮਣ ਦੇ ਲਿਖੇ ਝੂਠ ਨੂੰ ਸੱਚ ਬਣਾਉਣ ਵਾਲੀ ਮਰਯਾਦਾ ਚਾਲੂ ਕਰਨ ਲਈ ਆਪਣੀ ਈਸ਼ਵਰੀ ਮੋਹਰ ਲਾਉਣ ਦੀ ਬਰਖੁਰਦਾਰੀ ਵਿੱਚ ਰਾਮ ਜੀ ਫੁਰਮਾਉਂਦੇ ਹਨ ਕਿ ਇੱਕ ਵਾਰੀ ਭਾਰ ਕਸੂਤਾ ਹੋ ਜਾਣ ਕਾਰਨ ਧਰਤੀ ਦਾ ਸੰਤੁਲਨ Balance ਨਾ ਰਿਹਾ । ਧਰਤੀ ਦੇ ਡੋਲ ਜਾਣ ਨਾਲ ਜੀਵ ਘਾਬਰ ਕੇ ਹਾਹਾ-ਕਾਰ ਕਰਨ ਲੱਗ ਪਏ । ਤਾਂ ਅਗਸਤ ਮੁਨੀ ਨੇ ਧਰਤੀ ਦੇ ਉਲਰੇ ਹੋਏ ਪਾਸੇ ਆਪ ਖਲੋ ਕੇ ਭਾਰ ਸਾਵਾਂ ਕਰਕੇ ਧਰਤੀ ਨੂੰ ਟਿਕਾਣੇ ਸਿਰ ਕੀਤਾ । ਅਰਥਾਤ ਇਹ ਕੰਮ ਰੱਬ ਦੇ ਵਸੋਂ ਬਾਹਰ ਹੋ ਗਿਆ ਸੀ ਜੋ ਬ੍ਰਾਹਮਣ ਰਿਖੀ ਨੇ ਸਮੇਂ ਸਿਰ ਉਪੜ ਕੇ ਉਸ ਦੀ ਸਹਾਇਤਾ ਕੀਤੀ । ਭਗਵਾਨ ਰਾਮ ਜੀ ਅਗਸਤ-ਮੁਨੀ ਦੇ ਧਨਵਾਦੀ ਹੋਏ ਦਿਸ ਰਹੇ ਸਨ । (ਉਸ ਸਮੇ ਦੇ ਲਿਖਾਰੀ ਬ੍ਰਾਹਮਣ ਨੂੰ ਏਨਾ ਗਿਆਨ ਹੀ ਨਹੀਂ ਸੀ ਕਿ ਸਿਰਸ਼ਟੀ ਦਾ ਸਿਰਜਣਹਾਰ (ਰਾਮ ਜੀ) ਨੇ ਧਰਤੀ ਨੂੰ ਗੋਲ ਬਣਾਇਆ ਹੋਇਆ ਹੈ । ਅਤੇ ਇਸ ਧਰਤੀ ਮਾਤਾ ਨੂੰ ਆਪਣੇ ਧੁਰੇ ਦੁਆਲੇ ਰੋਜ਼ ਇੱਕ ਚੱਕਰ ਲਾਉਣ ਲਈ ਅਤੇ ਸੂਰਜ ਦੇ ਗਿਰਦੇ ਸਾਲ ਵਿਚ ਇੱਕ ਚੱਕਰ ਪੂਰਾ ਕਰ ਲੈਣ ਲਈ ਘੁੰਮਦੇ ਰਹਿਣ ਵਾਲੇ ਸਦੀਵੀ ਚੱਕਰਾਂ ਤੇ ਵੀ ਪਰਮੇਸ਼ਰ-ਰਾਮ ਜੀ ਨੇ ਆਪ ਹੀ ਚਾੜ੍ਹਿਆ ਹੋਇਆ ਹੈ । ਅਜੇਹੀ ਧਰਤੀ ਦਾ ਸੰਤੁਲਨ ਕਿਵੇਂ ਵਿਗੜਨਾ ਸੀ ? ਅਗਸਤ ਮੁਨੀ ਨੇ ਗੋਲ ਧਰਤੀ ਦੇ ਕਿਸ ਸਿਰੇ ਤੇ ਖਲੋ ਕੇ ਉਸ ਦੇ ਸੰਤੁਲਨ ਨੂੰ ਠੀਕ ਕਰਨਾ ਸੀ ? ਸ਼ਇਦ ਬ੍ਰਾਹਮਣ ਨੇ ਸਮਝਿਆ ਹੋਵੇ ਕਿ ਬੌਲਦ ਦੇ ਸਿੰਗ ਤੇ ਟਿਕੀ ਧਰਤੀ ਇਕ ਪਾਸੇ ਨੂੰ ਉਲਰ ਗਈ ਜੋ ਦੂਜੇ ਸਿਰੇ ਤੇ ਅਗਸਤ ਮੁਨੀ ਜਾ

ਖਲੋਤਾ ? ਅਜੇਹਾ ਹਾਸੋ ਹੀਣਾ ਝੂਠ ਰੱਬ ਕੋਲੋਂ ਹੀ ਬੁਲਵਾ ਕੇ ਉਸ ਝੂਠ ਦੀ ਪੂਜਾ ਕਰਵਾ ਲੈਣੀ ਬ੍ਰਾਹਮਣ ਦੀ ਕਰਾਮਾਤ ਸਮਝੀ ਜਾਵੇ, ਕਿ ਕਮਾਲ ਦੀ ਦਲੇਰੀ ਸਮਝੀ ਜਾਵੇ ਕਿ ਜਾਂ ਦੁਖਦਾਈ ਕਿਸਮ ਦਾ ਮਾਇਆ ਜਾਲ ਸਮਝਿਆ ਜਾਵੇ ? )

**੪-** ਰਾਮ ਜੀ ਨੇ ਰਾਜਾ ਬਣ ਕੇ ਚੰਗੇ ਰਾਜੇ ਦੀ ਮਰਿਯਾਦਾ ਅਨੁਸਾਰ ਪਹਿਲਾ ਪ੍ਰਸਿਧ ਇਸਨਸਾਫ਼ ਇਹ ਕੀਤਾ ਕਿ ਜਿਸ ਇਸਤ੍ਰੀ ਨੇ ਮਹਿਲਾਂ ਦੇ ਸੁਖ ਤਿਆਗ ਕੇ ਆਪਣੇ ਪਤੀ (ਰਾਮ ਜੀ) ਨਾਲ ਜੰਗਲਾਂ ਦੇ ਦੁਖ ਸਹਿਣ ਵਿਚ ਆਪਣਾ ਸੁਰਗ ਜਾਤਾ, ਜਿਹੜੀ ਇਸਤ੍ਰੀ ਨੇ ਸੁਪਨੇ ਵਿੱਚ ਵੀ ਕਦੇ ਕਿਸੇ ਦੂਜੇ ਮਰਦ ਦਾ ਖ਼ਿਆਲ ਤੱਕ ਨਹੀਂ ਸੀ ਆਉਣ ਦਿੱਤਾ, ਉਸ ਨਿਰਦੋਸ਼ ਇਸਤ੍ਰੀ ਬਾਰੇ ਚੰਗੀ ਤਰ੍ਹਾਂ ਜਾਣਦਿਆਂ ਬੁਝਦਿਆਂ ਕਿ ਮਹਾਰਾਣੀ ਸੀਤਾ ਨਿਸਕਪਟ ਅਤੇ ਨਿਸ਼-ਪਾਪ ਹੈ, ਨੂੰ ਉਸ ਸਮੇਂ ਘਰੋਂ ਕੱਢ ਦਿੱਤਾ ਜਦੋਂ ਉਹ ਉਸ ਦੇ ਬੱਚਿਆਂ ਦੀ ਮਾਂ ਬਣਨ ਵਾਲੀ ਸੀ । ਰੱਬ-ਹੁੰਦਾ ਹੋਇਆ ਵੀ ਇਨਸਾਫ਼ ਨਾ ਕਰ ਸਕਿਆ ਅਤੇ ਸਚਾਈ ਦਾ ਇਤਬਾਰ ਲੋਕਾਂ ਨੂੰ ਨਾ ਕਰਾ ਸਕਿਆ । ਚੰਗੇ ਆਚਰਨ ਵਾਲਾ ਤਾਂ ਮਨੁੱਖ ਵੀ ਆਪਣਾ ਸਿਧਾਂਤ ਨਹੀਂ ਤਿਆਗਦਾ ਭਾਵੇਂ ਉਸ ਨੂੰ ਬੰਦ ਬੰਦ ਕਟਾਉਣਾ ਪੈ ਜਾਏ । ਬ੍ਰਾਹਮਣ ਦੀ ਕਲਪਣਾ ਦੀ ਉਪਜ, ਰਾਮ-ਰੱਬ ਜੀ ਨੇ ਤਾਂ ਸਾਰੀ ਉਮਰ ਬ੍ਰਾਹਮਣ ਦੀ ਕਦੇ ਇੱਕ ਘੁਰਕੀ ਵੀ ਨਹੀਂ ਸਹਾਰੀ ਤੇ ਸੱਚੇ ਰੱਬ ਦੇ ਅਟੱਲ ਸਚਾਈ ਵਾਲੇ ਸਿਧਾਂਤ ਨੂੰ ਮਿੱਟੀ ਵਿਚ ਰੋਲਦਿਆਂ ਜ਼ਰਾ ਢਿੱਲ ਨਹੀਂ ਕੀਤੀ ।

**੫-** ਇਸ ਤੋਂ ਵੀ ਕਈ ਗੁਣਾ ਵੱਧ ਭਿਆਨਕ ਤੇ ਦੁਖਦਾਈ (ਇਨਸਾਫ ਕਰਨ ਦੀ) ਮਰਯਾਦਾ ਦਾ ਿੱਕ ਹੋਰ ਸਿਧਾਂਤ ਕਾਇਮ ਕੀਤਾ । ਸੁਣਿਆ ਤਾਂ ਇਹ ਸੀ ਕਿ ਰਾਮ ਜੀ ਨੇ ਕਿਸੇ ਸ਼ੂਦਰ ਵਿਰੁੱਧ ਕਿਸੇ ਧਾਰਮਿਕ ਕਰਮ ਕਰ ਲੈਣ ਦੇ ਅਪਰਾਧ ਦੀ ਸ਼ਕਾਇਤ ਹੋਣ ਤੇ ਉਸ ਨੂੰ ਕਚਹਿਰੀ ਵਿਚ ਬੁਲਾ ਕੇ ਪੂਰੀ ਸੁਣਵਾਈ ਕਰਕੇ ਰਾਜਿਆਂ ਵਾਂਗ ਮੌਤ ਦੀ ਸਜ਼ਾ ਸੁਣਾਈ ਸੀ, ਪਰ ਰਾਮ ਜੀ ਦੇ ਅਨਿਨ ਭਗਤ ਗੋਸੁਆਮੀ ਤੁਲਸੀ ਦਾਸ ਜੀ ਨੇ ਸ਼ੂਦਰ ਵਿੱਰੁਧ ਮੁਕਦਮੇ ਦੇ ਫ਼ੈਸਲੇ ਦੀ ਮਰਯਾਦਾ ਦਾ ਹੋਰ ਵੀ ਦੁਖਦਾਈ ਰੂਪ ਇਸ ਪ੍ਰਕਾਰ ਲਿਖਿਆ ਹੈ :-

**ਰਾਜਪਾਤ ਰਾਮ ਸਭਾ ਜਹ ਭਾਈ । ਤਹ ਆਯਉ ਇਕ ਦ੍ਵਿਜ [1] ਬਿਖਲਾਈ ।** ੧= ਬ੍ਰਾਹਮਣ ।
**ਪੁਖ ਬਚਨ ਮੁਖ ਕਹਤ ਪੁਕਾਰਾ । ਹੰਸ ਹੰਸ ਬੂਡਿਓ ਸੰਸਾਰਾ ।**

ਭਾਵ, ਇਕ ਵੇਰਾਂ ਸ੍ਰੀ ਰਾਮ ਜੀ ਭਰਾਵਾਂ ਸਮੇਤ ਸਭਾ ਵਿਚ ਬੈਠੇ ਹੋਏ ਸਨ ਕਿ ਇਕ ਰੋਂਦਾ ਹੋਇਆ ਬ੍ਰਾਹਮਣ ਆਇਆ । ਉਹ ਮੂੰਹੋਂ ਸਖ਼ਤ ਬੋਲ ਬੋਲਕੇ ਆਖਦਾ ਸੀ ਕਿ ਸੰਸਾ ਵਿਚ ਸੂਰਜ ਬੰਸ (ਭਾਵ, ਦਸ਼ਰਥ ਦਾ ਬੰਸ) ਡੁਬ ਗਿਆ ਹੈ ।

**ਰਘੁ ਦਿਲੀਪ ਅਰ ਸਗਰ ਨਰੇਸਾ । ਅਤੁਲ ਪ੍ਰਭਾਵ ਭਏ ਅਵਸੇਸਾ ।**
**ਪਿਤ ਜੀਵਤ ਸੁਤ ਤਿਆਗਿਓ ਪ੍ਰਾਨਾ । ਅੰਤਰਜਾਮੀ ਸੁਨੁ ਪ੍ਰਭੁ ਕਾਨਾ ।**

ਭਾਵ, **ਰਘੂ, ਦਲੀਪ** ਤੇ **ਸਗਰ** ਅਜੁਧਿਆ ਦੇ ਰਾਜੇ ਬੜੇ ਪ੍ਰਤਾਪੀ ਹੋਏ ਹਨ (ਰਾਮ-ਚੰਦ੍ਰ ਜੀ ਦੇ ਵਡੱਕੇ) ਪਰ ਐਸਾ ਕਦੇ ਨਹੀਂ ਹੋਇਆ ਕਿ ਪਿਉ ਦੇ ਜੀਊਂਦਿਆਂ ਪੁੱਤਰ ਮਰ ਗਿਆ ਹੋਵੇ । ਇਹ ਗਲ ਅੰਤਰ ਜਾਮੀ ਰਾਮ ਜੀ ਦੇ ਕੰਨੀ ਪਈ ।

**ਨਰ ਲੀਲਾ ਕਰ ਰਾਮ ਕ੍ਰਿਪਾਲਾ । ਲਗੇ ਬਿਚਾਰ ਕਰਨ ਤਿਹ ਕਾਲਾ ।**
**ਕਾਰਨ ਕਵਨ ਮ੍ਰਿਤਕ ਸੁਤ ਭਯਉ । ਦ੍ਵਿਜ [1] ਦੁਖ ਦੇਖਿ ਬਿਕਲ ਪ੍ਰਭੁ ਭਯਉ ।** ੧=ਦਿਵਜ,ਬ੍ਰਾਹਮਣ ।

ਭਾਵ, ਸ੍ਰੀ ਰਾਮ ਜੀ ਮਨੁੱਖ ਲੀਲਾ ਕਰ ਕੇ ਵਿਚਾਰਨ ਲੱਗੇ ਕਿ, ਕੀ ਕਾਰਣ ਹੈ ਜੋ ਇਸ ਬ੍ਰਾਹਮਣ ਦਾ ਪੁਤਰ ਮਰ ਗਿਆ ਹੈ ? ਬ੍ਰਾਹਮਣ ਦੀ ਦੁਖੀ ਦਿਸ਼ਾ ਵੇਖ ਕੇ ਪ੍ਰਭੂ ਰਾਮ ਜੀ ਬੜੇ ਵਿਆਕੁਲ ਹੋਏ ।

**ਪ੍ਰਭੁ ਚਿਤ ਦੇਖਿ ਗਗਨ ਭਏ ਬਾਨੀ । ਸ਼ੂਦ੍ਰ ਤਪੈ ਸੁਨੁ ਆਰਗਪਾਨੀ ।**
**ਬਿੰਧਿਆਚਲ ਗਹਿਬਰ ਬਨ ਜਾਹਾ । ਦ੍ਵਜ ਸੁਤ ਮਰਨ ਹੇਤੁ ਨਰ ਨਾਹਾ ।**

ਭਾਵ, ਭਗਵਾਨ ਦੇ ਚਿਤ ਦੀ ਜਾਣ ਕੇ ਆਕਾਸ਼ ਬਾਣੀ ਹੋਈ । ਹੇ ਸਾਰੰਗ ਧਨੁਖਧਾਰੀ ਸ੍ਰੀ ਰਾਮ ਜੀ ! ਇੱਕ ਸ਼ੂਦਰ (ਲੁਕ ਕੇ) ਭਗਤੀ ਕਰ ਰਿਹਾ ਹੈ, ਬਿੰਧਿਆਚਲ ਪਰਬਤ ਵਿਚ ਜਿਥੇ ਬੜਾ ਘਨਾ ਬਨ ਹੈ, ਓਥੇ ਉਸ ਦਾ ਘਰ ਹੈ । ਹੇ ਰਾਜਨ ! ਬ੍ਰਾਹਮਣ ਦੇ ਪੁਤਰ ਦੇ ਮਰਣ ਦਾ ਓਹ ਕਾਰਨ ਹੈ । ( ਕੀਹ, ਪ੍ਰਭੂ- ਰਾਮ ਜੀ ਤੋਂ ਵੱਡੀ ਕੋਈ ਹੋਰ ਸ਼ਕਤੀ ਵੀ ਸੀ ਜਿਹੜੀ ਅਭੁੱਲ ਪਰਮਾਤਮਾਂ ਨੂੰ ਅਕਲਾਂ ਦਿੰਦੀ ਸੀ ? )

**ਛੰਦ**--- **ਇਹ ਭਾਂਤਿ ਦ੍ਵਿਜ ਸੁਤ ਮਿਰਤਕ ਸੁਨਿ, ਰਥ ਸਾਜਿ ਪ੍ਰਭੁ ਆਸ਼ਤੁਰ ਚਲੇ ।**
**ਦੁਇ ਪਰਮ ਸੈਲ ਮਿਲੋਕਿ ਪਾਵਨ, ਮੁਦਿਤ ਚਿਤ ਸਨਮੁਖ ਭਲੇ ।**
**ਪੁਨਿ ਕ੍ਰੋਧ ਸੰਜੁਤ ਬਿਸਿਖ ਛਾਡਯੋ , ਸੂਦ੍ਰ ਕੋ ਸਿਰ ਕਟਿ ਗਿਰਓਿ ।**
**ਕਰਿ ਭਗਤਿ ਪਾਵਨ ਜਾਨਿ ਤਿਹ ਦੈ ਆਪੁ ਤੀਰਥ ਬ੍ਰਤ ਕਰਿਓ ।**

ਭਾਵ, ਇਸ ਤਰ੍ਹਾਂ ਬ੍ਰਾਹਮਣ ਦੇ ਪੁਤ ਦਾ ਮਰਨਾ ਸੁਣ ਕੇ ਸ੍ਰੀ ਰਾਮ ਜੀ ਰਥ ਤਿਆਰ ਕਰਕੇ ਫੌਰਨ ਤੁਰ ਪਏ । ਅਗੇ ਦੋ ਬੜੇ ਪਵਿਤ੍ਰ ਪਰਬਤ ਦੇਖ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ । ਫੇਰ (ਉਥੇ ਬੈਠ ਕੇ ਭਗਤੀ ਕਰਦੇ ਸ਼ੂਦਰ ਨੂੰ ਵੇਖ ਕੇ ਬੜੇ) ਕ੍ਰੋਧ ਵਿਚ ਆ ਕੇ ਤੀਰ ਮਾਰਿਆ ਜਿਸ ਕਰਕੇ ਉਸ ਸੂਦਰ ਦਾ ਸਿਰ ਕੱਟਿਆ ਗਿਆ । ਉਪਰੰਤ ਭਗਵਾਨ ਨੇ ਭਗਤ ਨੂੰ ਭਗਤੀ ਰੁਪੀ ਵਰਦਾਨ ਦਿਤਾ ਅਤੇ ਆਪ ਹੱਤਿਆ ਦੇ ਪ੍ਰਾਸਚਿਤ ਵਾਸਤੇ ਵਰਤ ਅਰ ਤੀਰਥ ਯਾਤਰਾ ਕੀਤੀ ।

**ਦੋਹਿਰਾ -ਦ੍ਵਿਜ ਬਾਲਕ ਮ੍ਰਿਤਕ ਸੋ, ਉਠਿ ਬੈਠਿਓ ਹਰਖਾਯਿ । ਆਏ ਪੁਰਿ ਰਘੁਪਤਿ ਭਗਤ, ਦੁਖਭੰਜਨ ਸੁਖਦਾਯ ॥**

ਭਾਵ, ਬ੍ਰਾਹਮਣ ਦਾ ਮਰਿਆ ਹੋਇਆ ਪੁਤਰ ਓਸੇ ਵੇਲੇ ਉਠ ਬੈਠਾ ਤੇ ਭਗਤਾਂ ਨੂੰ ਸੁਖ ਦੇਣ ਵਾਲੇ ਸ੍ਰੀ ਰਾਮ ਜੀ ਨਗਰ ਵਿਚ ਆ ਗਏ ।

ਤੁਲਸੀ ਦਾਸ ਦੀ ਲਿਖੀ ਇਸ ਗਾਥਾ ਤੋਂ ਜਿਨ੍ਹਾਂ ਨਵੀਆਂ ਗੱਲਾਂ ਦਾ ਗਿਆਨ ਪ੍ਰਾਪਤ ਹੋਇਆ ਹੈ ਉਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ :-

ੳ) ਸ੍ਰੀ ਰਾਮ ਦੇ ਵਡੱਕਿਆਂ, ਰਘੂ, ਦਿਲੀਪ ਅਤੇ ਸਗਰ ਰਾਜਿਆਂ ਦੇ ਸਮੇਂ ਕਿਸੇ ਪਿਤਾ ਦੇ ਜੀਊਂਦਿਆਂ ਉਸ ਦਾ ਪੁੱਤਰ ਨਹੀਂ ਸੀ ਮਰਦਾ ਹੁੰਦਾ ।

ਅ) ਕੋਈ ਸ਼ੂਦਰ ਪ੍ਰਮਾਤਮਾ ਦੀ ਭਗਤੀ ਭਾਵੇਂ ਕਿਤੇ ਲੁਕ ਛੁੱਪ ਕੇ ਵੀ ਕਰੇ ਬ੍ਰਾਹਮਣਾ ਦੇ ਪੁੱਤਮਰਨੇ ਸ਼ੁਰੂ ਹੋ ਜਾਂਦੇ ਸਨ ।

ੲ) **ਬ੍ਰਾਹਮਣ** ਦੇ ਪੁਤ੍ਰ ਦੇ ਮਰਨ ਦਾ ਦੁੱਖ ਰਾਮ ਜੀ ਕੋਲੋਂ ਝੱਲਿਆ ਨਹੀਂ ਗਿਆ ਅਤੇ ਬੜੇ ਚਿੰਤਾਤੁਰ ਹੋ ਗਏ । ਅਰਥਾਤ ਕਿਸੇ ਵੈਸ਼ ਜਾਂ ਸ਼ੂਦਰ ਦੇ ਬੱਚੇ ਮਰ ਜਾਣ ਤਾਂ ਮਰਯਾਦਾ ਪਰਸ਼ੋਤਮ ਰਾਮ ਜੀ ਨੂੰ ਕਿਸੇ ਪ੍ਰਕਾਰ ਦਾ ਕਦੇ ਕੋਈ ਦੁੱਖ ਹਇਆ ਹੁੰਦਾ ਤਾਂ ਗੋਸਵਾਮੀ ਤੁਲਸੀ ਦਾਸ ਜ਼ਰੂਰ ਲਿਖਦੇ । ਇਉਂ ਸਮਝੀਏ ਕਿ ਅਜੇਹੀ ਗੱਲ ਲਿਖਣੀ ਬ੍ਰਾਹਮਣ ਲਿਖਾਰੀ ਨੂੰ ਪਸੰਦ ਨਹੀਂ ਸੀ । ਭਗਵਾਨ ਰਾਮ ਨੂੰ ਪੱਖ-ਪਾਤ ਕਰਨ ਵਾਲਾ ਬੇ-ਅਸੂਲਾ ਅਤੇ ਨਿਰਦਈ ਰਾਜਾ ਸਿੱਧ ਕਰ ਦੇਣ ਵਿਚ ਬ੍ਰਾਹਮਣ ਨੂੰ ਕੋਈ ਖੋਟ ਨਹੀਂ ਸੀ ਦਿਸਦਾ ।

ਸ) ਇਹ ਪਤਾ ਲੱਗ ਜਾਣ ਤੇ ਕਿ ਸ਼ੂਦਰ ਪਹਾੜ ਦੇ ਸੰਞਣੇ ਬਨ ਵਿਚ ਲੁਕ ਕੇ ਰੱਬ ਦਾ ਨਾਮ ਜਪ ਰਿਹਾ ਹੈ, ਪ੍ਰਭੂ-ਰਾਮ ਜੀ **ਕ੍ਰੋਧ** ਦੇ ਵਸ ਹੋ ਜਾਂਦੇ ਹਨ, ਅਤੇ ਨਿਰਦੋਸ਼ ਪ੍ਰਭੂ-ਭਗਤ ਸ਼ੂਦਰ ਨੂੰ ਲੱਭ ਕੇ ਤੀਰ ਮਾਰ ਕੇ ਉਸ ਦਾ ਸਿਰ ਉਤਾਰ ਦਿੰਦੇ ਹਨ । (ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ ਕ੍ਰੋਧ ਵਿਚ ਆਏ ਮਨੁੱਖ ਤੋਂ ਬਚਣਾ ਚਾਹੀਦਾ ਹੈ । ਉਸ ਦੀ ਮੱਤ ਟਿਕਾਣੇ ਤੋਂ ਹਿਲ ਗਈ ਹੁੰਦੀ ਹੈ--**ਓਨਾ ਪਾਸਿ ਦੁਆਸਿ ਨ ਭਿਟੀਐ, ਜਿਨ ਅੰਤਰਿ ਕ੍ਰੋਧ ਚੰਡਾਲੁ ॥ [** ੪੦]
(ਮਰਯਾਦਾ-ਪਰਸ਼ੋਤਮ ਰਾਜੇ ਦੇ ਹੁੰਦਿਆਂ ਕਚਿਹਰੀ ਲਾ ਕੇ ਦੋਹਾਂ ਪਾਸਿਆਂ ਤੋਂ ਦਲੀਲਾਂ ਸੁਣ ਕੇ ਦੋਸ਼ੀ ਨੂੰ ਸਫ਼ਾਈ ਦਾ ਸਮਾ ਦੇਣ ਦੀ ਕੋਈ ਲੋੜ ਨਹੀਂ ਸੀ । ਅਤੇ ਫਿਰ ਕਿਸੇ ਅਪਰਾਧੀ ਨੂੰ ਫਾਂਸੀ ਦੇਣ ਲਈ ਜਲਾਦ ਰੱਖਣ ਦੀ ਵੀ ਜ਼ਰੂਰਤ ਨਹੀਂ ਸੀ । ਮਰਯਦਾ-ਪਰਸ਼ੋਤਮ ਰਾਜੇ ਨਾਲੋਂ ਵੱਡਾ ਅਤੇ ਵਧੀਆ ਜਲਾਦ ਹੋਰ ਕੌਣ ਹੋ ਸਕਦਾ ਹੈ ? ਬ੍ਰਾਹਮਣ ਜੀ ਦੀ ਰਾਮ-ਭਗਤੀ ਤੋਂ ਕੁਰਾਬਨ ਜਾਈਏ !

ਹ) ਕ੍ਰੋਧ ਵੱਸ ਹੋ ਕੇ ਬੇਗੁਨਾਹ ਦਾ ਕਤਲ ਕਰਨ ਵਾਲੇ ਰਾਜੇ ਨੂੰ ਜ਼ਾਲਮ ਕਹਿ ਕੇ ਨਿੰਦਿਆ ਜਾਂਦਾ ਹੈ। ਬ੍ਰਾਹਮਣ ਨੇ ਅਜੇਹਾ ਨੀਚ ਕਰਮ ਆਪਣੇ ਇਸ਼ਟ ਨਾਲ ਮੜ੍ਹਿਆ ਹੈ। ਫਿਰ ਅਭੁੱਲ ਪਰਮਾਤਮਾ ਨੂੰ ਆਪਣੀ ਇਸ ਘਿਣਾਵਣੀ ਭੁੱਲ ਦਾ ਪਛਤਾਵਾ ਕਰਨ ਲਈ **ਵਰਤ ਰਖਦੇ** ਅਤੇ **ਤੀਰਥ ਯਾਤ੍ਰਾ** ਕਰਦੇ ਦਰਸਾ ਕੇ ਚਲਾਕ ਬ੍ਰਾਹਮਣ ਨੇ ਵਰਤਾਂ ਦੇ ਰੱਖਣ ਨਾਲ ਅਤੇ ਤੀਰਥਾਂ ਦੇ ਇਸ਼ਨਾਨ ਨਾਲ ਪਾਪ ਨਾਸ ਹੋ ਸਕਣ ਵਾਲੇ ਭਰਮ ਤੇ ਵੀ **ਰੱਬੀ ਮੋਹਰ ਲੁਆ ਲਈ।**

**ਕਾਮ-ਵਸਣਾ ਗ੍ਰਸੇ** ਕਾਮੀ ਮਨੁੱਖ ਵਾਂਗ ਸ਼ਾਦੀ ਤੋਂ ਪਹਿਲਾਂ ਹੀ ਪੁਸ਼ਪ ਵਾਟਿਕਾ ਵਿਚ ਸੀਤਾ (ਜੋ ਅਜੇ ਪਰਾਈ ਸੀ) ਨੂੰ ਦੇਖ ਕੇ ਨੀਂਦ ਗੁਆ ਬੈਠੇ, ਇਸਤ੍ਰੀ ਅਤੇ ਭਰਾ ਦੇ **ਮੋਹ** ਵਿਚ ਰੋਂਦੇ ਕੁਰਲਾਉਂਦੇ, **ਲੋਭ** ਵੱਸ ਹੋਏ ਸੋਨੇ ਦੇ ਹਰਨ ਮਗਰ ਦੌੜੇ ਫਿਰਦੇ ਆਪਣੀ ਇਸਤ੍ਰੀ ਵੀ ਚੁਕਵਾ ਬੈਠੇ, (**ਘਰ ਕੀ ਜੋਇ ਗਵਾਈ .... [੮੭੪] ਹੰਕਾਰੀ** ਹੋ ਕੇ ਸਮੁੰਦਰ ਨੂੰ ਇੱਕ ਤੀਰ ਮਾਰ ਕੇ ਸੁਕਾ ਦੇਣ ਲਈ ਤਿਆਰ ਹੋ ਗਏ, **ਕ੍ਰੋਧ** ਵੱਸ ਹੋਇਆਂ ਨੇ ਇੱਕ ਪ੍ਰਭੂ ਭਗਤ ਨੂੰ **ਸ਼ੂਦਰ** ਹੋਣ ਦੇ ਗੁਨਾਹ ਕਾਰਨ ਕਿਤਲ ਕਰ ਦੱਤਾ। ਇਸ ਤਰ੍ਹਾਂ **ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਵਰਗੇ ਪੰਜੇ ਐਬ** ਭਗਵਾਨ-ਰਾਮ ਵਿਚ ਦਰਸਾ ਕੇ, ਆਪਣੇ ਵਿਚਲੇ ਇਨ੍ਹਾਂ ਅਵਗੁਣਾਂ ਤੇ **ਰੱਬੀ ਮੋਹਰ ਲੁਆ ਲੈਣ ਵਾਲੀ ਕਰਾਮਾਤੀ ਸਿਆਣਪ** ਕੇਵਲ ਪ੍ਰੋਹਿਤ-ਵਾਦੀ ਚਪਲਤਾ ਦੇ ਹਿੱਸੇ ਦੀ ਹੀ ਗੱਲ ਹੈ।

੧੭- **ਮਨਮੁਖੁ ਅਗਿਆਨੁ ਦੁਰਮਤਿ ਅਹੰਕਾਰੀ ॥ ਅੰਤਰਿ ਕ੍ਰੋਧੁ ਜੂਐ ਮਤਿ ਹਾਰੀ ॥**
**ਕੂੜੁ ਕੁਸਤੁ ਓਹੁ ਪਾਪ ਕਮਾਵੈ ॥ ਕਿਆ ਓਹੁ ਸੁਣੈ ਕਿਆ ਆਖਿ ਸੁਣਾਵੈ ॥**
**ਅੰਨਾ ਬੋਲਾ ਖੁਇ ਉਝੜਿ ਪਾਇ ॥ ਮਨਮੁਖੁ ਅੰਧਾ ਆਵੈ ਜਾਇ ॥**
**ਬਿਨੁ ਸਤਿਗੁਰ ਭੇਟੇ ਥਾਇ ਨ ਪਾਇ ॥ ਨਾਨਕ ਪੂਰਬਿ ਲਿਖਿਆ ਕਮਾਇ ॥ ੨ ॥**
[੩੧੪]

## ੬
# ਸ੍ਰੀ ਰਾਮ ਜੀ ਦੀ ਨਿਆਰੀ ਮਰਯਾਦਾ ਦਾ ਸੰਖੇਪ ਵੇਰਵਾ

ਸ੍ਰੀ ਰਾਮ ਜੀ ਦੀ ਉਹ ਕਿੜਹੀ ਵਿਸ਼ੇਸ਼ ਨਿਆਰੀ ਮਰਯਾਦਾ ਸੀ, ਜਿਸ ਤੋਂ ਉਨ੍ਹਾਂ ਨੂੰ " **ਮਰਯਾਦਾ ਪਰਸ਼ੋਤਮ " ਉਪਾਧੀ ਮਿਲ ?** ਇਸ ਸ਼ੰਕੇ ਬਾਰੇ ਗਹੁ ਨਾਲ ਵਿਚਾਰ ਕਰੀਏ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਰਾਮਾਇਣ ਗਾਥਾ ਦੇ ਕਰਤਾ ਨੇ, ਸ੍ਰੀ ਰਾਮ ਜੀ ਨੂੰ ਸਿਰਫ਼ ਉਸੇ ਮਰਯਾਦਾ ਦੀ ਰਾਖੀ ਕਰਦੇ ਅਤੇ ਬੜੇ ਸਾਊ ਪੁੱਤ੍ਰਾਂ ਵਾਂਗ ਸਿਰਫ਼ ਉਸੇ ਮਰਯਾਦਾ ਦੇ ਧਾਰਨੀ ਹੋਏ ਦਰਸਾਇਆ ਹੈ, ਜਿਹੜੀ ਕਿ:---

(੧) ਬ੍ਰਾਹਮਣ ਨੇ ਆਪਣੀ ਹੀ ਜ਼ਾਤ ਬ੍ਰਾਦਰੀ ਦੀ ਸਰਬ-ਉੱਚਤਾ ਬਣਾਈ ਰੱਖਣ ਵਾਸਤੇ ਪਹਿਲਾਂ ਤੋਂ ਬਣਾਈ ਹੋਈ ਸੀ।
(੨) ਜਿਹੜੀ ਮਰਯਾਦਾ ਬ੍ਰਾਹਮਣ ਦੀ ਆਮਦਨ ਨੂੰ ਦਿਨ ਦੂਣੀ ਅਤੇ ਰਾਤ ਚੌਗਣੀ ਤਰੱਕੀ ਦੇਣ ਵਾਲੀ ਸੀ।
(੩) ਜਿਹੜੀ ਮਰਯਾਦਾ ਬ੍ਰਾਹਮਣ ਨੇ ਮਨੁੱਖਾਂ ਵਿਚ ਫੁੱਟ ਪਾਈ ਰੱਖਣ ਲਈ ਬਣਾਈ ਸੀ।
(੪) ਜਿਸ ਦੁਆਰਾ ਆਪ ਹੀ ਬਣਾਏ ਆਪਣੇ ਨਿਸ਼ਕਾਮ ਟਹਿਲੂਏ ਸ਼ੂਦਰ ਨੂੰ ਬ੍ਰਾਹਮਣ ਨੇ ਪੈਰਾਂ ਹੇਠ ਲਤਾੜੀ ਰੱਖਣਾ ਸੀ।
(੫) ਜਿਸ ਮਰਯਾਦਾ ਦੁਆਰਾ ਇਸਤ੍ਰੀ ਜਾਤੀ ਨੂੰ ਮਰਦ ਦੀ ਹਵਸ ਦਾ ਖਿਡਾਉਣਾ ਅਤੇ ਨਿਸ਼ਕਾਮ ਸੇਵਾਦਾਰ ਅਥਵਾ ਪਤੀ-ਭਗਤਣੀ, ਪੈਰ ਦੀ ਜੁਤੀ ਅਤੇ ਇਕ ਵਸਤੂ ਵਾਂਗ ਜੂਏ ਵਿਚ ਹਾਰੀ ਹਾਣ ਦੀ ਹੇਠੀ ਝੱਲੀ ਰੱਖਣ ਵਾਲੀ ਬਣਾਉਣਾ ਅਰੰਭਿਆ ਹੋਇਆ ਸੀ।
(੬) ਜਿਸ ਮਰਯਾਦਾ ਨਾਲ ਮਨੁੱਖ ਨੂੰ ਪਰਮਾਤਮਾ ਦੀ ਭਗਤੀ ਦੇ ਥਾਂ ਪਰਮਾਤਮਾਂ ਦੀ ਕਿਰਤ ਦੀ ਨਿਸਫਲ ਪੂਜਾ ਕਰਨ ਵਿਚ ਅਥਵਾ ਕਰਮ ਕਾਂਡੀ ਰੋਗ ਵਿਚ ਉਲਝਾਈ ਰੱਖਣਾਂ ਸੀ।
(੭) ਜਿਸ ਮਰਯਾਦਾ ਨੇ ਲੋਕਾਂ ਨੂੰ ਦਾਨ ਦੇ ਵੱਟੇ ਬੇਅੰਤ ਫਲਾਂ ਦੇ ਭਰਮ ਵਿਚ ਫ਼ਸਾ ਕੇ ਦਾਨ-ਲੁਟ ਹੋਰ ਤੋ ਹੋਰ ਵਧਾਉਣੀ ਸੀ।
(੮) ਜਿਸ ਮਰਯਾਦਾ ਨੇ ਲੋਕਾਂ ਦੀਆਂ ਬੇਟੀਆਂ ਪੱਥਰਾਂ ਨਾਲ ਵਿਆਹੁਣ ਨੂੰ ਪੁੰਨ ਕਰਮ ਦੱਸ ਕੇ ਦੇਸ਼ ਦੀ ਹਜ਼ਾਰਾਂ ਤੇ ਲੱਖਾਂ ਬਚੀਆਂ ਮੰਦਰਾਂ ਦੇ ਰਸਤੇ ਮੁਸਲਮਾਨੀ ਦੇਸ਼ਾਂ ਵਿਚ ਪੁਚਾ ਕੇ ਨੀਲਾਮ ਕਰਾਉਣੀਆਂ ਸਨ।
(੯) ਜਿਸ ਮਰਯਾਦਾ ਨੇ ਭਾਰਤੀ ਮਨੁੱਖ ਨੂੰ, ਚੋਰ, ਝੂਠਾ, ਬੇਈਮਾਨ, ਬੇਇਤਬਾਰਾ, ਬਚਨਾਂ ਦਾ ਕੱਚਾ, ਬੁਜ਼ਦਿਲ, ਆਪਣੀ ਪੱਤਨੀ ਦੀ ਅਥਵਾ ਆਣੀ ਧੀ ਭੈਣ ਦੀ ਰਾਖੀ ਨਾ ਕਰ ਸਕਣ ਵਾਲਾ ਬਣਾ ਕੇ ਬਦੇਸ਼ੀ ਕੌਮਾਂ ਦਾ ਗੁਲਾਮ ਬਣਾ ਦੇਣਾ ਸੀ।

ਬ੍ਰਾਹਮਣ ਨੇ ਆਪਣੀ ਬਣਾਈ ਲੁੱਟ ਨੀਤੀ ਵਾਲੀ ਮਰਯਾਦਾ ਅਤੇ ਆਪਣੇ ਵਿਚਲੇ ਅਣਮਨੁੱਖੀ ਆਚਰਨ ਵਾਲੇ ਅਵਗੁਣਾ ਦੀ ਪਰੋੜਤਾ ਕਰਨ ਵਿਚ ਰਾਮ ਜੀ ਨੂੰ ਪੂਰੀ ਆਗਿਆਕਾਰੀ ਕਰਦਾ ਵਖਾ ਕੇ, ਲੋਕਾਂ ਨੂੰ ਉਲੂ ਬਣਾਈ ਰੱਖਣ ਲਈ ਸ੍ਰੀ ਰਾਮ ਚੰਦ੍ਰ ਜੀ ਨੂੰ **ਮਰਯਾਦਾ-ਪਰਸ਼ੋਤਮ ਦੀ ਉਪਾਧੀ ਦੀ ਬਖ਼ਸ਼ਸ਼ ਕੀਤੀ**। ਉਂਜ ਤਾਂ ਲੋਭੀ ਮਨੁੱਖ ਕੋਲੋਂ ਸਭ ਸੱਚ ਹੈ। ਲੋਭੀ ਨੇ ਆਪਣੇ ਇਸ਼ਟ ਨੂੰ ਵੀ ਠਗਿਆ ਹੈ। ਲੋਭੀ ਮਨੁੱਖ ਨੇ ਹੋਰ ਵੀ ਬੜੇ ਨੀਚ ਕਰਮ ਕੀਤੇ ਹੋਣਗੇ ਪਰ ਆਪਣੇ ਇਸ਼ਟ ਦੇ ਨਾਮਣੇ ਨਾਲ ਅਜੇਹੇ ਘਟੀਆ ਕਰਮ ਜੋੜਨ ਕੇ ਉਸ ਦੀ ਦੈਵੀ ਹਸਤੀ ਨੂੰ ਮਖੌਲ ਕਰਨ ਵਾਲਾ ਪਾਪ, ਭਾਰਤੀ ਪ੍ਰੋਹਿਤ ਜੀ ਤੋਂ ਛੁੱਟ, ਸ਼ਾਇਦ ਸਾਰੇ ਸੰਸਾਰ ਵਿਚ ਕਿਸੇ ਹੋਰ ਧਰਮ ਆਗੂ ਨੇ ਨਹੀਂ ਕੀਤਾ **?**

੧੮= **ਹੇ ਲੋਭਾ ਲੰਪਟ ਸੰਗ ਸਿਰਮੋਰਹ, ਅਨਿਕ ਲਹਰੀ ਕਲੋਲਤੇ ॥ ਧਾਵੰਤ ਜੀਆ ਬਹੁ**
**ਪ੍ਰਕਾਰੰ, ਅਨਿਕ ਭਾਂਤਿ ਬਹੁ ਡੋਲਤੇ ॥ ਨ ਚ ਮਿਤ੍ੰ <u>ਨ ਚ ਇਸਟੰ</u> ਨ ਚ ਬਾਧਵ,**
**ਨ ਚ ਮਾਤ ਪਿਤਾ ਤਵ ਲਜਯਾ ॥ ਅਕਰਣੰ ਕਰੋਤਿ ਅਖਾਦ੍ਯਿ ਖਾਦ੍ਯੰ, ਅਸਾਜ੍ਯੰ ਸਾਜਿ**
**ਸਮਜਯਾ ॥ ਤ੍ਰਾਹਿ ਤ੍ਰਾਹਿ ਸਰਣਿ ਸੁਆਮੀ ਬਿਗ੍ਯਾਪਿਤ ਨਾਨਕ ਹਰਿ ਨਰਹਰਹ ॥ ੪੮ ॥**[੧੪੫੮]

**ਅਰਥ:**--ਹੇ ਲੋਭ !ਮੁਖੀ ਬੰਦੇ ਵੀ ਤੇਰੀ ਸੰਗਤ ਵਿਚ (ਰਹਿ ਕੇ ਵਿਕਾਰਾਂ ਵਿਚ) ਡੁੱਬ ਜਾਂਦੇ ਹਨ, ਤੇਰੀਆਂ ਲਹਰਾਂ ਵਿਚ ਫਸ ਕੇ ਅਨੇਕਾਂ ਕਲੋਲ ਕਰਦੇ ਹਨ ।

ਤੇਰੇ ਵੱਸ ਵਿਚ ਆਏ ਜੀਵ ਕਈ ਤਰ੍ਹਾਂ ਭਟਕਦੇ ਫਿਰਦੇ ਹਨ, ਅਨੇਕਾਂ ਤਰੀਕਿਆਂ ਨਾਲ ਡੋਲਦੇ ਹਨ । ਤੇਰੇ ਅਸਰ ਹੇਠ ਰਹਿਣ ਕਰਕੇ ਉਨ੍ਹਾਂ ਨੂੰ ਨਾ ਕਿਸੇ ਮਿਤ੍ਰ ਦੀ ਨਾ ਗੁਰੂਪੀਰ ਦੀ, ਨਾ ਸੰਬੰਧੀਆਂ ਦੀ, ਅਤੇ ਨਾ ਹੀ ਮਾਂ ਪਿਉ ਦੀ ਕੋਈ ਸ਼ਰਮ ਰਹਿੰਦੀ ਹੈ ।

ਤੇਰੇ ਪ੍ਰਭਵਿ ਨਾਲ ਜੀਵ ਖੁਲ੍ਹੇ ਤੌਰ ਤੇ ਸਮਾਜ ਵਿਚ ਉਹ ਕੰਮ ਕਰਦਾ ਹੈ ਜੋ ਨਹੀਂ ਕਰਨੇ ਚਾਹੀਦੇ, ਉਹ ਚੀਜ਼ਾਂ ਖਾਂਦਾ ਹੈ ਜੋ ਨਹੀਂ ਖਾਣੀਆਂ ਚਾਹੀਦੀਆਂ, ਉਹ ਗੱਲਾਂ ਕਰਦਾ ਸ਼ੁਰੂ ਕਰ ਦਿੰਦਾ ਹੈ ਜੋ ਨਹੀਂ ਕਰਨੀਆਂ ਚਾਹੀਦੀਆਂ ।

ਹੇ ਨਾਨਕ ! (ਲੋਭ ਤੋਂ ਬਚਣ ਲਈ) ਇਉਂ ਅਰਦਾਸ ਕਰ--ਹੇ ਪ੍ਰਭੂ ! ਹੇ ਸੁਆਮੀ ! ਮੈਂ ਤੇਰੀ ਸਰਨ ਆਇਆ ਹਾਂ, ਮੈਨੂੰ ਇਸ ਤੋਂ ਬਚਾ ਲੈ, ਬਚਾ ਲੈ । ੪੮ ।

੧੯- **ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆਮੋਹ ਗੁਬਾਰ ॥ ਲੋਭੀ ਅਨ ਕਉ ਸੇਵਦੇ ਸੇਵਦੇ ਪੜਿ ਵੇਦਾ ਕਰਹਿ ਪੁਕਾਰ ॥ ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨ ਪਾਰੁ ॥ ੩ ॥ ਮਾਇਆ ਮੋਹਿ ਵਿਸਾਰਿਆ ਜਗਤ ਪਿਤਾ ਪ੍ਰਤਿਪਾਲਿ ॥ ਬਾਝਹੁ ਗੁਰੂ ਅਚੇਤੁ ਹੈ ਸਭ ਬਧੀ ਜਮ ਕਾਲਿ ॥ ਨਾਨਕ ਗੁਰਮਤਿ ਉਬਰੇ ਸਚਾ ਨਾਮੁ ਸਮਾਲਿ ॥ ੪ ॥**[੩੦]-੧੦-੪੩

੭

## ਪੈਰ ਕੁਹਾੜਾ

ਸਤਿਗੁਰਾਂ ਦਾ ਫ਼ੁਰਮਾਨ ਹੈ ਕਿ ਮਨੁੱਖ ਸੰਗਤ ਦੀ ਰੰਗਤ ਜ਼ਰੂਰ ਫੜਦਾ ਹੈ । ਜਿਸ ਨਾਲ ਦਿਲੀ ਪਿਆਰ ਹੋਵੇ ਉਸ ਦੇ ਗੁਣ ਅਵਗੁਣ ਆਪਣੇ ਵਿਚ ਵੀ ਆ ਵੱਸਦੇ ਹਨ । ਜੇ ਆਪਣੇ ਇਸ਼ਟ ਨਾਲ ਹਿਰਦੇ ਤੋਂ ਸੱਚੇ ਪਿਆਰ ਨਾਲ ਉਸਦਾ ਸਦਾ ਸਿਮਰਣ ਕੀਤਾ ਜਾਵੇ ਤਾਂ ਭਗਤ ਦਾ ਰੂਪ ਅਤੇ ਸੁਭਅ ਵੀ ਉਹੋਂ ਜਿਹਾ ਹੀ ਹੋ ਜਾਂਦਾ ਹੈ । ਇਸ ਸਿਧਾਂਤ ਨੂੰ ਸਮਝਾਉਣ ਵਾਲੇ ਗੁਰਬਾਣੀ ਸ਼ਬਦ ਇੱਕ ਵਾਰੀ ਫਿਰ ਯਾਦ ਕਰੀਏ :-

੨੦- **ਸਤਿਗੁਰੁ ਸੇਵੇ ਸੋ ਜੋਗੀ ਹੋਇ ॥ ਭੈ ਰਚਿ ਰਹੈ ਸੁ ਨਿਰਭਉ ਹੋਇ ॥** [੨੨੩]--੭
**ਜੈਸਾ ਸੇਵੈ ਤੈਸੋ ਹੋਇ ॥ ੪ ॥**

੨੧- **ਸੋ ਜੀਵਤ ਜਿਹ ਜੀਵਤ ਜਪਿਆ ॥ ਪ੍ਰਗਟ ਭਏ ਨਾਨਕ ਨਹ ਛਪਿਆ ॥** {੨੫੪]--੨੧

੨੨- **ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ ॥ ਹਉਮੈ ਮੈਲੁ ਗੁਰ ਸਬਦੇ ਧੋਵੈ ॥...੪॥** {੧੨੧]--੧੯

੨੧= **ਜਿਸੁ ਸਿਉ ਰਾਤਾ ਤੈਸੋ ਹੋਵੈ, ਸਚੇ ਸਚਿ ਸਮਾਇਆ ॥ ੫ ॥** {੬੫]---੧੮

੨੩= **ਜਿਨ ਨਿਰਭਉ ਜਿਨ੍ਹ ਹਰਿ ਨਿਰਭਉ ਧਿਆਇਆ ਜੀਉ ਤਿਨ ਕਾ ਭਉ ਸਭੁ ਗਵਾਸੀ ॥**
**ਜਿਨ ਸੇਵਿਆ ਜਿਨ੍ਹ ਸੇਵਿਆ ਮੇਰਾ ਹਰਿ ਜੀਉ, ਤੇ ਹਰਿ ਹਰਿ ਰੂਪਿ ਸਮਾਸੀ ॥..੩ ॥** {੩੪੮]-੨

ਗੁਰਦੇਵ ਜੀ ਦੇ ਇਸ ਵਡ-ਮੁੱਲੇ ਸਿਧਾਂਤ ਦਾ ਜੇ ਸਾਰੇ ਸਿੱਖਾਂ ਨੂੰ ਪਤਾ ਨਹੀਂ ਹੋ ਸਕਦਾ ਸੀ ਤਾਂ ਜਿਨ੍ਹਾਂ ਜਥੇਦਾਰਾਂ ਦੀ ਸੌਂਪਣੀ ਵਿਚ ਸਿੱਖ ਪੰਥ ਦਾ ਸਿਆਸੀ (ਧਾਰਮਿਕ ਅਤੇ ਸਮਾਜੀ) ਭਵਿਖ ਹੋਣਾ ਹੋਵੇ, ਉਨ੍ਹਾਂ ਨੂੰ ਵੀ ਗੁਰਮਤ ਸਿਧਾਂਤ ਦੀ ਪੂਰੀ ਜਾਣਕਾਰੀ ਨਾ ਹੋਣੀ ਵੱਡੀ ਬਦਕਿਸਮਤੀ ਵਾਲੀ ਗੱਲ ਹੁੰਦੀ ਹੈ । ਪੰਥ ਦੇ ਜਥੇਦਾਰਾਂ ਨੂੰ ਪਤਾ ਹੋਣਾ ਚਾਹੀਦਾ ਸੀ ਕਿ ਮਨੁੱਖ ਦੀਆਂ ਜਿਨ੍ਹਾਂ ਖੁਨਾਮੀਆਂ ਅਥਵਾ ਕਮਜ਼ੋਰੀਆਂ ਨੂੰ ਮਨੁੱਖਤਾ ਲਈ ਹਾਨੀਕਾਰਕ--ਅਵਗੁਣ ਸਮਝ ਕੇ, ਗੁਰਦੇਵ ਜੀ ਅਣਗਿਣਤ ਗੁਰਬਾਣੀ ਸ਼ਬਦਾਂ ਦੁਆਰਾ ਖੰਡਣ ਕੀਤਾ ਹੋਇਆ ਹੈ ਉਨ੍ਹਾਂ ਸਾਰੇ ਉਗ--੍ਰ ਪਾਪਾਂ ਨੂੰ ਗੁਣ ਸਮਝ ਕੇ, ਬ੍ਰਾਹਮਣ ਨੇ ਆਪਣੇ ਦੇਵੀ ਦੇਵਤਿਆਂ ਅਤੇ ਅਵਤਾਰਾਂ ਵਿਚ ਦਰਸਾ ਕੇ ਹਜ਼ਾਰਾਂ ਸਾਲਾਂ ਤੋਂ ਉਨ੍ਹਾਂ ਦਾ ਸਿਮਰਣ ਬੜੀ ਸ਼ਰਧਾ ਨਾਲ ਕਰਨਾ ਅਰੰਭਿਆ ਹੋਇਆ ਹੈ । ਇਸ ਕਾਰਨ ਉਹ ਸਾਰਾ ਕੁੜ ਕੌਮੀ ਤੌਰ ਤੇ (**ਨਿੱਜੀ ਰੂਪ ਦੀ ਗੱਲ ਨਹੀਂ**) ਬ੍ਰਾਹਮਣ ਅਥਵਾ ਹਿੰਦੂ ਦੇ ਆਚਰਨ ਵਿੱਚ ਸਮਾ ਚੁੱਕਾ ਹੈ । **ਅਤੇ ਕਲਗ਼ੀਧਰ ਜੀ ਦੀ ਕਰੜੀ ਤਾੜਨਾ ਦਾ ਸਪੱਸ਼ਟ ਅਰਥ ਇਹ ਵੀ ਸੀ ਕਿ ਕਿਸੇ ਵੀ ਅਜੇਹੇ ਮਨੁੱਖ ਦਾ ਇਤਬਾਰ ਨਾ ਕੀਤਾ ਜਾਵੇ ਜਿਹੜਾ ਬਿੱਪ੍ਰਨ ਕੀ ਰੀਤ ਦਾ ਧਾਰਨੀ ਹੋਵੇ ।**

ਸਰਬ ਸ੍ਰੇਸ਼ਟ ਮਹੱਤਤਾ ਵਾਲੀ ਗੱਲ ਇਹ ਹੈ ਕਿ ੧੯੪੭ ਦੀ ਦੇਸ਼ ਦੀ ਵੰਡ ਸਮੇਂ ਦੀ ਸੰਧੀ, ਕਿਸੇ ਬ੍ਰਾਹਮਣ ਜਾਂ ਹਿੰਦੂ ਨਾਲ ਨਿਜੀ ਰੂਪ ਵਿਚ ਨਹੀਂ, ਸਗੋਂ ਕੌਮੀ ਤੌਰ ਤੇ ਕੀਤੀ ਜਾਣੀ ਸੀ । ਭਾਈ ਮਰਦਾਨੇ ਦੀ ਬਰਾਦਰੀ, ਮੁਸਲਮਾਨਾਂ ਨੇ ਹਿੰਦੂ ਦੀ ਕਿਸੇ ਗੱਲ ਦਾ ਇਤਬਾਰ ਕਰ ਲੈਣਾ ਆਤਮ ਹਤਿਆ ਕਰ ਲੈਣ ਤੁੱਲ ਸਮਝਿਆ ਅਤੇ ਅਡੱਰਾ ਸੁਤੰਤ੍ਰ ਦੇਸ਼ ਬਣਾ ਕੇ ਬੈਠ ਗਏ । ਏਧਰ ਸਿੱਖ ਲੀਡਰ ਨੇ ਹਾਜ਼ਰਾ ਹਜ਼ੂਰ ਗੁਰੂ ਗ੍ਰੰਥ ਸਾਹਿਬ ਜੀ ਦੀ ਵੀ ਇੱਕ ਗੱਲ ਨਾ ਸੁਣੀ ਅਤੇ ਕਲਗ਼ੀਧਰ ਜੀ ਦੀ ਤੜਨਾਂ ਨੂੰ ਵੀ ਕਿਸੇ ਐਰੇ ਗੈਰੇ ਦਾ ਫ਼ੁਰਮਾਨ ਸਮਝ ਕੇ **ਸਿੱਧੀ ਬਿੱਪ੍ਰ ਭਾਵ, ਬ੍ਰਾਹਮਣ ਨਾਲ ਹੀ ਕੌਮੀ ਸੰਧੀ ਕਰ ਕੇ ਆਪਣੇ ਪੈਰ ਤੇ ਆਪ ਹੀ ਕੁਹਾੜਾ ਮਾਰ ਲਿਆ** ।

ਜਦ ਰਾਜ ਸੱਤਾ ਮਿਲਦਿਆਂ ਸਾਰ, ਸਿੰਘਾਂ ਨਾਲ ਕੀਤੇ **ਬਚਨਾਂ ਤੋਂ ਮੱਕਰ** ਕੇ ਬ੍ਰਾਹਮਣੀ ਸਰਕਾਰ ਨੇ ਆਪਣੇ ਬ੍ਰਾਹਮਣੀ-ਧਰਮ ਦੀ ਪਾਲਣਾ ਕਰਨ ਦਾ ਪੁੰਨ ਖੱਟ ਕੇ ਪਿਛਲੇ ਪਾਪਾਂ ਦਾ ਨਾਸ ਕਰ ਲਿਆ, ਤਾਂ ਗੁਰੂ ਦੇ ਸਿੱਖ ਨੇ ਗੁਰੂ ਦੇ ਬਚਨਾਂ ਅਨੁਸਾਰ ਚਲਣ ਵਾਲੀ ਸੁਰਤ ਫੇਰ ਵੀ ਨਾ ਫੜੀ । ਸਰਕਾਰ ਨੂੰ ਦੁਸ਼ਮਣ ਘੋਸ਼ਤ ਕਰਕੇ ਉਸ ਨਾਲੋਂ (ਕੌਮੀ ਪੱਧਰ ਤੇ) ਸਮਾਜਕ ਸੰਬਧ ਤੋੜਦਿਆਂ ਹਰ ਕਿਸਮ ਦਾ ਲੈਣ-ਦੇਣ ਅਤੇ ਵਣਜ-ਵਪਾਰ ਬੰਦ ਕਰ ਲੈਣਾ ਸੀ । ਰਾਜਨੀਤਕ ਸੰਬੰਧ ਤੋੜਦਿਆਂ ਫੌਜੀ ਨੌਕਰੀ ਸਮੇਤ ਸਾਰੀਆਂ ਨੌਕਰੀਆਂ ਦਾ ਤਿਆਗ ਕਰ ਦੇਣਾ ਚਾਹੀਦਾ ਸੀ । ਵਕੀਲਾਂ ਤੱਕ ਅਦਾਲਤੀ ਕੰਮਾ ਨੂੰ ਤਿਆਗ ਦਿੰਦੇ । ਜ਼ਿਮੀਂਦਾਰ ਸਿਰਫ ਉਨਾ ਹੀ ਅਨਾਜ ਪੈਦਾ ਕਰਦਾ ਜਿਨੇ ਨਾਲ ਕੌਮ ਦੇ ਹਰ ਵਿਹਲੇ ਹੋ ਚੁੱਕੇ ਗੁਰ ਸਿੱਖ ਦਾ ਢਿਡ ਭਰ ਸਕਦਾ । ਨਿੱਜੀ ਤੌਰ ਤੇ ਹਰ ਹਿੰਦੂ ਨੂੰ ਆਪਣਾ ਭਰਾ ਅਤੇ ਸੱਜਣ ਕਹਿੰਦੇ । ਮੰਦਾ ਸ਼ਬਦ ਮੂੰਹੋਂ ਨਾ ਬੋਲਦੇ । **ਮੰਗ ਕੇਵਲ ਅਤੇ ਕੇਵਲ ਇਕੋ ਹੁੰਦੀ ਕਿ, ਹਿੰਦ ਸਰਕਾਰ ਸਾਡੀ ਦੁਸ਼ਮਣ ਹੈ ਅਸਾਂ ਇਸ ਦੇ ਅਧੀਨ ਨਹੀਂ ਰਹਿਣਾ । ਜਾਂ ਸਾਨੂੰ ਸਰਿਆਂ ਨੂੰ**

**ਮਾਰ ਦਿਓ ਜਾਂ ਸਾਡੇ ਹੱਕ ਦਾ ਸੁਤੰਤ੍ਰ ਥਾਂ ਸਾਨੂੰ ਦੇ ਦਿਉ ।** ਸ਼ਹੀਦੀਆਂ ਦੀ ਘੜੀ ਆ ਬਣਦੀ ਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਸ਼ਹੀਦੀਆਂ ਦੀ ਅਜੇਹੀ ਝੜੀ ਲਾ ਦਿੰਦੇ ਕਿ ਦੁਨੀਆਂ ਦੇ ਸਾਰੇ ਰਾਜ ਵਾਹ ਵਾ ਪੁਕਾਰ ਉਠਦੇ । ਕਿਉਂਕਿ ਮਰਨਾ ਹੀ ਸੂਰਮਤਾਈ ਹੈ, ਕਿਸੇ ਨੂੰ ਮਾਰ ਦੇਣਾ ਘਟੀਆ ਕਿਸਮ ਦੀ ਬੁਜ਼ਦਿਲੀ ਹੈ । ਅਜੇਹੇ ਸਿਦਕ ਦੇ ਕਾਰਨ ਹੀ ਤੇਜ ਪਰਤਾਪ ਨੇ ਖ਼ਾਲਸੇ ਦੇ ਪੈਰ ਚੁੰਮੇ ਸਨ । ਅੱਜ ਵੀ ਤੇਜ ਪਰਤਾਪ ਥਾਲੀ ਵਿਚ ਟਿਕਿਆ ਹਾਜ਼ਰ ਹੋ ਸਕਦਾ ਸੀ । ਪਰ ਅਜੇਹੀ ਵਿਚਾਰ ਨਾਲ ਜੁੜੇ ਰਹਿਣ ਵਾਲਾ ਅਟੱਲ ਸਿਦਕ ਅਤੇ ਸੰਤੋਖ ਤੱਦ ਹੀ ਆ ਸਕਦਾ ਸੀ ਜੇ ਗੁਰੂ ਨੂੰ ਪਿਠ ਦੇ ਬਿੱਪ੍ਰਨ ਕੀ ਰੀਤ ਦੇ ਧਾਰਨੀ ਨਾਂ ਬਣ ਚੁੱਕੇ ਹੁੰਦੇ ।

ਸਟੇਜਾਂ ਤੋਂ ਕੀਤੇ ਪਰਚਾਰ ਰਾਹੀਂ, ਅਖਬਾਰਾਂ ਵਿਚ ਛਪਵਾਏ ਬਿਆਨਾਂ ਰਾਹੀਂ, ਅਤੇ ਕਿਤਾਬਾਂ ਵਿਚ ਲਿਖੇ ਬੜੇ ਪ੍ਰਭਾਵ-ਸ਼ਾਲੀ ਲੇਖਾਂ ਰਹੀਂ, ਸਰਕਾਰ ਦੇ ਧਕਿਆਂ ਅਤੇ ਵਧੀਕੀਆਂ ਦੇ ਰੋਣੇ ਬੇਅੰਤ ਵਾਰ ਰੋਏ ਅਤੇ ਹਿੰਦੂ ਸਰਕਾਰ ਨੂੰ ਹਰ ਥਾਂ ਵੱਡੀ ਦੁਸ਼ਮਣ ਵੀ ਕਿਹਾ ਅਥਵਾ ਲਿਖਿਆ । ਪਰ ਦਿਲੋਂ ਉਸ ਨੂੰ ਰੁੱਸੀ ਹੋਈ (ਗਊ) ਮਾਂ ਹੀ ਸਮਝ ਕੇ ਡੈਪੂਟੇਸ਼ਨਾਂ ਰਾਹੀ, ਮੁੱਢਲੇ ਸਿੰਘਾਂ ਦੇ ਕਾਰਨਾਮਿਆਂ ਦੇ ਡਰਾਵੇ ਅਥਵਾ ਧਮਕੀਆਂ ਦੇ ਦੇ ਕੇ, ਮੋਰਚੇ ਲਾ ਕੇ, ਅਤੇ ਅੰਦਰ ਖਾਤੇ ਵਾਲੇ ਕਈ ਢੰਗਾਂ ਨਾਲ **ਸਰਕਾਰ ਮਾਂ ਨੂੰ " ਪਸਮਾ " ਕੇ ਡੋਕੇ ਚੁੰਘ ਸਕਣ ਦੇ ਹੀ ਜਤਨ ਹੁੰਦੇ ਰਹੇ ।** ਸਰਕਾਰ ਹਰ ਵਾਰ ਬਚਨ ਕਰਕੇ ਮੁੱਕਰਨ ਦਾ ਪੁੰਨ ਖੱਟਦੀ ਰਹੀ ਅਤੇ ਕਲਗੀਧਰ ਦਾ ਸਿੱਖ ਹਰ ਵਾਰ ਉਸ ਤੇ ਇਤਬਾਰ ਕਰਕੇ ਆਪਣੇ ਗੁਰੂ ਕੋਲੋਂ ਹੋਰ ਤੋਂ ਹੋਰ ਬੇਮੁੱਖ ਹੋ ਕੇ ਦੂਰ ਤੋਂ ਦੂਰ ਹੁੰਦਾ ਗਿਆ । ਅੱਜ ਤਾਂਈ ਹਰ ਇੱਕ ਮੋਰਚੇ ਦਾ ਅੰਤ--ਸਰਕਾਰ ਗਊ ਪਸਮ ਪਈ---ਸਰਕਾਰ ਗਊ ਫਿਰ ਡੋਕੇ ਚੜ੍ਹਾ ਗਈ---ਅਥਵਾ ਮਸਾਂ ਡੋਕੇ ਹੀ ਚੁੰਘ ਸਕੇ-- ਵਾਲੇ ਡਰਾਮੇ ਤੇ ਹੀ ਹੋਈ ਜਾ ਰਿਹਾ ਹੈ । ਸਿੱਖ ਦਾ ਜਥੇਦਾਰ ਤ੍ਰਿਸ਼ਨਾਲੂ ਅਤੇ ਸੁਆਰਥੀ ਸਿਆਸਤਦਾਨ ਬਣ ਚੁੱਕਾ ਹੈ । ਅੱਜ ਵੀ ਸ਼ਾਹ ਮੁਹੰਮਦ ਦੀ ਉਹੀ ਆਵਾਜ਼ ਕੂਕ ਰਹੀ ਹੈ :-

ਸ਼ਾਹ ਮਹੁੰਮਦਾ ਪੁੱਛਦੇ ਲੋਕ ਸਿੰਘ ਜੀ ਤੁਸੀਂ ਚੰਗੀਆਂ ਪੂਰੀਆਂ ਪਾ ਆਏ ।
ਘਰੋਂ ਗਏ ਫ਼ਰੰਗੀ ਦੇ ਮਾਰਨੇ ਨੂੰ ਸਗੋਂ ਚਾਬੀਆਂ ਹਥ ਫੜਾ ਆਏ ।

ਪੰਥ ਦਾ ਲੀਡਰ ਅੱਜ ਤਾਈਂ ਹਿੰਦੂ ਨਾਲ ਸੰਧੀ ਕਰ ਕੇ ਉਸ ਤੇ ਇਤਬਾਰ ਕਰਨ ਦੀ ੧੯੪੭ ਵਾਲੀ ਭੁੱਲ ਨੂੰ ਦੁਹਰਾਈ ਜਾਣ ਤੇ ਅੜਿਆ ਹੋਇਆ ਹੈ । ਪਰ ਹਰ ਵਾਰੀ ਆਖਣਾ ਏਹੀ ਪਏਗਾ ਕਿ ----

**<u>ਦਿੱਲੀ ਗਏ ਸੁਆਰਨ ਸੀ ਕਾਰਜਾ ਨੂੰ ਪੈਰੀਂ ਫ਼ੇਰ ਕੁਹਾੜਾ ਹੀ ਮਾਰ ਆਏ ।</u>**

੮

# ਸ੍ਰੀ ਅਕਾਲ ਤਖ਼ਤ ਸਾਹਿਬ ਵਲ ਲਿਖੀ **ਚਿੱਠੀ**

ਮਿਤੀ ੩੦ ਨਵੰਬਰ ੧੯੮੮ ਨੂੰ ਡਬਲ ਰਜਿਸਟਰੀ ਰਾਹੀਂ, ਚਿੱਠੀ ਦੇ ਰੂਪ ਵਿਚ ਇੱਕ ਬੇਨਤੀ ਪੱਤ੍ਰ ਪ੍ਰੋਫ਼ੈਸਰ ਦਰਸ਼ਨ ਸਿੰਘ ਜੀ ਉਸ ਸਮੇਂ ਦੇ ਜਥੇਦਾਰ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਵਿਚ ਭੇਜਿਆ ਸੀ । ਉਸ ਚਿੱਠੀ ਵਿਚ ਕੁਝ ਗੁਰਬਾਣੀ ਸ਼ਬਦਾਂ ਦੀ ਅਯੋਗ ਵਰਤੋਂ ਬਾਰੇ ਰੋਸ ਮਾਤ੍ਰ ਕੀਤਾ ਗਿਆ ਸੀ ਅਤੇ ਕੁਝ ਸਿਆਸੀ ਵਿਚਾਰਾਂ ਕੀਤੀਆਂ ਸਨ ਅਤੇ (ਆਪਣੀ ਤੁੱਛ ਬੁਧੀ ਅਨੁਸਾਰ) ਕੁਝ ਸੁਝਾ ਵੀ ਲਿਖੇ ਸਨ । ਜਥੇਦਾਰ ਸਾਹਿਬ ਜੀ ਵਲੋਂ ਉੱਤਰ ਨਾ ਆਉਣ ਤੇ ਉਸ ਚਿਠੀ ਦਾ ਉਤਾਰਾ ਅਖਬਾਰਾਂ ਨੂੰ ਭੇਜ ਦਿੱਤਾ ਗਿਆ ਸੀ । ਹਫ਼ਤਾ ਵਾਰ ਅਖ਼ਬਾਰ--**ਚੜ੍ਹਦੀ ਕਲਾ**--ਜੋ ਵੈਨਕੂਵਰ (ਕੈਨੇਡਾ) ਤੋਂ ਨਿਕਲਦਾ ਹੈ ਦੇ ਅਪ੍ਰੈਲ ੧੯੮੯ ਅੰਕਾ ਵਿਚ ਛਪਿਆ ਸੀ, ਜੋ (ਲਗ-ਪਗ) ਇਉਂ ਹੈ:--

**੧ ਓ ਸਤਿਗੁਰ ਪ੍ਰਸਾਦਿ** ੧੨੭੦ ਟੋਪੈਜ਼ ਵਿਕਟੋਰੀ ਮਿਤੀ ਨਵੰਬਰ ੩੦, ੧੯੮੮ .

ਸਤਿਕਾਰਯੋਗ, ਸਿੰਘ ਸਾਹਿਬ ਪ੍ਰੋ: ਦਰਸ਼ਨ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤ ਸਰ ।

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹ ॥

ਨਿਮਰਤਾ ਸਹਿਤ ਬੇਣਤੀ ਹੈ ਕਿ, ਗੁਰਬਾਣੀ ਦੀਆਂ ਵਿਆਖਿਆ ਸਹਿਤ ਰਸ ਭਿੰਨੇ ਕੀਰਤਨ ਦੀਆਂ ਟੇਪਾਂ ਸੁਣ ਸੁਣ ਕੇ, ਬਿਨਾ ਦਰਸ਼ਨ ਕੀਤਿਆਂ ਆਪ ਜੀ ਪ੍ਰਤੀ ਅਥਾਹ ਸ਼ਰਧਾ ਬਣਾ ਲੈਣਾ ਵਾਲਾ ਦਾਸ ਗੁਰਸਿੱਖੀ ਵਿਦਿਆਲੇ ਵਿਚ ਦਾਖ਼ਲ ਹੋਇਆ ਨਿਮਾਣਾ ਜਿਹਾ ਵਦਿਆਰਥੀ ਹੋਣ ਦੇ ਨਾਤੇ ਗੁਰਮਤਿ ਸੰਬਧੀ ਜਾਣਕਾਰੀ ਵਧਾਉਣ ਦੀ ਲਾਲਸਾ ਰੱਖਦਾ ਹੈ । ਗੁਰਮਤਿ ਸੰਬੰਧੀ ਜਾਣਕਾਰੀ ਵਧਾਉਣ ਦੀ ਭੁੱਖ ਕਾਰਨ ਅਤੇ ਕੁਝ ਸ਼ੰਕਿਆਂ ਦੀ ਨਿਵਿਰਤੀ ਲਈ ਇਹ ਪੱਤਰ, ਆਪ ਜੀ ਦੀ ਸੇਵਾ ਵਿਚ ਲਿਖਣ ਦੀ ਗੁਸਤਾਖ਼ੀ ਕਰ ਰਿਹਾ ਹਾਂ । ਅਜੇਹੀ ਦਲੇਰੀ ਉਸ ਸਾਖੀ ਤੋਂ ਉਤਪਨ ਹੋਈ ਹੈ ਜਿਹੜੀ ਕਲਗੀਧਰ ਜੀ ਨੇ ਦਾਦੂ ਜੀ ਦੀ ਕਬਰ ਵਲ ਤੀਰ ਝੁਕਾਉਣ ਨਾਲ ਸੰਬਧਤ ਹੈ । ਨਹੀਂ ਤਾਂ ਜਿਸ ਪਦਵੀ ਤੇ ਆਪ ਜੀ ਬ੍ਰਾਜਮਾਨ ਹੋ, ਕਿਸੇ ਪ੍ਰਕਾਰ ਦਾ ਕਿੰਤੂ ਹੋਣਾ, ਕੌਮੀ-ਬਦਕਿਸਮਤੀ ਹੈ । ਸ਼ੰਕੇ ਨਿਰੋਲ ਗੁਰਬਾਣੀ ਪ੍ਰਤੀ ਸ਼ਰਧਾ, ਅਥਵਾ ਪੰਥਕ ਹਿਤਾਂ ਵਾਸਤੇ ਉਠਦੀਆਂ ਪੀੜਾਂ-ਭਰਪੂਰ ਭਾਵਨਾਵਾਂ ਕਾਰਨ ਉਤਪਨ ਨਾ ਹੋਏ ਹੁੰਦੇ, ਤਾਂ ਇਹ ਚਿੱਠੀ ਭੇਜ ਕੇ ਆਪ ਜੀ ਦਾ ਕੀਮਤੀ ਸਮਾਂ ਖ਼ਰਚ ਨਾ ਕਰਾਉਂਦਾ । ਸ਼ੰਕਿਆਂ ਦਾ ਵੇਰਵਾ ਇਸ ਪ੍ਰਕਾਰ ਹੈ:---

**੧=** ਸ੍ਰੀ ਆਸਾ ਜੀ ਦੀ ਵਾਰ ਦੀਆਂ ਵਿਆਖਿਆ ਸਹਿਤ ਟੇਪਾਂ ਸਿੱਖ ਸ਼ਰਧਾਲੂ ਨੂੰ ਆਪ ਜੀ ਦੀ ਵਡਮੁੱਲੀ ਦੇਣ ਹੈ । ਗੁਰਬਾਣੀ ਦੀ ਜਾਣਕਾਰੀ ਰਖਣ ਦੀ ਸਿੱਕ ਵਾਲਾ ਸਿਖ-ਜਗਤ ਆਪ ਜੀ ਦਾ ਦਿਲੋਂ ਰਿਣੀ ਹੈ । ਪੰਦ੍ਰਵੀਂ ਪਉੜੀ ਨਾਲ ਸੰਬੰਧਤ ਸਲੋਕ ਦੀ ਤੁਕ--**ਲੈ ਭਾੜ ਕਰੈ ਵਿਆਹੁ**--ਦੀ ਵਿਆਖਿਆ ਕਰਦਿਆਂ, ਸਰੋਤੇ ਦੇ ਮਨ ਤੇ ਆਪਣੀ ਮਰਜ਼ੀ ਦਾ ਪਰਭਾਵ ਪਾਉਣ ਲਈ ਤੁਸਾਂ--**ਆਸਾ ਮਹਲਾ ੩ । ਪੱਟੀ ਲਿਖੀ**--ਬਾਣੀ ਵਿਚੋਂ ਇਹ ਤੁਕ ਵੀ ਗਾਇਨ ਕੀਤੀ ਹੈ--" **ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ** "... ਤੇ ਵਿਆਖਿਆ ਵਿਚ ਇਹ ਫ਼ੁਰਮਾਨ ਕੀਤਾ ਹੈ--ਕਿਸੇ ਗ੍ਰੰਥੀ ਜਾਂ ਰਾਗੀ ਨੂੰ ਧੀ ਦੇ ਵਿਆਹੁ ਸਮੇ ਕੋਈ ਭਾੜਾ ਅਥਵਾ ਕਰਾਇਆ ਆਦਿ ਮੰਗ ਕੇ ਕੁਝ ਨਹੀਂ ਲੈਣਾ ਚਾਹੀਦਾ, ਪਰ ਜੇ ਕੁਝ ਦਾਨ ਵਾਂਗ ਸ਼ਰਧਾ ਜਾਂ ਆਪਣੀ ਮਰਜ਼ੀ ਨਾਲ ਦਿੱਤਾ ਜਾਵੇ ਤਾਂ ਉਹ ਲੈ ਲੈਣਾ ਠੀਕ ਹੈ । ਇਹ ਸੁਣ ਕੇ ਬੇਚੈਨੀ ਪੈਦਾ ਹੋਣ ਦਾ ਕਾਰਨ ਇਹ ਹੈ ਕਿ ਤੀਸਰੇ ਗੁਰੂ ਨਾਨਕ ਦੇਵ ਜੀ ਦੇ ਜਿਸ ਸਲੋਕ ਵਿਚੋਂ ਤੁਸਾਂ ਤੁਕ ਵਰਤੀ ਸੀ ਉਸ ਵਿਚ **ਦਾਨ** ਲੈਣ ਦੀ ਵੀ ਬੜੀ ਸਖ਼ਤੀ ਨਾਲ ਮਨਾਹੀ ਕੀਤੀ

ਹੋਈ ਹੈ। **ਸੋ ਪਹਿਲਾਂ ਸ਼ੰਕਾ ਇਹ ਹੈ ਕਿ ਪਾਵਨ ਸਲੋਕ ਦੇ ਉਸ ਹਿੱਸੇ ਦਾ ਗਾਇਨ ਨਾ ਕਰਨ ਦਾ ਅਤੇ ਭੁਲੇਖਾ ਪਾਊ ਅਰਥ ਕਰਨ ਦਾ ਕੀ ਕਾਰਨ ਸੀ ?**

ਭਾਵੇ ਤੁਸੀਂ ਚੰਗੀ ਤਰ੍ਹਾਂ ਜਾਣਦੇ ਅਤੇ ਸਮਝਦੇ ਹੀ ਹੋਵੋਗੇ ਫਿਰ ਵੀ ਯਾਦ ਤਾਜ਼ਾ ਕਰਾਉਣ ਲਈ ਪੂਰਾ ਸਲੋਕ ਲਿਖ ਰਿਹਾ ਹਾਂ, ਜੋ ਇਸ ਪ੍ਰਕਾਰ ਹੈ:---

੨੫- **ਸਸੈ ਸੰਜਮੁ ਗਇਓ ਮੂੜੇ, ਏਕੁ ਦਾਨੁ ਤੁਧੁ ਕੁਥਾਇ ਲਇਆ ॥**
**ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ, ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ ॥ ੬ ॥** [੪੩੫]

ਪੁਤ੍ਰੀ ਦੇ ਵਿਆਹ ਤੇ ਦਾਨ ਦੇ ਬਹਾਨੇ ਵੀ ਕੋਈ ਧਨ ਲੈਣ ਨੂੰ ਗੁਰਦੇਵ ਜੀ ਨੇ ਕਿਡੇ ਕਰੜੇ ਸ਼ਬਦਾਂ ਵਿਚ ਰੋਕਿਆ ਹੈ। ਗੁਰਬਾਣੀ ਵਿਚਾਰ ਤੋਂ ਸਪੱਸ਼ਟ ਹੋ ਰਿਹਾ ਹੈ ਕਿ ਪਹਿਲੇ ਸਰੂਪ ਸਮੇਂ ਗੁਰੂ ਨਾਨਕ ਦੇਵ ਜੀ ਨੇ ਭਾੜੇ ਦੀ ਉਸ ਰਸਮ ਨੂੰ ਨਿੰਦਿਆ ਸੀ ਜਿਹੜੀ ਹਜ਼ਾਰਾਂ ਸਾਲਾਂ ਤੋਂ ਬ੍ਰਾਹਮਣ ਬੇ ਚਾਲੂ ਕੀਤੀ ਹੋਈ ਸੀ। ਪਰ ਜਦ ਧਰਮ ਦੇ ਲਾਲਚੀ ਅਤੇ ਚਲਾਕ ਠੇਕੇਦਾਰਾਂ ਨੇ ਦਾਨ ਦਾ ਭੁਲੇਖਾ ਪਾ ਕੇ ਧੀਆਂ ਵਾਲਿਆਂ ਨੂੰ ਲੁਟਣਾ ਅਰੰਭ ਕਰ ਦਿੱਤਾ ਤਾਂ, ਉਸ ਸਮੇਂ ਦੇ ਸਮਾਜ ਵਲੋਂ ਲਿਤਾੜੀ ਹੋਈ ਨਿਮਾਣੀ ਇਸਤ੍ਰੀ ਜਾਤੀ ਨਾਲ ਅਥਾਹ ਹਮਦਰਦੀ ਰੱਖਣ ਵਾਲੇ ਗੁਰੂ ਨਾਨਕ ਜੀ ਨੇ ਆਪਣੇ ਤੀਸਰੇ ਸਰੂਪ ਵਿਚ ਦਾਨ ਦੇ ਬਹਾਨੇ ਮਚਾਈ ਲੁੱਟ ਨੂੰ ਵੀ ਬੜੇ ਕਰੜੇ ਸ਼ਬਦਾਂ ਵਿਚ ਖੰਡਨ ਕੀਤਾ। ਦਾਜ ਦੇ ਰੂਪ ਵਿਚਲੇ ਦਾਨ ਨੂੰ ਵੀ ਭਾਂਵੇਂ ਨਾਲ ਹੀ ਰੋਕਿਆ ਗਿਆ ਸੀ ਪਰ ਆਪਣੇ ਚੌਥੇ ਸਰੂਪ ਸਮੇ **ਦਾਜ** ਦੀ ਵਿਰੋਧਤਾ ਵਿਚ ਇਉਂ ਫ਼ੁਰਮਾਨ ਕੀਤਾ:--**ਹੋਰੁ ਮਨਮੁਖਿ ਦਾਜ ਜਿ ਰਖਿ ਦਿਖਾਲਨਿ ਸੋ ਕੂੜ ਅਹੰਕਾਰ ਕਚੁ ਪਾਜੋ** --। ਆਪ ਜੀ ਨੇ ਜਿਵੇਂ ਸਲੋਕ ਦੀ ਤੁਕ ਲੈ ਕੇ ਆਪਣੇ ਨਿੱਜੀ ਆਸ਼ੇ ਦੀ ਪ੍ਰੋੜਤਾ ਲਈ ਵਰਤੀ ਹੈ ਇਸ ਤੋਂ ਸ਼ਰਾਰਤੀ ਦਿਮਾਗ਼ ਨੂੰ ਬੜਾ ਦੁਖਦਾਈ ਕਿਸਮ ਦਾ ਉਤਸ਼ਾਹ ਮਿਲਣ ਦਾ ਡਰ ਹੈ। ਜਿਵੇਂ ਜੇ ਕੋਈ ਉਧਾਰ ਲੈ ਕੇ ਮੁੱਕਰ ਜਾਣ ਲਈ ਜਪਜੀ ਸਾਹਿਬ ਵਿਚੋਂ ਇਹ ਤੁਕ ਪੜ੍ਹ ਸੁਣਾਏ--**ਕੇਤੇ ਲੈ ਲੈ ਮੁਕਰੁ ਪਾਹਿ** --- ॥ ੨੫ ॥ ਅਤੇ ਪੂਰੀ ਪਉੜੀ ਦਾ ਅਰਥ ਸਮਝਾ ਕੇ ਦਰੁਸਤੀ ਕਰਨ ਦੀ ਗੱਲ ਕਰਨ ਵਾਲੇ ਨੂੰ ਅਗੋਂ ਇਹ ਉੱਤਰ ਮਿਲੇ ਕਿ---ਜਦ ਅਕਾਲ ਤਖ਼ਤ ਦੇ ਜਥੇਦਾਰ ਸਾਹਿਬ ਪ੍ਰੋ: ਦਰਸ਼ਨ ਸਿੰਘ ਜੀ ਆਪਣੇ ਮਤਲਬ ਲਈ ਗੁਰਬਾਣੀ ਦੀ ਕੋਈ ਤੁਕ ਵਰਤ ਸਕਦੇ ਹਨ ਤਾਂ ਮੈਂ ਕਿਉਂ ਨਹੀਂ ਵਰਤ ਸਕਦਾ ? **ਕਿਰਪਾ ਕਰਕੇ ਇਹ ਸਮਝਾਉਣ ਦੀ ਖੇਚਲ ਵੀ ਕਰ ਦੇਣੀ ਕਿ ਜਦ ਅਜੇਹੀ ਸਮੱਸਿਆ ਬਣ ਜਾਵੇ ਤਾਂ ਅਗੋਂ ਕੀ ਉਤਰ ਦਿੱਤਾ ਜਾਇਆ ਕਰੇ ?**

**੨=** ਆਪ ਜੀ ਦੇ ਭਾਸ਼ਨਾਂ ਵਿਚ ਮਾਲਾ ਅਥਵਾ ਸਿਮਰਨਾ ਫੇਰਨ ਦਾ ਬੜੀ ਵਾਰੀ ਜ਼ਿਕਰ ਆਉਂਦਾ ਹੈ। ਕੀ ਆਪ ਜੀ ਕੋਈ ਸ਼ਬਦ ਅਥਵਾ ਸਲੋਕ ਅਜੇਹਾ ਦੱਸ ਸਕਦੇ ਹੋ ਜਿਸ ਤੋਂ ਇਹ ਸਪੱਸ਼ਟ ਹੋ ਜਾਵੇ ਕਿ ਗੁਰਦੇਵ ਜੀ, **ਮਾਲਾ** ਜਾਂ ਪ੍ਰਚਲਤ ਸਿਮਰਨੇ ਨੂੰ ਪ੍ਰਭੂ ਦਾ **ਨਾਮ-ਸਿਮਰਨ** ਦਾ ਅਥਵਾ **ਭਗਤੀ** ਦਾ ਅੰਗ ਸਮਝਦੇ ਹਨ ? ਦਾਸ ਦੀ ਜਾਣਕਾਰੀ ਵਿਚ ਤਾਂ ਸਤਿਗੁਰਾਂ ਨੇ ਮਾਲਾ ਦੀ ਵਰਤੋਂ ਕਰਨ ਵਾਲਿਆਂ ਨੂੰ **ਠੱਗ** ਕਿਹਾ ਹੈ। ਅਰਥਾਤ ਭਗਤੀ ਦਾ ਵਿਖਾਵਾ ਕਰਨ ਲਈ ਕਿਸੇ ਦ੍ਰਿਸ਼ਟਮਾਨ ਅਥਵਾ ਨਾਸਵੰਤ ਪਦਾਰਥਾਂ ਦਾ ਆਸਰਾ ਲੈਣ ਨੂੰ ਸ਼ਬਦ ਗੁਰੂ ਗ੍ਰੰਥ ਸਾਹਿਬ ਨੇ, ਕਰਮਕਾਂਡੀ ਪਖੰਡ ਫ਼ੁਰਮਾਨ ਕੀਤਾ ਹੈ। ਗੁਰਬਾਣੀ ਸ਼ਬਦਾਂ ਦੇ ਅਧਾਰ ਤੇ ਇਸ ਭਰਮ ਨੂੰ ਮਿਟਾਉਣ ਦੀ ਮਿਹਰ ਕਰ ਦੇਣੀ ਜੀ।

**੩=** ਗੁਰਬਾਣੀ ਦੇ ਇਸ ਫ਼ੁਰਮਾਨ--**ਦ੍ਰਿਸ਼ਟਮਾਨ ਹੈ ਸਗਲ ਬਿਨਾਸੀ**--ਦੇ **ਅਰਥ** ਗੁਰੂ ਨਾਨਕ ਦੇਵ ਜੀ ਦੀ ਸਾਖੀ (ਜਦੋਂ, ਟੁੱਟ ਜਾਣ ਵਾਲੇ ਅਥਵਾ ਸੜ ਕੇ ਖ਼ਤਮ ਹੋ ਜਾਣ ਵਾਲੇ ਨਾਸ਼ਵੰਤ ਜਨੇਊ ਦੇ ਪਾਉਣ ਤੋਂ ਨਾਹ ਕਰਕੇ ਸਤਿਗੁਰਾਂ ਨੇ, ਸਦਾ ਨਾਲ ਨਿਭਣ ਵਾਲੇ ਅਜੇਹੇ ਜਨੇਊ ਦੀ ਮੰਗ ਕੀਤੀ ਸੀ ਜਿਸ ਨੂੰ ਮੌਤ ਵੀ ਜੁਦਾ ਨਾ ਕਰ ਸਕੇ) ਦੇ ਅਧਾਰ ਦੇ ਵਿਚਾਰੇ ਤਾਂ ਦਾਸ ਦੀ ਬੁੱਧੀ ਨੇ ਇਹ ਪਕੜ ਕਰ ਲਈ, ਕਿ **ਅਬਿਨਾਸ਼ੀ ਪ੍ਰਭੂ** ਤੱਕ ਪਹੁੰਚ ਬਣਾਉਣ ਲਈ ਕਿਸੇ **ਨਾਸਵੰਤ ਪਦਾਰਥ** ਨੂੰ ਆਸਰਾ ਨਹੀਂ ਬਣਾਉਣਾ ਚਾਹੀਦਾ। ਗੁਰਬਾਣੀ ਨੇ ਨਾਸਵੰਤ ਸਰੀਰ ਨਾਲ ਕੀਤੇ ਜਪਾਂ, ਤਪਾਂ ਅਤੇ ਯੋਗ ਸਾਧਨਾਂ ਆਦਿ ਨੂੰ ਖੰਡਨ ਕਰਕੇ ਹਿਰਦੇ ਵਿਚਲੇ ਪਿਆਰ ਅਤੇ " **ਚੀਤ ਨਿਰੰਜਨ ਨਾਲ** " ਰਖਣ ਨੂੰ ਹੀ ਪ੍ਰਭੂ ਮਿਲਾਪ ਦਾ ਸਾਧਨ ਮੰਨਿਆਂ ਹੈ। ਤੁਸਾਂ ਵੀ ਆਪਣੇ ਕਈ ਭਾਸ਼ਨਾਂ ਵਿਚ ਹਰ ਉਸ ਨਿਯਮ ਦੀ ਖੰਡਨਾਂ ਕੀਤੀ ਹੋਈ ਹੈ ਜਿਹੜਾ ਗੁਰਬਾਣੀ ਦੀ ਕਸਵੱਟੀ ਤੇ ਪੂਰਾ ਨਹੀਂ ਉਤਰਦਾ।

ਫਿਰ ਆਪ ਜੀ ਦੇ ਭਾਸ਼ਨਾਂ ਵਿਚ ਇਹ ਸੁਣ ਕੇ ਬੜੀ ਹੈਰਾਨੀ ਹੋਈ ਹੈ ਕਿ **ਪਾਣੀ** ਨਾਲ ਸਿੱਖ ਧਰਮ ਦਾ ਬੜਾ ਡੂੰਗਾ ਸੰਬੰਧ ਹੈ। **ਤਿਨ੍ਹਾਂ ਦਰੀਆਵਾਂ ਸਿਉ ਦੋਸਤੀ**-- ਪੰਗਤੀ ਗਾਇਨ ਕਰਕੇ ਜਿਹੜੀ ਤੁਸਾਂ ਵਿਆਖਿਆ ਕੀਤੀ ਹੈ ਉਸ ਤੋਂ ਇਹੀ ਸਪੱਸ਼ਟ ਹੋ ਰਿਹਾ ਹੁੰਦਾ ਹੈ ਕਿ ਚੌਥੇ ਪਹਿਰ ਸੁਬਾਹ ਦੇ ਉਠਣ ਵਾਲੇ ਸੁਰਤੇ ਨੂੰ ਆਪਣੇ **ਦੋਸਤਾਂ** ਦੀ, ਭਾਵ, **ਦਰੀਆਵਾਂ** ਦੀ ਹੀ ਭਾਲ ਹੁੰਦੀ ਹੈ। ਭਲਾ ਜੇ **ਸੁਰਤੇ** ਦੀ ਰਿਹਾਇਸ਼ ਦੇ ੧੫/੨੦ ਮੀਲ ਤੱਕ ਕੋਈ ਦਰੀਆ ਅਥਵਾ ਨਦੀ ਨਾਲਾ ਨਾ ਹੋਵੇ ਤਾਂ ਫਿਰ ਯਾਰ ਤੋਂ ਦੂਰ ਰਹਿ ਕੇ ਉਸ ਵਿਚਾਰੇ ਦਾ ਕੀ ਹਾਲ ਹੁੰਦਾ ਹੋਵੇਗਾ ? ਕਿਰਪਾ ਕਰਕੇ ਇਹ ਸਮਝਾ ਦੇਣ ਦੀ ਖੇਚਲ ਕਰ ਦੇਣੀ ਕਿ ਕੀ ਕਿਤੇ ਤੜਕੇ ਉਠਣ ਵਾਲੇ ਸੁਰਤੇ ਨੂੰ **ਪਾਣੀ ਵਾਲਿਆਂ ਦਰੀਆਵਾਂ** ਦੇ ਥਾਂ **ਇਨ੍ਹਾਂ** (ਗੁਰੂਬਾਣੀ ਸ਼ਬਦਾਂ ਵਾਲੇ) **ਦਰੀਆਵਾਂ** ਦੀ ਭਾਲ ਤਾਂ ਨਹੀਂ ਹੁੰਦੀ ਜੀ ? :--

੧) **ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲ ਹਰੇ ॥** [੧੩੨੯]-੬
੨) **ਮਨ ਕਮੀਨ ਕਮਤਰੀਨ, ਤੂ ਦਰੀਆਉ ਖੁਦਾਇਆ ॥** [੧੨੯੧]-ਵਾਰ-੨੭
੩) **ਗੁਰੁ ਸਰੁ ਸਾਗਰੁ ਬੋਹਿਥੋ ਗੁਰੁ ਤੀਰਥੁ ਦਰੀਆਉ ॥** [੧੭]-੯
੪) **ਗੁਰੁ ਨਵਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ ॥** [੧੩੯੨]--੧੦
੫) **ਨਿਰਮਲੁ ਨ੍ਹਾਵਣੁ ਨਾਨਕਾ ਗੁਰੁ ਤੀਰਥੁ ਦਰੀਆਉ ॥** [੧੪੧੧]-੧੦

**੪=** ਦਸ਼ਮੇਸ਼ ਜੀ ਦਾ ਉਚਾਰਿਆ ਸ਼ਬਦ--**ਧਨ ਜੀਉ ਤਿਹ ਕੋ ਜਗ ਮੈ, ਮੁਖ ਤੇ ਹਰਿ, ਚਿਤ ਮੈ ਜੁਧ ਬੀਚਾਰੈ** - - -ਦਾ ਮਨੋਹਰ ਗਾਇਨ ਕਰਕੇ **ਜੁਧ** ਦੇ ਅਰਥਾਂ ਨੂੰ ਰਾਜ ਸੱਤਾ ਦੀ ਪ੍ਰਾਪਤੀ ਦੇ ਸੰਘਰਸ਼ ਲਈ ਲੋਕਾਂ ਨੂੰ ਉਭਾਰਨ ਲਈ ਵਰਤਿਆ ਹੈ। ਸ਼ਾਇਦ ਇਹ ਟੇਪ ਕਿਸੇ

ਸਿਆਸੀ ਕਾਂਨਫ਼ਰੰਸ ਸਮੇ ਕੀਤੇ ਕੀਰਤਨ ਦੀ ਹੈ । ਪਰ ਆਸਾ ਦੀ ਵਾਰ ਦੇ ਕੀਰਤਨ ਵਾਲੀ ਟੇਪ ਵਿਚ ਏਸੇ ਹੀ ਸ਼ਬਦ ਦੀ ਵਿਆਖਿਆ ਕਰਦਿਆਂ **ਜੁੱਧ** ਦਾ ਅਰਥ ਕਾਮ, ਕ੍ਰੋਧ ਆਦਿ ਪੰਜ ਵਿਚਕਾਰਾਂ ਵਿਰੁਧ ਜੰਗ ਕਰਕੇ ਉਨ੍ਹਾਂ ਤੇ ਫ਼ਤਿਹ ਪਾ ਕੇ ਹਿਰਦਾ ਘਰ ਪ੍ਰਭੂ ਮਿਲਾਪ ਲਈ ਸਾਫ਼ ਕਰਨ ਦੇ ਉਪਦੇਸ਼ ਲਈ ਵਰਤਿਆ ਹੈ । ਸੋ ਕਿਰਪਾਲਤਾ ਕਰਕੇ ਇਹ ਸਮਝਾਉਣ ਦੀ ਮਿਹਰ ਕਰੋ ਕਿ ਕੀ ਏਸੇ ਪ੍ਰਕਾਰ ਗੁਰਬਾਣੀ ਸ਼ਬਦਾਂ ਦੇ ਅਰਥ ਬਦਲ ਕੇ ਉਸੇ ਤਰ੍ਹਾਂ ਦੇ ਕਰ ਲੈਣੇ ਚਾਹੀਦੇ ਹਨ ਜਿਨ੍ਹਾਂ ਨਾਲ ਆਪਣੀ ਤੁੱਕ ਬੱਝਦੀ ਹੋਵੇ ? ਕੀ ਅਜੇਹਾ ਕਰਨ ਵਿਚ ਗੁਰਬਾਣੀ ਦਾ ਅਨਾਦਰ ਤਾਂ ਨਹੀਂ ਹੁੰਦਾ ? ਜਾਂ ਕੀ ਇਹ ਗੁਰੂ-ਸ਼ਬਦ ਦੀ ਨਿੰਦਿਆ ਕਰਨ ਦਾ ਅਪਰਾਧ ਤੇ ਨਹੀਂ ਹੈ ?

**੫**= ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ--**ਦ੍ਰਿਸਟਿਮਾਨ ਸਭੁ ਬਿਨਸੀਐ, ਕਿਆ ਲਗਹਿ ਗਵਾਰ ॥** [੮੦੮--੧--੩੧] ਅਥਵਾ--**ਜੋ ਦੀਸੈ ਸੋ ਸੰਗਿ ਨ ਗਇਓ ॥ ਸਾਕਤੁ ਮੂੜੁ ਲਗੇ ਪਚਿ ਮੋਇਓ** ॥[੨੪੧-੧--੧੩] ਭਾਵ ਨਜ਼ਰ ਆਉਣ ਵਾਲੀ ਹਰ ਚੀਜ਼ ਨਾਸਵੰਤ ਹੈ ਅਤੇ ਇਸ ਨਾਲ ਮੋਹ ਕਰਨਾ ਜਾਂ ਪੂਜਾ ਕਰਨੀ ਮੂਰਖਤਾਈ ਹੈ । ਮਨੁਖ ਦੇ ਹਥਾਂ ਦੇ ਬਣੇ ਧਰਮ ਅਸਥਾਨ ਵੀ ਨਾਸਵੰਤ ਹਨ । ਗੁਰਬਾਣੀ ਅਨੁਸਾਰ ਇਨ੍ਹਾਂ ਮੰਦਰਾਂ ਦੀ ਪੂਜਾ ਕਰਨੀ ਮੂਰਖਤਾਈ ਹੈ ।

ਸ਼ਾਇਦ ਬੰਗਲਾ ਸਾਹਿਬ ਗੁਰਦੁਆਰੇ ਵਿਚ ਆਪ ਜੀ ਨੇ ਗੁਰੂ ਅਮਰਦਾਸ ਸਾਹਿਬ ਜੀ ਦਾ ਉਚਾਰਿਆ ਇਹ ਸ਼ਬਦ ਗਾਂਵਿਆ ਹੈ--**ਹਰਿਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ ॥** [੯੫੩]-ਵਾ-੧੨] ਇਸ ਸ਼ਬਦ ਦਾ ਆਪ ਜੀ ਨੇ ਬੜਾ ਰਸ ਮਈ ਕੀਰਤਨ ਕੀਤਾ ਜਿਸ ਦੀਆਂ ਰੀਲਾਂ ਅਤੇ ਕੈਸਿਟ ਟੇਪਾਂ ਕੈਨੇਡਾ ਪੁਜ ਕੇ ਹੱਥੋ ਹੱਥ ਵਿਕੀਆਂ । ਘਰ ਘਰ ਸੁਣੀਆਂ ਗਈਆਂ । ਦਾਸ ਨੇ ਬੜੇ ਉਤਸ਼ਾਹ ਨਾਲ ਵੀਡੀਓ ਰੀਲ ਵਿਚ ਆਪ ਜੀ ਦਾ ਕੀਰਤਨ ਸੁਣਿਆ । ਵਿਆਖਿਆ ਵੀ ਸੁਣੀ । ਏਸੇ ਸਾਧਨ ਦੁਆਰਾ (ਪਹਿਲੀ ਵਾਰੀ) ਆਪ ਜੀ ਦੇ ਦਰਸ਼ਨ ਵੀ ਕਰ ਲਏ । ਸ੍ਰੀ ਗੁਰੂ ਅਮਰਦਾਸ ਜੀ ਦੇ ਵੇਲੇ ਹਰਿਮੰਦਰ ਸਾਹਿਬ ਬਣਾਉਣ ਦੀ ਅਜੇ ਵਿਚਾਰ ਵੀ ਨਹੀਂ ਸੀ ਚੱਲੀ । ਸਾਰੇ ਜਾਣਦੇ ਹਨ ਕਿ ਹਰਮੰਦਰ ਸਾਹਿਬ ਦਾ ਨੀਹ ਪੱਥਰ ਪੰਚਮ ਪਾਤਿਸ਼ਾਹ ਜੀ ਨੇ ਮੀਆਂ ਮੀਰ ਜੀ ਤੋਂ ਰਖਵਾਇਆ ਸੀ । ਤੁਸੀਂ ਇਹ ਵੀ ਬੜੀ ਚੰਗੀ ਤਰ੍ਹਾਂ ਜਾਣਦੇ ਸੀ ਕਿ ਗੁਰੂ ਅਮਰਦਾਸ ਜੀ ਨੇ ਕਿਸ ਸ਼ਰਧਾ ਅਤੇ ਕਿਸ ਆਤਮਕ ਅਵਸਥਾ ਵਿਚ ਵਿਚਰਦਿਆਂ, ਕਿਸ ਦਰਦਾਂ ਭਰੇ ਦਿਲ ਨਾਲ ਕਿਸ ਨੂੰ ਹਰਿਮੰਦਰ ਕਿਹਾ ਸੀ । ਪਉੜੀ ਦੀ ਅਗਲੀ ਹੀ ਤੁਕ---**ਮਾਨਸ ਦੇਹ ਗੁਰ ਬਚਨ ਪਾਇਆ ਸਭੁ ਆਤਮ ਰਾਮੁ ਪਛਾਤਾ ॥** ਵੀ ਤੁਸਾਂ ਨਾਲ ਹੀ ਗਾਈ ਹੈ । ਪਰ ਉਸ ਸਮੇਂ ਤੁਸੀ ਸਿੱਖ ਪੰਥ ਦੇ ਬੇਤਾਜ ਬਾਦਸ਼ਾਹ ਬਣੇ ਬੈਠੇ ਸਉ । ਗੁਰੂ ਮਹਾਰਾਜ ਦੀਆਂ ਸੱਧਰਾਂ ਦਾ ਤੁਸੀਂ ਕਿਉਂ ਖ਼ਿਆਲ ਕਰੋ । ਆਪ ਜੀ ਜਿਸ ਪਦਵੀ ਤੇ ਬਿਰਾਜਮਾਨ ਹੋ, ਉਸ ਕਾਰਨ ਆਪ ਜੀ ਦਾ ਹਰ ਫ਼ੁਰਮਾਨ ਸਿਖ ਧਰਮ ਦਾ ਕਾਨੂਨ ਬਣ ਜਾਣਾ ਹੈ । ਇਸ ਲਈ ਤੁਸੀਂ ਇਹ ਫੈਸਲਾ ਵੀ ਆਪ ਹੀ ਕਰ ਦਿਉ ਕਿ:-

(ੳ) ਸਾਰੀਆਂ ਕੌਮਾਂ ਦੇ ਇਤਿਹਾਸ ਤੋਂ ਉਲਟ ਇੱਕ ਪੇਸ਼ਾਵਰ ਰਾਗੀ ਨੂੰ ਬਹਾਦਰਾਂ ਦੀ ਕੌਮ ਦਾ ਸਰਬਉਚ ਜਥੇਦਾਰ ਬਣਾ ਦਿੱਤਾਜਾਣ ਨਾਲ ਕੀ ਆਪ ਜੀ ਨੂੰ ਗੁਰਬਾਣੀ ਦਾ ਪੱਕਾ ਸਿਧਾਂਤ ਬਦਲ ਦੇਣ ਦਾ ਅਧਿਕਾਰ ਵੀ ਮਿਲ ਗਿਆ ਸੀ ?

(ਅ) ਤਸੀਂ ਜਾਣਦੇ ਸੀ ਕਿ ਗੁਰਬਾਣੀ ਦੇ ਮਹਾਂਵਾਕ, ਹਰਿਮੰਦਰ ਕਿਸ ਨੂੰ ਕਹਿ ਰਹੇ ਹਨ । ਫਿਰ ਵੀ ਤੁਸਾਂ ਜਾਣ ਬੁੱਝ ਗੁਰੂ ਨਾਨਕ ਨਰੰਕਾਰੀ ਜੀ ਦੇ ਉਸ ਪਾਵਨ ਪਵਿੱਤਰ ਆਸ਼ੇ ਨੂੰ ਵਿਗਾੜਿਆ ਜਿਹੜਾ ਉਨ੍ਹਾਂ ਨੇ ਕਾਬੇ ਵਲ ਆਪਣੇ ਪਾਵਨ ਚਰਨ ਕਰਕੇ ਸੰਸਾਰ ਨੂੰ ਸਮਝਾਇਆ ਸੀ । ਆਪ ਜੀ ਦੇ ਖ਼ਿਆਲ ਵਿਚ ਕੀ ਰੱਬ ਦਾ ਘਰ ਕੋਈ ਖ਼ਾਸ ਕੋਠਾ ਜਾਂ ਬਿਲਡੰਗ ਹੁੰਦਾ ਹੈ ? ਕੀ ਇਹ ਬਚਨ ਵੀ ਤੁਹਾਡੇ ਖ਼ਿਆਲ ਵਿਚ ਗ਼ਲਤ ਹੀ ਹੈ, ਕਿ ਹਿਰਦੇ ਵਿਚੋਂ ਵੀ, **ਮਾ ਪਿਰੀ** ਕਿਸੇ **ਬਿਅੰਨ ਅੱਖੜੀਆਂ** ਨਾਲ ਹੀ ਨਜ਼ਰੀਂ ਆ ਸਕਦਾ ਹੈ ?

(ੲ) ਜਿਸ ਸ਼ਰਧਾ ਅਤੇ ਜਿਨ੍ਹਾਂ ਭਾਵਨਾਵਾਂ ਦੇ ਅਸਰ ਅਧੀਨ ਸਤਿਗੁਰਾਂ ਨੇ ਜਿਸ ਨੂੰ ਹਰਿਮੰਦਰ ਫ਼ੁਰਮਾਇਆ ਸੀ ਉਸ ਹਰਮੰਦਰ ਦਾ ਨਾਮ ਤੁਸਾਂ ਕਿਸ ਕਾਰਨ ਨਹੀਂ ਲਿਆ ? ਹਾਲਾਂ ਕਿ ਉਸ ਹਰਮੰਦਰ ਨੂੰ ਰਾਤ ਦਿਨ ਵਿਅਰਥ ਢਾਇਆ ਜਾ ਰਿਹਾ ਹੈ, (ਭਾਵ ਕਤਲ ਕੀਤਾ ਜਾ ਰਹਿਾ ਹੈ) ਫਿਰ ਵੀ ਤੁਹਾਡੇ ਹਿਰਦੇ ਵਿਚੋਂ ਉਸ ਹਰਿਮੰਦਰ ਲਈ ਇੱਕ ਹਉਕਾ ਵੀ ਕਿਸ ਕਾਰਨ ਨਹੀਂ ਨਿਕਲਿਆ ?

(ਸ) ਜੈਕਾਰਿਆਂ ਦੀ ਗੂੰਜ ਨਾਲ ਸ਼ਿੰਗਾਰੇ ਹੋਏ ਆਪ ਜੀ ਦੇ ਉਸ ਕੀਰਤਨ ਦੀਆਂ ਟੇਪਾਂ ਵਿਚੋਂ, ਕੀ ਸਾਰੇ ਰਾਗੀਆਂ ਪਰਚਾਰਕਾਂ ਨੂੰ ਇਹ ਉਤਸ਼ਾਹ ਨਹੀਂ ਮਿਲਦਾ ਕਿ ਉਹ ਵੀ ਵਾਹ-ਵਾਹ ਖੱਟਣ ਲਈ ਗੁਰਬਾਣੀ ਨੂੰ ਆਪਣੀ ਮਨਸ਼ਾ ਅਨੁਸਾਰ ਵਰਤ ਸਕਦੇ ਹਨ ? ਜਿਸ ਗੁਰੂਬਾਣੀ ਨੂੰ **ਬ੍ਰਹਮ ਵਿਚਾਰ** ਫ਼ੁਰਮਾਨ ਕੀਤਾ ਹੋਇਆ ਹੈ ਕੀ ਉਸੇ ਗੁਰੂਬਾਣੀ ਦੇ ਅਰਥ ਵਿਗਾੜ ਕੇ ਸਿਆਸੀ ਮੰਤਵਾਂ ਲਈ ਵਰਤਿਆ ਜਾ ਸਕਦਾ ਹੈ ?

(ਹ) ਕੀ ਸਿੱਖ ਇਤਿਹਾਸ ਇਹ ਗਵਾਹੀ ਨਹੀਂ ਭਰਦਾ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਜੰਗੀ ਜੋਸ਼ ਉਭਾਰਨ ਲਈ ਢਾਡੀਆਂ ਤੋਂ ਸੇਵਾ ਲਈ ਸੀ ? ਗੁਰਬਾਣੀ ਦੇ ਕੀਰਤਨੀਆਂ ਨੂੰ ਅਜੇਹਾ ਜੋਸ਼ ਦਿਵਾਉਣ ਲਈ ਕਦੇ ਨਹੀਂ ਸੀ ਵਰਤਿਆ । ਕੀ ਇਹ ਸਪੱਸ਼ਟ ਸੰਕੇਤ ਨਹੀਂ ਹੈ ਕਿ ਬ੍ਰਹਮ ਵਿਚਾਰ ਵਾਲੀ ਬਾਣੀ ਦੇ ਅਰਥ ਵਿਗਾੜ ਕੇ ਜੰਗੀ ਜੋਸ਼ ਦਿਵਾਉਂਣ ਲਈ ਵਰਤਨਾ ਮਹਾਂ ਪਾਪ ਹੈ ?

## <u>ਸਿਆਸੀ ਵਿਚਾਰਾਂ</u> :-- [ਦੁਸ਼ਮਨ ਬਾਤ ਕਰੇ ਅਨਹੋਣੀ]

੧੯੪੭ ਵਿਚ ਹੋਈ ਦੇਸ਼ ਦੀ ਵੰਡ ਨੂੰ ਕੋਈ ਬਹੁਤਾ ਸਮਾ ਨਹੀਂ ਸੀ ਹੋਇਆ ਕਿ ਸਿੱਖ ਲੀਡਰਾਂ ਨੇ ਲਗ ਪਗ ਸਾਰੇ ਦੀਵਾਨਾਂ ਅਥਵਾ ਕਾਨਫ਼ਰੰਸਾ ਵਿਚ ਇਹ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਸੀ ਕਿ---ਕਾਂਗਰਸੀ ਲੀਡਰਾਂ ਨੇ ਸਿੱਖਾਂ ਨਾਲ ਵਿਸ਼ਵਾਸ਼ਘਾਤ ਕੀਤਾ ਹੈ---ਲਿਖ਼ਤੀ ਬਚਨ ਕਰਕੇ ਵੀ ਕਾਂਗਰਸੀ ਸਰਕਾਰ ਮੁੱਕਰ ਗਈ ਹੈ- - -ਆਦਿ । ਨਿਰਾ ਜਬਾਨੀ ਹੀ ਨਹੀਂ ਅਜੇਹੇ ਰੋਸ ਨੂ ਪਰਚਾਰਨ ਵਾਸਤੇ ਅਖ਼ਬਾਰਾਂ ਦੀ ਵੀ ਖੁੱਲ੍ਹੀ ਵਰਤੋਂ ਕੀਤੀ ਗਈ ਅਤੇ ਕਈ ਜ਼ਬਾਨਾਂ ਵਿਚ ਕਿਤਾਬਾਂ ਵੀ ਛਾਪੀਆਂ । ਕਾਂਗਰਸੀ ਅਥਵਾ ਹਿੰਦੂ ਸਰਕਾਰ ਨੂੰ ਮੁਗ਼ਲੀਆਂ ਸਰਕਾਰਾਂ ਨਾਲੋਂ ਕਈ ਗੁਣਾ ਵੱਧ ਖ਼ਤਰਨਾਕ ਵੀ ਕਿਹਾ । **ਹਮ ਹਿੰਦੂ ਨਹੀਂ**--ਪੁਸਤਕ ਵੀ ਲਿਖੀ ਗਈ । ਕਾਂਗਰਸੀ ਹਿੰਦੂ ਨੂੰ ਪਰਲੇ ਦਰਜੇ ਦਾ ਵਿਸ਼ਵਾਸ਼ ਘਾਤ, ਅਕਿਰਘਣ ਅਤੇ ਸਿਖੀ ਦਾ ਪੱਕਾ ਦੁਸ਼ਮਣ ਕਹਿ ਕੇ ਭੰਡੀ ਪਰਚਾਰ ਵੀ ਕੀਤਾ ਗਿਆ ਅਤੇ ਅਜੇਹਾ ਪਰਚਾਰ ਅੱਜ ਤੱਕ ਨਿਰੰਤਰ ਹੋਈ ਜਾ ਰਿਹਾ ਹੈ । ਸ: ਕਪੂਰ

ਸਿੰਘ I.C.S. ਨੇ ਵੀ ਆਪਣੀ ਪੁਸਤਕ--**ਸਾਚੀ ਸਾਖੀ**--**ਵਿਚ ਹਿੰਦੂ ਸਰਕਾਰ ਨੂੰ ਵਿਸ਼ਵਾਸ਼ਘਾਤੀ ਖ਼ਤਰਨਾਕ** ਦੁਸ਼ਮਨ ਸਾਬਤ ਕਰਨ ਲਈ ਅੱਡੀਆਂ ਤੱਕ ਜ਼ੋਰ ਲਾਇਆ ਹੈ, ਪਰ ਹੈਰਾਨੀ ਇਸ ਗੱਲ ਦੀ ਹੈ ਕਿ ਪੰਥਕ ਲੀਡਰ ਨੇ ਇਸ ਸਰਕਾਰ ਨੂੰ ਦਿਲੋਂ ਦੁਸ਼ਮਣ ਮੰਨ ਲੈਣ ਦੇ ਥਾਂ ਇਸ ਨੂੰ --**ਕਿਸੇ ਭੁਲੇਖੇ ਕਾਰਨ ਕੁਰਾਹੇ ਪਈ ਅਥਵਾ ਰੁੱਸੀ ਹੋਈ ਮਾਂ ਹੀ ਸਮਝਿਆ ਹੈ।**

ਆਪ ਜੀ ਦੇ ਸਿਆਸੀ ਭਾਸ਼ਨਾਂ (ਜਿਹੜੇ ਤੁਸੀ ਗੁਰਬਾਣੀ ਸ਼ਬਦਾਂ ਦੇ ਅਧਾਰ ਤੇ ਹੀ ਦਿਆ ਕਰਦੇ ਹੋ) ਏਹੀ ਸਿੱਧ ਹੁੰਦਾ ਹੈ ਕਿ ਜਿਵੇ ਤੁਹਾਨੂੰ ਵੀ ਪੂਰੀ ਤਸੱਲੀ ਹੈ ਕਿ ਹਿੰਦ ਸਰਕਾਰ ਨੂੰ ਇਨ੍ਹਾਂ ਤੱਥਾਂ ਦਾ ਉਕਾ ਹੀ ਪਤਾ ਨਹੀਂ ਹੈ ਕਿ :--

੧- ਦੇਸ਼ ਦੀ ਵੰਡ ਸਮੇਂ ਹਿੰਦੂ ਲੀਡਰਾਂ ਨੇ ਸਿੱਖਾਂ ਨਾਲ ਕੀ ਇਕਰਾਰ ਕੀਤੇ ਸਨ ?

੨- ਅਨੰਦਪੁਰ ਸਾਹਿਬ ਦਾ ਮਤਾ ਸਾਰੇ ਪੰਜਾਬੀਆਂ ਦੀ ਭਲਾਈ ਵਾਲਾ ਹੈ, ਅਤੇ ਸਰਕਾਰ ਨੂੰ ਠੀਕ ਅਰਥਾਂ ਵਿਚ ਜਮਹੂਰੀ ਲੀਹਾਂ ਤੇ ਤੁਰਨ ਦੀ ਸੇਧ ਦੇਣ ਵਾਲਾ ਹੈ।

੩- ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਆਪਣਾ ਸੀਸ ਕਿਨ੍ਹਾਂ ਦੀ ਸਹਾਇਤਾ ਲਈ ਵਾਰਿਆ ਸੀ ?

੪- ਸਿਖੀ ਦਾ ਉਪਦੇਸ਼ ਸਰਬ-ਸਾਂਝਾ ਹੈ ਅਤੇ ਸਿੱਖ ਸਰਬੱਤ ਦੇ ਭਲੇ ਦੀ ਅਰਦਾਸ ਕਰਦਾ ਹੈ।

੫- ਸਿੱਖ ਨਿਸ਼ਕਪਟ ਹਿਰਦੇ ਵਾਲੇ ਸੰਤ-ਸੂਰਮਿਆਂ ਦੀ ਇੱਕ ਅੱਡਰੀ ਅਤੇ ਨਿਆਰੇ ਗੁਰਮਤਿ-ਸਿਧਾਂਤ ਵਾਲੀ ਬਹਾਦਰ ਕੌਮ ਹੈ।

੬- ਸਿੱਖ (ਕੌਮੀ ਤੌਰ ਤੇ) ਕਦੇ ਵਿਸ਼ਵਾਸ਼ਘਾਤ ਨਹੀਂ ਕਰਦਾ ਅਤੇ ਇਸ ਨੇ ਦੇਸ਼ ਨਾਲ ਗ਼ੱਦਾਰੀ ਕਦੇ ਨਹੀਂ ਕੀਤੀ।

੭- ਸਿੱਖ ਆਪਣੀ ਅਰਦਾਸ ਵਿਚ ਸਰਬੱਤ ਦੇ ਭਲੇ ਦੇ ਨਾਲ ਪਰਮਾਤਮਾ ਕੋਲੋਂ ਸਦਾ --" **ਭਰੋਸਾ ਦਾਨ** " ਵੀ ਮੰਗਦਾ ਹੈ ਅਥਵਾ ਸਿੱਖ ਦੂਜਿਆਂ ਦੇ ਬਚਨ ਤੇ ਸੱਚੇ ਹਿਰਦੇ ਤੋਂ ਵਿਸ਼ਵਾਸ਼ ਕਰ ਲੈਂਦਾ ਹੈ।

੮- ਸਿੱਖਾਂ ਦੀਆਂ ਹੀ ਕੁਰਬਾਨੀਆਂ ਕਾਰਨ ਦੇਸ਼ ਦੇ ਗਲੋਂ ਗੁਲਾਮੀ ਦਾ ਜੂਲਾ ਲੱਥਾ ਸੀ। ਫਾਂਸੀ ਚੜ੍ਹਨ ਵਾਲਿਆਂ ਅਤੇ ਜੇਲਾਂ ਵਿਚ ਸੜ ਕੇ ਮਰਨ ਵਾਲਿਆਂ ਵਿਚੋਂ ਅਥਵਾ ਸਰਬੰਸ ਦਾਨੀਆਂ ਵਿਚੋਂ, ਸਿਖਾਂ ਦੀ ਗਿਣਤੀ ਸੱਭ ਤੋਂ ਵੱਧ ਸੀ।

੯= ਗਾਂਧੀ ਜੀ ਦੇ ਅਹਿੰਸਾ ਵਾਦ ਨੂੰ ਅਮਲੀ ਰੂਪ ਸਿੰਘਾਂ ਨੇ ਹੀ ਦਿੱਤਾ ਸੀ।

੧੦= ਫੌਜੀ ਜੰਗਾਂ ਸਮੇ ਗਿਣਤੀ ਦੇ ਅਨੁਪਾਤ ਨਾਲ ਸੱਭ ਤੋਂ ਵੱਧ ਬਹਾਦਰੀ ਦੇ ਮੈਡਲ ਸਿੱਖ ਸੂਰਮਿਆਂ ਨੇ ਹੀ ਲਏ ਸਨ।

੧੧= ਹਿੰਦ ਦੀ ਜੰਤਾ ਦੇ ਖਾਣ ਲਈ ਅੰਨ ਦਾ ਭੰਡਾਰਾ ਭਰਨ ਲਈ ਸੱਭ ਤੋਂ ਵੱਧ ਹਿੱਸਾ ਸਿੱਖ ਦਾ ਹੀ ਹੈ।

੧੨= ਦੇਸ਼ ਦੀ ਰਾਖੀ ਵਾਸਤੇ ਜਦ ਵੀ ਤਨ, ਮਨ, ਧਨ ਵਾਰਨ ਦੀ ਘੜੀ ਆ ਬਣੀ ਤਾਂ ਸਿੱਖ ਸਦਾ ਹੀ ਮੋਹਰਲੀਆਂ ਕਤਾਰਾਂ ਵਿਚ ਖਲੋਤਾ ਨਜ਼ਰ ਆਇ।

੧੩= ਹੋਰ ਸੂਬਿਆਂ ਵਾਂਗ ਬਿਜਲੀ ਅਤੇ ਪਾਣੀ ਦਾ ਹੱਕ ਵੀ ਪੰਜਾਬੀਆਂ ਦਾ ਹੀ ਹੈ।

੧੪= ਸਿਖਾਂ ਦੀਆਂ ਸ਼ਕਾਇਤਾਂ ਸੁਣਨ ਲਈ ਕਮਿਸ਼ਨ ਕਿਸ ਨੀਤ ਨਾਲ ਬਣਾਏ ਜਾਂਦੇ ਹਨ ਅਤੇ ਸਿੱਖ ਨੂੰ ਹੋਰ ਤੋ ਹੋਰ ਕਮਜ਼ੋਰ ਕਰਨ ਲਈ ਕਿਹੜੇ ਨਵੇਂ ਜਾਲ ਵਿਚ ਫ਼ਸਾਇਆ ਜਾਣਾ ਹੈ ?

੧੫= ਬੇਗੁਨਾਹ ਗ਼ਰੀਬਾਂ ਦੇ ਕਤਲ ਸਰਕਾਰੀ ਗੁੰਡੇ ਕਿੰਨੇ ਕਰਦੇ ਹਨ ਅਤੇ ਸਿਖ ਜੁਝਾਰੂ ਕਿਨ੍ਹਾਂ ਨੂੰ ਮੁਕਾ ਰਹੇ ਹਨ ?

੧੬= ਝੂਠੇ ਮੁਕਾਬਲਿਆਂ ਵਿਚ ਕਿੰਨੇ ਬੇਗੁਨਾਹ ਮਾਰੇ ਜਾ ਚੁੱਕੇ ਹਨ ਅਤੇ ਹੋਰ ਕਿੰਨਿਆਂ ਨੂੰ ਏਸੇ ਰਾਹ ਲੰਘਾਉਣਾਂ ਹੈ ?

੧੭= ਕਿਨੇ ਬੇਗੁਨਾਹ ਬਿਨਾ ਕੇਸ ਚਲਾਉਣ ਤੋ ਜੇਲਾਂ ਵਿਚ ਸਾੜ ਕੇ ਮਾਰੇ ਜਾ ਰਹੇ ਹਨ ਅਥਵਾ ਨਾਕਾਰਾ ਕੀਤੇ ਜਾ ਰਹੇ ਹਨ ਅਤੇ ਅਗਲੀ ਯੋਜਨਾਂ ਵਿਚ ਕਿਨੇ ਬੇਗੁਨਹ ਸਿੱਖਾਂ ਦਾ ਘਾਤ ਕਰਨਾ ਹੈ ?

੧੮= ਬੀਬੀ ਇੰਦ੍ਰਾ ਨੂੰ ਕਿਸ ਯੋਜਨਾਂ ਅਧੀਨ ਅਤੇ ਕਿਸ ਨੇ ਕਤਲ ਕੀਤਾ ਸੀ ? ਸਿੱਖ ਬਚਿਆਂ ਨੂੰ ਬਲੀ ਦਾ ਬੱਕਰਾ ਕਿਸ ਕਾਰਨ ਬਣਾਇਆ ਜਾ ਰਿਹ ਹੈ ? ਅਥਵਾ ਉਨ੍ਹਾਂ ਨੂੰ ਬਰੀ ਕਰ ਦੇਣ ਨਾਲ ਕਿਸ ਭੇਤ ਦੇ ਨੰਗੇ ਹੋ ਜਾਣ ਦਾ ਡਰ ਹੈ ?

੧੯= ਸ੍ਰੀ ਹਰਮੰਦਰ ਸਾਹਿਬ ਦੇ ਅੰਦਰ ਮੋਰਚੇ ਬਣਨ ਦਾ ਕਾਰਨ ਕੀ ਸੀ ? ਦਰਬਾਰ ਸਾਹਿਬ ਦਾ ਬਿਨਾਂ ਕੋਈ ਨੁਕਸਾਨ ਕੀਤਿਆਂ ਅਥਵਾ ਬਿਨਾਂ ਵਾਧੂ ਬੇਅਦਬੀ ਕੀਤਿਆਂ ਉਨਾਂ ਆਕੀਆਂ ਨੂੰ ਕਿਵੇ ਕਾਬੂ ਕੀਤਾ ਜਾ ਸਕਦਾ ਸੀ ?- - - - - ਆਦਿ ਆਦਿ।

ਮੂਰਖਾਂ ਦੇ ਸਵਰਗ ਵਿਚ ਰਹਿਣ ਵਾਲਾ ਹੀ ਕੋਈ ਕਹਿ ਸਕਦਾ ਹੈ ਕਿ ਉੱਪਰ ਲਿਖੇ ਤੱਥਾਂ ਬਾਰੇ ਉਸ ਨੂੰ ਹਿੰਦ ਸਰਕਾਰ ਦੇ ਸੰਚਾਕਲਕ ਦਿਮਾਗ਼ ਨਾਲੋਂ ਵੱਧ ਜਾਣਕਾਰੀ ਹੈ। ਇਹ ਸਮਝਣਾ ਵੀ ਵੱਡੀ ਗੱਪ ਹੈ ਕਿ ਉੱਪਰ ਲਿਖੀਆਂ ਗੱਲਾਂ ਵਿਚੋਂ ਕਿਸੇ ਇੱਕ ਗੱਲਾਂ ਦਾ ਕਿਸੇ ਸਿੱਖ ਲੀਡਰ ਨੂੰ, ਹਿੰਦ ਸਰਕਾਰ ਨਾਲੋਂ ਵੱਧ ਪਤਾ ਹੈ। ਸਨਮਾਨ ਜੋਗ ਪ੍ਰੋਫ਼ੈਸਰ ਸਾਹਿਬ ਜੀਓ ! ਕੀ ਤੁਸੀਂ ਇਹ ਸਮਝਾ ਸਕਦੇ ਹੋ ਕਿ:-

੧) ਜਾਗਦੇ ਨੂੰ ਹੀ ਜਗਾਉਣ ਵਾਲੇ ਭਾਸ਼ਨ ਦੇਈ ਜਾਣਾ ਕੀ ਸਿੱਖ ਜਗਤ ਦਾ ਸਮਾ ਨਸ਼ਟ ਕਰਨ ਵਾਲੀ ਗੱਲ ਨਹੀਂ ਹੈ ਜੀ ?

੨) ਕੀ ਭਾਸ਼ਨਾਂ ਵਿਚ ਇਹ ਕੁਝ ਸਚੇ ਦਿਲੋਂ ਕਿਹਾ ਜਾਂਦਾ ਹੁੰਦਾ ਹੈ ਕਿ, ਹਿੰਦ ਸਰਕਾਰ ਸਿਖੀ ਦੀ ਮੁਗ਼ਲੀਆ ਸਰਕਾਰ ਨਾਲੋਂ ਵੱਧ ਖ਼ਤਰਨਾਕ ਦੁਸ਼ਮਨ ਹੈ ? ਜੇ ਇਹ ਸੱਚ ਹੈ ਕਿ (ਤੁਸੀਂ ਜਾਂ ਦੂਜੇ) ਸਿੱਖ ਲੀਡਰ ਅਜੇਹਾ ਕੁਝ ਅੰਦਰਲੇ ਦਿਲੋਂ ਹੀ ਕਹਿ ਰਹੇ ਹੁੰਦੇ ਹਨ ਤਾਂ ਫਿਰ ਕੀ ਤੁਸੀਂ ਕੋਈ ਇਕ ਮਿਸਾਲ ਵੀ ਦੇ ਸਕਦੇ ਹੋ ਜਦ ਕਿਸੇ ਪੁਰਾਤਨ ਸਿੰਘ ਨੇ ਕਦੇ ਮੁਗ਼ਲੀਆ ਸਰਕਾਰ ਦੇ ਕਿਸੇ ਹਾਕਮ ਕੋਲੋਂ ਇਨਸਾਫ ਦੀ, ਜਾਂ ਰਹਿਮ ਦੀ, ਜਾਂ ਕਿਸੇ ਨਜ਼ਰਸਾਨੀ ਦੀ ਅਪੀਲ ਕੀਤੀ ਹੋਵੇ, ਜਾਂ ਸਿੰਘਾਂ ਨੇ ਆਪਣੀਆਂ ਮੰਗਾਂ ਮਨਾਉਣ ਲਈ ਕੋਈ ਡੈਪੂਟੇਸ਼ਨ ਭੇਜਿਆ ਹੋਵੇ ?

ਜੇ ਤੁਹਡੇ ਕੋਲ ਵੀ ਅਜੇਹੀ ਕੋਈ ਮਿਸਾਲ ਨਹੀਂ ਹੈ, ਤਾਂ ਫਿਰ ਇਸ ਕਥਿਤ ਖ਼ਤਰਨਾਕ ਦੁਸ਼ਮਣ ਨਾਲ ਅੰਦਰ ਖਾਤੇ ਲੀਡਰਾਂ ਦਾ ਕੋਈ ਖ਼ਾਸ ਸਮਝੌਤਾ ਹੈ ? ਕੀ ਇਹ ਸਾਰੇ ਗਤਮ ਭਾਸ਼ਨ ਆਦਿ, ਲੋਕ ਵਿਖਾਵੇ ਲਈ ਐਵੇਂ ਡਰਾਮੇ ਹੀ ਕੀਤੇ ਜਾ ਰਹੇ ਹਨ ? ਜਿਸ ਸਰਕਾਰ ਦੀਆਂ ਰੋਟੀਆਂ ਤੇ ਇਹ ਜੱਜ਼ ਪਲਦੇ ਹਨ ਉਨ੍ਹਾਂ ਕੋਲੋਂ ਉਸੇ ਸਰਕਾਰ ਦੀ ਮਰਜ਼ੀ ਦੇ ਵਿਰੁੱਧ ਫੈਸਲੇ ਦੀ ਆਸ ਰੱਖਣੀ ਕੀ ਸਿਆਣਪ ਹੈ ?

ਸਤਿਗੁਰਾਂ ਦਾ ਫ਼ੁਰਮਾਨ ਹੈ--" **ਬਚਨ ਕਰੇ ਤੇ ਖਿਸਕ ਜਾਏ, ਬੋਲੇ ਸਭ ਕਚਾ** "---ਭਾਵ, ਜਿਹੜਾ ਆਦਮੀ ਆਪਣੇ ਬਚਨਾਂ ਤੋਂ ਖਿਸਕ ਜਾਵੇ ਉਸ ਨੂੰ ਸਦਾ ਲਈ ਝੂਠਾ ਜਾਣਕੇ ਪੱਕੀ ਤਰ੍ਹਾਂ ਦੁਰਕਾਰ ਦੇਣਾ ਚਾਹੀਦਾ ਹੈ । ਆਪਣਾ ਸਿੱਖ ਮੰਨਣਾ ਤਾਂ ਕਿਤੇ ਰਿਹਾ, ਬਚਨਾਂ ਦੇ ਕੱਚੇ ਨੂੰ ਕਲਗ਼ੀਧਰ ਜੀ ਨੇ ਮਰਦ (=ਮਨੁੱਖ) ਮੰਨਣੋ ਵੀ ਨਾਹ ਕਰ ਦਿੱਤੀ ਸੀ--" ਹਮੂੰ ਮਰਦ ਬਾਇਦ ਸ਼ਵਦ ਸੁਖ਼ਨਵਰ "--। ਜੇ ਸਿੱਖ ਜਥੇਦਾਰ ਹਿਰਦੇ ਤੋਂ ਗੁਰੂ ਦਾ ਸਿੱਖ ਹੁੰਦਾ (**ਸਿਖੀ, ਸਿਖਿਆ ਗੁਰ ਵੀਚਾਰਿ** [੪੬੫] **ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿੱਖ ਸੁਣੀ** ॥ [ਜਪੁ]--**ਕਬੀਰ ਸਾਚਾ ਸਤਿਗੁਰੁ ਕਿਆ ਕਰੈ, ਜਉ ਸਿਖਾ ਮਹਿ ਚੂਕ** ॥ [੧੩੭੨]--**ਫਰੀਦਾ ਕੂਕੇਂਦਿਆਂ ਚਾਂਗੇਦਿਆਂ ਮੱਤੀ ਦਿੰਦਿਆਂ ਨਿਤ** ॥ [੧੩੭੮]--**ਸੋ ਸਿੱਖ ਸਖਾ ਬੰਧਪੁ ਹੈ ਭਾਈ ਜੋ ਗੁਰ ਕੇ ਭਾਣੇ ਵਿਚਿ ਆਵੈ ॥ ਆਪਣੈ ਭਾਣੈ ਜੋ ਚਲੈ ਭਾਈ, ਵਿਛੁੜਿ ਚੋਟਾ ਖਾਵੈ** ॥ [੬੦੧] ਇਹੋ ਜਿਹੇ ਬੇਅੰਤ ਮਹਾਂ ਵਾਕਾਂ ਦੀ ਪਰਵਾਹ ਨਾ ਕਰਨ ਵਾਲਾ ਜਥੇਦਾਰ ਗੁਰੂ ਦਾ ਸਿੱਖ ਕਿਵੇਂ ਮੰਨਿਆ ਜਾਏ ?) ਅਵੱਲ ਤਾਂ ੧੯੪੭ ਵਿਚ ਕੀਤਿਆਂ ਬਚਨਾਂ ਤੋਂ ਖਿਸਕ ਜਾਣ ਤੇ ਹੀ ਇਸ ਸਰਕਾਰ ਨੂੰ ਦਿਲੋਂ ਦੁਸ਼ਮਣ ਮੰਨ ਲੈਂਦੇ ਤਾਂ ਪੰਥ ਦੀਆਂ ਸਾਰੀਆਂ ਔਕੜਾਂ ਕਦੇ ਦੀਆਂ ਮੁੱਕ ਚੁਕੀਆਂ ਹੁੰਦੀਆਂ । ਇਹ ਰੌਲਾ ਵੀ ਪਾਈ ਜਾਣਾ ਕਿ ਸਰਕਾਰ ਨੇ ਕਈ ਵਾਰੀ ਧੋਖਾ ਦਿੱਤਾ ਹੈ, ਅਥਵਾ ਸਰਕਾਰ ਖ਼ਤਰਨਾਕ ਦੁਸ਼ਮਣ ਹੈ, ਅਤੇ ਮੁੜ ਮੁੜ ਓਸੇ ਧੋਖੇ ਬਾਜ਼ ਨਾਲ ਸੰਧੀ ਵੀ ਕਰੀ ਜਾਣੀ ?

੧੯੮੩-੮੪ ਵਿਚ ਸ੍ਰੀ ਹਰਿਮੰਦਰ ਸਾਹਿਬ ਵਿਚ ਮੋਰਚਾ ਬੰਦੀ ਕਰ ਬੈਠੇ, ਬਾਕੀ ਸਾਰੇ ਸਿੱਖ ਲੀਡਰਾਂ ਨਾਲੋਂ ਸੱਚੇ-ਸੁੱਚੇ, ਈਮਾਨਦਾਰ ਲੀਡਰ, ਜਿਸ ਤੇ ਸਿੱਖ ਜਗਤ ਨੂੰ ਸਭ ਤੋਂ ਵਧ ਭਰੋਸਾ ਸੀ, ਭਿੰਡਰਾਂ ਵਾਲੇ ਜਰਨੈਲ ਨੇ ਵੀ ਇਸ-**ਮਾਂ-ਸਰਕਾਰ**-ਨੂੰ ਦਿਲੋਂ ਦਸ਼ਮਣ ਨਹੀਂ ਸੀ ਮੰਨਿਆਂ । ਉਹ ਵੀ ਨਿਤ ਨਵੇਂ ਦਿਨ ਸਰਕਾਰ ਦੀਆਂ ਭੁੱਲਾਂ ਚਿਤਾਰਦੇ ਅਤੇ ਵਧੀਕੀਆਂ ਦੀ ਹੀ ਕਥਾ ਸੁਣਾਈ ਰੱਖਣ ਵਿਚ ਅਤੇ ਸਰਕਾਰ ਨੂੰ ਧਮਕੀਆਂ ਦੇ ਕੇ ਇੰਦ੍ਰਾ ਨੂੰ ਗਲ ਬਾਤ ਕਰਨ ਲਈ ਸੱਦ ਲੈਣ ਵਿਚ ਹੀ ਮੋਰਚੇ ਦੀ ਸਫ਼ਲਤਾ ਸਮਝਦੇ ਰਹੇ । ਜੇ ਇਸ ਆਖ਼ਰੀ ਮੋਰਚੇ ਨੂੰ ਅਰੰਭ ਕਰਨ ਸਮੇਂ ਸਿੱਖ ਲੀਡਰ ਇਹ ਸਮਝ ਲੈਂਦੇ ਕਿ ਉਨ੍ਹਾਂ ਦਾ ਵਾਹ ਮਾਂ ਸਰਕਾਰ ਨਾਲ ਨਹੀ ਸਗੋਂ ਚਾਣਕੀਆ ਨੀਤੀ ਵਿਚ ਨਿਪੁੰਨ, ਇਕ ਖ਼ਤਰਨਾਕ, ਬੇਦੀਨੇ ਅਤੇ ਸ਼ਕਤੀ ਸ਼ਾਲੀ ਦੁਸ਼ਮਣ ਨਾਲ ਪੈਣਾ ਹੈ, ਜਿਸ ਦੇ ਕੱਪੜੇ ਤਾਂ ਦੁਧ-ਚਿੱਟੇ ਹਨ ਪਰ ਅੰਦਰ ਦੇ ਸਿਆਹ ਕਾਲੇ ਮਨ ਵਿਚ ਬੜਾ ਘਾਤਕ ਜ਼ਹਿਰ ਭਰਿਆ ਹੋਇਆ ਹੈ । ਫਿਰ ਸਟੇਜਾਂ ਤੇ ਧੂਆਂ ਧਾਰ, ਅਤੇ ਵੱਧ ਤੋਂ ਵਧ ਲੱਛੇਦਾਰ ਤਕਰੀਰਾਂ ਕਰਕੇ ਰੁੱਸੀ ਹੋਈ ਇਸਤ੍ਰੀ ਵਾਂਗ ਫ਼ਜ਼ੂਲ ਮੇਹਣੇ ਮਾਰ ਮਾਰ ਕੇ ਹਾਸੋ ਹੀਣੇ ਬਣਨ ਦੀ ਥਾਂ ਬੜੇ ਸੂਝਵਾਨ, ਬੜੇ ਤਜਰਬੇਕਾਰ, ਅਤੇ ਬੜੇ ਜ਼ਿੰਮੇਵਾਰ, ਤਿਆਗੀ ਜਰਨੈਲਾਂ ਵਾਂਗ (ਸਿਰਾਂ ਤੇ ਕੱਫਨ ਬੰਨ੍ਹ ਕੇ) ਸਾਰੇ ਜਣੇ ਜੁੜ ਬੈਠਦੇ, ਅਤੇ ਬੰਦ ਕਮਰੇ ਵਿਚ ਡੂੰਘੀਆਂ ਵਿਚਾਰਾਂ ਹੁੰਦੀਆਂ । ਮੁਗ਼ਲੀਆ ਸਰਕਾਰ ਸਮੇਂ ਦੀਆਂ ਸਿੰਘਾਂ ਦੀਆਂ ਪ੍ਰਪਤੀਆਂ ਦਾ ਹਵਾਲਾ ਦੇ ਕੇ ਜੇ ਕੋਈ ਜੋਸ਼ੀਲਾ ਜਰਨੈਲ ਹਥਿਆਰਾਂ ਦੀ ਜੰਗ ਛੇੜ ਦੇਣ ਦੀ ਗੱਲ ਕਰਨ ਵਿਚ ਕਾਹਲ ਕਰਦਾ ਤਾਂ ਫਿਰ ਉਸ ਜੰਗੀ ਕੌਂਸਲ ਵਿਚ ਇਹ ਤੱਥ ਵੀ ਜ਼ਰੂਰ ਵਿਚਾਰ ਅਧੀਨ ਆਉਣੇ ਸਨ:---

ੳ) ਮੁਗ਼ਲੀਆ ਸਰਕਾਰ ਸਮੇ ਸ਼ਾਹੀ ਫੌਜ ਦਾ ਜਵਾਨ ਅੱਯਾਸ਼, ਦੁਰਾਚਾਰੀ ਅਤੇ ਸੁਖ-ਰਹਿਣਾ ਸੀ । ਲੜਾਈ ਵਿਚ ਉਸ ਨੂੰ ਬਹੁਤਾ ਫ਼ਿਕਰ ਆਪਣੀ ਜਾਨ ਬਚਾਈ ਰਖਣ ਦਾ ਹੁੰਦਾ ਸੀ । ਜਦ ਕਿ ਕਲਗ਼ੀਆਂ ਵਾਲੇ ਦਾ ਸਿੱਖ, ਸੁੱਚੇ ਆਚਰਨ ਵਾਲਾ, ਬੜੀ ਲਗਨ ਨਾਲ ਜੰਗੀ ਅਭਿਆਸ ਅਤੇ ਕਸਰਤਾਂ ਕਰਕੇ ਫੁਰਤੀਲਾ ਅਤੇ ਸਾਹਸੀ ਸੀ । ਗੁਰੂ ਦੇ ਨਾਮ ਤੇ ਸ਼ਹੀਦੀ ਪਾਉਣੀ ਵੱਡੇ ਭਾਗ ਮੰਨਦਾ ਸੀ । ਸਿਰ ਤਲੀ ਤੇ ਰੱਖ ਕੇ, ਜਾਨ ਦੀ ਪਰਵਾਹ ਭੁਲਾ ਕੇ, ਵੈਰੀ ਤੇ ਅਜੇਹਾ ਸ਼ੇਰ-ਵਈ ਹੱਲਾ ਬੋਲਦਾ ਸੀ ਕਿ ਵੈਰੀ ਦਾ ਟਿਕਣਾ ਅਸੰਭਵ ਹੋ ਜਾਂਦਾ ਸੀ ।

ਅ) ਸਿੰਘਾਂ ਦੇ ਹਥਿਆਰਾਂ ਦੀ ਮਾਰ ਕਿਸੇ ਤਰ੍ਹਾਂ ਵੀ ਸ਼ਾਹੀ ਫੌਜੀ ਦੇ ਹਥਿਆਰ ਨਾਲੋਂ ਘੱਟ ਨਹੀਂ ਸੀ । ਸਗੋਂ ਸ਼ਰਧਾ ਨਾਲ ਬਣਾ ਕੇ ਭੇਟਾ ਕੀਤੇ ਹਥਿਆਰ ਬਹੁਤੀ ਵਾਰੀ, ਵੈਰੀ ਦੇ ਹਥਿਆਰਾਂ ਨਾਲੋਂ ਵਧੀਆ ਸਿੱਧ ਹੁੰਦੇ ਸਨ ।

ੲ) ਸਿੰਘ ਆਪਣੇ ਘੋੜੇ ਦੀ ਸੇਵਾ ਸ਼ਰਧਾ ਅਤੇ ਲਗਨ ਨਾਲ ਕਰਦਾ ਸੀ । ਨਿਤ ਨਵੇਂ ਦਿਨ ਦੀਆਂ ਭਾਜੜਾਂ ਤੇ ਲੜਾਈਆਂ ਕਾਰਨ ਘੋੜਿਆਂ ਦੀ ਪੂਰੀ ਕਸਰਤ ਹੁੰਦੀ ਰਹਿਣ ਕਾਰਨ ਮੁਗ਼ਲੀਆ ਸਰਕਾਰ ਦੇ ਘੋੜਿਆਂ ਨਾਲੋਂ ਵੱਧ ਸਾਹਸੀ ਸਨ । ਅੱਜ ਦੇ ਦੁਸ਼ਮਣ-ਸਰਕਾਰ ਦਾ ਇੱਕ ਹਵਾਈ ਜਹਾਜ਼ ਸਾਡੇ ਸਾਰਿਆਂ ਤੇ ਭਾਰੂ ਬਣ ਸਕਦਾ ਹੈ । ਪਾਵਨ ਪਵਿੱਤਰ ਹਰਿਮੰਦਰ ਸਾਹਿਬ ਦੀ ਥਾਂ ਵਿਚ ਮੋਰਚਾ ਬੰਦੀ ਕਰਕੇ ਆਕੀ ਹੋ ਬੈਠਣ ਦੀ ਜੇ ਗੱਲ ਚਲਦੀ ਤਾਂ ਜੰਗੀ ਕੌਂਸਲ ਦੇ ਸੂਝਵਾਨ ਜਰਨੈਲਾਂ ਵਿਚੋਂ ਕਿਸੇ ਨੇ ਝੱਟ ਬੋਲ ਪੈਣਾ ਸੀ ਕਿ, ਪਹਿਲੀ ਗੱਲ ਤੇ ਇਹ ਹੈ ਕੇ, ਪਸਤੌਲਾਂ, ਬੰਦੂਕਾਂ, ਮਸ਼ੀਨ ਗੰਨਾ, ਬੰਬਾਂ ਆਦਿ ਹਥਿਆਰਾਂ ਨਾਲ ਅਸੀਂ ਉਸ ਦੁਸ਼ਮਣ ਨਾਲ ਮੁਕਾਬਲਾ ਨਹੀਂ ਕਰ ਸਕਾਂਗੇ ਜਿਹੜਾ ਬੇਸ਼ੁਮਾਰ ਟੈਂਕਾਂ, ਤੋਪਾਂ ਅਤੇ ਬੜੀ ਤਕੜੀ ਹਵਾਈ ਤਾਕਤ ਦਾ ਮਾਲਕ ਹੈ । ਅਤੇ ਫ਼ਿਰ ਜੇ ਅਸਾਂ ਕੋਈ ਫ਼ੌਜੀ ਨੁਕਸਾਨ ਕਰ ਵੀ ਲਿਆ ਤਦ ਵੀ ਸਰਕਾਰ ਦਾ ਕੁਝ ਨਹੀਂ ਵਿਗੜਨਾ । ਅਤੇ ਇਹ ਵੀ ਨਹੀਂ ਭੁਲਣਾ ਚਾਹੀਦਾ ਕਿ--**ਦੁਸ਼ਮਣ ਬਾਤ ਕਰੇ ਅਨਹੋਣੀ**--ਜੇ ਭਲਾ ਇਹ ਬੇਦੀਨਾਂ ਅਤੇ ਮੁਗ਼ਲਾਂ ਨਾਲੋਂ ਭੈੜਾ ਦੁਸ਼ਮਣ, ਤੋਪਾਂ, ਟੈਂਕਾਂ ਅਤੇ ਹਵਾਈ ਜਹਾਜ਼ਾਂ ਨਾਲ ਚੜ੍ਹ ਆਇਆ ਅਤੇ ਉਸ ਨੇ ਸਿਖੀ ਦੀ ਆਨ-ਸ਼ਾਨ ਸ੍ਰੀ ਦਰਬਾਰ ਸਾਹਿਬ ਤੇ ਗੋਲਿਆਂ ਦੀ ਵਰਖਾ ਸ਼ੁਰੂ ਕਰ ਦਿੱਤੀ ਤਾਂ ਅਸੀ ਕੀ ਕਰ ਸਕਾਂਗੇ ? ਬਾਬਾ ਬੰਦਾ ਸਿੰਘ ਬਹਾਦਰ ਨੇ ਵੀ ਸਡੌਰੇ ਦੀ ਜੰਗੇ ਸਮੇ ਉਸ ਮੰਦਰ ਅਤੇ ਮਸੀਤ ਨੂੰ ਅੱਗ ਲਾ ਹੀ ਦਿੱਤੀ ਸੀ ਜਿਸ ਵਿਚ ਵੈਰੀ ਜਾ ਲੁਕਿਆ ਸੀ । ਜੰਗਾਂ ਵਿਚ ਅਜੇਹੇ ਅਨਰਥ ਹੋਜਾਣੇ ਅਚੰਭੇ ਵਾਲੀ ਗਲ ਨਹੀਂ ਰਹਿ ਜਾਂਦੀ । ਤੇ ਪਿਛੋਂ ਸਵਾਏ ਰੌਲਾ ਪਾਉਣ ਦੇ ਅਸਾਂ ਕਰ ਕੁਝ ਵੀ ਨਹੀਂ ਸਕਣਾ ਅਤੇ ਪੰਥਕ ਵਿਕਾਰ ਖੇਹ ਵਿਚ ਰਲਾ ਲੈਣ ਦੇ ਜ਼ਿੰਮੇਵਾਰ ਬਣਾਂਗੇ । ਸੋ ਇਹ ਦਲੀਲ ਵੀ ਰੱਦ ਹੋ ਜਾਣੀ ਸੀ ।

ਸ) ਗੁਰੂ-ਦਰਬਾਰ ਲੱਗਣ ਵਾਲੇ ਥਾਂ ਜਿਥੇ ਸਤਿ ਸੰਗਤ ਜੁੜਦੀ ਹੋਵੇ ਅਤੇ ਏਕੋ ਨਾਮ ਦੀ ਵਿਆਖਿਆ ਹੁੰਦੀ ਹੋਵੇ, ਉਸ ਥਾਂ ਤੇ ਸਿਖਾਂ ਨੇ ਅੱਜ ਤੱਕ ਕਦੇ ਮੋਰਚਾ ਬੰਦੀ ਨਹੀਂ ਕੀਤੀ । ਗੁਰੂ ਹਰਗੋਬਿੰਦ ਸਾਹਿਬ ਜੀ ਕੋਲ ਸਰਕਾਰੀ ਫ਼ੌਜਾਂ ਨੂੰ ਭਾਜੜਾਂ ਪਾ ਸਕਣ ਦੀ ਸ਼ਕਤੀ ਵੀ ਹੈ ਸੀ ਪਰ ਫਿਰ ਵੀ, ਗਲ ਆ ਪਈ ਜੰਗ ਉਨ੍ਹਾਂ ਹਰਮੰਦਰ ਸਾਹਿਬ ਨਹੀਂ ਸੀ ਲੜੀ । ਬੀਬੀ ਵੀਰੋ ਜੀ ਦੀ ਸ਼ਾਦੀ ਦੇ ਸੰਬੰਧ ਵਿਚ ਤਿਆਰ ਹੋਈ ਸਮੱਗ੍ਰੀ ਵੀ ਦੁਸ਼ਮਣਾ ਗੋਚਰੀ ਕਰ ਕੇ ਆਪ ਝਬਾਲ ਚਲੇ ਗਏ ਸਨ । ਕਲਗ਼ੀਧਰ ਜੀ ਨੇ ਵੀ ਕੇਸਗੜ੍ਹ ਸਾਹਿਬ (ਜਿਥੇ ਪੰਜ ਪਿਆਰਿਆਂ ਦੀ ਚੋਣ ਹੋਏ ਸੀ ਅਤੇ ਜਿਥੇ ਰੋਜ਼ ਧਾਰਮਿਕ ਦੀਵਾਨ ਸਜਿਆ ਕਰਦਾ ਸੀ) ਤੇ ਜੰਗ ਨਹੀਂ ਸੀ ਲੜੀ, ਸਗੋਂ ਗੋਬਿੰਦਗੜ੍ਹ, ਲੋਹ ਗੜ੍ਹ ਆਦਿ ਅਡਰੇ ਕਿਲ੍ਹੇ ਬਣਾ

ਲਏ ਸਨ । ਹਰਿਮੰਦਰ ਸਾਹਿਬ ਦੇ ਵੇਹੜੇ ਵਿਚ ਮੋਰਚਾ ਬੰਦੀ ਕਰਨੀ ਪੰਥਕ ਬਦਕਿਸਮਤੀ ਸਿੱਧ ਹੋਵੇਗੀ । ਸੋ, ਇਹ ਸਕੀਮ ਸਿਰੇ ਨਹੀਂ ਸੀ ਚੜ੍ਹਨੀ ।

ਹ) ਜੇ ਉਸ ਜੰਗੀ ਕੌਂਸਲ ਵਿਚ ਕੋਈ ਜੋਸ਼ੀਲਾ ਜਰਨੈਲ, ਇਹ ਦਲੀਲ ਦਿੰਦਾ ਕਿ ਜੇ ਸਰਕਾਰੀ ਅਫ਼ਸਰਾਂ, ਮੁਖ਼ਬਰਾਂ, ਕਾਂਗਰਸੀ-- ਪਿਠੂਆਂ, ਵਧੀਕੀ ਕਰਨ ਵਾਲੇ ਜਰਵਾਣਿਆ, ਕਾਂਗਰਸੀਆਂ ਦੇ ਘਰ ਕੀਰਤਨ ਕਰਨ ਵਾਲੇ ਕੀਰਤਨੀਆਂ, ਸਿਖ ਮੋਰਚੇ ਦੀ ਵਿਰੋਧਤਾ ਦੇ ਲੇਖ ਲਿਖਣ ਵਾਲਿਆਂ, ਆਦਿ ਨੂੰ ਧੋਖੇ ਨਾਲ ਅਥਵਾ ਵਿਸਾਹ ਕੇ ਮਾਰ ਮੁਕਾਉਣ ਨਾਲ ਅਥਵਾ ਬੈਂਕਾਂ ਨੂੰ ਲੁੱਟਣ ਨਾਲ ਸਰਕਾਰ ਨੂੰ ਘਾਬਰਾਂ ਪਾ ਸਕਣ ਦਾ ਸੁਝਾ ਰੱਖਦਾ ਤਾਂ ਸੂਝਵਾਨ ਜਰਨੈਲਾਂ ਨੇ ਅਜੇਹੀ ਵਿਚਾਰ ਨੂੰ ਬੜੀ ਬੇਦਲੀਲੀ ਅਤੇ ਹਾਸੋਹੀਣੀ ਅਥਵਾ ਮੂਰਖਾਂ ਵਾਲੀ ਯਬਲੀ ਕਹਿਣਾ ਸੀ । ਭੁਚਾਲਾਂ, ਸੋਕਿਆਂ, ਤੂਫ਼ਾਨਾਂ ਆਦਿ ਨਾਲ ਲੱਖਾਂ ਮਨੁੱਖ ਮਰ ਜਾਂਦੇ ਹਨ, ਲੱਖਾਂ ਘਰ ਬਰਬਾਦ ਹੋ ਜਾਂਦੇ ਹਨ, ਜੰਗਾਂ ਦੇ ਸਮੇਂ ਸੈਂਕੜੇ ਜਰਨੈਲ, ਹਜ਼ਾਰਾਂ ਅਫ਼ਸਰ, ਲੱਖਾਂ ਸਪਾਹੀ ਮਾਰੇ ਜਾਂਦੇ ਹਨ, ਪਰ ਸਰਕਾਰਾਂ ਕਦੇ ਫ਼ੇਹਲ ਨਹੀਂ ਹੋਈਆਂ । ਅਤੇ ਸਿਆਣਿਆਂ ਲੀਡਰਾਂ ਨੇ, ਅਜੇਹੇ ਜੰਗੀ ਢੰਗ ਨੂੰ ਗੁਰੂ ਨਾਨਕ ਜੀ ਦੇ ਸਿਰਜੇ ਹੋਏ ਉਚ ਗੁਣਾ ਵਾਲੇ ਖ਼ਾਲਸੇ ਦੇ ਮੂੰਹ ਤੇ ਲੁੱਕ ਲਿਪ ਦੇਣ ਵਾਲੀ ਕਰਤੂਤ ਘੋਸ਼ਤ ਕਰ ਦੇਣਾ ਸੀ । ਅਜੇਹੀ ਸੋਚ ਕਰਨ ਵਾਲੇ ਨੂੰ ਸੂਝਵਾਨ ਅਤੇ ਤਜਰਬੇਕਾਰ ਜਥੇਦਾਰਾਂ ਨੇ ਹਜ਼ਾਰਾਂ ਲੱਖਾਂ ਬੇਗੁਨਾਹ ਗੁਰਸਿੱਖਾਂ ਨੂੰ ਮਾਰ ਮੁਕਾਉਣ ਦਾ ਸਰਕਾਰ ਲਈ ਰਸਤਾ ਤਿਆਰ ਕਰ ਦੇਣ ਵਾਲਾ, ਸਰਕਾਰੀ ਬੰਦਾ ਹੋਣ ਦਾ ਦੋਸ਼ੀ ਠਹਿਰਾ ਕੇ ਜੰਗੀ ਕੌਂਸਲ ਵਿਚੋਂ ਕੱਢ ਦੇਣ ਵਾਲੀ ਵਿਚਾਰ ਵਿਚ ਪੈ ਜਾਣਾ ਸੀ ।

ਸੋ ਦੁਸ਼ਮਣ ਮੰਨ ਕੇ ਸਰਕਾਰ ਵਿਰੁੱਧ ਮੋਰਚਾ ਲਾਉਣ ਦੀਆਂ ਗੰਭੀਰਤਾਂ ਨਾਲ ਵਿਚਾਰਾਂ ਹੁੰਦੀਆਂ ਤਾਂ ਏਸੇ ਨਤੀਜੇ ਤੇ ਪੁੱਜਣਾ ਸੀ ਕਿ ਬੰਦੂਕ ਦੀ ਲੜਾਈ ਸਹੇੜ ਲੈਣ ਨਾਲ ਕਿਸੇ ਪ੍ਰਾਪਤੀ ਦੇ ਥਾਂ ਤਬਾਹੀ ਬਹੁਤ ਹੋਣੀ ਹੈ ਅਤੇ ਪੰਥ ਲਈ ਮੂੰਹ-ਕਾਲਖ ਵਾਧੂ ਦੀ ਖੱਟ ਲੈਣ ਦੀ ਸੰਭਾਵਣਾ ਬਹੁਤ ਹੋਣੀ ਹੈ ।

ਫਿਰ ਪਹਿਲਾਂ ਵਰਗੇ ਸ਼ਾਂਤਮਈ ਮੋਰਚੇ ਦੀ ਗੱਲ ਤੁਰਦੀ, ਅਤੇ ਗਰਮ ਸੁਭਾ ਵਾਲਿਆਂ ਨੇ ਇਹੀ ਦਲੀਲ ਦੇਣੀ ਸੀ ਕਿ--" ਸ਼ਾਂਤ ਮਈ ਦੀ ਬੋਲੀ ਬਥੇਰੀ ਬੋਲਕੇ ਵੇਖ ਲਈ ਹੈ । ਹਿੰਦੂ ਸਰਕਾਰ ਸ਼ਾਂਤਮਈ ਦੀ ਭਾਸ਼ਾ ਨਹੀਂ ਸਮਝ ਸਕਦੀ । ਇਸ ਬੇਅਸੂਲੀ ਸਰਕਾਰ ਨਾਲ ਗਰਮ ਜੰਗ ਹੀ ਸੂਤ ਰਹਿਣੀ ਹੈ " ਆਦਿ । ਸੱਚੀ ਗੱਲ ਮੂੰਹ ਤੇ ਕਰ ਸਕਣ ਵਾਲੇ ਕਿਸੇ ਲੀਡਰ ਨੇ ਝੱਟ ਬੋਲ ਪੈਣਾ ਸੀ :----

ਇਹ ਕਹਿਣਾ ਕਟਿਲਤਾ ਭਰਿਆ ਕੋਰਾ ਝੂਠ ਹੋਵੇਗਾ ਕਿ ਪਹਿਲੇ ਸ਼ਾਂਤਮਈ ਮੋਰਚੇ ਬੇ-ਅਸਰ ਸਿੱਧ ਹੁੰਦੇ ਰਹੇ ਸਨ । ਬਿਨਾਂ ਕਿਸੇ ਸੰਦੇਹ ਦੇ, ਇਹ ਕਿਹਾ ਜਾ ਸਕਦਾ ਹੈ ਕਿ ਹਰ ਮੋਰਚੇ ਦੇ ਸਮੇਂ ਸਰਕਾਰ ਘਾਬਰ ਜਾਂਦੀ ਰਹੀ ਹੈ । ਪਰ ਸੁਆਰਥੀ ਜਥੇਦਾਰ ਹੀ ਹਰ ਵਾਰੀ ਸਰਕਾਰ ਦੇ ਮਾਇਆ ਜਾਲ ਵਿਚ ਫ਼ਸ ਜਾਂਦਾ ਰਿਹਾ ਹੈ, ਅਤੇ ਸਰਕਾਰ ਨਾਲ ਸੰਧੀ ਕਰਕੇ ਪੰਥਕ ' **ਜਿਤ** ' ਨੂੰ **ਹਾਰ** ਵਿਚ ਬਦਲ ਦਿੰਦਾ ਰਿਹਾ ਹੈ । ਸਰਕਾਰ ਆਪਣੇ ਸੁਭਾ ਅਨੁਸਾਰ ਫਿਰ ਆਪਣਿਆਂ ਬਚਨਾਂ ਤੋਂ ਮੁੱਕਰ ਜਾਂਦੀ ਸੀ, ਅਤੇ ਲੀਡਰ ਫਿਰ ਉਹੀ--**ਮੁੱਕਰ ਗਈ**--**ਧੋਖਾ ਦੇ ਗਈ**---ਵਾਲਾ ਰੋਣਾ ਲੈ ਬੈਠਦਾ ਸੀ । ਅੱਗੇ ਤੋਂ ਸੁਚੇਤ ਹੋ ਜਾਣ ਦੇ ਥਾਂ ਆਪਣੀ ਲਾਲਸਾ ਲਿਬੜੀ ਗੰਭੀਰ ਭੁੱਲ ਨੂੰ ਲੁਕਾਉਂਣ ਲਈ, ਲੀਡਰ ਜੀ ਨੇ ਆਪਣਾ ਅਜ਼ਮਾਇਆ ਹੋਇਆ ਪੁਰਾਣਾ ਢੰਡੋਰਾ ਪਿੱਟਣਾ ਫ਼ੇਰ ਅਰੰਭ ਕਰ ਦੇਣਾ--**ਸਰਕਾਰ ਠੱਗ ਨਿਕਲੀ**---**ਆਖ ਕੇ ਮੁੱਕਰ ਗਈ**--**ਸਾਡੇ ਨਾਲ ਧੋਖਾ ਹੋਇਆ**--ਆਦਿ ਪੁਰਾਣੇ ਨਾਅਰੇ ਲਾ ਕੇ ਪੰਥ ਨੂੰ ਮੁੜ ਮੁੜ ਭੁਲੇਖੇ ਵਿਚ ਪਾ ਦਿੱਤਾ ਜਾਂਦਾ ਸੀ ।

ਥੋਹੜਾ ਚਿਰ ਅਟਕ ਕੇ--ਪੰਥ ਲਈ ਗੰਭੀਰ ਖ਼ਤਰਾ ਆ ਬਣਿਆ--ਦਾ ਰੌਲਾ ਪਾ ਦੇਣਾ । ਭਰੋਸਾ ਦਾਨ ਦੀ ਮੰਗ ਕਰਨ ਵਾਲੇ ਦੂਲੇ ਪੰਥ ਦੇ ਭਰੋਸੇ ਨੂੰ ਮੁੜ ਤਾਜ਼ੀ ਸੱਟ ਮਾਰਨ ਵਾਸਤੇ ਫਿਰ ਮੋਰਚੇ ਦਾ ਬਿਗੁਲ ਵਜਾ ਦੇਣਾ । ਪਰਮਾਤਮ ਕੀ ਫ਼ੌਜ, ਦੂਲੇ ਪੰਥ ਨੇ ਆਪਣੇ ਜਥੇਦਾਰ ਦਾ ਹੁਕਮ ਮੰਨ ਕੇ ਮੋਰਚਾ ਫੇਰ ਅਜੇਹਾ ਗਰਮ ਕਰ ਦੇਣਾ ਕਿ ਦੁਸ਼ਮਣ ਦੇ ਦਰਬਾਰੀਆਂ ਨੂੰ ਭਾਜੜਾਂ ਪਾ ਜਾਣੀਆਂ । ਪਰ ਹਾਏ ਅਫ਼ਸੋਸ ! ਖ਼ਾਲਸਈ ਅਣਖ ਅਤੇ ਤਿਆਗ ਤੋਂ ਸੱਖਣੇ, ਪੰਥ ਦੇ ਸਿਆਸਤਦਾਨ ਲੀਡਰ ਨੇ ਫਿਰ **ਮਾਂ ਸਰਕਾਰ** ਦੀ ਮਰਜ਼ੀ ਦੀ ਸੰਧੀ ਕਰ ਲੈਣੀਂ ਤੇ ਰਾਜਸੀ ਕੁਰਸੀ ਤੇ ਜਾ ਬਿਰਾਜਣਾ । ਛੇਤੀ ਹੀ ਸਰਕਾਰ ਨੂੰ ਚਿੰਤਾ ਲੱਗ ਜਾਣੀ ਕਿ ਕਿਤੇ ਇਸ ਲਾਲਚੀ ਜਥੇਦਾਰ ਨੂੰ ਸਰਕਾਰ ਦੀ ਕੁਰਸੀ ਦਾ ਸੁਆਦ ਹੀ ਨਾ ਪੈ ਜਾਏ । ਉਸ ਨੇ ਬਹਾਨਾ ਘੜ ਕੇ ਪੰਥ ਦੇ ਲੀਡਰ ਦੇ ਥਲਿਉਂ ਕੁਰਸੀ ਖਿੱਚ ਲੈਣੀ । ਫਿਰ ਉਹੀ ਡਰਾਮਾ ਅਰੰਭ ਹੋ ਜਾਣਾ । **ਮੁੱਕਰ ਗਈ**--**ਧੋਖਾ ਹੋ ਗਿਆ**--**ਸਰਕਾਰ ਸਿੱਖਾਂ ਦੀ ਦੁਸ਼ਮਣ ਹੈ**--ਆਦਿ ਦੇ ਢੰਡੋਰੇ । ਤੇ ਫਿਰ ਮੋਰਚਾ, ਅਤੇ ਅੰਦਰ-ਖਾਨੇ ਫਿਰ ਸੰਧੀ । ਲੀਡਰ ਨਵੇਂ ਤੋਂ ਨਵੇਂ ਭੇਸ ਵਿਚ ਪੰਥਕ ਸਟੇਜ ਤੇ ਆਇਆ ਅਤੇ **ਮਾਂ-ਸਰਕਾਰ** ਦੀਆਂ ਖ਼ੁਸ਼ੀਆਂ ਮਾਣਦਾ ਹੋਇਆ, ਕੱਲ੍ਹ ਦਾ ਪੈਰਾਂ ਤੋਂ ਨੰਗਾ ਪੰਥਕ ਲੀਡਰ, ਵੱਧ ਤੋਂ ਵੱਧ ਮਾਇਆ ਅਤੇ ਜਾਇਦਾਦਾਂ ਦਾ ਮਾਲਕ ਬਣਦਾ ਹੀ ਚਲਾ ਗਿਆ । ਪਰ ਪੰਥ ਦੇ ਸਿਰ ਤੋਂ ' ਸਖ਼ਤ ਖ਼ਤਰੇ ਵਾਲਾ ਭੂਤ ' ਦੂਰ ਨਾ ਹੋਣਾ ਸੀ ਅਤੇ ਨਾ ਹੀ ਹੋਇਆ । ਆਖ਼ਰ ਅੱਜ-- **ਸਰਕਾਰ ਨੂੰ ਸ਼ਾਂਤ ਮਈ ਵਾਲੀ ਬੋਲੀ ਦੀ ਸਮਝ ਹੀ ਨਹੀਂ ਆਉਂਦੀ ।** (ਫੜ ਲਉ ਪਸਤੌਲ ਤੇ ਮੋਟਰ ਸਾਈਕਲ ਅਤੇ ਕਰੀ ਜਾਉ ਆਤਮ ਹੱਤਿਆ) ਫਿਰ ਸ਼ਾਇਦ ਕੋਈ ਲੀਡਰ ਇਹ ਆਖਣ ਦੀ ਦਲੇਰੀ ਕਰ ਹੀ ਲੈਂਦਾ---ਆਉ ਅਸੀਂ ਵੀ ਅੱਜ ਸਾਰੇ ਜਣੇ ਆਪਨੜੇ ਗਿਰੀਬਾਨ ਵਿਚ ਸਿਰ ਨੀਵਾਂ ਕਰ ਵੇਖੀਏ । ਕੀ ਸਾਡੇ ਅੰਦਰ ਦੀ ਕਿਸੇ ਨੁੱਕਰੇ ਸਰਕਾਰੀ ਕੁਰਸੀ ਦੀ ਲਾਲਸਾ ਲੁਕੀ ਹੋਈ ਤੇ ਨਹੀਂ ਹੈ ?

ਸਤਿਕਾਰ ਯੋਗ ਸਿੰਘ ਸਾਹਿਬ ਜੀਓ ! ਜੇ ਕਦੇ ਪੰਥਕ ਲੀਡਰਾਂ ਨੇ ਸੱਚੇ ਦਿਲੋਂ ਆਪਣੀ ਦੁਸ਼ਮਣ ਮੰਨ ਲਿਆ ਹੁੰਦਾ ਤਾਂ ਫਿਰ ਉਸ ਨਾਲ ਲੜਾਈ ਛੇੜਨ ਤੋਂ ਪਹਿਲਾਂ ਅਜੇਹੀਆਂ ਵਿਚਰਾਂ ਜ਼ਰੂਰ ਕੀਤੀਆਂ ਜਾਣੀਆਂ ਸਨ । ਫਿਰ ਇਸ ਬਹਾਦਰਾਂ ਕੀ ਕੌਮ ਦੀ ਅਗਵਾਈ ਏਡੀ ਗ਼ੈਰ ਜ਼ਿਮੇਵਾਰੀ ਨਾਲ, ਘਰ ਫ਼ੂਕ ਕੇ ਤਮਾਸ਼ਾ ਵੇਖਣ ਵਾਲੀ ਰੁਚੀ ਨਾਲ ਨਾ ਕੀਤੀ ਜਾਂਦੀ । ਜਿਸ ਪਾਸੇ ਪੰਥ ਦੇ ਨੌਨਿਹਾਲ ਨੂੰ ਤੋਰ ਦਿੱਤਾ ਗਿਆ ਹੋਇਆ ਹੈ, ਇਹ ਨਿਰਾ ਧਾਰਮਿਕ ਅਤੇ ਕੌਮੀ ਬਦਨਾਮੀ ਦਾ ਰਸਤਾ ਹੈ । ਇਹ ਉਸ ਰਾਹ ਹੈ ਜਿਸ ਤੇ ਸਿੱਖ ਨੂੰ ਪਾ ਦੇਣ ਲਈ, ਇਹ ਚਾਣਕੀਆ ਨੀਤੀ ਵਾਲੀ ਸਰਕਾਰ, ਬੜੀ ਦੇਰ ਤੋਂ ਬੇਚੈਨ ਸੀ । ਸਾਰੇ ਸਿੱਖ ਇਤਿਹਾਸ ਵਿਚ ਕੋਈ ਇੱਕ ਵੀ ਮਿਸਾਲ ਨਹੀਂ ਮਿਲਦੀ ਦਿਥੇ ਕਿਸੇ ਸਿੱਖ ਨੇ ਕਿਸੇ ਨਿਹਥੇ ਨੂੰ ਮਾਰਿਆ ਹੋਵੇ ਜਾਂ ਕਿਸੇ ਹਥਿਆਰ ਬੰਦ ਨੂੰ ਵਿਸਾਹ ਕੇ ਜਾਂ ਧੋਖੇ ਨਾਲ ਮਾਰਿਆ ਹੋਵੇ । ਗੁਰੂ ਦੇ ਘਰ ਦੇ ਸਾਹਮਣੇ ਆ ਕੇ ਲਲਕਾਰ ਰਹੇ ਜਾਨ ਦੇ ਵੈਰੀ ਨੂੰ ਵੀ ਸਤਿਗੁਰਾਂ ਨੇ ਪਹਿਲਾਂ ਵਾਰ ਕਰ ਲੈਣ ਦਾ ਮੌਕਾ ਦਿੱਤਾ ਸੀ । ਗੁਰੂ ਹਰਗੋਬਿੰਦ ਜੀ ਕੋਲ ਅਥਵਾ ਗੁਰੂ ਗੋਬਿੰਦ ਸਿੰਘ ਜੀ ਕੋਲ ਅਜੇਹੇ ਸੂਰਮਿਆਂ ਦੀ ਘਾਟ ਨਹੀਂ ਸੀ ਜਿਹੜੇ ਭੇਸ ਬਦਲ ਕੇ ਦਿਲੀ ਅਥਵਾ ਲਾਹੌਰ ਦੇ ਤਾਜਦਾਰਾਂ ਨੂੰ ਧੋਖੇ ਨਾਲ ਕਤਲ ਕਰ ਸਕਦੇ ਸਨ ।

ਜਿਹੜੇ ਸੂਰਮੇ ਸਖ਼ਤ ਪਹਿਰਿਆਂ ਵਾਲੇ ਕਿਲ੍ਹਿਆਂ ਵਿਚ ਬੱਝੇ ਘੋੜੇ ਲਿਆ ਸਕਦੇ ਸਨ ਕੀ ਉਹ ਕਿਸੇ ਤਾਜਦਾਰ ਦੀ ਤਖ਼ਤ ਤੇ ਬੈਠੇ ਦਾ ਸੀਸ ਨਹੀਂ ਸਨ ਉਤਾਰ ਸਕਦੇ ? ਪਰ ਨਿਰਵੈਰ ਸਤਿਗੁਰਾਂ ਨੇ ਵੈਰ ਭਾਵਣਾ ਵਾਲਾ ਅਜੇਹਾ ਨੀਚ ਕਰਮ ਕਦੇ ਨਹੀਂ ਸੀ ਹੋਣ ਦਿੱਤਾ । ਜਿਸ ਔਰੰਹਜ਼ੇਬ ਨੇ ਕਲਗ਼ੀਧਰ ਜੀ ਦਾ ਪਰਮ ਸਤਿਕਾਰ ਯੋਗ ਪਿਤਾ ਅਤੇ ਮਾਸੂਮ ਬੱਚੇ ਕਤਲ ਕਰਾਏ ਪਰ ਨਿਰਵੈਰ ਸਤਿਗੁਰੂ ਨੇ ਆਪ ਜੰਗ ਵਿਚ ਉਲਝ ਕੇ ਉਸੇ ਜ਼ਾਲਮ ਔਰੰਗਜ਼ੇਬ ਦੇ ਲੜਕੇ ਨੂੰ ਦਿੱਲੀ ਤੇ ਤਖ਼ਤ ਤੇ ਬਿਠਾਇਆ ਸੀ ।

ਦੂਜੀ ਵਿਸ਼ੇਸ਼ ਗੱਲ ਇਹ ਹੈ ਕਿ ਜਿਸ ਨੂੰ ਤੁਸੀਂ ਵੀ ਆਜ਼ਾਦੀ ਵਾਲਾ ਪੰਥਕ ਮੋਰਚਾ ਕਹੀ ਜਾ ਰਹੇ ਹੋ ਇਸ ਸੰਘਰਸ਼ ਨਾਲ ਸਵਾਏ ਬਦਨਾਮੀ ਦੇ ਹੋਰ ਮਿਲਣਾ ਕੁੱਛ ਨਹੀਂ ਹੈ । ਇਸ ਨਾਲ ਸਰਕਾਰ ਨੂੰ ਨਹੀਂ, ਸਗੋਂ ਸਿੱਖ ਪੰਥ ਨੂੰ ਪ੍ਰੇਸ਼ਾਨੀਆਂ ਆਉਣੀਆਂ ਹਨ । ਬੀਬੀ ਇੰਦ੍ਹਾ ਦਾ ਕਤਲ ਅਤੇ ਸਿਖਾਂ ਦਾ ਸਮੂਹਕ ਕਤਲ, ਇੱਕੋ ਸਕੀਮ ਦਾ ਨਤੀਜਾ ਸੀ । ਸਿਖਾਂ ਦੀਆਂ ਜਾਨਾਂ, ਜਾਇਦਾਦਾਂ ਅਤੇ ਧੀਆਂ ਭੈਣਾ ਦੀ ਪੱਤ ਦਾ ਸਮੂਹਕ ਨਾਸ ਕਰਵਾ ਕੇ ਹਿੰਦ ਸਰਕਾਰ ਨੇ ਸਿੱਖ ਦੇ ਵਿਕਾਰ ਨੂੰ ਖੇਹ ਵਿਚ ਰਲਾਉਣ ਦੀ ਯੋਜਨਾਂ ਘੜੀ ਹੋਈ ਸੀ । ਪੰਥ ਨੂੰ ਭੁਲੇਖੇ ਵਿਚ ਪਾਈ ਰਖਣ ਲਈ ਸਿੱਖ ਲੀਡਰਾਂ ਲਈ ਇੱਕ ਹੋਰ ਵਧੀਆ ਨਾਅਰਾ ਲੱਭ ਗਿਆ ਹੈ । ਸਿਖਾਂ ਦੀ ਰੁਚੀ ਹੁਣ ਇਸ ਪਾਸੇ ਲਾਈ ਰੱਖਣਗੇ ਕਿ (ਖ਼ਾਲਿਸਤਾਨ ਦੀ ਪ੍ਰਾਪਤੀ ਦੇ ਸੰਘਰਸ਼ ਨਾਲੋਂ ਵੀ ਵੱਧ ਜ਼ਰੂਰੀ ਅਤੇ ਲਾਹੇਵੰਦ ਸੰਘਰਸ਼) ਹੁਣ ਦਿਲੀ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾ ਕਰਾ ਕੇ ਦਮ ਲੈਣ ਵਾਲਾ ਹੈ । ਬਸ ਭੋਲੇ ਖ਼ਾਲਸੇ ਨੇ ਇਸ ਲਾਰੇ ਦੇ ਪਿੱਛੇ ਲੱਗ ਤੁਰਨਾਂ ਹੈ ਅਤੇ ਲੀਡਰਾਂ ਦਾ ਹਲਵਾ ਮੰਡਾ, ਦਿਲੀ ਦੇ ਹੋਟਲਾਂ ਦੇ ਖ਼ਰਚ ਅਤੇ ਰੇਲਾਂ ਬਸਾਂ ਦੇ ਕਰਾਇਆਂ ਤੇ ਪੰਥਕ ਖ਼ਰਚ ਕਰਨ ਦਾ ਬਹਾਨਾ ਬਣ ਗਿਆ । ਵੇਖ ਲਏਉ ਦਿੱਲੀ ਸਰਕਾਰ ਨੇ ਕਿਸੇ ਇੱਕ ਵੀ ਕਾਤਲ ਨੂੰ ਹੱਥ ਨਹੀਂ ਪਾਉਣਾ । ਸਰਕਾਰ ਆਪ ਹੀ ਤਾਂ ਦੰਗੇ ਕਰਨ ਵਾਲੀ ਸੀ ਫਿਰ ਕੋਈ ਮੂਰਖ ਹੀ ਹਊ ਜਿਹੜਾ ਇਹ ਸਮਝੇ ਕਿ ਦੰਗਿਆਂ ਦੇ ਦੋਸ਼ੀਅਆਂ ਨੂੰ ਸਰਕਾਰ ਨੇ ਕੈਦ ਕਰ ਦੇਣਾ ਹੈ । ਜੋ ਹੋਇਆ ਅਤੇ ਜੋ ਅੱਗੇ ਹੋਰ ਹੋਣਾ ਹੈ, ਸਭ ਕੁਝ ਸਿੱਖ ਲੀਡਰਾਂ ਦੀ ਸਲਾਹ ਨਾਲ ਹੀ ਵਾਪਰਨਾ ਹੈ । ਜਿਨ੍ਹਾਂ ਗ਼ੱਦਾਰਾਂ ਨੇ ਮਹਾਰਾਜਾ ਰੰਜੀਤ ਸਿੰਘ ਵੇਲੇ ਦਾ ਖ਼ਾਲਸਾ ਰਾਜ ਖ਼ਤਮ ਕੀਤਾ ਸੀ ਉਨ੍ਹਾਂ ਦੀ ਅੱਜ ਪੰਥ ਵਿਚ ਭਰਮਾਰ ਹੈ । ਤੁਸੀਂ ਗੁਰੂ ਘਰ ਦੇ ਕੀਰਤਨੀਏ ਹੋ ਅਤੇ ਤੁਹਾਨੂੰ ਗੁਰਮਤਿ ਗਿਆਨ ਵੀ ਪੂਰਾ ਹੈ । ਤੁਹਾਡੀ ਸੇਵਾ ਵਿਚ ਦੁਹਾਈ ਹੈ ਤੁਸੀਂ ਸੁਹਿਰਦਤਾ ਨਾਲ ਕੁਝ ਬਹੁੜੀ ਕਰੋ । ਦੁਨੀਆਂ ਦੀ ਹਿਸਟਰੀ ਵਿਚ ਇਹ ਪਹਿਲੀ ਮਿਸਾਲ ਹੈ ਕਿ ਕਿਸੇ ਪੇਸ਼ਾਵਰ ਰਾਗੀ ਨੂੰ ਬਹਾਦਰਾਂ ਦੀ ਕੌਮ ਦੀ ਲੀਡਰੀ ਮਿਲੀ ਹੈ । ਸਾਬਤ ਕਰ ਦਿਉ ਕਿ ਇਕ ਰਾਗੀ ਵੀ ਵਧੀਆਂ ਲੀਡਰ ਬਣ ਸਕਦਾ ਹੈ ।

ਆਪ ਜੀ ਕੋਲ ਰਾਗ ਦਾ ਜਾਦੂ ਹੈ । ਇਸ ਜਾਦੂ ਨੂੰੰ ਵਰਤ ਕੇ ਸਿਖੀ ਦੀ ਕੀਮਤੀ ਪਨੀਰੀ ਨੂੰ ਸਮਝਾਉ ਕਿ ਨਿਰੀ ਗੋਲੀ ਨੇ ਕਦੇ ਵੀ ਕਿਸੇ ਦਾ ਕੁਝ ਨਹੀਂ ਸੁਆਰਿਆ । ਨਿਆਰੀ ਆਭਾ ਵਾਲਾ ਸੁੱਚਾ ਆਚਰਨ, ਤਿਆਗੀ ਸੁਭਾ, ਸਹਿਨਸ਼ੀਲਤਾ, ਗੰਭੀਰਤਾ, ਖਿਮਾ, ਹਰ ਸੁਆਸ ਨਾਲ ਪ੍ਰਭੂ ਦੀ ਯਾਦ ਅਤੇ ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਜਿਹੜਾ ਸੰਘਰਸ਼ ਵਿਢਿਆ ਜਾਵੇ ਉਸ ਵਿਚ ਨਾਕਾਮੀ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੋ ਸਕਦਾ । <u>ਕਿਸੇ ਨਿਹੱਥੇ ਅਤੇ ਅਵੇਸਲੇ ਕਮਜ਼ੋਰ ਮਨੁੱਖ ਦੀ ਜਾਨ ਲੈਣੀ, ਗੁਰੂ ਦੇ ਹੁਕਮਾਂ ਦੀ ਉਲੰਙਣਾ ਹੈ ।</u> ਗੁਰੂ ਦਾ ਤੀਰ ਕੇਵਲ ਉਸ ਜ਼ਾਲਮ ਵੱਲ ਗਿਆ ਜਿਹੜਾ ਆਪਣੀ ਆਤਮਾ ਨੂੰ ਮਾਰ ਚੁੱਕਾ ਹੋਇਆ ਸੀ ਅਤੇ ਮਨੁੱਖਤਾ ਲਈ ਖ਼ਤਰਾ ਬਣਿਆ ਹੋਇਆ ਸੀ ਅਤੇ ਕਿਸੇ ਦੂਜੇ ਢੰਗ ਨਾਲ ਬਾਜ ਹੀ ਨਹੀਂ ਸੀ ਆਉਂਦਾ । ਵਿਸ਼ਵਾਸ਼ ਘਾਤ ਕਰਕੇ, ਅਤੇ ਨਿਹੱਥੇ ਅਤੇ ਤਰਲੇ ਕਰਦੇ ਮਨੁੱਖ ਦੀ ਜਾਨ ਲੈਣੀ ਰੱਬ ਦਾ ਘਰ ਢਾਉਣਾ ਹੈ । ਗੁਰਬਾਣੀ ਨੇ ਮਨੁੱਖਾ ਸਰੀਰ ਨੂੰ ਹਰਿਮੰਦਰ ਕਿਹਾ ਹੈ । ਮਨੁੱਖਾ-ਦੇਹੀ ਨੂੰ ਸਤਿਗੁਰਾਂ ਨੇ ਪ੍ਰਭੂ ਦਾ ਘਰ ਫ਼ੁਰਮਾਇਆ ਹੈ :--

੧) **ਹਰਿ ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ ਹਰਿ ਤਿਸੁ ਮਹਿ ਰਹਿਆ ਸਮਾਏ ਰਾਮ ॥- - ੪ ॥** (੫੪੨-੧)

੨) **ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁ ਗੜੁ ॥ ਅੰਦਰਿ ਲਾਲ ਜਵਹਰੀ ਗੁਰਮੁਖਿ ਹਰਿ ਨਾਮੁ ਪੜੁ ॥**
**ਹਰਿ ਕਾ ਮੰਦਰੁ ਸਰੀਰ ਅਤਿ ਸੋਹਣਾ ਹਰਿ ਹਰਿ ਨਾਮੁ ਦਿੜੁ ॥** [੯੫੨]-ਵਾਰ--੧੧

੩) **ਮਨਮੁਖ ਹਰਿ ਮੰਦਰਿ ਕੀ ਸਾਰ ਨ ਜਾਣਨੀ ਤਿਨੀ ਜਨਮੁ ਗਵਾਤਾ ॥** [੯੫੩]-ਵਾਰ--੧੨

੪) **ਕਾਇਆ ਮਹਲੁ ਮੰਦਰੁ ਘਰੁ ਹਰਿ ਕਾ, ਤਿਸੁ ਮਹਿ ਰਾਖੀ ਜੋਤਿ ਅਪਾਰ ॥** [੧੨੫੬]--੫

੫) **ਕਾਇਆ ਨਗਰਿ ਬਸਤ ਹਰਿ ਸੁਆਮੀ ਹਰਿ ਨਿਰਭਉ ਨਿਰਵੈਰੁ ਨਿਰੰਕਾਰਾ ॥** [੭੨੦]---੪

ਜੇ ਅਸੀਂ ਹਰੀ ਦੇ ਮੰਦਰਾਂ ਨੂੰ ਬੇਦਰਦੀ ਨਾਲ ਗਿਰ ਰਹੇ ਹਾਂ ਤਾਂ ਯਾਦ ਰਖਣਾ ਚਾਹੀਦਾ ਹੈ ਕਿ ਸਾਨੂੰ ਵੀ ਕਦੇ ਇਜ਼ਤ ਮਾਣ ਵਾਲਾ ਤੁਤੰਤਰ ਰਾਜ ਕਦੇ ਨਹੀਂ ਮਿਲਣਾ । ਪੇਂਡੂ ਅਖਾਣ ਹੈ ਕਿ--ਡਿੱਗੀ ਖੋਤੀ ਤੋਂ ਤੇ ਗੁੱਸਾ ਘਮਿਆਰ ਤੇ--ਕਿਡੀ ਮੰਦਭਾਗੀ ਘੜੀ ਆ ਬਣੀ ਹੈ ਕਿ, ਗੁਰੂ ਦਾ ਨਿਆਰਾ ਪੰਥ ਦੋਸ਼ੀ ਤਾਂ ਹਿੰਦ ਸਰਕਾਰ ਦੇ ਸੰਚਾਲਕ ਨੂੰ ਮੰਨਦਾ ਹੈ ਪਰ ਕਤਲ ਕਰੀ ਜਾਂਦਾ ਹੈ ਨਿਰਦੋਸ਼ ਤੇ ਨਿਤਾਣੀ ਪਰਜਾ ਨੂੰ ।

**ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥ ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥** (੪੭੮-ਵਾਰ-੨੧) । ਸਵੇਰ ਦਾ ਭੁੱਲਾ ਜੇ ਸ਼ਾਮ ਨੂੰ ਘਰ ਪਰਤ ਆਏ ਤਾਂ ਉਸ ਨੂੰ ਭੁਲਿਆ ਨਹੀਂ ਕਿਹਾ ਜਾਂਦਾ । ਅੱਜ ਤੱਕ ਦੇ ਤਜਰਬੇ ਨੇ ਏਹੀ ਸਿੱਧ ਕੀਤਾ ਹੈ ਕਿ ਬੰਦੂਕ ਦੀ ਵਰਤੋਂ ਨੇ ਨਮੋਸ਼ੀ, ਸ਼ਰਮਿੰਦਗੀ, ਬਦਨਾਮੀ ਅਤੇ ਤਬਾਹੀ ਦੇ ਸਿਵਾ ਹੋਰ ਕੁਝ ਨਹੀਂ ਦਿੱਤਾ ।

## <u>ਵਿਚਾਰ ਦੀ ਗੱਲ</u>:---

ਜੇ ਹਿੰਦ ਸਰਕਾਰ ਅਥਵਾ ਇੰਦਰਾ ਸਕਾਰ ਨੂੰ--**ਰੁੱਸੀ ਹੋਈ ਮਾਂ ਜੀ**--ਸਮਝੀ ਰੱਖਣ ਦੇ ਥਾਂ ਉਸ ਨੂੰ ਖ਼ਤਰਨਾਕ ਦੁਸ਼ਮਣ ਘੋਸ਼ਤ ਕਰ ਦਿੱਤਾ ਗਿਆ ਹੁੰਦਾ ਤਾਂ ਫ਼ਿਰ ਦੁਸਮਣ ਦੀ ਕਿਸੇ ਵਧੀਕੀ ਦਾ ਰੋਸ ਕਿਉਂ ਕਰਨਾ ਹੋਇਆ ? ਅਜੇਹੇ ਦੁਸ਼ਮਣ ਨਾਲ ਫਿਰ ਸਾਂਝ ਕਿਸ ਗੱਲ ਦੀ ? ਸਰਕਾਰ ਨਾਲੋਂ ਹਰ ਪ੍ਰਕਾਰ ਦੇ ਸੰਬੰਧ ਤੋੜ ਕੇ ਪੂਰਨ ਨਾ-ਮਿਲ-ਵਰਤਨ ਦਾ ਸੱਦਾ ਦੇ ਦੇਣਾ ਚਾਹੀਦਾ ਹੈ । ਵਾਹੀਕਾਰ ਸਿੱਖ ਕੇਵਲ ਸਿਖਾਂ ਦੇ ਖਾਣ ਜੋਗਾ ਹੀ ਅੰਨ ਪੈਦਾ ਕਰਨ । ਆਪਣੇ ਖੂਹ ਚਾਲੂ ਕਰ ਲੈਣ ਅਤੇ ਮੁਢਲਿਆਂ ਢੰਗਾਂ ਨਾਲ ਗੁਜ਼ਾਰਾ ਕਰਨ ਦੀ ਸਾਧਨਾਂ ਅਰੰਭ ਕਰ ਦੇਣ । ਬਿਜਲੀ, ਪਾਣੀ, ਖਾਦਾਂ ਆਦਿ ਕਿਸੇ ਪ੍ਰਕਾਰ ਦੀ ਸਰਕਾਰੀ ਸਹਾਇਤਾ ਨਾ ਲਵੋਂ । ਕੋਈ ਕਰਾਇਆ ਜਾਂ ਲਗਾਨ ਨਹੀਂ ਦੇਣਾ , ਸਿੱਖ ਦੀ ਕਮਾਈ ਦਾ ਇੱਕ ਦਾਣਾ ਅਤੇ ਇੱਕ ਪੈਸਾ ਵੀ ਸਰਕਾਰੀ ਖਜ਼ਾਨੇ ਵਿਚ ਨਾ ਜਾਵੇ । ਫ਼ੋਜ, ਪੁਲਸ ਤੋਂ ਅਰੰਭ ਹੋ ਕੇ ਕਿਸੇ ਵੀ ਮਹਿਕਮੇ ਵਿਚ ਸਿੱਖ ਨਾ ਰਹੇ ।

ਵਕੀਲ, ਜੱਜ ਸਾਰੇ ਦੇ ਸਾਰੇ ਤਿਆਗ ਪੱਤ੍ਰ ਦੇ ਦੇਣ । ਹਿੰਦੂ ਨੂੰ ਅਥਵਾ ਸਾਰੀ ਜੰਤਾ ਨੂੰ ਆਪਣੀ ਹਮਦਰਦ ਸਮਝੋ । ਦੁਸ਼ਮਣ ਸਿਰਫ਼ ਸਰਕਾਰ ਹੈ । ਗੁਰੂ ਦੀ ਸਿਖਿਆ ਅਨੁਸਾਰ ਚੱਲ ਕੇ ਆਪਣਾ ਆਚਰਨ ਉਹੀ ਬਣਾਉ ਜਿਸ ਤੇ ਚੱਲ ਲੇ ਸਿੰਘਾ ਨੇ ਸ਼ਕਤੀ ਸ਼ਾਲੀ ਰਾਜ ਬਣਾ ਲਿਆ ਸੀ । ਦਫ਼ਤਰਾਂ ਦੇ ਘਿਰਾਉ ਯੋਜਨਾਂ ਬੱਧ ਢੰਗ ਨਾਲ ਕੀਤੇ ਜਾਣ, ਬੱਸਾ, ਰੇਲਾਂ ਆਦਿ ਦਾ ਕੋਈ ਕਰਾਇਆ ਨਾ ਦਈਏ । ਪਿਤਾ ਕਲਗ਼ੀਧਰ ਤੇ ਮਾਤਾ ਸਾਹਿਬ ਦੇਵਾਂ ਜੀ, ਰਿਹਾਇਸ਼ ਅਨੰਦਪੁਰ ਸਾਹਿਬ--ਲਿਖਾ ਕੇ ਜੇਲ੍ਹਾਂ ਨੂੰ ਤੁਰੇ ਜਾਈਏ ।

ਕਿਸੇ ਬਹਾਨੇ ਨਾਲ ਜੇ ਸਰਕਾਰ ਸਖ਼ਤੀ ਤੇ ਉਤਰ ਆਵੇ ਤਾਂ ਵਾਹਗੁਰੂ ਸਤਿਨਾਮ ਦਾ ਜਾਪ ਕਰਦੇ, ਚਰਖੜੀਆਂ ਤੇ ਚੜ੍ਹਨ ਨੂੰ, ਬੰਦ ਬੰਦ ਕਟਾਉਣ ਨੂੰ, ਖੋਪਰੀਆਂ ਲੁਹਾਉਣ ਨੂੰ, ਆਰਿਆਂ ਨਾਲ ਚੀਰੇ ਜਾਣ ਨੂੰ, ਉਬਲਦੀਆਂ ਦੇਗਾਂ ਵਿਚ ਬੈਠਣ ਨੂੰ ਤਿਆਰ ਹੋ ਜਾਉ । ਮੰਦਾ ਸ਼ਬਦ ਕਿਸੇ ਲਈ ਵੀ ਨਹੀਂ ਵਰਤਨਾ । " **ਮੰਦਾ ਕਿਸੇ ਨਾ ਆਖ** ", " **ਇਕ ਫਿਕਾ ਨਾ ਗਲਾਇ** "--ਕਿਉਂਕਿ--**ਫਿਕਾ ਬੋਲ ਵਿਗੁਚਣਾ**--ਇਣ੍ਹਨਾਂ ਗੁਰੂ ਹੁਕਮਾਂ ਨੂੰ ਕਦੇ ਨਾ ਭੁੱਲੀਏ । ਹੱਸਦੇ, ਖਿੜਦੇ, ਸ਼ਬਦ ਗਾਉਂਦੇ ਸ਼ਹੀਦੀਆਂ ਦੀ ਝੜੀ ਲਾ ਦੇਈਏ । ਕਿਸੇ ਨੂੰ ਜਾਨੋ ਮਾਰ ਦੇਣਾ ਘਟੀਆ ਕਿਸਮ ਦੀ ਬੁਜ਼ਦਿਲੀ, ਅਥਵਾ ਨੀਚ ਜ਼ਾਲਮਾਂ ਵਾਲੀ ਕਾਇਰਤਾ ਹੈ । ਪਰ ਤਸੀਹੇ ਸਹਾਰਦਿਆਂ ਹੋਇਆਂ ਮੌਤ ਨੂੰ **ਜੀ--ਆਇਆਂ** ਆਖਣਾ ਅਦੁਤੀ ਸੂਰਮਤਾਈ ਹੈ । ਅਤੇ ਅਜੇਹੇ ਸ਼ਹੀਦਾਂ ਦੇ ਲੋਕ ਸੋਹਲੇ ਗਾਉਂਦੇ ਹਨ । ਪੰਥ ਦੇ ਇਸ ਫੈਸਲੇ ਦੇ ਵਿਰੋਧੀ ਹੋ ਕੇ ਸਰਕਾਰੀਆ ਬਣ ਜਾਣ ਵਾਲੇ ਸਿੱਖ ਨੂੰ ਪੂਰੀ ਪੜਤਾਲ ਉਪਰੰਤ ਪੰਥ ਦੀ ਮੋਰਚਾ ਕੌਂਸਲ ਪੰਥਕ-ਗ਼ੱਦਰ ਘੋਸ਼ਤ ਕਰ ਦੇਵੇ ਅਤੇ ਉਹ ਆਪਣੇ ਪਰਿਵਾਰ ਸਮੇਤ ਅਜੋਕੇ ਬੰਦੀਕ ਧਾਰੀਆਂ ਦੀ ਕਚਹਿਰੀ ਵਿਚ ਪੇਸ਼ ਕਰ ਦਿੱਤਾ ਜਾਵੇ । ਆਪਣੀ ਕੌਮ ਨਾਲ ਗ਼ੱਦਾਰੀ ਕਰਨ ਵਾਲੇ ਨੀਚਾਂ ਨੂੰ ਕੀ ਸਜ਼ਾ ਮਿਲੀ ? ਇਸ ਬਾਰੇ ਸੋਚਣ ਦੀ ਕਿਸੇ ਨੂੰ ਵੀ ਪਰਵਾਹ ਨਹੀਂ ਹੋਣੀ । ਫਿਰ ਜੇ ਕਦੇ ਸਰਕਾਰ ਵਲੋਂ ਸੁਲਾਹ ਕਰਨ ਲਈ ਪੰਥਕ ਜਥੇਦਾਰ ਨੂੰ ਸੱਦਾ ਮਿਲੇ ਤਾਂ ਉਸ ਦਾ ਇੱਕੋ ਉੱਤਰ ਹੋਵੇ-- " ਤੁਸੀਂ ਬੇ ਇਤਬਾਰੇ ਦੁਸ਼ਮਣ ਹੋ, ਅਸੀਂ ਤਹਾਡੇ ਨਾਲ ਨਹੀਂ ਰਹਿ ਸਕਦੇ, ਸਾਨੂੰ ਸਾਰਿਆਂ ਨੂੰ ਜਾਂ ਮਾਰ ਦਿਉ ਜਾਂ ਸਾਡੇ ਹਿੱਸੇ ਦਾ ਥਾਂ ਵੱਖਰਾ ਕਰ ਦਿਉ " ਆਦਿ । ਅੰਦਰ ਖਾਤੇ ਜਾਂ ਦਿੱਲੀ ਜਾ ਕੇ ਗਿਟ-ਮਿਟ ਕਰਨ ਵਾਲਾ ਲੀਡਰ ਪੰਥਕ ਗ਼ੱਦਾਰ ਮੰਨਿਆਂ ਜਾਵੇ ਅਤੇ ਝੁਜਾਰੂਆਂ ਦੇ ਹਵਾਲੇ ਹੋਵੇ। ਵੱਧ ਤੋਂ ਵੱਧ ਇੱਕ ਸਾਲ ਵਿਚ ਪੰਥ ਦਾ ਮਸਲਾ ਸਦਾ ਲਈ ਹੱਲ ਹੋ ਸਕਦਾ ਹੈ ਪਰ ਇਹ ਕਦਮ ਤਦ ਪੁੱਟੋ ਜਦ ਪੰਥ ਨੂੰ ਇਸ ਸੰਘਰਸ਼ ਲਈ ਸਦਾ ਵਾਸਤੇ ਤਸੀਹੇ ਝੱਲ ਸਕਣ ਲਈ ਤਿਆਰ ਕਰ ਲਵੋ । ਸ਼ਿਕਾਰ ਭਾਵੇਂ ਗਿੱਦੜ ਦਾ ਕਰਨਾ ਹੋਵੇ ਪਰ ਤਿਆਰੀ ਸ਼ੇਰ ਦੇ ਸ਼ਿਕਾਰ ਦੀ ਕਰਨੀ ਚਾਹੀਦੀ ਹੈ । ਫਿਰ ਇਨ੍ਹਾਂ ਬੰਦੂਕ ਧਾਰੀ ਸੂਰਮਿਆਂ ਦੀਆਂ ਕੁਰਬਾਨੀਆਂ ਨਾਲ ਪੰਥ ਵਿਚ ਇਤਫ਼ਾਕ ਵੀ ਆਪਣੇ ਆਪ ਹੋ ਜਾਣਾ ਹੈ ।

ਸਿੰਘ ਸਾਹਿਬ ਵਰਤੋ ਆਪਣੇ ਰਾਗ ਦਾ ਅਤੇ ਭਾਸ਼ਨ ਦੇਣ ਦੀ ਕਲਾ ਦਾ ਜਾਦੂ, ਮਿਲਾਉ ਆਪਣੇ ਨਾਲ ਸੁਲਝੇ ਰਾਗੀ, ਦਿਲਬਰ ਵਰਗੇ ਢਾਡੀ ਅਤੇ ਪੰਥਕ ਪਿਆਰ ਵਾਲੇ ਬੁਲਾਰੇ । ਭਰ ਦਿਉ ਪੰਥ ਵਿਚ ਪੁਰਾਤਨ ਸਿੰਘਾ ਵਾਲੀ ਦ੍ਰਿੜਤਾ ਅਤੇ ਜੋੜ ਦਿਉ ਇਨ੍ਹਾਂ ਨੂੰ ਗਰਮਤਿ ਸਿਧਾਂਤ ਨਾਲ । ਅੱਜ ਜਦ ਕਿ ਪੰਥਕ-ਤਾਣੀ ਬੁਰੀ ਤਰ੍ਹਾਂ ਉਲਝ ਚੁੱਕੀ ਹੇ ਜੇ ਤੁਸੀਂ ਪੰਥ ਨੂੰ ਅਜੇਹਾ ਮੋੜ ਦੇਣ ਵਿਚ ਸਫ਼ਲ ਹੋ ਜਾਵੋਂ ਤਾਂ ਫਿਰ ਇਹ ਪਹਿਲੇ ਅਤੇ ਆਖ਼ਰੀ **ਰਾਗੀ-ਜਥੇਦਾਰ ਦੀ ਅਲੋਕਾਰ ਕਰਾਮਾਤ** ਹੋਵੇਗੀ । ਗੁਰੂ ਨਾਨਕ ਜੀ ਦੀ ਵਡਮੁੱਲੀ ਸੇਵਾ ਹੋਵੇਗੀ । ਤੁਹਾਡਾ ਨਾਮ ਸਿਖੀ ਦੇ ਇਤਿਹਾਸ ਵਿਚ, **ਸਵਰਨ ਅੱਖਰਾਂ** ਨਾਲ ਲਿਖਿਆ ਜਾਵੇਗਾ ।

ਦਾਸ ਆਪਣਾ ਇਹ ਪੱਤਰ ਡਬਲ ਰਜਿਸਤ੍ਰੀ ਰਾਹੀਂ ਆਪ ਜੀ ਦੀ ਸੇਵਾ ਵਿਚ ਭੇਜ ਰਿਹਾ ਹੈ, ਡਰ ਹੈ ਕਿ ਕਿਤੇ ਸਰਕਾਰੀ ਸੰਸਰ ਦੀ ਕੈਂਚੀ ਦੀ ਭੇਟਾ ਨਾ ਹੋ ਜਾਵੇ । ਆਪ ਤਕ ਇਹ ਪੱਤਰ ਪੁਚਾ ਸਕਣ ਲਈ ਇਸ ਦੇ ਉਤਾਰੇ ਅਖ਼ਬਾਰਾਂ ਨੂੰ ਵੀ ਭੇਜ ਰਿਹਾ ਹਾਂ । ਜੇ ਪੜ੍ਹ ਲਵੋ ਤਾਂ ਭੁਲੇਖੇ ਦੂਰ ਕਰ ਦੇਣ ਦੀ ਕਿਰਪਾਲਤਾ ਕਰ ਦੇਣੀ । ਗੁਰੂ ਪੰਥ ਦਾ ਦਾਸ

ਫ਼ੋਨ: (604) 383--5443

ਗੁਰਬਖ਼ਸ਼ ਸਿੰਘ
੧੨੧੦--ਟੋਪੈਜ਼ ਵਿਕਟੋਰੀਆ । B.C

## ੯

# ਕ੍ਰਿਸ਼ਨ ਅਵਤਾਰ

ਇਸ ਲੇਖ ਨੂੰ ਉਚੇਚੇ ਤੌਰ ਤੇ ਲਿਖਣ ਦਾ ਕਾਰਨ ਇੱਕ ਅਜੇਹੀ ਪੁਸਤਕ ਹੈ ਜਿਸ ਵਿਚ ਲਿਖਾਰੀ ਨੇ ਕਲਗ਼ੀਧਰ ਜੀ ਨੂੰ ਕ੍ਰਿਸ਼ਨ ਸਿੱਧ ਕਰਕੇ ਇਹ ਲਿਖਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲੇ ਸਿੱਖਾਂ ਦਾ ਧਰਮ ਬਣਦਾ ਹੈ ਕਿ ਉਹ **ਕ੍ਰਿਸ਼ਨ ਜੀ ਨੂੰ ਵਾਹਿਗੁਰੂ** ਸਮਝਣ । ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਦੀ ਖੰਡਨਾ ਕਰਕੇ ਲੇਖਕ ਨੇ, ਸਿੱਖ ਪੰਥ ਨੂੰ ਬਿੱਪ੍ਰਨ ਕੀ ਰੀਤ ਨਾਲ ਜੋੜਣ ਦੀ ਰੁਚੀ ਬਣਾਉਂਣ ਲਈ ਬੜਾ ਘਾਤਕ ਭੁਲੇਖਾ ਪਾਇਆ ਹੋਇਆ ਹੈ ।

ਸਮਾਜਕ ਵਿਗਿਆਨ ਦੀ ਸ਼ਾਖ ਹਰਮੀਨੀਉਟਿਕਸ (Hermeneutics) ਦੇ ਵਿਦਵਾਨਾਂ ਦੀ ਰਾਇ ਇੱਕ ਵਾਰੀ ਫਿਰ ਯਾਦ ਕਰ ਲਈਏ ਕਿ--"**ਕਿਸੇ ਖ਼ਾਸ ਸ਼ਬਦ ਜਾਂ ਤੁਕ ਦੇ ਸਥਾਈ ਅਰਥ ਕਰਕੇ ਕਿਸੇ ਗ੍ਰੰਥ ਦੇ ਸਿਧਾਂਤ ਬਾਰੇ ਸਿੱਟਾ ਕੱਢਣਾ ਬਿਲਕੁਲ ਗ਼ਲਤ ਹੈ ਅਥਵਾ ਹੂੜ ਮੱਤ ਹੈ । ਹਰ ਤੁਕ ਦਾ ਭਾਵ ਪੂਰੀ ਪੁਸਤਕ ਅਥਵਾ ਗ੍ਰੰਥ ਦੇ ਸਮੁਚੇ ਆਸ਼ੇ ਦੇ ਅਨਕੂਲ ਹੋਣਾ ਚਾਹੀਦਾ ਹੈ** " । ਸਿੱਖੀ ਦੇ ਵੈਰੀਆਂ ਦੀ ਗੱਲ ਤਾਂ ਕੀ ਕਰਨੀ ਹੈ ਆਪਣੇ ਆਪ ਨੂੰ ਪੱਕੇ ਗੁਰਸਿੱਖ ਅਤੇ ਗੁਰਮਤਿ ਦੇ ਗਿਆਤਾ ਸਮਝਣ ਵਾਲੇ ਵੀ ਗੁਰਬਾਣੀ ਦੀ ਇੱਕ ਅੱਧੀ ਤੁੱਕ ਦੇ ਅੱਖਰੀ ਅਰਥਾਂ ਤੋਂ, (ਕਿਸੇ ਰੋਕ ਟੋਕ ਦਾ ਖ਼ਤਰਾ ਨਾ ਹੋਣ ਦੇ ਕਾਰਨ) ਗੁਰੂ ਗ੍ਰੰਥ ਸਾਹਿਬ ਦਾ ਸਿਧਾਂਤ ਵਿਗਾੜਨ ਦੀ ਭੁੱਲ ਕਰ ਰਹੇ ਹਨ।

ਸਿੱਖ ਪੰਥ ਦੇ ਸਰਬਰਾਹਾਂ ਦੀ ਅਣਗਹਿਲੀ ਦੇ ਕਾਰਨ ਹੀ, ਗੁਰਬਾਣੀ ਦੇ ਸ਼ਬਦ ਅਥਵਾ ਤੁਕਾਂ ਦੀ ਗ਼ਲਤ ਵਰਤੋਂ ਕਰਕੇ ਗੁਰੂ ਨਾਨਕ ਦੇਵ ਜੀ, ਗੁਰੂ ਰਾਮਦਾਸ ਜੀ, ਕਬੀਰ ਜੀ, ਨਾਮਦੇਵ ਜੀ ਆਦਿ ਸਤਿਕਾਰ ਜੋਗ ਭਗਤਾਂ ਨੂੰ ' ਕ੍ਰਿਸ਼ਨ-ਭਗਤ " ਅਤੇ ਕਲਗ਼ੀਧਰ ਜੀ ਨੂੰ ਕ੍ਰਿਸ਼ਨ

ਉਪਾਸ਼ਕ ਹੋਣ ਤੋਂ ਅਗਾਂਹ ਟੱਪ ਕੇ ਸਿੱਧਾ **ਕ੍ਰਿਸ਼ਨ ਭਗਵਾਨ** ਸਿੱਧ ਕਰਨ ਵਾਸਤੇ ' ਕ੍ਰਿਸ਼ਨ ਭਗਵਾਨ ਤੇ ਕਲਗੀਧਰ ' ਨਾਮਕ ਪੁਸਤਕ ਲਿਖੀ ਹੋਈ ਹੈ । ਪੁਸਤਕ ਦੇ ਅਰੰਭਕ ਸਫ਼ਿਆਂ ਤੇ ਕ੍ਰਿਸ਼ਨ ਜੀ ਅਤੇ ਕਲਗ਼ੀਧਰ ਜੀ ਦੀਆਂ ਤਸਵੀਰਾਂ ਹਨ । ਪੁਸਤਕ ਦਾ ਲਿਖਣ ਢੰਗ ਅਜੇਹਾ ਭੁਲੇਖਾ ਪਾਊ ਹੈ ਕਿ ਲਿਖਾਰੀ ਨੂੰ ਪੱਕਾ ਗੁਰ ਸਿੱਖ ਸਮਝ ਕੇ ਉਸ ਦੇ ਗੁਰਮਤ ਵਿਰੋਧੀ ਪਰਚਾਰ ਦੀ ਅਸਲੀਅਤ ਨੂੰ ਸਮਝਣਾ ਔਖਾ ਹੈ । ਸਧਾਰਨ ਸਿੱਖ ਅਛੋਪਲੇ ਹੀ ਕ੍ਰਿਸ਼ਨ ਭਗਤੀ ਕਬੂਲ ਕਰ ਲੈਂਦਾ ਹੈ । ਜਿਸ ਅੰਮ੍ਰਿਤ ਧਾਰੀ ਅਤੇ ਪੰਜਾਂ ਕਕਾਰਾਂ ਦੇ ਪੱਕੇ ਰਹਿਤੀਏ ਗੁਰਸਿੱਖ ਦੇ ਘਰੋਂ ਦਾਸ ਨੂੰ ਇਹ ਪੁਸਤਕ ਮਿਲੀ ਹੈ ਉਸ ਨੇ ਸ੍ਰੀ ਮਦ ਭਾਗਵਤ ਪੁਰਾਣ ਨੂੰ ਬੜਾ ਪਵਿਤਰ ਅਤੇ ਉਚ ਕੋਟੀ ਦਾ ਅਧਿਆਮਕ ਗਿਆਨ ਦੇਣ ਵਾਲਾ ਸਤਿਕਾਰ ਯੋਗ ਗ੍ਰੰਥ ਸਮਝ ਕੇ, ਨੇਮ ਨਾਲ ਪਾਠ ਕਰਨ ਲਈ ਰਖਿਆ ਹੋਇਆ ਸੀ ਅਤੇ ਉਸ ਵਿਚਲੀਆਂ ਕਥਾ-ਕਹਾਣੀਆਂ ਬੜੀ ਸ਼ਰਧਾ ਨਾਲ ਆਪਣੇ ਪਰਿਵਾਰ ਨੂੰ ਸੁਣਾਇਆ ਕਰਦਾ ਸੀ । ਕਲਗੀਧਰ ਜੀ ਦੀ ਤਸਵੀਰ ਵਾਂਗ ਹੀ ਕ੍ਰਿਸ਼ਨ ਜੀ ਦੀ ਤਸਵੀਰ ਵੀ ਸ਼ੀਸ਼ੇ ਵਿਚ ਮੜ੍ਹਾ ਕੇ ਆਪਣੇ ਸਿਰਹਾਣੇ ਟਿਕਾਈ ਹੋਈ ਸੀ । ਗੁਰੂ ਨੇ ਕਿਰਪਾ ਕੀਤੀ ਜੋ ਦਾਸ ਦੇ ਬਚਨ ਸੁਣ ਕੇ ਉਸ ਸੁਹਿਰਦ ਅਤੇ ਭੋਲੇ ਭਾ ਹੀ ਸ਼ਰਧਾ ਬਣ ਲੈਣ ਵਾਲੇ ਗੁਰੂ ਕੇ ਲਾਲ ਨੇ, ਕ੍ਰਿਸ਼ਨ ਭਗਤੀ ਤਿਆਗ ਕੇ ਹਥ ਵਿਚਲੀ ਇਹ ਪੁਸਤਕ--**ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ**--ਲਿਖਵਾਉਂਣੀ ਸ਼ਬਦ ਗੁਰ ਦੀ ਉੱਤਮ ਸੇਵਾ ਸਮਝ ਲਈ ।

ਗਿਆਨੀ ਈਸ਼ਰ ਸਿੰਘ ਨਾਰਾ ਜੀ ਨੇ ਗੁਰਬਾਣੀ ਦੇ ਜਿਹੜੇ ਸ਼ਬਦ ਵਰਤ ਕੇ ਘਾਤਿਕ ਭੁਲੇਖੇ ਪਾਏ ਹਨ ਉਨ੍ਹਾਂ ਗੁਰੂ-ਸ਼ਬਦਾਂ ਦੇ ਅਰਥ ਗੁਰਮਤ ਅਨੁਸਾਰ ਸਮਝਾ ਕੇ ੧੯੭੪ ਤੋਂ ਲਗਾਤਾਰ ਪੈ ਰਹੇ ਭੁਲੇਖਿਆਂ ਨੂੰ ਦੂਰ ਕਰਨ ਲਈ ਉਪਰਾਲਾ ਕਰਨ ਦਾ ਪੰਥਕ ਅਤੇ ਧਾਰਮਿਕ ਫ਼ਰਜ਼, ਸ਼੍ਰੋਮਨੀ ਕਮੇਟੀ ਦੇ ਪ੍ਰਧਾਨ ਦਾ ਹੈ । ਵਿਰੋਧੀ ਧਾਰਨਾ ਵਾਲੀ ਪੁਸਤਕ ਦੇ ਲੇਖਕ ਕੋਲੋਂ ਅਜੇਹਾ ਕਰਨ ਬਾਰੇ ਪੁੱਛ ਕਰਨ ਦਾ ਅਧਿਕਾਰ-ਖੇਤਰ ਵੀ ਸ਼੍ਰੋਮਨੀ ਜਥੇਦਾਰਾਂ ਕੋਲ ਹੀ ਹੈ । ਪੰਥ ਦਰਦੀਆਂ ਦਾ ਇਸ ਪਾਸੇ ਧਿਆਨ ਦਿਵਾਉਣ ਲਈ ਇਹ ਹਥ ਵਿਚਲਾ ਉਚੇਚਾ ਲੇਖ, ਇਸ ਨਿਮਾਣੇ ਦਾਸ ਦਾ ਨਿਮਾਣਾ ਜਿਹਾ ਯਤਨ ਹੈ । ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਅਥਵਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਦੇ ਲਿਖੇ ਦੀ, ਪੰਥ ਵਿਚ ਉਚੇਚੀ ਕੀਮਤ ਹੈ, ਦਾਸ ਵਰਗੇ ਗੁਮਨਾਮ ਅਤੇ ਮਾਮੂਲੀ ਸੂਝ ਬੂਝ ਵਾਲੇ ਗ਼ਰੀਬੜੇ ਮਨੁੱਖ ਨੇ ਭਾਂਵੇਂ ਹਰ ਅੱਖਰ ਗੁਰਬਾਣੀ ਗਿਆਨ ਅਤੇ ਗੁਰਮਤਿ ਸਿਧਾਂਤ ਦੇ ਅਨਕੂਲ ਵੀ ਲਿਖਿਆ ਹੋਵੇ ਫਿਰ ਵੀ ਸ਼ਾਇਦ ਹੀ ਹੈ ਜੋ ਕਿਸੇ ਗੁਰਮੁਖ ਦੀ ਨਜ਼ਰੀਂ ਚੜ੍ਹ ਸਕੇ । ਨਾਮਣੇ ਦੀ ਛਾਪ ਦਾ ਨਿਆਰਾ ਹੀ ਅਸਰ ਹੁੰਦਾ ਹੈ ।

**ਗੁਰਮਤਿ ਸਿਧਾਂਤ ਦਾ ਸਤਿਕਾਰ**--ਗੁਰਬਾਣੀ ਦੇ ਅਰਥ ਕਰਨ ਸਮੇਂ ਗੁਰਮਤ ਸਿਧਾਂਤ ਦੇ ਹਰ ਪੱਖ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ । ਗੁਰਮਤ ਦੇ ਕਿਸੇ ਵੀ ਸਿਧਾਂਤ ਦੀ ਜੇ ਉਲੰਙਣਾ ਹੁੰਦੀ ਦਿਸੇ ਤਾਂ ਝੱਟ ਸਮਝ ਲੈਣਾ ਚਾਹੀਦਾ ਹੈ ਕਿ, ਅਰਥ ਸਮਝਣ ਵਿਚ ਜ਼ਰੂਰ ਕਿਤੇ ਗੰਭੀਰ ਭੁੱਲ ਹੋਈ ਹੈ । ਗੁਰਮਤਿ ਦੇ ਆਸ਼ੇ ਨੂੰ ਵਿਗਾੜਨ ਲਈ, ਗੁਰੂ ਸ਼ਬਦ ਦੇ, ਜਾਂ ਗੁਰੂ ਬਾਣੀ ਦੀ ਕਿਸੇ ਵੀ ਤੁਕ ਦੇ ਮਨਮੱਤੀ ਅਰਥ ਕਰਨ ਵਾਲਾ, ਜਾਂ ਅਗਿਆਨੀ ਹੈ, ਜਾਂ ਬਿੱਪ੍ਰ ਹੈ ਅਤੇ ਜਾਂ ਫਿਰ ਉਹ ਗੁਰੂ-ਘਰ ਦੇ ਨਿੰਦਕ, ਦਾ ਏਜੰਟ ਹੈ । ਵਿਰੋਧੀ ਧਾਰਨਾ ਵਾਲੀ ਪੁਸਤਕ ਲਿਖਣ ਵਾਲੇ ਵੀਰ ਨੇ ਜਿਨ੍ਹਾਂ ਗੁਰਮਤਿ ਸਿਧਾਤਾਂ ਦੀ ਘੋਰ ਉਲੰਙਣਾ ਕੀਤੀ ਹੈ, ਪਹਿਲਾਂ ਉਨ੍ਹਾਂ ਦੀ ਵਿਚਾਰ ਕਰਦੇ ਹਾਂ :--

**ੳ)** ਸਿੱਖ ਧਰਮ ਦੇ ਮੂਲ ਮੰਤ੍ਰ ਦਾ ਅਥਵਾ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਪਹਿਲਾ ਅੱਖਰ **੧**, ਵੱਖ ਵੱਖ ਤਿੰਨ ਦੇਵਤਿਆਂ ਦੀਆਂ ਕਥਿਤ ਸ਼ਕਤੀਆਂ ਦਾ ਖੰਡਨ ਕਰਕੇ ਉਤਪਤੀ, ਪ੍ਰਲੈ ਅਤੇ (ਮਾਤਾ ਪਿਤਾ) ਵਾਂਗ ਪਾਲਣਾ ਕਰਨ ਵਾਲੇ ਕੇਵਲ ਇੱਕ ਅਕਾਲ ਪੁਰਖ ਨੂੰ ਹੀ ਜਾਂਣਨ ਦਾ ਗਿਆਨ ਦ੍ਰਿੜ ਕਰਾਉਂਦਾ ਹੈ । ਗੁਰਮਤਿ ਦੇ ਇਸ ਜ਼ਰੂਰੀ ਸਿਧਾਂਤ ਨੂੰ ਗੁਰੂ ਗ੍ਰੰਥ ਸਾਹਿਬ ਜੀ ਨੇ ਆਪਣੀ ਬਾਣੀ ਵਿਚ ਹੋਰ ਵੀ ਕਈ ਥਾਂਈਂ ਦ੍ਰਿੜ ਕਰਾਇਆ ਹੈ:--

੨੬- **ਨਿਹਚਲੁ ਏਕੁ ਸਚਾ ਸਚੁ ਸੋਈ ॥ ਜਿਨਿ ਕਰਿ ਸਾਜੀ ਤਿਨਹਿ ਸਭ ਗੋਈ੧ ॥**
**ਓਹੁ ਗੁਰਮੁਖਿ ਜਾਪੈ ਤਾਂ ਪਤਿ ਹੋਈ ॥ ੬ ॥** [੨੨੭]--੧੪ ੧= ਲੈ ਕਰ ਦਿੱਤੀ, ਖ਼ਤਮ ਕੀਤੀ, ਆਪੇ ਵਿਚ ਸਮਾ ਲਈ ।

**ਅਰਥ:**--ਸਦਾ ਅਟੱਲ ਰਹਿਣ ਵਾਲਾ ਕੇਵਲ ਇੱਕੋ ਇੱਕ ਪਰਮਾਤਮਾ ਹੀ ਜੈ, ਜਿਸ ਨੇ ਇਹ ਸਾਰੀ ਸ੍ਰਿਸ਼ਟੀ ਰਚੀ ਹੈ, ਉਹ ਆਪ ਹੀਇਸ ਨੂੰ ਆਪਣੇ ਅੰਦਰ ਲੈ ਲਰ ਲੈਂਦਾ ਹੈ । ਜਦੋਂ ਗੁਰੂ ਦੇ ਹੁਕਮ ਅਨੁਸਾਰ ਵਿਚਰਨ ਗਿਝ ਜਾਣ ਨਾਲ ਉਹ ਪਰਮਾਤਮਾ ਹਰ ਥਾਂ ਵੱਸਦਾ ਦਿਸ ਪਏ (ਤਾਂ ਆਤਮਕ ਜੀਵਨ ਪਲ੍ਰਦਾ ਹੈ) ਤਦੋਂ ਇਸ ਨੂੰ ਪ੍ਰਭੂ ਦੀ ਹਜ਼ੂਰੀ ਵਿਚ ਟਿਕੇ ਰਹਿਣ ਵਾਲਾ ਆਦਰ ਮਿਲਦਾ ਹੈ । [ ਨੋਟ--ਪੂਰ ਗੁਰੂ ਸ਼ਬਦ ਤੀਜੇ ਕਾਂਡ ਦੇ ੯੧ ਨੰਬਰ ਤੇ ਆ ਚੁੱਕਾ ਹੈ}

੨੭- **ਦੀਨ ਦੈਆਲ ਸਦਾ ਕਿਰਪਾਲਾ ਸਰਬ ਜੀਆ ਪ੍ਰਤਿਪਾਲਾ ॥**
**ਓਤਿ ਪੋਤਿ ਨਾਨਕ ਸੰਗਿ ਰਵਿਆ ਜਿਉ ਮਾਤਾ ਬਾਲ ਗੋੁਪਾਲਾ ॥ ੪ ॥**[੬੭੨]-੭

**ਅਰਥ:**--ਪ੍ਰਭੂ ਦੀਨਾ ਉਤੇ ਦਇਆ ਕਰਨ ਵਾਲਾ ਹੈ, ਸਦਾ ਹੀ ਮਿਹਰਬਾਨ ਰਹਿੰਦਾ ਹੈ, ਸਾਰੇ ਜੀਆਂ ਦੀ ਆਪ ਹੀ ਪਾਲਣਾ ਕਰਦਾ ਹੈ । ਜਿਵੇਂ ਮਾਂ ਆਪਣੇ ਬੱਚੇ ਨੂੰ ਸਦਾ ਚਿਤ ਵਿਚ ਰਖਦੀ ਹੈ, ਇਸੇ ਤਰ੍ਹਾਂ ਉਹ ਗੋਪਾਲ-ਪ੍ਰਭੂ ਤਾਣੇ-ਪੇਟੇ ਵਾਂਗ ਉਸ ਮਨੁੱਖ ਦੇ ਨਾਲ ਮਿਲਿਆ ਰਹਿੰਦਾ ਹੈ (ਜਿਸ ਨੂੰਹਰਿ-ਨਾਮ ਦਾ ਸੁਆਦ ਆ ਜਾਂਦਾ ਹੈ) । ੪ ।

ਗੁਰਮਤ ਦੇ ਇਸ ਸਿਧਾਂਤ ਦਾ ਖ਼ਿਆਲ ਨਾ ਰੱਖ ਕੇ ਇਹ ਕਹਿਣਾ ਅ-ਸਿਖੀ ਹੈ ਕਿ ਪ੍ਰਭੂ ਦੀ ਕੇਵਲ ਹਸਤੀ ਤੋਂ ਬਿਨਾਂ ਕੋਈ ਦੂਜੀ ਸ਼ਕਤੀ ਵੀ ਜਗਤ ਰਚਨਾ ਵਿਚ ਕਿਸੇ ਤਰ੍ਹਾਂ ਦੀ ਭਾਈਵਾਲ ਹੈ ।

**ਅ)** ਉਸ ਅਥਾਹ, ਅਗੰਮ, ਅਗੋਚਰ ਸ਼ਕਤੀ ਦਾ ਰੰਗ ਰਪੂ, ਚਕ੍ਰ ਚਿਹਨ ਕੋਈ ਨਹੀਂ ਹੈ । ਨਿਰ-ਅਕਾਰ ਹੋਣ ਕਰਕੇ ਉਸ ਨੂੰ ਆਪਣੀ ਕੁਦਰਤ ਤੋਂ ਅੱਡ, ਕਿਸੇ ਵੀ ਹੋਰ ਦ੍ਰਿਸ਼ਟਮਾਨ ਰੂਪ ਵਿਚ ਅੱਜ ਤਾਈਂ ਕਿਸੇ ਨੇ ਨਹੀਂ ਵੇਖਿਆ । ਪ੍ਰਭੂ ਆਪਣੇ ਭਗਤ ਦੇ ਹਿਰਦੇ ਅੰਦਰ ਹੀ ਪ੍ਰਗਟ ਹੁੰਦਾ ਹੈ :

੨੮- **ਹਰਿ ਅਗਮੁ ਅਗੋਚਰੁ ਅਗਮੁ ਹਰਿ ਕਿਉਕਰਿ ਹਰਿ ਦਰਸਨੁ ਪਿਖਾ ॥ ਕਿਛੁ ਵਖਰੁ ਹੋਇ ਸੁ ਵਰਨੀਐ ਤਿਸੁ ਰੂਪੁ ਨ ਰਿਖਾ ॥ ਜਿਸੁ ਬੁਝਾਏ ਆਪਿ ਬੁਝਾਇ ਦੇਇ ਸੋਈ ਜਨੁ ਦਿਖਾ ॥ ਸਤਿਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ ॥ ਧਨੁ ਧੰਨੁ ਸੁ ਰਸਨਾ ਧੰਨੁ ਕਰ ਧੰਨੁ ਸੁ ਪਾਧਾ ਸਤਿਗੁਰੂ ਜਿਤੁ ਮਿਲਿ ਹਰਿ ਲੇਖਾ ਲਿਖਾ ॥ ੮ ॥** [੧੩੧੬]-ਵਾਰ

**ਅਰਥ:**--ਮੈਂ ਪਰਮਾਤਮਾ ਦਾ ਦਰਸ਼ਨ ਕਿਵੇਂ ਕਰ ਸਕਦਾ ਹਾਂ ? ਉਹ ਤਾਂ ਅਪਹੁੰਚ ਹੈ, ਉਸ ਤਕ ਗਿਆਨ ਇੰਦ੍ਰਿਆਂ ਦੀ ਪਹੁੰਚ ਨਹੀਂ ਹੋ ਸਕਦੀ । ਜੇ ਕੋਈ ਖ਼ਰੀਦਿਆ ਜਾ ਸਕਣ ਵਾਲਾ ਪਦਾਰਥ ਹੋਵੇ ਤਾਂ (ਉਸ ਦਾ ਰੂਪ ਰੇਖ) ਬਿਆਨ ਕੀਤਾ ਜਾ ਸਕਦਾ ਹੈ, ਪਰ ਉਸ ਪਰਮਾਤਮਾ ਦਾ ਨਾ ਕੋਈ ਰੂਪ ਹੈ ਨਾ ਰੇਖ ਹੈ । ਉਹੀ ਮਨੁੱਖ ਉਸ ਦਾ ਦਰਸ਼ਨ ਕਰ ਸਕਦਾ ਹੈ ਜਿਸ ਨੂੰ ਪ੍ਰਭੂ ਆਪ ਮਤਿ ਦੇ ਕੇ ਸਮਝਾਉਂਦਾ ਹੈ । (ਤੇ ਇਹ ਮਤਿ ਮਿਲਦੀ ਸਾਧ ਸੰਗਤਿ ਵਿਚ ਹੈ) ਸਾਧ ਸੰਗਤਿ ਸਤਿਗੁਰੂ ਦੀ ਪਾਠਸ਼ਾਲ ਹੈ ਜਿਸ ਵਿਚ ਪਰਮਾਤਮਾ ਦੇ ਗੁਣ ਸਿੱਖੇ ਜਾ ਸਕਦੇ ਹਨ । ਹੇ ਭਾਈ ! ਧੰਨ ਹੈ ਉਹ ਜੀਭ (ਜਿਹੜੀ ਪ੍ਰਭੂ ਦਾ ਨਾਮ ਜਪਦੀ ਹੈ) ਧੰਨ ਹਨ ਉਹ ਹੱਥ ਜਿਹੜੇ (ਗ਼ਰੀਬ ਲੋੜਵੰਦਾਂ ਦੀ ਸੇਵਾ ਕਰਦੇ ਹਨ, ਅਥਵਾ ਪ੍ਰਭੂ ਦਾ ਨਾਮ ਲਿਖਦੇ ਹਨ) ਧੰਨ ਹੈ ਉਹ ਪਾਧਾ ਗੁਰੂ ਜਿਸ ਦੀ ਰਾਹੀਂ ਪਰਮਾਤਮਾ ਨੂੰ ਮਿਲ ਕੇ ਉਸ ਦੀ ਸਿਫ਼ਤਿ ਸਾਲਾਹ ਦੀਆਂ ਗੱਲਾਂ ਕਰੀਦੀਆਂ ਹਨ ।

੨੯- **ਹਰਿ ਜੀ ਸੂਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ ॥**
**ਗੁਰ ਕੈ ਸਬਦਿ ਭ੍ਰਮੁ ਕਟੀਐ ਅਚਿੰਤੁ ਵਸੈ ਮਨਿ ਆਇ ॥ ੧ ॥**[੭੫੬--ਅਸਟ-੯]

**ਅਰਥ:**--ਪਰਮਾਤਮਾ ਅਦ੍ਰਿਸ਼ਟ ਹੈ ਅਪਹੁੰਚ ਹੈ, ਫਿਰ ਉਸ ਨੂੰ ਕਿਸ ਤਰੀਕੇ ਨਾਲ ਮਿਲਿਆ ਜਾ ਸਕਦਾ ਹੈ ? ਜਦੋਂ ਗੁਰੂ ਦੇ ਸ਼ਦਬ-ਉਪਦੇਸ਼ ਦੀ ਬਰਕਤਿ ਨਾਲ (ਮਨੁੱਖ ਦੇ ਅੰਦਰੋਂ ਉਸ ਦੇ ਮਨ ਦੀ) ਭਟਕਣਾ ਕੱਟੀ ਜਾਂਦੀ ਹੈ, ਤਦੋਂ ਪਰਮਾਤਮਾ ਸਹਜ ਸੁਭਾਇ ਆਪ ਹੀ ਮਨੁੱਖ ਦੇ ਮਨ ਵਿਚ ਆ ਟਿਕਦਾ ਹੈ । ੧ ।

੩੦- **ਦੇਖਹੁ ਅਚਰਜੁ ਭਇਆ ॥ ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ ਸੋ ਰਿਦੈ ਗੁਰਿ ਦਇਆ ॥ ਰਹਾਉ ॥** [੬੧੨]-੩-੧੪

**ਅਰਥ:**---ਵੇਖੋ (ਮੇਰੇ ਅੰਦਰ) ਇਕ ਅਨੋਖਾ ਕੌਤਕ ਵਰਤਿਆ ਹੈ । ਗੁਰੂ ਨੇ ਮੇਰੇ ਹਿਰਦੇ ਵਿਚ ਉਹ ਪਰਮਾਤਮਾ ਵਿਖਾ ਦਿੱਤਾ ਹੈ ਜਿਸ ਬਾਰੇ ਸੁਣਦੇ ਸਾਂ ਕਿ ਉਹ ਮਨੁੱਖਾ ਸਮਝ ਤੋਂ ਬਹੁਤ ਪਰੇ ਹੈ । ਰਹਾਉ ।

ਸਿਤਿਗੁਰਾਂ ਦਾ ਇਹ ਸਧਿਾਂਤ, ਕਸੇ ਸਥੂਲ-ਸਰੀਰ ਵਾਲੇ ਵਿਯਕਤੀ ਨੂੰ ਪਰਮਾਤਮਾ ਮੰਨਣ ਤੋਂ ਵਰਜਦਾ ਹੈ । ਇਸ ਸਿਧਾਂਤ ਦੀ ਖੰਡਣਾ ਸਿਰਫ ਮਨਮੁਖ, ਅਗਿਆਨੀ ਜਾਂ ਕੋਈ ਅਸਿੱਖ ਹੀ ਕਰ ਸਕਦਾ ਹੈ ।

**ਏ)** ਉਸ ਪਰਮ-ਸ਼ਕਤੀ ਦਾ ਆਪਣਾ ਕੋਈ ਨਾਮ ਨਹੀਂ ਹੈ । ਦਸ਼ਮੇਸ਼ ਜੀ ਨੇ ਜਾਪ ਸਾਹਿਬ ਵਿਚ ਪ੍ਰਭੂ ਨੂੰ **ਅਨਾਮ** ਫ਼ੁਰਮਾਇਆ ਹੈ । ਪਰ ਕਿਉਂਕਿ ਉਹ ਸੁੱਧ ਸਰੂਪ ਅਤੇ ਸਦੀਵੀ ਸੱਚ ਹੈ, ਇਸ ਕਾਰਨ ਮੂਲ ਮੰਤ੍ਰ ਵਿਚ ਗੁਰਦੇਵ ਜੀ ਨੇ ਉਸ ਦਾ ਨਾਮ ਵੀ **ਸਤਿ** ਅਥਵਾ **ਸਚੁ** ਫ਼ੁਰਮਾਨ ਕੀਤਾ ਹੈ । ਗੁਰਮਤਿ ਅਨੁਸਾਰ, ਉਸ ਸ਼ਕਤੀ ਦੇ ਬਾਕੀ ਸਾਰੇ ਦੇ ਸਾਰੇ ਨਾਮ, **ਕਿਰਤਮ** ਹਨ । ਰੱਬ ਦੇ ਜਿੰਨੇ ਵੀ ਨਾਮ ਗੁਰਬਾਣੀ ਵਿਚ ਆਏ ਹਨ ਉਹ ਪੁਰਾਣਕ ਜਾਂ ਮੁਸਲਮਾਨੀ ਵਿਸ਼ਵਾਸ਼ ਵਾਲੇ ਹਨ, ਜਿਨ੍ਹਾਂ ਦੀ ਵਰਤੋਂ ਕਰਨਾ ਸਾਂਝੀਵਾਲਤਾ ਦਾ ਉਪਦੇਸ਼ ਦੇਣ ਵਾਲੀ ਖੁਲ੍ਹ ਦਿਲੀ ਹੈ । ਉਂਜ ਉਨ੍ਹਾਂ ਨਾਵਾਂ ਵਾਲੇ ਪੁਰਾਣਕ (ਕਥਿਤ) ਅਵਤਾਰਾਂ, ਭਗਵਾਨਾਂ ਅਥਵਾ ਦੇਵੀ ਦੇਵਤਿਆਂ ਨਾਲ ਗੁਰਮਤ ਦਾ ਦੂਰ ਦਾ ਵੀ ਸੰਬੰਧ ਨਹੀਂ ਹੈ ।

੩੧- **ਕਿਰਤਮ ਨਾਮ ਕਥੇ ਤੇਰੇ ਜਿਹਬਾ ॥ ਸਤਿ ਨਾਮੁ ਤੇਰਾ ਪਰਾ ਪੂਰਬਲਾ ॥... ੨੦ ॥** [੧੦੮੩]-ਸੋਲਹੇ--੧੧

**ਅਰਥ:**-- ਹੇ ਪ੍ਰਭੂ ! (ਸਾਡੀ ਜੀਵਾਂ ਦੀ ਜੀਭ ਤੇਰੇ ਉਹ ਨਾਮ ਉਚਾਰਦੀ ਹੈ ਜੋ ਨਾਮ ਕਿਰਤਮ ਹਨ (ਭਾਵ, ਤੇਰੇ ਗੁਣ ਵੇਖ ਕੇ ਜਿਹੜੇ ਨਾਂ ਜੀਵਾਂ ਨੇ ਆਪ ਬਣਾਏ ਹੋਏ ਹਨ) ਪਰ (ਕਿਉਂਕਿ ਆਪਣਾ ਅਦਿ ਤੂੰ ਆਪ ਹੀ ਹੈ ਅਤੇ ਤੂੰ ਸਦੀਵੀ ਹੋਂਦ ਵਾਲਾ ਹੈ, ਸਦੀਵੀ ਸੱਚ ਹੈਂ, ਇਸ ਲਈ) ਤੇਰਾ ਮੁੱਢ ਕਦੀਮਾਂ ਦਾ ਨਾਮ ਵੀ ਸਤਿ ਹੀ ਹੈ ।

**ਸ)** ਪਰਮਾਤਮਾ ਕਦੇ ਕਿਸੇ ਹਾਲਤ ਵਿਚ ਵੀ ਗਰਭ ਵਿਚ ਨਹੀਂ ਆਉਂਦਾ । ਕੇਵਲ ਪਰਮਾਤਮਾ ਹੀ ਹੈ ਜੋ ਗਰਭ ਵਿਚ ਨਹੀਂ ਆਉਂਦਾ---**ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥** [੪੭੩] ਅਥਾਹ ਸ਼ਕਤੀਆਂ ਦੇ ਮਾਲਕ, ਅੱਖ ਫਰਕਣ ਦੇ ਸਮੇ ਵਿਚ ਸ੍ਰਿਸ਼ਟੀ ਦਾ ਨਾਸ ਕਰਕੇ ਮੁੜ ਸਿਰਜਣਾ ਕਰ ਸਕਣ ਦੀ ਸਮਰਥਾ ਵਾਲੇ ਸਤਿ ਸਰੂਪ ਪਰਮਾਤਮਾਂ ਨੂੰ ਧਰਤੀ ਦਾ ਭਾਰ ਹੋਲਾ ਕਰਨ ਲਈ ਕਿਸੇ ਯੋਗ ਮਾਇਆ ਦਾ ਆਸਰਾ ਲੈ ਕੇ ਕਿਸੇ ਕੁਸ਼ੱਲਿਆ ਜਾਂ ਕਿਸੇ ਦੇਵਕੀ ਦੇ ਗਰਭ ਵਿਚ ਆਉਣ ਦੀ ਕੀ ਲੋੜ ਹੈ ?--**ਹਰਨ ਭਰਨ ਜਾ ਕਾ ਨੇਤ੍ਰ ਫੋਰ ॥** (ਸੁਖਮਨੀ) ਇਸ ਲਈ ਮਾਤਾ-ਪਿਤਾ ਦੇ ਸੰਜੋਗ ਤੋਂ ਜਨਮ ਲੈਣ ਵਾਲੇ ਅਥਵਾ ਕਥਿਤ ਚਮਤਕਾਰੀ ਢੰਗ ਨਾਲ ਕਿਸੇ ਸਰੀਰ ਵਿੱਚ ਆਏ ਕਥਿਤ ਭਗਵਾਨਾਂ ਨੂੰ ਗੁਰਮੱਤ ਨੇ ਛਲਾਵੇ ਤੋਂ ਵੱਧ ਹੋਰ ਕੁਝ ਨਹੀਂ ਮੰਨਿਆਂ । ਸੈਭੰ, ਭਾਵ ਆਪਣੇ ਆਪ ਤੋਂ ਆਪ ਪੈਦਾ ਹੋਣ ਵਾਲਾ ਕਰਤਾ ਪੁਰਖ, ਅਥਵਾ ਆਪਣੀ ਸਿਰਜਣਾ ਆਪ ਹੀ ਕਰ ਲੈਣ ਵਾਲੀ ਪਰਮ-ਸ਼ਕਤੀ ਹੀ ਗੁਰਮਤ ਦਾ **ਸਤਿ** ਹੈ, ਉਹੀ **ਵਾਹਿਗੁਰੂ** ਹੈ । ਉਹੀ **ਭਗਵਾਨ** ਹੈ, ਉਹੀ **ਈਸ਼ਰ, ਬ੍ਰਹਮਾਂ, ਸ਼ਿਵ, ਪਾਰਬਤੀ** ਹੈ ਉਹੀ **ਈਸ਼ਵਰ, ਪਰਮੇਸ਼ਵਰ, ਪਰਮਾਤਮਾ, ਕਾਨ੍ਹ, ਕਨ੍ਹਾਈ, ਬੰਸਰੀ ਵਾਲਾ, ਮੁਰਾਰੀ, ਮਾਧੋ, ਰਾਮ, ਅੱਲਾਹ, ਖ਼ੁਦਾ, ਰਹੀਮ, ਕਰੀਮ, ਪਰਵਰਦਗਾਰ,** ਅਦਿ ਸਾਰੇ ਕਿਰਤਮ ਨਾਵਾਂ ਵਾਲਾ ਉਹੀ ਆਪ ਹੀ ਆਪ, ਗੁਰਮਤਿ ਦਾ **ਸਭ ਕੁਝ** ਹੈ । ਬਾਕੀ ਸਾਰਾ ਸੰਸਾਰ ਉਸ ਦੀ ਕਿਰਤ ਹੈ । ਉਸ ਤੋਂ ਪਹਿਲਾਂ ਕੁਛ ਨਹੀਂ ਸੀ । ਉਸ ਤੇ ਸਮੇਂ ਦਾ ਕੋਈ ਅਸਰ ਨਹੀਂ ਹੈ । ਉਹ ਸਮੇਂ ਦੀ ਪਕੜ ਤੋਂ ਪਰੇ ਹੈ । ਭਾਵ ਉਹ ਅਕਾਲ ਹੈ । ਸਾਰੇ ਦ੍ਰਿਸਟਮਾਨ ਅਕਾਰ ਸਮੇਂ ਦੇ ਅਸਰ ਹੇਠ ਹੋਣ ਕਰਕੇ ਸਦਾ ਇੱਕ-ਸਾਰ ਨਹੀਂ ਰਹਿੰਦੇ ਭਾਵ, ਨਾਸਵੰਤ ਹਨ ।

ਮਨੁੱਖਾ ਸਰੀਰ ਕਾਲ ਦੇ ਵੱਸ ਹੈ । ਇਸ ਕਾਰਨ ਕਿਸੇ ਮਨੁੱਖਾ ਸਰੀਰ ਵਾਲੇ ਨੂੰ ਭਗਵਾਨ ਜਾਂ ਪਰਮਾਤਮਾਂ ਮੰਨਣਾ ਝੂਠ ਦੀ ਪੂਜਾ ਹੈ । ਦੇਵਕੀ ਦੇ ਗਰਭ ਵਿਚੋਂ ਜਨਮੇ ਕ੍ਰਿਸ਼ਨ ਜੀ ਦਾ ਵੀ ਮਨੁੱਖਾ ਸਰੀਰ ਬੁੱਢਾ ਹੋਇਆ ਅਤੇ ਥਕਿਆ ਹਾਰਿਆ ਇੱਕ ਰੁਖ ਦੀ ਛਾਵੇਂ ਲੇਟਿਆ ਹੋਇਆ ਸੀ । ਜਿਥੇ ਇੱਕ ਸ਼ਿਕਾਰੀ ਦੇ ਤੀਰ ਦਾ ਨਿਸ਼ਾਨਾ ਬਣ ਕੇ ਬਿਨਸ ਜਾਣ ਵਾਲੀ ਕਥਾ ਬ੍ਰਾਹਮਣ ਨੇ ਆਪ ਹੀ ਲਿਖੀ ਹੈ । ਬ੍ਰਾਹਮਣ ਨੇ ਤਾਂ ਇਹ ਵੀ ਲਿਖਿਆ ਹੈ ਕਿ (ਵਿਚਾਰੇ) ਕ੍ਰਿਸ਼ਨ ਜੀ ਦੇ ਨਾਲ ਹੀ ਉਸ ਦੀ ਸਾਰੀ ਕੁਲ ਦਾ ਵੀ ਨਾਸ ਹੋ ਗਿਆ ਸੀ । ਨਿਆਰਾ ਸਿਧਾਂਤ ਲੈ ਕੇ ਆਏ ਗੁਰੂ ਸਾਹਿਬਾਨ ਵੀ ਪਰਮਾਤਮਾ ਜਾਂ ਅਵਤਾਰ ਨਹੀਂ ਸਨ । ਰੱਬ ਨਾਲ ਜੋੜ ਕੇ ਮਨੁੱਖ ਨੂੰ ਸੁਚੇ ਆਚਰਨ ਵਾਲਾ ਸੰਤ-ਸੂਰਮਾ ਬਣਾਉਣ ਆਏ **ਪਰਮ-ਮਨੁੱਖ** ਸਨ । ਉਹ ਪਰਮ ਪੁਰਖ ਦੇ ਦਾਸ ਸਨ । ਉਨ੍ਹਾਂ ਨੂੰ ਕਿਸੇ ਕਥਿਤ ਅਵਤਾਰ ਨਾਲ ਜੋੜਨਾ ਗੁਰਮਤਿ ਦੀ ਖੰਡਣਾ ਦਾ ਪਾਪ ਹੈ, ਅਤੇ ਬਿੱਪ੍ਰਨ ਕੀ ਰੀਤ ਦੇ ਧਾਰਨੀ ਬਣਨ ਦੀ ਭੁੱਲ ਹੈ । ਉਸ **ਆਪ ਹੀ ਆਪ** ਦਾ ਨਾ ਕੋਈ ਅਵਤਾਰ ਹੋ ਸਕਦਾ ਹੈ ਅਤੇ ਨਾ ਹੀ ਉਸ ਨੂੰ ਕਿਸੇ ਸਹਾਇਕ ਦੇਵੀ ਦੇਵਤੇ ਤੋਂ ਸਲਾਹ ਮਸ਼ਵਰੇ ਦੀ ਲੋੜ ਹੈ । ਉਸ ਦੇ ਸਾਰੇ ਸਲਾਹ ਮਸ਼ਵਰੇ ਆਪਣੇ ਆਪ ਨਾਲ ਹੀ ਹਨ । ਜਿਵੇਂ ਉਸ ਨੂੰ ਚੰਗਾ ਲਗਦਾ ਹੈ ਉਹ ਕਰਦਾ ਹੈ:--

੩੨- **ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨ ਕੋਈ ॥ ਮਤਾ ਮਸੂਰਤਿ ਆਪਿ ਕਰੇ ਜੋ ਕਰੇ ਸੁ ਹੋਈ ॥**
**ਤਦਹੁ ਆਕਾਸੁ ਨ ਪਾਤਾਲੁ ਹੈ ਨਾ ਤ੍ਰੈ ਲੋਈ ॥ ਤਦਹੁ ਆਪੇ ਆਪਿ ਨਿਰੰਕਾਰੁ ਹੈ, ਨਾ ਓਪਤਿ ਹੋਈ ॥**
**ਜਿਉ ਤਿਸੁ ਭਾਵੈ ਤਿਵੈ ਕਰੇ ਤਿਸੁ ਬਿਨੁ ਅਵਰੁ ਨ ਕੋਈ ॥ ੧ ॥**[੫੦੯]-ਵਾਰ-੧
[ਏਹੀ ਗੁਰੂ ਫ਼ੁਰਮਾਨ ਅਰਥਾਂ ਸਮੇਤ ਏਸੇ ਪੁਸਤਕ ਦੇ ਦੂਜੇ ਕਾਂਡ ਦੇ ਚੌਥ ਨੰਬਰ ਤੇ ਵੀ ਆ ਚੁੱਕਾ ਹੈ]

**ਹ)-** ਗੁਰਬਾਣੀ ਦਾ ਕੋਈ ਸ਼ਬਦ ਵੀ ਕਿਸੇ ਖ਼ਾਸ ਮਨੁੱਖ ਜਾਂ ਮਨੁੱਖਾਂ ਦੀ ਕਿਸੇ ਖ਼ਾਸ ਸ਼੍ਰੇਣੀ ਨੂੰ ਗਿਆਨ ਦੇਣ ਲਈਂ ਨਹੀਂ ਹੈ ਸਗੋਂ ਸਾਰੇ ਜਗਤ ਲਈ ਹੈ । ਕਿਸੇ ਸ਼ਬਦ ਦੇ ਅਰਥ ਕਰਨ ਸਮੇਂ ਇਹ ਵਿਚਾਰ ਬਣਾ ਲੈਣੀ ਕਿ ਇਹ ਕਿਸੇ ਖ਼ਾਸ ਮਨੁੱਖ ਜਾਂ ਕਿਸੇ ਖ਼ਾਸ ਫਿਰਕੇ ਵਾਸਤੇ ਉਚਾਰਿਆ ਹੈ, ਗੁਰਬਾਣੀ ਦੀ ਘੋਰ ਨਿਰਾਦਰੀ ਹੈ । ਕਿਸੇ ਨੂੰ ਸੰਬੋਧਨ ਕਰਕੇ ਉਚਾਰੇ ਸ਼ਬਦ ਵੀ ਸਰਬਤ ਦੇ ਸਾਂਝੇ ਉਪਦੇਸ਼ ਵਾਲੇ ਹਨ । ਅੰਦਰ ਝਾਤੀ ਮਾਰੀਏ ਤਾਂ ਉਸ ਸ਼ਬਦ ਦੀ ਸਿਖਿਆ ਸਾਡੇ ਵੀ ਕਿਸੇ ਅਉਗੁਣ ਤੇ ਠੋਕਰਾਂ ਮਾਰ ਰਹੀ ਹੁੰਦੀ ਹੈ :--

੩੩- **ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ ॥**
**ਗੁਰਮੁਖਿ ਹੋਇ ਸੁ ਭਉ ਕਰੇ ਆਪਣਾ ਆਪੁ ਪਛਾਣੈ ॥**
**ਗੁਰ ਪਰਸਾਦੀ ਜੀਵਤੁ ਮਰੈ ਤਾ ਮਨ ਹੀ ਤੇ ਮਨੁ ਮਾਨੈ ॥**
**ਜਿਨ ਕਉ ਮਨ ਕੀ ਪਰਤੀਤਿ ਨਾਹੀ ਨਾਨਕ ਸੇ ਕਿਆ ਕਥਹਿ ਗਿਆਨੈ ॥ ੧ ॥**[੬੪੭-ਵਾਰ--੧੨]

**ਅਰਥ** :- ਮਹਾਂ ਪੁਰਖ ਕਿਸੇ ਦੇ ਸੰਬੰਧ ਵਿਚ ਸਿੱਖਿਆ ਦਾ ਬਚਨ ਬੋਲਦੇ ਹਨ (ਪਰ ਉਹ ਸਿੱਖਿਆ) ਸਾਰੇ ਸੰਸਾਰ ਲਈ ਸਾਂਝੀ ਹੁੰਦੀ ਹੈ, ਜੋ ਮਨੁੱਖ ਸਤਿਗੁਰੂ ਦੇ ਸਨਮੁਖ ਰਹਿ ਕੇ ਸਿਖਿਆ ਨੂੰ ਸੁਣ ਕੇ ਆਪਣੇ ਆਪ ਨੂੰ ਖੋਜਦਾ ਹੈ (ਭਾਵ, ਗੁਰੂ ਦਾ ਉਪਦੇਸ਼ ਸੁਣ ਕੈ ਆਪਣੇ ਅੰਦਰ ਝਾਤੀ ਮਾਰਦਾ ਹੈ ਅਤੇ ਆਪਣੀਆਂ ਕਮਜ਼ੋਰੀਆਂ ਨੂੰ ਦੂਰ ਕਰਨ ਦਾ ਯਤਨ ਕਰਦਾ ਹੈ) ਅਤੇ ਪ੍ਰਭੂ ਦਾ ਭੈ ਆਪਣੇ ਹਿਰਦੇ ਵਿਚ ਧਾਰਨ ਕਰਦਾ ਹੈ । ਸਤਿਗੁਰੂ ਦੀ ਕਿਰਪਾ ਨਾਲ ਉਹ ਸੰਸਾਰ ਵਿਚ ਵਰਤਦਾ ਹੋਇਆ ਵੀ ਮਾਇਆ ਵਲੋਂ ਨਿਰਲੇਪ ਰਹਿੰਦਾ ਹੈ । ਉਸ ਦਾ ਮਨ ਆਪਣੇ ਆਪ ਵਿਚ ਪਤੀਜ ਜਾਂਦਾ ਹੈ (ਭਾਵ, ਬਾਹਰ ਭਟਕਣੋ ਹਟ ਜਾਂਦਾ ਹੈ) ਜਿਨ੍ਹਾਂ ਦਾ ਮਨ ਪਤੀਜਿਆ ਨਹੀਂ, ਉਨ੍ਹਾਂ ਨੂੰ ਗਿਆਨ ਦੀਆਂ ਗੱਲਾਂ ਕਰਨ ਦਾ ਕੋਈ ਲਾਭ ਨਹੀਂ ।

ਗੁਰਮਤ-ਵਿਰੋਧੀ ਕਿਤਾਬ ਲਿਖਣ ਵਾਲੇ ਵੀਰ ਨੇ ਉਪੱਰ ਲਿਖੇ ਗੁਰਮਤ ਦੇ ਪੰਜਾਂ ਸਿਧਾਂਤਾਂ ਵਿਚੋਂ ਕਿਸੇ ਇੱਕ ਦੀ ਵੀ ਪਾਲਣਾ ਕਰਨ ਦੀ ਲੋੜ ਨਹੀਂ ਸਮਝੀ । ਪੱਖਪਾਤੀ ਰੁਚੀ ਨਾਲ ਗੁਰਬਾਣੀ ਸ਼ਬਦਾਂ ਦੀ ਅਥਵਾ ਤੁਕਾਂ ਦੀ ਚੋਣ ਕਰਕੇ ਉਨ੍ਹਾਂ ਦਾ ਅਰਥ ਬ੍ਰਾਹਮਣੀ ਮਤਿ ਨੂੰ ਗੁਰਮਤਿ ਸਿੱਧ ਕਰਨ ਦੇ ਯਤਨ ਵਿਚ ਕੀਤੇ ਹੋਏ ਹਨ ਜੋ ਗੁਰੂ ਪੰਥ ਦੀ ਅਥਵਾ ਗੁਰੂ ਮਹਾਰਾਜ ਦੀ ਘੋਰ ਨਿਰਾਦਰੀ ਹੈ ।

੧੦

# ਕ੍ਰਿਸ਼ਨ ਭਗਵਾਨ ਤੇ ਕਲਗ਼ੀਧਰ-

ਉੱਪਰਲੇ ਸਿਰਲੇਖ ਵਾਲੀ ਪੁਸਤਕ ਦਾ ਲਿਖਣ ਢੰਗ ਬ੍ਰਾਹਮਣੀ ਗ੍ਰੰਥਾ ਦੇ ਲਿਖਣ ਢੰਗ ਨਾਲ ਮੇਲ ਖਾਂਦਾ ਹੈ । ਗਿਆਨੀ ਈਸ਼ਰ ਸਿੰਘ ਜੀ ਬ੍ਰਾਹਮਣ ਵਾਂਗ ਹੀ, ਵੇਦਾਂ ਦੇ ਗਿਆਤਾ, ਵਿਦਵਾਨ ਅਤੇ ਸਿਆਣੇ ਪੜਚੋਲੀਏ ਹਨ । ਜਿਵੇਂ ਬ੍ਰਾਹਮਣ ਨੇ ਆਪਣੇ ਗ੍ਰੰਥਾਂ ਵਿਚਲੇ ਮਿਥਿਹਾਸ ਨੂੰ ਬੜੇ ਗੂੜ੍ਹ ਗਿਆਨ ਦੇ ਪਰਦੇ ਵਿਚ ਲਪੇਟ ਕੇ ਨਿਰੋਲ **ਝੂਠ** ਨੂੰ **ਸੱਚ** ਦਾ ਰੂਪ ਦੇ ਦਿੱਤਾ ਸੀ, ਉਹੀ ਢੰਗ ਨਾਰਾ ਜੀ ਨੇ ਵਰਤਿਆ ਹੈ । ਕਲਗ਼ੀ ਧਰ ਜੀ ਦੀ ਉਪਮਾ ਵੀ ਅਜੇਹੇ ਢੰਗ ਨਾਲ ਕੀਤੀ ਹੋਈ ਹੈ ਕਿ ਜਿਹੜਾ ਸਿੱਖ ਪੜ੍ਹਦਾ ਹੈ ਉਹੀ ਨਾਰਾ ਜੀ ਦਾ ਸ਼ਰਧਾਲੂ ਬਣ ਜਾਂਦਾ ਹੈ । ਘਾਤਕ ਝੂਠ ਨੂੰ ਸ੍ਰੇਸ਼ਟ ਗਹਿਣਿਆਂ ਵਿਚ ਲਪੇਟਣ ਦੀ ਕਲਾ ਵੀ ਬ੍ਰਾਹਮਣ ਵਾਲੀ ਹੀ ਹੈ । ਰਿਗ ਵੇਦ, ਗੀਤਾ, ਪੁਰਾਣ, ਅਥਵਾ ਹੋਰ ਹਿੰਦੂ-ਧਰਮ ਗ੍ਰੰਥਾਂ ਦੇ ਹਵਾਲੇ ਦੇਣ ਦੇ ਨਾਲ ਹੀ ਚੰਗੀਆਂ ਚੰਗੀਆਂ ਇਤਿਹਾਸਕ ਪੁਸਤਕਾਂ ਦੇ ਹਵਾਲੇ ਵੀ ਦੱਤੇ ਹਨ । ਭਾਈ ਗੁਰਦਾਸ ਜੀ ਦੀਆਂ ਅਜੇਹੀਆਂ ਵਾਰਾਂ ਜਿਨ੍ਹਾਂ ਵਿਚ ਮਿਥਿਹਾਸਕ ਅਵਤਾਰਾਂ ਦਾ ਉਦਾਹਰਣ-ਮਾਤ੍ਰ ਜ਼ਿਕਰ ਹੈ, ਚੁਣ ਚੁਣ ਕੇ ਵਰਤੀਆਂ ਹੋਈਆਂ ਹਨ । ਏਸੇ ਤਰ੍ਹਾਂ ਦਸਮ ਗ੍ਰੰਥ ਵਿਚਲੇ **ਕ੍ਰਿਸ਼ਨਾਵਤਾਰ ਅਤੇ ਬਿਚਿਤ੍ਰ ਨਾਟਕ** ਵਿਚੋਂ ਵੀ ਆਪਣੀ ਪਸੰਦ ਦੇ ਸਵਯੈ ਅਥਵਾ ਭਗਤੀ ਭਾਵ ਵਾਲੀਆਂ ਲਿਖਤਾਂ ਦੀ ਚੋਣ ਅਤੇ ਵਰਤੋਂ ਵੀ ਬੜੇ ਅਸਰਦਾਰ ਢੰਗ ਨਾਲ ਕੀਤੀ ਹੋਈ ਹੈ । **ਬਹੁਤਾ ਲੋਹੜਾ ਇਹ ਮਾਰਿਆ ਹੋਇਆ ਹੈ ਕਿ, ਗੁਰਬਾਣੀ ਸ਼ਬਦਾਂ ਦੀ ਮਰਜ਼ੀ ਨਾਲ ਚੋਣ ਕਰਕੇ ਉਨ੍ਹਾਂ ਦੇ ਮਨਮੱਤੀ-ਅਰਥ ਕਰਨ ਵਿਚ ਵੀ ਬੜੀ ਵੱਡੀ ਚਪਲਤਾ ਤੋਂ ਕੰਮ ਲਿਆ ਹੋਇਆ ਹੈ** । ਇਹ, ਸਭ ਕੁਝ ਅਜੇਹੇ ਢੰਗ ਨਾਲ ਲਿਖਿਆ ਹੋਇਆ ਹੈ, ਕਿ, ਚੰਗਾ ਭਲਾ ਪੜ੍ਹਿਆ ਲਿਖਿਆ ਅੰਮ੍ਰਿਤਧਾਰੀ ਗੁਰਸਿੱਖ ਵੀ ਚਕਰੀ ਖਾ ਜਾਂਦਾ ਹੈ । ਉਸ ਪੁਸਤਕ ਦੇ ਅਸਰ ਤੋਂ ਕੇਵਲ ਗੁਰੂ ਨਾਨਕ ਦੇਵ ਜੀ ਸਿਖਿਆ ਹੀ ਬਚਾ ਸਕਦੀ ਹੈ । ਪਰ ਅਜੇਹੇ ਸਿੱਖ ਸਾਡੇ ਵਿਚ ਕਿੰਨੇ ਕੁ ਹਨ ਜਿਨ੍ਹਾਂ ਤੇ ਗੁਰਦੇਵ ਜੀ ਦਾ ਇਹ ਫੁਰਮਾਨ ਢੁੱਕਦਾ ਹੋਵੇਗਾ ?----

੩੪- **ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ ॥**
**ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥ ੨ ॥** [੧੫੦]-੨੭

ਦਾਸ ਨੇ ਵੀ ਇਹ ਪੁਸਤਕ ਕਈ ਵਾਰ ਪੜ੍ਹੀ ਅਤੇ ਕਈ ਗੁਰਮੁਖ ਵਿਦਵਾਨਾ ਦੇ ਲਿਖੇ ਗੁਰਬਾਣੀ ਦੇ ਅਰਥ ਵਿਚਾਰ ਪੜ੍ਹੇ । ਲੰਮੇ ਚਿਰ ਪਿਛੋਂ ਸਮਝ ਆਈ ਕਿ ਹੁਸ਼ਿਆਰ ਲਿਖਾਰੀ ਨੇ ਸਿੱਖ ਪੰਥ ਨੂੰ ਬ੍ਰਾਹਮਣੀ ਰੀਤ ਦਾ ਧਾਰਨੀ ਬਣਾ ਕੇ ਉਸ ਦੀ ਨਿਆਰੀ ਜੀਵਨ-ਜੁਗਤ ਖ਼ਤਮ ਕਰਨ ਦਾ ਭਰਪੂਰ ਯਤਨ ਕੀਤਾ ਹੈ । ਅਜੇਹਾ ਕਰਨ ਲਈ ਨਾਰਾ ਜੀ ਨੇ ਜਾਣ ਬੁੱਝ ਕੇ ਕਈ ਝੂਠੀਆਂ ਅਤੇ ਬੇਦਲੀਲ ਗੱਲਾਂ ਲਿਖੀਆਂ ਹਨ । ਉਦਾਹਰਣ ਵਜੋਂ :--

**੧)** ਗੁਰੂ ਨਾਨਕ ਦੇਵ ਜੀ ਨੂੰ ਅਥਵਾ ਉਨ੍ਹਾਂ ਦੇ ਬਾਕੀ ਸਰੂਪਾਂ ਨੂੰ ਮਛ, (ਮੱਛੀ) ਕੱਛ (ਕਛੂ) ਬੈਰਾਹ (ਸੂਰ) ਨਰਸਿੰਘ, ਬਾਵਨ ਆਦਿ ਵਿਸ਼ਨੂੰ ਦੇ ਅਵਤਾਰਾਂ ਵਾਂਗ ਹੀ ਧਰਤੀ ਦਾ ਭਾਰ ਹਲਕਾ ਕਰਨ ਆਏ ਅਵਤਾਰ ਸਿੱਧ ਕਰਨ ਲਈ ਆਪਣੀ ਪੁਸਤਕ ਦੇ ੨ ਸਫ਼ੇ ਤੇ ਭਾਈ ਗੁਰਦਾਸ ਜੀ ਦੀ ਵਾਰ--੧੩, ਪਉੜੀ ੧੯ ਦਾ ਹਵਾਲਾ ਦਿੱਤਾ ਹੈ । ਦਾਸ ਨੇ ਅਰਥ ਸਮਝਣ ਵਾਸਤੇ ਜਦ ਭਾਈ ਸਾਹਿਬ ਦੀਆਂ ਵਾਰਾਂ ਦੇ ਸਟੀਕ ਵਾਲਾ ਗ੍ਰੰਥ (ਜਿਸ ਦਾ ਪ੍ਰਕਾਸ਼ਨ ਤੇ ਸੰਪਾਦਨ ਭਾਈ ਸਾਹਿਬ ਡਃ ਵੀਰ ਸਿੰਘ ਜੀ ਨੇ ਕੀਤਾ ਹੈ) ਪੜ੍ਹਿਆ, ਤਾਂ ੧੯ਵੀਂ ਪਉੜੀ ਵਿਚ ਉਹ ਕੁਝ ਨਹੀਂ ਸੀ ਜੋ ਨਾਰਾ ਜੀ ਨੇ ਲਿਖਿਆ ਹੈ । ਉਸ ਪਉੜੀ ਵਿਚ ਭਾਈ ਸਾਹਿਬ ਨੇ ਗੁਰਮੁਖ ਪੰਥ ਵਰਣਨ ਕੀਤਾ ਹੋਇਆ ਹੈ ।

ਭਾਈ ਗੁਰਦਾਸ ਜੀ ਨੇ ਮਿਥਿਹਾਸ ਦੇ ਅਵਤਾਰਾਂ ਦਾ ਜਿਕਰ, ਆਪਣੀਆਂ ਵਾਰਾਂ ਵਿਚ ਕਈ ਥਾਂਈ ਕੀਤਾ ਹੈ । ਪਰ ਉਨ੍ਹਾਂ ਦੀ ਕਿਸੇ ਹੋਂਦ ਦੀ ਪੁਸ਼ਟੀ ਕਰਨ ਲਈ ਨਹੀਂ ਸਗੋਂ ਪਰਚਲਤ ਹੋ ਚੁਕੇ ਭਰਮ ਵਾਲੀਆਂ ਕਥਾ-ਕਹਾਣੀਆਂ ਦਾ ਪ੍ਰਭਾਵ ਹਟਾ ਕੇ ਗੁਰਮਤ ਗ੍ਰਹਣ ਕਰਨ ਦਾ

ਉਪਦੇਸ਼ ਦੇਣ ਲਈ, ਸਾਰੀਆਂ ਪਉੜੀਆਂ ਦੇ ਅਖ਼ੀਰ ਵਿਚ ਹਰ ਥਾਂ ਗੁਰਮਤਿ ਦਾ ਸਿਧਾਂਤ ਸਮਝਾਇਆ ਹੋਇਆ ਹੈ । ਪੁਰਾਣਕ ਅਥਵਾ ਵੇਦਕ ਕਥਾ-ਕਹਾਣੀਆਂ ਦਾ ਇਸ਼ਾਰੇ ਮਾਤ੍ਰ ਜ਼ਿਕਰ ਗੁਰਬਣੀ ਵਿਚ ਕਈ ਥਾਂਈ ਹੈ, ਭਾਈ ਗੁਰਦਾਸ ਜੀ ਨੇ ਉਸੇ ਆਸ਼ੇ ਨੂੰ ਜ਼ਰਾ ਹੋਰ ਖੋਹਲ ਕੇ ਲਿਖਿਆ ਹੋਇਆ ਹੈ । ਗ੍ਰੰਥ ਵਿਚਲੀਆਂ ਸਾਰੀਆਂ ਵਾਰਾਂ ਤੋਂ ਮਿਲਦੇ ਮਿਲਵੇਂ ਗਿਆਨ ਦੇ ਅਧਾਰ ਤੇ ਅਰਥ ਕਰਨ ਦੀ ਥਾਂ ਨਾਰਾ ਜੀ ਨੇ ਸਿਰਫ਼ ਇੱਕ ਪਿਉੜੀ ਜਾਂ ਕੁਝ ਤੁਕਾਂ ਦੀ ਚੋਣ ਕਰਕੇ ਉਸ ਦੇ ਸਥਾਈ ਅਤੇ ਅੱਖਰੀ ਅਰਥ ਆਪਣੀ ਮਰਜ਼ੀ ਦੇ ਕਰਕੇ ਗੁਰਮਤਿ ਸਿਧਾਂਤ ਨੂੰ ਵਿਗਾੜਨ ਦਾ ਕੋਝਾ ਯਤਨ ਕੀਤਾ ਹੈ ।

ਭਾਵੇਂ ਅਵਤਾਰ ਪ੍ਰਥਾ ਵਿਚ ਮਿਥਿਹਾਸਤਕ ਅਵਤਾਰਾਂ ਦੀ ਅਸਲੀਅਤ ਸੰਖੇਪ ਵਿਚ ਲਿਖੀ ਜਾ ਚੁਕੀ ਹੈ ਪਰ ਉਪਰ ਵਰਣਨ ਅਵਤਾਰ, ਜਿਨ੍ਹਾ ਨਾਲ ਗੁਰੂ ਨਾਨਕ ਜੀ ਨੂੰ ਜੋੜਿਆ ਹੈ ਅਤੇ ਗੁਰੂ ਸਾਹਿਬਾਨ ਨੂੰ ਜਿਨ੍ਹਾਂ ਦੇ ਵੰਸ਼ਕ ਕਹਿਣ ਦਾ ਅਨਰਥ ਕੀਤਾ ਹੈ ਉਨ੍ਹਾਂ ਕਥਿਤ ਭਗਵਾਨਾਂ ਦੇ ਸੰਖੇਪ ਜਿਹੇ ਦਰਸ਼ਨ ਕਰ ਲਈਏ :--

(ੳ) **ਮੱਛ ਅਵਤਾਰ**--ਮਹਾਨ ਕੋਸ਼ ਦੇ ੨੩੭ ਸਫ਼ੇ ਤੇ ਲਿਖਿਆ ਹੈ ਕਿ ਸੰਖਾਸਰ ਨਾਮੀ ਦੈਂਤ ਇਕ ਸੰਖ ਵਿਚੋਂ ਪੈਦਾ ਹੋਇਆ ਅਤੇ ਜੰਮਦਾ ਹੀ ਬ੍ਰਹਮਾ ਜੀ ਦੇ ਚਾਰ ਵੇਦ ਚੁਰਾ ਕੇ ਸਮੁੰਦਰ ਵਿਚ ਜਾ ਵੜਿਆ । ਬ੍ਰਹਮਾ ਦੀ ਫ਼ਰਿਆਦ ਤੇ ਵਿਸ਼ਨੂੰ ਜੀ ਮੱਛ ਬਣ ਕੇ ਸਮੁੰਦਰ ਵਿਚ ਜਾ ਵੜੇ ਅਤੇ ਬੜਾ ਲੰਮਾ ਅਤੇ ਭਿਆਨਕ ਯੁੱਧ ਕਰਕੇ ਉਸ ਦੈਂਤ ਨੂੰ ਮਾਰ ਕੇ, ਵੇਦ ਲਿਆ ਕੇ ਬ੍ਰਹਮਾ ਜੀ ਨੂੰ ਦਿੱਤੇ । [ਹੋਰ ਜਾਣਕਾਰੀ ਲਈ ਪੜ੍ਹੋ ਅਵਤਾਰ ਪ੍ਰਥਾ ਵਿਚ ਦਸਵੇਂ ਨੰਬਰ ਤੇ]

(ਅ) **ਕਛੁ ਅਵਤਾਰ**--ਦੇਵਤਿਆਂ ਤੇ ਦੈਂਤਾਂ ਨੇ ਜਦੋਂ ਅੰਮ੍ਰਿਤ ਦੀ ਭਾਲ ਵਿਚ ਸਮੁੰਦਰ ਰਿੜਕਿਆ ਸੀ ਤਾਂ ਵਿਸ਼ਨੂੰ ਜੀ ਨੇ ਕੱਛ ਅਵਤਾਰ ਬਣਕੇ ਪਹਾੜ ਦੀ ਬਣਾਈ ਮਧਾਣੀ ਦੇ ਹੇਠਾਂ ਆਪਣੀ ਪਿਠ ਦਿੱਤੀ ਸੀ । ਜੇ ਇਹ ਉਪਕਾਰ ਨਾ ਕਰਦੇ ਤਾਂ ਮਧਾਣੀ ਨੇ ਧਰਤੀ ਵਿਚ ਧਸ ਜਾਣਾ ਸੀ ਅਤੇ ਧਰਤੀ ਮਾਤਾ ਨੇ ਦੁਖੀ ਹੋਣਾ ਸੀ ਅਤੇ ਸਮੁੰਦਰ ਵੀ ਨਹੀਂ ਸੀ ਰਿੜਕਿਆ ਜਾਣਾ । {ਅਵਤਾਰ ਪ੍ਰਥਾ ਦਾ ੧੧ਵਾਂ ਅਵਤਾਰ]

(ੲ) **ਬੈਰਾਹ ਜਾਂ ਵਰਾਹ ਅਵਤਾਰ**---ਪੁਰਾਰਣਕ ਕਥਾ ਦਾ ਹਵਾਲਾ ਦੇ ਕੇ ਮਹਾਨ ਕੋਸ਼ ਦੇ ੧੦੮੫ ਸਫ਼ੇ ਤੇ ਲਿਖਿਆ ਹੈ ਕਿ ਹਿਰਨਯਾਖਸ਼ ਦੈਂਤ (ਬ੍ਰਹਮਾਂ ਨਾਲ ਨਰਾਜ਼ ਹੋ ਗਿਆ ਅਤੇ ਉਸ ਦਾ ਜੀਵ ਬਣਾਉਣ ਵਾਲਾ ਕੰਮ ਬੰਦ ਕਰਨ ਲਈ ਧਰਤੀ ਮਾਤਾ ਨੂੰ ਚੁਰਾ ਕੇ ਸਮੁੰਦਰ ਵਿਚ ਜਾ ਵੜਿਆ । ਫਿਰ ਸਮੁੰਦਰ ਦੇ ਰਸਤੇ ਪਤਾਲ ਲੋਕ ਨੂੰ ਚਲਾ ਗਿਆ । ਧਰਤੀ ਅਤੇ ਬ੍ਰਹਮਾ ਦੀ ਮਿਲਵੀ ਫ਼ਰਿਆਦ ਸੁਣ ਕੇ ਵਿਸ਼ਨੂੰ ਜੀ ਨੇ ਵਰਾਹ ਭਾਵ, ਸੂਰ ਦਾ ਰੂਪ ਧਾਰ ਕੇ ਇੱਕ ਹਜ਼ਾਰ ਵਰ੍ਹਾ ਉਸ ਅਸੁਰ ਨਾਲ ਘੋਰ ਯੁੱਧ ਕਰਕੇ ਉਸ ਨੂੰ ਮਾਰਿਆ ਅਤੇ ਧਰਤੀ ਨੂੰ ਫਿਰ ਆਪਣੇ ਟਿਕਾਣੇ ਤੇ ਲਿਆਂਦਾ । {ਨੋਟ--ਦੇਵੀ-ਭਾਗਵਤ ਦੇ ੮ਵੇਂ ਸਕੰਧ ਦੇ ਦੂਜੇ ਅਧਿਯਾਏ ਵਿਚ ਵਰਾਹ ਦੀ ਉਤੁਪਤੀ ਬ੍ਰਹਮਾਂ ਦੇ ਨੱਕ ਵਿਚੋਂ ਹੋਈ ਦੱਸੀ ਹੈ ] (ਅਵਤਾਰ ਪ੍ਰਥਾ ਵਿਚ ਦੂਜੇ ਨੰਬਰ ਵਾਲਾ ਅਵਤਾਰ)

(ਸ) **ਨਰਸਿੰਘ ਅਵਤਾਰ**--ਇਹ ਵਿਸ਼ਨੂੰ ਜੀ ਦਾ ਚੌਥਾ ਅਵਤਾਰ ਸੀ । ਅਦਭੁਤ ਕਿਸਮ ਦੇ ਜਾਨਵਰ ਬਣਨ ਗਿਝੇ ਹੋਏ ਵਿਸ਼ਨੂੰ ਜੀ ਦਾ ਇਸ ਵਾਰੀ ਅੱਧਾ ਸਰੀਰ ਸ਼ੇਰ ਦਾ ਸੀ ਅਤੇ ਅਧਾ ਮਨੁੱਖ ਦਾ ਸੀ । (ਪਿਛੇ ਆ ਚੁੱਕਾ ੧੪ਵਾਂ ਅਵਤਾਰ)

(ਹ) **ਬਾਵਨ ਅਵਤਾਰ**--ਪੁਰਾਣਕ ਕਥਾ ਅਨੁਸਾਰ, ਰਾਜਾ ਬਲ, ਨੂੰ ਠੱਗਣ ਲਈ ਬੌਣੇ ਬ੍ਰਾਹਮਣ ਦਾ ਰੂਪ ਧਾਰ ਕੇ ਉਸ ਦਾ ਰਾਜ ਭਾਗ ਖ਼ਤਮ ਕਰਨ ਵਾਲੇ ਇਸ ਅਵਤਾਰ ਦਾ ਵਰਣਨ ਅਵਤਾਰ ਪ੍ਰਥਾ ਵਿਚ ਪੰਦ੍ਰਵੇਂ ਨੰਦਰ ਤੇ ਹੈ ।

**੨)** ਔਰੰਗਜ਼ੇਬ ਦੇ ਰਾਜ ਨੂੰ (ਹਿੰਦੂ) ਧਰਮ-ਨਾਸਕ ਜ਼ਮਾਨਾ ਲਿਖ ਕੇ ਗੀਤਾ ਵਿਚਲੇ ਸਲੋਕ ਦੇ ਅਰਥ ਕਰਦਿਆਂ, ਨਾਰਾ ਜੀ ਨੇ ਇਉਂ ਲਿਖਿਆ ਹੈ--

" ਹੇ ਅਰਜੁਨ ! ਮੇਰੇ ਤੇਰੇ ਅਨੇਕ ਜਨਮ ਹੋ ਚੁਕੇ ਹਨ, ਐਪਰ ਤੂੰ ਉਨ੍ਹਾਂ ਜਨਮਾਂ ਨੂੰ ਨਹੀਂ ਜਾਣਦਾ ਤੇ ਮੈਂ ਜਾਣਦਾ ਹਾਂ । ੫ ।
ਹੇ ਅਰਜੁਨ ! ਮੇਰਾ ਜਨਮ ਸਾਧਾਰਨ-ਮਾਇਕੀ ਮਨੁੱਖ ਵਾਂਗੂ ਨਹੀਂ । ਮੈਂ ਅਬਨਾਸ਼ੀ ਰੂਪ, ਅਜਨਮਾ ਹੋਣ ਤੇ ਵੀ, ਸਾਰੇ ਪ੍ਰਣੀਆਂ ਦਾ ਪਰਮੇਸ਼ਵਰ ਹੋਣ ਤੇ ਵੀ ਆਪਣੀ ਪ੍ਰਾਕਿਰਤੀ ਆਪਣੇ ਅਧੀਨ ਕਰ ਕੇ ਯੋਗ ਮਾਇਆ ਦੇ ਨਾਲ ਪ੍ਰਗਟ ਹੁੰਦਾ ਹਾਂ '।

ਇਸ ਸਲੋਕ ਦਾ ਹਵਾਲਾ ਦੇ ਕੇ ਇਹ ਲਿਖਿਆ ਹੈ---ਕ੍ਰਿਸ਼ਨ ਰੂਪ ਵਿਚ ਉਚਾਰੇ ਆਪਣੇ ਏਸੇ ਹੀ ਬਚਨ ਦੀ ਪਾਲਣਾ ਕਰਦਿਆਂ ਕਲਗ਼ੀਧਰ ਜੀ, ਸਿਰਫ਼ **ਹਿੰਦੂ ਧਰਮ ਦੀ ਰਖਿਆ ਕਰਨ ਲਈ** ਦੁਆਪਰ ਦੇ ਮਗਰੋਂ ਕਲਜੁਗ ਵਿਚ ਅਵਤਾਰੀ ਹੋਏ ਸਨ ।

ਉਸ ਪੁਸਤਕ ਦੇ ੩੧ ਸਫ਼ੇ ਤਕ ਦੀ ਇਹ ਲੰਮੀ ਵਾਰਤਾ ਲਿਖਣ ਵਾਲਾ ਵਿਦਵਾਨ ਅਤੇ ਪਰਲੇ ਦਰਜੇ ਦਾ ਖੋਜੀ ਲਿਖਾਰੀ, ਗਿਆਨੀ ਈਸ਼ਰ ਸਿੰਘ ਨਾਰਾ, ਕਲਗ਼ੀਧਰ ਜੀ ਦੇ ਲਿਖੇ ਪ੍ਰਸਿੱਧ ਇਤਿਹਾਸਕ ਪੱਤ੍ਰ " **ਜ਼ਫ਼ਰਨਾਮਹ** ' ਤੋਂ ਵੀ ਚੰਗੀ ਤਰ੍ਹਾਂ ਜਾਣੂੰ ਹੈ । ਪਰ ਜ਼ਫ਼ਰਨਾਮਹ ਵਿਚਲੇ ਹੇਠ ਲਿਖੇ ਬੰਦ ਦੀ ਉਸ ਨੇ ਜਾਣ-ਬੁੱਝ ਕੇ ਕੋਈ ਪਰਵਾਹ ਨਹੀਂ ਕੀਤੀ ਅਤੇ ਲਿਖ ਦਿੱਤਾ ਕਿ ਦਸ਼ਮੇਸ਼ ਜੀ **ਹਿੰਦੂ ਧਰਮ** ਦੀ ਰਖਿਆ ਕਰਨ ਆਏ ਸਨ---

**ਮਨਮ ਕੁਸ਼ਤਨਮ ਕੋਹੀਆਂ ਬੁਤ ਪਰਸਤ ॥**
**ਕਿ ਓ ਬੁਤ ਪਰਸਤੰਦ ਮਨ ਬੁਤ ਸ਼ਿਕਸਤ ॥ ੯੫ ॥**

**ਅਰਥ:**--ਮੇਰੀ (ਲੜਾਈ ਅਤੇ ਮਰਨਾ-) ਮਾਰਨਾ ਮੂਰਤੀ ਪੂਜ ਪਹਾੜੀਆਂ ਨਾਲ ਸੀ, ਪਹਾੜੀਏ ਬੁਤ ਪਰਸਤ ਹਨ ਅਤੇ ਮੈਂ ਬੁਤਾਂ (ਭਾਵ, ਮੂਰਤੀਆਂ) ਨੂੰ ਤੋੜਨ ਵਾਲਾ ਹਾਂ । ਅਜੇਹਾ ਕੁਝ ਲਿਖਣ ਵਾਲਾ ਕਲਗ਼ੀ-ਧਰ ਕੀ ਉਸੇ ਹਿੰਦੂ ਧਰਮ ਦੀ ਰਖਿਆ ਲਈ ਅਵਤਾਰੀ ਹੋਇਆ ਸੀ ਜਿਸ ਦਾ ਰੋਣਾ ਨਾਰਾ ਜੀ ਨੇ ਰੋਇਆ ਹੈ ?

ਗੁਰੂ ਸਾਹਿਬਾਨ ਨਾ ਕਿਸੇ ਕਥਿਤ ਧਰਮ ਦੀ **ਰਖਿਆ** ਕਰਦੇ ਸਨ ਅਤੇ ਨਾ ਕਿਸੇ ਧਰਮ ਦੀ **ਵਿਰੋਧਤਾ** ਹੀ ਕਰਦੇ ਸਨ । ਉਨ੍ਹਾਂ ਦੀ ਵਿਰੋਧਤਾ **ਜ਼ੁਲਮ** ਨਾਲ ਸੀ ਅਤੇ ਉਹ ਰੱਖਿਆ **ਮਜ਼ਲੂਮ** ਦੀ ਕਰਦੇ ਸਨ । ਗੁਰੂ ਨਾਨਕ ਜੀ ਦੇ ਬਚਪਨ ਦਾ ਸਾਥੀ ਉਹ ਡੂੰਮ ਸੀ ਜਿਸ ਨੂੰ ਹਿੰਦੂ ਸਮਾਜ ਨੇ ਭਿੱਟੜ ਕਹਿ ਕੇ ਉਸ ਦਾ ਘਰ ਪਿੰਡੋਂ ਬਾਹਰ ਦੂਰ ਹਟਵਾਂ ਬਣਵਾ ਦਿੱਤਾ ਸੀ । ਇਸਲਾਮੀ ਧਰਮ ਨਾਲ ਸੰਬੰਧ ਰੱਖਣ ਵਾਲਾ (ਭਾਈ) ਮਰਦਾਨਾ ਮਰਾਸੀ, ਸਤਿਗੁਰਾਂ ਦੇ ਲੰਮੇ ਪੈਂਡਿਆਂ ਦਾ ਸਾਥੀ ਸੀ । ਰਬਾਬ ਦਾ ਵਜੰਤ੍ਰੀ ਅਤੇ ਪੱਕਾ ਸੇਵਕ ਕੋਈ ਬ੍ਰਾਮਣ ਜਾਂ ਹਿੰਦੂ ਨਹੀਂ ਸੀ । ਹਰਮੰਦਰ ਸਾਹਿਬ ਦਾ ਨੀਂਹ ਪੱਥਰ ਵੀ ਕਿਸੇ ਹਿੰਦੂ ਨੇ ਨਹੀਂ ਸੀ ਰਖਿਆ, ਪੀਰ ਮੀਆਂ-ਮੀਰ ਉਸ ਕੌਮ ਵਿਚੋਂ ਸੀ, ਵੇਦਕ-ਧਰਮੀ ਹਿੰਦੂ, ਜਿਸ ਕੌਮ ਨੂੰ ਮਲੇਛ ਕਹਿੰਦਾ ਸੀ । ਗੁਰੂ ਗੋਬਿੰਦ ਸਿੰਘ ਜੀ ਤੋਂ ਤਨ, ਮਨ, ਧਨ ਕੁਰਬਾਨ ਕਰਨ ਵਾਲੇ ਪੀਰ ਬੁਧੂ ਸ਼ਾਹ ਜੀ ਅਤੇ ਸੈਦ ਖ਼ਾਨ ਜੀ ਵੀ ਬ੍ਰਾਹਮਣ ਨਹੀਂ ਸਨ । ਚੰਦੂ, ਸੁੱਚਾ ਨੰਦ, ਗੰਗੂ, ਪਹਾੜੀ ਰਾਜੇ ਆਦਿ ਜਿਨ੍ਹਾਂ ਨੇ ਸਤਿਗੁਰਾਂ ਦੇ ਸਿੱਖ-ਪਰਵਾਰ ਨਾਲ ਬੜਾ ਘਿਣਾਵਣਾ ਧ੍ਰੋਹ ਕੀਤਾ

ਸੀ, ਕੀ ਉਹ ਮੁਸਲਮਾਨ ਸਨ ? ਗੁਰੂ ਗ੍ਰੰਥ ਸਾਹਿਬ ਜੀ ਦੇ ਸਿੱਖ ਦੀ ਅਰਦਾਸ ਕੇਵਲ ਕਿਸੇ ਹਿੰਦੂ ਵਾਸਤੇ ਨਹੀਂ ਸਗੋਂ, ਸਰਬੱਤ ਦੇ ਭਲੇ ਵਾਸਤੇ ਹੁੰਦੀ ਹੈ, ਅਰਥਾਤ ਸਿੱਖ ਦੋਵੇਂ ਵੇਲੇ, ਆਪਣੇ-ਪਰਾਏ, ਪਾਪੀ-ਪੁੰਨੀ, ਸੱਜਣ--ਵੈਰੀ ਸਾਰਿਆਂ ਦੇ ਭਲੇ ਦੀ ਮੰਗ ਕਰਦਾ ਹੈ । ਨਾਰਾ ਜੀ ਦਾ ਇਹ ਕਥਨ ਮੁਢੋਂ ਹੀ ਨਿਰਮੂਲ ਹੈ ਕਿ ਗੁਰੂ ਨਾਨਕ ਦੇਵ ਜੀ ਕਿਸੇ ਵੀ ਕਰਮਕਾਂਡੀ ਧਰਮ ਦੀ ਰਖਿਆ ਕਰਨ ਆਏ ਸਨ । ਸਤਿਗੁਰੂ ਜੀ ਤਾਂ ਮਨੁੱਖਤਾ ਦੇ ਸ਼ੁਭ ਗੁਣਾ ਨੂੰ ਪ੍ਰਫੁੱਲਤ ਕਰਨ ਦਾ ਅਤੇ ਪਾਪਾਂ-ਅਪਰਾਧਾਂ ਦਾ ਨਾਸ ਕਰਨ ਦਾ ਵਿਧਾਨ ਲੈ ਕੇ ਆਏ ਸਨ ।

੩= ਨਾਰਾ ਜੀ ਨੇ ਥਾਂ ਥਾਂ ਤੇ ਵੇਦਾਂ ਦਾਂ ਅਥਵਾ ਵੇਦ ਬਾਣੀ ਦਾ ਜ਼ਿਕਰ ਕੀਤਾ ਹੈ । ਪੁਸਤਕ ਦੇ ੧੯ ਸਫ਼ੇ ਤੇ ' ਰਿਗ ਵੇਦ ' ਦੇ ਸੂਤਰ ਦਾ ਹਵਾਲਾ ਦੇ ਕੇ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਕਲਿਯੁਗ ਵਿਚ ਗੁਰੂ ਨਾਨਕ ਦੇਵ ਜੇ ਦੇ ਅਵਤਾਰੀ ਹੋਣ ਦੀ ਗੱਲ ਵੇਦਾਂ ਵਿਚ ਪਹਿਲਾ ਹੀ ਲਿਖੀ ਹੋਈ ਸੀ । ਜੇ ਨਾਰਾ ਜੀ ਦੇ ਇਸ ਕਥਨ ਵਿਚ ਕੋਈ ਸਚਾਈ ਹੁੰਦੀ ਤਾਂ ਸਤਿਗੁਰਾਂ ਦੇ ਮਨ ਵਿਚ ਵੇਦ ਬਾਣੀ ਦਾ ਸਤਿਕਾਰ ਜ਼ਰੂਰ ਹੋਣਾ ਸੀ । ਪਰ ਗੁਰੂ ਸਾਹਿਬ ਜੀ ਦੀ ਬਾਣੀ ਕਹਿੰਦੀ ਹੈ ਵੇਦਾਂ ਵਿਚ ਅਜੇਹੀਆਂ (ਮਿਥਿਹਾਸਕ ਅਤੇ ਮਨੋ-ਕਲਪਤ) ਕਥਾ-ਕਹਾਣੀਆਂ ਹਨ ਜਿਨ੍ਹਾਂ ਦੀ ਸਹਾਇਤਾ ਨਾਲ ਵੇਦਾਂ ਦੇ ਗਿਆਨ ਨੇ ਲੋਕਾਂ ਨੂੰ ਕਰਮ-ਕਾਂਡੀ ਬਣਾਇਆ ਹੈ । ਗੁਰੂ ਸਾਹਿਬ ਦੀ ਬਾਣੀ ਨੇ ਵੇਦਾਂ, ਸ਼ਾਸਤ੍ਰਾਂ, ਪੁਰਾਣਾਂ, ਸਿਮਿਰਤੀਆਂ ਆਦਿ ਦੀ ਬਾਣੀ ਨੂੰ ਮਨੁੱਖਤਾਂ ਵਾਸਤੇ ਲਾਹੇਵੰਦ ਨਹੀਂ ਮੰਨਿਆਂ । **ਵੇਦ ਸ਼ਾਸਤ੍ਰ ਅਤੇ ਗੁਰਬਾਣੀ**--ਪ੍ਰਕਰਣ ਵਿਚ ੧੨ ਸ਼ਬਦ ਅਰਥਾਂ ਸਮੇਤ ਵਿਚਾਰੇ ਹੋਏ ਹਨ ਅਤੇ ਉਸੇ ਵਿਸ਼ੇ ਨੂੰ ਸਪੱਸ਼ਟ ਕਰਨ ਵਾਲੇ ੮੨ ਗੁਰੂ-ਸ਼ਬਦਾਂ ਦੀ ਸੂਚੀ ਦਿੱਤੀ ਹੋਈ ਹੈ, ਜਿਨ੍ਹਾਂ ਵਿਚ ਸਤਿਗੁਰਾਂ ਨੇ ਵੇਦਾਂ ਦੀ ਤਾਲੀਮ ਨੂੰ ਮਨੁੱਖਤਾ ਲਈ ਲਾਹੇਵੰਦ ਹੋਣਾ ਨਹੀਂ ਮੰਨਿਆਂ । ਕਦੇ ਨਹੀਂ ਹੋ ਸਕਦਾ ਕਿ ਉਨ੍ਹਾਂ ਪਾਵਨ ਗੁਰੂ-ਸ਼ਬਦਾਂ ਦਾ ਨਾਰਾ ਜੀ ਵਰਗੇ ਪੜਚੋਲੀਏ ਲਿਖਾਰੀ ਨੂੰ ਪਤਾ ਨਾ ਹੁੰਦਾ । ਜਾਣ ਬੁਝ ਕੇ ਅਸਲੀਅਤ ਨੂੰ ਲੁਕਾ ਕੇ ਸਿਖਾਂ ਨੂੰ ਗੁਮਰਾਹ ਕੀਤਾ ਹੈ । ਜਿਨ੍ਹਾਂ ਵੇਦਾਂ ਨੂੰ ਮਨੁੱਖਤਾ ਲਈ ਲਾਹੇਵੰਦ ਹੀ ਨਹੀਂ ਮੰਨਦੇ, ਉਨ੍ਹਾਂ (ਵੇਦਾਂ) ਦੇ ਕਿਸੇ ਧਰਮ ਦੀ ਰਖਿਆ ਕਰਨ ਸਤਿਗੁਰਾਂ ਨੇ ਕਿਉਂ ਆਉਣਾ ਸੀ ?

੩੫- **ਕਥਾ ਕਹਾਣੀ ਬੇਦੀ ਆਣੀ, ਪਾਪੁ ਪੁੰਨੁ ਬੀਚਾਰੁ ॥** [੧੨੪੩]-ਵਾਰ-੧੬

[ਇਹ ਪੂਰਾ ਪਾਵਨ ਸਲੋਕ,ਪੁਸਤਕ ਦੇ ਦੂਜੇ ਭਾਗ ਦੇ ਪੰਜਵੇਂ ਕਾਂਡ ਵਿਚ ੧੧ ਨੰਬਰ ਤੇ ਅਰਥਾਂ ਸਮੇਤ ਲਿਖਿਆ ਹੋਇਆ ਹੈ]

੩੬- **ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ ॥ ੧੦੪ ॥** [੧੩੭੦]

੩੭- **ਕਬੀਰ ਬਾਮਨੁ ਗੁਰੂ ਹੈ ਜਗਤ ਕਾ, ਭਗਤਨ ਕਾ ਗੁਰੁ ਨਾਹਿ ॥**
**ਅਰਝਿ ਉਰਝਿ ਕੈ ਪਚਿ ਮੂਆ, ਚਾਰਉ ਬੇਦਹੁ ਮਾਹਿ ॥ ੨੩੭ ॥** [੧੩੭੭]

[ਉਪ੍ਰੋਕ (੩੬ ਅਤੇ ੩੭) ਦੋਵੇਂ ਸਲੋਕ ਪੁਸਤਕ ਦੇ ਦੂਜੇ ਭਾਗ ਦੇ ਪੰਜਵੇਂ ਕਾਂਡ ਵਿਚ ਨੌਵੇਂ ਦਸਵੇਂ (੯-੧੦) ਨੰਬਰਾਂ ਤੇ ਅਰਥਾਂ ਸਮੇਤ ਲਿਖੇ ਹੋਏ ਹਨ]

੩੮- **ਬੇਦੁ ਕੀ ਪੁਤ੍ਰੀ ਸਿੰਮ੍ਰਿਤਿ ਭਾਈ ॥ ਸਾਂਕਲ ਜੇਵਰੀ ਲੈ ਹੈ ਆਈ ॥** (੩੨੯)

**ਅਰਥ:**--ਇਹ ਸਿਮ੍ਰਿਤੀ ਜੋ ਵੇਦ ਦੇ ਅਧਾਰ ਤੇ ਬਣੀ ਹੈ ਇਹ ਤਾਂ (ਲੋਕਾਂ ਵਾਸਤੇ ਵਰਨ ਆਸ਼ਰਮ ਦੇ, ਮਾਨੋ) ਸੰਗਲ ਤੇ (ਕਰਮ-ਕਾਂਡ ਦੀਆਂ) ਰੱਸੀਆਂ ਲੈ ਕੇ ਆਈ ਹੈ ।

## ੪=ਬਹੁਤਾ ਦੁੱਖਦਾਈ ਅਤੇ ਗੰਭੀਰ ਚਿੰਤਾ ਵਾਲਾ ਮਸਲਾ

ਗੁਰੂ ਨਾਨਕ ਜੀ ਦਾ ਗਿਆਨ ਇਕ ਅਜੇਹਾ ਅਚੂਕ ਬਾਣ ਸੀ ਜਿਹੜਾ ਬ੍ਰਾਹਮਣ ਦੀ ਕਰਮਕਾਂਡੀ ਵਿਚਾਰ ਧਾਰਾ ਦੀਆਂ ਧੱਜੀਆਂ ਉਡਾ ਰਿਹਾ ਸੀ । ਬ੍ਰਾਹਮਣ ਹਰ ਹਾਲਤ ਵਿਚ ਗੁਰੂ ਨਾਨਕ ਸਾਹਿਬ ਜੀ ਕੋਲੋਂ ਆਪਣਾ ਪਿਛਾ ਛੁਡਾਉਣਾ ਚਾਹੁੰਦਾ ਸੀ । ਸਤਿਗੁਰੂ ਜੀ ਦੀ ਝਾਲ ਝੱਲਣੀ ਉਸ ਲਈ ਅਸਹਿ ਹੋ ਗਈ ਸੀ । ਗੁਰਦੇਵ ਜੀ ਨੂੰ ਬਿਰਧ ਹੋ ਰਹੇ ਵੇਖ ਕੇ ਬ੍ਰਾਹਮਣ, ਚੇਤਾ ਕਰਕੇ ਦਿਲ ਨੂੰ ਢਾਰਸ ਦੇ ਰਿਹਾ ਸੀ ਕਿ-- ਬੁੱਧ ਧਰਮ ਦੇ ਸਿਧਾਂਤ ਦੇ ਪੈਰ ਤਾਂ ਸਾਡੀ ਭੁੱਲ ਕਾਰਨ ਕਈ ਸਦੀਆਂ ਅੜੇ ਰਹਿ ਸਕੇ ਸਨ, ਪਰ ਸਿਖੀ ਸਿਧਾਂਤ ਦਾ ਖੁਰਾ ਖੋਜ ਤਾਂ (ਗੁਰੂ) ਨਾਨਕ ਜੀ ਦੇ ਚਲਾਣੇ ਦੇ ਨਾਲ ਹੀ ਅਲੋਪ ਹੋਇਆ ਸਮਝੋ । ਬਸ, ਗੁਰੂ ਨਾਨਕ (ਜੀ) ਦੇ ਜਾਣ ਦੀ ਢਿੱਲ ਹੈ, ਸਿਖੀ ਦਾ ਬਿਸਤਰਾ ਛੇਤੀ ਹੀ ਗੋਲ ਕਰ ਦਿਆਂਗੇ " ।

ਪ੍ਰੋਹਿਤ ਬੜੀ ਬੇਚੈਨੀ ਨਾਲ ਸਤਿਗੁਰਾਂ ਦੇ ਸਰੀਰ ਛੱਡਣ ਵਾਲੇ ਦਿਨ ਦੀ ਉਡੀਕ ਕਰ ਰਿਹਾ ਸੀ । ਪਰ ਉਸ ਦੀ ਚਿੰਤਾ ਦੀ ਕੋਈ ਹੱਦ ਨਾ ਰਹੀ ਜਦ ਉਸ ਨੇ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਮੁੜ ਗੁਰੂ ਨਾਨਕ ਜੀ ਨੂੰ ਹੀ ਬਿਰਾਜ ਮਾਨ ਵੇਖਿਆ । ਬ੍ਰਾਹਮਣ ਸੋਚੀਂ ਪੈ ਗਿਆ-- " ਹਾਏ ! ਮੈਂ ਹੁਣ ਕਿਹੜੀ ਚਾਲ ਚੱਲਾਂ ? ਜਿਹੜੇ ਗੁਰੂ ਕੋਲ ਵੀ ਪਰਤਾਵਾ ਲੈਣ ਜਾਂਦਾ ਹਾਂ, ਉਹ ਬਿਲਕੁਲ ਤਲਵੰਡੀ ਵਾਲਾ ਗੁਰੂ ਨਾਨਕ ਹੀ ਹੋ ਦਿੱਸਦਾ ਹੈ । ਮੇਰੀ ਤਾਂ ਮੱਤ ਮਾਰੀ ਚੱਲੀ ਹੈ । ਕਿਵੇ ਛੁਡਾਵਾਂ ਆਪਣਾ ਪਿੱਛਾ । ਇਸ ਪੰਜਵੇਂ ਨਾਨਕ ਨਿਰੰਕਾਰੀ ਨੇ ਤਾਂ ਗੁਰਬਾਣੀ ਨੂੰ ਅਜੇਹੇ ਨਿਰਾਲੇ ਢੰਗ ਨਾਲ ਸਾਂਭ ਲਿਆ ਹੈ ਕਿ ਇਸ ਵਿਚ ਰਲਾ ਪਾ ਸਕਣਾ ਸੰਭਵ ਹੀ ਨਹੀਂ ਰਿਹਾ । ਜਿਹੜਾ ਵੀ ਗੁਰੂ ਬਣਦਾ ਹੈ ਉਹ ਆਪਣੇ ਆਪ ਨੂੰ ਨਾਨਕ ਹੀ ਲਿਖਦਾ ਹੈ । ਮੈਂ ਕਈ ਪਰਤਾਵੇ ( Test) ਲਏ ਹਨ ਪਰ ਗੁਰੂ-ਗੱਦੀ ਤੇ ਜਿਹੜਾ ਵੀ ਬੈਠਦਾ ਹੈ ਹਰ ਪੱਖੋਂ ਤਲਵੰਡੀ ਵਾਲੇ ਗੁਰੂ ਨਾਨਕ ਦੇਵ ਜੀ ਹੀ ਸਿੱਧ ਹੁੰਦਾ ਹੈ " ।

ਆਖ਼ਰ ਸ਼ੰਕਰ ਅਚਾਰੀਆ ਦੇ ਚੇਲਿਆਂ ਵਿਚੋਂ ਪੁਰਾਣੇ ਤਜਰਬੇਕਾਰ ਅਤੇ ਸਕੀਮਾਂ ਘੜਨ ਦੇ ਮਾਹਰ ਬ੍ਰਾਹਮਣਾਂ ਦੀ ਸਭਾ ਇਕੱਤ੍ਰ ਹੋਈ । ਇਸ ਵਿਚਾਰ ਤੇ ਸਾਰਿਆਂ ਦੀ ਸਹਿਮਤੀ ਸੀ ਕਿ, **ਜਿਨਾਂ ਚਿਰ ਸਿਖਾਂ ਵਿਚ ਗੁਰੂ ਨਾਨਕ ਜੀ ਹਾਜ਼ਰ-ਨਾਜ਼ਰ ਹਨ ਉਨਾਂ ਚਿਰ ਸਿੱਖੀ ਆਪਣੇ ਪੈਰਾਂ ਤੇ ਪੂਰੀ ਤਰ੍ਹਾਂ ਸਥਿਰ ਹੈ** । ਬ੍ਰਾਹਮਣ ਅਰੰਭ ਤੋਂ ਹੀ ਆਪਣਾ ਮਾਇਆ-ਜਾਲ, ਕਰਾਮਾਤਾਂ ਦੇ ਭਰਮ ਦੇ ਆਸਰੇ, ਬੜੀ ਛੇਤੀ ਅਤੇ ਪੂਰੀ ਸਫ਼ਲਤਾ ਨਾਲ ਖਿੱਲਰਦਾ ਆ ਰਿਹਾ ਸੀ । ਪਰ ਗੁਰੂ ਨਾਨਕ ਦੇਵ ਜੀ ਦੀ ਸੱਭ ਤੋਂ ਵੱਡੀ ਕਰਾਮਾਤ ਇਹ ਸੀ ਕਿ ਉਨ੍ਹਾਂ ਨੇ ਆਪਣੇ ਸਿੱਖ ਨੂੰ ਅਜੇਹੇ ਫੋਕੇ ਭਰਮਾਂ ਵਿਚ ਨਹੀਂ ਸੀ ਪੈਣ ਦਿੱਤਾ । ਸ਼੍ਰੋਮਣੀ ਬ੍ਰਾਹਮਣਾਂ ਦੀ ਇਕੱਤ੍ਰਤਾ ਵਿਚ ਹੇਠ ਲਿਖੇ ਮਸਲਿਆਂ ਨੂੰ ਬਹੁਤਾ ਗੰਭੀਰ ਸਮਝਿਆ ਗਿਆ:---

**੧)** ਸਿੱਖਾਂ ਦੇ ਮਨ ਵਿਚ ਇਹ ਗੱਲ ਘਰ ਚੁੱਕੀ ਹੈ ਕਿ ਗੁਰੂ ਨਾਨਕ ਸਾਹਿਬ ਜੀ ਅਕਾਲ ਪੁਰਖ ਕੋਲੋਂ ਅਨੰਤ ਕਲਾਂ ਦੇ ਮਾਲਕ ਬਣ ਕੇ ਇਸ ਸੰਸਾਰ ਵਿਚ ਆਏ ਸਨ ।

**੨)** ਸਿੱਖਾਂ ਦਾ ਇਹ ਵਿਸ਼ਵਾਸ਼ ਵੀ ਬੜਾ ਅਟੱਲ ਹੈ ਕਿ ਜਿਹੜਾ ਸਿੱਖ ਵੀ ਗੁਰੂ ਗੱਦੀ ਦਾ ਮਾਲਕ ਬਣਦਾ ਹੈ, ਉਸ ਵਿਚ ਗੁਰੂ ਨਾਨਕ ਦੇਵ ਜੀ ਦੀ ਅਨੰਤ ਕਲਾਂ ਵਾਲੀ ਅਮਰ ਜੋਤਿ ਹੀ ਆ ਬਿਰਾਜਦੀ ਹੈ ।

**੩)** ਗੁਰੂ ਗੱਦੀ ਮਿਲ ਜਾਣ ਤੋਂ ਪਹਿਲਾਂ ਸਾਰੇ ਸਿੱਖ ਗੁਰੂ ਘਰ ਦੇ ਟਹਿਲੂਏ ਹੀ ਮੰਨੇ ਜਾਂਦੇ ਹਨ । ਗੁਰੂ ਪਰਿਵਾਰਾਂ ਦੇ ਸਾਰੇ ਜੀਅ ਵੀ, ਗੁਰੂ ਜੀ ਦੇ ਉਸੇ ਤਰ੍ਹਾਂ ਦੇ ਸਿੱਖ ਅਤੇ ਟਹਿਲੂਏ ਹੁੰਦੇ ਹਨ ਜਿਵੇਂ ਦੂਜੇ ਸਿੱਖ ਹਨ । ਸੋ ਬਹੁਤੀ ਪ੍ਰੇਸ਼ਾਨੀ ਵਾਲੀ ਗੱਲ ਇਹ ਹੈ ਕਿ, ਸਵਾਏ ਗੁਰੂ ਦੇ ਕਿਸੇ ਦੂਜੇ ਸਿੱਖ ਨੂੰ ਜਾਂ ਗੁਰੂ ਘਰ ਦੇ ਜੀਅ ਨੂੰ ਕਰਾਮਾਤੀ ਸ਼ਕਤੀਆਂ ਵਾਲਾ ਨਹੀਂ ਮੰਨਿਆਂ ਜਾਂਦਾ ।

ਚੰਡਾਲ ਚੌਕੜੀ ਦਾ ਫ਼ੈਸਲਾ ਇਹ ਸੀ ਕਿ ਗੁਰੂ ਨਾਨਕ ਜੀ ਪ੍ਰਤੀ ਸਿਖਾਂ ਦੀ ਸ਼ਰਧਾ ਢਿੱਲੀ ਕਰਨ ਲਈ ਇਨ੍ਹਾਂ ਤਿੰਨਾ ਪਾਸਿਆਂ ਤੋਂ ਸਿੱਖੀ ਤੇ ਹੱਲਾ ਬੋਲਣਾ ਚਾਹੀਦਾ ਹੈ । ਸਿੱਖ ਦੇ ਵਿਸ਼ਵਾਸ਼ ਵਿਚ ਇਹ ਭਰ ਦੇਣ ਦੀ ਵੱਡੀ ਲੋੜ ਹੈ ਕਿ ਗੁਰੂ ਨਾਨਕ ਜੀ ਵਾਂਗ ਹੋਰ ਗੁਰੂ ਵੀ ਧੁਰੋਂ ਅਕਾਲ ਪੁਰਖ ਕੋਲੋਂ ਹੀ ਅਵਤਾਰੀ ਸ਼ਕਤੀਆਂ ਵਾਲਾ ਬਣ ਕੇ ਆ ਸਕਦਾ ਹੈ ਅਤੇ ਅਜੇਹੇ ਧੁਰੋਂ ਆਏ ਨੂੰ ਗੁਰੂ ਨਾਨਕ ਜੀ ਦੇ ਗਿਆਨ-ਜੋਤਿ ਦੀ ਲੋੜ ਨਹੀਂ ਹੁੰਦੀ । ਏਹੋ ਵਿਸ਼ਵਾਸ਼ ਹੀ ਫਿਰ ਸਮੇਂ ਦੇ ਚੱਕਰ ਨਾਲ ਵਿਸ਼ਨੂੰ ਜੀ ਦੇ ਅਵਤਾਰਾਂ ਨਾਲ ਜਾ ਜੁੜਨਾ ਹੈ । ਦੂਜੀ ਵੱਡੀ ਫ਼ਤਹਿ ਉਸੇ ਦਿਨ ਹੀ ਹੋ ਜਾਣੀ ਹੈ ਜਿਸ ਦਿਨ ਅਸਾਂ ਗੁਰੂ ਪਰਿਵਾਰ ਵਿਚ ਅਥਵਾ ਸਿੱਖ ਮਹਾਂ-ਪੁਰਖਾਂ ਵਿਚ ਵੀ ਬ੍ਰਾਹਮਣੀ ਸੋਚ ਵਾਲੀ ਕਰਾਮਾਤੀ ਸ਼ਕਤੀ ਦੇ ਹੋਣ ਦਾ ਭਰਮ ਸਿੱਖਾਂ ਵਿਚ ਸੁਰਜੀਤ ਕਰ ਦਿੱਤਾ । ਬ੍ਰਾਹਮਣ ਨੂੰ ਯਕੀਨ ਸੀ ਕਿ ਜਿਵੇਂ ਹੀ ਇਨ੍ਹਾਂ ਤਿੰਨਾਂ ਮਸਲਿਆਂ ਦਾ ਹੱਲ ਲੱਭ ਲਿਆ, ਗੁਰੂ ਨਾਨਕ ਜੀ ਦੇ ਗਿਆਨ-ਪ੍ਰਕਾਸ਼ ਅਥਵਾ " ਜੋਤਿ " ਵੱਲੋਂ ਸਿੱਖਾਂ ਦਾ ਵਿਸ਼ਵਾਸ਼ ਢਿੱਲਾ ਪੈਣਾ ਅਰੰਭ ਹੋ ਜਾਣਾ ਹੈ, ਅਤੇ ਸਿੱਖਾਂ ਨੂੰ ਇਸ ਵਰਤ ਰਹੇ ਭਾਣੇ ਦਾ ਪਤਾ ਵੀ ਨਹੀਂ ਲੱਗਣਾ । ਇਹ ਫ਼ੈਸਲਾ ਵੀ ਹੋਇਆ ਕਿ, ਜੇ ਸਿੱਖ ਇਤਿਹਾਸ ਵਿਚ ਰਲੇ ਪਾਉਣ ਦੀ ਲੋੜ ਪੈ ਗਈ ਤਾਂ ਅਜੇਹੀ ਕਿਸੇ ਪਰਕਾਰ ਦੀ ਭਿਣਕ ਗੁਰੂ (ਜੀ) ਦੇ ਕੰਨਾਂ ਵਿਚ ਨਹੀਂ ਪੈਣੀ ਚਾਹੀਦੀ । ਕਿਉਂਕਿ ਜੇ ਗੁਰਬਾਣੀ ਵਾਂਗ ਇਤਿਹਾਸ ਵਿਚ ਰਲੇ ਪੈਣ ਦੀ ਖ਼ਬਰ ਵੀ ਖਿੱਲਰ ਗਈ ਤਾਂ ਗੁਰਬਾਣੀ ਵਾਂਗ ਹੀ ਇਤਿਹਾਸ ਨੂੰ ਅਖੰਡਤ ਰੱਖਣ ਦਾ ਰਾਹ ਸਤਿਗੁਰਾਂ ਨੇ ਸਿੱਖਾਂ ਨੂੰ ਜ਼ਰੂਰ ਸਮਝਾ ਦੇਣਾ ਹੈ । ਬੜੀ ਚੌਕਸੀ ਨਾਲ ਗੁਰੂ ਦਰਬਾਰ ਦੀ ਹਰ ਗੱਲ ਵਲ ਖ਼ਿਆਲ ਰਖਦਿਆਂ ਬੜੇ ਸਬਰ ਨਾਲ ਢੁਕਵੇਂ ਸਮੇਂ ਦੀ ਉਡੀਕ ਕਰਦੇ ਰਹਿਣ ਦੇ ਫ਼ੈਸਲੇ ਨਾਲ ਬ੍ਰਾਹਮਣ ਵਿਦਵਾਨਾਂ ਦੀ ਸਭਾ ਉਠ ਗਈ ।

ਗੁਰੂ ਅਰਜਨ ਦੇਵ ਜੀ ਦੇ ਘਰ ਜਨਮੇ ਸਾਹਿਬਜ਼ਾਦੇ ਦਾ ਨਾਮ ਹਰਿਗੋਬਿੰਦ ਰੱਖਿਆ ਗਿਆ । ਗੁਰੂ ਹਰ ਗੋਬਿੰਦ ਜੀ ਨੇ ਗੱਦੀ ਤੇ ਬਿਰਾਜਮਾਨ ਹੋਣ ਸਮੇਂ ਇਕ ਦੇ ਥਾਂ ਦੋ ਕਿਰਪਾਨਾਂ ਪਹਿਨ ਲਈਆਂ ਸਨ । ਡਿੱਠ ਵੀ ਫ਼ਕੀਰਾਂ ਵਾਲੀ ਨਾ ਰਹੀ । ਜਲਾਲ ਵੇਖ ਕੇ ਵੈਰੀ ਕੋਲੋਂ ਝੱਲਿਆ ਨਾ ਗਿਆ । ਉਸ ਨੇ ਜਾਤਾ, ਸ਼ਾਇਦ ਏਹ ਹੁਣ ਆਖ਼ਰੀ ਗੁਰੂ ਹੈ ਜਿਸ ਨੇ ਗੁਰੂ ਨਾਨਕ ਜੀ ਦੀ ਰੀਤ ਤੋਂ ਉਲਟ, ਸ਼ਾਹੀ ਠਾਠ ਬਾਠ ਵਾਲਾ ਤਖ਼ਤ ਵੀ ਰਚ ਲਿਆ ਹੈ । ਇਸ ਬਾਲਕ ਗੁਰੂ ਦੇ ਚਾਲੇ ਹੁਣ ਗੁਰੂ ਨਾਨਕ ਜੀ ਵਾਲੇ ਨਹੀਂ ਹਨ । ਇੱਕ ਹੋਰ ਸੋਚ ਫੁਰੀ ਤਾਂ ਬ੍ਰਾਹਮਣ ਖ਼ੁਸ਼ੀ ਨਾਲ ਛਾਲਾਂ ਮਾਰਨ ਲੱਗ ਪਿਆ । ਸਿੱਖੀ ਦੇ ਵੈਰੀਆਂ ਦੇ ਘਰ ਘਿਉ ਦੇ ਦੀਵੇ ਜਗ ਪਏ । ਇਸ ਦਾ ਤਾਂ ਨਾਮ ਹੀ ਗੋਬਿੰਦ ਹੈ । ਗੋਬਿੰਦ ਨਾਮ ਤਾਂ ਅਸੀ ਕ੍ਰਿਸ਼ਨ ਨੂੰ ਦਿੱਤਾ ਸੀ । **ਕੀ ਇਹ ਕਿਤੇ ਉਹੀ ਕ੍ਰਿਸ਼ਨ-ਗੋਬਿੰਦ ਹੀ ਤਾਂ ਨਹੀਂ** ?

ਬ੍ਰਾਹਮਣ ਦੇ ਮਨ ਵਿਚ ਸੋਚ ਫੁਰੀ ਕਿ, ਇਸ ਛੇਵੇਂ ਗੁਰੂ ਹਰਗੋਬਿੰਦ (ਜੀ) ਨੂੰ ਧੁਰੋ ਹੀ ਕਰਮਾਤਾਂ ਲੈ ਕੇ ਆਇਆ ਸਿੱਧ ਕਰ ਦੇਣਾ ਸਹਿਲ ਰਹੇਗਾ । ਘਾਤਕ-ਯੋਜਨਾਂ ਘੜਨ ਵਿਚ ਨਿਪੁੰਨ ਆਦਿ-ਬ੍ਰਾਹਮਣ ਦੇ ਵਿਦਵਾਨ ਵੰਸ਼ਕ ਨੂੰ ਸ਼ਰਾਰਤ ਸੁਝਦਿਆਂ ਕਿਹੜਾ ਚਿਰ ਲੱਗਣਾ ਸੀ ? ਕ੍ਰਿਸ਼ਨ-ਗੋਬਿੰਦ ਅਥਵਾ ਹਰੇ-ਗੋਬਿੰਦ ਨੂੰ ਮਾਰ ਦੇਣ ਲਈ ਥਣਾ ਨੂੰ ਜ਼ਹਿਰ ਲਾ ਕੇ ਆਈ ਕਥਿਤ ਪੂਦਨਾ ਵਾਂਗ ਹੀ, ਬਾਲਕ ਸ਼ਾਹਿਬਜ਼ਾਦਾ ਹਰ-ਗੋਬਿੰਦ ਦੀ ਜਾਨ ਲੈਣ ਵਾਸਤੇ ਵੀ ਦਾਈ ਆਪਣੇ ਥਣਾ ਨੂੰ ਜ਼ਹਿਰ ਲਾ ਆਈ । ਬਾਲ ਹਰ-ਗੋਬਿੰਦ ਨੇ ਠੀਕ ਓਸੇ ਤਰ੍ਹਾਂ ਹੀ ਦਾਈ ਦੇ ਥਣਾਂ ਨੂੰ ਜ਼ਖਮੀ ਕਰਕੇ ਉਸ ਦੀ ਜਾਨ ਲੈ ਲਈ ਜਿਵੇਂ ਕ੍ਰਿਸਨ-ਹਰੇ-ਗੋਬਿੰਦ ਜੀ ਨੇ ਪੂਦਨਾਂ ਦੀ ਜਾਨ ਲਈ ਸੀ । ਕ੍ਰਿਸ਼ਨ ਗੋਬਿੰਦ ਜੀ ਨੂੰ ਇਕ ਕਥਿਤ ਦੈਂਤ ਕਾਂ (ਕਊਆ) ਬਣ ਕੇ ਮਾਰਨ ਗਿਆ ਜਿਸ ਨੂੰ ਕ੍ਰਿਸ਼ਨ-ਗੋਬਿੰਦ ਜੀ ਨੇ ਕਰਾਮਾਤੀ ਸ਼ਕਤੀ ਨਾਲ ਪਾਰ ਬੁਲਾਇਆ ਸੀ । ਏਧਰ ਵੀ ਜਾਨ ਲੈਣ ਲਈ ਛੱਡੇ ਜ਼ਹਿਰੀ ਸੱਪ ਨੂੰ ਬਾਲਿਕ ਸਾਹਿਬਜ਼ਾਦੇ ਨੇ ਕਰਾਮਾਤੀ ਢੰਗ ਨਾਲ ਮਾਰ ਮੁਕਾਇਆ । ਕ੍ਰਿਸ਼ਨ ਭਗਵਾਨ ਦੇ ਪੁੱਤ੍ਰਾਂ ਵਾਂਗ ਹੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸਹਿਬਜ਼ਾਦਿਆਂ ਨੂੰ ਬੜੇ ਕਰਾਮਾਤੀ ਹੋਣ ਵਾਲੇ ਸਿੱਧ ਕਰਨ ਵਾਲੀਆਂ ਸਾਖੀਆਂ ਗੁਰੂ ਇਤਿਹਾਸ ਨਾਲ ਨੱਥ ਕੇ ਢੁਕਵੇਂ ਸਮੇਂ ਤੇ ਵਰਤਨ ਲਈ ਸਾਂਭ ਲਈਆਂ । ਪਰ ਗੁਰੂ ਹਰ ਗੋਬਿੰਦ ਜੀ ਆਖ਼ਰੀ ਗੁਰੂ ਸਿੱਧ ਨਾ ਹੋਏ । ਪੂਰਾ " ਹਰੇ-ਗੋਬਿੰਦ " ਸਿੱਧ ਕਰ ਦੇਣ ਲਈ, ਉਨ੍ਹਾਂ ਨੂੰ ਕਿਸੇ ਪਿਛਲੇ ਜਨਮ ਨਾਲ ਜੋੜ ਦੇਣ ਦੀ ਯੋਜਨਾ ਠੱਪ ਦਿੱਤੀ ਗਈ ।

ਬ੍ਰਾਹਮਣ ਨੇ ਬਾਲ-ਸਾਹਿਬਜ਼ਾਦਾ ਹਰਿਗੋਬਿੰਦ ਜੀ ਦੀ ਜਾਨ ਲੈਣ ਦਾ ਜਿਹੜਾ ਘਿਨਾਉਣਾ ਯਤਨ ਕੀਤਾ ਸੀ ਉਸ ਦਾ ਪੱਕਾ ਸਬੂਤ ਗੁਰੂ ਅਰਜਨ ਦੇਵ ਜੀ ਦੇ ਲਿਖੇ ਭੈਰੋਂ ਰਾਗ ਦੇ ਇਸ ਸ਼ਬਦ ਤੋਂ ਮਲਦਾ ਹੈ :--

੩੯- **ਲੇਪੁ ਨ ਲਾਗੋ ਤਿਲ ਕਾ ਮੂਲਿ ॥ ਦੁਸ਼ਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ ॥ ੧ ॥**
**ਹਰਿ ਜਨ ਰਾਖੇ ਪਾਰਬ੍ਰਹਮਿ ਆਪਿ ॥ ਪਾਪੀ ਮੂਆ ਗੁਰ ਪਰਤਾਪਿ ॥ ੧ ॥ ਰਹਾਉ ॥**
**ਅਪਣਾ ਖਸਮੁ ਜਨਿ ਆਪਿ ਧਿਆਇਆ ॥ ਇਆਣਾ ਪਾਪੀ ਓਹੁ ਆਪਿ ਪਚਾਇਆ ॥ ੨ ॥**
**ਪ੍ਰਭੁ ਮਾਤ ਪਿਤਾ ਆਪਣੇ ਦਾਸ ਕਾ ਰਖਵਾਲਾ ॥ ਨਿੰਦਕ ਕਾ ਮਾਥਾ ਈਹਾਂ ਊਹਾ ਕਾਲਾ ॥ ੩ ॥**
**ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ ॥ ਮਲੇਛੁ ਪਾਪੀ ਪਚਿਆ ਭਇਆ ਨਿਰਾਸੁ ॥ ੪ ॥**[੧੧੩੭]--੯

**ਅਰਥ:**--ਪਰਮਾਤਮਾ ਨੇ ਆਪਣੇ ਸੇਵਕਾਂ ਦੀ ਰੱਖਿਆ (ਸਦਾ ਹੀ) ਆਪ ਕੀਤੀ ਹੈ । (ਵੇਖੋ, ਵਿਸਾਹ-ਘਾਤ ਬ੍ਰਾਹਮਣ) ਦੁਸ਼ਟ, ਪਰਮਾਤਮਾ ਦੇ ਪਰਤਾਪ ਨਾਲ ਆਪ ਹੀ ਮਰ ਗਿਆ ਹੈ । ੧ । ਰਹਾਉ ।

(ਪਰਮਾਤਮ ਦੀ ਮਿਹਰ ਆਪਣੇ ਸੇਵਕ ਉੱਤੇ ਹੋਈ ਹੈ, ਬਾਲਕ ਹਰਿਗੋਬਿੰਦ ਉੱਤੇ ਉਸ ਦੁਸ਼ਟ ਦੀ ਮੰਦੀ ਕਰਤੂਤ ਦਾ) ਬਿਲਕੁਲ ਰਤਾ ਭਰ ਵੀ ਮਾੜਾ ਆਸਰ ਨਹੀਂ ਹੋ ਸਕਿਆ (ਪਰ ਗੁਰੂ ਦੇ ਪਰਤਾਪ ਨਾਲ ਉਹ) ਚੰਦਰਾ ਬ੍ਰਾਹਮਣ ਪੇਟ ਵਿਚ ਸੂਲ ਉੱਠਣ ਨਾਲ ਮਰ ਗਿਆ ਹੈ **। ੧ ।** (ਪਰਮਾਤਮਾ ਨੇ ਆਪਣੇ ਸੇਵਕ ਦੀ ਆਪ ਰੱਖਿਆ ਕੀਤੀ ਹੈ, ਕਿਉਂਕਿ) ਸੇਵਕ ਨੇ ਆਪਣੇ ਮਾਲਕ-ਪ੍ਰਭੂ ਨੂੰ ਸਦਾ ਆਪਣੇ ਹਿਰਦੇ ਵਿਚ ਵਸਾਇਆ ਹੈ । ਉਹ ਬੇਸਮਝ ਦੁਸ਼ਟ (ਇਸ ਰੱਬੀ ਭੇਤ ਨੂੰ ਸਮਝ ਨਾ ਸਕਿਆ, ਤੇ ਪਰਮਾਤਮਾ ਨੇ) ਆਪ ਉਸ ਨੂੰ ਮਾਰ ਮੁਕਾਇਆ **। ੨ ।** ਮਾਂ ਪਿਉ ਵਾਂਗ ਪ੍ਰਭੂ ਆਪਣੇ ਸੇਵਕ ਦਾ ਸਦਾ ਆਪ ਰਾਖਾ ਬਣਦਾ ਹੈ (ਤਾਹੀਏਂ ਪ੍ਰਭੂ ਦੇ ਸੇਵਕ ਦੇ) ਦੋਖੀ ਦਾ ਮੂੰਹ ਲੋਕ ਪਰਲੋਕ ਦੁਹੀਂ ਸਰਾਈਂ ਕਾਲਾ ਹੁੰਦਾ ਹੈ **। ੩ ।** ਗੁਰਦੇਵ ਜੀ ਫ਼ੁਰਮਾਨ ਕਰਦੇ ਹਨ, ਕਿ ਆਪਣੇ ਸੇਵਕ ਦੀ ਪਰਮੇਸਰ ਨੇ ਸਦਾ ਹੀ ਅਰਦਾਸ ਸੁਣੀ ਹੈ (ਵੇਖੋ, ਪਰਮੇਸਰ ਦੇ ਸੇਵਕ ਉੱਤੇ ਵਾਰ ਕਰਨ ਵਾਲਾ) ਦੁਸ਼ਟ ਪਾਪੀ ਆਪ ਹੀ ਮਰ ਮਿਟਿਆ, ਤੇ, ਬੇ-ਮੁਰਾਦਾ ਹੀ ਰਿਹਾ । ੪ ।

ਇਸ ਗੁਰ-ਸ਼ਬਦ ਤੋਂ ਹੇਠ ਲਿਖੇ ਤੱਥਾਂ ਦੀ ਸਮਝ ਆਉਂਦੀ ਹੈ:--

੧) ਗੁਰੂ ਘਰ ਨਾਲ ਦੁਸ਼ਮਣੀ ਅਤੇ ਈਰਖਾਲੂ ਸਾੜੇ ਦਾ ਮਾਰਿਆ ਬ੍ਰਾਹਮਣ ਕਿਸ ਹੱਦ ਤੱਕ ਗਿਰ ਜਾਣ ਲਈ ਤਿਆਰ ਸੀ । ਬਾਲਕ ਦੀ ਜਾਨ ਲੈਣ ਵਰਗਾ ਨੀਚ ਕਰਮ ਕਰਨ ਤੋਂ ਨਾ ਸੰਗਿਆ ।

੨) ਬ੍ਰਾਹਮਣ ਦੀ ਮੌਤ ਦਾ ਕਾਰਨ ਕੇਵਲ ਪ੍ਰਭੂ ਦਾ ਹੁਕਮ ਹੀ ਸੀ । ਉਸ ਦੀ ਮੌਤ ਸਾਹਿਬਜ਼ਾਦਾ ਜੀ ਦੀ ਕਿਸੇ ਕਰਾਮਾਤੀ ਸ਼ਕਤੀ ਨਾਲ ਨਹੀਂ ਸੀ ਹੋਈ । ਗੁਰ-ਘਰ ਆਪਣੀ ਜਾਂ ਆਪਣੇ ਪਰਿਵਾਰ ਦੀ ਰਖਿਆ ਕਰਨ ਲਈ ਕਿਸੇ ਰਿਧੀ ਸਿਧੀ ਆਦਿ ਸ਼ਕਤੀ ਦਾ ਆਸਰਾ ਬਿਲਕੁਲ ਨਹੀਂ ਸੀ ਲੈਂਦੇ । ਦੁਖ ਸੁਖ ਵਿਚ ਇੱਕ ਸਮਾਨ ਵਿਚਰਦੇ ਹੋਏ ਜਗਤ ਲਈ ਸਦਾ ਵਾਹਿਗੁਰੂ ਦੇ ਭਾਣੇ ਵਿਚ ਰਹਿਣ ਦੀ ਜਾਚ ਸਿਖਾਉਂਣ ਲਈ ਆਪ ਪੂਰਨੇ ਪਾਇਆ ਕਰਦੇ ਸਨ ।

੩) ਜਿਵੇ ਪਹਿਲੇ ਸਰੂਪ ਸਮੇਂ ਬ੍ਰਹਮ ਗਿਆਨ ਦੀ ਬਖ਼ਸ਼ਸ਼ ਕਰਨ ਦੇ ਨਾਲ ਗੁਰਬਾਣੀ ਵਿਚ ਇਤਿਹਾਸਕ ਪੱਖ ਦਾ ਵਰਨਣ ਵੀ ਕਿਤੇ ਕਿਤੇ ਕੀਤਾ ਹੋਇਆ ਹੈ ਉਸੇ ਤਰ੍ਹਾਂ ਪੰਜਵੇਂ ਜਾਮੇ ਸਮੇ ਇਸ ਗੱਲ ਦਾ ਧਿਆਨ ਰੱਖਦਿਆਂ ਕਿ ਗੁਰੂ ਘਰ ਦਾ ਦੋਖੀ ਕਿਸੇ ਕਿਸਮ ਦੀ ਕਰਾਮਾਤੀ ਸ਼ਕਤੀ ਵਰਤਨ ਦਾ ਭਰਮ ਗੁਰੂ ਘਰ ਨਾਲ ਨਾ ਜੋੜ ਦੇਵੇ, ਕਿਤੇ ਕਿਤੇ ਇਤਿਹਾਸਕ ਪੱਖ ਦਾ ਸੰਕੇਤ ਵੀ ਗੁਰਬਾਣੀ ਸ਼ਬਦਾਂ ਵਿਚ ਦਿੱਤਾ ਹੈ । ਜਿਵੇਂ ਸੰਨ ੧੫੯੪ ਤੋਂ ਸੰਨ ੧੫੯੯ ਤਕ ਮਾਝੇ ਵਿਚ ਸਖ਼ਤ ਕਾਲ ਪਿਆ ਸੀ ਅਤੇ ਸੀਤਲਾ (Small Pox) ਦਾ ਵੀ ਬੜਾ ਜ਼ੋਰ ਸੀ । ਸਾਹਿਜ਼ਾਦੇ ਹਰਗੋਬਿੰਦ ਸਾਹਿਬ ਜੀ ਦਾ ਜਨਮ ੧੫੯੫ ਵਿਚ ਹੋਇਆ ਸੀ । ਗੁਰੂ ਸਾਹਿਬ ਭੁੱਖੇ ਅਤੇ ਰੋਗ-ਪੀੜਤਾਂ ਦੀ ਸਹਾਇਤਾ ਕਰਨ ਵਾਸਤੇ ਮਾਝੇ ਦੇਪਿੰਡਾਂ ਅਤੇ ਫਿਰ ਲਾਹੌਰ ਸ਼ਹਿਰ ਹੀ ਵਿਚਰਦੇ ਰਹੇ । ਸਾਹਿਬ ਜ਼ਾਦਾ ਜੀ ਨੂੰ ਵੀ ਨਾਲ ਹੀ ਰਖਣਾ ਪਿਆ ਸੀ । ਜਦ ਵਾਪਸ ਆਏ ਤਾਂ ਸਾਹਿਬਜ਼ਾਦਾ ਸਾਹਿਬ ਜੀ ਨੂੰ ਸੀਤਲਾ ਅਥਵਾ ਮਤਾ ਨਿਕਲ ਆਈ ਸੀ । ਦੁਖਾਂ ਰੋਗਾਂ ਤੋਂ ਛੁਟਕਾਰੇ ਦੀ ਗੱਲ ਕਿਤੇ ਕਰਮਾਤੀ ਸ਼ਕਤੀ ਦੇ ਭਰਮ ਨਾਲ ਨਾ ਜੁੜ ਜਾਏ--ਸਾਹਿਜ਼ਾਦਾ ਜੀ ਦੇ ਰਾਜ਼ੀ ਹੋ ਜਾਣ ਤੇ, ਗੁਰਦੇਵ ਜੀ ਨੇ ਪ੍ਰਭੂ ਦੀ ਆਪਣੀ ਮਿਹਰ ਦਾ ਚਮਤਕਾਰ ਹੋਇਆ ਦੱਸ ਕੇ ਸਦਾ ਸ਼ੁਕਰਾਨੇ ਵਾਲੀ ਸਦੀਵੀ ਯਾਦ ਨਾਲ ਜੁੜੇ ਰਹਿਣ ਦਾ ਉਪਦੇਸ਼ ਦੇਣ ਲਈ ਜੋ ਸ਼ਬਦ ਉਚਾਰੇ ਉਨ੍ਹਾਂ ਦੀ ਸੂਚੀ ਇਸ ਪ੍ਰਕਾਰ ਹੈ:--

੪੦- **ਸੀਤਲਾ ਤੇ ਰਾਖਿਆ ਬਿਹਾਰੀ ॥ ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ॥ ੧ ॥**[੨੦੦]-੧੦੩-੧੭੨

੪੧- **ਸੀਤਲਾ ਠਾਕਿ ਰਹਾਈ ॥ ਬਿਘਨ ਗਏ ਹਰਿ ਨਾਈ ॥ ੧ ॥** [੬੨੭]--੧੧--੭੫

ਫਿਰ ਸਾਹਿਬਜ਼ਾਦਾ (ਗੁਰੂ) ਹਰਗੋਬਿੰਦ ਜੀ ਦੇ ਬੁਖ਼ਾਰਾਂ ਆਦਿ ਤੋਂ ਰਾਜ਼ੀ ਹੋ ਜਾਣ ਦਾ ਜਿਕਰ ਵੀ ਉਚੇਚੇ ਤੌਰ ਤੇ ਇਨ੍ਹਾਂ ਸ਼ਬਦਾਂ ਵਿਚ ਕਰਕੇ ਜਗਤ ਨੂੰ ਬਹੁਮੁੱਲਾ ਉਪਦੇਸ਼ ਦਿੱਤਾ :--

੪੨- **ਸਦਾ ਅਨੰਦ ਕਰਹ ਮੇਰੇ ਪਿਆਰੇ ਹਰਿਗੋਵਿਦੁ ਗੁਰਿ ਰਾਖਿਆ ॥**
**ਵਡੀ ਵਡਿਆਈ ਨਾਨਕ ਕਰਤੇ ਕੀ ਸਾਚੁ ਸਬਦੁ ਸਤਿ ਭਾਖਿਆ ॥ ੨ ॥** [੬੨੦]--੧੯--੪੬

੪੩- **ਹਰਿ ਗੋਵਿਦੁ ਪ੍ਰਭਿ ਰਾਖਿਆ ॥ ਜਨ ਨਾਨਕ ਸਾਚੁ ਸੁਭਾਖਿਆ ॥ ੨ ॥**[੬੨੬]-੬-੭੦

ਏਸੇ ਤਰ੍ਹਾਂ ਇੱਕ ਹੋਰ ਇਤਿਹਾਸਕ ਘਟਨਾਂ ਦਾ ਸੰਕੇਤ ਵੀ ਦਿੱਤਾ ਹੈ :--

੪੪- **ਸੁਲਹੀ ਤੇ ਨਾਰਾਇਣ ਰਾਖੁ ॥ ਸੁਲਹੀ ਕਾ ਹਾਥੁ**
**ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ ॥ ੧ ॥ ਰਹਾਉ ॥** [੮੨੫]-੧੯-੧੦੪

ਇਨ੍ਹਾਂ ਗੁਰੂ ਸ਼ਬਦਾਂ ਤੋਂ ਸਿੱਧ ਹੋ ਜਾਂਦਾ ਹੈ ਕਿ ਜੇ ਕਿਸੇ ਦਾਈ ਵਲੋਂ ਜਾਂ ਕਿਸੇ ਸਪੇਰੇ ਵਲੋਂ ਵੀ ਸਾਹਿਜ਼ਾਦਾ ਜੀ ਦੀ ਜਾਨ ਲੈਣ ਦਾ ਘਟੀਆ ਯਤਨ ਕੀਤਾ ਗਿਆ ਹੁੰਦਾ ਤਾਂ ਗੁਰਦੇਵ ਜੀ ਉਸ ਦਾ ਜ਼ਿਕਰ ਵੀ ਜ਼ਰੂਰ ਕਰਦੇ । ਇਸ ਤੋਂ ਇਹ ਸਿੱਧ ਹੋ ਜਾਣ ਵਿਚ ਕੋਈ ਕਸਰ ਨਹੀਂ ਰਹਿਣੀ ਚਾਹੀਦੀ ਕਿ ਉਹ ਦੋਵੇਂ ਕਹਾਣੀਆਂ ਇਹ ਭਰਮ ਪਾਉਣ ਲਈ ਘੜੀਆਂ ਗਈਆਂ ਸਨ ਕਿ ਸਹਿਜ਼ਾਦਾ ਜੀ ਧੁਰੋਂ ਹੀ ਕਰਾਮਾਤਾਂ ਦੇ ਮਾਲਕ ਹੋ ਕੇ ਆਏ ਸਨ । ਭਾਵ, ਗੁਰੂ ਨਾਨਕ ਦੇਵ ਜੀ ਤੋਂ ਤੁਰੇ ਆ ਰਹੇ ਪ੍ਰਕਾਸ਼ ਦੀ, ਉਨ੍ਹਾਂ ਨੂੰ ਲੋੜ ਨਹੀਂ ਸੀ, ਇਸ ਕਾਰਨ ਉਹ ਛੇਂਵੇਂ ਗੁਰੂ ਨਾਨਕ ਜੀ ਨਹੀਂ ਸਨ।

ਫਿਰ ਪਟਨਾ ਸਾਹਿਬ ਵਿਖੇ ਪ੍ਰਗਟੇ ਗੁਰੂ ਬਾਲਕ (ਸ੍ਰੀ ਗੁਰੂ) ਗੋਬਿੰਦ ਰਾਏ ਜੀ ਦੇ ਪਾਵਨ ਨਾਮ (ਦਾ ਪਹਿਲਾ ਹਿੱਸਾ) ਵੀ " ਗੋਬਿੰਦ " ਰਖਿਆ ਸੁਣ ਲਿਆ । ਇਨ੍ਹਾਂ ਨੇ ਵੀ ਜੰਗੀ ਰੁਚੀਆਂ ਵਿਖਾਈਆਂ । ਕਲਗੀਧਰ ਜੀ ਨੇ ਗੱਦੀ ਦਾ ਮਾਲਕ ਗੁਰੂ ਗ੍ਰੰਥ ਸਾਹਿਬ ਜੀ ਨੂੰ ਥਾਪ ਦਿੱਤਾ ਤਾਂ ਵੈਰੀ ਪੂਰੀ ਤਰ੍ਹਾਂ ਹੁਸ਼ਿਆਰ ਹੋ ਗਿਆ । ਸਿੱਖੀ ਤੇ ਹਮਲਾ ਕਰਨ ਦਾ ਢੁਕਵਾਂ ਸਮਾਂ ਆ ਗਿਆ ਸੀ । ਗੁਰੂ ਨਾਨਕ ਜੀ ਦੇ ਪਹਿਲੇ ਸਰੂਪਾਂ ਦੇ ਟਾਕਰੇ ਤੇ ਆਪਣੇ ਆਪ ਨੂੰ ਨੀਵਾਂ ਦਰਸਾਂਉਂਦਿਆਂ ਕਲਗੀਧਰ ਜੀ ਨੇ ਆਪਣੀ ਰਚੀ ਬਾਣੀ ਵਿਚ ਨਾਨਕ ਨਾਮ ਵੀ ਨਾ ਵਰਤਿਆ ਅਤੇ ਨਾ ਹੀ ਆਪ ਰਚੀ ਬਾਣੀ ਨੂੰ ਗੁਰੂ ਗਰੰਥ ਵਿਚ ਸ਼ਾਮਲ ਕੀਤਾ । ਸਤਿਗੁਰਾਂ ਦੀ ਮਿਹਰ ਦੀ ਸਿਖ਼ਰ ਸੀ ਕਿ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਥਮ ਅੱਖਰ **" ੧ "** (ਇੱਕ, ਏਕਾ) ਵਾਲੇ ਵਡਮੁੱਲੇ ਗੁਰਮਤਿ ਸਿਧਾਂਤ ਦੀ ਪਾਵਣਤਾ ਬਣਾਈ ਰੱਖਣ ਲਈ, ਕੋਈ ਅੱਡਰਾ ਗ੍ਰੰਥ ਜਾਂ ਗੁਟਕਾ ਲਿਖ ਕੇ ਸਿੱਖਾਂ ਵਿਚ ਪ੍ਰਚਲਤ ਕਰਨਾ ਠੀਕ ਨਾ ਸਮਝਿਆ । ਬ੍ਰਾਹਮਣ ਪੂਰੀ ਚੌਕਸੀ ਨਾਲ ਇਨ੍ਹਾਂ ਸਾਰੀਆਂ ਗੱਲਾਂ ਨੂੰ ਗਹੁ ਨਾਲ ਤਾੜਦਾ ਅਤੇ ਵਿਚਾਰਦਾ ਜਾ ਰਿਹਾ ਸੀ । ਅੱਗੇ ਤੋਂ ਗੁਰੂ ਨਾਨਕ ਦੇਵ ਜੀ ਤੋਂ ਜਗਤ ਵਿਚ ਆਏ **ਨਿਆਰੇ ਗਿਆਨ ਦੇ ਭੰਡਾਰੇ ਦੀ ਮਾਲਕੀ ਗੁਰੂ ਗ੍ਰੰਥ ਸਾਹਿਬ ਜੀ ਨੂੰ,** ਅਤੇ ਇਸ ਨਿਆਰੇ ਗਿਆਨ ਨੂੰ **ਸੰਸਾਰ ਵਿਚ ਨਿਰੰਤਰ ਵੰਡਦੇ ਰਹਿਣ ਦੀ ਜਿੰਮੇਵਾਰੀ ਗੁਰੂਪੰਥ ਨੂੰ ਸੌਂਪ ਕੇ,** ਗੁਰਦੇਵ ਜੀ ਜਦੋਂ ਹੀ ਨਿਜ-ਧਾਮ ਨੂੰ ਸਿਧਾਏ, ਬ੍ਰਾਹਮਣ ਨੇ ਅਪਣੀ ਯੋਜਨਾਂ ਨਾਲ ਤਿਆਰ ਕੀਤੇ ਹਥਿਆਰ ਤਿੱਖੇ ਕਰ ਲਏ । ਬ੍ਰਾਹਮਣ ਨੇ ਕਈ ਪ੍ਰਕਾਰ ਦਾ ਪੰਥ-ਵਿਰੋਧੀ ਲਿਖਤੀ ਸਮੱਗ੍ਰੀ ਤਿਆਰ ਕਰ ਲਈ ਅਤੇ ਢੁਕਵਾਂ ਸਮਾਂ ਮਿਲਣ ਤੇ ਸਿੱਖੀ ਸਿਧਾਂਤ ਵਿਚ ਸ਼ਾਮਲ ਕਰੀ ਗਿਆ । ਇਸ ਸਾਰੇ ਭਾਣੇ ਦਾ ਵਿਸਥਾਰ ਲਿਖਣ ਲਈ ਅੱਡਰੀ ਪੁਸਤਕ ਲਿਖਣ ਦੀ ਲੋੜ ਹੈ ।

ਆਉ ਹੁਣ ਇਹ ਵੇਖੀਏ ਕਿ ਆਖ਼ਰ ਉਹ ਸਾਰੀ ਸਮੱਗ੍ਰੀ ਵਰਤ ਕੇ ਗਿਆਨੀ ਈਸ਼ਰ ਸਿੰਘ ਨਾਰਾ ਨੇ ਕਲਗ਼ੀਧਰ ਜੀ ਨੂੰ ਕ੍ਰਿਸ਼ਨ ਵਾਂਗ ਧੁਰੋਂ ਹੀ ਕਰਮਾਤਾਂ ਲੈ ਕੇ ਅਇਆ " ਕ੍ਰਿਸ਼ਨ-ਗੋਬਿੰਦ " ਕਿਵੇਂ ਸਿੱਧ ਕੀਤਾ ਹੈ । ਇਸ ਗੱਲ ਨੂੰ ਵੀ ਧਿਆਨ ਵਿਚ ਰਖਣਾ ਹੈ ਕਿ ਜਿਹੜੀਆਂ ਗੱਲਾਂ ਗੁਰੂ ਹਰਗੋਬਿੰਦ ਜੀ ਦੀ ਬਾਲ ਉਮਰਾ ਨਾਲ ਜੋੜ ਚੁੱਕਾ ਸੀ (ਥਣਾ ਨੂੰ ਜ਼ਹਿਰ ਲਾਉਣ ਵਾਲੀ ਅਤੇ ਕਿਸੇ ਜ਼ਹਿਰੀ ਕੀੜੇ ਵਾਲੀ) ਉਹ ਗੁਰੂ ਗੋਬਿੰਦ ਸਿੰਘ ਜੀ ਦੀ ਬਾਲ ਉਮਰਾ ਨਾਲ ਜੋੜਨੋਂ ਸੰਕੋਚ ਕਰ ਲਿਆ । ਅੱਡ ਅੱਡ ਸਿਰਲੇਖ ਦੇ ਕੇ ਨਾਰਾ ਜੀ ਨੇ ਜੋ ਕੁਝ ਲਿਖਿਆ ਹੈ ਉਸ ਨੂੰ ਸੰਖੇਪ ਕਰ ਲੈਣ ਤੋ ਛੁੱਟ, ਲਗ਼-ਪਗ ਸਾਰੀ ਸ਼ਬਦਾਵਲੀ ਉਨ੍ਹਾਂ ਦੀ ਹੀ ਹੈ :--

**(ੳ)** **ਬਾਲਪਨ ਵਿਚ ਸ਼ਕਤੀ ਦਾ ਪ੍ਰਗਟਾਓ**--ਆਪਣੀ ਪੁਸਤਕ ਦੇ ੩੨ ਸਫ਼ੇ ਤੋਂ ਇਹ ਕੁਝ ਲਿਖਣਾ ਅਰੰਭ ਕੀਤਾ ਹੈ ਕਿ,-- ਕੈਦ ਖ਼ਾਨੇ ਵਿਚ ਬੰਦ ਮਾਤਾ ਪਿਤਾ ਦੇ ਘਰ ਕ੍ਰਿਸ਼ਨ ਜੀ ਦੇ ਜਨਮ ਲੈਣ ਉਪ੍ਰੰਤ ਜਦੋਂ ਪਿਤਾ ਵਾਸਦੇਵ ਉਨ੍ਹਾਂ ਨੂੰ ਗੋਕਲ ਵਸਦੇ ਨੰਦ ਜੀ ਦੇ ਘਰ ਛੱਡਣ ਜੰਾਣਾ ਸੀ ਤਾਂ ਪਹਿਲਾਂ ਕੈਦ ਖ਼ਾਨੇ ਦੇ ਸਾਰੇ ਪਹਿਰੇਦਾਰ ਸੌਂ ਗਏ ਤੇ ਫਿਰ ਸਾਰੇ ਤਾਲੇ ਖੁਲ੍ਹ ਗਏ । ਜਦ ਜਮੁਨਾ ਨਦੀ ਵਿਚ ਵੜੇ ਤਾਂ ਉਹ ਉਤਾਹ ਚੜ੍ਹਦੀ ਜਾਏ । ਨਦੀ ਦੀ ਇਛਿਆ ਪੂਰੀ ਕਰਨ ਲਈ ਕ੍ਰਿਸ਼ਨ ਗੋਬਿੰਦੇ ਨੇ ਆਪਣੇ ਦੋਵੇਂ ਨੰਨ੍ਹੇ ਪੈਰ ਨਦੀ ਵੱਲ ਵਧਾ ਦਿੱਤੇ ਜਿਨ੍ਹਾਂ ਨੂੰ ਛੂਹ ਕੇ ਜਮਨਾ ਦਾ ਪਾਣੀ ਨੀਵਾਂ ਹੋ ਗਿਆ । ਏਸੇ ਤਰ੍ਹਾਂ ਹੀ ੧੭੩੨ ਸੰਮਤ ਦੀ ਪੋਖ ਸੁਦੀ ਸਤਵੀਂ ਨੂੰ ਗੁਰੂ ਗੋਬਿੰਦ ਸਿੰਘ ਦਾ ਜਨਮ ਪਟਨੇ ਵਿਚ ਹੋਇਆ ਤਾਂ ਭੀਖਣ ਸ਼ਾਹ ਨੂੰ ਅਨੁਭਵ ਹੋਇਆ ਕਿ ਕੋਈ ਵਲੀ ਪੈਗੰਬਰ ਖ਼ੁਦਾ ਦਾ ਭੇਜਿਆ ਆਇਆ ਹੈ, ਤਾਂ ਉਸ ਨੇ ਪੂਰਬ ਵੱਲ ਸਿਰ ਨਿਵਾ ਕੇ ਸਿਜਦਾ ਕੀਤਾ । ਅਤੇ ਪਟਨੇ ਆ ਕੇ ਪਰਤਾਵਾ ਲੈਣ ਲਈ----ਮਿਠਾਈ ਦੇ ਢੱਕੇ ਹੋਏ ਦੋ ਕੁਜੇ ਨੰਨ੍ਹੇ ਗੁਰੂ ਜੀ ਦੇ ਪੇਸ਼ ਕੀਤੇ । ਤਦ ਮੁਸਕਰਾਂਦੇ ਹੋਇਆਂ ਨੰਨ੍ਹੇ ਨਿਕੇ ਨਿਕੇ ਹਥ ਦੋਹਾਂ ਉਤੇ ਰੱਖ ਦਿੱਤੇ । (ਉਸੇ ਤਰ੍ਹਾਂ ਜਿਵੇਂ ਕ੍ਰਿਸ਼ਨ ਨੇ ਦੋ ਨੰਨ੍ਹੇ ਨੰਨ੍ਹੇ ਪੈਰ ਜਮਨਾਂ ਦੇ ਸਪਰਸ਼ ਲਈ ਲਮਕਾ ਦਿਤੇ ਸਨ ।

**(ਅ)** ***ਬਾਲ ਲੀਲ੍ਹਾ ਦੇ ਨਿਆਰੇ ਕੌਤਕ***---- ਕ੍ਰਿਸਨ ਜੀ ਖੇਡਣ ਜੋਗੇ ਹੋਏ ਤਾਂ ਬਾਲਕਾਂ ਨਾਲ ਦੌੜਦੇ ਗਵਾਲਣਾ ਦੀਆਂ ਦੁੱਧ ਦਹੀਂ ਨਾਲ ਭਰੀਆਂ ਮੱਟੀਆਂ ਨੂੰ ਤੋੜ ਦਿੰਦੇ ਸਨ । ਜਦ ਗਵਾਲਣਾ ਮਾਤਾ ਯਸ਼ੋਧਾ ਕੋਲ ਸ਼ਕਾਇਤ ਕਰਦੀਆਂ ਤਾ ਉਹ ਉਨ੍ਹਾਂ ਨੂੰ ਮੱਖਣ ਆਦਿ ਆਪਣੇ ਕੋਲੋਂ ਦੇ ਦਿੰਦੀ । ਏਧਰ ਬਾਲ ਗੁਰੂ ਗੋਬਿੰਦ ਸਿੰਘ ਜੀ ਖੇਡਣ ਗਏ ਖੂਹੀ ਉਤੇ ਪਾਣੀ ਭਰਨ ਆਈਆਂ ਬੀਬੀਆਂ ਦੇ ਪਾਣੀ ਭਰੇ ਘੜਿਆਂ ਨੂੰ ਗੁਲੇਲੇ ਮਾਰ ਮਾਰ ਕੇ ਭੰਨ ਦਿੰਦੇ ਅਤੇ ਫ਼ੁਹਾਰਾਂ ਛੁਟੀਆਂ ਵੇਖ ਵੇਖ ਕੇ ਖ਼ੁਸ਼ ਹੁੰਦੇ । ਮਾਤਾ ਗੁਜਰੀ ਜੀ ਕੋਲ ਸ਼ਕਾਇਤਾਂ ਹੁੰਦੀਆਂ ਤਾਂ ਉਹ ਹੀ ਯਸ਼ੁਧਾ ਵਾਂਗ ਹੀ ਬੀਬੀਆਂ ਦਾ ਹਰਜਾਨਾਂ ਭਰਦੀ ਹੋਈ ਉਨ੍ਹਾਂ ਨੂੰ ਪਿੱਤਲ ਦੇ ਘੜੇ ਲੈ ਦੇਂਦੇ ।

**(ੲ)** ਸ੍ਰੀ ਕਿਸ਼੍ਨ ਜੀ ਨੂੰ ਜਮਨਾ ਦੇ ਬਹਾਉ ਨਾਲ ਬਹੁਤ ਪਿਆਰ ਸੀ ਗਵਾਲਣਾ ਦੇ ਬੱਚਚਿਆਂ ਨਾਲ ਪਾਣੀ ਵਿਚ ਖੇਡਦੇ ਅਤੇ ਬਚਿਆਂ ਤੇ ਪਾਣੀ ਦੇ ਛੱਟੇ ਚਲਾਂਦੇ । ਏਧਰ ਗੁਰੂ ਗੋਬਿੰਦ ਸਿੰਘ ਜੀ ਪਟਨੇ ਵਿਚ ਗੰਗਾ ਕਿਨਾਰੇ ਖੇਡਦੇ ਤੇ ਸਾਥੀ ਬਾਲਕਾਂ ਸਨੇ ਨਹਾਂਉਂਦੇ, ਇਕ ਦੂਜੇ ਤੇ ਪਾਣੀ ਦੇ ਛੱਟੇ ਮਾਰ ਮਾਰ ਮਨ ਪਰਚਾਉਂਦੇ ਤੇ ਖ਼ੁਸ਼ੀਆਂ ਮਨਾਉਂਦੇ । ਜਿਵੇ ਇਹ ਯਾਦਗਾਰਾਂ ਜਮਨਾ ਨੇ ਕੰਡੇ ਬਣੀਆਂ ਹਨ ਏਸੇ ਤਰ੍ਹਾਂ ਗੰਗਾ ਦੇ ਕਿਨਾਰੇ ਗੋਬਿੰਦ ਘਾਟ ਗੁਰਦੁਆਰਾ ਹੈ ।

**(ਸ)** ਕ੍ਰਿਸ਼ਨ ਜੀ ਮਖਣ ਚੁਰਾ ਕੇ ਲੈ ਜਾਇਆ ਕਰਦੇ ਤੇ ਸਾਥੀਆਂ ਨਾਲ ਵੰਡ ਕੇ ਖਾ ਲੈਂਦੇ ਸਨ ਅਤੇ ਜਦ ਸ਼ਕਾਇਤਾਂ ਸੁਣ ਕੇ ਮਾਤਾ ਯਸ਼ੋਧਾ ਕ੍ਰਿਸ਼ਨ-ਗੋਪਾਲ ਜੀ ਨੂੰ ਰੱਸੀ ਨਾਲ ਬੰਨ੍ਹ ਦਿਆ ਕਰਦੀ । ਪਰ ਪਲ ਕੁ ਪਿਛੋਂ ਉਹ ਰੱਸੀ ਤੋਂ ਬਾਹਰ ਹੁੰਦੇ ਸਨ । ਏਧਰ ਗੰਗਾ ਕਿਨਾਰੇ ਖੇਡਦੇ ਹੋਏ ਸ਼ਿਵਦੱਤ ਪੰਡਤ (ਸਮਾਧੀ ਵਿਚ ਬੈਠੇ) ਦੇ ਅਗੋਂ ਠਾਕਰਾਂ ਦੇ ਭੋਗ ਵਾਲੀ ਮਿਠਾਈ ਗੁਰੂ ਗੋਬਿੰਦ ਸਿੰਘ ਜੀ ਚੁੱਕ ਲਿਜਾਂਦੇ, ਤੇ ਹਾਣੀਆਂ ਨਾਲ ਵੰਡ ਖਾਂਦੇ ਰਹੇ । ਬਰਾਹਮਣ ਨੂੰ ਪਤਾ ਲੱਗਾ ਕਿ ਇਹ ਕਾਰਾ ਪੰਜਾਬੋਂ ਆਏ ਗੁਰੂ ਜੀ ਦੇ ਚੰਚਲ ਬਾਲਕ ਦਾ ਹੈ ਤਾਂ ਅਗਲੇ ਦਿਨ ਉਨ੍ਹਾਂ ਮਿਠਾਈ ਚੁੱਕਦੇ ਫੜ ਕੇ ਜੱਫੀ ਵਿਚ ਘੁਟ ਲਏ । ਪਰ ਪਤਾ ਨਹੀਂ ਲੱਗਾ ਕਿ ਕਿਵੇਂ ਅਤੇ ਕਦੋਂ ਉਸ ਦੀ ਜੱਫੀ ਵਿਚੋਂ ਉਸੇ ਤਰ੍ਹਾਂ ਹੀ ਨਿਕਲ ਕੇ ਦੌੜ ਗਏ ਜਿਵੇਂ ਕ੍ਰਿਸ਼ਨ ਜੀ ਰੱਸਿਆਂ ਵਿਚੋਂ ਨਿਕਲ ਜਾਂਦੇ ਸਨ । ਸ਼ਿਵ ਦੱਤ ਨੇ ਮਾਤਾ ਜੀ ਕੋਲ ਸ਼ਕਾਇਤ ਕੀਤੀ ਤਾਂ ਪੁਛਣ ਤੇ ਗੁਰੂ ਜੀ ਨੇ ਮਾਤਾ ਜੀ ਨੂੰ ਕਿਹਾ ਕਿ, ਇਹ ਨਿਤ ਤਾਂ ਪ੍ਰਾਰਥਨਾਂ ਕਰਦਾ ਸੀ ਕਿ ਠਾਕਰ ਜੀ ਪ੍ਰਤੱਖ ਹੋ ਕੇ ਭੋਗ ਲਾਉਣ । ਸ਼ਿਵ ਦੱਤ ਸਮਝ ਗਿਆ ਕਿ ਕੋਈ ਅਵਤਾਰੀ ਬਾਲਕ ਹੈ । ਉਸ ਦੀ ਅਰਧਨਾਂ ਤੇ ਗੁਰੂ ਜੀ ਨੇ ਉਸ ਨੂੰ ਰਾਮ ਰੁਪ ਅਥਵਾ ਕ੍ਰਿਸ਼ਨ ਰੂਪ ਹੋ ਕੇ ਦਰਸ਼ਨ ਦਿੱਤੇ । ਅਜੇਹਾ ਰਲਾ ਪਾ ਕੇ ਬ੍ਰਾਹਮਣ ਦੇ ਚੇਲੇ ਨੇ ਸਪੱਸ਼ਟ ਕਰ ਦੇਣ ਦਾ ਯਤਨ ਕੀਤਾ ਹੈ ਕਿ ਕਲਗ਼ੀਧਰ ਜੀ ਉਹ ਉਹੀ ਤ੍ਰੇਤੇ ਅਤੇ ਦੁਆਪਰ ਯੁਗਾਂ ਵਾਲੇ ਵਿਸ਼ਨੂੰ ਅਵਤਾਰ ਹੀ ਹਨ । (ਅਕਾਲ ਪੁਰਖ ਤੋਂ ਸ਼ਕਤੀਆਂ ਲੈ ਕੇ ਆਉਣ ਵਾਲੀ ਗੱਲ ਹੁਣ ਪਿਛੇ ਰਹਿ ਗਈ ?)

**(ਹ)** ਦੇਵਕੀ ਦੇ ਗਰਭ ਵਿਚੋਂ ਜਨਮੇ ਕ੍ਰਿਸ਼ਨ ਜੀ ਜਿਵੇਂ ਯਸ਼ੋਧਾ ਦੇ ਪੁੱਤਰ ਬਣ ਗਏ ਸਨ ਲੱਗ ਪਗ ਉਵੇਂ ਹੀ ਗੁਰੂ ਜੀ ਰਾਜਾ ਫ਼ਤਹਿ ਚੰਦ ਮੈਣੀ ਦੀ ਰਾਣੀ ਦੇ ਪੁੱਤਰ ਬਣ ਕੇ ਪੂੜੀਆਂ ਅਤੇ ਘੁੰਘਣੀਆਂ ਖਾਂਦੇ ਰਹੇ । [ਰਾਜੇ ਕੰਸ ਕੋਲੋਂ ਡਰਦਿਆਂ ਕਿਸੇ ਦੂਜੇ ਪਿੰਡ ਦੀ ਬੀਬੀ ਯਸ਼ੋਧਾ ਦੇ ਘਰ ਪਲਣਾ ਹੋਰ ਗੱਲ ਹੈ ਪਰ ਪੁੱਤ੍ਰ ਵਿਜੋਗ ਵਿਚ ਕੁੱਠੇ ਮਨ ਵਾਲੀ ਕਿਸੇ ਦੁਖਿਆਰੀ ਦੀ ਸੱਧਰ ਪੂਰੀ ਕਰਨ ਲਈ ਉਸ ਨੂੰ ' ਮਾਂ ' ਕਹਿਣਾ ਬਿਲਕੁਲ ਹੀ ਵੱਖਰੀ ਗੱਲ ਹੈ । ਪਰ ਨਾਰਾ ਜੀ ਨੂੰ ਸਚਾਈ ਨਾਲ ਕੀ ਵਾਸਤਾ?)

੫= **ਕੀ ਫਿਰ ਕ੍ਰਿਸ਼ਨ ਹੀ ਕਲਗ਼ੀਧਰ ਸਨ** ? ਉਸ ਪੁਸਤਕ ਦੇ ਇਸ ਸਿਰਲੇਖ ਦੇ ਅੱਗੇ ਇਸ ਪ੍ਰਕਾਰ ਲਿਖਿਆ ਹੈ---

> " ਸ੍ਰੀ ਮਦ ਭਾਗਵਤ ਗੀਤਾ ਦੇ **ਚੋਥੇ** ਅਧਿਆਇ ਦੇ ਸ਼ਲੋਕ **ਪੰਜਵੇਂ** ਤੇ **ਛੇਵੇਂ** ਦਾ ਭਾਵ ਇਹ ਹੈ-- ਹੇ ਅਰਜਨ ! ਮੇਰੇ ਤੇਰੇ ਅਨੇਕ ਜਨਮ ਹੋ ਚੁਕੇ ਹਨ, ਐਪਰ ਤੂੰ ਉਨ੍ਹਾਂ ਸਾਰੇ ਜਨਮਾਂ ਨੂੰ ਨਹੀਂ ਜਾਣਦਾ ਤੇ ਮੈਂ ਜਾਣਦਾ ਹਾਂ । **੫ ।** ਅਰਥ ਭਾਵ--ਹੇ ਅਰਜਨ ! ਮੇਰਾ ਜਨਮ ਸਾਧਾਰਨ-ਮਾਇਕੀ ਮਨੁੱਖਾਂ ਵਾਂਗੂੰ ਨਹੀਂ । ਮੈ ਅਬਨਾਸ਼ੀ ਰੂਪ, ਅਜਨਮਾਂ ਹੋਣ ਤੇ ਵੀ, ਸਾਰੇ ਪ੍ਰਾਣੀਆਂ ਦਾ ਪ੍ਰਮੇਸ਼ਵਰ ਹੋਣ ਤੇ ਵੀ ਆਪਣੀ ਪ੍ਰਾਕ੍ਰਿਤੀ ਆਪਣੇ ਅਧੀਨ ਕਰ ਕੇ ਯੋਗ ਮਾਇਆ ਦੇ ਨਾਲ ਪ੍ਰਗਟ ਹੁੰਦਾ ਹਾਂ । **੬** । "

ਇਹ ਲਿਖ ਕੇ ਫਿਰ ਉਸੇ ਜੋਤ ਨੂੰ ਪਹਿਲੇ ਬਾਵਨ ਅਵਤਾਰ, ਤ੍ਰੇਤਾ ਵਿਚ ਸ੍ਰੀ ਰਾਮ ਚੰਦਰ ਅਤੇ ਦੁਆਪਰ ਵਿਚ ਸ੍ਰੀ ਕ੍ਰਿਸ਼ਨ ਵਿਚ ਤੇ ਕਲਜੁਗ ਵਿਚ ਉਹੀ ਜੋਤਿ ਗੁਰੂ ਨਾਨਕ ਜੀ ਵਿਚ ਦੱਸ ਕੇ, ਫਿਰ ਦਸਵੇਂ ਜਾਂਮੇਂ ਗੁਰੂ ਗੋਬਿੰਦ ਸਿੰਘ ਜੀ ਤਾਂ ਕ੍ਰਿਸ਼ਨ ਜੀ ਵਾਲੀ ਜੋਤਿ ਵਾਲੇ ਵਿਸ਼ਨੂੰ ਭਗਵਾਨ ਹੀ ਪ੍ਰਗਟੇ ਦੱਸੇ ਹਨ । ਇਸ ਦਲੀਲ ਦੀ ਪੁਸ਼ਟੀ ਲਈ ਪੁਸਤਕ ਦੇ ੨੯ ਸਫ਼ੇ ਤੇ ਇਉਂ ਲਿਖਿਆ ਹੈ--ਕ੍ਰਿਸ਼ਨ ਭਗਾਵਾਨ ਵਾਂਗ ਗੁਰੂ ਗੋਬਿੰਦ ਸਿੰਘ ਨੇ ਵੀ ਯੁਧ ਜੰਗ ਵਾਪਰਨ ਤੋਂ ਪਹਿਲਾਂ ਬਚਿਤ੍ਰ ਨਾਟਕ (ਦਸਮ ਗ੍ਰੰਥ) ਧਿਆਏ ੬ ਵਿਚ ਪੂਰਬ ਜਨਮ ਦਾ ਪਤਾ ਦਿੱਤਾ ਹੈ--

ਅਬ ਮੈ ਅਪਨੀ ਕਥਾ ਬਖਾਨੋ । ਤਪ ਸਾਧਤ ਜਿਹ ਬਿਧ ਮੋਹਿ ਆਨੋ । ਹੇਮ ਕੁੰਟ ਪਰਬਤ ਹੈ ਜਹਾਂ । ਸਪਤ ਸ੍ਰਿੰਗ ਸੋਭਿਤ ਹੈ ਤਹਾਂ ।
ਸਪਤ ਸ੍ਰਿੰਗ ਤਿਹ ਨਾਮ ਕਹਾਵਾਂ । ਪੰਡ ਰਾਜ ਜਿਹ ਜੋਗ ਕਮਾਵਾਂ । ਤਿਹ ਹਮ ਅਧਿਕ ਤਪਸਿਆ ਸਾਧੀ । ਮਹਾਂ ਕਾਲ ਕਾਲਕਾ ਅਰਾਧੀ ।
ਇਹ ਬਿਧ ਕਰਤ ਤਪਸਿਆ ਭਯੋ । ਦਵੈ ਤੇ ਏਕ ਰੂਪ ਹ੍ਵੈ ਗਯੋ । ਤਾਤ ਮਾਤ ਮੁਰ ਅਲੱਖ ਅਰਾਧਾ । ਬਹੁ ਬਿਧ ਜੋਗ ਸਾਧਨਾ ਸਾਧਾ ।
ਤਿਨ ਜੋ ਕਰੀ ਅਲੱਖ ਕੀ ਸੇਵਾ । ਤਾਂਤੇ ਭਏ ਪ੍ਰਸੰਨ ਗੁਰ ਦੇਵਾ । ਤਿਨ ਪ੍ਰਭੁ ਅਇਸ ਮੁਹਿ ਦੀਆ । ਤਬ ਹਮ ਜਨਮ ਕਲੂ ਮਹਿ ਲੀਆ ।

ਏਨਾ ਹੀ ਲਿਖ ਕੇ ਅੱਗੇ ਇਉਂ ਲਿਖਿਆ ਹੈ-- ਫਿਰ, ਸੰਸਾਰ ਵਿਚ ਦੁਬਾਰਾ ਆਪਣੇ ਆਉਣ ਦਾ ਪ੍ਰਯੋਜਨ ਇਹ ਦੱਸਿਆ---ਇਸ ਤੋ ਪਹਿਲਾਂ ਕ੍ਰਿਸ਼ਨ ਰੂਪ ਵਿਚ ਆਏ ਸਨ ।

ਹਮ ਇਹ ਕਾਜ ਜਗਤ ਮੋ ਆਏ । ਧਰਮ ਹੇਤ ਗੁਰਦੇਵ ਪਠਾਏ । ਜਹਾਂ ਤਹਾਂ ਤੁਮ ਧਰਮ ਬਿਥਾਰੋ । ਦੁਸ਼ਟ ਦੋਖੀਅਨ ਪਕਰਿ ਪਛਾਰੋ ।
ਯਾਂਹੀ ਕਾਜ ਧਰਾ ਹਮ ਜਨਮੰ । ਸਮਝ ਲਿਹੁ ਸਾਧੂ ਸਭ ਮਨਮੰ । ਧਰਮ ਚਲਾਵਨ ਸੰਤ ਉਬਾਰਨ । ਦੁਸ਼ਟ ਸਭਨ ਕੋ ਮੂਲ ਉਪਾਰਨ ।

ਇਸ ਲਿਖਤ ਨੂੰ ਵਰਤ ਕੇ ਨਾਰਾ ਜੀ ਨੇ ਬੜੀਆਂ ਭੁਲੇਖਾ ਪਾਊ ਦਲੀਲਾਂ ਦੇ ਕੇ ਕਲਗ਼ੀਧਰ ਜੀ ਨੂੰ ਕ੍ਰਿਸਨ ਵਾਂਗ ਹੀ ਧੁਰੋਂ ਅਵਤਾਰ ਬਣ ਕੇ ਆਏ ਸਿੱਧ ਕੀਤਾ ਹੈ । ਇਹ ਗੱਲ ਨਹੀਂ ਰਹਿਣ ਦਿੱਤੀ ਕਿ ਉਹ ਗੁਰੂ ਨਾਨਕ ਦੀ ਗੱਦੀ ਦੇ ਮਾਲਕ ਬਣ ਕੇ ਸ਼ਕਤੀਆਂ ਵਾਲੇ ਬਣੇ ਸਨ ।

ਅਜੇਹਾ ਕੁਝ ਲਿਖਣ ਵਿਚ ਨਾਰਾ ਜੀ ਦਾ ਕੋਈ ਖ਼ਾਸ ਕਸੂਰ ਨਹੀਂ ਹੈ । ਪੰਥ ਤਾਂ ਪਹਿਲਾਂ ਹੀ ਦਸਮ ਗ੍ਰੰਥ ਦੀ ਲਿਖਤ ਨੂੰ ਗੁਰੂਬਾਣੀ ਮੰਨ ਕੇ ਦਸ਼ਮੇਸ਼ ਜੀ ਨੂੰ ਸਿੱਧੇ ਅਕਾਲ ਪੁਰਖ ਕੋਲੋਂ ਹੀ ਸ਼ਕਤੀਆਂ ਅਤੇ (ਨਵਾਂ ਪੰਥ ਚਲਾ ਸਕਣ ਦੀ ਸਹਾਇਤਾ ਦਾ ਬਚਨ) ਲੈ ਕੇ ਮਾਤ ਲੋਕ ਵਿਚ ਆਏ ਮੰਨ ਚੁੱਕਾ ਹੈ । [**ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ ।**](ਬਿਚਿਤ੍ਰ ਨਾਟਕ-੩੦) ਪਰ ਨਾਲ ਹੀ ਸਾਰੇ ਸਿੱਖ ਕਲਗ਼ੀਧਰ ਜੀ ਨੂੰ ਦਸਵੇਂ ਗੁਰੂ ਨਾਨਕ ਵੀ ਕਹਿੰਦੇ ਹਨ । ਸਿੱਖਾਂ ਦੀ ਇਸ ਦੁਰੰਗੀ ਸ਼ਰਧਾ ਨੂੰ ਨਾਰਾ ਜੀ ਨੇ ਬੜੀ ਯੋਗਤਾ ਨਾਲ ਇੱਕ ਰੰਗੀ ਬਣਾਇਆ ਹੈ । ਨਾਰਾ ਜੀ ਨੇ ਸਾਬਤ ਕੀਤਾ ਹੈ ਕਿ ਕਲਗ਼ੀਧਰ ਜੀ, ਮਿਥਿਹਾਸ ਦੇ ਬਾਕੀ ਅਵਤਾਰਾਂ ਵਾਂਗ ਵਿਸ਼ਨੂੰ-ਪਰਮਾਤਮਾਂ ਜੀ ਦੇ ਹੀ ਅਵਤਾਰ ਸਨ । ਸਾਰੀਆਂ ਸ਼ਕਤੀਆਂ ਦੇ ਮਾਲਕ ਦਸ਼ਮੇਸ਼ ਰੂਪੀ **ਕ੍ਰਿਸ਼ਨ--ਵਾਹਿਗੁਰੂ** ਨੂੰ ਕਿਸੇ ਹੋਰ ਕੋਲੋਂ ਸ਼ਕਤੀ ਲੈਣ ਦੀ ਲੋੜ ਨਹੀਂ ਸੀ । ਜਿਸ ਮੰਤਵ ਨੂੰ ਮੁੱਖ ਰੱਖ ਕੇ ਬਿੱਪ੍ਰ ਨੇ ਗੁਰਮਤਿ, ਵਿਰੋਧੀ ਸਾਹਿਤ ਦਸ-ਮਗ੍ਰੰਥ ਦਾ ਹਿੱਸਾ ਬਣਵਾ ਲਿਆ ਸੀ, **ਨਾਰਾ ਜੀ ਨੇ ਬਿਪ੍ਰ ਜੀ (ਬ੍ਰਾਹਮਣ) ਦੇ ਉਸ ਮੰਤਵ ਨੂੰ, ਬੜੀ ਦਲੇਰੀ ਅਤੇ ਯੋਗਤਾ ਨਾਲ ਸਪੱਸ਼ਟ ਕਰ ਦਿੱਤਾ ਹੈ ।**

ਅੱਜ ਦਾ ਹਿੰਦੂ ਵਿਦਵਾਨ ਜਾਣਦਾ ਹੈ ਕਿ ਸੂਰਜ ਧਰਤੀ ਨਾਲੋਂ ਲੱਖਾਂ ਗੁਣਾ ਵੱਡਾ ਹੈ ਅਤੇ ਕਰੋੜਾਂ ਮੀਲਾਂ ਤੋਂ ਹੀ ਸਾੜ ਦੇਣ ਦੀ ਸ਼ਕਤੀ ਵਾਲੀ ਭਿਆਨਕ ਅੱਗ ਦਾ ਭੰਡਾਰ ਹੈ । ਪਰ ਏਸੇ ਹਿੰਦੂ ਵਿਦਵਾਨ ਲਈ ਹਜ਼ਾਰਾਂ ਸਾਲ ਪਹਿਲਾਂ, ਪ੍ਰਾਹਮਣ ਦਾ ਲਿਖਿਆ ਇਹੀ ਕੁਫ਼ਰ, (ਕਿ ਨਵ ਜਨਮੇ ਹਨੈਮਾਨ ਨੇ ਸੂਰਜ ਨੂੰ ਫਲ (Fruit) ਸਮਝ ਕੇ ਸਾਬਤ ਹੀ ਨਿਗਲ ਲਿਆ ਸੀ) ਅਜੇਹਾ ਪੂਜਨੀਕ ਸੱਚ ਬਣ ਚੁਕਿਆ ਹੈ ਕਿ ਬੜੀ ਸ਼ਾਨ ਨਾਲ ਉਸ ਅਣਹੋਣੀ ਗੱਲ ਨੂੰ, ਸਿਨਮੇ ਦੇ ਪਰਦੇ ਤੇ ਵਿਖਾਉਣ ਵਿਚ, ਫ਼ਖ਼ਰ ਅਨਭਵ ਕਰ ਰਿਹਾ ਹੈ ਅਤੇ ਉਸ ਦੀਆਂ Video ਰੀਲਾਂ ਬਜ਼ਾਰ ਵਿਚ ਵਿਕ ਰਹੀਆਂ ਹਨ । ਏਹੀ ਹਾਲਤ ਅੱਜ ਦੇ ਸਿੱਖ ਦੀ ਬਣ ਚੁੱਕੀ ਹੈ । ਬ੍ਰਾਹਮਣ ਨੇ ਆਪਣੀ ਉਸੇ ਲਿਖਣ-ਕਲਾ ਨੂੰ ਵਰਤ ਕੇ ਜਿਹੜਾ ਝੂਠ (ਹਿੰਦੂ ਮਿਥਿਹਾਸ ਦੇ ਹਜ਼ਾਰਾਂ ਸਾਲਾਂ ਦੇ ਟਾਕਰੇ ਤੇ) ਸਿਰਫ਼ ਦੋ ਕੁ ਸੌ ਸਾਲ ਹੀ ਪਹਿਲਾਂ, ਸਿੱਖ ਇਤਿਹਾਸ ਵਿਚ ਰਲਾ ਦਿੱਤਾ ਸੀ, ਉਹ ਘਾਤਕ ਕੁਫ਼ਰ, (ਹੋਸ਼ ਤੋਂ ਸੱਖਣੇ) ਨਿਰੇ ਜੋਸ਼ ਦੇ ਭਰੇ ਹੋਏ ਸਿੱਖ ਲਈ ਪੂਰਨ ਸੱਚ ਦਾ ਰੂਪ ਧਾਰ ਚੁੱਕਾ ਹੈ। ਜਿਸ ਥਾਂ ਦਾ ਗੁਰਮਤਿ ਅਥਵਾ ਸਿੱਖ ਇਤਿਹਾਸ ਨਾਲ ਦੂਰ ਦਾ ਸੰਬੰਧ ਵੀ ਨਹੀਂ ਹੈ U.P. ਵਿਚਲਾ ਹੇਮਕੁੰਡ ਪਹਾੜ ਲਗ-ਪਗ ਸਾਰੇ ਸਿੱਖ ਜਗਤ ਲਈ ਮਹਾਨ ਤੀਰਥ ਅਸਥਾਨ ਬਣ ਗਿਆ ।

ਬ੍ਰਾਹਮਣ ਦਾ ਨਿਜੀ ਤਜਰਬਾ ਸੀ ਕਿ ਉਸ ਨੇ ਆਪਣੀ ਯੋਜਨਾਂ ਅਤੇ ਆਪਣੀ ਵਿਉਂਤ ਅਨੁਸਾਰ ਜਿਹੋ ਕਿਹਾ ਮਰਜ਼ੀ ਸੀ ਝੂਠ ਘੜ ਕੇ ਪੁਰਾਣਾ, ਆਦਿ ਧਰਮ-ਗ੍ਰੰਥਾਂ ਵਿਚ ਲਿਖ ਦਿੱਤਾ, ਹਿੰਦੂ ਨੇ ਉਸ ਨੂੰ ਰੱਬੀ ਹੁਕਮ ਮੰਨ ਲਿਆ । ਫਿਰ ਉਸ ਕੁਫ਼ਰ ਨਾਲ ਅਜੇਹੀ ਸ਼ਰਧਾ ਬਣਾ ਲਈ ਕਿ ਕਹਾਣੀਆਂ ਵਿਚਲੇ ਮਿਥਿਆ ਕਾਰ ਦੇ ਅਧਾਰ ਤੇ ਤੀਰਥ ਅਸਥਾਨ ਬਣਾ ਲਏ । ਬ੍ਰਾਹਮਣ ਦੇ ਲਿਖਣ ਢੰਗ ਦੀ ਹੀ ਕਰਾਮਾਤ ਸੀ ਉਸ ਦਾ ਝੂਠ ਸੋਨੇ ਦੇ ਮਹਲਾਂ ਵਿਚ ਬੈਠਾ ਆਪਣੀ ਪੂਜਾ ਕਰਵਾ ਰਿਹਾ ਹੈ । ਮਿਥਿਹਾਸਕ ਝੂਠ ਦੇ ਪ੍ਰਤੀਕ, ਉਹ ਸਾਰੇ ਤੀਰਥ ਕਰੋੜਾਂ ਲੋਕਾਂ ਲਈ ਪੂਜਨੀਕ ਬਣ ਗਏ ਆਪਣੇ ਪਾਪੀ ਸ਼ਰਧਾਲੂਆਂ ਦੇ ਸਾਰੇ ਪਾਪ ਨਾਸ ਕਰਕੇ ਉਨ੍ਹਾਂ ਨੂੰ ਸੁਰਗਾਂ ਵਿਚ ਭੇਜ ਸਕਣ ਦੀ ਸ਼ਕਤੀ ਵਾਲੇ ਮੰਨੇ ਜਾਣ ਲੱਗ ਪਏ । ਬ੍ਰਾਹਮਣ ਸਮਝਦਾ ਸੀ ਕਿ ਸਿਖਾਂ ਦੇ ਗ੍ਰੰਥਾਂ ਵਿਚ ਅਜੇਹੇ ਵਿਸ਼ਾਲ ਝੂਠ ਦੇ ਲਿਖਣ ਦੀ ਲੋੜ ਨਹੀਂ । ਉਸੇ ਢੰਗ ਦਾ ਲਿਖਿਆ ਥੋਹੜਾ ਜਿਹਾ ਭੁਲੇਖਾ ਹੀ ਸਿਖਾਂ ਲਈ ਕਾਫ਼ੀ ਹੈ । ਗੁਰੂ ਦੀਆਂ ਲਾਡਲੀਆਂ ਫੌਜਾਂ ਨੇ ਲੋਕਾਂ ਨਾਲ ਲੜਾਈਆਂ ਮੁਲ ਲੈ ਕੇ ਵੀ, ਉਨ੍ਹੀ ਥਾਂਈ ਹੇਮ ਕੁੰਡ ਵਰਗੇ ਤੀਰਥ ਬਣਾਉਣ ਵਿਚ ਜ਼ਰਾ ਢਿੱਲ ਨਹੀਂ ਕਰਨੀ । ਇਹ ਤਾਂ ਅਕਾਲ ਪੁਰਖ ਜਾਣੇ ਕਿ ਹੇਮ ਕੁੰਡ ਦੀ ਬਰਫ਼ ਵਿਚ ਠਰਦੇ ਮਰਦੇ ਸਿੱਖਰ ਤੇ ਪੁੱਜਣ ਵਾਲੇ ਕਿਸੇ ਯਾਤ੍ਰੂ ਦੀ ਕਲਿਆਣ ਹੁੰਦੀ ਹੈ ਕਿ ਨਹੀਂ, ਪਰ **ਯੂ ਪੀ** ਦੇ ਲੋਕਾਂ ਲਈ ਅਥਵਾ ਉਥੋਂ ਦੀ ਸਰਕਾਰ ਲਈ, ਠੋਸ ਆਮਦਨ ਦਾ ਪ੍ਰਬੰਧ ਜ਼ਰੂਰ ਹੋ ਗਿਆ ਹੈ ।

ਕੀ ਅਸੀਂ ਠੰਡੇ ਦਿਲ ਨਾਲ ਇਨ੍ਹਾਂ ਜ਼ਰੂਰੀ ਮਸਲਿਆਂ ਤੇ ਵੀ ਕਦੇ ਵਿਚਾਰ ਕਰ ਸਕਾਂਗੇ ?:--

**ੳ)** ਵਿਦ੍ਰੋਹ ਅਥਵਾ ਬਗ਼ਾਵਤਾਂ ਤਾਂ ਬੇਸ਼ਕ ਹੋਈਆਂ ਹੋਣਗੀਆਂ ਪਰ ਕਿਸੇ ਰਾਜੇ ਦੇ ਦਰਬਾਰ ਵਿਚ (ਰੋਜ਼ ਹੀ) ਅਜੇਹਾ ਕਦੇ ਕਿਸੇ ਨੇ ਨਹੀਂ ਆਖਿਆ ਹੋਣਾ ਕਿ-- ਤੇਰੇ ਤੋਂ ਪਹਿਲਾ ਰਾਜਾ ਅੱਜ ਹੁੰਦਾ ਤਾਂ ਲੋਕਾਂ ਦੀ ਠੀਕ ਰਖਿਆ ਹੋ ਸਕਣੀ ਸੀ । ਅਜੇਹੀ ਭੁੱਲ ਕਰਨ ਵਾਲੇ ਮੂਰਖ ਨੂੰ ਤਰੁੰਤ ਜੇਲ੍ਹ ਵਿਚ ਬੰਦ ਕਰ ਦਿਤਾ ਜਾਣਾ ਸੀ । ਗੁਰੂ ਨਾਨਕ ਜੀ ਦੇ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਤੱਕ, ਸਾਰੇ ਗੁਰੂ ਦਰਬਾਰਾਂ ਵਿਚ ਗੁਰੂ ਨਾਨਕ ਜੀ ਦੀਆਂ ਵਡਿਆਈਆਂ ਦੇ ਸੋਹਲੇ ਤਾਂ ਰੋਜ਼ ਗਾਏ ਜਾਂਦੇ ਹੋਣਗੇ ਪਰ ਸਤਿਗੁਰਾਂ ਦੇ ਕੋਲ ਇਹ ਗੱਲ ਕਦੇ ਕਿਸੇ ਨੇ ਨਹੀਂ ਕਹੀ ਹੋਣੀ ਕਿ, ਸਾਡੀ ਰਖਿਆ ਤਾਂ ਤਲਵੰਡੀ ਵਿਚ ਪ੍ਰਗਟ ਹੋਇਆ ਬੇਬੇ ਨਾਨਕੀ ਦਾ ਵੀਰ ਹੀ ਕਰ ਸਕਦਾ ਹੈ । ਕਲਗ਼ੀਆਂ ਵਾਲੇ ਦੀ ਮਿਹਰ ਨਾਲ ਸਿੱਖੀ ਅੱਜ ਉਸ ਗੁਰੂ ਦੀ ਛਤਰ ਛਾਇਆ ਹੇਠ ਹੈ ਜਿਸ ਨੂੰ ਅਸੀਂ ਦਸਾਂ ਸਤਿਗੁਰਾਂ ਦੀ ਜੋਤਿ ਮੰਨਦੇ ਹਾਂ । ਜਿਸ ਗੁਰੂ ਸਰੂਪ ਵਿਚ ਦਸਾਂ ਗੁਰਾਂ ਦੇ ਨਾਲ ਕਈ ਭਗਤ-ਜਨ ਵੀ ਬਿਰਾਜਮਾਨ ਹਨ । ਲਗ ਪਗ ਸਾਰੇ ਗੁਰੂ ਘਰਾਂ ਵਿਚ, ਅਸੀ ਉਸੇ ਗੁਰੂ ਗ੍ਰੰਥ ਸਾਹਿਬ ਦੇ ਦਰਬਾਰ ਵਿਚ, ਦੀਵਾਨ ਦੀ ਸਮਾਪਤੀ ਦੀ ਅਰਦਾਸ ਵਿਚ ਇਹ ਦੋਹਿਰਾ---**ਖੰਡਾ ਜਾਂ ਕੇ ਹਾਥ ਮੇ ਕਲਗ਼ੀ ਸੋਹੇ ਸੀਸ । ਸੋ ਹਮਰੀ ਰਖਿਆ ਕਰੇ ਕਲਗ਼ੀ ਧਰ ਜਗਦੀਸ਼**--ਕਿਸ ਆਸ਼ੇ ਨਾਲ ਪੜ੍ਹਦੇ ਹਾਂ ? ਕੀ ਸਾਡਾ ਇਹ ਭਾਵ ਹੈ ਕਿ, " ਹੇ ਕਲਗ਼ੀ ਵਾਲਿਆ ! ਸਾਨੂੰ ਜਿਸ ਗੁਰੂ ਦੇ ਲੜ ਲਾ ਗਿਆ ਸੈਂ ਉਸ (ਗੁਰੂ ਗ੍ਰੰਥ ਸਾਹਿਬ) ਦੇ ਪੱਲੇ ਤਾਂ ਕੱਖ ਵੀ ਨਹੀਂ ਹੈ, ਤੂੰ ਆਪ ਹੀ ਆ ਕੇ ਸਾਡੀ ਲਾਵਾਰਸਾਂ ਅਤੇ ਨਿਤਾਣਿਆਂ ਦੀ ਰਖਿਆ ਕਰ ? " ਅਜੇਹਾ ਕਹਿ ਕੇ ਕੀ ਅਸੀਂ ਕਲਗ਼ੀਧਰ ਜੀ ਨੂੰ ਗੁਰੂ ਨਾਨਕ ਜੀ ਦੀ ਜੋਤਿ ਨਾਲੋਂ ਅੱਡ ਨਹੀਂ ਕਰ ਰਹੇ ਹੁੰਦੇ ? ਸਿਰ ਤੇ ਕਲਗ਼ੀ ਲਾ ਕੇ ਤੇ ਹਥ ਵਿਚ ਖੰਡਾ ਫੜ ਲੈਣ ਵਾਲਾ ਕੀ ਕਲਗ਼ੀਧਰ ਬਣ ਜਾਂਦਾ ਹੈ ? ਕੀ ਕਦੇ ਕਿਸੇ ਇਤਿਹਾਸ ਵਿਚ ਇਹ ਪੜ੍ਹਿਆ ਹੈ ਕਿ ਕਲਗ਼ੀਧਰ ਜੀ ਖੰਡਾ ਫੜ ਕੇ ਜੰਗ ਕਰਦੇ ਹੁੰਦੇ ਸਨ ? ਬੇ-ਮਤਲਬਾ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਾਲਾ ਦੋਹਾ ਬੜਾ, ਗੱਜ ਵੱਗ ਕੇ ਪੜ੍ਹਨ ਦਾ ਕੀ ਏਹੀ ਅਰਥ ਨਹੀਂ ਕਿ ਬ੍ਰਾਹਮਣੀ ਜਾਦੂ ਨੇ ਸਾਡੀ ਮੱਤ ਦਾ ਨਾਸ ਕਰਨਾ ਸ਼ੁਰੂ ਕਰ ਦਿੱਤਾ ਹੋਇਆ ਹੈ ? ਅਸੀਂ ਖਰੇ ਖੋਟੇ ਦੋਹਿਰੇ ਦੀ ਪਰਖ ਕਰਨ ਜੋਗੇ ਵੀ ਨਹੀਂ ਰਹੇ । ਕਲਗ਼ੀਧਰ ਜੀ ਨੇ ਸਾਨੂੰ ਜਿਸ ਜੁਗੋ-ਜੁਗ ਅਟੱਲ ਸਤਿਗੁਰੂ ਜੀ ਨੂੰ ਪ੍ਰਗਟ ਗੁਰਾਂ ਦਾ ਸਰੂਪ ਮੰਨ ਕੇ ਦਸਾਂ ਪਾਤਸ਼ਾਹੀਆਂ ਦੀ ਸੁਮਿਲਤ ਸ਼ਕਤੀ ਵਾਲਾ ਸਮਝਦੇ ਰਹਿਣ ਦਾ ਹੁਕਮ ਦਿੱਤਾ ਸੀ ਸਾਨੂੰ ਉਨ੍ਹਾਂ ਦਾ ਉਹ ਹੁਕਮ ਪ੍ਰਵਾਨ ਨਹੀਂ । ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਹ ਕੁਝ ਨਜ਼ਰ ਹੀ ਨਾ ਆਇਆ ਜੋ ਕੁਝ ਦਸ਼ਮੇਸ਼ ਜੀ ਨੇ ਵੇਖ ਕੇ ਸਾਨੂੰ ਉਨ੍ਹਾਂ ਦੀ ਸ਼ਰਨ ਵਿਚ ਸੌਂਪਿਆ ਸੀ । ਵਾਸਤਵ ਵਿਚ ਅਸੀਂ ਦਸ਼ਮੇਸ਼ ਜੀ ਨੂੰ ਹੀ ਪਿੱਠ ਦੇ ਖਲੋਤੇ । ਅਸੀ ਦਸ਼ਮੇਸ਼ ਜੀ ਦੇ ਇਸ ਭਾਣੇ ਨੂੰ ਮੰਨਣ ਲਈ ਤਆਰ ਹੀ ਨਹੀਂ ਕਿ ਉਨ੍ਹਾਂ ਨੇ ਅੱਗੇ ਤੋਂ ਪੰਜ ਭੂਤਕ ਸਰੀਰ ਵਿਚ ਵਿਚਰਨ ਵਾਲੀ ਖੇਡ ਸਮਾਪਤ ਕਰ ਦਿਤੀ ਹੈ ਅਤੇ ਉਨ੍ਹਾਂ ਨੇ ਹੁਣ ਗਿਆਨ-ਰੂਪ

ਵਿਚ ਹੀ ਸੰਸਾਰ ਵਿਚ ਵਿਰਨਾ ਹੈ । ਇਸ ਸਚਾਈ ਨੂੰ ਅਸੀਂ ਮਿੰਨਣ ਨੂੰ ਤਿਆਰ ਹੀ ਨਹੀਂ ਕਿ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੇ ਦਰਬਾਰ ਦੀ ਬੇਅਦਬੀ ਦਸਾਂ ਹੀ ਪਾਤਸ਼ਾਹੀਆਂ ਦੀ ਬੇਅਦਬੀ ਹੈ ।

**ਅ)** ਕਲਗ਼ੀਧਰ ਜੀ ਦੇ ਉਸ ਜਨਮ ਦੀ ਕਹਾਣੀ ਪੜ੍ਹ ਕੇ ਜਿਸ ਜਨਮ ਵਿਚ ਉਹ ਸਾਡੇ ਗੁਰੂ ਨਹੀਂ ਸਨ, ਅਸਾਂ ਹੇਮ ਕੁੰਡ ਤੀਰਥ ਬਣਾ ਲਿਆ ਹੈ, ਪਰ ਸਾਨੂੰ ਗੁਰੂ ਨਾਨਕ ਜੀ ਦੇ ਏਸੇ ਜਨਮ ਵਿਚਲੇ ਜੱਦੀ ਪਿੰਡ ਦਾ ਕਿੰਨਿਆਂ ਕੁ ਨੂੰ ਪਤਾ ਹੈ ? ਸਿੱਖੀ ਦੇ ਜਨਮ ਦਾਤਾ, ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਪਿਛਲੀ ਉਮਰ ਸਮੇਂ ਜਿਸ ਥਾਂ ਤੇ ੧੨ ਸਾਲ ਰਹੇ, ਜਿਸ ਪਵਿੱਤ੍ਰ ਥਾਂ ਤੇ ਬਾਬਾ ਲਹਿਣਾ ਜੀ ਗੁਰੂ ਅੰਗਦ ਜੀ ਬਣੇ, ਉਹ ਮਹਾਨ ਤੀਰਥ ਸ੍ਰੀ ਕਰਤਾਰ ਪੁਰ ਸਾਹਿਬ ਲਾਵਾਰਸ ਪਿਆ ਹੈ । ਸਰੋਵਰ ਸੁੱਕ ਕੇ ਛਪੜੀ ਤੁੱਲ ਬਣ ਗਿਆ । ਆਪਣੇ ਆਪ ਨੂੰ ਪੱਕੇ ਸਿੱਖ ਕਹਿਣ ਵਾਲਿਆਂ ਵਿਚੋਂ, ਕਿੰਨੇ ਕੁ ਅਜੇਹੇ ਸ਼ਰਧਾਲੂ ਸਿੱਖ ਹਨ ਜਿਹੜੇ ਕਰਤਾਰ ਪੁਰ ਸਾਹਿਬ ਦੀ ਯਾਤ੍ਰ ਕਰਨ ਲਈ ਕਦੇ ਰਾਵੀਉਂ ਪਾਰ ਗਏ ਹੋਣ ?

**ੲ)** ਕੀ ਕਿਸੇ ਵੀ ਹੋਰ ਗੁਰੂ ਸਾਹਿਬ ਜੀ ਦੇ " ਜਨਮ ਅਸਥਾਨ " ਦੀ ਏਨੀ ਵਾਕਫ਼ੀਅਤ ਕਿਸੇ ਨੂੰ ਹੈ ਜਿਨੀ ਕਲਗ਼ੀਧਰ ਦੇ ਪਿਛਲੇ ਜਨਮ ਦੇ ਕਥਿਤ ਤਪ ਅਸਥਾਨ ਨਾਲ ਸ਼ਰਧਾ ਬਣ ਚੁੱਕੀ ਹੈ ? ਅਜੇਹੀ ਉਚੇਚੀ ਜਾਣਕਾਰੀ ਸਿਰਫ਼ ਉਸੇ ਅਸਥਾਨ ਦੀ ਹੋ ਸਕੀ ਜਿਸ ਦੀ ਗਾਥਾ ਬ੍ਰਾਹਮਣ ਨੇ ਲਿਖੀ ਸੀ । ਇਹ ਹੈ ਬ੍ਰਾਹਮਣੀ ਲਿਖਣ ਵਿਧੀ ਦੇ ਜਾਦੂ ਦਾ ਅਸਰ ।

**ਸ)** ਖ਼ਾਲਸੇ ਨੂੰ ਸੰਸਾਰ ਵਿਚ ਪ੍ਰਗਟ ਕਰਨ ਵਾਲਾ ਗੁਰੂ ਨਾਨਕ ਜੀ ਦਾ ਪਹਿਲਾ ਸਰੂਪ ਸੀ ਕਿ ਜਾਂ ਦਸਵਾਂ ? ਕੀ ਗੁਰੂ ਨਾਨਕ ਦੇਵ ਜੀ ਦਾ ਸਿਧਾਂਤ ਖ਼ਾਲਸੇ ਦਾ ਜਨਮ ਦਾਤਾ ਹੈ ਕਿ ਜਾਂ ਦਸ਼ਮੇਸ਼ ਦੀ ਕਿਰਪਾਨ ਨੇ ਖ਼ਾਲਸਾ ਸਿਰਜਿਆ ਸੀ ? ਕਿਰਪਾਨ ਤਾਂ ਛੇਵੇਂ ਸਰੂਪ ਤੋਂ ਸਿੱਖ ਦਾ ਗਹਿਣਾ ਬਣ ਚੁੱਕੀ ਸੀ । ਦਸਵੇਂ ਗੁਰੂ ਨਾਨਕ ਵੀ ਉਹ ਆਪ ਹੀ ਸਨ ਜਿਸ ਨੇ ਆਪਣੇ ਖ਼ਾਲਸੇ ਦੀ ਪ੍ਰੀਖਿਆ ਲਈ ਸੀ । ਰੰਗਰੂਟ ਪੁਲਸੀਏ ਨੂੰ ਅਥਵਾ ਰੰਗਰੂਟ ਫੌਜੀ ਨੂੰ **ਪੂਰੀ ਵਰਦੀ** ਅਤੇ ਮਹਿਕਮੇਂ ਦੇ ਕਾਨੂੰਨਾਂ ਦੀ ਵਰਤੋਂ ਦੇ ਅਧਿਕਾਰ ਉਸੇ ਦਿਨ ਨਹੀਂ ਮਿਲ ਜਾਂਦੇ ਹਨ ਜਿਸ ਦਿਨ ਉਹ ਭਰਤੀ ਹੁੰਦਾ ਹੈ । ਪੂਰੀ ਵਰਦੀ ਅਤੇ ਮਹਿਕਮੇ ਵਾਲੇ ਅਧਿਕਾਰ ਉਸ ਸਮੇਂ ਮਿਲਦੇ ਹਨ ਜਿਸ ਦਿਨ ਉਹ ਸਿਖਲਾਈ ਪੂਰੀ ਕਰ ਲੈਂਦਾ ਹੈ । ਸਖਲਾਈ ਪੂਰੀ ਕਰ ਲੈਣ ਵਾਲੇ ਦਿੱਨ ਨੂੰ ਸਪਾਹੀ ਦਾ ਭਰਤੀ-ਦਿਨ ਕਦੇ ਨਹੀਂ ਮੰਨਿਆਂ ਜਾਂਦਾ, ਪਰ ਉਸ ਦੀ ਨੌਕਰੀ ਉਸੇ ਦਿਨ ਤੋਂ ਗਿਣੀ ਜਾਂਦੀ ਹੈ ਜਿਸ ਦਿਨ ਉਸ ਨੂੰ ਭਰਤੀ ਕੀਤਾ ਗਿਆ ਸੀ । **੧੬੯੯ ਦੀ ਵਿਸਾਖੀ, ਖ਼ਾਲਸੇ ਦੀ ਪ੍ਰੀਖਿਆ ਦਾ ਦਿਨ ਸੀ । ਖ਼ਾਲਸੇ ਦੀ ਮੂਰਤਿ ਨੂੰ ਪੰਜ ਕਕਾਰਾਂ ਵਿਚ ਸੁਰੱਖਿਅਸਤ ਕਰਨ ਦਾ ਮਹਾਨ ਦਿਨ ਸੀ, ਸਿੱਖ ਨੂੰ ਸਿੰਘ ਬਣਾਉਣ ਦਾ ਵਡਭਾਗਾ ਦਿਨ ਸੀ । ਉਸ ਦਿਨ ਗੁਰੂ ਦਾ ਸਿੱਖ ਕਰੜੀ ਪ੍ਰੀਖਿਆ ਵਿਚ ਮਿਲੀ ਸ਼ਫ਼ਲਤਾ ਦੇ ਰੂਪ ਵਿਚ ਪ੍ਰਗਟ ਹੋਇਆ ਸੀ** ।

ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਦਸ਼ਮੇਸ਼ ਜੀ ਵਿਚ ਗੁਰੂ ਪਦ ਵਾਲੀਆਂ ਰੂਹਾਨੀ ਸ਼ਕਤੀਆਂ ਅਥਵਾ ਗੁਰੂ ਨਾਨਕ ਦੇਵ ਜੀ ਵਾਲੀਆਂ ਬਰਕਤਾਂ ਉਸ ਦਿਨ ਤੋਂ ਆਈਆਂ ਸਨ ਜਿਸ ਦਿਨ ਗੁਰੂ ਤੇਗ਼ ਬਹਾਦਰ ਜੀ ਨੇ ਉਨ੍ਹਾਂ ਨੂੰ ੧੦ਵੇਂ ਗੁਰੂ ਨਾਨਕ ਦੇਵ ਜੀ ਬਣਾ ਦਿੱਤਾ ਸੀ । ਇਸ ਤੋਂ ਪਹਿਲਾਂ ਉਹ ਵੀ ਗੁਰੂ ਘਰ ਦੇ ਟਹਿਲੂਏ ਇਕ ਸਿੱਖ ਹੀ ਸਨ । ਗੁਰੂ ਗੋਬਿੰਦ ਸਿੰਘ ਜੀ ਨੂੰ ਬਾਲ ਉਮਰੇ ਹੀ ਉਚੇਚੀਆਂ ਕਰਮਾਤਾਂ ਨਾਲ ਜੋੜਨ ਵਾਲੀ ਸੋਚ, ਬ੍ਰਾਹਮਣ ਦੀ ਦੇਣ ਹੈ ।

੬= **ਕ੍ਰਿਸ਼ਨ ਜੀ ਇਸ ਪਾਸਿਉਂ ਵੀ ਕਲਗ਼ੀਧਰ ਹੀ ਸਨ**--ਨਾਰਾ ਜੀ ਲਿਖਦੇ ਹਨ ਕਿ--" ਜਿਵੇਂ ਕ੍ਰਿਸ਼ਨ ਜੀ ਨੇ ਪੰਜ ਪਾਂਡਵਾਂ ਦੀ ਅਗਵਾਈ ਕਰਕੇ ਮਹਾਭਾਰਤ ਵਰਗੇ ਜੰਗ ਕਰਾਏ ਕਲਗ਼ੀਧਰ ਜੀ ਪੰਜ ਪਿਆਰਿਆਂ ਦੀ ਅਗਵਾਈ ਕੀਤੀ । ਅਤੇ ਜਿਵੇਂ ਸਿਖਾਂ ਦੇ ਬੋਲੇ ਵਿਚ ੧ (ਇੱਕ) ਨੂੰ ਸਵਾਲੱਖ ਕਹਿੰਦੇ ਹਨ ਉਸੇ ਤਰ੍ਹਾਂ ਹੀ ਸ੍ਰੀ ਕ੍ਰਿਸਨ ਜੀ ਦੀਆਂ ੧੬੦੦੦ ਰਾਣੀਆਂ ਅਸਲ ਵਿਚ ਸਿਰਫ਼ ਸੋਲਾਂ ਹੀ ਸਨ । ਅਤੇ ਇਹ ਵੀ ਉਸੇ ਤਰ੍ਹਾਂ ਹੀ ਸਨ ਜਿਵੇ ਕਲਗ਼ੀਧਰ ਜੀ ਦੀ ਪਤਨੀ ਸਾਹਿਬ ਦੇਵਾਂ ਜੀ ਸਨ । ਪੁਸਤਕ ਦੇ ੯੬ ਸਫ਼ੇ ਤੇ ਇਹ ਵੀ ਲਿਖਿਆ ਹੈ ਕਿ ਜਿਵੇਂ (ਮਾਤਾ) ਸਾਹਿਬ ਦੇਵਾਂ ਜੀ ਦਾ ਗੁਰੂ ਜੀ ਨਾਲ ਕੇਵਲ ਆਤਮਕ ਸੰਬੰਧ ਹੋਣ ਕਰਕੇ ਉਨ੍ਹਾਂ ਦੇ ਉਦਰ ਵਿਚੋਂ ਕੋਈ ਸੰਤਾਨ ਨਹੀਂ ਸੀ ਹੋਈ ਏਸੇ ਤਰ੍ਹਾਂ ਕ੍ਰਿਸ਼ਨ ਜੀ ਦਾ ਵੀ ਅਪਣੀਆਂ ਪਤਨੀਆਂ ਨਾਲ ਆਤਮਕ ਸੰਬੰਧ ਹੋਣ ਕਰਕੇ ਉਨ੍ਹਾਂ ਦੀ ਕੋਈ ਔਲਾਦ ਨਹੀਂ ਸੀ ਹੋਈ ।

ਨਾਰਾ ਜੀ ਦੀ ਇਹ ਗੱਲ ਬਿਲਕੁਲ ਸੱਚੀ ਹੈ ਕਿ ਕ੍ਰਿਸ਼ਨ ਜੀ ਦੀ ਕੋਈ ਔਲਾਦ ਨਹੀਂ ਸੀ । ਜਦ ਕ੍ਰਿਸ਼ਨ ਨਾਮ ਦਾ ਕੋਈ ਅਵਤਾਰ ਕਦੇ ਹੋਇਆ ਹੀ ਨਹੀਂ ਸੀ ਤਾਂ ਉਸ ਦੀ ਔਲਾਦ ਕਿਥੋਂ ਹੋਣੀ ਸੀ ? ਪਰ ਜਿਥੋਂ ਤਾਂਈ ਪੁਰਾਣਾਂ ਦੀਆਂ ਅਥਵਾ ਹੋਰ ਹਿੰਦੂ ਗ੍ਰੰਥਾਂ ਦੀਆਂ ਲਿਖਤਾਂ ਦਾ ਸਬੰਧ ਹੈ ਉਸ ਅਨੁਸਾਰ ਨਾਰਾ ਜੀ ਨੇ ਜਾਣ ਬੁੱਝ ਕੇ ਇਹ ਕੋਰਾ ਝੂਠ ਆਪਣੇ ਕੋਲੋਂ ਬਣਾ ਕੇ ਲਿਖਿਆ ਹੈ । ਸ੍ਰੀ ਮਦ ਭਾਗਵਤ ਪੁਰਾਣ ਉਨ੍ਹਾਂ ਬ੍ਰਾਹਮਣਾਂ ਦੀ ਲਿਖਤ ਹੈ ਜਿਹੜੇ ਬਾਕੀ ਸਾਰੇ ਦੇਵਤਿਆਂ ਅਥਵਾ ਭਗਵਾਨਾਂ ਨਾਲੋਂ ਸ੍ਰੀ ਕ੍ਰਿਸ਼ਨ ਜੀ ਨੂੰ ਵੱਡਾ ਮੰਨਦੇ ਹਨ, ਅਤੇ ਜਿਨ੍ਹਾਂ ਲੋਕਾਂ ਦੇ ਦਿਲਾਂ ਵਿਚ ਸ੍ਰੀ ਕ੍ਰਿਸ਼ਨ ਜੀ ਦੀ ਕਰਾਮਾਤੀ ਮਹਿਮਾਂ ਦਾ ਭਰਮ ਪੱਕਾ ਕਰਨ ਲਈ ਹੀ ਬ੍ਰਾਹਮਣ ਨੇ ਇਹ ਗ੍ਰੰਥ ਲਿਖਿਆ ਸੀ । ਉਸ ਗ੍ਰੰਥ ਸ੍ਰੀ ਮਦ ਭਾਗਵਤ ਪੁਰਾਣ ਦੇ ਸਕੰਧ--੧੦, ਅਧਿਆਇ--੫੯ ਵਿਚ ਕ੍ਰਿਸ਼ਨ ਜੀ ਦੀਆਂ ੮ (ਅੱਠ) ਪਟਰਾਣੀਆਂ ਦੇ ਨਾਮ ਲਿਖੇ ਹਨ ਅਤੇ ਏਸੇ ਸਕੰਧ ਦੇ ਅਧਿਆਇ ੬੦ ਵਿਚ ੧੬੧੦੦ ਰਾਜਕੁਮਾਰੀਆਂ ਨਾਲ ਬਾਕਾਇਦਾ ਸ਼ਾਦੀ ਹੋਣ ਦਾ ਜ਼ਿਕਰ ਲਿਖ ਕੇ ਕੁਲ ਰਾਣੀਆਂ ਦੀ ਗਿਣਤੀ ੧੬੧੦੮ ਸ਼ਾਫ਼ ਸ਼ਬਦਾਂ ਵਿਚ ਲਿਖੀ ਹੈ । ਅਤੇ ਫਿਰ ਅਧਿਆਏ--੯੦ ਵਿਚ ਕ੍ਰਿਸ਼ਨ ਜੀ ਦੀ **ਅਉਲਾਦ ਦਾ ਜ਼ਿਕਰ** ਕਰਦਿਆਂ ਇਉਂ ਲਿਖਿਆ ਹੈ:--

> ਸ੍ਰੀ ਸੁਕਦੇਵ ਜੀ ਬੋਲੇ ਕਿ ਰਾਜਨ ਸ੍ਰੀ ਕ੍ਰਿਸ਼ਨ ਦੇਵ ਕੀ ਇਤਨੀ ਸੰਤਾਨ ਹੁਈ ਕਿ ਜਿਸ ਕਾ ਕੁਛ ਪਾਰਾਵਾਰ ਨਹੀਂ ਪਰ ਉਨ ਤੇ ਲੜਕਿਉਂ ਕੋ ਤੀਨ ਕਰੋੜ ਅਠਤਾਲੀ ਹਜ਼ਾਰ ਤੀਨ ਸੌ ਬ੍ਰਾਹਮਣ ਵਿਦਿਆ ਕੇ ਲੀਏ ਰਹਿਤੇ ਥੇ । ਇਸ ਲੀਏ ਯਦ ਬੰਸੀਓਂ ਕੀ ਗਿਣਤੀ ਨਹੀਂ ਹੋ ਸਕਤੀ ਸਯਾਮ ਸੁੰਦਰ ਜੀ ਕੀ ਸੋਲਾਂ ਹਜ਼ਾਰ ਏਕ ਸੌ ਆਠ ਇਸਤ੍ਰੀ ਥੀਂ । ਤਿਨ ਕੇ ਪੁਤਰੋਂ ਕੀ ਸੰਖਿਆ ਏਹ ਹੈ, ਪ੍ਰਤੇਕ ਰਾਣੀ ਕੇ ਘਰ **ਦਸ ਦਸ ਪੁਤ੍ਰ ਔਰ ਏਕ ਏਕ ਕੰਨਿਆਂ ਹੁਈ ਥੀ** । ਤਿਨ ਕੇ ਆਗੇ ਕੀ ਕੁਛ ਗਿਣਤੀ ਨਹੀਂ ਹੈ ਜੋ ਕਿਤਨਾ ਕੁ ਪਰਵਾਰ ਹੂਆ ।

ਇਹ ਗੱਲ ਮੰਨਣ ਜੋਗ ਨਹੀਂ ਹੈ ਕਿ ਨਾਰਾ ਜੀ ਵਰਗਾ ਕ੍ਰਿਸ਼ਨ-ਭਗਤ ਸ੍ਰੀ ਮਦ ਭਾਗਵਤ ਪੁਰਾਣ ਦਾ ਪਾਠ ਨਾ ਕਰਦਾ ਹੋਵੇ, ਅਥਵਾ ਉਨ੍ਹਾਂ ਨੂੰ ਭਾਗਵਤ ਪੁਰਾਣ ਦੀ ਇਸ ਲਿਖਤ ਦਾ ਗਿਆਨ ਨਾ ਹੋਵੇ । ਸਿਰਫ਼ ਸਿੱਖ ਜਗਤ ਵਿਚ ਗੰਭੀਰ ਕਿਸਮ ਦਾ ਭਰਮ ਪਾਉਣ ਲਈ ਜਾਣ ਬੁਝ ਕੇ ਅਜੇਹੀ ਗੱਲ ਕੋਲੋਂ ਹੀ ਬਣਾ ਕੇ ਲਿਖ ਦਿੱਤੀ । ਫਿਰ ਇਹ ਲਿਖਣਾ ਕਿ ਕ੍ਰਿਸ਼ਨ ਜੀ ਦੀ ਔਲਾਦ ਹੀ ਕੋਈ ਨਹੀ ਸੀ ਵੀ ਕੁਟਲਨੀਤੀ ਦਾ

ਸਬੂਤ ਹੈ । ਨਾਰਾ ਜੀ ਦੀ ਇਹ ਗੱਲ ਵੀ ਸਚੀ ਹੈ ਕਿ ਕ੍ਰਿਸ਼ਨ ਜੀ ਸਮ-ਦਰਸੀ ਸਨ ਅਤੇ ਉਹ ਆਪਣੀਆਂ ਰਾਣੀਆਂ ਨਾਲ ਇਕੋ ਜਿਹਾ ਵਿਹਾਰ ਕਰਦੇ ਸਨ । ਕ੍ਰਿਸ਼ਨ ਜੀ ਤਾਂ ਏਨੇ ਵੱਡੇ ਸਮ-ਦਰਸੀ ਸਨ ਕਿ ਪੂਰੇ ਹਿਸਾਬ ਨਾਲ ਹਰ ਇਕ ਰਾਣੀ ਵਿਚੋਂ ੧੦/੧੦ ਕਾਕੇ ਅਤੇ ੧/੧ ਕਾਕੀ ਪੈਦਾ ਕੀਤੀ ਤਾਂ ਜੋ ਕਿਸੇ ਨਾਲ ਕੋਈ ਬੇਨਿਸਾਫ਼ੀ ਨਾ ਹੋਏ । ਜਿਸ ਕ੍ਰਿਸ਼ਨ ਜੀ ਨੂੰ ਨਾਰਾ ਜੀ ਬੇ-ਔਲਾਦਾ ਲਿਖ ਰਹੇ ਹਨ ਉਸ ਕ੍ਰਿਸ਼ਨ ਭਗਵਾਨ ਦੇ ਇੱਕ ਲੱਖ ਅਠਾਈ ਹਜ਼ਾਰ ਅਠ ਸੌ ਚੌਹਠ (੧੨੮੮੬੪) ਲੜਕੇ ਸਨ ਅਤੇ ਸੋਲਾਂ ਹਜ਼ਾਰ ਇੱਕ ਸੌ ਅਠ (੧੬੧੦੮) ਲੜਕੀਆਂ ਸਨ ਅਰਥਾਤ ਇੱਕ ਲੱਖ ਚੁਤਾਲੀ ਹਜ਼ਾਰ ਨੌ ਸੌ ਬਹੱਤਰ (੧੪੪੯੭੨) ਬੱਚੇ ਸਨ ।

੭= ਨਾਰਾ ਜੀ ਨੇ ਕਲਗੀਧਰ ਜੀ ਨੂੰ ਕ੍ਰਿਸ਼ਨ ਭਗਤ ਅਥਵਾ ਸਿੱਧਾ ਕ੍ਰਿਸ਼ਨ ਹੀ ਸਿੱਧ ਕਰਨ ਲਈ ਦਸਮ ਗ੍ਰੰਥ ਵਿਚਲੇ ਕ੍ਰਿਸ਼ਾਵਤਾਰ ਕਾਵ ਦੀ ਵਰਤੋ ਕੀਤੀ ਹੈ । ਉਸ ਕਾਵ ਨੂੰ ਲਿਖਣ ਵਾਲੇ ਕਵੀ ਨੇ ਆਪਣਾ ਨਾਮ ਸਿਯਾਮ ਲਿਖਿਆ ਹੈ । ਦਸਮ ਗ੍ਰੰਥ ਦੀ ਜਿਹੜੀ ਵੀ ਲਿਖਤ ਨਾਰਾ ਜੀ ਨੇ ਵਰਤੀ ਹੈ ਉਸ ਬਾਰੇ ਪੂਰੇ ਜ਼ੋਰ ਦਾਰ ਸ਼ਬਦਾਂ ਵਿਚ ਉਹ ਏਹੀ ਕਹੀ ਗਏ ਹਨ ਕਿ, " ਇਹ ਕੁਝ ਗੁਰੂ ਸਾਹਿਬ ਨੇ ਬੜੀ ਸ਼ਰਧਾ ਅਤੇ ਸੋਚ ਵਿਚਾਰ ਨਾਲ ਲਿਖਿਆ ਹੈ "। ਫਿਰ ਸ਼ਾਇਦ ਇਹ ਖ਼ਿਆਲ ਆ ਗਿਆ ਕਿ ਕਵਿਤਾ ਦੇ ਸਾਰੇ ਬੰਦਾਂ ਵਿਚ ਸਿਯਾਮ ਕਵੀ ਦਾ ਨਾਂ ਪੜ੍ਹ ਕੇ ਕਿਤੇ ਪਾਠਕ ਇਹੀ ਨਾ ਕਹਿਣ ਲੱਗ ਪੈਣ ਕਿ ਉਸ ਨੇ ਸਿਯਾਮ ਕਵੀ ਦੇ ਲਿਖੇ ਨੂੰ ਦਸਮੇਸ ਜੀ ਦੀ ਲਿਖਤ ਦੱਸ ਕੇ ਲੋਕਾਂ ਦੇ ਵਿਸ਼ਵਾਸ਼ ਨਾਲ ਧ੍ਰੋਹ ਕੀਤਾ ਹੈ । ਸੋ ਇਸ ਤੌਖ਼ਲੇ ਨੂੰ ਦੂਰ ਕਰਨ ਲਈ ਪੁਸਤਕ ਦੇ ੫੪ ਸਫ਼ੇ ਦੀ ਟੂਕ ਵਿਚ ਇਉਂ ਲਿਖ ਦਿੱਤਾ:--

> **ਸਿਯਾਮ**--ਗੁਰੂ ਗੋਬਿੰਦ ਸਿੰਘ ਜੀ ਦਾ ਆਪਣਾ ਤਖ਼ਲੱਸ (ਉਪ-ਨਾਮ) ਸੀ । ਜੋ ਮਾਤਾ ਗੁਜਰੀ ਜੀ ਵਲੋਂ ਰਖਿਆ ਹੋਇਆ ਸੀ ।
> ਉਹ ਭਾਰਤੀ ਤਹਿਜ਼ੀਬ (ਸੰਸਕ੍ਰਿਤੀ ) ਮੁਤਾਬਕ ਆਪਣੇ ਸੁਸਰ (ਗੁਰੂ ਹਰਿਗੋਬਿੰਦ) ਸਾਹਿਬ ਦੇ ਨਾਮ ਜੈਸਾ (ਗੋਬਿੰਦ ਦਾਸ)
> ਨਾਮ ਬੁਲਾਣ ਦੀ ਥਾਂ ਸਿਯਾਂਮਜੀ ਬੁਾਂਦੇ ਤੇ ਗੁਰੂ ਜੀ ਨੇ ਇਹੋ ਤਖ਼ੱਲਸ ਰਖ ਲਿਆ ਤੇ ਬਹੁਤਾ ਇਹੋ ਵਰਤਿਆ ਸੀ ।

ਹੇਠ ਲਿਖੀਆਂ ਦਲੀਲਾਂ ਦੇ ਅਧਾਰ ਤੇ ਟੂਕ (Foot not) ਵਿਚ ਗਿਆਨੀ ਈਸ਼ਰ ਸਿੰਘ ਨਾਰਾ ਦਾ ਇਹ ਕੁਝ ਲਿਖਣਾ, ਸਿੱਖ ਜਗਤ ਵਿਚ ਜਾਣ ਬੁਝ ਕੇ ਭੁਲੇਖੇ ਪਾਉਣ ਵਾਲੀ ਇਕ ਹੋਰ ਦੁਖਦਾਈ ਚਾਲ ਹੈ । ਵੇਰਵਾ ਇਸ ਪ੍ਰਕਾਰ ਹੈ:---

**(ੳ)** ਆਪਣੇ ਪਤੀ ਅਥਵਾ ਬਜ਼ੁਰਗ ਦਾ ਨਾਮ ਨਾ ਲੈਣਾ ਬ੍ਰਾਹਮਣੀ ਭਰਮ-ਜਾਲ ਦਾ ਅੰਗ ਸੀ । ਇਹ ਕਦੇ ਨਹੀਂ ਹੋ ਸਕਦਾ ਕਿ ਨਾਰਾ ਜੀ ਨੂੰ ਇਹ ਪਤਾ ਨਾ ਹੋਵੇ ਕਿ ਗੁਰਮਤਿ ਨੇ ਅਰੰਭ ਤੋਂ ਹੀ ਅਜੇਹੇ ਭਰਮਾਂ ਤੋਂ ਸਿੱਖ ਨੂੰ ਮੁਕਤ ਕਰ ਦਿੱਤਾ ਸੀ । ਗੁਰਬਾਣੀ ਨੇ ਤਾਂ ਸਿਰਫ਼ ਪ੍ਰਭੂ ਨੂੰ ਹੀ ਪਤੀ ਕਹਿ ਕੇ ਬਾਕੀ ਸਾਰੇ ਜੀਆਂ ਨੂੰ ਪ੍ਰਭੂ-ਪਤੀ ਦੀਆਂ ਇਸਤ੍ਰੀਆਂ ਮੰਨਿਆਂ ਹੈ--**ਇਸ ਜਗ ਮਹਿ ਪੁਰਖੁ ਏਕ ਹੈ, ਹੋਰ ਸਗਲੀ ਨਾਰਿ ਸਬਾਈ॥** (੫੯੧) ਕੀ ਕਿਸੇ ਜੀਵ-ਇਸਤ੍ਰੀ ਨੂੰ ਫਿਰ ਪ੍ਰਭੂ-ਪਤੀ ਦਾ ਨਾਮ ਨਹੀਂ ਲੈਣਾ ਚਾਹੀਦਾ ? ਸਿੱਖ ਬੀਬੀਆਂ ਆਪਣੇ ਪਤੀ ਜਾਂ ਸਹੁਰੇ ਆਦਿ ਕਿਸੇ ਵੀ ਬਜੁਰਗ ਦਾ ਨਾਮ ਲੈਣਾ ਪਾਪ ਨਹੀਂ ਸਨ ਮੰਨਦੀਆਂ । ਨਾ ਹੀ ਕਦੇ ਕਿਸੇ ਬਜ਼ੁਰਗ ਨੇ ਆਪਣਾ ਨਾਮ ਲਏ ਜਾਣ ਤੇ ਬੁਰਾ ਮਨਾਇਆ ਸੀ । ਸੋ ਅਜੇਹਾ ਕੁਝ ਲਿਖਣ ਨਾਲ ਸਧਾਰਨ ਸਿੱਖ ਦੇ ਮਨ ਵਿਚ ਭਰਮ ਪਾਉਣ ਦਾ ਯਤਨ ਹੈ ।

**(ਅ)** ਕੀ ਗੁਰੂ ਹਰਿਗੋਬਿੰਦ ਜੀ ਛੇਵੇਂ ਗੁਰੂ ਨਾਨਕ ਜੀ ਨਹੀਂ ਸਨ ? ਕੀ ਮਾਤਾ ਗੁਜਰੀ ਜੀ ਆਪਣੇ ਇਸ਼ਟ ਗੁਰੂ ਨਾਨਕ ਜੀ ਦਾ ਨਾਮ ਲੈਣਾ ਪਾਪ ਸਮਝਦੇ ਹੋਣਗੇ ? ਕਿ ਜਾਂ ਮਾਤਾ ਜੀ ਗੁਰੂ ਸਾਬਿਾਨ ਨੂੰ ਗੁਰੂ ਮੰਨਦੇ ਹੀ ਨਹੀਂ ਸਨ ? ਲੋਕਾਂ ਦਾ ਭਰਮ ਦੂਰ ਕਰਨ ਆਏ ਗੁਰੂ ਨਾਨਕ ਜੀ ਦੇ ਘਰ ਵਿਚੋਂ ਹੀ ਕਿਸੇ ਨੂੰ ਕੀ ਅਜੇਹੇ ਬ੍ਰਾਹਮਣੀ ਭਰਮ ਕਰਨ ਦੀ ਖੁਲ੍ਹ ਹੋਵੇ ਗੀ ? ਅਜੇਹਾ ਸੋਚਣਾ ਵੀ ਪਾਪ ਹੈ । ਮਾਤਾ ਗੁਜਰੀ ਜੀ, ਜਾਂ ਗੁਰੂ ਹਰਗੋਬੰਦ ਜੀ ਅਥਵਾ ਗੁਰੂ ਹਰਿ ਰਾਏ ਜੀ ਦੇ ਮਹਲ, ਕੀ ਗੁਰੂ ਅਰਜਨ ਦੇਵ ਜੀ ਦਾ ਨਾਮ ਲੈਣਾ ਪਾਪ ਸਮਝਦੇ ਸਨ ? ਕੀ ਉਨ੍ਹਾਂ ਲਈ ਗੁਰਬਾਣੀ ਦੇ ਅਜੇਹੇ ਸ਼ਬਦ ਪੜ੍ਹਨੇ ਵਰਜਤ ਸਨ ?---**ਜਪਿਉ ਜਿਨ੍ ਅਰਜੁਨ ਦੇਵ ਗੁਰੂ, ਸੰਕਟ ਜੋਨਿ ਗਰਭ ਨਾ ਆਯਉ ॥** (੧੪੦੯)

**(ੲ)** ਪਰਚਲਤ ਰਿਵਾਜ ਹੈ ਕਿ ਨਵਜਨਮੇ ਬੱਚੇ ਦਾ ਨਾਮ ਰੱਖਣ ਲਗਿਆਂ ਕਈ ਨਾਵਾਂ ਵਿਚੋਂ ਚੋਣ ਕੀਤੀ ਜਾਂਦੀ ਹੈ । ਕਿਸੇ ਵਡੱਕੇ ਦਾ ਨਾਮ ਲੈਣਾ ਨਿਰਾਦਰੀ ਸਮਝਣ ਵਾਲੇ ਭਰਮੀਆਂ ਦੇ ਘਰਾਂ ਵਿਚ ਬੱਚੇ ਦਾ ਅਜੇਹਾ ਨਾਮ ਕਦੇ ਨਹੀਂ ਰਖਿਆ ਜਾਂਦਾ ਜਿਹੜਾ ਘਰ ਦੇ ਕਿਸੇ ਜੀਅ ਲਈ ਲੈਣਾ ਠੀਕ ਨਾਂ ਮੰਨਿਆਂ ਜਾਂਦਾ ਹੋਵੇ । ਜੇ ਮਾਤਾ ਗੁਜਰੀ ਜੀ ਨੇ ਵਡੇ ਗੁਰੂ ਸਾਹਿਬ ਜੀ (ਜਿਨ੍ਹਾਂ ਨੂੰ ਨਾਰਾ ਜੀ ਨੇ ਸੁਸਰ ਕਰਕੇ ਲਿਖਿਆ ਹੈ) ਦੇ ਨਾਮ ਵਰਗਾ ਕਿਸੇ ਹੋਰ ਦਾ ਨਾਮ ਵੀ ਲੈਣਾ ਮਾੜੀ ਗੱਲ ਸਮਝਣੀ ਸੀ ਤਾਂ ਉਨ੍ਹਾਂ ਆਪਣੇ ਹੀ ਬੱਚੇ ਦਾ ਆਪ ਹੀ ਨਾਮ, " ਗੋਬਿੰਦ " ਕਿਉਂ ਰੱਖਣਾ ਸੀ ?

ਇਹ ਕਦੇ ਨਹੀਂ ਹੋ ਸਕਦਾ ਕਿ ਗਿਆਨੀ ਈਸ਼ਰ ਸਿੰਘ ਜੀ ਵਰਗੇ ਹੁਸ਼ਿਆਰ ਲਿਖਾਰੀ ਨੂੰ ਇਨ੍ਹਾਂ ਸਾਰੀਆਂ ਗੱਲਾਂ ਦਾ ਪਤਾ ਨਾ ਹੋਵੇ । ਉਨ੍ਹਾਂ ਦਾ ਮਤਲਬ ਤਾਂ ਗੁਰਮਤ ਦਾ ਸਿਧਾਂਤ ਵਿਗਾੜ ਕੇ ਸਿਖਾਂ ਨੂੰ ਬਿਪ੍ਰਨ ਕੀ ਰੀਤ ਦੇ ਨਾਲ ਜੋੜਣ ਦੇ ਉਪਰਾਲੇ ਕਰਨ ਨਾਲ ਹੈ । ਆਪਣੀ ਉਸ ਗਲ ਵਿਚ ਉਹ ਪੂਰੀ ਤਰ੍ਹਾਂ ਕਾਮਯਾਬ ਹਨ ।

੮= ਇੱਕ ਪਾਸੇ ਤਾਂ ਕ੍ਰਿਸ਼ਨ ਜੀ ਨੂੰ ਆਪ ਹੀ ਅਬਨਾਸ਼ੀ, ਅਜਨਮਾ ਤੇ ਸਾਰੇ ਪ੍ਰਾਣੀਆਂ ਦਾ ਪ੍ਰਮੇਸ਼ਰ ਅਤੇ ਆਪਣੀ ਯੋਗ ਮਾਇਆ ਨਾਲ ਪ੍ਰਗਟ ਹੋਣ ਵਾਲਾ ਸੈਭੰ ਅਤੇ ਅ-ਵਿਅਕਤੀ ਲਿਖਦਾ ਹੈ, ਅਤੇ ਉਸ ਦੇ ਸਰਗੁਣ ਤੇ ਨਿਰਗੁਣ ਸਰੂਪਾਂ ਦਾ ਵਰਣਨ ਕਰਦਾ ਹੈ ਅਤੇ ਸਿੱਖਾਂ ਨੂੰ ਸਲਾਹ ਦਿੰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਸਿੱਖਾਂ ਨੂੰ ਚਾਹੀਦਾ ਹੈ ਕਿ ਕ੍ਰਿਸ਼ਨ ਜੀ ਨੂੰ ਵਾਹਿਗੁਰੂ ਮੰਨ ਕੇ ਪੂਜਿਆ ਕਰਨ, ਕਿਡੀ ਹੈਰਾਨੀ ਵਾਲੀ ਗੱਲ ਹੈ ਕਿ ਉਹੀ ਨਾਰਾ ਜੀ ਫਿਰ ਆਪ ਹੀ ਅਪਣੀ ਪੁਸਤਕ ਦੇ ੪੨ ਸਫ਼ੇ ਤੇ ਇਉਂ ਲਿਖਦੇ ਹਨ-ਕਈ ਸਿੱਖ ਪਰਚਾਰਕਾਂ ਦਾ ਪ੍ਰਚਾਰ ਹੁੰਦਾ ਹੈ ਕਿ ਕ੍ਰਿਸ਼ਨ ਭਗਵਾਨ ਨੇ ਆਪਣੇ ਨੂੰ ਰੱਬ (ਪਾਰਬ੍ਰਹਮ) ਪਰਮੇਸ਼੍ਰਰ ਕਹਾਇਆ ਹੈ । ਜੈਸੇ ਗੀਤਾ ਉਪਦੇਸ਼ ਤੋਂ ਸਾਬਤ ਹੈ ਕਿ ਉਹ ਸੂਰਜ ਚੰਦ ਦੀ ਰੋਸ਼ਨੀ ਵਿਚ ਆਪਣੀ ਹੀ ਚਮਕ ਅਤੇ ਸਰਬ ਰਸਾਂ ਵਿਚ ਆਪ ਹੀ ਰਸ ਰੱਤਾ ਦਸਦੇ ਹਨ । ਪਰ ਐਸੇ ਪ੍ਰਚਾਰਕਾਂ ਨੂੰ ਇਹ ਨਹੀਂ ਪਤਾ ਕਿ ਕ੍ਰਿਸ਼ਨ ਜੀ (ਜੋ ਗੀਤਾ ਗਿਆਨ ਦੇ ਉਪਦੇਸ਼ਕ ਸਨ) ਉਹ--ਬ੍ਰਹਮ ਗਿਆਨੀ ਆਪ ਪਰਮੇਸ਼ਰ--ਰੂਪ ਹੁੰਦੇ ਹੋਏ ਸਦਾ ਬ੍ਰਹਮ ਅਵਸਥਾ ਅਰੂੜ ਸਨ । ਤੇ ਇਸੇ ਅਵਸਥਾ ਵਿਚ ਅਰੂੜ ਹੁੰਦਿਆਂ ਐਸਾ ਉਪਦੇਸ਼ ਕੀਤਾ ਸੀ । ਦੂਜਾ ਕੋਈ ਇਸ ਪਦ ਨੂੰ ਜੋ ਪ੍ਰਾਪਤਿ ਹੁੰਦਾ ਹੈ (ਅਗਰ ਮੁਸਲਮਾਨੀ ਜਾਮੇਂ ਵਿਚ ਹੋਵੇ) ਤਾਂ--ਅਨੱਲ ਹੱਕ--ਹੀ ਬੋਲਦਾ ਹੈ । ਤੇ ਐਸਾ ਕੋਈ ਹਿੰਦੂ ਹੋਵੇ ਤਾਂ--ਅਹੰ ਬ੍ਰਹੰਮਾਸਮੀ ਜਾਂ ਸੋਹੰ (ਮੈਂ ਬ੍ਰਹਮ ਹਾਂ) ਸਹਿਜੇ ਬੋਲ ਉਠਦਾ ਹੈ । ਕਿਉਂਕਿ ਆਪਣੇ ਵਿਚ ਉਸੇ ਸਰਬ ਸ਼ਕਤੀਵਾਨ ਦਾ ਪੂਰਨ ਗਿਆਨ ਤੇ ਮਹਾਨ ਆਤਮਕ ਬਲ ਆਇਆ ਸਮਝਦਾ ਹੈ । ਦੋਖੀ ਲੋਕ ! ਭਾਵੇਂ ਉਨ੍ਹਾਂ ਦੀ ਖੱਲ ਲੁਹਾ ਦੇਣ, ਤਾਂ ਵੀ ਉਹਦੀ ਮਰਜ਼ੀ ਹੈ ਜਿ ਸ਼ਕਤੀ ਨੂੰ ਵਿਖਾਵੇ ਜਾਂ ਨਾ ਵਿਖਾਏ ? ਪਰ ਸਚਾਈ ਦੇ ਆਖਣ ਤੋਂ ਬ੍ਰਹਮ ਗਿਆਨੀ ਟੱਲਦਾ ਨਹੀਂ ਹੈ ਕਿਉਂ ਕਿ ਉਹ ਤੂੰ ਤੂੰ ਕਰਤਾ ਤੂੰ ਹੋ ਚੁਕਾ ਹੁੰਦਾ ਹੈ

। ਜਿਵੇਂ ਚਿਟੇ ਕਪੜੇ ਨੂੰ ਜਿਸ ਰੰਗ ਵਿਚ ਰੰਗੀਏ, ਉਹੀ ਰੂਪ ਰੰਗ ਚੜ੍ਹ ਗਿਆ ਦਿਸਦਾ ਹੈ । ਤੇ ਚਿਟਆਈ ਖ਼ਤਮ ਹੋ ਜਾਂਦੀ ਹੈ । ਗੁਰੂ ਅਰਜਨ ਸਾਹਿਬ ਜੀ ਪਾਸੋਂ ਵੀ ਐਸੇ ਵਜਦ (ਸਰੂਰ) ਵਿਚ ਰਿਹਾ ਨਹੀਂ ਗਿਆ ਸੀ, ਤੇ ਆਪਣੀ ਸਿਖਰ ਦੀ ਬ੍ਰਹਮ ਅਵਸਥਾ ਵਿਚ ਹੁੰਦਿਆਂ ਹੀ ਸੰਸਕ੍ਰਿਤ ਸ਼ਲੋਕਾਂ ਅੰਦਰ ਫ਼ੁਰਮਾਇਆ ਸੀ---

੪੫- **ਸਰਬ ਸੀਲ ਮਮੰ ਸੀਲੰ ਸਰਬ ਪਾਵਨ ਮਮ ਪਾਵਨਹ ॥**

**ਸਰਬ ਕਰਤਬ ਮਮੰ ਕਰਤਾ ਨਾਨਕ ਲੇਪ ਨ ਲਿਪ੍ਤੇ ॥** [੧੩੫੭]

ਇਸ ਪਾਵਨ ਸਲੋਕ ਦੇ ਅਰਥਾਂ ਦਾ ਰੂਪ ਅਜੇਹੇ ਢੰਗ ਨਾਲ ਵਿਗਾੜ ਕੇ ਚਿਤਰਿਆ ਹੈ ਕਿ ਜਿਸ ਤੋਂ ਪੜ੍ਹਨ ਵਾਲੇ ਨੂੰ ਸਮਝ ਏਹੀ ਆਉਂਦੀ ਹੈ ਕਿ ਪੰਚਮ ਪਾਤਸ਼ਾਹ ਜੀ ਨੇ ਕਿਹਾ ਹੈ ਕਿ--ਜਿਵੇਂ ਪਰਮਾਤਮਾ ਪੂਜਣ ਜੋਗ ਪਾਵਨ ਪਵਿਤ੍ਰ ਹੈ ਮੈਂ ਵੀ ਪਾਵਨ ਹਾਂ ਜਿਵੇਂ ਉਹ ਸਾਰਿਆਂ ਦਾ ਰਚਨ ਹਾਰ ਹੈ ਮੈਂ ਵੀ ਵੈਸਾ ਹੀ ਕਰਤਾ ਹਾਂ ਪਰਮਾਤਮਾਂ ਵਾਂਗ ਹੀ ਮੈਨੂੰ ਕੋਈ ਲੇਪ ਛੇਪ ਨਹੀਂ ਹੈ । ਅਰਥਾਤ ਜੋ ਕੁਝ ਕ੍ਰਿਸ਼ਨ ਜੀ ਨੇ ਕਿਹਾ ਸੀ ਉਹੀ ਗੁਰੂ ਜੀ ਨੇ ਕਿਹਾ ਹੈ ।

ਨਾਰਾ ਜੀ ਵਰਗੇ ਜਿਸ ਲਿਖਾਰੀ ਨੇ ਆਪਣੇ ਮਿਥੇ ਟੀਚੇ ਵਾਲੇ ਵਿਸ਼ੇ ਨੂੰ ਮੁੱਖ ਰੱਖ ਕੇ ਗੁਰਬਾਣੀ ਦੇ ਸ਼ਬਦਾਂ ਦੀ ਚੋਣ ਆਪਣੀ ਮਰਜ਼ੀ ਨਾਲ ਕੀਤੀ ਹੋਈ ਹੋਵੇ ਉਸ ਨੂੰ ਗੁਰਬਾਣੀ ਦਾ ਅਸਲ ਸਿਧਾਂਤ ਸਮਝਣ ਦੀ ਲੋੜ ਨਹੀਂ ਹੁੰਦੀ । ਉਸ ਨੇ ਚੁਣੀ ਹੋਈ ਗੁਰਬਾਣੀ ਦੇ ਅਰਥ ਉਹੀ ਕਰਨੇ ਹੁੰਦੇ ਹਨ ਜਿਨ੍ਹਾਂ ਨਾਲ ਉਸ ਦੀ ਨਿਜੀ ਦਲੀਲ ਦੀ ਪੁਸ਼ਟੀ ਹੁੰਦੀ ਹੋਵੇ । ਅਜੇਹੇ ਲਿਖਾਰੀ ਦੀ ਰੁਚੀ ਪੱਖ-ਪਾਤ ਵਾਲੀ ਹੋਣ ਕਰਕੇ ਉਸ ਦੀ ਗੱਲ ਦਾ ਕੋਈ ਵਜ਼ਨ ਨਹੀਂ ਰਹਿੰਦਾ । ਪਰ ਜਿਸ ਗੁਰਮੁਖ ਵਿਦਵਾਨ ਨੇ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਦੇ ਲੜੀ ਵਾਰ ਅਰਥ ਕੀਤੇ ਹੋਣ ਉਸ ਨੂੰ ਸਮੁੱਚੀ ਬਾਣੀ ਦੇ ਸਿਧਾਂਤ ਦਾ ਗਿਆਨ ਹੋ ਜਾਂਦਾ ਹੈ । ਅਜੇਹੇ ਟੀਕਾਕਾਰ ਦੀ ਰੁਚੀ ਆਪਣੇ ਮਿਥੇ ਹੋਏ ਕਿਸੇ ਖ਼ਾਸ ਵਿਸ਼ੇ ਨੂੰ ਸਮਝਾਉਣ ਤੇ ਕੇਂਦਰਤ ਬੜੀ ਘੱਟ ਵੇਖਣ ਵਿਚ ਆਈ ਹੈ । ਅਜੇਹੇ ਵਿਦਵਾਨ ਦੇ ਕੀਤੇ ਅਰਥ ਵੱਧ ਭਰੋਸੇ ਜੋਗ ਮੰਨੇ ਜਾਂਦੇ ਹਨ । ਪ੍ਰੋਫ਼ੈਸਰ ਸਾਹਿਬ ਸਿੰਘ ਜੀ ਨੇ ਇਸ ਗੁਰੂ ਵਾਕ ਦੇ ਅਰਥ ਇਸ ਤਰ੍ਹਾਂ ਕੀਤੇ ਹਨ:---ਹੇ ਨਾਨਕ ਜੋ ਪ੍ਰਭੂ ਸਰਬ ਜੀਵਾਂ ਨੂੰ ਸ਼ਾਂਤੀ ਸੁਭਾਉ ਦੇਣ ਵਾਲਾ ਹੈ ਮੈਨੂੰ ਭੀ ਉਹੀ ਸ਼ਾਂਤੀ ਦੇਂਦਾ ਹੈ, ਜੋ ਸਭ ਨੂੰ ਪਵਿਤ੍ਰ ਕਰਨ ਦੇ ਸਮਰਥ ਹੈ, ਮੇਰਾ ਭੀ ਉਹੀ ਪਵਿਤ੍ਰ-ਕਰਤਾ ਹੈ, ਜੋ ਪ੍ਰਭੂ ਸਭ ਜੀਵਾਂ ਨੂੰ ਰਚਨ ਦੇ ਸਮਰਥ ਹੈ, ਉਹੀ ਮੇਰਾ ਕਰਤਾ ਹੈ । ਉਹ ਪ੍ਰਭੂ ਵਿਕਾਰਾਂ ਦੇ ਪੋਚੇ ਨਾਲ ਨਹੀਂ ਲਿਬੜਦਾ ।

ਸਾਹਿਬ ਸਿੰਘ ਜੀ ਵਲੋਂ ਕੀਤੇ ਅਰਥਾਂ ਨੂੰ ਪੜ੍ਹ ਕੇ ਸਾਫ਼ ਸਿੱਧ ਹੈ ਕਿ, ਪੱਖ ਪਾਤੀ ਵਾਲੀ ਰੁਚੀ ਦੇ ਮਾਲਕ, ਨਾਰਾ ਜੀ ਨੇ ਗੁਰੂ ਫ਼ੁਰਮਾਨ ਦੇ ਅਰਥ ਠੀਕ ਨਹੀਂ ਲਿਖੇ ਹੋਏ । ਈਸ਼ਰ ਸਿੰਘ ਜੀ ਨੇ ਇਹ ਸਿੱਧ ਕਰਨ ਲਈ, ਕਿ ਪੰਚਮ ਪਾਤਿਸ਼ਾਹ ਜੀ ਵੀ ਕ੍ਰਿਸ਼ਨ ਵਾਂਗ ਹੀ ਆਪਣੇ ਆਪ ਨੂੰ-- " **ਸਿਜਣਹਾਰ, ਕਰਤਾ** ਅਥਵਾ **ਪਰਮੇਸ਼੍ਵਰ** ਕਹਿੰਦੇ ਸਨ, ਗੁਰੂ ਬਾਣੀ ਦੀ ਵਰਤੋਂ ਕੁਟਲਤਾ ਨਾਲ ਕਰਕੇ ਸਤਿਗੁਰਾਂ ਦੀ ਘੋਰ ਬੇਅਦਬੀ ਕੀਤੀ ਹੈ।

ਸਾਰੀ ਗੁਰਬਾਣੀ ਵਿਚ ਕੋਈ ਇੱਕ ਤੁਕ ਵੀ ਅਜੇਹੀ ਨਹੀਂ ਜਿਸ ਤੋਂ ਗੁਰੂ ਮਹਾਰਾਜ ਆਪਣੇ ਆਪ ਨੂੰ ਪਰਮਾਤਮਾ ਕਹਿੰਦੇ ਸਿੱਧ ਹੁੰਦੇ ਹੋਣ । ਅਤੇ ਫਿਰ ਜਿਵੇ ਰਾਧਾ-ਕ੍ਰਿਸ਼ਨ ਜੀ ਦੀ ਮੂਰਤੀ ਦੀ ਪੂਜਾ ਹੋ ਰਹੀ ਹੈ, ਉਸੇਤਰ੍ਹਾਂ ਦੀ ਪੂਜਾ ਨਾ ਸਤਿਗੁਰਾਂ ਦੀ ਹੋਈ ਹੈ ਅਤੇ ਨਾ ਹੀ ਕਦੇ ਹੋ ਹੀ ਸਕਦੀ ਹੈ । ਕੀ ਅਨਲ ਹਕ ਕਹਿਣ ਵਾਲੇ ਮੁਸਲਮਾਨ ਨੂੰ ਕਿਸੇ ਨੇ ਖ਼ੁਦਾ ਮੰਨਿਆਂ ਹੈ ? ਕੀ ਸੋਹੰ ਕਹਿਣ ਵਾਲੇ ਹਿੰਦੂਆਂ ਦੀਆਂ ਮੂਰਤੀਆਂ ਬਣ ਕੇ ਮੰਦਰਾਂ ਵਿਚ ਆ ਟਿਕੀਆਂ ਹਨ ? ਕੀ ਅੱਜ ਤਾਂਈ ਕਿਸੇ ਬ੍ਰਹਮ ਗਿਆਨੀ ਅਥਵਾ ਭਗਤ ਦੇ ਪੱਥਰ ਦੇ ਬੁੱਤ ਨਾਲ ਕਦੇ ਕਿਸੇ ਇੱਕ ਵੀ ਕੰਨਿਆਂ ਦੀ ਸ਼ਾਦੀ ਹੋਈ ਹੈ ? ਕ੍ਰਿਸ਼ਨ ਜੀ ਦੀ ਮੂਰਤੀ ਸਾਹਮਣੇ ਤਾਂ ਅੱਜ ਵੀ ਰਾਮਜਣੀਆਂ ਨਾਚ ਕਰ ਰਹੀਆਂ ਹਨ, ਕੀ " **ਰਾਮ ਕਬੀਰਾ ਏਕ ਭਏ ਹੈਂ** ", ਕਹਿਣ ਵਾਲੇ ਕਬੀਰ ਦੀ ਮੂਰਤੀ ਸਾਹਮਣੇ ਵੀ ਰਾਮ ਜਣੀਆਂ ਨਾਚ ਕਰਦੀਆਂ ਹਨ ?

ਜਿਸ ਭਾਗਾਂ ਵਾਲੇ ਦੇ ਅੰਦਰ ਪੂਰਨ ਸੱਚ ਦਾ ਨਿਵਾਸ ਹੋ ਗਿਆ ਉਸ ਨੇ ਆਪਣੇ ਆਪ ਨੂੰ ਸੱਚ ਦਾ ਰੂਪ ਹੋਇਆ ਅਨੁਭਵ ਕੀਤਾ । ਪਰ ਰਬ ਕੋਈ ਨਹੀਂ ਬਣਿਆਂ । ਹਿਰਦੇ ਵਿਚ ਆਏ ਪ੍ਰਭ ਕਾਰਨ ਉਪਜੀ ਅਨੰਦ-ਮਈ ਵਿਸਮਾਦੀ ਅਵਸਥਾ ਦਾ ਪ੍ਰਗਟਾਵਾ ਅਖਰਾਂ ਵਿਚ ਉਸੇ ਤਰ੍ਹਾਂ ਹੀ ਨਹੀਂ ਕੀਤਾ ਜਾ ਸਕਦਾ ਜਿਵੇਂ ਗੂੰਗਾ ਮਿਠਾਈ ਦਾ ਸੁਆਦ ਨਹੀਂ ਦੱਸ ਸਕਦਾ । ਉਹ ਸਿਰਫ਼ ਮੁਸਕਰਾ ਹੀ ਸਕਦਾ ਹੈ । ਪੰਚਮ ਪਾਤਸ਼ਾਹ ਜੀ ਦਾ ਫ਼ੁਰਮਾਨ ਹੈ:--

੪੬- **ਓਇ ਸੁਖ ਕਾ ਸਿਉ ਬਰਨਿ ਸੁਨਾਵਤ ॥ ਅਨਦ ਬਿਨੋਦ ਪੇਖਿ**

**ਪ੍ਰਭ ਦਰਸਨ, ਮਨਿ ਮੰਗਲ ਗੁਨ ਗਾਵਤ ॥ ੧ ॥ ਰਹਾਉ ॥**

**ਬਿਸਮ ਭਈ ਪੇਖਿ ਬਿਸਮਾਦੀ ਪੂਰਿ ਰਹੇ ਕਿਰਪਾਵਤ ॥**

**ਪੀਓ ਅੰਮ੍ਰਿਤ ਨਾਮੁ ਅਮੋਲਕ, ਜਿਉ ਚਾਖਿ ਗੂੰਗਾ ਮੁਸਕਾਵਤ ॥ ੧ ॥**[੧੨੦੫]-੯

**ਅਰਥ:**--ਪ੍ਰਭੂ ਦਾ ਦਰਸ਼ਨ ਕਰਦਿਆਂ ਅਥਵਾ ਪ੍ਰਭੂ ਦੇ ਗੁਣਾ ਗਾਉਂਦਿਆਂ ਮਨ ਵਿਚ ਜਿਹੜੀਆਂ ਖ਼ੁਸ਼ੀਆਂ ਪੈਦਾ ਹੁੰਦੀਆਂ ਹਨ ਜਿਹੜੇ ਅਨੰਦ ਕੌਤਕ ਪੈਦਾ ਹੁੰਦੇ ਹਨ, ਉਨ੍ਹਾਂ ਦਾ ਬਿਆਨ ਕਿਸੇ ਪਾਸੋਂ ਵੀ ਨਹੀਂ ਕੀਤਾ ਜਾ ਸਕਦਾ । ੧ । ਰਹਾਉ । ਉਸ ਅਚਰਜ-ਰੂਪ ਅਤੇ ਕਿਰਪਾ ਦੇ ਸੋਮੇ ਸਰਬ-ਵਿਆਪਕ ਪ੍ਰਭੂ ਦਾ ਦਰਸਨ ਕਰਕੇ ਮੈਂ ਹੈਰਾਨ ਹੋ ਗਿਆ ਹਾਂ । ਜਦੋਂ ਮੈਂ ਉਸ ਦਾ ਆਤਮਕ ਜੀਵਨ ਦੇਣ ਵਾਲਾ ਨਾਮ ਜਲ ਪੀਤਾ (ਤਾਂ ਮੇਰੀ ਹਾਲਤ ਇਉਂ ਹੋ ਗਈ) ਜਿਵੇਂ ਕੋਈ ਗੂੰਗਾ ਮਨੁੱਖ (ਗੁੜ ਆਦਿ ਮਿਠਾ) ਚੱਖ ਕੇ ਮੁਸਕ੍ਰਾਉਂਦਾ ਹੀ ਹੈ (ਪਰ ਸੁਆਦ ਨਹੀਂ ਦਸ ਸਕਦਾ । ੧ । ਅਜੇਹਾ ਕੁਝ ਫ਼ੁਰਮਾਨ ਕਰਨ ਵਾਲੇ ਗੁਰੂ ਅਰਜਨ ਦੇਵ ਜੀ ਬਾਰੇ ਇਹ ਕਹਿਣਾ ਤੇ ਕਿਤੇ ਰਿਹਾ ਅਜੇਹਾ ਸੋਚਣਾ ਵੀ ਮਹਾਂ ਪਾਪ ਹੈ ਕਿ ਉਹ ਆਪਣੇ ਆਪ ਨੂੰ ਵੀ ਕਰਤਾਰ ਵਾਂਗ ਕਰਤਾ ਹੀ ਮੰਨਦੇ ਸਨ ।

ਕਬੀਰ ਸਾਹਿਬ ਜੀ ਨੂੰ ਜਦ ਪਰਮਾਤਮਾ ਦੇ ਆਤਮਕ ਮਿਲਾਪ ਦੇ ਅਨੰਦ ਬਾਰੇ ਪੁਛਿਆ ਤਾਂ ਫ਼ੁਰਮਾਇਆ ਕਿ ਪਰਮਾਤਮਾ ਨਾਲ ਆਤਮਕ ਮਿਲਾਪ ਹੋ ਜਾਣ ਦੇ ਵਿਸਮਾਦੀ ਅਨੰਦ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ । ਜਿਵੇਂ ਕੋਈ ਗੂੰਗਾ ਮਨੁੱਖ ਸ਼ੱਕਰ ਖਾ ਕੇ ਚਾਹੁੰਦਾ ਹੋਇਆ ਵੀ ਉਸ ਦੇ ਸੁਆਦ ਬਾਰੇ ਕੁਝ ਨਹੀਂ ਦਸ ਸਕਦਾ, ਦਿਲ ਦੀ ਪ੍ਰਸੰਨਤਾ ਕਾਰਨ ਸਿਰਫ਼ ਮੁਸਕਰਾ ਹੀ ਸਕਦਾ ਹੈ, ਬਸ ਅਜੇਹੀ ਹਾਲਤ ਹੁਣ ਮੇਰੀ ਹੈ-**-...ਜਿਨਿ ਰਾਮੁ ਜਾਨਿਆ, ਤਿਨਹਿ ਪਛਾਨਿਆ ॥ ਜਿਉ ਗੂੰਗੇ ਸਾਕਰ ਮਨ ਮਾਨਿਆ ॥ ੧ ॥**[੩੨੭-੧੯] ਫਿਰ ਵੀ ਮਹਾਰਾਜ ! ਆਪਣੇ ਅੰਦਰ ਦੇ ਅਨੰਦ ਦੀ ਹਾਲਤ ਬਾਰੇ ਕੁਝ ਤੇ ਸਮਝਾਉ ! ਤਾਂ ਕਬੀਰ ਸਾਹਿਬ ਜੀ ਨੇ ਫ਼ੁਰਮਾਇਆ, ਬਸ ਫਿਰ ਇਹੀ ਸਮਝ ਲਉ ਕਿ ਹੁਣ ਮੈ ਅਪਣੇ ਆਪ ਦੀ ਪਛਾਣ ਭੁੱਲ ਗਿਆ ਹਾਂ, ਮੈਂ ਹੁਣ ਮੈਂ ਨਹੀਂ ਰਿਹਾ ਹੁਣ--**ਰਾਮ ਕਬੀਰਾ ਏਕ ਭਏ ਹੈਂ ਕੋਇ ਨ ਸਕੈ ਪਛਾਨੀ ॥ ੬ ॥** [੯੬੯] ਇਹ ਕਹਿਣ ਨਾਲ ਕਬੀਰ ਜੀ ਵਿਧਾਤਾ ਨਹੀਂ ਸਨ ਬਣ ਗਏ । ਕਿਵੇਂ ਸਮਝਾਈ ਜਾਂਦੀ ਮਿਲਾਪ ਦੇ ਵਿਸਮਾਦੀ ਅਨੰਦ ਵਾਲੀ ਅਵਸਥਾ ਦੀ

ਹਾਲਤ ? ਇਸ ਵਿਸਮਾਦੀ ਅਨੰਦ ਵਾਲੀ ਮਿਠਾਸ ਨੂੰ ਬਿਆਨ ਕਰ ਸਕਣ ਵਾਲੀ ਜ਼ਬਾਨ ਗੁੰਗੀ ਸੀ । ਉਸ ਅਨੂਠੀ ਮਿਠਾਸ ਦਾ ਪ੍ਰਗਟਾਵਾ ਹੋਰ ਕਿਹੜੇ ਢੰਗ ਨਾਲ ਕੀਤਾ ਜਾਂਦਾ ? ਰਾਂਝਾ ਰਾਂਝਾ ਕਹਿੰਦੀ ਹੀਰ ਕੀ ਇਸਤ੍ਰੀ ਤੋਂ ਮਨੁੱਖ ਬਣ ਗਈ ਸੀ ? ਪਰ ਕਹਿੰਦੀ ਤਾਂ ਉਹ ਵੀ ਇਹੋ ਸੀ ਕਿ--" ਰਾਂਝਾ ਰਾਂਝਾ ਕਹਿੰਦੀ ਨੀ ਮੈ ਆਪੇ ਰਾਂਝਾ ਹੋਈ " । ਇਕ ਉਰਦੂ ਦੇ ਸ਼ਾਇਰ ਨੇ ਆਪਣੀ ਮਹਿਬੂਬਾ ਦੇ ਪਿਆਰ ਵਿਚ ਇਉਂ ਵੀ ਕਿਹਾ ਹੈ---

**ਅੱਛਾ ਖ਼ਾਸਾ ਬੈਠੇ ਬੈਠੇ ਗੁੰਮ ਹੋ ਜਾਤਾ ਹੂੰ । ਅਬ ਮੈਂ ਅਕਸਰ, ਮੈਂ ਨਹੀਂ ਰਹਿਤਾ, ਤੁਮ ਹੋ ਜਾਤਾ ਹੂੰ ।**

ਤਾਂ ਕੀ ਕਵੀ ਸਚ ਮੁਚ ਹੀ ਆਪਣੀ ਮਹਿਬੂਬਾ ਵਾਂਗ ਇਸਤ੍ਰੀ ਬਨ ਜਾਂਦਾ ਹੈ ? ਅਪਣੇ ਇਸ਼ਟ ਦੇ ਗੁਣ ਆਪਣੇ ਵਿਚ ਆ ਜਾਣੇ ਹਿਰਦੇ ਤੋਂ ਕੀਤੀ ਸੱਚੀ ਭਗਤੀ ਦੀ ਨਿਸ਼ਾਨੀ ਹੈ । ਜਿਹੜਾ ਗੁਰੂ ਇਹ ਕਹਿੰਦਾ ਹੈ ਕਿ--**ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥** (ਸੁਖਮਨੀ) ਕੀ ਉਹ ਇਹ ਕਹਿਣਾ ਸੋਚ ਵੀ ਸਕਦਾ ਹੈ ਕਿ ਜਿਵੇਂ ਕਰਤਾਰ " ਕਰਤਾ " ਹੈ ਮੈਂ ਵੀ ਉਸੇ ਤਰ੍ਹਾਂ ਦਾ " ਕਰਤਾ " ਹੀ ਹਾਂ ।

ਸਿੱਖੀ ਭੇਖ ਵਾਲੇ ਇਸ ਅਨੋਖੇ ਗਿਆਨੀ ਜੀ ਨੇ ਭਟਾਂ ਦੀ ਬਾਣੀ ਵਿਚੋਂ ਕਈ ਸ਼ਬਦ ਵਰਤਦਿਆਂ ਵੀ ਏਹੋ ਗੱਲ ਬਾਰ ਬਾਰ ਸਿੱਧ ਕੀਤੀ ਹੈ ਕਿ ਪੰਚਮ ਪਾਤਿਸ਼ਾਹ ਆਪਣੇ ਸਮੇਤ ਸਾਰੇ ਗੁਰੂ ਸਾਹਿਬਾਨ ਨੂੰ ਪਰਮਾਰਮਾ ਦੇ ਹੀ ਅਵਤਾਰ ਮੰਨਦੇ ਸਨ । ਅਖੇ, ਤਦੇ ਉਨ੍ਹਾਂ ਨੇ ਭੱਟਾਂ ਦੀ ਬਾਣੀ ਗੁਰਬਾਣੀ ਦਾ ਹਿੱਸਾ ਬਣਾਈ ਹੈ । ਉਨ੍ਹਾਂ ਸ਼ਬਦਾਂ ਦੀ ਵਿਚਾਰ ਲਿਖ ਕੇ ਠੀਕ ਤਰੀਕੇ ਨਾਲ ਭੁਲਖੇ ਦੂਰ ਕਰਨੇ ਪੰਥ ਦੇ ਸਰਬਰਾਹਾਂ ਦਾ ਧਰਮ ਹੈ । ਦਾਸ ਤਾਂ ਨਾਰਾ ਜੀ ਦੀ ਉਸ ਉਕਤੀ ਦਾ ਖੰਡਨ ਕਰਨ ਦੇ ਯਤਨ ਵਿਚ ਏਹੀ ਕਹਿਣ ਜੋਗਾ ਹੈ ਕਿ:---

ਡਾਕਟਰਾਂ ਨੇ ਕਿਸੇ ਰੋਗੀ ਦੇ ਰੋਗ ਨੂੰ ਅਸਾਧ ਕਹਿ ਕੇ ਉਸ ਨੂੰ ਮੌਤ ਦੀ ਉਡੀਕ ਕਰਨ ਲਈ ਛੱਡ ਦਿੱਤਾ ਹੋਇਆ ਸੀ । ਕੋਈ ਨਹੀਂ ਸੀ ਕਹਿੰਦਾ ਕਿ ਇਹ ਕਿਸੇ ਢੰਗ ਨਾਲ ਬਚ ਸਕਦਾ ਹੈ । ਪਰ ਇੱਕ ਅਜੇਹਾ ਹਕੀਮ ਮਿਲ ਪਿਆ ਜਿਸ ਨੇ ਉਸ ਰੋਗੀ ਦਾ ਰੋਗ ਦੂਰ ਕਰਕੇ ਉਸ ਨੂੰ ਨਵਾਂ ਨਰੋਆ ਕਰ ਦਿੱਤਾ । ਰਾਜ਼ੀ ਹੋ ਕੇ ਉਹ ਮਨੁੱਖ ਆਪਣੇ ਹਿਰਦੇ ਦੀ ਡੂੰਘਾਈ ਤੋਂ ਪੁਕਾਰ ਉਠਿਆ---'

' ਹੇ ਸਤਿਕਾਰ ਯੋਗ ਹਕੀਮ ਜੀ ! ਮੈਂ ਕਈਆਂ ਡਾਕਟਰਾਂ ਅਥਵਾ ਹਕੀਮਾਂ ਕੋਲ ਗਿਆ, ਪਰ ਸਾਰਿਆਂ ਮੇਰਾ ਰੋਗ ਲਾ-ਇਲਾਜ ਹੀ ਦੱਸਿਆ । ਫਿਰ ਮੈ ਕਈ ਭਗਵਾਨਾਂ ਅਤੇ ਦੇਵੀ ਦੇਵਤਿਆਂ ਦੇ ਮੰਦਰਾਂ ਵਿਚ ਮੱਥੇ ਰਗੜਨ ਵਿਚ ਵੀ ਕੋਈ ਕਸਰ ਨਾ ਛੱਡੀ । ਸੁਖਣਾ ਕੀਤੀਆਂ ਅਤੇ ' ਚਿਤੋਂ ਵੱਧ ਕਈ ਕੁਝ ਦਾਨ ਵੀ ਕੀਤਾ, ਪਰ ਕਿਸੇ ਨੇ ਬਹੁੜੀ ਨਾ ਕੀਤੀ । ਮੈਨੂੰ ਮੁੜ ਨਵਾਂ ਨਰੋਇਆ ਕਰ ਦੇਣ ਵਾਲਿਆ ਅੱਜ ਤੂੰ ਹੀ ਮੇਰਾ ਭਗਵਾਨ ਹੈਂ ਮੇਰੇ ਲਈ ਤੂੰ ਹੀ ਰਾਮ ਹੈ, ਤੂੰ ਹੀ ਕ੍ਰਿਸ਼ਨ ਹੈ, ਤੂੰ ਹੀ ਸ਼ਿਵ ਹੈਂ, ਤੂੰ ਹੀ ਲਾਟਾਂ ਵਾਲੀ ਦੇਵੀ ਹੈਂ, ਮੇਰਾ ਤੂੰਹੀ ਜੀਵਨ ਦਾਤਾ ਹੈ, ਸੱਚੀ ਗੱਲ ਤਾਂ ਇਹ ਹੈ ਕਿ ਤੂੰ ਉਹੀ ਪਰਮਾਤਮਾ ਹੈਂ ਜਿਹੜਾ ਧਰਤੀ ਦੇ ਦੁਖੀਆਂ ਦੇ ਦੁਖ ਦੂਰ ਕਰਨ ਲਈ ਅਸਮਾਨਾਂ ਤੋਂ ਆਉਂਦਾ ਰਿਹਾ ਹੈਂ '

'---ਉਸ ਰਾਜ਼ੀ ਹੋਏ ਮਨੱਖ ਦੀ ਸ਼ਰਧਾ ਵਿਚ ਭਿਜੀਆਂ ਇਨ੍ਹਾਂ ਗੱਲਾਂ ਨਾਲ, ਕੀ ਉਹ ਵੈਦ ਸੱਚੀਂ ਭਗਵਾਨ ਬਣ ਗਿਆ ਹੋਵੇਗਾ ? ਐਨ ਏਸੇ ਤਰ੍ਹਾਂ ਹੀ ਭੱਟ ਕਵੀ ਆਤਮਕ ਰੋਗਾਂ ਦੀ ਪੀੜ ਨਾਲ ਕਈ ਧਰਮ ਗੁਰੂਆਂ ਦੇ ਡੇਰਿਆਂ ਤੇ ਖੱਜਲ ਹੁੰਦੇ ਰਹੇ । ਸਾਰੇ ਰਿਖੀਆਂ ਮੁਨੀਆਂ, ਪੰਡਿਤਾਂ ਸੰਨਿਆਸੀਆਂ ਦੇ ਡੇਰਿਆਂ ਵਾਲੇ ਕਹਿੰਦੇ ਕੁਝ ਸਨ ਪਰ ਉਨ੍ਹਾਂ ਦੇ ਅੰਦਰ ਦੀ ਰਹਿਤ ਕੁਝ ਹੋਰ ਸੀ । ਪਰਮਾਤਮਾ ਦੇ ਨਾਮ ਨੂੰ ਵਰਤ ਕੇ ਠੱਗੀਆਂ ਮਾਰਣ ਵਾਲੇ ਡੇਰੇ-ਦਾਰਾਂ ਦੇ ਮਗਰ ਸਾਲ ਭਰ ਭਟਕਦੇ ਰਹੇ । ਆਖ਼ਰ ਅਜੇਹੇ ਵੈਦ ਦੇ ਦੁਆਰੇ ਤੇ ਪੁਜੇ ਜਿਹੜਾ ਆਤਮਕ ਰੋਗੀਆਂ ਦੇ ਰੋਗ ਦੂਰ ਕਰਕੇ ਉਨ੍ਹਾਂ ਨੂੰ ਪਰਮ-ਠੰਢ ਨਾਲ ਜੋੜ ਕੇ ਸਦਾ ਲਈ ਸੁਖੀ ਬਣਾ ਦਿੰਦਾ ਸੀ । ਉਸ ਵੈਦ ਦੀ ਕਿਰਪਾ ਨਾਲ ਭੱਟਾਂ ਦੇ ਸਾਰੇ ਆਤਮਕ ਰੋਗ ਨਾਸ ਹੋ ਗਏ । ਅਤੇ ਗੁਰੂ ਦੀ ਕਿਰਪਾ ਨਾਲ ਜਦੋਂ ਹੀ ਉਹ ਪਰਮ ਅਨੰਦ ਨਾਲ ਜੁੜੇ ਤਾਂ ਉਹ ਪੁਕਾਰ ਉਠੇ---

੪੭- **ਰਹਿਓ ਸੰਤ ਹਉ ਟੋਲਿ, ਸਾਧ ਬਹੁਤੇਰੇ ਡਿਠੇ ॥**
**ਸੰਨਿਆਸੀ ਤਪਸੀਅਹ, ਮੁਖਹੁ ਏ ਪੰਡਿਤ ਮਿਠੇ ॥**
**ਬਰਸੁ ਏਕੁ ਹਉ ਫਿਰਿਓ, ਕਿਨੈ ਨਹੁ ਪਰਚਉ ਲਾਯਉ ॥**
**ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥**
**ਹਰਿ ਨਾਮੁ ਛੋਡਿ ਦੂਜੈ ਲਗੇ, ਤਿਨ ਕੇ ਗੁਣ ਹਉ ਕਿਆ ਕਹਉ ॥**
**ਗੁਰ, ਦਯਿ ਮਿਲਯਉ ਭਿਖਿਆ, ਜਿਵ ਤੂ ਰਖਹਿ ਤਿਵ ਰਹਉ ॥ ੨੦ ॥**[੧੩੯੫]

ਫਿਰ ਭੱਟਾਂ ਨੇ ਪੁਕਾਰ ਪੁਕਾਰ ਕੇ ਕਿਹਾ ਕਿ ਮਿਥਿਹਾਸ ਦੇ ਸਾਰੇ ਅਵਤਾਰ ਸਾਨੂੰ ਮਾਇਆ ਠੱਗਣ ਲਈ ਬਣਾਏ ਛਲਾਵਾ ਹੀ ਹੋ ਦਿੱਸੇ ਸਨ, ਪਰ ਅੱਜ ਹੇ ਗੁਰੂ ਨਾਨਕ ਉਸ ਸਾਰੇ ਅਵਤਾਰਾਂ ਦੇ ਵੱਗ ਦੇ ਥਾਂ ਤੂੰ ਹੀ ਤੂੰ ਸਭ ਕੁਝ ਨਜ਼ਰ ਆ ਰਿਹਾ ਹੈਂ । ਭੱਟਾਂ ਦੀਆਂ ਇਨ੍ਹਾਂ ਸ਼ਰਧਾ ਭਰਪੂਰ ਗੱਲਾਂ ਨਾਲ ਗੁਰ ਸਾਹਿਬਾਨ ਨਾ ਹੀ ਅਵਤਾਰ ਬਣ ਗਏ ਸਨ ਅਤੇ ਨਾ ਹੀ ਪਰਮੇਸ਼ਰ । ਫਿਰ ਸਿੱਖਾਂ ਨੇ ਦੇਹ ਧਾਰੀ ਗੁਰੂ ਦੇ ਥਾਂ ਜਿਸ ਸ਼ਬਦ-ਗਿਆਨ ਨਾਲ ਜੁੜਨਾ ਸੀ, ਉਸ ਗੁਰੂ-ਗਿਆਨ ਦੀ ਵਡਿਆਈ ਦੀ ਕਦਰ ਸੁਰਜੀਤ ਰੱਖਣੀ ਵੀ ਅਤੀ ਜ਼ਰੂਰੀ ਸੀ । ਸਮੇਂ ਦੇ ਗੇੜ ਨਾਲ ਇਸ ਮਹਾਂਨ ਗਿਆਨ ਦੇ ਉਚਾਰਨ ਹਾਰੇ ਗੁਰੂ ਜੀ ਦੀ ਅਸਲ ਵਡਿਆਈ ਭੁੱਲ ਕੇ ਗਿਆਨ ਸਮਝਣ ਵਿਚ ਮਨੁੱਖ ਅਵੇਸਲਾ ਨਾ ਹੋ ਜਾਵੇ ? ਬ੍ਰਹਮ ਗਿਆਨ ਦੇ ਉਚਾਰਨ ਹਾਰੇ, ਗੁਰੂ ਸਾਹਿਬਾਨ ਪ੍ਰਤੀ ਬਣੇ ਵਿਦਵਾਨ ਭੱਟਾਂ ਦੇ ਵਿਚਾਰਾਂ ਨੂੰ ਸਿੱਖਾਂ ਵਿਚ ਸਦਾ ਸਰਜੀਤ ਰੱਖਣਾ ਉਨ੍ਹਾਂ ਦੇ ਭਲੇ ਵਾਸਤੇ ਸੀ, ਉਨ੍ਹਾਂ ਦੀ ਜੀਵਨ-ਜੁਗਤ ਨੂੰ ਸਿਖ਼ਰਾਂ ਤੇ ਲੈ ਜਾਣ ਲਈ ਲਾਹੇ ਵੰਦ ਸੀ । ਸੋ ਉਨ੍ਹਾਂ ਸਦੀਵੀ ਸਚਾਈ ਵਾਲੇ ਪਰਵਚਨਾਂ ਨੂੰ ਗੁਰਬਾਣੀ ਦਾ ਹਿੱਸਾ ਬਣਾ ਦਿੱਤਾ । ਜੇ ਗੁਰੂ ਸਾਹਿਬਾਨ ਕ੍ਰਿਸ਼ਨ ਵਾਂਗ ਆਪ ਹੀ ਭਗਵਾਨ ਬਣ ਗਏ ਹੁੰਦੇ ਜਾਂ ਜੇ ਉਹ ਆਪਣੀ ਪੂਜਾ ਲੋੜਦੇ ਹੁੰਦੇ ਤਾਂ ਰਾਮ, ਕ੍ਰਿਸ਼ਨ ਜਾਂ ਦੂਜੇ ਭਗਵਾਨਾ ਵਾਂਗ ਉਨ੍ਹਾਂ ਨੂੰ ਵੀ ਕੀ ਲੋੜ ਸੀ ਬ੍ਰਹਮ-ਗਿਆਨ ਦੀ ਪੂਜਾ ਕਰਾਉਣ ਦੀ ? ਉਹ ਵੀ ਠਾਕਰ ਬਣ ਕੇ ਮੰਦ੍ਰੀਂ ਜਾ ਸਥਾਪਤ ਹੁੰਦੇ ਅਤੇ ਰਾਮਜਣੀਆਂ ਦੇ ਨਾਚ ਰੰਗ ਵਿਚ ਮਸਤ ਹੋ ਜਾਂਦੇ ।

੯= ਕ੍ਰਿਸ਼ਨ ਭਗਤ, ਗਿਆਨੀ ਈਸ਼ਰ ਸਿੰਘ ਨੇ ਅੱਗੇ ਆਪਣੀ ਪੁਸਤਕ ਦੇ ੫੮ ਸਫੇ ਤੇ ਤਰਕਵਾਦੀ ਸ਼ਬਦ ਵਰਤਦਿਆਂ, ਅਸਲ ਭਾਵ ਨੂੰ ਵਿਗਾੜਨ ਲਈ ਸ਼ਬਦਾਂ ਦੇ ਅੱਖਰੀ ਅਰਥਾਂ ਦੇ ਅਧਾਰ ਤੇ ਇਹ ਲਿਖਿਆ ਹੈ----

ਹੁਣ ਤਰਕਵਾਦੀ ਅਗਰ ਕੋਈ ਇਹ ਆਖੇ ਕਿ ਉਕਤ ਅਵਤਾਰਾਂ ਦੇ ਨਾਮ ਤਾਂ ਮਿਸਾਲਾਂ (ਜਾਂ ਦ੍ਰਿਸ਼ਟਾਂਤ) ਦੇਣ ਨੂੰ ਲਿਖਾਏ ਸਨ, ਤਾਂ ਇਹ ਵੀ ਉਨ੍ਹਾਂ ਦੇ ਸਤਿਕਾਰ ਵਜੋਂ ਘੱਟ ਨਹੀਂ ਹੈ । **ਕਿਉਂਕਿ** ਸਭਨਾਂ ਦੇ ਸਾਂਝੇ ਗੁਰੂ ਹੁੰਦਿਆਂ ਵੀ **ਕੁਰਾਨ ਸ਼ਰੀਫ਼** ਦੀ ਕੋਈ ਆਇਤ, ਜਾਂ ਮੁਸਲਮਾਨੀ ਪੈਗੰਬਰਾਂ ਦੀ ਸਿਫ਼ਤ ਵਿਚ ਲਿਖਣ ਤੋਂ ਇਨਕਾਰ ਕੀਤਾ ਸੀ ਤੇ ਇਸ ਹੁਕਮ ਅਦੂਲੀ ਵਿੱਚ ਜਹਾਂਗੀਰ ਦੇ ਸ਼ਾਹੀ ਹੁਕਮ ਨਾਲ ਆਪ ਨੂੰ ਤਸੀਹੇ ਦੇ ਕੇ ਸ਼ਹੀਦ ਕਰਾ ਦਿਤਾ ਗਿਆ ਸੀ । ਪਰ ਉਕਤ ਅਵਤਾਰਾਂ ਦੇ ਸਬੰਧ ਵਿਚ ਗੁਰੂ

ਅਰਜਨ ਸਾਹਿਬ ਨੇ ਬਿਨਾਂ ਕਿਸੇ ਦਬਾਉ ਦੇ, ਸਚਾਈ ਜਾਣ ਕੇ ਗੁਰੂ ਗ੍ਰੰਥ ਜੀ ਦੇ ਅੰਦਰ ਬਹੁਤ ਕੁੱਝ ਲਿਖਾਇਆ ਹੈ । ਐਸਾ ਤਦੇ ਕੀਤਾ ਗਿਆ ਕਿ ਉਕਤ ਅਵਤਾਰਾਂ ਨਾਲ ਆਪ ਦਾ ਆਤਮਕ ਤੇ ਵੰਸ਼ਕ ਸਬੰਧ ਸੀ ਤੇ ਉਹੀ ਜੋਤ ਸ਼ਕਤੀ ਜੋ ਸਤਿਜੁਗ ਵਿਚ ਬਾਵਨ ਰੂਪ ਫੇਰ ਤ੍ਰੇਤਾ ਵਿਚ ਰਾਮ ਚੰਦਰ ਅਤੇ ਦੁਆਪਰ ਵਿੱਚ ੧੬ ਕਲਾ ਸੰਪੂਰਨ ਕ੍ਰਿਸ਼ਨ ਭਗਵਾਨ ਵਿਚ ਵਰਤੀ ਸੀ ਹੁਣ ਕਲਿਯੁਗ ਵਿਚ ਸਤਿਗੁਰੂ ਨਾਨਕ ਰੂਪ ਵਿਚ ਪ੍ਰਕਾਸ਼ੀ, ਅਨਭਵ ਕੀਤੀ ਗਈ । ਤੇ ਉਹਾ ਜੋਤ ਸ਼ਕਤੀ ਪਿਛੋਂ ਦੇ ਗਰੁਗੱਦੀ ਨਸ਼ੀਨ ਸਤਿਗੁਰਾਂ ਵਿਚ ਸਮਰਪਣ ਹੁੰਦੀ ਰਹੀ ਸੀ ।

ਜਾਣ ਬੁੱਝ ਕੇ ਕਿਸੇ ਤੇ ਤਰਕ ਕਰਨੀ ਭਾਵ, ਚੁਭਵੀਂ ਨੁਕਤਾ ਚੀਨੀ ਕਰਨੀ ਅਥਵਾ ਕਿਸੇ ਭਲੇ ਪੁਰਸ਼ ਦੀ ਜਾਣ ਬੁੱਝ ਕੇ ਬਦਨਾਮੀ ਕਰਨ ਲਈ ਊਜ ਲਾਉਣ ਨੂੰ ਨਿੰਦਿਆ ਮੰਨਿਆ ਗਿਆ ਹੈ । ਗੁਰੂ ਤੋਂ ਬੇਮੁੱਖ ਜਾਂ ਕੋਈ ਮਨਮੁੱਖ ਹੀ ਅਜੇਹੀ ਨਿੰਦਿਆ ਕਰ ਸਕਦਾ ਹੈ । **ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥**(੭੫੫) ਹਿਰਦੇ ਸ਼ੁੱਧ ਨਾਲ ਅਸਲੀਅਤ ਨੂੰ ਨੰਗਾ ਕਰਨਾ ਨਿੰਦਾ ਨਹੀਂ ਹੈ । ਗਿਆਨੀ ਜੀ ਨੇ ਆਪਣੀ ਉਕਤੀ ਵਿੱਚ ਜੋ ਨਿਰਮੂਲ ਪਰ ਖ਼ਤਰਨਾਕ ਦੁਚੱਰ ਖੜੇ ਕੀਤੇ ਹੋਏ ਹਨ, ਉਨ੍ਹਾਂ ਨੂੰ ਕਰਮ ਵਾਰ ਵਿਚਾਰਨਾ ਜ਼ਰੂਰੀ ਬਣ ਗਿਆ ਹੈ:---

ਲਿਖਾਰੀ ਨੇ ਗੁਰੂ ਅਰਜਨ ਦੇਵ ਜੀ ਨੂੰ ਸਭਨਾਂ ਦੇ ਸਾਂਝੇ ਵੀ ਲਿਖਿਆ ਹੈ ਪਰ ਬ੍ਰਾਹਮਣੀ ਕੁਟਲਤਾ ਨੂੰ ਵਰਤਦਿਆਂ, ਨਾਲ ਹੀ ਉਨ੍ਹਾਂ ਨੂੰ ਪੱਕੇ ਪੱਖ ਵਾਦੀ ਅਥਵਾ ਵੰਸ਼ਕ-ਵਾਦੀ ਸਿੱਧ ਕਰਨ ਲਈ ਲਿਖਿਆ ਹੈ ਕਿ ਉਨ੍ਹਾਂ ਨੇ ਸ਼ਹੀਦ ਹੋ ਜਾਣਾ ਮਨਜ਼ੂਰ ਕਰ ਲਿਆ ਪਰ (ੳ) ਕੁਰਾਨ-ਸ਼ਰੀਫ਼ ਦੀ ਕੋਈ ਆਇਤ ਅਤੇ (ਅ) ਮੁਸਲਮਾਨੀ ਪੈਗੰਬਰਾਂ ਦੀ ਕੋਈ ਸਿਫ਼ਤ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਲਿਖੀ, ਜਦ ਕਿ ਹਿੰਦੂ ਅਵਤਾਰਾਂ ਬਾਰੇ ਬਿਨਾਂ ਕਿਸੇ ਦਬਾਉ ਦੇ ਬਹੁਤ ਕੁੱਝ ਲਿਖਿਆ ਹੈ । ਇਨ੍ਹਾਂ ਬੇਦਲੀਲੀ ਉਕਤੀਆਂ ਦੇ ਕਰਮ ਵਾਰ ਉੱਤਰ ਇਸ ਪ੍ਰਕਾਰ ਹਨ :-

**(ੳ)** ਜੇ ਗੁਰੂ-ਗ੍ਰੰਥ ਸਾਹਿਬ ਵਿੱਚ ਕੁਰਾਨ ਸ਼ਰੀਫ਼ ਦੀ ਕੋਈ ਆਇਤ ਨਹੀਂ ਲਿਖੀ ਤਾਂ ਕੁਰਾਨ ਦੀਆਂ ਆਇਤਾਂ ਦੇ ਵਿਰੁੱਧ ਵੀ ਕੁਝ ਨਹੀਂ ਲਿਖਿਆ । ਪਰ ਹਿੰਦੂ ਵੇਦਾਂ ਸ਼ਾਸਤ੍ਰਾਂ, ਪੁਰਾਣਾ ਆਦਿ ਦੀ ਬਾਣੀ ਨੂੰ ਸਤਿਗੁਰਾਂ ਨੇ ਨਾਪਸੰਦ ਕੀਤਾ ਅਤੇ ਹਿੰਦੂਆਂ ਦੇ ਧਰਮ ਗ੍ਰੰਥਾਂ ਬਾਰੇ ਆਪਣੀ ਰਾਏ ਖੋਹਲ ਕੇ ਲਿਖੀ, ਕਿ ਵੇਦਾਂ ਪੁਰਾਣਾ ਆਦਿ ਨੇ ਮਨੁੱਖ ਨੂੰ ਕਰਮਕਾਂਡੀ ਬੰਧਨਾਂ ਵਿਚ ਬੰਨ੍ਹ ਕੇ ਭਰਮੀ ਬਣਾਇਆ ਹੈ ਅਤੇ ਪਾਪ ਪੁੰਨ ਦੇ ਹਿਸਾਬ ਕਿਤਾਬ ਵਿਚ ਪਾ ਕੇ ਪ੍ਰਭੂ ਨਾਲੋਂ ਦੂਰ ਕੀਤਾ ਹੈ । ਪੜ੍ਹੋ ਲੇਖ " ਵੇਦ-ਸ਼ਾਸਤ੍ਰ ਆਦਿ ਹਿੰਦੂ-ਧਰਮ ਗ੍ਰੰਥ " ।

ਕੁਰਾਨ-ਸ਼ਰੀਫ਼ ਵਿੱਚ ਵੇਦ ਬਾਣੀ ਵਾਂਗ ਨਾ ਕਰਮ ਕਾਂਡੀ ਬੰਧਨਾਂ ਦੀ ਮਰਯਾਦਾ ਹੈ ਅਤੇ ਨਾ ਹੀ ਮਾਇਆ ਗ੍ਰਸੀ ਕਲਪਣਾ ਦੀ ਉਪਜ ਇਨ੍ਹਾ ਦੇਵੀ ਦੇਵਤੇ ਦੀ ਪੂਜਾ ਕਰਨ ਬਾਰੇ ਕੁਝ ਲਿਖਿਆ ਹੈ । ਤੀਰਥਾਂ ਦੇ ਇਸ਼ਨਾਨ, ਯੱਗਾਂ, ਮੂਰਤੀ ਪੂਜਾ ਅਤੇ ਜਾਤਕ ਸੰਸਕਾਰ ਤੋਂ ਸ਼ੁਰੂ ਹੋ ਕੇ ਮਰਨ ਉਪ੍ਰੰਤ ਦੇ ਅਨੇਕਾਂ ਸੰਸਕਾਰਾਂ ਦੇ ਬੰਧਨਾਂ ਦਾ ਵੀ ਕੁਰਾਨ ਸ਼ਰੀਫ਼ ਵਿਚ ਕੋਈ ਜ਼ਿਕਰ ਨਹੀਂ ਹੈ । ਗੁਰਦੇਵ ਜੀ ਨੇ ਜਦ, ਵੇਦਾਂ ਅਥਵਾ ਪੁਰਾਣਕ ਗ੍ਰੰਥਾਂ ਵਿਚਲੀਆਂ, ਮਨੁਖਤਾ ਲਈ ਹਾਨੀ-ਕਾਰਕ ਗੱਲਾਂ ਵਰਗੀ ਕੋਈ ਗੱਲ ਵੀ ਕੁਰਾਨ ਫ਼ਰੀਫ਼ ਵਿਚ ਨਾ ਸੀ ਵੇਖੀ, ਤਾਂ ਗਰਬਾਣੀ ਵਿੱਚ ਉਸ (ਕੁਰਾਨ ਸ਼ਰਫ਼ਿ) ਦਾ ਜ਼ਿਕਰ, ਖ਼ਾਹ ਮਖਾਹ ਕਿਵੇਂ ਕੀਤਾ ਜਾ ਸਕਦਾ ਸੀ ?

**ਅ)** ਮੁਸਲਮਾਨ ਨੇ ਆਪਣੇ ਪੈਗ਼ੰਬਰ ਨੂੰ ਸਿਧਾ ਰੱਬ ਕਰਕੇ ਨਾ ਮੰਨਿਆ ਅਤੇ ਨਾ ਹੀ ਪਰਚਾਰਿਆ । ਉਨ੍ਹਾਂ ਨੇ ਮੁਹੰਮਦ ਸਾਹਿਬ ਨੂੰ ਅਵਤਾਰ ਨਹੀਂ ਸਗੋਂ ਪੈਗੰਬਰ ਅਰਥਾਤ ਰੱਬ ਦਾ ਸੁਨੇਹਾ ਲੈ ਕੇ ਆਉਣ ਵਾਲਾ ਮਨੁੱਖ ਹੀ ਕਿਹਾ ਹੈ । ਸੋ ਅਜੋਨੀ ਅਤੇ ਨਿਰ-ਅਕਾਰ ਪ੍ਰਭੂ ਦੇ ਉਪਾਸ਼ਕ ਗੁਰੂ ਅਰਜਨ ਦੇਵ ਜੀ ਗਰਭ ਵਿੱਚੋਂ ਜਨਮੇਂ ਕਿਸੇ ਮਨੁੱਖ (ਮੁਹਮੱਦ ਸਾਹਿਬ) ਦੇ ਸੋਹਲੇ ਗੁਰੂ ਗ੍ਰੰਥ ਸਾਹਿਬ ਵਿੱਚ ਕਿਵੇਂ ਲਿਖ ਸਕਦੇ ਸਨ ? ਪਰ ਏਧਰ ਬ੍ਰਾਹਮਣ ਨੇ ਕਥਿਤ ਅਤੇ ਕਲਪਤ ਸ਼ਕਤੀਆਂ ਨੂੰ ਅਵਤਾਰ, ਈਸ਼ਵਰ, ਵਿਧਾਤਾ, ਕਰਤਾ, ਪਰਮੇਸ਼ਰ ਕਰਕੇ ਹਜ਼ਾਰਾਂ ਸਾਲਾਂ ਤੋਂ ਅਜੇਹੇ ਢੰਗ ਨਾਲ ਪਰਚਾਰਿਆ ਸੀ ਕਿ ਹਰ ਭਾਰਤੀ ਦੇ ਮਨ ਅੰਦਰ, ਹਿੰਦੂ ਅਵਤਾਰ ਹੀ ਪਰਮੇਸ਼ਰ ਬਣ ਚੁੱਕੇ ਸਨ * ।>>>>

* Foot note:- ਹਿੰਦੂ ਇਸ ਸਾਂਇੰਸ ਦੇ ਯੁੱਗ ਵਿੱਚ ਵੀ ਧਰਤੀ ਦਾ ਪੂਰਾ ਗਲੋਬ ਕ੍ਰਿਸ਼ਨ ਦੀ ਭੂਮਕਾ ਨਿਭਾ ਰਹੇ ਇੱਕ ਮਨੁੱਖੀ ਬੱਚੇ ਅਦਾਕਾਰ (ਆਚਤੋਰ) ਦੇ ਮੂੰਹ ਵਿੱਚ ਘੁੰਮਦਾ ਸੈਨਮਿਆਂ ਦੇ ਪਰਦੇ ਉਤੇ ਅਤੇ ਟ੍ਵ ਰਾਹੀਂ ਦਿਖਾਉਂਦਾ ਸੰਗ ਨਹੀਂ ਕਰਦਾ । ਜੇ ਕਿਸੇ ਮਨੁੱਖ ਦੇ ਮੂੰਹ ਵਿੱਚ ਧਰਤੀ ਦਾ ਵੜਨਾ ਸੰਭਵ ਹੈ ਤਾਂ ਇਨ੍ਹਾਂ ਅਵਤਾਰਾਂ ਦੀ ਹੋਂਦ ਵਾਲੀ ਗੱਲ ਅਥਵਾ ਬ੍ਰਾਹਮਣ ਦੀ ਹਰ ਗੱਲ ਸੱਚ ਮੰਨ ਲੈਣੀ ਚਾਹੀਦੀ ਹੈ ।

<<<<< ਪਿਆਰੇ ਦੀ ਹਰ ਚੀਜ਼ ਪਿਆਰੀ ਲਗਦੀ ਹੈ । ਆਪਣੇ ਸੱਜਣ ਪਿਆਰੇ ਨੂੰ ਕੋਈ ਜਿਸ ਨਾਮ ਨਾਲ ਬੁਲਾਏ ਉਹੀ ਪਿਆਰਾ ਲੱਗਣ ਲੱਗ ਪੈਂਦਾ ਹੈ । ਗਰਦੇਵ ਜੀ ਪ੍ਰਭੂ ਦੇ ਹਰ ਨਾਮ ਤੋਂ ਸਦਕੇ ਹੁੰਦੇ ਸਨ--**ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥ ੪ ॥** [੧੧੬੮] ਗੁਰਦੇਵ ਜੀ ਦੇ ਰੋਮ ਰੋਮ ਵਿੱਚ ਜਿਸ **ਆਦਿ-ਸੱਚ** ਦਾ ਪਿਆਰ ਸਮਾਇਆ ਹੋਇਆ ਸੀ, ਜਿਸ ਪ੍ਰਭੂ ਦੇ ਪਿਆਰ ਵਿੱਚ ਗੁਰਦੇਵ ਜੀ ਇਹ ਕੁੱਝ ਆਖਦੇ ਨਹੀਂ ਸਨ ਥਕਦੇ---**ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ, ਜੈਸੇ ਜਲ ਬਿਨੁ ਮੀਨੁ ਮਰਿ ਜਾਈ ॥**[੩੬੮] ਅਜੇਹੇ ਪ੍ਰਭੂ ਦੇ ਸਾਰੇ ਨਾਮ ਪਿਆਰੇ ਕਿਵੇਂ ਨਾ ਲੱਗਦੇ ? ਅਨਾਮ ਪ੍ਰਭੂ ਨੂੰ ਉਸੇ ਨਾਮ ਨਾਲ ਬੁਲਾਇਆ ਜਿਹੜਾ ਦੇਸ਼ ਵਾਸੀਆਂ ਨੇ ਉਸ ਨੂੰ ਦਿੱਤਾ ਹਇਆ ਸੀ । ਆਪਣੀ ਗੱਲ ਜੁ ਉਨ੍ਹਾਂ ਨੂੰ ਹੀ ਸਮਝਾਉਣੀ ਸੀ । ਉਸ ਇੱਕ ਪ੍ਰਭੂ ਦੇ ਸੋਹਲੇ ਵੀ ਦੇਸ਼ ਵਾਸੀਆਂ ਦੀ ਹੀ ਬੋਲੀ ਵਿੱਚ ਹੀ ਗਾਏ । ਉਨ੍ਹਾਂ ਨੇ ਨਾ ਹੀ ਦੇਵਕੀ ਦੇ ਪੁੱਤ੍ਰ ਕ੍ਰਿਸ਼ਨ ਨੂੰ ਅਤੇ ਨਾ ਹੀ ਕੁਸ਼ਲਿਆ ਦੇ ਪੁੱਤ੍ਰ ਰਾਮ ਨੂੰ ਰੱਬ ਮੰਨਿਆਂ ਜਾਂ ਲਿਖਿਆ ।

ਗਿਆਨੀ ਈਸ਼ਰ ਸਿੰਘ ਨੇ, ਗੁਰ ਸਾਹਿਬਾਨ ਨੂੰ, ਬ੍ਰਾਹਮਣੀ ਕਲਪਣਾ ਦੀ ਉਪਜ, ਮਛ, ਕਥ, ਸੂਰ, ਹੰਸ, ਨਰਸਿੰਘ ਆਦਿ ਪਸ਼ੂ ਸਰੀਰਾਂ ਵਾਲੇ ਜਿਨ੍ਹਾਂ ਭਗਵਾਨਾ ਦੇ ਵੰਸ਼ਕ ਕਿਹਾ ਹੈ ਗੁਰੂ ਨਾਨਕ ਜੀ ਤਾਂ ਉਨ੍ਹਾਂ ਦੀ ਕਿਸੇ ਹਸਤੀ ਨੂੰ ਜ਼ਰਾ ਵੀ ਮਹਤੱਤਾ ਨਹੀਂ ਦਿੰਦੇ । ਸੱਚ ਸਰੂਪ ਉਸ--ਤੂੰ---ਤੋਂ ਬਿਨਾਂ ਹੋਰ ਕਿਸੇ ਦੀ ਹੋਂਦ ਤਾਂ ਸਤਿਗੁਰਾਂ ਨੂੰ ਕਿਤੇ ਦਿਸਦੀ ਹੀ ਨਹੀਂ--**ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖ ਸਮਾਣਾ ॥** (੩੪੮--੨)

ਆਪਣੀ ਯੋਜਨਾਂ ਦੀ ਪੂਰਤੀ ਲਈ ਘੜੇ ਹੋਏ ਰੱਬ ਦੇ ਜਿਨੇ ਵੀ ਨਾਮ ਬ੍ਰਾਹਮਣ ਨੇ ਰੱਖੇ ਹੋਏ ਸਨ ਉਨ੍ਹਾਂ ਸਾਰਿਆਂ ਨੂੰ ਗੁਰਦੇਵ ਜੀ ਉਸ ਇੱਕ ਅਗੰਮ, ਅਗੋਚਰ, ਅਥਾਹ ਸਰਬ-ਸ਼ਕਤੀਮਾਨ ਅਕਾਲਪੁਰਖ ਲਈ ਵਰਤ ਕੇ ਬ੍ਰਾਹਮਣ ਦੇ ਬਨਾਵਟੀ ਭਗਵਾਨਾਂ ਦੀ ਬੜੇ ਮਿੱਠੇ ਅਤੇ ਨਿਆਰੇ ਢੰਗ ਨਾਲ ਖੰਡਣਾ ਕੀਤੀ ਹੈ । ਔਝੜੇ ਪਏ ਹੋਏ ਕਈ ਮਨੁੱਖਾਂ ਨੂੰ ਓਸੇ **੧** ਨਾਲ ਜੋੜਿਆ ਜਿਹੜਾ **ਅਜੋਨੀ** ਅਤੇ **ਸੈਭੰ** ਹੈ । ਸਤਿਗੁਰਾਂ ਨੇ ਜਿਥੇ ਭਗਵਾਨ, ਵਿਸ਼ਨੂੰ, ਦਮੋਦਰ, ਈਸ਼ਵਰ, ਮਾਧੋ, ਕ੍ਰਿਸ਼ਨ, ਰਾਮ, ਬਾਵਨ, ਮੁਰਲੀ ਮਨੋਹਰ, ਮੁਰਾਰੀ, ਨਾਰਾਇਣ, ਮੁਕੰਦ, ਗੋਬਿੰਦ ਆਦਿ ਨਾਮ ਗੁਰਬਾਣੀ ਵਿੱਚ ਵਰਤੇ ਹਨ ਉਥੇ ਪਰਮਾਤਮਾ ਦੇ ਉਹ ਨਾਮ ਜਿਹੜੇ ਮੁਸਲਮਾਨ ਨੇ ਰੱਖੇ ਹਨ ਜਿਵੇਂ, ਅੱਲ੍ਹਾ, ਖ਼ੁਦਾ, ਪਰਵਰਦਗਾਰ, ਰਹੀਮ , ਕਰੀਮ ਆਦਿ ਵੀ ਓਨੇ ਹੀ ਪਿਆਰ ਅਤੇ ਖੁਲ੍ਹ ਦਿਲੀ ਨਾਲ ਕਈ-ਕਈ ਵਾਰ ਵਰਤੇ ਹਨ:-

੪੮- **ਅਲਾਹੁ ਅਲਖੁ ਅਗੰਮੁ, ਕਾਦਰੁ ਕਰਣਹਾਰੁ ਕਰੀਮੁ ॥**
**ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ ॥੬॥** [੬੪]--੧੭

੪੯- **ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥ ਪਹਿਲਾ ਸਚੁ ਹਲਾਲ ਦੁਇ , ਤੀਜਾ ਖੈਰ ਖੁਦਾਇ ॥**
**ਚਉਥੀ ਨੀਅਤਿ ਰਾਸਿ ਮਨੁ,ਪੰਜਵੀ ਸਿਫਤਿ ਸਨਾਇ ॥ ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥**
**ਨਾਨਕ ਜੇਤੇ ਕੂੜਿਆਰ, ਕੂੜੈ ਕੂੜੀ ਪਾਇ ॥੩॥**[੧੪੧]--੭

੫੦- **ਹਮ ਜੇਰ ਜਿਮੀ ਦੁਨੀਆ ਪੀਰਾ ਮਸਾਇਕਾ ਰਾਇਆ ॥ ਮੇਰਵਦਿ ਬਾਦਿਸਾਹਾ ਅਫਜੂ ਖੁਦਾਇ ॥**[੧੪੩]--੪

੫੧- **ਖੁਦਿ ਖਸਮ ਖਲਕ ਜਹਾਨ ਅਲਹ ਮਿਹਰਵਾਨ ਖੁਦਾਇ ॥**[੭੨੪]--੪

੫੨- **ਕਰੀਮਾਂ ਰਹੀਮਾਂ ਅਲਾਹ ਤੂੰ ਗਨੀਂ ॥ ਹਾਜਰਾ ਹਜੂਰਿ ਦਰਿ ਪੇਸਿ ਤੂ ਮਨੀਂ ॥੧॥**[੭੨੭]--੧

(ਨਾਮਦੇਵ ਜੀ ਨੂੰ ਕ੍ਰਿਸ਼ਨ ਭਗਤ ਕਹਿਣ ਵਾਲਾ ਕੀ ਹੁਣ ਭਗਤ ਜੀ ਨੂੰ ਮੁਸਲਮਾਨ ਮਿਥ ਲਵੇਗਾ ? )

ਅਜੇਹੇ ਹੋਰ ਵੀ ਕਈ ਸ਼ਬਦ ਹਨ, ਪਰ ਇੱਕ ਸ਼ਬਦ ਜਿਸ ਵਿੱਚ ਉਨ੍ਹਾਂ ਦੋ ਪ੍ਰਕਾਰ ਦੇ ਨਾਵਾਂ ਦਾ ਜ਼ਿਕਰ ਹੈ ਜੋ ਰੱਬ ਨੂੰ ਹਿੰਦੂ ਅਤੇ ਮੁਸਲਮਾਨ ਦੋਹਾਂ ਨੇ ਦਿੱਤੇ ਹੋਏ ਹਨ--ਲਿਖ ਕੇ ਵਿਚਾਰ ਅੱਗੇ ਤੋਰਦੇ ਹਾਂ :-

੫੩- **ਕਾਰਨ ਕਰਨ ਕਰੀਮ ॥ ਸਰਬ ਪ੍ਰਤਿਪਾਲ ਰਹੀਮ ॥**
**ਅਲਹ ਅਲਖ ਅਪਾਰ ॥ ਖੁਦਿ ਖੁਦਾਇ ਵਡ ਬੇਸੁਮਾਰ ॥੧॥**
**ਓੁਂ ਨਮੋ ਭਗਵੰਤ ਗੁਸਾਈ ॥ ਖਾਲਕੁ ਰਵਿ ਰਹਿਆ ਸਰਬ ਠਾਈ ॥੧॥ ਰਹਾਉ ॥**
**ਜਗੰਨਾਥ ਜਗ ਜੀਵਨ ਮਾਧੋ ॥ ਭਉਭੰਜਨ ਰਿਦ ਮਾਹਿ ਅਰਾਧੋ ॥**
**ਰਿਖੀਕੇਸ ਗੋਪਾਲ ਗੋੁਵਿੰਦ ॥ ਪੂਰਨ ਸਰਬਤ੍ਰ ਮੁਕੰਦ ॥੨॥**
**ਮਿਹਰਵਾਨ ਮਉਲਾ ਤੂਹੀ ਏਕ ॥ ਪੀਰ ਪੈਕਾਂਬਰ ਸੇਖ ॥**
**ਦਿਲਾ ਕਾ ਮਾਲਕੁ ਕਰੇ ਹਾਕੁ ॥ ਕੁਰਾਨ ਕਤੇਬ ਤੇ ਪਾਕੁ ॥੩॥**
**ਨਾਰਾਇਣ ਨਰਹਰ ਦਇਆਲ ॥ ਰਮਤ ਰਾਮ ਘਟ ਘਟ ਆਧਾਰ ॥**
**ਬਾਸੁਦੇਵ ਬਸਤ ਸਭ ਠਾਇ ॥ ਲੀਲਾ ਕਿਛੁ ਲਖੀ ਨਾ ਜਾਇ ॥੪॥**
**ਮਿਹਰ ਦਇਆ ਕਰਿ ਕਰਨੈਹਾਰ ॥ ਭਗਤਿ ਬੰਦਗੀ ਦੇਹਿ ਸਿਰਜਣਹਾਰ ॥**
**ਕਹੁ ਨਾਨਕ ਗੁਰਿ ਖੋਏ ਭਰਮ ॥ ਏਕੋ ਅਲਹੁ ਪਾਰਬਰਹਮ ॥੫॥**[੮੯੬]--੪੫

ਅਸਾਂ ਵੇਖਿਆ ਹੈ ਕਿ ਸਤਿਗੁਰਾਂ ਨੇ ਰੱਬ ਦੇ ਉਹ ਨਾਮ ਜਿਹੜੇ ਕੁਰਾਣ ਸ਼ਰੀਫ ਵਿਚ ਹਨ, ਵੀ ਉਸੇ ਖੁਲ੍ਹ-ਦਿਲੀ ਨਾਲ ਲਿਖੇ ਹਨ ਜਿਵੇਂ ਹਿੰਦੂ ਗ੍ਰੰਥਾਂ ਵਿਚਲੇ ਪ੍ਰਭੂ ਦੇ ਨਾਮ ਗੁਰਬਾਣੀ ਵਿਚ ਹਨ । ਪਰ ਈਸ਼ਰ ਸਿੰਘ ਨਾਰਾ ਨੇ ਸਤਿਗੁਰਾਂ ਨੂੰ ਕੇਵਲ ਹਿੰਦੂ-ਧਰਮ ਗ੍ਰੰਥਾਂ ਵਾਲੇ ਭਗਵਾਨਾਂ ਦਾ ਹੀ ਵੰਸ਼ਕ ਬਣਾਇਆ ਹੈ । ਜੇ ਗੁਰਬਾਣੀ ਵਿਚ ਲਿਖਣ ਦੇ ਕਾਰਨ ਹੀ ਵੰਸ਼ਕ ਸਿੱਧ ਹੋ ਰਹੇ ਸਨ ਤਾਂ ਫਿਰ ਗੁਰੂ ਨਾਨਕ ਜੀ ਮੁਸਲਮਾਨਾ ਦੇ ਰੱਬ ਦੇ ਵੰਸ਼ਕ ਕਿਸ ਕਾਰਨ ਨਹੀਂ ਸਨ ? ਅਜੇਹੀਆਂ ਪੱਖ-ਪਾਤੀ ਵਿਚਾਰਾਂ ਤੋਂ ਸਾਬਤ ਹੋ ਰਿਹਾ ਹੈ ਕਿ ਗਿਆਨੀ ਜੀ ਉਸੇ ਬ੍ਰਾਹਮਣ ਦੇ ਵੰਸ਼ਕ ਹਨ ਜਿਸ ਨੇ ਦਸਮ ਗ੍ਰੰਥ ਵਿਚ ਅਜੇਹਾ ਸਿਖੀ ਵਿਰੋਧੀ ਮਸਾਲਾ ਜੜ ਦਿੱਤਾ ਸੀ । ਫਿਰ ਗੁਰੂ ਅਰਜਨ ਦੇਵ ਜੀ ਦਾ ਹੀ ਲਿਖਿਆ ਇਹ ਸ਼ਬਦ ਗਿਆਨੀ ਜੀ ਨੂੰ ਕਿਵੇਂ ਨਾ ਦਿਸਿਆ ਹੋਵੇਗਾ ਜਿਸ ਵਿਚ ਸਤਿਗੁਰਾਂ ਨੇ ਮਨੁੱਖ ਨੂੰ ਉਪਦੇਸ਼ ਦਿੱਤਾ ਹੈ ਕਿ ਉਹ ਅਜੇਹੇ ਪ੍ਰਭੂ ਦੀ ਓਟ ਫੜੇ ਜੋ ਘਟ ਘਟ ਵਾਸੀ ਸਰਬ ਨਿਵਾਸੀ ਹੈ । ਜਿਸ ਦੇ ਵਿਚ ਹੀ ਸਾਰੀ ਕਾਇਨਾਤ ਹੈ । ਸਤਿਗੁਰਾਂ ਲਈ ਵੇਦ ਸ਼ਾਸਤ੍ਰ ਆਦਿ, ਸਭ ਕੁਝ ਉਹ ਆਪ ਹੀ ਆਪ ਹੈ । ਉਸ ਤੋਂ ਬਿਨਾਂ ਦੂਜਾ ਹੋਰ ਕੁਝ ਵੀ ਨਹੀਂ ਹੈ । ਭਾਵ, ਉਸ ਪ੍ਰਭੂ ਦੀ ਕੇਵਲ ਸ਼ਕਤੀ ਤੋਂ ਬਿਨਾ, ਦੂਜੀ ਹੋਰ ਸ਼ਕਤੀ ਕੋਈ ਨਹੀਂ ਹੈ ਜਿਹੜੀ ਸ੍ਰਿਸ਼ਟੀ ਦੀ ਸਿਰਜਨਾਂ ਅਤੇ ਸੰਭਾਲ ਆਦਿ ਕਰਨ ਵਿਚ ਸ਼ਾਮਲ ਹੋ ਸਕਦੀ ਹੋਵੇ । ਅਰਥਾਤ ਅਵਤਾਰਾਂ ਆਦਿ ਵਾਲਾ ਸਾਰਾ ਪਸਾਰਾ, ਬ੍ਰਾਹਮਣੀ ਸੋਚ ਦੀ ਉਪਜ, ਕੇਵਲ ਇੱਕ ਮਾਇਆ ਜਾਲ ਹੀ ਹੈ:--

੫੪- **ਆਪੇ ਸਾਸਤੁ ਆਪੇ ਬੇਦੁ ॥ ਆਪੇ ਘਟਿ ਘਟਿ ਜਾਣੈ ਭੇਦੁ ॥**
**ਜੋਤਿ ਸਰੂਪ ਜਾ ਕੀ ਸਭ ਵਥੁ ॥ ਕਰਣ ਕਾਰਣ ਪੂਰਨ ਸਮਰਥੁ ॥੧॥**
**ਪ੍ਰਭ ਕੀ ਓਟ ਗਹਹੁ ਮਨ ਮੇਰੇ ॥**
**ਚਰਨ ਕਮਲ ਗੁਰਮੁਖਿ ਆਰਾਧਹੁ, ਦੁਸਮਨ ਦੂਖੁ ਨ ਆਵੈ ਨੇਰੇ ॥੧॥ ਰਹਾਉ ॥**
**ਆਪੇ ਵਣੁ ਤ੍ਰਿਣੁ ਤ੍ਰਿਭਵਣੁ ਸਾਰੁ ॥ ਜਾ ਕੈ ਸੂਤਿ ਪਰੋਇਆ ਸੰਸਾਰੁ ॥**
**ਆਪੇ ਸਿਵ ਸਕਤੀ ਸੰਜੋਗੀ ॥ ਆਪਿ ਨਿਰਬਾਣੀ ਆਪੇ ਭੋਗੀ ॥੨॥**
**ਜਤ ਕਤ ਪੇਖਉ ਤਤ ਤਤ ਸੋਇ ॥ ਤਿਸੁ ਬਿਨੁ ਦੂਜਾ ਨਾਹੀ ਕੋਇ ॥**
**ਸਾਗਰੁ ਤਰੀਐ ਨਾਮ ਕੈ ਰੰਗਿ ॥ ਗੁਣ ਗਾਵੈ ਨਾਨਕੁ ਸਾਧ ਸੰਗਿ ॥੩॥**
**ਮੁਕਤਿ ਭੁਗਤਿ ਜੁਗਤਿ ਵਸਿ ਜਾਕੈ ॥ ਊਣਾ ਨਾਹੀ ਕਿਛੁ ਜਨ ਤਾ ਕੈ ॥**
**ਕਰਿ ਕਿਰਪਾ ਜਿਸੁ ਹੋਇ ਸੁਪ੍ਰਸੰਨ ॥ ਨਾਨਕ ਦਾਸ ਸੇਈ ਜਨ ਧੰਨ ॥੪॥** [੧੧੫੦] --੫੦

੧੧

# ਕੌੜਾ ਸੱਚ

ਨਾਰਾ ਜੀ ਨੇ ਗੁਰੂ ਸਾਹਿਬਾਨ ਨੂੰ ਜਿਨ੍ਹਾਂ ਅਵਤਰਾਂ ਦੇ ਵੰਸ਼ਕ ਲਿਖਿਆ ਹੈ ਉਨ੍ਹਾਂ ਮਿਥਿਹਾਸਕ ਅਵਤਾਰਾਂ ਅਤੇ ਦੇਵਤਿਆਂ ਦੀ ਕਥਿਤ ਰੱਬੀ ਸ਼ਕਤੀ ਦਾ ਅਥਵਾ ਉਨ੍ਹਾਂ ਦੀ ਹੋਂਦ ਦਾ ਹੀ ਭਰਮ ਦੂਰ ਕਰਨ ਵਾਸਤੇ ਬ੍ਰਾਹਮਣ ਦੀ ਵਿਚਤ੍ਰ ਕੁਟਲਤਾ ਵਲ ਧਿਆਨ ਦਵਾਇਆ ਹੈ । ਜਿਵੇਂ ਕਿਸੇ ਮਨੁੱਖ ਨੂੰ ਦੁਨੀਆਂ ਵਿੱਚ ਸਭ ਤੋਂ ਤਾਕਤਵਰ ਮਨੁੱਖ ਦਾ ਖਿਤਾਬ ਦੇ ਕੇ ਸਨਮਾਨਿਆ ਜਾ ਰਿਹਾ ਹੋਵੇ ਪਰ ਉਸ ਦੀ ਸ਼ਕਤੀ ਦੇ ਸੋਹਲੇ ਇਹ ਆਖ ਕੇ ਗਾਏ ਜਾਣ ਕਿ ਉਸ ਨੇ--ਛੇ ਮਹੀਨੇ ਦੇ ਕਾਕੇ ਨੂੰ ਚੁੱਕ ਲੈਣ ਦੀ ਅਦੁਤੀ ਸ਼ਕਤੀ ਵਿਖਾਈ ਹੈ--ਤਾਂ ਕੀ ਇਹ ਉਸ ਪਹਿਲਵਾਨ ਦੀ ਵਡਿਆਈ ਹੋਵੇਗੀ ਕਿ ਜਾਂ ਇੱਕ ਕੋੜਾ ਮਖ਼ੌਲ ? ਬ੍ਰਾਹਮਣ ਨੇ ਵੀ ਆਪਣੇ ਪਰਮੇਸ਼ਵਰ ਦੀ ਸ਼ਕਤੀ ਦਾ ਅਜੇਹਾ ਹੀ ਮੂਜੂ ਉਡਾਇਆ ਹੈ । ਗੁਰਦੇਵ ਜਾ ਫ਼ੁਰਮਾਨ ਹੈ :---

੫੫- **ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ ॥**
**ਅੰਧੁਲੈ ਦਹਸਿਰਿ ਮੂੰਡੁ ਕਟਾਇਆ ਰਾਵਣੁ ਮਾਰਿ ਕਿਆ ਵਡਾ ਭਇਆ ॥ ੧ ॥**
**ਕਿਆ ਉਪਮਾ ਤੇਰੀ ਆਖੀ ਜਾਇ ॥ ਤੂੰ ਸਰਬੇ ਪੂਰਿ ਰਹਿਆ ਲਿਵ ਲਾਇ ॥ ੧ ॥ ਰਹਾਉ ॥**
**ਜੀਅ ਉਪਾਇ ਜੁਗਤਿ ਹਥਿ ਕੀਨੀ, ਕਾਲੀ ਨਥਿ ਕਿਆ ਵਡਾ ਭਇਆ ॥**
**ਕਿਸੁ ਤੂੰ ਪੁਰਖੁ ਜੋਰੂ ਕਉਣ ਕਹੀਐ ਸਰਬ ਨਿਰੰਤਰਿ ਰਵਿ ਰਹਿਆ ॥ ੨ ॥**
**ਨਾਲਿ ਕੁਟੰਬੁ ਸਾਥਿ ਵਰਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ ॥**
**ਆਗੈ ਅੰਤੁ ਨ ਪਾਇਓ ਤਾ ਕਾ ਕੰਸੁ ਛੇਦਿ ਕਿਆ ਵਡਾ ਭਇਆ ॥ ੩ ॥**
**ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਇ ਜਿ ਅਸੀ ਕੀਆ ॥**
**ਕਹੈ ਨਾਨਕੁ ਛਪੈ ਕਿਉ ਛਪਿਆ ਏਕੀ ਏਕੀ ਵੰਡਿ ਦੀਆ ॥ ੪ ॥** [੩੫੦]--੭

**ਅਰਥ:**--ਜਿਸ ਪਰਮਾਤਮਾ ਨੇ ਹਵਾ ਬਣਾਈ, ਸਾਰੀ ਧਰਤੀ ਸਾਜੀ, ਪਾਣੀ ਅੱਗ ਦਾ ਮੇਲ ਕੀਤਾ ( ਭਾਵ, ਇਹ ਸਾਰੇ ਵਿਰੋਧੀ ਤੱਤਾਂ ਨੂੰ ਰਚਿਆ ਅਤੇ ਫਿਰ ਇਨ੍ਹਾਂ ਨੂੰ ਇੱਕ ਥਾਂ ਇਕੱਠੇ ਕਰਕੇ ਜਗਤ ਰਚਨਾਂ ਕਰਕੇ ਇਸ ਅਸਚਰਜ ਲੀਲ੍ਹਾ ਵਾਲੇ ਕੌਤਕ ਨਾਲ ਸਾਰੀ ਸਿਰਜਨਾਂ ਨੂੰ ਨੇਮ ਬੱਧ ਢੰਗ ਨਾਲ ਚਲਾ ਰਿਹਾ ਹੈ । ਜਿਸ ਤੋਂ ਦਿਸਦਾ ਹੈ ਕਿ ਪ੍ਰਭੂ ਬੇਅੰਤ ਵਡਿਆਈ ਅਤੇ ਸ਼ਕਤੀ ਦਾ ਮਾਲਕ ਹੈ । ਅਤੇ--ਹਰਨ ਭਰਨ ਜਾਂ ਕਾ ਨੇਤ੍ਰ ਫੋਰ-ਸੁਖਮਨੀ ॥ ਜੋ ਅੱਖ ਝਮਕਣ ਦੇ ਸਮੇਂ ਵਿੱਚ ਸਾਰੀ ਸਿਰਜਣਾਂ ਕਰਕੇ ਪ੍ਰਲੈ ਕਰ ਸਕਦਾ ਹੈ, ਉਸ ਅਥਾਹ ਸ਼ਕਤੀਆਂ ਦੇ ਮਾਲਕ ਅਕਾਲ ਪੁਰਖ ਨੂੰ ਕਹਿਣਾ ਕਿ ਉਸ ਨੇ ਰਾਵਣ ਨੂੰ ਮਾਰ ਦਿੱਤਾ ਸੀ ਇਸ ਨਾਲ ਕਿਸੇ ਰਾਜਾ-ਰਾਮ ਦੀ ਵਡਿਆਈ ਤਾਂ ਭਾਵੇਂ ਸਮਝੀ ਜਾ ਸਕੇ ਪਰ ਪ੍ਰਭੂ-ਰਾਮ ਦੇ ਨਾਮ ਨਾਲ ਅਜੇਹਾ ਮਾਮੂਲੀ ਸਾਕਾ ਜੋੜਨਾ ਉਸ ਦੀ ਨਿਰਾਦਰੀ ਕਰਨੀ ਹੈ ਅਤੇ ਗਾਥਾ ਅਨੁਸਾਰ ਰਾਵਣ ਨੇ ਮੌਤ ਆਪਣੀ ਹੀ ਮੂਰਖਤਾਈ ਨਾਲ ਸਹੇੜੀ ਸੀ । ਕਿਸੇ ਮੂਰਖ ਨੂੰ ਮਾਰ ਦੇਣ ਨਾਲ ਕੀ ਰੱਬ ਵੱਡਾ ਹੋ ਗਿਆ ਸੀ ? (ਭਾਵ, ਰਾਮ ਨੂੰ ਰੱਬ ਕਹਿ ਕੇ ਉਸ ਦੇ ਨਾਮ ਨਾਲ ਰਾਵਨ ਦੇ ਮਾਰਨ ਦੀ ਬਹਾਦਰੀ ਜੋੜ ਕੇ ਸਾਬਤ ਕਰ ਦਿੱਤਾ ਕਿ ਉਹ ਮਾਮੂਲੀ ਸ਼ਕਤੀ ਵਾਲਾ ਮਨੁੱਖ ਸੀ) । ੧ ।

(ਹੇ ਪ੍ਰਭੂ !) ਤੇਰੀ ਵਡਿਆਈ ਤਾਂ ਬਿਆਨ ਹੀ ਨਹੀਂ ਕੀਤੀ ਜਾ ਸਕਦੀ ਤੂ ਸੱਭ ਜੀਵਾਂ ਵਿੱਚ ਵਿਆਪਕ ਹੈਂ ॥ ੧ ॥ ਰਹਾਉ ॥

(ਹੇ ਅਕਾਲ ਪੁਰਖ !) ਸ੍ਰਿਸ਼ਟੀ ਦੇ ਸਾਰੇ ਜੀਵ ਪੈਦਾ ਕਰਕੇ ਸਭਨਾਂ ਦੀ ਜੀਵਨ ਜੁਗਤ ਤੂੰ ਆਪਣੇ ਹੱਥ ਵਿੱਚ ਰੱਖੀ ਹੋਈ ਹੈ, (ਭਾਵ ਸਾਰੀ ਸਿਰਜਣਾ ਦਾ ਇੱਕ ਕਿਣਕਾ ਵੀ ਅਜੇਹਾ ਨਹੀ ਜੋ ਤੈਥੋਂ ਬਿਨਾ ਹੋਵੇ ਅਥਵਾ ਸੱਭ ਕੁੱਝ ਤੇਰੇ ਵੱਸ ਵਿੱਚ ਹੈ, ਸਮੁੱਚਾ ਅਥਾਹ ਵਿਸਤਾਰਾ ਤੇਰੇ ਹੁਕਮ ਵਿੱਚ ਵਿਚਰ ਰਿਹਾ ਹੈ-- **ਆਪਿ ਨਾਥੁ, ਨਾਥੀ ਸਭ ਜਾ ਕੀ--(**ਜਪੁਜੀ) ਤੂੰ ਆਪ ਅਜੇਹਾ ਨਾਥ ਹੈਂ ਜਿਸ ਨੇ ਸਾਰੀ ਸਿਰਜਣਾ ਨੱਥੀ ਹੋਈ ਹੈ ਫਿਰ ਇੱਕ ਕਾਲੀ-ਨਾਗ ਨੂੰ ਨੱਥ ਲੈਣ ਵਾਲਾ ਰੱਬ ਕਿਵੇਂ ਹੋ ਗਿਆ ? (ਮਦਾਰੀ ਤਾਂ ਕਈ ਕਈ ਸੱਪ ਨਥੀ ਫਿਰਦੇ ਹਨ । ਮਦਾਰੀਆਂ ਵਾਲਾ ਕੰਮ ਪ੍ਰਭੂ ਦੇ ਨਾਮ ਨਾਲ ਮੜ੍ਹ ਕੇ ਉਸ ਦੀ ਨਿਰਦਰੀ ਨਾ ਕਰੋ) । ਨਾ ਤੂੰ ਕਿਸੇ ਖ਼ਾਸ ਇਸਤ੍ਰੀ ਦਾ ਖ਼ਸਮ ਹੈਂ, ਨਾਹ ਕੋਈ ਇਸਤ੍ਰੀ ਤੇਰੀ ਵਹੁਟੀ ਹੀ ਹੈ, ਤੂੰ ਤਾਂ ਸੱਭ ਜੀਵਾਂ ਦੇ ਅੰਦਰ ਇੱਕ ਰਸ ਮੌਜੂਦ ਹੈਂ । (ਭਾਵ, ਪਰਮਾਤਮਾ ਸਾਰੇ ਸੰਸਾਰ ਦੇ ਅਰਬਾਂ ਖਰਬਾਂ ਮਰਦਾਂ ਅਤੇ ਇਸਤ੍ਰੀਆਂ ਵਿੱਚ ਨਿਰੰਤਰ ਵਾਸ ਕਰਦਾ ਹੈ) (ਭਾਗਵਤ ਪੁਰਾਣ ਦੇ ਸਕੰਧ--੧੦ ਅਤੇ ਅਧਾਇ ੯੦ ਵਿੱਚ ਲਿਖਿਆ ਹੈ ਕਿ ਭਗਵਾਨ ਕ੍ਰਿਸ਼ਨ ਦੀਆਂ ੧੬੧੦੮ ਰਾਣੀਆਂ ਸਨ । ਏਨੇ ਹੀ ਰੂਪ ਧਾਰ ਕੇ ਉਨ੍ਹਾਂ ਨੂੰ ਭੋਗਦਾ ਸੀ ਫਿਲਮਾਂ ਦੁਆਰਾ ਵੀ ਇਹ ਦੱਸਣ ਵਿੱਚ ਵਡਿਆਈ ਸਮਝੀ ਜਾਂਦੀ ਹੈ ਕਿ ਭਗਵਾਨ ਰਾਤ ਨੂੰ ਸੱਭ ਇਸਤ੍ਰੀਆਂ ਕੋਲ ਹੁੰਦਾ ਸੀ । ਬੇਅੰਤ ਜੀਵਾਂ ਵਿੱਚ ਵਿਚਰਦੇ ਪਰਮਾਤਮਾ ਨੂੰ ਗਿਣਤੀ ਦੀਆਂ ਇਸਤ੍ਰੀਆਂ ਕੋਲ ਦੱਸ ਕੇ ਉਸ ਨੂੰ ਬਹੁਤ ਨੀਵਾਂ ਕੀਤਾ ਜਾਣ ਦਾ ਘੋਰ ਪਾਪ ਕੀਤਾ ਜਾ ਰਿਹਾ ਹੁੰਦਾ ਹੈ । ਭਾਵ ਇਹ ਕਹਿ ਕੇ ਤੁਸਾਂ ਆਪ ਹੀ ਸਾਬਤ ਕਰ ਦਿੱਤਾ ਹੈ ਕਿ ਕ੍ਰਿਸ਼ਨ ਰੱਬ ਨਹੀਂ ਸੀ ਸਗੋਂ ਇੱਕ ਵਿਸ਼ੱਈ ਜਾਦੂਗਰ ਸੀ)

(ਬ੍ਰਾਹਮਣ ਨੇ ਆਪ ਹੀ ਇਹ ਗਾਥਾ ਮਸ਼ਹੂਰ ਕੀਤੀ ਹੋਈ ਹੈ ਕਿ, ਵਿਸ਼ਨੂੰ ਦੀ ਧੁੰਨੀ ਵਿਚੋਂ ਕੌਲ ਫੁੱਲ ਨਿਕਲਿਆ ਜਿਸ ਦੀ ਨਾਲਿ ਵਿਚੋਂ ਬ੍ਰਹਮਾਂ ਪੈਦਾ ਹੋਇਆ ਸੀ । ਆਪਣੀ ਪੈਦਾਇਸ਼ ਬਾਰੇ ਸ਼ੱਕ ਕਰਕੇ ਬ੍ਰਹਮਾ ਆਪਣੀ ਜਨਨੀ-ਨਾਲਿ ਦਾ ਸਿਰਾ ਲੱਭਣ ਲਈ ਉਸ ਵਿੱਚ ਜਾ ਵੜਿਆ । ਕਈ ਯੁੱਗ ਉਸ ਦੇ ਵਿੱਚੇ ਹੀ ਭਟਕਦਾ ਰਿਹਾ ਪਰ ਉਸਦਾ ਅੰਤ ਨਾ ਲੱਭ ਸਕਿਆ । (ਜਿਸ ਵਿਸ਼ਨੂੰ ਭਗਵਾਨ ਦੀ ਧੁੰਨੀ ਵਿਚੋਂ ਉਗੇ ਫੁੱਲ ਦੀ ਨਾਲਿ ਦਾ ਅੰਤ ਬ੍ਰਹਮਾਂ ਵਰਗੇ ਦੇਵਤੇ ਨੂੰ ਨਹੀਂ ਲੱਭਾ ਉਸ ਵਿਸ਼ਨੂੰ ਦਾ ਆਪਣਾ ਅਕਾਰ ਕਿੱਡਾ ਕੁ ਹੋਣਾ ਚਾਹੀਦਾ ਹੈ ? ਅਰਥਾਤ ਪ੍ਰਭੂ ਨੂੰ ਬੇਅੰਤ ਵਿਸਥਾਰ ਵਾਲਾ ਅਤੇ ਬੇਅੰਤ ਸ਼ਕਤੀਆਂ ਦਾ ਮਾਲਕ ਦਰਸਾਇਆ ਹੈ) ਫਿਰ ਉਸ ਬੇਅੰਤ ਪ੍ਰਭੂ ਨੂੰ ਕੰਸ ਮਾਰਨ ਵਾਲਾ ਦੱਸਣ ਵਿੱਚ ਕੀ ਉਸ ਦੀ ਵਡਿਆਈ ਹੈ ਕਿ ਜਾਂ ਉਸ ਨੂੰ ਨੀਵਾਂ ਲਿਆ ਸੁਟਿਆ ? (ਭਾਵ, ਤੁਸੀਂ ਆਪ ਹੀ ਸਾਬਤ ਕਰ ਦਿੱਤਾ ਕਿ ਕ੍ਰਿਸ਼ਨ ਰੱਬ ਨਹੀਂ ਸੀ)

(ਇੱਕ ਗਾਥਾ ਇਹ ਵੀ ਹੈ ਕਿ ਦੇਵਤਿਆਂ ਅਤੇ ਦੈਂਤਾਂ ਨੇ ਰਲ ਕੇ) ਸਮੁੰਦਰ ਰਿੜਕਿਆ ਤੇ (ਉਸ ਵਿੱਚੋਂ) ੧੪ ਰਤਨ ਕੱਢੇ,(ਵੰਡਣ ਸਮੇ ਉਹ ਦੋਵੇਂ ਧੜੇ) ਗੁੱਸੇ ਵਿੱਚ ਆ ਕੇ ਇਹ ਹੱਕ ਜਿਤਾਉਂਣ ਲਗ ਪਏ ਕਿ ਰਤਨ ਉਨ੍ਹਾਂ ਦੇ ਧੜੇ ਨੇ ਕੱਢੇ ਸਨ ।(ਆਪਣੇ ਵਲੋਂ ਪਰਮਾਤਮਾ ਦੀ ਵਡਿਆਈ ਦੱਸਣ ਲਈ ਬ੍ਰਾਹਮਣ ਨੇ ਗਾਥਾ ਵਿੱਚ ਇਹ ਲਿਖਿਆ ਹੈ ਕਿ ਪਰਮਾਤਮਾ ਨੇ ਮੋਹਣੀ ਅਵਤਾਰ ਭਾਵ, ਬਹੁਤ ਮਨਮੋਹਣੀ ਇਸਤ੍ਰੀ ਦਾ ਰੂਪ ਧਾਰ ਕੇ ਦੈਂਤਾਂ ਨੂੰ ਆਪਣੇ ਰੂਪ ਤੇ ਭਰਮਾ ਲਿਆ ਅਤੇ) ਰਤਨ ਇੱਕ ਇੱਕ ਕਰ ਕੇ ਵੰਡ ਦਿੱਤੇ, । (ਆਪਣੇ ਇਸਤ੍ਰੀ-ਰੂਪ ਨਾਲ ਦੈਂਤਾਂ ਨੂੰ ਧੋਖੇ ਵਿੱਚ ਪਾ ਕੇ, ਠੱਗ-ਨੀਤੀ ਨਾਲ ਰਤਨ ਵੰਡਣ ਵਿੱਚ ਪਰਮਾਤਮਾਂ ਦੀ ਵਡਿਆਈ ਹੈ ਕਿ ਉਸ ਦੀ ਬਦਨਾਮੀ ਕੀਤੀ ਹੈ ? ਅਜੇਹੀ ਬਦਨਾਮੀ ਵਾਲੀ ਝੂਠੀ ਗਾਥਾ ਬਣਾ ਕੇ ਭਗਵਾਨ ਦੀ ਸ਼ਕਤੀ ਦਾ ਮਖ਼ੌਲ ਉਡਾਇਆ ਹੈ, ਭਾਵ ਮੋਹਨੀ ਅਵਤਾਰ ਵਾਲੀ ਗੱਲ ਵੀ ਮਨ-ਘੜਤ ਅਤੇ ਝੂਠ ਹੈ)

ਸਮੇਂ ਨੂੰ ਬ੍ਰਾਹਮਣ ਨੇ ਅੱਡ ਅੱਡ ਨਾਮ ਦੇ ਚਾਰ ਜੁਗਾਂ ਵਿਚ ਵੰਡ ਕੇ ਹਰੇਕ ਜੁੱਗ ਦੇ ਅਵਤਾਰ ਥਾਪੇ ਹੋਏ ਹਨ । ਅਜੇਹੀ ਵੰਡ ਅਤੇ ਅਵਤਾਰਾਂ ਵਾਲੇ ਭਰਮ ਨੂੰ ਦੂਰ ਕਰਨ ਲਈ ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਇਉਂ ਹੈ :--

੫੬= **ਸਾਮ ਕਹੈ ਸੇਤੰਬਰੁ ਸੁਆਮੀ ਸਚ ਮਹਿ ਆਛੈ ਸਾਚਿ ਰਹੇ ॥ ਸਭੁ ਕੋ ਸਚਿ ਸਮਾਵੈ ॥**
**ਰਿਗੁ ਕਹੈ ਰਹਿਆ ਭਰਪੂਰਿ ॥ ਰਾਮ ਨਾਮੁ ਦੇਵਾ ਮਹਿ ਸੂਰੁ ॥**
**ਨਾਇ ਲਇਐ ਪਰਾਛਤ ਜਾਹਿ ॥ ਨਾਨਕ ਤਉ ਮੋਖੰਤਰੁ ਪਾਹਿ ॥**
**ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ਹ ਕ੍ਰਿਸਨੁ ਜਾਦਮੁ ਭਇਆ ॥**
**ਪਾਰਜਾਤ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ ॥**
**ਕਲਿ ਮਹਿ ਬੇਦੁ ਅਥਰਬਣੁ ਹੂਆ, ਨਾਉ ਖੁਦਾਈ ਅਲਹੁ ਭਇਆ ॥**
**ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ ॥**
**ਚਾਰੇ ਵੇਦ ਹੋਏ ਸਚਿਆਰ ॥ ਪੜਹਿ ਗੁਣਹਿ ਤਿਨ੍ ਚਾਰ ਵੀਚਾਰ ॥**
**ਭਾਉ ਭਗਤਿ ਕਰਿ ਨੀਚੁ ਸਦਾਏ ॥ ਤਉ ਨਾਨਕ ਮੋਖੰਤਰ ਪਾਏ ॥ ੨ ॥** [੪੭੦]--ਵਾਰ-੧੩

**ਪਦ ਅਰਥ:**--ਸਾਮ--ਸਾਮ ਵੇਦ । ਸੇਤੰਬਰ--ਸੇਤ ਦਾ ਅਰਥ ਚਿੱਟਾ ਅਤੇ ਅੰਬਰ ਦਾ ਅਰਥ ਕੱਪੜਾ, ਚਿਟੇ ਕਪੜਿਆਂ ਵਾਲਾ, ਹੰਸ, (ਹਿੰਦੂ ਮਿਥਿਹਾਸ ਅਨੁਸਾਰ ਸਾਮ ਵੇਦ ਜਿਸ ਦੇ ਮੰਤ੍ਰ ਗਾਉਣ ਲਈ ਬਣੇ ਹੋਏ ਹਨ ਦੇ ਸਮੇ ਵਿਸ਼ਨੂੰ ਨੂੰ ਹੰਸ ਦਾ ਰੂਪ ਧਾਰ ਕੇ ਅਵਾਤਾਰੀ ਹੋਣਾ ਪਿਆ ਸੀ । ਮਹਾਨ ਕੋਸ਼ ਦੇ ੨੯੪ ਸਫ਼ੇ ਤੇ ਭਾਗਵਤ ਪੁਰਾਣ ਦੇ ਹਵਾਲੇ ਨਾਲ ਲਿਖਿਆ ਹੈ ਕਿ ਸਨਕਾਦਕਾਂ ਨੇ ਬ੍ਰਹਮਾਂ ਪਾਸ ਆਤਮਵਿਵੇਕ ਦਾ ਪ੍ਰਸ਼ਨ ਕੀਤਾ ਤਾਂ ਜਦ ਬ੍ਰਹਮਾ ਉਤੱਰ ਦੇਣ ਦੀ ਚਿੰਤਾ ਵਿੱਚ ਪੈ ਗਿਆ ਤਦ ਵਿਸ਼ਨੂੰ ਨੇ ਹੰਸ ਰੂਪ ਧਾਰ ਕੇ ਸਨਕਾਦਕਾਂ ਨੂੰ ਗਿਆਨ ਦ੍ਰਿੜਾਇਆ ) । ਰਿਗ- - - - ਸੂਰ---ਰਿਗੁ ਵੇਦ ਆਖਦਾ ਹੈ ਕਿ (ਭਾਵ ਤ੍ਰੇਤੇ ਜੁਗ ਵਿੱਚ) (ਸੀਤਾ ਪਤੀ) ਰਾਮ ਦਾ ਨਾਮ ਹੀ ਸਾਰੇ ਦੇਵਤਿਆਂ ਵਿੱਚ ਸੂਰਜ ਵਾਂਗ ਚਮਕਦਾ ਸੀ ਉਸੇ ਨੂੰ ਹੀ ਹਰ ਥਾਂ ਭਰਪੂਰ ਸਮਝਿਆ ਜਾਂਦਾ ਸੀ (ਭਾਵ, ਦਸ਼ਰਥ ਨੰਦਨ ਰਾਮ ਨੂੰ ਹੀ ਹਰ ਥਾਂ ਵਿਆਪਕ ਮੰਨਿਆਂ ਜਾਂਦਾ ਸੀ । ਪਰਾਛਤ--ਪਾਪ । ਮੋਖੰਤਰ--ਮੁਕਤੀ । ਜਜੁ--ਜੁਜਰ ਵੇਦ, ਵਿਆਹ, ਅਥਵਾ ਦੇਵ ਪੂਜਨ । ਜੋਰਿ--ਧੱਕੇ ਨਾਲ । ਚੰਦਰਾਵਲ--ਸਾਹਿਬ ਸਿੰਘ ਜੀ ਅਨੁਸਾਰ ਇਹ ਇੱਕ ਗੋਪੀ ਸੀ ਅਤੇ ਰਾਧਾ ਦੇ ਪਿਤਾ ਵ੍ਰਿਖਭਾਨ ਦੇ ਜੇਠੇ ਭਰਾ ਚੰਦ੍ਰਭਾਨ ਦੀ ਧੀ ਸੀ । ਇਹ ਬੀਬੀ **ਚੰਦ੍ਰਾਵਲ, ਗੋਵਰਧਨ** ਨਾਲ ਵਿਆਹੀ ਹੋਈ ਸੀ ਜੋ ਕਰਲਾ ਨਾਮਕ ਪਿੰਡ ਦਾ ਰਹਿਣ ਵਾਲਾ ਸੀ । ਅਤੇ ਮਹਾਨ ਕੋਸ਼ ਦੇ ੪੯੩ ਸਫ਼ੇ ਤੇ **ਚੰਦ੍ਰਾਵਲ** ਬਾਰੇ ਲਿਖਿਆ ਹੈ ਕਿ ਇਹ--**ਵਿੰਦੁਮਤੀ** ਦੇ ਉਦਰ ਤੋਂ **ਚੰਦ੍ਰਭਾਨੁ** ਦੀ ਕੰਨਿਆ ਇੱਕ ਗੋਪੀ ਸੀ ਜਿਸ ਤੇ ਕ੍ਰਿਸ਼ਨ ਜੀ ਮੋਹਤ ਹੋ ਗਏ ਸਨ ਅਤੇ ਅਨੇਕ ਉਪਾਵਾਂ ਨਾਲ ਇਸ ਨੂੰ ਕਾਬੂ ਕੀਤਾ ਸੀ । (ਰਾਧਾ ਵਾਂਗ ਇਹ ਵੀ ਰਖੇਲ ਰੂਪ ਵਿੱਚ ਹੀ ਰਹੀ, ਇਸ ਦਾ ਨਾਮ ਵੀ ਕ੍ਰਿਸ਼ਨ ਦੀਆਂ ਅੱਠ ਪਟਰਾਣੀਆਂ ਵਿੱਚ ਨਹੀਂ ਹੈ । ਉਨ੍ਹਾਂ ਅੱਠਾਂ ਦੇ ਨਾਮ ਇਹ ਹਨ ੧--**ਰੁਕਮਣੀ** । ੨--**ਜਾਮਵੰਤੀ** । ੩--**ਸਤਭਾਮਾ** । ੪--**ਕਾਲਿੰਦਰੀ** ਅਥਵਾ **ਜਮੁਨਾ** । ੫--**ਮਿਤ੍ਰ ਬਿੰਦਾ** । ੬--**ਸਤਯਾ** । ੭--**ਭੱਦਰਾ** । ਅਤੇ ੮--**ਲਖਮਣਾਂ** । ਦਸਮ ਗ੍ਰੰਥ ਵਿਚਲੇ **ਕ੍ਰਿਸ਼ਨਾਵਤਾਰ** ਕਾਵਯ ਵਿੱਚ **ਸਯਾਮ ਕਵੀ** ਨੇ ਇਸ ਨੂੰ **ਚੰਦ੍ਰਭਗਾ** ਕਰਕੇ ਲਿਖਿਆ ਹੈ । ਕ੍ਰਿਸ਼ਨ ਜੀ ਦਾ ਇਸ ਨਾਲ ਪਿਆਰ ਵੇਖ ਕੇ ਰਾਧਾ ਗੁਸੇ ਹੋ ਗਈ ਤੇ ਕ੍ਰਿਸ਼ਨ ਨੂੰ ਕਹਿ ਰਹੀ ਹੈ--**ਪ੍ਰੀਤਿ ਕਰੀ ਸੰਗ ਚੰਦ੍ਰਭਗਾ ਅਤਿ ਕੋਪ ਬਢਯੋ ਤਿਹ ਤਰ ਮੁਹਿ ਜੀ ਨੋ । ਯੌਂ ਕਹਿ ਕੈ ਭਰਿ ਸਾਸ ਲਯੋ ਕਬਿ (ਕਵੀ) ਸਯਾਮ ਕਹੈ ਅਤਿ ਹੀ ਕਪਟੀਨੋ ।** ੪੭੧ । ਜੁਜ ਮਹਿ- - - - ਜਾਦਮੁ ਭਇਆ - (ਯਜੁਰ ਵੇਦ ਭਾਵ , ਦੁਆਪਰ ਵਿੱਚ ਸੁਆਮੀ ਦਾ ਨਾਉਂ ਜਾਦਮੁ ਕਾਨ੍ਹ ਕ੍ਰਿਸ਼ਨ ਵਜਦਾ ਸੀ । ਕਿਹੜਾ ਕ੍ਰਿਸ਼ਨ ਸੀ ? ਜੋ ਕਾਨ੍ਹ (ਯੂ ਪੀ ਦਾ ਹੋਣ ਕਾਰਨ) ਸਾਂਵਲੇ ਰੰਗ ਦਾ ਸੀ ਤੇ ਜਾਦਮ ਸੀ ਭਾਵ, ਜਾਦਵਾਂ ਦੀ ਕੁਲ ਵਿਚੋਂ ਸੀ । ਪਾਰਜਾਤ-- **ਇੰਦਰ** ਦੇ **ਨੰਦਨ** ਨਾਮੀ ਬਾਗ਼ ਵਿੱਚਲੇ ਪੰਜ ਸ੍ਰੇਸ਼ਟ ਰੁਖਾਂ ਵਿਚੋਂ ਇੱਕ ਦਾ ਨਾਉ **ਪਾਰਜਾਤ** ਦਸਦੇ ਹਨ । ਉਨ੍ਹਾਂ ਪੰਜਾਂ ਰੁਖਾਂ ਦੇ ਨਾਮ ਇਸ ਪ੍ਰਕਾਰ ਹਨ-੧) **ਮੰਦਾਰ**, ੨) **ਪਾਰਜਾਤ ੩) ਸੰਤਾਨ** ੪) **ਕਲਪ-ਰੁੱਖ** ਤੇ ੫) **ਹਰੀ-ਚੰਦਨ** । ਪਾਰਜਾਤ ਰੁੱਖ ਸਮੁੰਦਰ ਵਿਚੋਂ ਨਿਕਲੇ ੧੪ ਰਤਨਾਂ ਵਿਚੋਂ ਇੱਕ ਦੱਸੀਦਾ ਹੈ । (ਬਾਕੀ ਚੌਹਾਂ ਰੁਖਾਂ ਬਾਰੇ ਪਤਾ ਨਹੀਂ ਲੱਗ ਸਕਿਆ ਕਿ ਉਹ ਕਿਥੋਂ ਪ੍ਰਗਟ ਹੋ ਕੇ ਸੁਰਗਾਂ ਵਿੱਚ ਜਾ ਪੁਜੇ ਸਨ) । ਪਾਰਜਾਤ- - - -ਲੈ ਅਇਆ--ਜਿਸ ਨੇ ਜ਼ੋਰ ਨਾਲ ਹੀ ਚੰਦ੍ਰਵਲੀ ਨੂੰ ਛਲ ਲਿਆਂਦਾ ਸੀ ਅਤੇ ਜਿਸ ਨੇ ਆਪਣੀ ਗੋਪੀ ਸਤਯ-ਭਾਮਾ (ਹਿੰਦੂਆਂ ਦੇ ਆਪਣੇ ਹੀ ਗ੍ਰੰਥਾਂ ਅਨੁਸਾਰ, ਜਦ ਇਹ ਸੁੰਦਰ ਗੋਪੀ, ਰਾਧਾ ਅਤੇ ਚੰਦ੍ਰਭਗਾ ਵਾਂਗ ਰਖੇਲ ਬਣ ਕੇ ਰਹਿਣਾ ਨਾਂ ਮੰਨੀ ਤਾਂ ਇਸ ਨੂ ਕ੍ਰਿਸ਼ਨ ਨੇ ਵਿਆਹ ਲਿਆ ਸੀ । ਇਸ ਬੀਬੀ ਦਾ ਨਾਮ ਤੀਸਰੇ ਨੰਬਰ ਤੇ ਹੈ) ਦੀ ਖਾਤਰ ਪਾਰਜਾਤ ਰੁੱਖ ਇੰਦਰ ਦੇ ਬਾਗ਼ ਵਿੱਚੋਂ ਪੁੱਟ ਲਿਆਇਆ ਸੀ । ਕਲਿ ........ਕੀਆ--ਕਲਜੁਗ ਵਿੱਚ ਅਥਰਬਣ ਵੇਦ (ਜਿਸ ਵਿੱਚ ਜਾਦੂ ਟੂਣੇ ਲਿਖੇ ਹਨ) ਪਰਧਾਨ ਹੋ ਗਿਆ, ਜੀਵਾਂ ਦੀ ਅਗਵਾਈ ਮਾਨੋਂ ਅਥਰਬਣ ਵੇਦ ਕਰ ਰਿਹਾ ਹੈ, ਕਲਜੁਗ ਵਿੱਚ ਜਾਦੂ-ਟੂਣੇ, ਵੈਰ ਵਿਰੋਧ ਤੇ ਜ਼ੁਲਮ ਪਰਧਾਨ ਹਨ, ਭਾਵ, ਕਲਿਜੁਗ ਅਗਨਿ ਦਾ ਰਥ ਤੇ ਕੂੜ ਅਗੈ ਰਥਵਾਹੁ ਬਣ ਗਿਆ । ਤੁਰਕਾਂ ਅਤੇ ਪਠਾਣਾਂ ਦਾ ਰਾਜ ਹੋ ਗਿਆ, ਜਿਨ੍ਹਾਂ ਦੇ ਨੀਲੇ ਕੱਪੜੇ ਲੈ ਕੇ ਆਪਣੇ ਪਹਿਨਣ ਵਾਲੇ ਬਸਤਰ ਬਣਵਾ ਲਏ ਉਨ੍ਹਾਂ ਦੇ ਤੇਜ ਪਰਤਾਪ ਕਰਕੇ ਹੁਣ ਸੁਆਮੀ ਦਾ ਨਾਉਂ ਖੁਦਾ ਤੇ ਅੱਲਾ ਵੱਜ ਰਿਹਾ ਹੈ । ਚਾਰੇ ਵੇਦ----ਸਚਿਆਰ--ਚਾਰੇ ਵੇਦ ਸੱਚੇ ਹੋ ਗਏ (ਭਾਵ ਚੋਹਾਂ ਹੀ ਜੁਗਾਂ ਵਿੱਚ ਜਗਤ ਦੇ ਮਾਲਕ ਦਾ ਨਾਮ ਵੱਖੋ--ਵੱਖਰਾ ਵੱਜਦਾ ਰਿਹਾ ਹੈ, ਹਰੇਕ ਸਮੇ ਇਹੀ ਖਿਆਲ ਬਣਿਆ ਰਿਹਾ ਹੈ ਕਿ ਜੋ ਜੋ ਮਨੁੱਖ ਸਤੰਬਰ (ਹੰਸਾਵਤਾਰ) ਰਾਮ ਕ੍ਰਿਸ਼ਨ ਤੇ ਅਲਹੁ ਆਖ ਆਖ ਕੇ ਜਪੇਗਾ, ਉਹੀ ਮੁਕਤੀ ਪਾਏਗਾ, ਇਹ ਸੀ ਉਹ ਪ੍ਰਭਾਵ ਜੋ ਚਾਰੇ ਵੇਦ ਦੇ ਰਹੇ ਸਨ, ਭਾਵ ਚਾਰੇ ਵੇਦ ਹੀ ਇੱਕ ਅਕਾਲਪੁਰਖ ਦੀ ਭਗਤੀ ਦਾ ਉਪੁਦੇਸ਼ ਦੇਣ ਦੀ ਥਾਂ ਲੋਕਾਂ ਨੂੰ ਜਾਨਵਰਾਂ (ਹੰਸ) ਅਥਵਾ ਮਨੁੱਖ ਦੀ ਪੂਜਾ ਨਾਲ ਜੋੜਦੇ ਹਨ) ( Note-ਸਤਿਗੁਰੂ ਜੀ ਕਿਸੇ ਵੇਦ ਦਾ ਕਿਸੇ ਖ਼ਾਸ ਜੁਗ ਨਾਲ ਆਪਣਾ ਸੰਬੰਧ ਨਹੀਂ ਦੱਸ ਰਹੇ । ਜਿਵੇ ਇਸ ਸਲੋਕ ਤੋਂ ਪਹਿਲੇ ਸਲੋਕ ਵਿੱਚ ਹਰੇਕ ਸਮੇਂ ਦੇ ਜੀਵਾਂ ਦੇ ਸੁਭਾਉ ਆਦਿਕ ਦੀ ਤਬਦੀਲੀ ਦਾ ਜ਼ਿਕਰ ਹੈ, ਤਿਵੇਂ ਹੀ ਇਥੇ ਹੈ । ਸਾਮ, ਰਿਗੁ, ਜੁਜ ਅਤੇ ਅਥਰਬਣੁ ਨੂੰ ਤਰਤੀਬਵਾਰ ਕੇਵਲ ਸ਼ਬਦ ਸੇਤੰਬਰ, ਰਾਮ, ਜਾਦਮ ਅਤੇ ਅਲਹੁ ਨਾਲ ਵਰਤਿਆ ਗਿਆ ਹੈ । ਹਰੇਕ ਵੇਦ ਦੇ ਨਾਉਂ ਦਾ ਪਹਿਲਾ ਅੱਖਰ ਰੱਬ ਦੇ ਉਸ ਸਮੇਂ ਦੇ ਪ੍ਰਚਲਤ ਨਾਮ ਦੇ ਪਹਿਲੇ ਅੱਖਰ ਨਾਲ ਮਿਲਦਾ ਹੈ )। [ ਵਿਚਾਰ ਅਧੀਨ ਸਲੋਕ ਤੋਂ ਪਹਿਲਾ ਸਲੋਕ ਇਹ ਹੈ--**ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ ॥ ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ ॥ ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ ॥ ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥ ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥**(੪੭੦) ] ਬਿੰਦ੍ਰਾਬਨ--ਵ੍ਰਿੰਦਾਵਨ, ਮਥੁਰਾ ਦੇ ਜ਼ਿਲੇ ਵਿੱਚ ਜਮੁਨਾ ਨਦੀ ਦੇ ਕਿਨਾਰੇ ਇੱਕ ਜੰਗਲ ਹੈ, ਜੋ ਕਿਸੇ ਕੇਦਾਰ ਨਾਮੀ ਮਨੁੱਖ ਦੀ ਪੁਤ੍ਰੀ ਵ੍ਰਿੰਦਾ ਦਾ ਤਪ ਅਸਥਾਨ ਮੰਨਿਆ ਗਿਆ ਹੈ । **ਰਾਧਾ** ਅਥਵਾ **ਰਾਧਿਕਾ** ਦਾ ਇੱਕ ਨਾਉਂ **ਵ੍ਰਿੰਦਾ** ਹੈ, ਉਸ ਨੇ ਇਸ ਬਨ ਵਿੱਚ ਕ੍ਰਿਸ਼ਨ ਨਾਲ ਕ੍ਰੀੜਾ ਕੀਤੀ (ਬਿੰਦ੍ਰਾ ਬਨ ਮਹਿ ਰੰਗ ਕੀਆ) । ਰੰਗ ਦਾ ਅਰਥ ਮਹਾਨ ਕੋਸ਼ ਅਨੁਸਾਰ--**ਆਨੰਦ, ਖੁਸ਼ੀ, ਤਮਾਸ਼ੇ ਦੀ ਥਾਂ,** ਅਤੇ **ਰੰਗ-ਸ਼ਾਲਾ** ਹੈ ।

ਅਰਥ:- ਸਾਮ ਵੇਦ ਆਖਦਾ ਹੈ ਕਿ (ਭਾਵ, ਸਤਿਜੁਗ ਵਿਚ) ਜਗਤ ਦੇ ਮਾਲਕ (ਸੁਆਮੀ) ਦਾ ਨਾਮ ਸੇਤੰਬਰੁ (ਪਰਸਿੱਧ) ਹੈ (ਭਾਵ, ਤਦੋਂ ਰੱਬ ਸੇਤੰਬਰ ਮੰਨ ਕੇ ਪੂਜਾ ਹੋ ਰਹੀ ਸੀ), ਜੋ ਸਦਾ ਸੱਚ ਵਿਚ ਟਿਕਿਆ ਰਹਿੰਦਾ ਹੈ, ਤਦੋਂ ਹਰੇਕ ਵੀਵ ਸੱਚ ਵਿਚ ਲੀਨ ਹੁੰਦਾ ਹੈ (ਜਦੋਂ ਆਮ ਤੌਰ ਤੇ ਹਰੇਕ ਜੀਵ ਸੱਚ ਵਿਚ ਅਤੇ ਧਰਮ ਵਿਚ ਦ੍ਰਿੜ ਸੀ, ਤਦੋਂ ਸਤਜੁਗ ਵਰਤ ਰਿਹਾ ਸੀ) ।

ਰਿਗ ਵੇਦ ਆਖਦਾ ਹੈ ਕਿ (ਤ੍ਰੇਤੇ ਜੁਗ ਵਿਚ) ਰਾਮ ਜੀ ਦਾ ਨਾਮ ਹੀ ਸਾਰੇ ਦੇਵਤਿਆਂ ਵਿਚ ਸੂਰਜ ਵਾਂਗ ਚਮਕਦਾ ਸੀ, ਉਹ ਸਭ ਥਾਂਈ ਵਿਆਪਕ ਹੈ । ਹੇ ਨਾਨਕ ! (ਰਿਗ ਵੇਦ ਆਖਦਾ ਹੈ ਕਿ) ਸ੍ਰੀ ਰਾਮ ਜੀ ਦਾ ਨਾਮ ਲਿਆਂ ਹੀ ਪਾਪ ਦੂਰ ਹੋ ਜਾਂਦੇ ਹਨ ਅਤੇ ਜੀਵ ਤਦੋਂ ਮੁਕਤੀ ਪ੍ਰਾਪਤ ਕਰ ਲੈਂਦੇ ਹਨ ।

ਯਜੁਰ ਵੇਦ ਵਿਚ (ਦੁਆਪਰ ਵਿਚ) ਜਗਤ ਦੇ ਮਾਲਕ ਦਾ ਨਾਮ ਸਾਂਵਲਾ ਜਾਦੁਮ ਕ੍ਰਿਸ਼ਨ ਪਰਸਿਧ ਹੋ ਗਿਆ, ਜਿਸ ਨੇ ਜ਼ੋਰ ਨਾਲ ਚੰਦ੍ਰਾਵਲੀ ਨੂੰ ਛਲ ਲਿਆਂਦਾ, ਜਿਸ ਨੇ ਆਪਣੀ ਗੋਪੀ (ਸਤਯਭਾਮਾ) ਦੀ ਖ਼ਾਤਰ ਪਾਰਜਾਤ ਰੁੱਖ (ਇੰਦਰ ਦੇ ਬਾਗ਼ ਵਿਚੋਂ) ਲੈ ਆਂਦਾ ਅਤੇ ਜਿਸ ਨੇ ਬਿੰਦ੍ਰਾਬਨ ਵਿਚ ਕੌਤਕ ਵਰਤਾਇਆ । (ਗੁਰਦੇਵ ਜੀ ਉਸ ਕ੍ਰਿਸ਼ਨ ਦਾ ਜ਼ਿਕਰ ਕਰ ਰਹੇ ਹਨ ਜਿਸ ਨੂੰ ਰੱਬ ਆਖ ਕੇ ਉਸ ਦੇ ਨਾਮ ਨਾਲ ਅਜੇਹੀਆਂ ਕਹਾਣੀਆਂ ਜੋੜ ਕੇ ਪਰਚਾਰੀਆਂ ਹੋਈਆਂ ਸਨ ਅਤੇ ਭੋਲੇ ਲੋਕ ਉਸ ਨੂੰ ਹੀ ਰੱਬ ਮੰਨ

ਕੇ ਪੂਜਦੇ ਸਨ । ਕ੍ਰਿਸ਼ਨ ਦਾ ਜ਼ਿਕਰ ਕਰਦਿਆਂ ਇਹ ਨਹੀਂ ਫ਼ੁਰਮਾਇਆ ਕਿ ਉਸ ਸਮੇਂ ਦੇ ਲੋਕ ਧਰਮੀ ਸਨ, ਅਥਵਾ ਸਚ ਬੋਲਣ ਵਾਲੇ ਸਨ ਜਾਂ ਆਪਣੀ ਮੁਕਤੀ ਵਾਸਤੇ ਪ੍ਰਭੂ ਦਾ ਨਾਮ ਸਿਮਰਨ ਵਾਲੇ ਸਨ । ਸਿਰਫ਼ ਪਰਚਲਤ ਕਹਾਣੀਆਂ ਵੱਲ ਹੀ ਇਸ਼ਾਰਾ ਕੀਤਾ ਹੈ)

ਕਲਜੁਗ ਵਿਚ ਅਥਰਬਣੁ ਵੇਦ ਪਰਧਾਨ ਹੋ ਗਿਆ, ਜਗਤ ਦੇ ਮਾਲਕ ਦਾ ਨਾਮ ਖੁਦਾਇ ਤੇ ਅਲਹੁ ਵੱਜਣ ਲੱਗ ਪਿਆ ਹੈ, ਤੁਰਕਾਂ ਤੇ ਪਠਾਣਾ ਦਾ ਰਾਜ ਹੋ ਗਿਆ ਹੈ, ਜਿਨ੍ਹਾਂ ਨੇ ਨੀਲੇ ਰੰਗ ਦਾ ਬਸਤਰ ਲੈ ਕੇ ਕੱਪੜੇ ਪਾਏ ਹੋਏ ਹਨ ।(ਖ਼ਿਆਲ ਰਹੇ ਕਿ, ਕਿਉਂਕਿ ਮੁਸਲਮਾਨਾਂ ਨੇ ਹਜ਼ਰਤ ਮੁਹੰਮਦ ਸਾਹਿਬ ਨੂੰ ਰੱਬ ਨ੍ਹਹੀਂ ਸੀ ਕਿਹਾ ਇਸ ਕਾਰਨ ਉਸ ਦਾ ਨਾਮ ਸਤਿਗੁਰਾਂ ਨਹੀਂ ਲਿਆ । ਏਧਰ ਬ੍ਰਾਹਮਣ ਨੇ ਕਥਿਤ ਅਵਤਾਰਾਂ ਨੂੰ ਰੱਬ ਕਰਕੇ ਮਸ਼ਹੂਰ ਕਰ ਦਿੱਤਾ ਹੋਇਆ ਸੀ ਇਸ ਲਈ ਉਹ ਨਾਮ ਆਏ ਹਨ । ਸਤਿਗੁਰਾਂ ਨੇ ਸਿਰਫ਼ ਉਹੀ ਨਾਮ ਲਿਖੇ ਹਨ ਜੋ ਲੋਕਾਂ ਨੇ ਅਕਾਲਪੁਰਖ ਨੂੰ ਦਿੱਤੇ ਹੋਏ ਸਨ । ਕ੍ਰਿਸ਼ਨ ਜੀ ਦੇ ਰੰਗ ਤਮਾਸ਼ਿਆਂ ਦਾ ਜ਼ਿਕਰ ਅਗਲੇ ਸਫ਼ਿਆਂ ਤੇ ਖੋਹਲ ਕੇ ਕੀਤਾ ਗਿਆ ਹੈ) ਚਾਰੇ ਵੇਦ ਸੱਚੇ ਹੋ ਗਏ (ਭਾਵ, ਚੌਹਾਂ ਹੀ ਜੁਗਾਂ ਵਿਚ ਜਗਤ ਦੇ ਮਾਲਕ ਦਾ ਨਾਮ ਵਖੋ-ਵੱਖਰਾ ਰਿਹਾ ਹੈ, ਹਰੇਕ ਸਮੇਂ ਇਹੀ ਖ਼ਿਆਲ ਬਣਿਆ ਰਿਹਾ ਹੈ ਕਿ ਜੋ ਜੋ ਮਨੁੱਖ ਸੇਤੰਬਰ, ਰਾਮ, ਕ੍ਰਿਸ਼ਨ ਤੇ ਅਲਹੁ ਆਖ ਆਖ ਕੇ ਜਪੇਗਾ, ਉਹੀ ਮੁਕਤੀ ਪਾਏਗਾ), ਅਤੇ ਜੇ ਮਨੁੱਖ ਇਨ੍ਹਾਂ ਵੇਦਾਂ ਨੂੰ ਪੜ੍ਹਦੇ ਵਿਚਾਰਦੇ ਹਨ, (ਭਾਵ, ਆਪੋ ਆਪਣੇ ਸਮੇਂ ਵਿਚ ਜੋ ਜੋ ਮਨੁੱਖ ਇਸ ਉਪਰੋਕਤ ਯਕੀਨ ਨਾਲ ਆਪਣੇ ਧਰਮ-ਪੁਸਤਕ ਪੜ੍ਹਦੇ ਤੇ ਵਿਚਾਰਦੇ ਰਹੇ ਹਨ) ਉਹ ਹੋਏ ਵੀ ਚੰਗੀਆਂ ਯੁਕਤੀਆਂ ਵਾਲੇ ਹਨ । ਗੁਰੂ ਨਾਨਕ ਜੀ ਫ਼ੁਰਮਾਨ ਕਰਦੇ ਹਨ---**ਜਦੋਂ ਮਨੁੱਖ ਪ੍ਰੇਮ-ਭਗਤੀ ਕਰ ਕੇ ਆਪਣੇ ਆਪ ਨੂੰ ਨੀਵਾਂ ਅਖਵਾਂਉਂਦਾ ਹੈ** (ਭਾਵ, ਹੰਕਾਰ ਤੋਂ ਬਚਿਆ ਰਹਿੰਦਾ ਹੈ) **ਤਦੋਂ ਉਹ ਮੁਕਤੀ ਪ੍ਰਾਪਤ ਕਰਦਾ ਹੈ ।** ੨ । (ਆਖ਼ਰੀ ਤੁਕ ਵਿਚ ਗੁਰਦੇਵ ਜੀ ਨੇ ਆਪਣਾ ਸਿਧਾਂਤ ਦੱਸ ਕੇ ਅਵਤਾਰਾਂ ਦੇ ਰੂਪ ਵਿਚ ਆਇਆਂ ਨੂੰ ਰੱਬ ਮੰਨਣ ਦਾ ਖੰਡਣ ਕਰ ਦਿੱਤਾ ਹੈ)

## ੧੨

# ਬ੍ਰਿੰਦਾਬਨ ਮਹਿ ਰੰਗੁ ਕੀਆ--

ਗਿਆਨੀ ਈਸ਼ਰ ਸਿੰਘ ਜੀ ਨਾਰਾ ਨੇ ਜਿਸ ਕ੍ਰਿਸ਼ਨ ਭਗਵਾਨ ਨੂੰ ਕਲਗੀਧਰ ਸਾਬਤ ਕਰਨ ਲਈ ਸਾਰਾ ਜ਼ੋਰ ਲਾਇਆ ਹੋਇਆ ਹੈ, ਆਉ ਵੇਖੀਏ ਕਿ ਉਹ ਇਸ ਬ੍ਰਿੰਦਾਬਨ ਵਿੱਚ ਕਿਹੋ ਜਿਹਾ ਰੰਗ ਕਰਦੇ ਰਹੇ ਸਨ । ਨਾਰਾ ਜੀ ਨੇ ਆਪਣੀ ਪੁਸਤਕ " **ਕ੍ਰਿਸ਼ਨ ਭਗਵਾਨ ਤੇ ਕਲਗੀਧਰ** " ਦੇ ੬੪ ਸਫੇ ਤੇ **ਸ੍ਰੀ ਮਦ ਭਾਗਵਤ ਪੁਰਾਣ, ਗ੍ਰੰਥ** ਵਿਚਲੀ ਗਾਥਾ ਦਾ ਹਵਾਲਾ ਤੋੜ ਮੋੜ ਕੇ ਦਿੱਤਾ ਹੋਇਆ ਹੈ । ਉਸੇ ਭਾਗਵਤ ਪੁਰਾਣ ਗ੍ਰੰਥ ਦੇ ਸਕੰਧ---੧੦ ਅਧਿਆਇ--੨੨ ਵਿੱਚ ਜੋ ਲਿਖਿਆ ਹੈ ਉਸ ਦਾ ਸੰਖੇਪ ਇਸ ਪ੍ਰਕਾਰ ਹੈ---ਪਿੰਡ ਦੀਆਂ ਬੀਬੀਆਂ ਜਮੁਨਾ ਵਿੱਚ ਮਾਘੀ ਦਾ ਇਸ਼ਨਾਨ ਲਈ ਪਰਚੱਲਤ ਰਿਵਾਜ ਅਨੁਸਾਰ ਪਵਿੱਤਰ ਦਿਹਾੜੇ ਇਸ਼ਨਾਨ ਕਰਨਾਂ ਪੁੰਨ-ਕਰਮ ਦੇ ਭਰਮ ਕਾਰਨ, ਭਰ ਸਿਆਲ ਦੀ ਠੰਡ ਵਿੱਚ ਦਰਿਆ ਜਮੁਨਾ ਦੇ ਠੰਡੇ-ਸੀਤ ਪਾਣੀ ਵਿੱਚ ਨੰਗੀਆਂ ਹੀ ਜਾ ਵੜੀਆਂ । ਇਸ ਗੱਲ ਦਾ ਪਤਾ ਲੱਗਦਿਆਂ ਹੀ ਭਗਵਾਨ ਕ੍ਰਿਸ਼ਨ ਜੀ ਵੀ ਬੰਸੀ ਘਾਟ ਤੋਂ ਦੋੜ ਕੇ ਝੱਟ ਜਾ ਪੁੱਜੇ ਅਤੇ ਅੱਖ ਬਚਾ ਕੇ ਸਾਰੀਆਂ ਗੋਪੀਆਂ ਦੇ ਕੱਪੜੇ ਚੁੱਕ ਕੇ ਰੁੱਖ ਤੇ ਜਾ ਬਿਰਾਜੇ । ਗੋਪੀਆਂ ਨੂੰ ਜਦ ਕਪੜਿਆਂ ਦੀ ਲੋੜ ਪਈ ਤਾਂ ਵੇਖਿਆ ਕਿ ਉਹ ਤਾਂ ਲੀਲ੍ਹਾ ਪਰਸ਼ੋਤਮ ਭਗਵਾਨ ਕ੍ਰਿਸ਼ਨ ਜੀ ਸਾਂਭੀ ਬੈਠੇ ਸਨ । ਕੱਪੜੇ ਮੰਗਣ ਤੇ ਭਗਵਾਨ ਕ੍ਰਿਸ਼ਨ ਜੀ ਨੇ ਬਚਨ ਕੀਤਾ ਕਿ ਉਹ ਆਪਣੇ ਅੱਗੇ ਪਿਛੇ ਹੱਥ ਦੇ ਕੇ ਬਾਹਰ ਆ ਜਾਣ । ਕੁੜੀਆਂ ਸ਼ਰਮ ਦੀਆਂ ਮਾਰੀਆਂ ਬਾਹਰ ਨਹੀਂ ਆਉਂਦੀਆਂ ਅਤੇ ਮਿੰਨਤਾਂ ਕਰਦੀਆਂ ਹਨ । ਪਰ ਅਗੋਂ ਭਗਵਾਨ ਸ੍ਰੀ ਕ੍ਰਿਸ਼ਨ ਜੀ ਜੋ ਕਹਿੰਦੇ ਹਨ ਅਤੇ ਫਿਰ ਜੋ ਅਗੋਂ ਗੋਪੀਆਂ ਨੇ ਕਿਹਾ, ਉਸ ਸਾਰਾ ਵਾਰਤਾ-ਲਾਪ ਸ਼੍ਰੀ ਮਦ ਭਾਗਵਤ ਪੁਰਾਣ ਗ੍ਰੰਥ ਦੇ ਲਿਖਾਰੀ ਨੇ ਕਵਿਤਾ ਵਿੱਚ ਇਸ ਤਰ੍ਹਾਂ ਲਿਖਿਆ ਹੈ :- ( ਸਫ਼ਾ ੩੧੦ ਪੰਜਾਬੀ ਅੱਖਰਾਂ ਵਿੱਚ , ਹਿੰਦੀ ਵਰਗੀ ਬੋਲੀ )

ਕਾਨ੍ਹਉ ਵਾਚ ਸ੍ਵੈਯਾ ( ਕਾਨ੍ਹ ਦਾ ਬਚਨ )

**ਦੇਊਂ ਬਿਨਾਂ ਨਿਕਰੇ[੧] ਨਹਿ ਚੀਰ[੨] ਕਹਯੋ ਹਸ ਕਾਨ੍ਹ ਸੁਨੋ ਤੁਮ ਪਿਆਰੀ ।**

੧=ਨਿਕਲੇ (ਬਿਨਾ ) । ੨=ਕਪੜੇ(ਨਹੀ ਮਿਲਨੇ) ।ਜੇ ਕੱਪੜੇ ਲੈਣੇ ਹਨ ਤਾਂ ਆਪਣੇ ਅੱਗੇ ਪਿੱਛੇ ਹੱਥ ਦੇ ਕੇ ਨੰਗੀਆਂ ਹੀ ਬਾਹਰ ਆਉ ।

**ਸੀਤ[੩] ਸਹੋ ਜਲ ਮੈਂ ਤੁਮ ਨਾਹਕ , ਬਾਹਰ ਆਵਹੁ ਗੋਰੀ ਔ ਕਾਰੀ ।**
**ਦੇ ਆਪਨੇ ਅਗੂਆ[੪] ਪਿਛੂਵਾ[੪] ਕਰ[੫], ਬਾਰ[੬] ਤਜੋ ਪਤਲੀ ਅਰ ਭਾਰੀ ।**

੩=ਠੰਡ । ੪= ਅੱਗੇ ਪਿਛੇ ॥ ੫= ਹੱਥ । ੬= ਪਾਣੀ । (ਅੱਗੇ ਪਿੱਛੇ ਹੱਥ ਦੇ ਕੇ ਆਪਣਾ ਨੰਗੇਜੋ ਕੱਜ ਲਵੋ ਅਤੇ ਗੋਰੀਆਂ ਕਾਲੀਆਂ, ਪਤਲੀਆਂ ਭਾਰੀਆਂ ਸਾਰੀਆਂ ਹੀ ਪਾਣੀ ਨੂੰ ਤਿਆਗ ਕੇ ਬਾਹਰ ਆ ਜਾਉ । ਐਵੇਂ ਠੰਡੇ ਪਾਣੀ ਵਿੱਚ ਠਰਦੀਆਂ ਕਿਉਂ ਜੇ ।

**ਯੋ ਨਹੀ ਦੇਹੁ ਕੁਹਿਯੋ ਹਰਿ-ਜੀ[੭] , ਤਸਲੀਮ[੮] ਕਰੋ ਕਰ੫ ਜੋਰ ਹਮਾਰੀ । ੧ ।**

੭= ਕ੍ਰਿਸ਼ਨ ਰੱਬ ਜੀ ਨੇ । ੮= ਨਮਸਕਾਰ । (ਕ੍ਰਿਸ਼ਨ ਰੂਪ ਵਿੱਚ ਆਏ ਰੱਬ ਜੀ, ਨੰਗੀਆਂ ਬੱਚੀਆਂ ਨੂੰ ਆਖਦੇ ਹਨ ਕਿ ਹੋਰ ਕਿਸੇ ਵੀ ਤਰੀਕੇ ਨਾਲ ਕੱਪੜੇ ਨਹੀਂ ਦੇਣ ਗੇ । ਭਾਵ ਪਾਣੀ ਵਿੱਚੋਂ ਨਿਕਲ ਕੇ ਆਪਣੇ ਹੱਥ ਨੰਗੇਜ ਤੋਂ ਹਟਾ ਕੇ ਹੱਥ ਜੋੜ ਕੇ ਨਮਸਕਾਰ ਕੀਤੇ ਬਿਨਾ ਕੱਪੜੇ ਨਹੀਂ ਮਿਲਣਗੇ ਭਾਂਵੇਂ ਠੰਡ ਨਾਲ ਮਰ ਬੇਸ਼ੱਕ ਜਾਣ )

ਗੋਪੀਉਵਾਚ ਸ੍ਵੈਯਾ ( ਗੋਪੀਆਂ ਦੇ ਬਚਨ )

**ਕਾਨ੍ਹ ਬਹਿਕ੍ਰਮ[੧] ਥੋਰੀ ਤੁਮੈ ਤੁਮ ਖੇਲਹੁ ਨਾ ਅਪਨੇ ਘਰ ਕਾਹੋ ।**

੧= ਉਮਰ(ਅਜੇ ਤੇਰੀ ਉਮਰ ਥੋੜੀ ਹੈ ) । ਭਾਵ, ਜੋ ਕੁੱਝ ਤੂੰ ਸਾਡੇ ਨਾਲ ਕਰਨਾ ਚਾਹੁੰਦਾ ਹੈਂ ਉਸ ਜੋਗੀ ਤੇਰੀ ਅਜੇ ਉਮਰ ਨਹੀਂ ਹੋਈ । ਅਜੇ ਤਾਂ ਘਰ ਜਾ ਕੇ ਖੇਲ੍ਹਣ ਦੀ ਤੇਰੀ ਉਮਰ ਹੈ । (ਭਾਵ, ਅਜੇਹੇ ਪੰਗੇ ਲੈਣ ਜੋਗਾ ਤੂੰ ਅਜੇ ਨਹੀਂ ਹੋਇਆ)

**ਨੰਦ ਸੁਨੈ ਜਸੋਧਾਂ ਤਪਤੈ[੨] ਤੁਮ ਕਾਨ੍ਹ ਭਏ ਹਰਿ ਕਾਹੋ ।**

੨= ਤਪਣਗੇ, ਤੈਨੂੰ ਗੁੱਸੇ ਹੋਣਗੇ । ਨੰਦ ਅਤੇ ਜਸੋਧਾ ( ਤੇਰੀ ਕਰਤੂਤ ਸੁਣ ਕੇ ) ਦੁਖੀ ਹੋਣਗੇ । ਹੇ ਹਰੀ ਤੂੰ ਕਿਹੜੇ ਖਹਿੜੇ ਪੈ ਗਿਆ ਹੈ ?

**ਨੇਹਿ ਲਗੈ ਨਹਿ ਜ਼ੋਰ ਭਏ ਤੁਮ ਨੇਹੁ ਲਗਾਵਤ ਹੋ ਬਰਕਾਹੋ[੩] ।**

੩=- ਜ਼ਬਰਦਸਤੀ ਅਜੇਹਾ ਪਿਆਰ ਕਿਉਂ ਪਾਉਂਦਾ ਹੈਂ । (ਅਜੇਹੀ ਧੱਕੇ ਖੋਰੀ ਕਿਉਂ ਕਰਦਾ ਹੈਂ ?)

**ਨੇਹੁ ਕਹਾ ਬਿਨ ਬਾਤਨ ਸੇ ਰਸ ਜਾਨਤ ਕਾ[੪] ਅਜਹੁੰ ਲਰਕਾ੫ ਹੋ । ੨ ।**

੪= ਕੀ ਜਾਣਦਾ ਹੈਂ । ੫= ਅਜੇ ਤੂੰ ਬਾਲ ਹੈਂ । ( ਅਜੇ ਤੂੰ ਬੱਚਾ ਹੈਂ ਅਜੇ ਅਜੇਹੇ ਪ੍ਰੇਮ ਰਸ ਦਾ ਤੈਨੂੰ ਕੀ ਪਤਾ ਹੈ )

(Note:- ਇਹ ਦੋਵੇਂ ਸਵੈਯੇ ਲਗ ਮਾਤ੍ਰ ਤੱਕ ਏਸੇ ਤਰ੍ਹਾਂ, ਦਸਮ ਗ੍ਰੰਥ ਵਿਚਲੇ ਕ੍ਰਿਸ਼ਨਾਵਤਾਰ ਵਿਚ ਵੀ ਹਨ । ਭਾਗਵਤ ਪੁਰਾਣ ਤਾਂ ਦਸਮ ਗ੍ਰੰਥ ਨਾਲੋਂ ਬਹੁਤ ਪਹਿਲਾਂ ਦਾ ਲਿਖਿਆ ਹੈ । ਦੋਹੀਂ ਥਾਂਈ ਲਿਖਣ ਵਾਲੇ ਨੇ ਇਹ ਨਹੀਂ ਲਿਖਿਆ ਕਿ ਇਹ ਉਸ ਦੀ ਆਪਣੀ ਰਚਨਾ ਨਹੀਂ ਹੈ । ਕੀ ਦਸਮ ਗ੍ਰੰਥ ਦੇ ਲਿਖਾਰੀ ਨੇ ਨਕਲ ਕੀਤੇ ਸਨ ਕਿ ਜਾਂ ਭਾਗਵਤ ਪੁਰਾਣ ਲਿਖਣ ਵਾਲੇ ਨੇ ਦਸਮ ਗ੍ਰੰਥ ਲਿਖੇ ਜਾਣ ਤੋਂ ਪਹਿਲਾਂ ਹੀ ਲਿਖ ਲਏ ਸਨ ? ਇਸ ਭੇਤ ਨੂੰ ਕੋਈ ਖੋਜੀ ਵਿਦਵਾਨ ਹੀ ਖੋਹਲੇ ?)

ਹੋਰ ਕੋਈ ਚਾਰਾ ਨਾ ਵੇਖ ਕੇ ਗੋਪੀਆਂ ਅੱਗੇ ਪਿਛੇ ਹੱਥ ਦੇ ਕੇ ਉਸੇ ਹਾਲਤ ਵਿੱਚ ਬਾਹਰ ਆ ਗਈਆਂ । ਅਗੇ ਵਿਆਸ ਦੇ ਪੁੱਤ੍ਰ ਸੁਕਦੇਵ ਜੀ ਨੇ ਜੋ ਕਿਹਾ ਉਸ ਦਾ ਅਨੁਵਾਦ ਭਾਗਵਤ ਪੁਰਣ ਵਿੱਚ ਇਨ੍ਹਾਂ ਲਫ਼ਜ਼ਾਂ ਵਿੱਚ ਦਰਜ ਹੈ:- " ਤਬ ਭਗਵਾਨ ਨੇ ਕਹਾ ਅਰੀ ਗੋਪੀਓ ! ਦੋਨੋਂ ਹਾਥ

ਜੋੜ ਕਰ ਨਮਸਕਾਰ ਕਰੋ, ਤਬ ਬਸਤ੍ਰ ਮਿਲੇਂਗੇ, ਫਿਰ ਗੋਪੀਆਂ ਬੋਲੀਂ ਹੇ ਨੰਦ ਲਾਲ ! ਹਮਾਰੇ ਸਾਥ ਕਪਟ ਕਿਉਂ ਕਰਤੇ ਹੋ । ਇਤਨਾ ਕਹਿ ਗੋਪੀਓਂ ਨੇ ਹਾਥ ਜੋੜ ਕਰ ਨਮਸਕਾਰ ਕਰੀ, ਤਬ ਭਗਵਾਨ ਨੇ ਬਸਤ੍ਰ ਦੀਏ ਅਰ ਤਿਨਕੇ ਪਾਸ ਆ ਕਰ ਕਹਾ ਦੇਖੋ ਕਭੀ ਨਗਨ ਅੰਗ ਸ਼ਨਾਨ ਨਹੀਂ ਕਰਨਾ, ਹੱਛਾ ਅਬ ਮੇਰਾ ਮਸੂਲ ਮੁਝੇ ਦੀਜੀਏ, ਇਤਨੀ ਬਾਤ ਕਹਿ ਕਰ ਤਿਨ ਕੇ ਮੁੱਖ ਚੁਮ ਲੀਏ ਅਰ ਕਿਸੀ ਕੇ ਕੁਖੋਂ ਕੋ ਪਵਿਤ੍ਰ ਕਰ ਦੀਆ,( ਭਾਵ, ਗਰਭ-ਵਤੀ ਕੀਤਾ ?) ਜੈਸੇ ਹਰਨ ਹਰਨੀਓਂ ਕੇ ਸਾਥ ਕ੍ਰੀੜਾ ਕਰਤਾ ਹੈ, ਇਸ ਰੀਤ ਸੇ ਭਗਵਾਨ ਨੇ ਤਿਨ ਕੇ ਸਾਥ ਕਾਮ ਚੇਸ਼ਟਾ ਕਰਕੇ ਸਰਬ ਕੋ ਸੁੱਖ ਦੇਕਰ ਆਪ ਫਿਰ ਬੰਸੀ ਘਾਟ ਪਰ ਚਲੇ ਗਏ " ।

ਕਾਮ ਚੇਸ਼ਟਾ ਵਾਲੀ ਇਹ ਕਿਸ ਕਿਸਮ ਦੀ ਕ੍ਰੀੜਾ ਕਰਦਾ ਰਿਹਾ ਸੀ ਭਗਵਾਨ ? ਕੁਖਾਂ ਹਰੀਆਂ ਕਰਨ ਦਾ ਅਰਥ ਕੀ ਹੈ ? ਭਾਗਵਤ ਪੁਰਾਣ ਦੇ ਲਿਖਾਰੀ ਨੇ ਪਸ਼ੂਆਂ (ਹਰਨ ਹਰਨੀਆਂ) ਦੀ ਮਿਸਾਲ ਦੇ ਕੇ ਸਾਬਤ ਕੀਤਾ ਹੈ ਕਿ ਉਸ ਸਮੇਂ ਕ੍ਰਿਸ਼ਨ ਭਗਾਵਾਨ ਨੇ ਪਰਾਈਆਂ ਬੱਚੀਆਂ ਨਾਲ ਜੋ ਕੁੱਝ ਕੀਤਾ ਉਹ ਉਸੇ ਤਰ੍ਹਾਂ ਦਾ ਸੀ ਜੋ ਮਦੀਨਾਂ ਦੇ ਇੱਜੜ ਅਥਵਾ ਵੱਗ ਵਿੱਚ ਨਰ-ਪਸ਼ੂ ਕਰਦਾ ਹੈ । ਭਗਵਾਨ ਦਾ ਆਪਣੀਆਂ ਭਗਤ-ਬੱਚੀਆਂ ਨਾਲ ਇਹ ਕਿਸ ਤਰ੍ਹਾਂ ਦਾ ਪਵਿਤ੍ਰ ਪ੍ਰੇਮ ਸੀ ?

ਗਿਆਨੀ ਈਸ਼ਰ ਸਿੰਘ ਨਾਰਾ ਨੇ ਆਪਣੀ ਪੁਸਤਕ ਦੇ ੯੪ ਸਫ਼ੇ ਤੇ ਕ੍ਰਿਸ਼ਨ ਨੂੰ ਗੁਰੂ ਗੋਬਿੰਦ ਸਿੰਘ ਜਿਹਾ ਹੀ ਬ੍ਰਹਮਚਾਰੀ ਲਿਖਿਆ ਹੈ । ਅਨੋਖੇ ਬ੍ਰਹਮਚਾਰੀ ਕ੍ਰਿਸ਼ਨ ਦੇ ਆਚਰਨ ਦੀ ਇਹ ਪਹਿਲੀ ਮਿਸਾਲ ਹੈ ਜੋ ਉਸ ਦੇ ਆਪਣੇ ਭਗਤਾਂ ਨੇ ਇੱਕ ਬ੍ਰਹਮ ਰਿਖੀ ਦੇ ਮੂੰਹੋਂ ਅਖਵਾਈ ਹੋਈ ਹੈ ।

੫੮- **ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥ ਹਉਮੈ ਜਾਇ ਸਬਦਿ ਘਰੁ ਲਹੀਐ ॥ ੧ ॥ ਰਹਾਉ ॥[੯੦੪]**

੧੩

# ਗਿਆਨੀ ਈਸ਼ਰ ਸਿੰਘ ਨਾਰਾ ਅਤੇ ਦਸਮ ਗੁਰੂ ਗ੍ਰੰਥ ਸਾਹਿਬ

ਗੁਰਮਤ ਸਿਧਾਂਤ ਤੋਂ ਜਾਣੂੰ, ਅਤੇ ਬਿਬੇਕ ਬੁਧੀ ਵਾਲਾ ਸਿੱਖ ਕਦੇ ਨਹੀਂ ਮੰਨਦਾ ਕਿ ਕ੍ਰਿਸ਼ਨ ਅਵਤਾਰ ਅਥਵਾ ਦਸਮ ਗ੍ਰੰਥ ਦੀ ਉਹ ਬਾਣੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਦੇ ਅਨਕੂਲ ਨਹੀਂ ਹੈ, ਦਸਮ-ਪਾਤਿਸਾਹ ਜੀ ਦੀ ਰਚਨਾ ਹੋਵੇਗੀ । ਦਾਸ ਵੀ ਉਨ੍ਹਾਂ ਹੀ ਗੁਰਮੁਖਾਂ ਦੀਆਂ ਦਲੀਲਾਂ ਨਾਲ ਸਹਿਮਤ ਹੋਣ ਕਾਰਨ, ਕ੍ਰਿਸ਼ਨ ਅਵਤਾਰ ਦੀ ਕਿਸੇ ਲਿਖਤ ਨੂੰ ਗੁਰੂ ਗੋਬਿੰਦ ਜੀ ਦੀ ਲਿਖੀ ਮੰਨ ਕੇ, ਆਪਣੀ ਦਲੀਲ ਦੀ ਪ੍ਰੋੜਤਾ ਵਿੱਚ ਦੇਣ ਨੂੰ ਤਿਆਰ ਨਹੀਂ ਸੀ । ਉਪੱਰ ਲਿਖੀ ਚੌਪਈ ਤੋਂ ਇਹ ਵੀ ਸ਼ੱਕ ਬਣਿਆ ਹੈ ਕਿ ਦਸਮ-ਗ੍ਰੰਥ ਵਿਚਲਾ ਕ੍ਰਿਸ਼ਨਾਵਤਾਰ ਕਾਵਯ ਭਾਗਵਤ ਪੁਰਾਣ ਦੀ ਨਕਲ ਹੈ । ਪਰ ਗਿਆਨੀ ਈਸ਼ਰ ਸਿੰਘ ਨੇ ਸਿੱਖ ਜਗਤ ਵਿੱਚ ਖ਼ਤਰਨਾਕ ਕਿਸਮ ਦਾ ਭੁਲੇਖਾ ਪਾਉਣ ਲਈ ਕ੍ਰਿਸ਼ਨ-ਭਗਤ ਸਯਾਮ ਕਵੀ ਦੀ ਕ੍ਰਿਸ਼ਨਾਵਤਾਰ ਕਾਵਯ-ਰਚਾਨਾਂ ਵਿਚੋਂ ਚੌਪਈਆਂ, ਸਵਯੇ ਅਤੇ ਕਬਿੱਤ, ਚੁਣ ਚੁਣ ਕੇ ਲਿਖੇ ਹਨ ਅਤੇ ਸਾਰੀ ਰਚਨਾ ਕਲਗ਼ੀਧਰ ਜੀ ਦੀ ਹੋਣੀ ਦੱਸ ਕੇ ਬੇਅੰਤ ਥਾਂ ਵਰਤੀ ਹੈ । ਅਤੇ ਨਾਲੋ ਨਾਲ ਇਹ ਵੀ ਲਿਖੀ ਗਿਆ ਕਿ " ਕ੍ਰਿਸ਼ਨ ਭਗਵਾਨ ਪ੍ਰਤੀ ਅਪਾਰ ਸ਼ਰਧਾ ਹੋਣ ਕਾਰਨ ਦਸ਼ਮੇਸ਼ ਜੀ ਐਸਾ ਬੜੀ ਵਿਚਾਰ ਨਾਲ ਸਭ ਕੁਝ ਸੱਚ ਲਿਖਿਆ ਹੈ "। ਇਸ ਲਈ ਦਾਸ ਉਨ੍ਹਾਂ ਸਵੈਯਾਂ ਦਾ ਵਰਣਨ ਕਰਨ ਤੇ ਮਜਬੂਰ ਹੈ ਜੋ ਇਸ ਵਿਰੋਧੀ ਲਿਖਾਰੀ ਨੇ ਬ੍ਰਾਹਮਣ ਵਾਲੀ ਕੁਟਲ-ਨੀਤੀ ਵਰਤ ਕੇ ਪਾਠਕਾਂ ਤੋਂ ਲੁਕਾਏ ਹਨ । ਪਹਿਲਾਂ **ਲਿਖੇ " ਸਭ ਕੁਝ "** ਨੂੰ ਨਾਰਾ ਜੀ ਨੇ ਕਲਗ਼ੀਧਰ ਦੀ ਸ਼ਰਧਾ ਦੀ ਉਪਜ, ਸੱਭ " ਸੱਚ ਹੀ ਸੱਚ " ਕਿਹਾ ਹੈ,, ਹੁਣ ਜੋ ਕੁਝ ਅੱਗੇ ਲਿਖਿਆ ਜਾ ਰਿਹਾ ਹੈ ਕਿਉਂਕਿ ਉਹ ਵੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਹੀ ਲਿਆ ਗਿਆ ਹੈ ਉਹ " ਸੱਭ ਕੁਝ " ਵੀ ਅੱਖਰ ਅੱਖਰ ਸੱਚ ਹੀ ਮੰਨਣਾ ਪਵੇਗਾ । ਆਉ ਭਾਗਵਤ ਪੁਰਾਣ ਵਾਲੀ ਗਾਥਾ ਜੋ ਉਪਰ ਲਿਖੀ ਹੈ, ਉਸ ਨੂੰ ਗਿਆਨੀ ਜੀ ਦੇ ਦਸਮ ਗ੍ਰੰਥ ਗੁਰੂ ਗ੍ਰੰਥ ਸਾਹਿਬ ਜੀ ਦੀ ਹੀ ਬੋਲੀ ਵਿੱਚ ਪੜ੍ਹ-ਵਿਚਾਰੀਏ :-

੧= **ਨ੍ਹਾਵਨਿ ਲਾਗਿ ਜਬੈ ਗੁਪੀਆਂ, ਤਬ ਲੈ ਪਟ੧ ਕਾਨ ਚਰਯੋ ਤਰੁ੨ ਊਪੈ ।**
**ਤਉ ਮੁਸਕਯਾਨ ਲਗੀ ਮਧਿ ਆਪਨ, ਕੋਇ ਪੁਕਾਰ ਕਰੈ ਹਰਿ ਜੂ ਪੈ ।**
**ਚੀਰ੩ ਹਰੇ੪ ਹਮਰੇ ਛਲ ਸੇ ਤੁਮ , ਠਗ ਨਾਹਿ ਜਿਧੋ ਕੋਊ ਭੂ੫ ਪੈ ।**
**ਹਾਥਨ ਸਾਥ ਸੁ ਸਾਰ੍ਹੀ ਹਰੀ੪ ਦਿਰਗ੬ ਸਾਥ ਹਰੋ ਹਮਰੇ ਤੁਮ ਰੂਪੈ ।੨੫੧।**

**ਪਦ ਅਰਥ:**- ੧=ਕੱਪੜੇ । ੨=ਰੁੱਖ । ੩=ਕੱਪੜੇ । ੪=ਚੁਰਾਏ, ਚੁਰਾਏ । ੫=ਧਰਤੀ ਤੇ(ਤੇਰੇ ਜਿਹਾ ਠੱਗ ਕੋਈ ਨਹੀਂ) । ੬=ਅਖੀਆਂ ਭਾਵ, ਅਖਾਂ ਨਾਲ ਸਾਡਾ ਰੂਪ ਚੁਰਾ ਰਿਹਾ ਹੈਂ ਭਾਵ ਸਾਡਾ ਨੰਗੇਜ ਤੱਕ ਰਿਹਾ ਹੈਂ ?

**ਅਰਥ :**- ਜਦੋਂ ਗੋਪੀਆਂ ਨਿਸਚਿੰਤ ਹੋ ਕੇ ਨ੍ਹਾਉਣ ਲੱਗ ਪਈਆਂ ਤਾਂ ਕ੍ਰਿਸ਼ਨ ਉਨ੍ਹਾਂ ਦੇ ਕੱਪੜੇ ਲੈ ਕੇ ਰੁੱਖ ਤੇ ਜਾ ਚੜ੍ਹਿਆ । ਕਈ ਗੋਪੀਆਂ ਤਾਂ ਮੁਸਕੜੀਆਂ ਵਿੱਚ ਹਸਦੀਆਂ ਸਨ ਅਤੇ ਕਈ ਭਗਵਾਨ ਜੀ ਅੱਗੇ ਫ਼ਰਿਆਦ ਕਰਨ ਲੱਗ ਪਈਆਂ ਕਿ ਧੋਖੇ ਨਾਲ ਜਿਹੜੇ ਕੱਪੜੇ ਚੁਰਾਏ ਸਨ ਉਹ ਮੋੜ ਦੇਵੇ, ਅਤੇ ਕਹਿੰਦੀਆਂ ਸਨ ਕਿ ਸਾਰੀ ਧਰਤੀ ਤੇ ਕ੍ਰਿਸ਼ਨ ਜਿਹਾ ਹੋਰ ਦੂਜਾ ਚੋਰ ਅਥਵਾ ਠੱਗ ਨਹੀਂ ਹੋਣਾ ਜਿਹੜਾ ਹੱਥਾਂ ਨਾਲ ਸਾੜ੍ਹੀਆਂ ਚੁਰਾਈ ਬੈਠਾ ਸੀ ਅਤੇ ਅਖੀਆਂ ਨਾਲ ਉਨ੍ਹਾਂ ਦਾ ਹੁਸਨ ਚੁਰਾ ਰਿਹਾ ਸੀ, ਭਾਵ ਉਨ੍ਹਾਂ ਦਾ ਨੰਗੇਜ ਤੱਕ ਰਿਹਾ ਸੀ ।

ਅੱਗਲੇ ਕੁੱਝ ਸਵੱਯਾਂ ਵਿੱਚ ਗੋਪੀਆਂ ਕ੍ਰਿਸ਼ਨ ਨੂੰ ਰਾਜੇ ਕੰਸ ਦਾ ਡਰ ਦਿੰਦੀਆਂ ਹਨ ਤਾਂ ਕ੍ਰਿਸ਼ਨ ਭਗਵਾਨ ਜੀ ਫ਼ੁਰਮਾਂਦੇ ਹਨ ਕਿ ਮੈਂ ਉਸ ਨੂੰ ਇਸ ਤਰ੍ਹਾਂ ਮਾਰ ਦੇਣਾ ਹੈ ਜਿਵੇਂ ਕਲੀ ਤੋੜ ਕੇ ਸੁੱਟੀ ਦੀ ਹੈ ਅਤੇ ਕਸਮ ਖਾਂਦਾ ਹੈ ਕਿ ਜਿੰਨਾ ਚਿਰ ਬਾਹਰ ਨਾ ਆਉਗੀਆਂ ਕੱਪੜੇ ਬਿਲਕੁਲ ਨਹੀਂ ਦੇਣੇ । ਉਨ੍ਹਾਂ ਨੂੰ ਪਾਣੀ ਵਿਚਲੀਆਂ ਜੋਕਾਂ ਆਦਿ ਦਾ ਡਰ ਦਿੰਦਾ ਹੈ । ਅਤੇ ਫਿਰ ਇਨ-ਬਿਨ ਉਹੀ ਭਾਗਵਤ ਪੁਰਾਣ ਵਾਲਾ ਸਵੈਯਾ ਹੈ । ਉਥੇ ਇਸ ਦਾ ਨੰਬਰ ੧ ਹੈ :-

੨= **ਦੇਉ ਬਿਨਾਂ ਨਿਕਰੈ ਨਹਿ ਚੀਰ ਕਹਯੋ ਹਸਿ ਕਾਨ੍ਹ ਸੁਨੋ ਤੁਮ ਪਿਆਰੀ ।**
**ਸੀਤ ਸਹੋ ਜਲ ਮੈਂ ਤੁਮ ਨਾਹਕ ਬਾਹਰਿ ਆਵਹੁ ਗੋਰੀ ਅਰ ਕਾਰੀ ।**
**ਦੇ ਅਪੁਨੇ ਅਗੂਆ ਪਿਛੂਆ ਕਰ, ਬਾਰਿ ਤਜੋ ਪਤਲੀ ਅਰੁ ਭਾਰੀ ।**
**ਯੋ ਨਹਿ ਦੇਉ ! ਕਹਿਓ ਹਰਿ ਜੀ ਤਸਲੀਮ ਕਰੋ ਕਰ ਜੋਰਿ ਹਮਾਰੀ । ੨੫੫** । (ਅਰਥ ਲਿਖੇ ਜਾ ਚੁੱਕੇ ਹਨ)

ਅਗੋਂ ਗੋਪੀਆਂ ਤਰਲੇ ਕਰਦਿਆਂ ਹਨ ਕਿ ਉਹ ਨੰਗੀਆਂ ਪਾਣੀ ਵਿਚੋਂ ਬਾਹਰ ਕਿਵੇਂ ਆਉਣ ਅਤੇ ਮਾਂ ਜਸੋਧਾ ਨੂੰ ਸ਼ਕਾਇਤ ਲੌਣ ਦਾ ਡਰ ਪਾਉਂਦੀਆਂ ਹਨ । ਪਰ ਕ੍ਰਿਸ਼ਨ ਏਹੋ ਕਹਿੰਦਾ ਹੈ ਕਿ ਭਾਵੇਂ ਕੁਝ ਹੋਵੇ ਉਹ ਉਨ੍ਹਾਂ ਦਾ ਪੂਰਾ ਨੰਗੇਜ ਵੇਖੇ ਬਿਨਾਂ ਕੱਪੜੇ ਨਹੀਂ ਦੇਵਾਗਾ । ਫਿਰ ਵੀ ਗੋਪੀਆਂ ਕਹਿੰਦੀਆਂ ਹਨ :-

੩= **ਫੇਰਿ ਕਹੀ ਮੁਖ ਤੇ ਮਿਲਿ ਗੋਪਨ, ਨੇਹੁ ਲਗੈ ਹਰਿ ਜੀ ਨਹਿ ਜੋਰੀ ।**
**ਨੈਨਨ ਸਾਥ ਲਗੈ ਸੋਊ ਨੇਹੁ, ਕਹੈਂ ਮੁਖ ਤੇ, ਇਹ ਸਾਂਵਲ ਗੋਰੀ ।**
**ਕਾਨ੍ਹ ਕਹੀ ਹਸਿ ਕੈ ਬਾਤ, ਸੁਨੈ ਰਸੁ-ਰੀਤਿ ਕਹੋਂ ਮਮ ਹੋ ਰੀ ੧ ।**
**ਆਖਨ੨ ਸਾਥ ਲਗੈ ਟਕਵਾ ੩ ਫੁਨਿ ਹਾਥਨ ਸਾਥ ਲਗੈ ਸੁਭ ਸੋਰੀ ੪ ।੨੬੨।**

**ਪਦ ਅਰਥ:**--ਨਹਿ ਜੋਰੀ--ਧੱਕੇ ਨਾਲ (ਸਾਰੀਆਂ ਗੋਪੀਆਂ ਨੇ ਇੱਕ ਜ਼ਬਾਨ ਹੋ ਕੇ ਭਗਵਾਨ ਨੂੰ ਕਿਹਾ ਕਿ ਧੱਕੇ ਨਾਲ ਅਜੇਹਾ ਪ੍ਰੇਮ ਕਰਨਾ ਵਾਜਬ ਨਹੀਂ) । ਨੈਨਨ ਸਾਥ--ਅਖੀਆਂ ਦਾ ਪਿਆਰ (ਸਾਂਵਲੇ ਰੰਗ ਵਾਲਿਆਂ ਅਤੇ ਗੋਰੀਆਂ ਗੋਪੀਆਂ ਤਰਲੇ ਕਰਦੀਆਂ ਹਨ ਕਿ ਅਖੀਆਂ ਦੀ ਸ਼ਰਮ ਵਾਲਾ ਪਿਆਰ ਹੀ ਚੰਗਾ ਹੁੰਦਾ ਹੈ ਅਰਥਾਤ ਹਰੀ-ਭਗਵਾਨ ਨੂੰ ਸਰੀਰਕ ਪਿਆਰ ਕਰਨ ਦੀ ਨੀਯਤ ਤੋਂ ਵਰਜ ਰਹੀਆਂ ਹਨ । ੧--ਨੀ ਅੜੀਓ - (ਧਰਤੀ ਤੋਂ ਬਦਮਾਸ਼ੀ ਦਾ ਨਾਸ ਕਰਨ ਆਇਆ ਭਗਵਾਨ ਪਿੰਡ ਦੀਆਂ ਧੀਆਂ ਭੈਣਾਂ ਨੂੰ ਠੰਡੇ ਪਾਣੀ ਵਿੱਚ ਨੰਗੀਆਂ ਖੜੀਅ ਕਰਕੇ ਹੱਸਦਾ ਹੋਇਆ ਕਹਿ ਰਿਹਾ ਹੈ ਕਿ, ਅੜੀਓ ਆਉ ਮੈਂ ਤੁਹਾਨੂੰ ਰਸਿ-ਰੀਤਿ ਦੱਸਾਂ ਭਾਵ ਅਸਲੀ ਪਿਆਰ ਦੀ ਰੀਤ ਸਮਝਾਵਾਂ) ੨ + ੩--ਅਖੀਆਂ ਨਾਲ ਟਿਕਟਕੀ ਲਾ ਕੇ, ਨਿਗਾਹ ਗੱਡ ਕੇ । ੪--ਤੀਰ (ਭਾਵ, ਕ੍ਰਿਸ਼ਨ ਜੀ ਫੁਰਮਾਉਂਦੇ ਹਨ ਕਿ ਅਖੀਆਂ ਨਾਲ ਨੀਝ ਲਾ ਕੇ ਤੁਹਾਡਾ ਨੰਗੇਜ ਦੇਖਣ ਨਾਲ ਆਈ ਉਤੇਜਨਾ ਨੂੰ ਪੂਰਾ ਅਨੰਦ ਦਾ ਤੀਰ ਹੱਥਾਂ ਅਥਵਾ ਸਰੀਰਾਂ ਦੀ ਛੁਹ ਨਾਲ ਹੀ ਖੁੱਭਣਾ ਹੈ)

ਕ੍ਰਿਸ਼ਨ ਦੀ ਦਲੀਲ ਕਾਟ ਕਰ ਗਈ ਅਤੇ ਫਿਰ :-

੪= **ਦੈ੧ ਅਗੂਆ ਪਿਛੂਆ ਅਪੁਨੇ ਕਰ ਪੈ, ਸਭ ਹੀ ਜਲ ਤਿਆਗਿ ਖਰੀ ੨ ਹੈ ।**
੧+੨ =ਆਪਣੇ ਅੱਗੇ ਤੇ ਪਿਏ ਹੱਥ ਦੇ ਕੇ ਪਾਣੀ ਵਿੱਚੋਂ ਬਾਹਰ ਆ ਕੇ ਖੜੀਆਂ ਹੋ ਗਈਆਂ ।
**ਕਾਨ ਕੇ ਪਾਇੰ ਪਰੀ ਬਹੁ ਬਾਰਨ, ਅਉ ਬਿਨਤੀ ਬਹੁ ਭਾਂਤਿ ਕਰੀ ਹੈ ।**
ਅਤੇ ਫਿਰ ਕ੍ਰਿਸ਼ਨ ਦੇ ਪੈਰੀਂ ਪੈ ਕੇ ਕਈ ਢੰਗਾਂ ਨਾਲ ਬੇਨਤੀਆਂ ਕੀਤੀਆਂ ।
**ਦੇਹੁ ਕਹਯੋ, ਹਮਰੀ ਸਰੀਆਂ ਤੁਮ, ਜੋ ਕਰਿ੩ ਕੈ ਛਲ ਸਾਥ ਹਰੀ ੪ ਹੈ ।**
੩+੪ ਸਾਡੀਆਂ ਸਾੜ੍ਹੀਆਂ ਜੋ ਧੋਖੇ ਨਾਲ ਚੁਰਾਈਆਂ ਹਨ ਉਹ ਮੋੜ ਦੇਹ ।
**ਜੋ ਕਹਿ ਹੋ ਮਨਿ ਹੈਂ ਹਮ ਸੋ, ਅਤਿ ਹੀ ਸਭ ਸੀਤਹਿ ੫ ਸਾਥ ਠਰੀ ਹੈ । ੨੬੫ ।**
੫=ਪਾਲੇ ਵਿਚ, ਠੰਢ ਵਿਚ । (ਜੋ ਤੂੰ ਕਿਹਾ ਸੀ ਅਸਾਂ ਮੰਨ ਲਿਆ ਹੈ । ਅਸੀਂ ਠੰਡ ਨਾਲ ਆਤੁਰ ਹਾਂ ਸਾਡੇ ਕੱਪੜੇ ਦੇ ਦੇਹ)

ਅਗੋਂ ਫਿਰ ਕ੍ਰਿਸ਼ਨ ਹੱਸ ਕੇ ਕਹਿੰਦਾ ਹੈ ਕਿ ਕੀਹ ਹੋਰ ਵੀ ਜੋ ਕੁਝ ਮੈਂ ਕਹਾਂ ਗਾ ਉਹ ਮੰਨੋਗੀਆਂ ? ਫਿਰ ਜੋ ਮੰਗ ਕਰਦਾ ਹੈ ਉਹ ਸੱਭ ਕੁਝ ਦਸਮ ਗ੍ਰੰਥ ਦੀ ਹੀ ਬੋਲੀ ਵਿੱਚ ਪੜ੍ਹੋ :-

੫= **ਕਾਨ੍ਹ ਕਹੀ ਹਸਿ ਬਾਤ ਤਿਨੈ, ਕਹਿ ਹੈਂ ਹਮ ਜੋ ਤੁਮ ਸੋ ਮਨ ਹੋ ?**
**ਸਭ ਮੁਖ ਚੂਮਨ ਦੇਹੁ ! ਕਹਯੋ ਚੁਮ ਹੈਂ, ਹਮ ਹੂੰ ਤੁਮ ਹੂੰ ਗਨਿ੧ ਹੋ ।**
੧=ਗਿਣ ਕੇ, ਗਿਣਤੀ ਕਰਕੇ ਭਾਵ ਸਾਰੀਆਂ ਦਾ ਮੂੰਹ ਚੁਮਾਂ ਗਾ, ਕਿਸੇ ਨੂੰ ਖਿਸਕਣ ਨਹੀਂ ਦਿਆਂ ਗਾ । ਅਤੇ ਫਿਰ
**ਅਰੁ ਤੋਰਨ੨ ਦੇਹੁ ਹਯੋ ਸਭ ਹੀ ਕੁਚ੩ ਨਾਤਰ੪ ਹਉ ਤੁਮ ਕੋ ਹਨਿ੫ ਹੋ ।**
੨-ਤੋੜਨ ਦਿਉ, ਪੁੱਟਣ ਦਿਉ । ੩--ਥਣ, ਮੱਮੇ (ਆਪਣੇ ਮੱਮੇ ਵੀ ਪੁਟੱਣ ਦਿਉ) । ੪=ਨਹੀਂ ਤਾਂ । ੫= ਮਾਰਾਂ ਗਾ ।
**ਤਬ ਹੀ ਪਟ ਦੇਉ ਸਭੈ ਤੁਮਰੇ, ਇਹ ਝੂਠ ਨਹੀ, ਸਤਿ੬ ਕੈ ਜਨਿ ਹੋ । ੨੬੬ ।**

੬= ਸੱਚ ਕਰਕੇ ਜਾਣੋ । (ਭਾਵ, ਕ੍ਰਿਸ਼ਨ ਜੀ ਲਾਚਾਰ ਬੀਬੀਆਂ ਕੋਲੋਂ ਸ਼ਰਤਾਂ ਮਨਵਾ ਰਹੇ ਹਨ ਕਿ ਜੇ ਉਹ ਸਾਰੀਆਂ ਆਪਣਾ ਮੂੰਹ ਚੁਮਣ ਦੇਣਗੀਆਂ ਅਤੇ ਛਾਤ੍ਹੀਆਂ ਪੁਟਵਾਉਣੀਆਂ ਮੰਨਣ ਤੱਦ ਹੀ ਕਪੜੇ ਦੇਵੇ ਗਾ । ਅਤੇ ਜੇ ਮੁੱਕਰੀਆਂ ਤਾਂ ਕੁਟੱਣ ਦੀ ਧਮਕੀ ਵੀ ਦੇ ਰਿਹਾ ਹੈ । (ਜਦ ਭਗਵਾਨ ਹੀ ਏਹੋ ਜੇਹੀਆਂ ਕਰਤੂਤਾਂ ਕਰਦਾ ਹੋਵੇ ਤਾਂ ਉਸ ਦੇ ਭਗਤਾਂ ਨੇ ਤਾਂ ਆਪੇ ਹੀ ਦਸ ਕਦਮ ਅੱਗੇ ਜਾਣਾ ਹੋਇਆ--ਗੁਰੂ ਜਿਨ੍ਹਾਂ ਦੇ ਟੱਪਣੇ, ਚੇਲੇ ਜਾਣ ਛੜੱਪ)

**ਫੇਰਿ ਕਹੀ ਮੁਖ ਤੇ ਹਰਿ੧ ਜੀ, ਸੁਨਿ ਰੀ ਇੱਕ ਬਾਤ ਕਹੋਂ ਸੰਗ ਤੇਰੇ ।**
੧= ਹਰੀ, ਪਰਮਾਤਮਾ (ਜੇ ਇਹ ਕੁੱਝ ਕਰਨ ਵਾਲਾ ਹਰੀ ਅਖਵਾਂਦਾ ਹੈ ਤਾਂ ਦੁਰਾਚਾਰੀ ਕੌਣ ਹੋਇਆ ?)
**ਜੋਰਿ ਪ੍ਰਨਾਮ ਕਰਤੋ ਕਰ ਸੋਂ ਤੁਮ, ਕਾਮ ਕਰਾ ੨ ਉਪਜੀ ਜੀਅ ਮੇਰੇ ।**
੨=(ਮੇਰੇ ਜੀਅ ਵਿੱਚ ਤੁਹਾਡੇ ਨਾਲ ) ਕਾਮ-ਚੇਸ਼ਟਾ,ਸੰਜੋਗ ਕਰਨ ਦੀ ਇਛਿਆ ਜਾਗ ਪਈ ਹੈ ।
**ਤੋਂ ਹਮ ਬਾਤ ਕਹੀ ਤੁਮ ਸੋ, ਜਬ ਘਾਤ੩ ਬਨੀ ਸਭ ਠਉਰ ਅਕੇਰੇ ੪ ।**
੩=ਮੌਕਾ ਆ ਬਣਿਆ ਹੈ । ੪= ਨਿਵੇਕਲੇ, ਇੱਕਲਵੰਜੇ ।
**ਦਾਨ ਲਹੈਂ ਜੀਅ ਕੋ ਹਮ ਹੂੰ , ਸਹ ਕਾਨ੍ਹ ਕਹੀ ਤੁਮਰੋ ਤਨ ਹੇਰੇ ੫ ।**

੫= ਤੁਹਾਡਾ ਨਗਨ ਸਰੀਰ ਦੇਖ ਕੇ ਅਤੇ ਢੁਕਵਾਂ ਸਮਾਂ ਵੇਖ ਕੇ ਹੀ ਇਹ ਮੰਗ ਕੀਤੀ ਹੈ, ਕਿ ਮੈਂ ਤੁਹਾਡੇ ਨਾਲ ਭੋਗ ਕਰਨਾ ਚਾਹੁੰਦਾ ਹਾਂ ) (ਅਰਥ ਭਾਈ ਰਣਧੀਰ ਸਿੰਘ ਵਾਲੇ ਹੀ ਲਿਖੇ ਜਾ ਰਹੇ ਹਨ)

ਇਸ ਤੋਂ ਅਗਲਾ - **ਗੋਪੀ ਬਾਚ ਸਵਯਾ**- ਉਹੀ ਹੈ ਜੋ ਭਾਗਵਤ ਪੁਰਾਣ ਵਿਚੋਂ ਲਿਖਿਆ ਜਾ ਚੁਕੱਾ ਹੈ । ਓਥੇ ਇਸ ਨੂੰ ਦੋ ਨੰਬਰ ਦਿੱਤਾ ਗਿਆ ਹੈ ਪਰ ਦਸਮ ਗ੍ਰੰਥ ਵਿੱਚ ੨੬੯ ਨੰਬਰ ਹੈ । ਅਸਾਂ ਪੜ੍ਹਿਆ ਸੀ ਕਿ ਉਸ ਸਵੱਯੇ ਵਿੱਚ ਗੋਪੀਆਂ ਭਗਵਾਨ ਨੂੰ ਕਹਿੰਦੀਆਂ ਹਨ--ਤੂੰ ਅਜੇ ਛੋਟੀ ਉਮਰ ਦਾ ਹੈਂ ਤੈਨੂੰ ਤਾਂ ਆਪਣੇ ਘਰ ਹੀ ਖੇਲਣਾ ਚਾਹੀਦਾ ਹੈ । ਤੇਰਾ ਪਿਉ ਨੰਦ ਅਤੇ ਮਾਤਾ ਜਸੋਧਾ ਸੁਣ ਕੇ ਦੁਖੀ ਹੋਣਗੇ ਅਤੇ ਭਗਵਾਨ ਨੂੰ ਅਕਲ ਦੇਂਦੀਆਂ ਹੋਈਆਂ ਗੋਪੀਆਂ ਉਸ ਨੂੰ ਕਹਿਦੀਆਂ ਹਨ ਕਿ ਹੇ ਕਾਨ੍ਹ ਇਹ ਘਟੀਆ ਗੱਲਾਂ ਕਹਿ ਕੇ ਤੂੰ ਹਲਕਾ ਹੋ ਗਿਆ ਹੈਂ, ਭਾਵ ਤੂੰ ਬਦਨਾਮ ਹੋ ਜਾਂਵੇਂ ਗਾ । ਜੋਰ ਨਾਲ ਵੀ ਕਦੇ ਪਿਆਰ ਪਿਆ ਹੈ ? ਤੂੰ ਤਾਂ ਧੱਕਾ ਕਰ ਰਿਹਾ ਹੈਂ । ਅਜੇ ਤੂੰ ਲੜਕਾ ਹੈਂ ਭਾਵ ਬਾਲ ਉਮਰ ਹੈਂ ਤੈਨੂੰ ਇਨ੍ਹਾਂ ਕੰਮਾ ਵਿਚ ਅਜੇ ਨਹੀਂ ਪੈਣਾ ਚਾਹੀਦਾ ।

ਅਗੇ ੨੭੭ ਸਵੈਯੇ ਤਾਈਂ ਕ੍ਰਿਸ਼ਨ-ਭਗਵਾਨ ਨੰਗੀਆਂ ਖਲੋਤੀਆਂ ਗੋਪੀਆਂ ਦੇ ਮੁਖੜੇ, ਹਿਰਨਾਂ ਵਰਗੇ ਨੈਨਾਂ, ਮੋਤੀਆਂ ਵਰਗੇ ਦੰਦਾਂ ਦੀ ਸੋਭਾ ਕਰ ਕਰ ਕੇ, ਇਸ਼ਕ ਕਰਨ ਵਿੱਚ ਆਪਣੀ ਨਪੁੰਨਤਾ ਦਾ ਪ੍ਰਭਾਵ ਪਾਉਂਦਾ ਹੈ ਅਤੇ ਗੋਪੀਆਂ ਦੀ ਤੱਸਲੀ ਕਰਾਉਂਦਾ ਹੈ ਕਿ ਕ੍ਰਿਸ਼ਨ ਨੂੰ ਬਾਲ ਨਾ ਸਮਝਣ । ਜਵਾਨਾ ਨਾਲੋਂ ਕਿਤੇ ਵੱਧ ਸਾਬਤ ਹੋਵੇਗਾ । ਉਸ ਤੋਂ ਅਗਲਾ ਵਾਰਤਾਲਾਪ ਇਸ ਪ੍ਰਕਾਰ ਹੈ :-

੬= **ਕਾਨ੍ਹ ਕਹੀ ਹਸਿ ਕੈ ਤਿਨ ਸੋ, ਤੁਮਰੇ ਮ੍ਰਿਗ੧ ਸੇ ਦ੍ਰਿਗ੨ ਦੇਖਤ ਜੀਜੇ੩ ।**

੧= ਹਰਨ । ੨= ਨੈਂਨ, ਨੇਤ੍ਰ । ਜੀਜੈ - ਜੀਉਂਦਾ ਹਾਂ । ੪= ਘਰੀਂ, (ਫੇਰਿਆਂ ਤਾਂਈ) ।

**ਡੇਰਨ੪ ਨਾਹਿ ਕਹੈਂ ਤੁਮਰੇ, ਇਹ ਤੇ ਤੁਮਰੋ ਕਛੂ ਨਾਹਿਨ ਛੀਜੈ੫ । ੫=ਵਿਗੜਦਾ ।**

(ਭਾਵ, ਜੇ ਅੱਜ ਦੀ ਗੱਲ ਤੁਹਾਡੇ ਵਿਆਹ ਸਮੇਂ ਦੇ ਫੈਰਿਆਂ ਵਿੱਚ ਕੋਈ ਨਾ ਦੱਸੇ ਤਾਂ ਤੁਹਾਡਾ ਕੁਝ ਨਹੀਂ ਵਿਗੜਦਾ )

ਕਾਨ੍ਹ ਦੀਆਂ ਗੱਲਾਂ ਸੁਣਕੇ ਉਨ੍ਹਾਂ (ਨੰਗੀਆਂ) ਦੇ ਅੰਦਰ ਵੀ ਕਾਮ ਵਾਸ਼ਨਾ ਜਾਗ ਪੈਣ ਕਾਰਨ ਗੋਪੀਆਂ ਨੇ ਆਤਮ ਸਮਰਪਣ ਦਾ ਫੈਸਲਾ ਕਰ ਲਿਆ :-

੭= **ਜੋਰਿ ਪ੍ਰਨਾਮ ਕਰੋ ਹਰਿ ਕੋ ਕਰ, ਆਪਸ ਮੈ ਕਹਿ ਕੈ ਮੁਸਕਾਨੀ੧ ।** ੧= ਮੁਸਤਕਰਾਈਆਂ ।

**ਸਯਾਮ ਲਗੀ ਕਹਨੇ ਮੁਖ ਤੇ, ਸਭ ਹੀ ਗੁਪੀਆਂ ਮਿਲਿ ਅੰਮ੍ਰਿਤ੨ ਬਾਨੀ ।** ੨= ਮਿੱਠੇ ਬਚਨ ।

**ਹੋਹੁ ਪ੍ਰਸੰਨਯ ! ਕਹਯੋ ਹਮ ਪੈ, ਕਰੁ੩ ! ਬਾਤ ਕਹੀ ਤੁਮ, ਸੋ ਹਮ ਮਾਨੀ ।** ੩= ਕਰ ਲੈ ।

**ਅੰਤਰ੪ ਨਾਹਿ ਰਹਯੋ ਇਹ ਜਾ, ਅਬ ਸੋਊ ਭਲੀ ਤੁਮ ਜੋ ਮਨਿ ਭਾਨੀ । ੨੭੮ ।**

੪= ਹੁਣ ਕੋਈ ਭੇਦ (ਫ਼ਰਕ) ਨਹੀਂ ਰਿਹਾ, ਜੋ ਤੇਰਾ ਦਿਲ ਕਰਦਾ ਹੈ ਕਰ ਲੈ , ਅਸੀਂ ਤਿਆਰ ਹਾਂ )

**ਕਾਮ ਕੇ ਬਾਨ ਬਨੀ ਬਰਛੀ, ਭਰੁਟੇ੫ ਧਨੁ ਸੇ ਦ੍ਰਿਗ੬ ਸੁੰਦ੍ਰ ਤੇਰੇ ।** ੫= ਧਨੁਖ ਵਰਗੇ ਭਰਵੱਟੇ । ੬= ਨੈਨ, ਨੇਤ੍ਰ ।

**ਆਨਨ੭ ਹੈ ਸਸਿ੮ ਸੋਂ ਅਲਕੈ੯ ਹਰਿ, ਮੋਹਿ ਰਹੈਂ ਮਨ ਰੰਚਕ੧੦ ਹੇਰੇ ।**

੭= ਮੁਖੜਾ । ੮= ਚੰਦ । ੯= ਲਟਾਂ, ਜ਼ੁਲਫ਼ਾਂ । ੧੦= ਥੁਹੜਾ ( ਜਿਹਾ ਦੇਖਣ ਨਾਲ ਹੀ ਮੋਹ ਲਿਆ ਹੈ )

**ਤਉ ਤੁਮ ਸਾਥ ਕਰੀ ਬਿਨਤੀ, ਜਬ ਕਾਮ ਕਰਾ੧੧ ਉਪਜੀ ਜੀਅ ਮੇਰੇ ।** ੧੧=ਕਾਮ ਦੀ ਕਲਾ , ਕਾਮ ਦਾ ਵੇਗ ।

**ਚੁੰਬਨ ਦੇਹੁ ਕਹਿਓ ਸਭ ਹੀ ਮੁਖ, ਸਉਹ ਹਮੈ ਕਹਿ ਹੈਂ ਨਹਿ ਡੇਰੇ । ੨੭੯ ।**

**ਹੋਇ ਪ੍ਰਸੰਨਯ ਸਭੈ ਗੁਪੀਆਂ ਮਿਲਿ , ਮਾਨ ਲਈ ਜੋਊ ਕਾਨ੍ਹ ਕਹੀ ਹੈ ।**

**ਜੋਰਿ ਹੁਲਾਸ੧੨ ਬਢਯੋ ਜੀਅ ਮੈ ਗਿਨਤੀ ਸਰਿਤਾ੧੩ ਮਗ ਨੇਹ ਬਹੀ੧੪ ਹੈ ।** ੧੨=ਜ਼ੋਰ ਦਾ ਅਨੰਦ ਵਧਿਆ ।

੧੩+੧੪=ਅਨੰਦ ਦੀ ਨਦੀ ਹੀ ਚੱਲ ਨਿਕਲੀ, ਏਨਾ ਸੁਆਦ ਆਇਆ ਕਿ ਕੋਈ ਗਿਣਤੀ ਮਿਣਤੀ ਨਾ ਰਹੀ ।

**ਸੰਕ ਛੁਟੀ ਦੁਹੂੰ ਕੇ ਮਨ ਤੇ, ਹਸਿ ਕੈ ਹਰਿ ਤੋ ਇਹ ਬਾਤ ਕਹੀ ਹੈ ।**

( ਭਗਵਾਨ ਆਪਣੀਆਂ ਭਗਤਨੀਆਂ ਨੂੰ ਕਾਮ ਚੇਸਟਾ ਦਾ ਅਨੰਦ ਦੇ ਰਿਹਾ ਹੈ )

**ਬਾਤ ਸੁਨੋ ਹਮਰੀ ਤੁਮ ਹੂੰ, ਹਮ ਕੋ ਨਿਧਿ੧੫ ਆਨੰਦ ਆਜ ਲਹੀ ਹੈ । ੨੮੦ ।**

੧੫= ਖ਼ਜ਼ਾਨਾ (ਕਾਮ-ਕ੍ਰੀੜਾ ਨਾਲ ਏਨਾ ਅਨੰਦ ਆਇਆ ਕਿ ਗਵਾਲਣਾ ਭਗਵਾਨ ਨੂੰ ਕਹਿਦੀਆਂ ਹਨ ਕਿ ਅੱਜ ਤਾਂ ਅਨੰਦ ਦਾ ਖ਼ਜ਼ਾਨਾ ਹੀ ਮਿਲ ਗਿਆ ਹੈ)

ਅੱਗੇ ਜੋ ਭਾਣਾ ਵਰਤਿਆ ਉਸ ਦਾ ਵੇਰਵਾ ਭਾਗਵਤ-ਪੁਰਾਣ ਵਿਚੋਂ ਪੜ੍ਹ ਚੁੱਕੇ ਹਾਂ । ਬਾਰ ਬਾਰ ਆਚਰਨ ਹੀਣਤਾ ਦਾ ਤਾਂ ਸੰਕਲਪ ਵੀ ਕਰਨਾ ਇਨਸਾਨੀਯਤ ਦੇ ਗੁਣਾ ਲਈ ਹਾਨੀ ਕਾਰਕ ਮੰਨਿਆਂ ਗਿਆ ਹੈ ।

ਕ੍ਰਿਸ਼ਨ ਜੀ ਦੇ ਬ੍ਰਿੰਦਾ-ਬਨ ਵਿਚਲੀ ਰੰਗ ਸ਼ਾਲਾ ਦੀ ਸਟੇਜ ਦੇ ਨਜ਼ਾਰਿਆਂ ਦਾ ਹੋਰ ਪੱਖ ਵੀ ਵੇਖ ਲਈਏ । ਬਨ ਵਿੱਚ ਗਊਆਂ ਚਾਰਦਿਆਂ ਕ੍ਰਿਸ਼ਨ ਜੀ ਅਤੇ ਉਨ੍ਹਾਂ ਦੇ ਸਾਥੀ ਗਵਾਲਿਆਂ ਲਈ ਬ੍ਰਾਹਮਣ ਇਸਤ੍ਰੀਆਂ ਜੋ ਭੋਜਨ ਤਿਆਰ ਕਰ ਕੇ ਲਿਆਈਆਂ ਉਸ ਦਾ ਵੇਰਵਾ ਕ੍ਰਿਸ਼ਨਾਵਤਾਰ ਦਾ ਲਿਖਾਰੀ, " ਸਿਯਾਮ " ਕਵੀ (ਜਿਸ ਨੂੰ ਗਿਆਨੀ ਈਸ਼ਰ ਸਿੰਘ ਦਸ਼ਮੇਸ਼ ਜੀ ਕਹਿ ਰਿਹਾ ਹੈ) ਇਉਂ ਲਿਖਦਾ ਹੈ :-

**ਸਾਲਨ੧ ਅਉ ਅਖਨੀ੨ ਬਿਰੀਆ੩ ਜਿਜ਼੪ ਤਾਹਰੀ੫ ਅਉਰ ਪੁਲਾਵ੬ ਘਨੇ੭ ।**

੧=ਤਰੀਦਾਰ ਮਾਸ,ਸ਼ੋਰਬਾ । ੨= ਯਖਨੀ, ਮਾਸ ਦੀ ਸੰਘਣੀ ਤਰੀ । ੩= ਭੁਜਾ ਹੋਇਆ ਸੁੱਕਾ ਮਾਸ । ੪= ਦੁੰਬੇ ਦੀ ਚੱਕੀ ਦਾ ਭੁੱਜਾ ਹੋਇਆ ਮਾਸ । ੫= ਮਾਸ ਨੂੰ ਬਹੁਤਾ ਰਿਨ੍ਹ ਕੇ ਬਣਾਈ ਹੋਈ ਕੜ੍ਹੀ । ੬= ਮਾਸ ਦਾ ਪਲਾਉ, ਮਟਰ ਯਾ ਵੜੀਆਂ ਆਦਿ ਪਾ ਕੇ ਬਣੇ ਸਲੂਣੇ, ਘਿਉ ਭੁੰਨਵੇਂ ਚੌਲ । ੭= ਬਹੁਤੇ । ੮= ਦੋਹਿਰਾ ।

**ਨੁਗਦੀ੮ ਅਰੁ ਸੇਵਕੀਆਂ੯ ਚਿਰਵੇ੧੦ ਲਡੂਆ ਅਰੁ ਸੂਤ੧੦ ਭਲੇ ਹੁ ਬਨੇ ।**

੮= ਵੇਸਣ ਦੀਆਂ ਬਣੀਆਂ, ਤਲੀਆਂ ਹੋਈਆਂ ਮੋਟੀਆਂ ਸਲੂਣੀਆਂ ਸੇਵੀਆਂ । ੯= ਸੇਵੀਆਂ । ੧੦=ਚੌਲ ਭਿਉਂ ਕੇ ਯਾਂ ਥੁਹੜੇ ਉਬਾਲ ਕੇ ਤੇ ਭੱਠੀ ਵਿੱਚ ਭੁੰਨ ਕੇ ਚਪਟੇ ਕਰ ਲਈਦੇ ਹਨ । ਚਿੜਵੇ ਪੂਰਬੀਆਂ ਦਾ ਮਨ-ਭਾਉਂਦਾ ਖਾਜਾ ਹੈ ।

**ਫੁਨਿ ਖੀਰ ਦਹੀ ਅਰੁ ਦੂਧ ਕੇ ਸਾਥ, ਬਰੇ ਬਹੁ ਅਉਰ ਨ ਜਾਤ ਗਨੇ ।**

**ਇਹ ਖਾਇ ਚਲਯੋ ਭਗਵਾਨ ਗ੍ਰਿਹੰ ਕਹੁ ਸਯਾਮ ਕਬੀਸਰ ਭਾਵ ਗਨੇ ।** ੩੨੯ ।

ਕ੍ਰਿਸ਼ਨ ਨੂੰ ਭਗਵਾਨ ਆਖ ਕੇ ਉਸ ਦੀ ਪੂਜਾ ਕਰਨ ਵਾਲਿਆਂ ਨੇ ਜਿਥੇ ਉਸ ਨੂੰ ਬਾਲ ਉਮਰ ਵਿੱਚ ਲੋਕਾਂ ਦੀਆਂ ਬੱਚੀਆਂ ਨਾਲ ਬਲਾਤਕਾਰ ਕਰਦਾ ਅਤੇ ਹਰਨੀਆਂ ਪਿਛੇ ਹਰਨ ਬਣਿਆਂ ਹੋਇਆ ਉਨ੍ਹਾਂ ਦੀਆਂ ਕੁੱਖਾਂ ਹਰੀਆਂ ਕਰਦਾ ਵਿਖਾਇਆ ਹੈ ਓਥੇ ਨਾਲ ਹੀ ਉਸ ਲਈ ਕਈ ਰੰਗਾਂ ਦਾ ਮਾਸ ਬਣ ਕੇ ਆਉਂਦਾ ਵੀ ਵਿਖਾ ਦਿੱਤਾ ਹੈ । ਨਾਰਾ ਜੀ ਜਿਸ ਕ੍ਰਿਸ਼ਨ ਨੂੰ ਕਲਗ਼ੀਧਰ ਹੋਣਾ ਦੱਸ ਰਿਹਾ ਹੈ ਉਸ ਭਗਵਾਨ ਦੇ ਬ੍ਰਿੰਦਾ ਬਨ ਦੀ ਰੰਗ ਸ਼ਾਲਾ ਵਿੱਚ ਗੋਪੀਆਂ ਨਾਲ ਮੇਲ ਮਿਲਾਪ ਦੇ ਕੁਝ ਹੋਰ ਰੰਗ ਵੇਖ ਲਉ : -

੯= **ਜਬੈ ਕ੍ਰਿਸ਼ਨ ਸੰਗ ਗੋਪੀਅਨ, ਕਰੀ ਮਾਨੁਖੀ੧ ਬਾਨ੨ ।**

੧+੨ ਮਰਦਾਂ ਵਾਲੀ ਆਦਤ, ਨਰ-ਨਾਰੀ ਵਾਲਾ ਸੰਜੋਗ , ਭੋਗ ਵਿਲਾਸ ।

**ਸਭ ਗੋਪੀ ਤਬ ਯੋਂ ਲਖਯੋ ਭਯੋ ਬੱਸਯ੩ ਭਗਵਾਨ । ੪੭੯ ।**

੩= ਕਿਰਸ਼ਣ ਭਗਵਾਨ ਹੁਣ ਕਾਬੂ ਆ ਗਏ ਹਨ । (ਪਰਾਈ ਇਸਤ੍ਰੀ ਦਾ ਸੰਗ ਕਰਕੇ ਚੰਗੇ ਮਨੁੱਖ ਦੀ ਆਤਮਾ ਜ਼ਖ਼ਮੀ ਹੋ ਜਾਂਦੀ ਹੈ ਅਤੇ ਮੁੜ ਉਸ ਇਸਤ੍ਰੀ ਦੇ ਸਾਹਮਣੇ ਸ਼ਰਮਿੰਦਗੀ ਮੰਨ ਕੇ ਧੌਣ ਨੀਵੀਂ ਰਖਦਾ ਹੈ । ਡਰਦਾ ਹੈ ਕਿ ਕਿਤੇ ਉਹ ਇਸਤ੍ਰੀ ਉਸ ਨੂੰ ਬਦਨਾਮ ਨਾ ਕਰ ਦੇਵੇ । ਮਾਨੋਂ ਅਜੇਹੀ ਔਰਤ ਮਨੁੱਖ ਨੂੰ ਆਪਣੇ ਕਾਬੂ ਆਇਆ ਮੰਨਦੀ ਹੈ )

ਅਰਥਾਤ ਜਦੋਂ ਕ੍ਰਿਸ਼ਨ ਜੀ ਨੇ(ਭਗਵਾਨ ਵਾਲੀ ਮਿਹਰ ਨਹੀਂ) ਮਰਦਾਂ ਵਾਲੀ ਆਦਤ ਅਨੁਸਾਰ ਗੋਪੀਆਂ ਨਾਲ ਸੰਜੋਗ-ਭੋਗ ਕਰ ਲਿਆ ਤਾਂ ਗੋਪੀਆਂ ਨੂੰ ਯਕੀਨ ਹੋ ਗਿਆ ਕਿ ਹੁਣ ਭਗਵਾਨ ਉਨ੍ਹਾਂ ਦੇ ਕਾਬੂ ਆ ਗਿਆ ਹੈ ।

੧੦= **ਕਾਨ੍ਹ ਛੁਹਯੋ ਚਹੈ ਗ੍ਵਾਰਨ ਕੌ, ਸੋਊ ਭਾਗ ਚਲੈਂ ਨਹੀ ਦੇਤ ਛੁਹਾਈ ।**

**ਜਿਉ ਮ੍ਰਿਗਨੀ ਅਪਨੇ ਪਤਿ੧ ਕੋ ਰਤਿ੨ ਕੇਲ੩ ਸਮੇ ਨਹੀਂ ਦੇਤ ਮਿਲਾਈ ।** ੬੫੮ ।

੧= ਪਤੀ । ੨= ਕਾਮਦੇਵ ਦੀ ਧੀ, ਪਿਆਰ । ੩= ਕ੍ਰੀੜਾ (ਭਾਵ, ਲਿਖਾਰੀ ਚੰਗੀ ਤਰ੍ਹਾਂ ਸਮਝਾ ਰਿਹਾ ਹੈ ਕਿ ਬ੍ਰਿੰਦਾ-ਬਨ ਵਿੱਚ ਜਦੋਂ ਵੀ ਕ੍ਰਿਸ਼ਨ ਗੋਪੀਆਂ ਨਾਲ ਖੇਲ ਤਮਾਸ਼ੇ ਕਰਦਾ ਸੀ ਤਾਂ ਉਹ ਉਸ ਹਰਨ ਵਾਂਗ ਵੀ ਹੁੰਦਾ ਸੀ ਜੋ ਹਰਨੀਆਂ ਦੇ ਇੱਜੜ ਵਿੱਚ ਹੁੰਦਾ ਹੈ । ਅਤੇ ਜਿਵੇਂ ਹਰਨੀਆਂ ਆਪਣੇ ਪਤੀ ਹਰਨ ਨੂੰ ਅੱਗੇ ਅੱਗੇ ਭੱਜ ਕੇ ਸਤਾਉਂਦੀਆਂ ਹਨ ਅਤੇ ਛੇਤੀ ਦੇਣੀ ਮਿਲਾਈ ਨਹੀਂ ਕਰਨ ਦਿੰਦੀਆਂ ਓਸੇ ਤਰ੍ਹਾਂ ਹੀ ਗੋਪੀਆਂ ਕਰਦੀਆਂ ਸਨ । ਕ੍ਰਿਸ਼ਨ ਦੌੜ ਦੌੜ ਕੇ ਉਨ੍ਹਾਂ ਨੂੰ ਕਾਬੂ ਕਰਦਾ ਸੀ ।

ਵਭਾਗਵਤ ਪੁਰਾਣ ਵਾਂਗ ਹੀ ਸਯਾਮ ਕਵੀ ਨੇ ਗੋਪੀਆਂ ਦੇ ਝੁੰਡ ਵਿੱਚ ਕ੍ਰਿਸ਼ਨ ਦਾ ਰੂਪ ਉਹੀ ਦਰਸਾਇਆ ਹੈ ਜੋ ਹੀਰੇ ਹਿਰਨ ਦਾ ਆਪਣੀਆਂ ਹਿਰਨੀਆਂ ਦੇ ਵੱਗ ਵਿੱਚ ਹੁੰਦਾ ਹੈ । ਕਿਸ ਦਲੀਲ ਨਾਲ ਅਜੇਹੇ ਸਬੰਧ ਨੂੰ ਭਗਵਾਨ ਅਤੇ ਭਗਤ ਵਾਲਾ ਪਵਿਤ੍ਰ ਪ੍ਰੇਮ ਕਿਹਾ ਜਾ ਸਕਦਾ ਹੈ ? ਜੇ ਹਿਰਨੀਆਂ ਦਾ ਹਿਰਨ ਨਾਲ ਪਿਆਰ ਭਗਤੀ ਭਾਵ ਵਾਲਾ ਹੁੰਦਾ ਹੈ ਤਾਂ ਫਿਰ ਕਾਮ-ਭੁੱਖ ਗ੍ਰਸਿਆ ਪਿਆਰ ਕਿਸ ਨੂੰ ਕਿਹਾ ਜਾਂਦਾ ਹੈ ? ਪਸ਼ੂਆਂ ਵਾਲੇ ਆਚਰਨ ਦੇ ਮਾਲਕ ਕ੍ਰਿਸ਼ਨ ਦਾ ਸਿਮਰਨ ਭਗਤ-ਨਾਮਦੇਵ ਜੀ ਕਿਵੇਂ ਕਰ ਸਕਦੇ ਸਨ ? ਭਗਤ ਜੀ ਦਾ ਕ੍ਰਿਸ਼ਨ ਉਹੀ ਸੀ ਜਿਸ ਨੂੰ ਉਹ, ਕਰੀਮਾ, ਰਹੀਮਾ, ਅਲ੍ਹਾ, ਤੂੰ ਗ਼ਨੀ ਆਦਿ ਇਸਲਾਮੀ ਨਾਵਾਂ ਨਾਲ ਵੀ ਬੁਲਾਉਂਦੇ ਸਨ ।

ਨਾਰਾ ਜੀ ਦੇ ਕਲਗੀਧਰ, ਕਵੀ ਸਯਾਮ ਜੀ ਨੇ ਕ੍ਰਿਸ਼ਨ ਜੀ ਦਾ ਇੱਕ ਹੋਰ ਰੂਪ ਵੀ ਪੇਸ਼ ਕੀਤਾ ਹੈ । ਲਿਖਦੇ ਹਨ ਕਿ ਜਦੋਂ ਅਉਧ ਦੀ ਰਾਜ ਕੁਮਾਰੀ ਨੂੰ ਜਿਤ ਕੇ ਦੁਆਰਕਾ ਪੁੱਜੇ ਤਾਂ ਕ੍ਰਿਸ਼ਨ ਜੀ ਅਰਜੁਨ ਨੂੰ ਨਾਲ ਲੈ ਕੇ ਬਾਗ਼ ਵਿੱਚ ਸੈਰ ਕਰਨ ਨਿਕਲ ਤੁਰੇ । ਓਥੇ ਸੇਵਾਦਾਰਾਂ, ਹੋਰ ਲੋੜਵੰਦਾਂ ਅਤੇ ਮੰਗਤਿਆਂ ਨੂੰ ਭੋਜਨ ਦਿੱਤਾ । ਆਪਣੇ ਖਾਣ ਪੀਣ ਅਤੇ ਸ਼ੁਗ਼ਲ ਮੇਲੇ ਵਾਸਤੇ ਜੋ ਕੁਝ ਮੰਗਾਇਆ ਸਿਯਾਮ ਕਵੀ ਜੀ ਨੇ ਉਸ ਦਾ ਵਰਣਨ ਇਸ ਪ੍ਰਕਾਰ ਕੀਤਾ ਹੈ :-

੧੧= **ਜੀਤਿ ਸੁਅੰਬਰ੧ ਮੈ ਹਰਿ ਅਉਧ ਕੇ, ਭੂਪਤਿ ਕੀ ਦੁਹਿਤਾ੨ ਜਬ ਆਯੋ ।**

੧= ( ਸਯੰ+ਬਰ=ਲੜਕੀ ਦੀ ਮਰਜ਼ੀ ਦਾ ਵਰ , ਕੰਤ ਚੁਣਨਾ ) ਸ਼ਰਤੀਆ ਵਿਆਹ ਵਿੱਚ ਜਿੱਤ ਕੇ । ੨= ਲੜਕੀ ।

**ਬਾਗ ਕੇ ਭੀਤਰ ਸੈਲ ਕਰੈ, ਸੰਗ ਪਾਰਥ੩ ਥੇ ਚਿਤ ਮੈ ਠਹਿਰਾਯੋ ।** ੩= ਅਰਜੁਨ ।

**ਪੋਸਤ ਭਾਂਗ ਅਫ਼ੀਮ, ਘਨੋ ਮਦ੪, ਪੀਵਨ ਕੇ ਤਿਨਿ ਕਾਜ੫ ਮੰਗਾਯੋ ।**

੪= ਬਹੁਤ ਸਾਰੀ ਸ਼ਰਾਬ । ੫=ਆਪਣੇ ਲਈ ਪੀਣ ਵਾਸਤੇ ਮੰਗਾ ਲਈ । (ਨਸ਼ਿਆਂ ਦੀ ਕਮੀ ਰਹਿੰਦੀ ਸੀ ਸ਼ਯਾਮ ਜੀ ਨੇ ਉਹ ਵੀ ਪੂਰੀ ਕਰ ਦਿੱਤੀ । ਬ੍ਰਾਹਮਣ ਆਪਣੇ ਇਸ਼ਟ ਨੂੰ ਵੀ ਭਡਣੋਂ ਨਹੀਂ ਟਲਦਾ ) [ ਇਹ ਸੱਚੀ ਗੱਲ ਵੀ ਨਾਰਾ ਜੀ ਦੇ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਲਿਖੀ ਹੈ । ਪਤਾ ਨਹੀ ਨਾਰਾ ਜੀ ਕ੍ਰਿਸ਼ਨ ਜੀ ਦੇ ਇਸ ਪੱਖ ਨੂੰ ਕਿਉਂ ਲੁਕਾ ਰਹੇ ਸਨ । ]

**ਮੰਗਨ੬ ਲੋਗਨ ਬੋਲਿ ਪਠਯੋ੭ ਜਨ ਆਵਤ ਥੇ ਜਨ ਪਾਰ ਨ ਪਾਯੋ ੮। ੨੧੧੨ ।**

੬= ਮੰਗਤੇ ਲੋਕ । ੭= ਸੱਦ ਲਏ । ੮=ਮੰਗਤਿਆਂ ਅਤੇ ਸੇਵਕਾਂ ਆਦਿ ਦੀ ਗਿਣਤੀ ਦਾ ਕੋਈ ਅੰਤ ਨਹੀਂ ਸੀ ।

ਸਵੈਯਾ

**ਬਹੁ ਰਾਮਜਨੀ੧ ਤਹ ਨਾਚਤ ਹੈਂ ਇਕ ਝਾਂਜਰ ਬੀਨ ਮ੍ਰਿਦੰਗ ਬਜਾਵੈਂ ।**

੧=ਹਿੰਦੂ ਮੰਦਰਾਂ-ਖ਼ਾਸ ਕਰਕੇ ਕ੍ਰਿਸ਼ਨ ਨਾਲ ਸਬੰਧਤ ਮੰਦਰਾਂ ਵਿੱਚਲੀਆਂ ਮੂਰਤੀਆਂ ਦੀ ਭੇਟੇ ਕੀਤੀਆਂ ਹੋਈਆਂ ਲੜਕੀਆਂ ਜੋ ਬਹੁਤਾ ਕਰਕੇ ਨੱਚਦੀਆਂ, ਗਾਉਂਦੀਆਂ ਤੇ ਪੇਸ਼ਾ ਕਮਾਉਂਦੀਆਂ ਹਨ, ਧਾਰਮਿਕ--ਦੁਰਾਚਾਰਨਾਂ , ਵੇਸਵਾਵਾਂ ।

**ਦੈ ਇਕ ਝੂਮਕ੨ ਆਵਤ ਹੈ, ਇਕ ਭਾਮਿਨ੩ ਦੈ ਹਰਿ੪ ਝੂਮਕ੫ ਜਾਵੈਂ ।**

੨= ਝੂਮ ਝੂਮ ਕੇ ਨਚਣਾ । ੩= ਕਾਮ ਵਾਸ਼ਨਾਂ ਨਾਲ ਭਰੀਆਂ ਨਾਰਾਂ । ੪+੫ = ਭਗਵਾਨ ਕ੍ਰਿਸ਼ਨ ਨੂੰ ਹੁਲਾਰਾ ਦੇ ਜਾਂਦੀਆਂ ਸਨ । (ਅਖਾੜੇ ਵਿੱਚ ਨਚਦੀ ਕੰਜਰੀ, ਸ਼ਰਾਬੀਆਂ ਨਾਲ ਕਲੋਲਾਂ ਕਰਦੀ ਹੈ ਤੇ ਸ਼ਰਾਬੀ ਝੂਮਦਾ ਹੈ )

**ਕਾਨ੍ਹ ਪਟੰਬਰ੬ ਦੇਤ ਤਿਨੈ੭ ਮਨਿ੮ ਲਾਲ ਘਨੇ ਚਿਤ ਕੋ ਜੁ ਰਿਝਾਵੈ੯ ।**

੬= ਰੇਸ਼ਮੀ ਕੱਪੜੇ । ੭= ਵੇਸਵਾਵਾਂ ਨੂੰ । ੮= ਹੀਰੇ , ਮਣੀਆਂ । ੯= ਤਮਾਸ਼ਬਨੀਨਾਂ ਦੇ ਦਿਲਾਂ ਨੂੰ ਖ਼ੁਸ਼ ਕਰ ਦਿੰਦੀਆਂ ਹਨੇ ।

**ਸਯਾਮ ਭਨੈ ਬਹੁਮੋਲ ਖਰੇ੧੦ ਸੁਰਰਾਜਹਿ੧੧ ਕੋ ਕੋਊ ਹਾਥਿ ਨ ਆਵੈਂ ।੨੧੧੩।**

੧੦= ਵਡਮੁੱਲੇ ਖਰੇ ਰਤਨ ਜਵਾਹਰ । ੧੧= ਦੇਵਤਿਆਂ ਦੇ - ਇੰਦਰ ਨੂੰ ਭੀ ਨਹੀਂ ਲੱਭਦੇ ਸਨ । (ਕੀਹ ਇਹ ਲੱਛਣ ਅਵਤਾਰਾਂ ਦੇ ਹੁੰਦੇ ਹਨ ?)

**ਪਾਵਤ ਰਾਮਜਨੀ ਨਰ ਕੈ ਧਨ, ਪਾਵਤ ਹੈਂ ਬਹੁ ਦਾਨ ਗਵੱਇਯਾ ।**

**ਏਕ ਰਿਝਾਵਤ ੧ ਹੈ ਹਰਿ ਕੋ, ਕਬਿ ਸਯਾਮ੨ ਭਨੈ ਪੜ੍ਹਿ ਛੰਤ ਸਵੱਇਯਾ ।**

੧= ਖ਼ੁਸ਼ ਕਰਦੇ ਹਨ । ੨=ਕਵੀ ਸਯਾਮ ਕਹਿੰਦਾ ਹੈ ।

**ਅਉਰ ਦਿਸਾ ਹੈ ਬਿਖੈ ਥਨੇ, ਮਿਲਿ ਨਾਚਤ ਹੈਂ ਕਰਿ ਗਾਨ੩ ਭਵੱਇਯਾ੪ ।**

੩= ਗਾਉਣ ਵਾਲੇ । ੪= ਫੇਰੀਆਂ- ਘੁਮੇਰੀਆਂ ਲੈ ਕੇ ਨਚਣ ਵਾਲੇ , ਨਾਚੇ-ਨਾਚੀਆਂ ਆਦਿ ।

**ਕਉਨ ਕਮੀ ਕਹੋ ਹੈ ਤਿਨ ਕੋ, ਜੋਊ ਸ੍ਰੀ ਜਦੁਬੀਰ ਕੇ ਧਾਮ ਅਵੱਇਯਾ੫ ।** ੨੧੧੪ ।

੫= ਜੋ ਵੀ ਆਇਆ ।

ਸਵੈਯਾ

**ਤਿਨ ਕੋ ਬਹੁ ਦੈ ਸੰਗਿ ਪਾਰਥ ਲੈ, ਹਰਿ ਭੋਜਨ ਕੀ ਭੂਅ੧ ਮੈ ਪਗ੨ ਧਾਰਯੋ ।**

੧=ਭੋਜਨ ਸ਼ਾਲਾ , ਲੰਗਰ ਵਿੱਚ । ੨=ਚਰਨ ਪਾਏ । (ਮੰਗਤਿਆਂ ਆਦਿ ਨੂੰ ਦਾਨ ਦੇ ਕੇ ਵਿਹਲੇ ਹੋ ਕੇ , ਰੱਬ ਜੀ ਭੋਜਨ ਖਾਣ ਲਈ ਪਧਾਰੇ)

**ਪੋਸਤ ਭਾਂਗ ਅਫ਼ੀਮ ਮੰਗਾਇ, ਪੀਓ ਮਦ ਸ਼ੋਕ ਬਿਦਾ ਕਰਿ ਡਾਰਿਯੋ੩ ।** ੩=ਫ਼ਿਕਰ-ਫਾਕੇ ਸਭ ਦੂਰ ਕਰ ਦਿਤੇ ।

**ਮਤਿ੪ ਹੋ ਚਾਰੋਈ ਕੈਫਨ੫ ਸੋ, ਸੁਤ੬ ਇੰਦ੍ਰ ਕੈ ਸੋਂ ਇਮਿ ਸਯਾਮ੭ ਉਚਾਰਯੋ ।**

੪=ਮਸਤ ਨਸ਼ਈ ਹੋ ਕੇ । ੫= ਚਹੁਆਂ -ਪੋਸਤ, ਭੰਗ, ਅਫ਼ੀਮ ਤੇ ਸ਼ਰਾਬ ਨਸ਼ਿਆਂ ਨਾਲ । ੬= ਇੰਦ੍ਰ ਦੇ ਪੁੱਤਰ ਅਰਨਿ ਨੂੰ । ੭= ਸਯਾਮ ਜੀ ਨੇ ਐਉਂ ਆਖਿਆ ।

**ਕਾਮ੮ ਕੀਯੋ ਬ੍ਰਹਮਾ ਘਟਿ ਕਿਉਂ ? ਮਦਰਾ੯ ਕੋ ਨ ਅਠਵੋਂ ਸਿੰਧੁ੧੦ ਸਵਾਰਯੋ ।** ੨੧੧੫ ।

੮= ਬ੍ਰਹਮਾਂ ਨੇ ਇਹ ਘਟੀਆ ਕੰਮ ਕਿਉਂ ਕੀਤਾ ? ੯= ਸ਼ਰਾਬ ਦਾ । ੧੦= ਅਠਵਾਂ ਸਮੁੰਦਰ ਭਾਵ, ਬ੍ਰਮਾਂ ਨੇ ਸ਼ਰਾਬ ਦਾ ਅਠਵਾਂ ਸਮੁੰਦਰ ਨਾ ਬਣਾ ਕੇ ਬੜਾ ਘਟੀਆ ਕੰਮ ਕੀਤਾ ਹੈ (ਬਚਪਨ ਤੋਂ ਕਈ ਕਿਸਮਾਂ ਦਾ ਮਾਸ ਖਾ ਕੇ ਪਿੰਡ ਦੀਆਂ ਸਾਰੀਆਂ ਤੀਂਵੀਆਂ ਨਾਲ ਭੋਗ ਵਿਲਾਸ ਕਰਨ ਵਾਲੇ ਕ੍ਰਿਸ਼ਨ ਭਗਵਾਨ ਨੂੰ ਜਵਾਨੀ ਸਮੇਂ ਜੇ ੧੬੧੦੮ ਰਾਣੀਆਂ ਚਾਹੀਦੀਆਂ ਸਨ ਤਾਂ ਸ਼ਰਾਬ ਦਾ ਵੀ ਇਕ ਸਮੁੰਦਰ ਹੀ ਚਾਹੀਦਾ ਸੀ, ਇਸ ਵ੍ਰਿਚ ਅੱਤ-ਕਥਨੀ ਕੀਹ ਹੈ ?)

ਦੋਹਿਰਾ

**ਤਬ ਪਾਰਥ੧ ਕਰ ਜੋਰਿ ਕੈ, ਹਰਿ ਸਿਉਂ ਕਹਯੋ ਸੁਨਾਇ ।** ੧= ਅਰਜਨ( ਨੇ ਹੱਥ ਜੋੜ ਕੇ ਆਖਿਆ )

**ਜੜ ਬਾਮਨ੨ ਇਨ ਰਸਨ੩ ਕੋ, ਜਾਨੇ ਕਹਾ ਉਪਾਇ੪ ।** ੨੧੧੬ ।

੨= ਮੂਰਖ ਬ੍ਰਹਮਾ । ੩=ਇਨ੍ਹਾਂ ਰਸਾਂ ਨਸ਼ਿਆਂ ਨੂੰ । ੪= ਬਨਾਉਣ ਦਾ ਤਰੀਕਾ ਜਾਣਦਾ ਹੀ ਨਹੀਂ ਹੋਣਾ ।

ਜਨਾਨੀ ਜਿੱਤ ਕੇ ਲਿਆਉਣ ਦੀ ਖ਼ੁਸ਼ੀ ਮਨਾਉਂਣ ਦਾ ਢੰਗ ਜੇ ਇੱਕ ਅਵਤਾਰ ਦਾ ਇਹ ਸੀ, ਤਾਂ ਉਸ ਦੇ ਭਗਤ ਕੀ ਕੁੱਝ ਕਰਦੇ ਹੋਣਗੇ ? ਗੁਰਵਾਕ ਹੈ- ਜੇਹਾ ਸਿਮਰੇ ਤੇਹਾ ਹੋਏ - ਕਜੰਰੀਆਂ ਦੇ ਨਾਚ ਵਿੱਚ ਆਪ ਹਿੱਸਾ ਲੈਣਾ, ਪੋਸਤ, ਅਫ਼ੀਮ, ਭੰਗ ਅਤੇ ਸ਼ਰਾਬ ਚੌਹਾਂ ਦੇ ਨਸ਼ੇ ਵਿੱਚ ਬਦਮਸਤ ਹੋ ਕੇ ਬ੍ਰਹਮਾਂ ਨੂੰ ਇਸ ਕਾਰਨ ਮੰਦ-ਕਰਮੀ ਅਥਵਾ ਮੂਰਖ ਕਹਿਣਾ ਕਿਉਂ ਜੋ ਸੀ ਉਸ ਨੇ ਸ਼ਰਾਬ ਦਾ ਇੱਕ ਵੱਖਰਾ ਸਮੁੰਦਰ ਨਹੀਂ ਸੀ ਬਣਾਇਆ ।

ਗਿਆਨੀ ਈਸ਼ਰ ਸਿੰਘ ਜੀ ਨਾਰਾ ਜਿਸ ਬਾਣੀ ਨੂੰ ਕਲਗ਼ੀਧਰ ਜੀ ਦੀ ਰਚਨਾ ਦੱਸ ਕੇ ਫ਼ਿਰ ਉਸੇ ਦੇ ਅਧਾਰ ਤੇ ਹੀ ਦਸ਼ਮੇਸ਼ ਜੀ ਨੂੰ ਕ੍ਰਿਸ਼ਨ ਭਗਤ ਸਾਬਤ ਕਰ ਰਿਹੇ ਹਨ, ਉਨ੍ਹਾਂ ਨੇ ਉਪਰ ਲਿਖੇ ਸਵੈਯੇ ਕਿਉਂ ਨਹੀਂ ਲਿਖੇ ? ਕੀ ਇਹ ੳਸੇ ਗੁਰੂ ਦੀ ਬਾਣੀ ਨਹੀਂ ਸੀ ? ਕੀ ਇਹ ਵੀ ਸੱਭ ਕੁੱਝ ਸ਼ਰਧਾ ਨਾਲ ਲਿਖਿਆ ਸਭ ਸੱਚ ਹੀ ਨਹੀਂ ਸੀ ?

ਅਜੇਹੀ ਅਸ਼ਲੀਲ ਅਤੇ ਮਨੁੱਖੀ ਆਚਰਨ (ਖ਼ਾਸ ਕਰਕੇ ਅਲ੍ਹੜ ਜਵਾਨੀ) ਤੇ ਘਾਤਕ ਅਸਰ ਪਾਉਣ ਵਾਲੀ ਬੋਲੀ ੳਸੇ ਬ੍ਰਾਹਮਣ ਦੀ ਲਿਖੀ ਮੰਨਣ ਦੇ ਥਾਂ, (ਜਿਸ ਬ੍ਰਾਗਹਮਣ ਨੇ ਆਪਣੇ ਧਰਮ ਗ੍ਰੰਥਾਂ ਵਿਚ ਇਸ ਤੋਂ ਵੀ ਨੀਂਵੀਂ ਪੱਧਰ ਦੀ ਭਾਸ਼ਾ ਲਿਖ ਕੇ ਸਰਬ ਸ੍ਰੀ ਬ੍ਰਹਮਾ, ਵਿਸ਼ਨੂੰ , ਸ਼ਿਵ ਸ਼ੰਕਰ ਜੀ ਆਦਿ ਨੂੰ ਨੀਚ ਕਰਮੀ ਲਿਖਣ ਤੋਂ ਢਿੱਲ ਨਹੀਂ ਕੀਤੀ) ਦਸਮ ਗੁਰੂ ਨਾਨਕ ਜੀ ਦੇ ਪਾਵਨ ਪਵਿਤ੍ਰ ਨਾਮਣੇ ਨਾਲ ਜੋੜ ਦੇਣ ਲਈ ਪੂਰਾ ਟਿੱਲ ਲਾ ਰਹੇ ਹਨ। ਅਜੇਹੇ ਵਿਦਵਾਨ ਲਿਖਾਰੀ ਨਿਰੰਕਾਰੀਆਂ ਨਾਲੋਂ ਹਜ਼ਾਰਾਂ ਗੁਣਾ ਵੱਧ ਖ਼ਤਰਨਾਕ ਹਨ । ਇਨ੍ਹਾਂ ਪੰਥ ਧਰੋਈਆਂ ਤੋਂ ਸੁਚੇਤ ਰਹਿਣ ਦੀ ਲੋੜ ਹੈ । (ਹਾਏ ! ਅੱਜ ਕੌਣ ਦੱਸੇ, ਕਿ ਬਾਬਾ ਜਰਨੈਲ ਸਿੰਘ ਜੀ ਨੇ ਨਿਰੰਕਾਰੀਆਂ ਵਾਂਗ ਹੀ ਅਜੇਹੀ ਪੁਸਤਕ ਦੇ ਲਿਖਾਰੀ ਗਿਆਨੀ ਈਸ਼ਰ ਸਿੰਘ ਨੂੰ ਪੁਛਿਆ ਤੱਕ ਵੀ ਕਿਉਂ ਨਹੀਂ ਸੀ ?)

੧੨= ਰਾਧਾ ਦਾ ਕ੍ਰਿਸ਼ਨ ਨਾਲ ਵਿਆਹ ਨਹੀਂ ਸੀ ਹੋਇਆ । ਇਹ ਦਲੀਲ ਦਿੱਤੀ ਜਾਂਦੀ ਹੈ ਕਿ ਸਿਰਫ਼ ਰਾਧਾ ਦਾ ਹੀ ਕ੍ਰਿਸ਼ਨ ਨਾਲ ਪਵਿੱਤ੍ਰ ਪ੍ਰੇਮ ਸੀ । ਭਾਵ, ਬਾਕੀ ਇਸਤ੍ਰੀਆਂ ਨਾਲ ਕ੍ਰਿਸ਼ਨ ਦਾ ਸਰੀਰਕ ਸਬੰਧ ਸੀ, ਪਰ ਕੇਵਲ ਰਾਧਾ ਹੀ ਇੱਕ ਅਜੇਹੀ ਇਸਤ੍ਰੀ ਸੀ ਜਿਸ ਨਾਲ ਨਿਰੋਲ ਆਤਮਕ ਰਿਸ਼ਤਾ ਸੀ । ਏਸੇ ਕਰਕੇ ਹੀ ਕ੍ਰਿਸ਼ਨ ਦੇ ਨਾਲ ਉਸ ਦੀ ਮੂਰਤੀ ਵੀ ਪੂਜਣ ਜੋਗ ਬਣੀ ।

ਪਰ ਪੁਰਾਣਾ ਦੇ ਲਿਖਾਰੀ ਰਾਧਾ ਜੀ ਦੇ ਪਵਿੱਤ੍ਰ ਪਿਆਰ ਵਾਲੀ ਇਸ ਦਲੀਲ ਦੀ ਖੰਡਣਾ ਕੇਰਕੇ ਰਾਧਾ ਜੀ ਦਾ ਕ੍ਰਿਸ਼ਨ ਜੀ ਨਾਲ ਸਬੰਧ ਕਾਮ ਵਾਸਨਾ ਗ੍ਰਸਿਆ ਹੀ ਦਸਦੇ ਹਨ । ਉਦਾਹਰਣ ਵਜੋ :-ਸ਼ਿਵ ਪੁਰਾਣ ਦੇ ਖੰਡ- ੫ ਅਤੇ ਅਧਿਆਇ ੭ (ਪੰਜਾਬੀ ਅਨੁਵਾਦ--ਸਫਾ ੨੮੯) ਤੇ ਲਿਖਿਆ ਹੈ ਕਿ ਇੱਕ ਵਾਰੀ ਰਾਧਾ ਨੂੰ ਕਿਧਰੇ ਭੇਜ ਕੇ, ਵਿਰਜਾ* ਨਾਮੀ ਦੇਵੀ ਨਾਲ ਕ੍ਰਿਸ਼ਨ ਭੋਗ ਕਰਨ ਲੱਗ ਪਿਆ । ਕਿਸੇ ਸਖੀ ਨੇ ਰਾਧਾ ਨੂੰ ਜਾ ਖ਼ਬਰ ਦਿੱਤੀ । ਰਾਧਾ ਗੁੱਸੇ ਨਾਲ ਸੜਦੀ ਹੋਈ ਪਤਾ ਕਰਨ ਆਈ ਤਾਂ ਪਹਿਰੇ ਤੇ ਬਿਠਾਏ ਸੁਦਾਮੇ ਨੇ ਉਸਨੂੰ ਬੂਹੇ ਤੇ ਰੋਕ ਲਿਆ । ਗੁੱਸੇ ਵਿੱਚ ਆਈ ਰਾਧਾ ਨੇ ਸੁਦਾਮੇ ਨੂੰ ਸਰਾਪ ਦੇ ਦਿੱਤਾ ਕਿ ਤੂੰ ਸੰਖਚੂੜ ਨਾਮ ਦਾ ਦੈਂਤ ਬਣੇ । ਏਨੇ ਵਿਚ ਕ੍ਰਿਸ਼ਨ ਨੂੰ ਪਤਾ ਲੱਗ ਗਿਆ ਤਾਂ ਉਹ ਅੰਤਰ ਧਿਆਨ(ਛਪਨ) ਹੋ ਗਿਆ ਅਤੇ ਵਿਰਜਾ ਨੇ ਆਪਣੇ ਸਰੀਰ ਨੂੰ ਨਦੀ ਬਣਾ ਲਿਆ ।॥>>>>>

* Foot note--ਵਿਰਜਾ ਬਾਰੇ ਮਹਾਨ ਕੋਸ਼ ਦੇ ੧੧੦੩ ਸਫੇ ਤੇ ਇਸ ਪ੍ਰਕਾਰ ਲਿਖਿਆ ਹੈ :- ਵੈਸ਼ਨਵਾਂ ਦੀ ਕਲਪੀ ਇੱਕ ਨਦੀ, ਜੋ ਬੈਕੁੰਠ ਵਿੱਚ ਵਹਿੰਦੀ ਹੈ । ਬ੍ਰਹਮਵੈਵਰਤ ਅਨੁਸਾਰ ਵ੍ਰਿਜਾ ਕ੍ਰਿਸ਼ਨ ਦੀ ਇੱਕ ਪਯਾਰੀ ਸਖੀ ਜਿਸ ਨੇ ਰਾਧਾ ਦੇ ਡਰ ਤੋਂ ਨਦੀ ਦਾ ਰੂਪ ਧਾਰਨ ਕਰ ਲਿਆ ਸੀ, ਪਰ ਜਦ ਕ੍ਰਿਸ਼ਨ ਵਿਰਜਾ ਦੇ ਵਿਯੋਗ ਨਾਲ ਬਹੁਤ ਵਿਆਕੁਲ ਹੋਇਆ ਤਾਂ ਉਸ ਨੇ ਫਿਰ ਆਪਨਾ ਇਸਤ੍ਰੀ ਰੂਪ ਧਾਰ ਲਿਆ । ਇਸ ਵਿਰਜਾ ਨਦੀ ਅਥਵਾ, ਭਗਵਾਨ ਦੀ ਸਹੇਲੀ ਦਾ ਟਿਕਾਣਾ ਕਿਸੇ ਧਰਤੀ ਤੇ ਹੋਣਾ ਨਹੀਂ ਦੱਸਿਅ । ਇਸ ਨਦੀ ਦਾ ਪੱਕਾ ਟਿਕਾਨ: ਗੋਲੋਕ ਲਿਖਿਆ ਹੈ । ਬ੍ਰਮਵੈਵਰਤ ਦੇ ਮਤ ਅਨੁਸਾਰ ਗੋਲੋਕ (ਗੋ=ਪ੍ਰਕਾਸ਼ + ਲੋਕ =ਦਸ਼ ਅਰਥਾਤ ਵੱਡੇ ਪ੍ਰਕਾਸ਼ ਵਾਲਾ ਦੇ ਦੈਸ਼ ) ਬੈਕੁੰਠ ਤੋ ਬਹੁਤ ਉਪੱਰ ਹੈ । ਇਸ ਦਾ ਵਿਸਤਾਰ ੫੦ ਕਰੋੜ ਯੋਜਨ ਲਿਖਆ ਹੈ । ਭਾਵ ਧਰਤੀ ਨਾਲੋਂ ਲੱਖਾਂ ਗੁਣਾ ਵੱਡਾ । ਇਸ ਗੋਲੋਕ ਵਿਚ ਹੀ ਕਿਸ਼ਨ ਜੀ ਆਪਣੀਆਂ ਗੋਪੀਆਂ ਅਤੇ ਰਾਧਾ ਨਾਲ ਨਿਵਾਸ ਕਰਦੇ ਲਿਖਿਆ ਹੈ । ਇਨ੍ਹਾਂ ਦੇ ਸਵਰਨ ਮਹਲ ਜੋ ਰਤਨਾਂ ਨਾਲ ਜੜੇ ਹੋਏ ਹਨ ਵਿਰਜਾ ਨਦੀ ਦੇ ਕਿਨਾਰੇ ਤੇ ਹਨ । ਏਹੋ ਨਦੀ ਜਦ ਕ੍ਰਿਸ਼ਨ ਜੀ ਚਾਹੁਣ ਸੁੰਦਰ ਇਸਤ੍ਰੀ ਬਣ ਜਾਂਦੀ ਹੈ । ਜਿਵੇ ਗੰਗਾ ਭੀਸ਼ਮ ਪਿਤਾਮੇ ਦੀ ਮਾਂ ਕਰਿਆ ਕਰਦੀ ਸੀ । ਉਸ ਲੋਕ ਦਾ ਅਧਿਕਾਰ ਸਿਰਫ ਕ੍ਰਿਸ਼ਨ ਜੀ ਨੂੰ ਹੀ ਹੈ ।)

13- ਪਰ ਛੇਤੀ ਮਗਰੋਂ ਕ੍ਰਿਸ਼ਨ ਨੇ ਰਾਧਾ ਨੂੰ ਫਿਰ ਕਿਧਰੇ ਖਿਸਕਾ ਦਿੱਤਾ ਅਤੇ ਆਪ ਵਿਰਜਾ ਨਾਲ ਵਿਹਾਰ ਕਰਨ ਲੱਗ ਪਿਆ । ਅਗਲੀ ਲਿਖਤ ਇਸ ਪ੍ਰਕਾਰ ਹੈ :- **ਜਦ ਰਾਧਾ ਜੀ ਨੇ ਫਿਰ ਸੁਣਿਆ ਤਾਂ ਗੁੱਸੇ ਵਿੱਚ ਆਈ ਅਤੇ ਆਪਣੇ ਬਸਤਰ ਉਤਾਰ ਕੇ ਨਗਨ ਜ਼ਮੀਨ ਉਤੇ ਲੇਟ ਗਈ । ਜਦ ਕ੍ਰਿਸ਼ਨ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਰਾਧਾ ਦੇ ਨੇੜੇ ਆਏ । ਰਾਧਾ ਜੀ ਕ੍ਰਿਸ਼ਨ ਨੂੰ ਆਉਂਦਿਆਂ ਦੇਖ ਕੇ ਬੋਲੀ ਕਿ ਤੁਸੀਂ ਮੇਰੇ ਨੇੜੇ ਨਾ ਆਉ ਕਿਉਂਕਿ ਤੁਸੀਂ ਪਰਾਈਆਂ ਇਸਤ੍ਰੀਆਂ ( ਕੀ ਆਪ ਵਿਆਹੁਤਾ ਸੀ ? ) ਨਾਲ ਸੰਜੋਗ ਕਰਦੇ ਹੋ । ਤੁਸੀਂ ਏਥੋਂ ਚਲੇ ਜਾਉ ਅਤੇ ਅਪਣੀਆਂ ਸਖੀਆਂ ਨੂੰ ਆਗਿਆ ਦਿੱਤੀ ਕਿ ਇਨ੍ਹਾਂ ਨੂੰ ਏਥੋਂ ਕੱਢ ਦਿਉ ।** --

ਜੇ ਰਾਧਾ ਦਾ ਸਿਰਫ਼ ਆਤਮਕ ਪਿਆਰ ਹੀ ਸੀ ਅਤੇ ਕ੍ਰਿਸ਼ਨ ਨਾਲ ਇਸਤ੍ਰੀ ਮਰਦ ਵਾਲਾ ਸਬੰਧ ਨਹੀਂ ਸੀ, ਤਾਂ ਉਸ ਨੂੰ ਸੌਕਣਾਂ ਵਾਲਾ ਗੁੱਸਾ ਕਰਨ ਦੀ ਕੀ ਲੋੜ ਸੀ ? ਨੰਗੀ ਹੋ ਕੇ ਧਰਤੀ ਤੇ ਲੇਟਣ ਵਾਲੀ ਭੈੜੀ ਹਰਕਤ ਕਿਉਂ ਕਰਨੀ ਸੀ ? ਸਗੋਂ ਆਪਣੇ ਪਿਆਰੇ ਦੀ ਖ਼ੁਸ਼ੀ ਵਿੱਚ ਖ਼ੁਸ਼ ਹੁੰਦੀ । ਸੋ ਸਪੱਸ਼ਟ ਹੈ ਕਿ ਬ੍ਰਾਮਣ ਦੀ ਆਪਣੇ ਲਿਖੇ ਸ਼ਿਵ ਪੁਰਾਣ ਨੇ ਸਿੱਧ ਕਰ ਦਿੱਤਾ ਹੈ ਕਿ ਕੁਆਰੀ ਬੀਬੀ " ਰਾਧਾ " ਕ੍ਰਿਸ਼ਨ ਜੀ ਦੀ " ਉਹ ਕੁਝ " ਹੀ ਸੀ ਜਿਸ ਨੂੰ ਗੋਰੇ ਵੀਰ ਜੀ, "Girl Friend" ਕਹਿੰਦੇ ਹਨ ।

ਗਿਆਨੀ ਈਸ਼ਰ ਸਿੰਘ ਜੀ ਨੇ ਸਯਾਮ ਕਵੀ ਦੀ ਲਿਖਤ ਨੂੰ ਰੱਬੀ ਹੁਕਮ ਮੰਨਿਆ ਹੈ ਸੋ ਰਾਧਾ ਨਾਲ ਪਿਆਰ ਦੀ ਤਸਵੀਰ ਸਿਯਾਮ ਕਵੀ ਦੀ ਕਿਰਤ ਕ੍ਰਿਸ਼ਨਾਵਤਾਰ ਵਿਚੋਂ ਵੀ ਵੇਖ ਲਈਏ :-

ਰਾਧਾ ਨੂੰ ਇਹ ਨਰਾਜਗੀ ਹੋ ਗਈ ਕਿ ਕਾਨ੍ਹਾ ਚੰਦ੍ਰਭਗਾ ਗੋਪੀ ਨਾਲ ਵੱਧ ਪਿਆਰ ਕਰਦਾ ਹੈ ਅਤੇ ਉਸ ਨਾਲ ਰੁੱਸ ਗਈ । ਪਰ ਕ੍ਰਿਸ਼ਨ ਨੇ ਰਾਧਾ ਦੇ ਹੁਸਨ ਦੀਆਂ ਸਿਫ਼ਤਾਂ ਕਰਕੇ ਰਾਧਾ ਦੀ ਤਸੱਲੀ ਕਰਾ ਦਿੱਤੀ ਕਿ ਅਸਲੀ ਪਿਆਰ ਉਸੇ ਨਾਲ ਹੀ ਹੈ । ਕਾਨ੍ਹ ਦੀਆਂ ਗੱਲਾਂ ਸੁਣ ਕੇ ਬ੍ਰਿਖਭਾਨ-ਸੁਤਾ ਅਰਥਾਤ ਬ੍ਰਿਖਭਾਨ ਦੀ ਧੀ, ਰਾਧਾ ਨੇ ਰੁਸੇਵਾਂ ਛੱਡ ਦਿੱਤਾ ਅਤੇ ਕ੍ਰਿਸ਼ਨ ਨੇ ਉਸ ਨਾਲ ਉਚੇਚੇ ਮਿਲਾਪ ਲਈ ਥਾਂ ਚੁਣਿਆ ਜਿੱਥੇ ਰਾਧਾ ਕ੍ਰਿਸ਼ਨ ਨੂੰ ਜਾ ਮਿਲੀ । ਆਤਮਕ ਸਾਂਝ ਵਾਲੇ ਸੱਚੇ ਪ੍ਰੇਮੀਆਂ ਦਾ ਅਥਵਾ ਭਗਤਨੀ ਅਤੇ ਭਗਵਾਨ ਦਾ ਮਿਲਾਪ ਕਿਸ ਢੰਗ ਦਾ ਹੁੰਦਾ ਹੈ ? ਇਸ ਮਿਲਣੀ ਦਾ ਜੋ ਦ੍ਰਿਸ਼ਯ ਅਥਵਾ ਨਜ਼ਾਰਾ " ਕਬਿ " ਭਾਵ, ਕਵੀ ਸਯਾਮ੧ ਨੇ ਦਸਮ ਗ੍ਰੰਥ (ਵਿਚਲੀ ਬੜੀ ਲੰਮੀ ਬਾਣੀ) ਕ੍ਰਿਸ਼ਨਾਵਤਾਰ ਵਿੱਚ ਇਸ ਪਰਕਾਰ ਚਿਤਰਿਆ ਹੈ :-

੧੫= **ਦੋਊ ਜਉ ਹਸਿ ਬਾਤਨ ਸੰਗ ਢਰੇ੧, ਤੁ ਹੁਲਾਸ ਬਿਲਾਸ ੨ ਬਢੇ ਸਗਰੇ ।**

੧=ਪਸੀਜੇ । ੨= ਅਨੰਦ ਦਾਇਕ ਕ੍ਰੀੜਾ, ਸੁਆਦਲੀ ਖੇਡ । (ਹਾਸੇ ਮਖੌਲ ਦੀਆਂ ਗੱਲਾਂ ਕਰਨ ਨਾਲ ਦੋਹਾਂ ਦੇ ਮਨ ਪਸੀਜ ਗਏ, ਅਨੰਦ ਦਾਇਕ ਖੇਡ ਨਾਲ ਮਜ਼ਾ ਹੋਰ ਵਧਿਆ)

**ਹਸਿ ਕੰਠ ਲਗਾਇ ਲਈ ਲਲਨਾ੩, ਗਹਿ ਗਾੜੇ ਅਨੰਗ੪ ਤੇ ਅੰਕ੫ ਭਰੇ ।**

੩= ਪਿਆਰੀ ਰਾਧਿਕਾ (ਨੂੰ ਛਾਤੀ ਨਾਲ ਲਾ ਲਿਆ ) ੪= ਕਾਮ ਇੱਛਾ ਨਾਲ । ੫= ਜਫ਼ੀਆਂ ਪਾਈਆਂ, ਕਲਾਵੇ ਭਰੇ ।

**ਤਰਕੀ੬ ਹੈ ਤਨੀ ਦਰਕੀ੭ ਅੰਗੀਆ੮, ਗਰ ਮਾਲ੯ ਤੇ ਟੂਟ ਕੈ ਲਾਲ੧੦ ਪਰੇ ।**

੬=ਤਣੀ ਤੜੱਕ ਕਰਦੀ ਟੁੱਟ ਗਈ । ੭= ਚੋਲੀ ਪਾਟ ਗਈ । ੮= ਅੰਗੀ , ਚੋਲੀ ਜੋ ਤੀਵੀਂਆਂ ਸਿਰਫ਼ ਛਾਤੀ ਕੱਜਣ ਲਈ ਪਹਿਨਦੀਆਂ ਹਨ । ੯= ਗਲ ਦੀ ਮਾਲਾ । ੧੦= ਲਾਲ ਮਣੀਆਂ ਡਿੱਗ ਪਈਆਂ (ਭਾਵ, ਪਿਆਰੀ ਰਾਧਿਕਾ ਨੂੰ ਕ੍ਰਿਸ਼ਨ ਨੇ ਏਡੀ ਬੇਚੈਨੀ ਭਰੇ ਜੋਸ਼ ਨਾਲ ਫੜ ਕੇ ਛਾਤੀ ਨਾਲ ਘੁਟਿਆ ਕਿ ਉਸਦੀ ਅੰਗੀ ਦੀਆਂ ਤਣੀਆਂ ਤੜੱਕ ਦੇਣੀ ਟੁੱਟ ਗਈਆਂ, ਚੋਲੀ ਪਾਟ ਗਈ ਅਤੇ ਗਲ ਪਾਈ ਮਾਲਾ ਟੁੱਟ ਕੇ ਉਸ ਦੇ ਮਣਕੇ ਖਿੱਲਰ ਗਏ । ਇਹ ਸਿੱਧ ਹੁੰਦਾ ਹੈ ਕਿ ਰਾਧਿਕਾ ਜਦੋਂ ਵੀ ਕ੍ਰਿਸ਼ਨ ਕੋਲ ਆਉਂਦੀ ਸੀ ਪੂਰਾ ਹਾਰ ਸ਼ੰਗਾਰ ਕਰਕੇ ਆਇਆ ਕਰਦੀ ਸੀ । ਕ੍ਰਿਸ਼ਨ ਦਾ ਮਨ ਖ਼ੁਸ਼ ਕਰਨ ਵਿੱਚ ਨਿਪੁੰਨ ਸੀ ਤਦੇ ਉਸ ਨਾਲ ਕ੍ਰਿਸ਼ਨ ਦਾ ਬਹੁਤਾ ਨੇੜ ਸੀ ? )

**ਪੀਯ ਕੇ ਮਿਲਏ੧੧ ਤ੍ਰਿਯ ਕੇ ਹੀਯ੧੨ ਤੇ ,ਅੰਗਰਾ੧੩ ਬਿਰਹਾਗਨਿ੧੪ ਕੇ ਨਿਕਰੇ ।੭੪੯।**

੧੧= ਪਿਆਰੇ ਦੇ ਮਿਲਿਆਂ । । ੧੨= ਹਿਰਦੇ ਵਿੱਚ । ੧੩+੧੪ = ਵਿਛੋੜੇ ਦੇ ਸੱਲ ਨਾਲ ਉਪਜੇ ਹੋਏ ਬਿਰਹੋਂ ਦੀ ਅੱਗ ਦੇ ਅੰਗਿਆਰਾਂ (ਨੂੰ ਠੰਡ ਪੈਣ ਲੱਗ ਪਈ) । (ਜੇ ਪਾਕ ਪਵਿੱਤਰ ਪਿਆਰ ਵਾਲੀ ਪ੍ਰੇਮਣ ਨਾਲ ਮਿਲਾਪ ਦਾ ਢੰਗ ਇਹ ਸੀ ਤਾਂ ਵ੍ਰਿਜਾ ਜੇਹੀਆਂ ਗੰਦੇ ਪ੍ਰੇਮ ਵਾਲੀਆਂ ਨਾਲ ਮਿਲਣ ਢੰਗ ਕਿਸ ਤਰ੍ਹਾਂ ਦਾ ਹੁੰਦਾ ਹੋਵੇਗਾ ?)

ਜਦ ਅੰਗੀ ਤੇ ਚੋਲੀ ਪਾਟ ਗਈਆਂ ਅਤੇ ਮੋਤੀਆਂ ਦੀ ਮਾਲਾ ਵੀ ਟੁੱਟ ਕੇ ਖਿੱਲਰ ਗਈ ਤਾਂ ਫਿਰ ਇਸ ਹਾਲਤ ਵਿੱਚ ਬਾਹਰ ਰਹਿਣਾ ਠੀਕ ਨਾ ਸਮਝ ਕੇ ਰਾਧਾ ਨੂੰ ਭਗਵਾਨ ਜੀ ਕਹਿੰਦੇ ਹਨ ਕਿ ਬਾਕੀ ਦਾ ਅਨੰਦ ਜਮੁਨਾ ਦੇ ਪਾਣੀ ਵਿੱਚ ਵੜ ਕੇ ਲੈਂਦੇ ਹਾਂ ਤਾਂ :-

**ਹਰਿ੧ ਜੂ ਇਮ ਰਾਧਿਕਾ ਸੰਗਿ ਕਹੀ, ਜਮੁਨਾ ਮੈ ਤਰੋ ਤੁਮ ਕੋ ਗਹਿ੨ ਹੈਂ !**

੧= ਕ੍ਰਿਸ਼ਨ । ੨= (ਅਸੀਂ ਤੈਨੂੰ) ਓਥੇ ਫੜਾਂਗੇ । ੩= ਕਲੋਲ, ਮੌਜ ਮੇਲਾ ।

**ਜਲ ਮੈ ਹਮ ਕੇਲ੩ ਕਰੈਗੈ ਸੁਨੋ, ਰਸ੪ ਬਾਤ ਸਭੈ ਸੁ ਤਹਾਂ ਕਹਿ ਹੈਂ !**

੩= ਕਲੋਲ, ਮੌਜ-ਮੇਲਾ । ੪= ਪ੍ਰੇਮ ਪਿਆਰ ਦਾ ਅਨੰਦ । ੫= ਦੇਖ ਕੇ ।

**ਜਿਹ ਓਰ ਨਿਹਾਰਿ੫ ਬਧੂ੬ ਬ੍ਰਿਜ ਕੀ, ਲਲਚਾਇ੭ ਮਨੈ ਪਿਖਿਬੋ੮ ਚਹਿ ਹੈਂ !**

੫= ਵੇਖ ਕੇ । ੬=ਬ੍ਰਿਜ ਪਿੰਡ ਦੀਆਂ ਹੋਰ ਤੀਵੀਆਂ, ਵਹੁਟੀਆਂ । ੭=ਲਲਚਾ ਕੇ ਸ਼ੌਂਕ ਨਾਲ । ੮= ਦੇਖਣਾਂ ਚਾਹੁਣਗੀਆਂ ।

**ਪਹੁੰਚੇਂਗੀ ਨਹਿ ਤਹ ਗ੍ਵਾਰਨ ਏਂ, ਹਮ ਹੂੰ ਤੁਮ੯ ਰੀਝ੍ਤ ਹਾਰਹਿੰ੧੦ ਹੈਂ ! ੭੫੧ ।**

੯= ਸਿਰਫ਼ ਮੈ ਤੇ ਤੂੰ ਹੀ ਹੋਣਾ ਹੈ । ੧੦= ਅਨੰਦ ਲੈਕੇ ਰੱਜ ਲਵਾਂ ਗੇ, ਥੱਕ ਹਾਰ ਕੇ ਹਟਾਂ ਗੇ ( ਭਾਵ, ਕ੍ਰਿਸ਼ਨ ਭਗਵਾਨ ਪਿਆਰੀ ਸਹੇਲੀ ਰਾਧਾ ਨੂੰ ਕਹਿੰਦਾ ਹੈ ਕਿ ਬਾਹਰ ਕਾਮ ਕ੍ਰੀੜਾ ਕਰਦਿਆਂ ਵੇਖ ਕੇ ਪਿੰਡ ਦੀਆਂ ਹੋਰ ਤੀਵੀਆਂ ਦਾ ਮਨ ਵੀ ਲਲਚਾ ਪੈਣਾ ਹੈ ਅਤੇ ਫਿਰ ਉਨ੍ਹਾਂ ਦੇ ਸ਼ਾਮਲ ਹੋ ਜਾਣ ਨਾਲ ਰਾਧਾ ਨਾਲ ਪੂਰਾ ਪਿਆਰ ਨਹੀਂ ਕੀਤਾ ਜਾਣਾ । ਪਾਣੀ ਵਿੱਚ ਦੋਹਾਂ ਇਕੱਲਿਆਂ ਹੀ ਹੋਣਾ ਹੈ, ਉਥੇ ਮੌਜ ਮੇਲਾ ਕਰਦੇ ਰੱਜ ਲਵਾਂ ਗੇ । ਹਟਾਂ ਗੇ ਹੀ ਉਦੋਂ ਜਦੋਂ ਦੋਹਾਂ ਦੀ ਬੱਸ ਹੋ ਜਾਵੇਗੀ )

**ਬ੍ਰਿਖਭਾਨ ਸੁਤਾ੧ ਹਰਿ ਕੇ ਮੁਖ ਤੇ, ਜਲ ਪੈਠਨ ਕੀ ੨ ਬਤੀਯਾ ਸੁਨਿ ਪਾਈ ।**

੧= ਬ੍ਰਿਖਭਾਨ ਗੁਜ਼ੱਰ ਦੀ ਧੀ , ਰਾਧਾ । ੨= ਜਮੁਨਾ ਜਲ ਵਿੱਚ ਵੜਨ ਦੀ ਗੱਲ ਸੁਣੀ ।

**ਧਾਇ੩ ਕੈ ਜਾਇ ਪਰੀ ਸਰ੪ ਮੈ ਕਰਿ ਕੈ ਅਤਿ ਹੀ ਬ੍ਰਿਜਨਾਥਿ੫ ਬਡਾਈ ।**

੩= ਹੱਲਾ ਕਰੇ, ਤੁਰਤ ਨੱਸ ਕੇ । ੪= ਸਰੋਵਰ,ਜਲ ਵਿੱਚ ਕੁੱਦ ਪਈ । ੫= ਕ੍ਰਿਸ਼ਨ ।

**ਤਾ ਹੀ ਕੇ ਪਾਛੇ ਤੇ ਸਯਾਮ੬ ਪਰੇ, ਕਬਿ ਕੇ ਮਨ ਮੈ ਉਪਮਾ ਇਹ ਆਈ ।**

੬= ਉਸ ਰਾਧਾ ਦੇ ਪਿਛੇ ਹੀ ਕ੍ਰਿਸ਼ਨ ਵੀ ਪਾਣੀ ਵਿੱਚ ਜਾ ਪਏ ।

**ਮਾਨਹੁ ਸਯਾਮ ਜੂ ਬਾਜ੭ ਪਰਯੋ, ਪਿਖਿ ਕੈ ਬ੍ਰਿਜ-ਨਾਰਿ੮ ਕੋ ਜਿਉਂ ਮੁਰਗਾਈ । ੭੫੨ ।**

੭=ਬਾਜ਼, ਸ਼ਿਕਾਰੀ ਪੰਛੀ । ੮= ਬ੍ਰਿਜ ਦੀ ਨਾਰ - ਰਾਧਾ ਨੂੰ ਮੁਰਗਾਬੀ ਵਾਂਕ ਦੇਖ ਕੇ ਭਾਵ, ਜਿਵੇਂ ਬਾਜ਼ ਦਰਿਆ ਵਿੱਚ ਤਰਦੀ ਮੁਰਗਾਬੀ ਨੂੰ ਦੇਖ ਕੇ ਝਪਟਦਾ ਹੈ, ਤਿਵੇਂ ਕ੍ਰਿਸ਼ਨ ਜੀ ਰਾਧਿਕਾ ਉੱਤੇ ਹਲਾ ਕਰਕੇ ਜਾ ਪਏ । ਨਾਰਾ ਜੀ ਦੇ ਕਵੀ ਯਿਮ ਨੇ ਕ੍ਰਿਸ਼ਨ ਜੀ ਨੂੰ ਤੀਵੀਆਂ ਵਿਚ ਹਰਨ ਵਾਂਗ ਜਾਂ ਬਾਜ ਵਾਂਗ ਹਰਨੀਆਂ ਅਥਵਾ ਕੂੰਜਾ ਤੇ ਪੈਂਦੇ ਦਰਸਾ ਕੇ ਸਾਬਤ ਕਰ ਦਿੱਤਾ ਹੈ ਕਿ ਕ੍ਰਿਸ਼ਨ ਗੋਬਿੰਦ ਜੀ ਤੀਵੀਆਂ ਨਾਲ ਜਾਨਵਰਾਂ ਵਾਲਾ ਵਿਹਾਰ ਹੀ ਕਰਦੇ ਸਨ ।)

**ਬ੍ਰਿਜਨਾਥ ਤਬੈ ਧਸਿ ਕੈ ਜਲਿ ਮੈ, ਬ੍ਰਿਜ-ਨਾਰਿ ਸੋਊ ਤਬ ਜਾਇ ਗਹੀ੧ ।**

੧= ਫੜ ਲਈ, ਰਾਧਾ ਨੂੰ ਪਾਣੀ ਵਿੱਚ ਜਾ ਫੜਿਆ । ੨= ਸਰੀਰ ਕਿਰਸ਼ਨ ਦੀ ਭੇਟਾ ਕਰ

**ਹਰਿ ਕੋ ਤਨ ਭੇਟ੨ ਹੁਲਾਸ੩ ਬਢਯੋ ਗਿਨਤੀ੪ ਮਨ ਕੀ ਜਲ ਭਾਂਤਿ ਬਹੀ੫ ।**

੨= ਸਰੀਰ ਕ੍ਰਿਸ਼ਨ ਦੀ ਭੇਟਾ ਕਰ ਦਿੱਤਾ ੩= ਅਨੰਦ, ਸੁਆਦ ਆ ਗਿਆ । ੪= ਫਿਰ ਗ਼ਿਣਤੀ ਦਾ ਹਿਸਾਬ ਹੀ ਨਾ ਰਿਹਾ । ੫= ਸੁਆਦ ਪਾਣੀ ਵਾਂਗ ਵਹਿ ਤੁਰਿਆ, ਕਵੀ ਦੀ ਗਿਣਤੀ ਤੋਂ ਟੱਪ ਤੁਰਿਆ ।

**ਜੋਊ ਆਨੰਦ ਬੀਚ ਬਢਯੋ ਮਨ ਕੈ, ਕਬਿ ਤਉ ਮੁਖ ਤੇ ਕਥ ਭਾਖ ਕਹੀ ।**
**ਪਿਖਯੋ੬ ਜਿਨ ਹੂੰ ਰੀਝ੭ ਰਹਯੋ ਪਿਖਿ੮ ਕੈ ਜਮੁਨਾ ਜਿਹ ਰੀਝ ਰਹੀ੨ ।**੭੫੩ ।

੬= ਜਿਸ ਨੇ ਵੀ ਦੇਖਿਆ । ੭= ਉਹੋ ਹੀ ਮੋਹਤ ਹੋ ਗਿਆ । ੮= ਵੇਖ ਕੇ ।

ਪਰਾਈਆਂ ਧੀਆਂ ਭੈਣਾ ਨਾਲ ਜਿਸ ਤਰ੍ਹਾਂ ਦੀ ਖ਼ਰਮਸਤੀਆਂ ਕਰਦੇ ਕ੍ਰਿਸ਼ਨ ਜੀ ਨੂੰ ਉਨ੍ਹਾਂ ਲੋਕਾਂ ਨੇ ਝਲਿਆ ਹੈ, ਕੀ ਇਹ ਕੁਝ ਪੰਜਾਬੀ ਜੱਟ ਝੱਲ ਸਕਦੇ ਸਨ ? ਝੱਲਣ ਦੀ ਗੱਲ ਤਾਂ ਕਿਤੇ ਰਹੀ, ਅਜੇਹਾ ਕੁਝ ਲਿਖਣ ਵਾਲਿਆਂ ਨੂੰ ਉਨ੍ਹਾਂ ਦੇ ਘਰਾਂ ਦੀ ਅੱਗ ਵਿਚ ਹੀ ਸੜਨਾ ਪੈ ਜਾਂਦਾ । ਬਸ ਇਹੀ ਕਾਰਨ ਹੈ ਕਿ ਬ੍ਰਾਹਮਣ ਦੇ ਸਾਰੇ ਅਵਤਾਰ ਪੰਜਾਬੋਂ ਬਾਹਰ ਹੀ ਜਨਮੇ ਅਤੇ ਵਿਚਰੇ । ਹਿੰਦੂਆਂ ਦਾ ਕੋਈ ਤੀਰਥ ਵੀ ਕੋਰੋਖਸ਼ੇਤ੍ਰ ਤੋਂ ਉਰ੍ਹਾਂ ਪੰਜਾਬ ਵਲ ਨੂੰ ਨਹੀਂ ਮਿਲੇਗਾ । ਕੀ ਕੋਈ ਸਮਝਾ ਸਕਦਾ ਹੈ ਕਿ, ਕੀ ਭਗਵਾਨਾ ਅਤੇ ਦੇਵਤਿਆਂ ਲਈ ਪੰਜਾਬ ਜਾਂ ਪਿਸ਼ਾਵਰ ਵੱਲ ਜੰਮਣਾਂ ਜਾਂ ਜਾਂਣਾ ਦਰਗਾਹੋਂ ਹੀ ਮਨ੍ਹਾਂ ਸੀ ? ਪਰ ਏਥੇ ਵੀ ਸਤਿਗੁਰਾਂ ਦਾ ਏਹੀ ਬਚਨ ਢੁੱਕਦਾ ਹੈ ---**ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥......... [**

੧੪

# ਰੰਗ-ਮੰਚ ਵਾਲੀ ਬਿੱਪ੍ਰੀ ਲੀਲ੍ਹਾ ਤੇ ਵੀ ਰੱਬੀ ਦਫ਼ਤਰ ਦੀ ਮੋਹਰ ?

ਬ੍ਰਾਹਮਣ ਨੇ ਜਿਸ ਪ੍ਰਕਾਰ ਕ੍ਰਿਸ਼ਨ ਅਥਵਾ ਹੋਰ ਅਵਤਾਰਾਂ ਅਤੇ ਦੇਵਤਿਆਂ ਬਾਰੇ ਆਪਣੇ ਧਰਮ ਗ੍ਰੰਥਾਂ ਵਿੱਚ ਲਿਖ ਕੇ ਉਨ੍ਹਾਂ ਨੂੰ ਭੰਡਿਆ ਹੈ, ਇਹ ਕੁਝ ਲਿਖਣਾ ਤੇ ਬੜੀ ਦੂਰ ਦੀ ਗੱਲ ਹੈ, ਦੁਨੀਆਂ ਦੇ ਕਿਸੇ ਵੀ ਧਰਮ ਦਾ ਮਨੁੱਖ ਆਪਣੇ ਇਸ਼ਟ ਦੀ ਸ਼ਾਨ ਵਿਰੁਧ ਅਜੇਹਾ ਸੁਣ ਵੀ ਨਹੀਂ ਸਕਦਾ । ਦਾਨ ਪ੍ਰਥਾ ਵਿਚਾਰਦਿਆਂ ਇਹ ਗੱਲ ਸਾਫ਼ ਕੀਤੀ ਗਈ ਹੈ ਕਿ ਸੰਸਕ੍ਰਿਤ ਦੇ ਉੱਚ ਕੋਟੀ ਦੇ ਵਿਦਵਾਨ ਅਤੇ ਗਿਆਨ ਦੇ ਭੰਡਾਰ ਬ੍ਰਾਹਮਣ ਨੇ, ਇਹ ਸਾਰਾ ਅਨਰਥ ਕਿਸ ਯੋਜਨਾਂ ਦੀ ਪੂਰਤੀ ਵਾਸਤੇ ਕੀਤਾ ਸੀ ? ਜੇ ਬ੍ਰਾਹਮਣ ਹੋਰ ਦੇਵੀ ਦੇਵਤਿਆਂ ਦੇ ਨਾਲ ਕ੍ਰਿਸ਼ਨ ਜੀ ਨੂੰ ਗਿਰੇ ਹੋਏ ਆਚਰਨ ਵਾਲੇ, ਸ਼ਰਾਬੀ ਕਬਾਬੀ, ਬਚਪਨ ਤੋਂ ਪਰ ਇਸਤ੍ਰੀ ਗਾਮੀ ਅਤੇ ੧੬੧੦੮ ਵਿਆਹੁਤਾ ਇਸਤਰੀਆਂ ਨੂੰ ਭੋਗਣ ਤੇ ਵੀ ਸੰਤੁਸ਼ਟ ਨਾ ਹੋ ਕੇ ਪਰ-ਨਾਰੀਆਂ ਨਾਲ ਵੀ, ਭੋਗ ਕਰਨ ਦਾ ਸ਼ੌਕੀਨ ਸਿੱਧ ਨਾ ਕਰਦਾ, ਖ਼ੂਬਸੂਰਤ ਤੋਂ ਖ਼ੂਬਸੂਰਤ ਬੱਚੀਆਂ ਕ੍ਰਿਸ਼ਨ ਦੀ ਮੂਰਤੀ ਅਥਵਾ ਪੱਥਰ ਨਾਲ ਕੌਣ ਵਿਆਹੁੰਦਾ ? (ਯਾਦ ਰਹੇ ਕਿ, ਭਗਵਾਨ ਨਾਲ ਸ਼ਾਦੀ ਕਰਨ ਵਾਸਤੇ ਵੱਧ ਤੋਂ ਵੱਧ ਖ਼ੂਬਸੂਰਤ ਬੀਬੀ ਪੇਸ਼ ਕੀਤੀ ਜਾਣ ਦਾ ਭਰਮ ਪੱਕੇ ਪੈਰ ਜਮਾ ਚੁੱਕਾ ਸੀ) ਦੇਸ਼ ਦੀਆਂ ਬੇਗਿਣਤ ਮਾਸੂਮ ਬੱਚੀਆਂ ਬ੍ਰਾਹਮਣ ਦੀ ਹਵਸ ਦਾ ਸ਼ਿਕਾਰ ਬਣ ਕੇ ਰਾਮਜਣੀਆਂ ਅਥਵਾ ਵੇਸਵਾਂ ਕਿਵੇਂ ਬਣਦੀਆਂ ? ਬ੍ਰਾਹਮਣ ਦੀ ਇਸੇ ਲੰਪਟੀ ਰੁਚੀ ਨੇ ਹੀ ਹਜ਼ਾਰਾਂ ਤੇ ਲੱਖਾਂ ਦੀ ਗਿਣਤੀ ਵਿੱਚ, ਭਾਰਤ ਦੀ ਲਾਜ, ਮੰਦਰਾਂ ਦੇ ਰਸਤੇ ਮੁਸਲਮਾਨੀ ਦੇਸ਼ਾਂ ਵਿੱਚਂ ਪੁਜ ਕੇ ਨੀਲਾਮ ਕਿਵੇਂ ਹੁੰਦੀ ?

ਉਸ ਗੁਰੂ ਗੋਬਿੰਦ ਸਿੰਘ ਜੀ ਨੂੰ ਕ੍ਰਿਸ਼ਨ ਦੀ ਸਿਫ਼ਤਾਂ ਲਿਖਣ ਵਾਲੇ ਸਾਬਤ ਕਰਨ ਤੇ ਜ਼ੋਰ ਲਾਇਆ ਹੈ ਜਿਨ੍ਹਾਂ ਨੇ ਕਥਿਤ ਵਿਸ਼ਨੂੰ ਦੇ ਕਥਿਤ ਅਵਤਾਰ ਕ੍ਰਿਸ਼ਨ ਨੂੰ ਦਿੱਤੇ ਹੋਏ ਨਾਮ, ਨਾਰਾਇਣ, ਗੋਪੀਨਾਥ, ਗੁਪਾਲ, ਰਿਖੀਕੇਸ, ਮਾਧਵ ਆਦਿ ਨੂੰ ਆਪਣੇ ਇਸ ਕਬਿਤ ਵਿੱਚ ਵਰਤ ਕੇ ਕ੍ਰਿਸ਼ਨ ਦੀ ਕਿਸੇ ਹੋਂਦ ਦੇ ਭਰਮ ਦੀ ਖੰਡਨਾ ਕੀਤੀ ਹੈ :-

੫੯- **ਨਾਰਾਇਣ ਕੱਛ ਮੱਛ, ਤਿੰਦੂਆ ਕਹਤ ਸਭ, ਕਉਲ ਨਾਭਿ ਕਉਲ ਜਿਹ, ਤਾਲ ਮੈ ਰਹਤ ਹੈ ॥**
**ਗੋਪੀ ਨਾਥ ਗੂਜਰ, ਗੁਪਾਲ ਸਭੈ ਧੇਨਚਾਰੀ, ਰਿਖੀਕੇਸ ਨਾਮ ਕੈ, ਮਹੰਤ ਲਹੀਅਤੁ ਹੈ ॥**
**ਮਾਧਵ ਭਵਰ ਔ , ਅਟੇਰਊ ਕੋ ਕਨ੍ਹਯਾ ਨਾਮ, ਕੰਸ ਕੋ ਬਧਯਾ ਜਮਦੂਤ ਕਹੀਅਤੁ ਹੈ ॥**
**ਮੂੜ ਰੂੜ ਪਾਟਤ, ਨ ਗੂੜਤਾ ਕੋ ਭੇਦ ਪਾਵੈ, ਪੂਜਤ ਨ ਤਾਹਿ, ਜਾ ਕੇ ਰਾਖੇ ਰਹੀਅਤੁ ਹੈ ॥** ੭੪ ॥

**ਅਰਥ:**-ਸਤਿਗੁਰੂ ਜੀ ਕਹਿੰਦੇ ਹਨ ਕਿ ਜੇ ਪਾਣੀ ਵਿੱਚ ਨਿਵਾਸ ਰਖਣ ਵਾਲੇ (ਵਿਸ਼ਨੂੰ) ਨੂੰ ਹੀ ਰੱਬ (ਨਾਰਾਇਣ) ਕਹਿਣਾ ਹੈ ਤਾਂ ਪਾਣੀ ਵਿੱਚ ਨਿਵਾਸ ਕਰਨ ਵਾਲੇ ਕੱਛੂ-ਕੁੰਮੇ, ਮੱਛ ਅਤੇ ਤੰਦੂਏ ਆਦਿਕ ਜੀਵਾਂ ਨੂੰ ਵੀ ਰੱਬ ਮੰਨਣਾ ਪਏਗਾ । ਜੇ ਆਪਣੀ ਧੁੰਨੀ ਵਿੱਚ ਕੰਵਲ ਧਾਰਨ ਕਰਨ ਨਾਲ ਕੋਈ ਚੀਜ਼ ਰੱਬ ਅਖਵਾ ਸਕਦੀ ਹੈ, ਤਾਂ ਉਹ ਸਰੋਵਰ ਤਾਂ ਰੱਬ ਬਣੇ ਬਣਾਏ ਹੀ ਹੱਨ ਜਿਨ੍ਹਾਂ ਦੀ ਧੁੰਨੀ ਵਿੱਚ ਅਨੇਕਾਂ ਕੰਵਲ ਫੁੱਲ ਹਨ ।

ਗਊਆਂ ਦਾ ਸੁਆਮੀ ਗੋਪੀਨਾਥ ਹੋਣਾ ਵੀ ਕੋਈ ਰੱਬੀ ਗੁਣ ਨਹੀਂ । ਸਾਰੇ ਗੁੱਜਰ ਵੀ ਤਾਂ ਗੋਪੀਆਂ ਦੇ ਖ਼ਸਮ ਹੀ ਹੁੰਦੇ ਹਨ (ਜੇ ਵਿਅਹੇ ਹੋਏ ਹੋਣ) । ਜੇ ਰੱਬ ਨੂੰ ਜਾਨਣ ਲਈ ਏਹੋ ਮਾਪ-ਦੰਡ ਹੈ ਤਾਂ ਸੱਭ ਗੁੱਜਰ ਵੀ ਰੱਬ ਬਣ ਗਏ । ਗਊਆਂ ਚਾਰਨਾਂ ਕੋਈ ਗੁਣ ਨਹੀਂ, ਜੇ ਅਜਿਹੀ ਗੱਲ ਹੀ ਹੈ ਤਾਂ ਗਊਆਂ ਚਾਰਨ ਵਾਲੇ ਸੱਭ ਗਵਾਲੇ ਰੱਬ ਮੰਨਣੇ ਪੈਣਗੇ । ਕੇਵਲ ਇੰਦ੍ਰੀਆਂ ਨੂੰ ਜਿੱਤਣ ਵਾਲਾ (ਰਿਖੀਕੇਸ਼) ਰੱਬ ਕਿਵੇਂ ਮੰਨਿਆਂ ਜਾ ਸਕਦਾ ਹੈ । ਅਨੇਕਾਂ ਐਸੇ ਮਹੰਤ ਮਹਾਤਮਾਂ ਮਿਲ ਸਕਦੇ ਹਨ, ਜਿਨ੍ਹਾਂ ਨੇ ਇਹ ਗੁਣ ਹਾਸਲ ਕਰ ਰਖਿਆ ਹੋਵੇ । ਫਿਰ ਤਾਂ ਅਜਿਹੇ ਸਮੂਹ ਮਹੰਤਾਂ ਨੂੰ ਵੀ ਰੱਬ ਹੀ ਮੰਨਣਾ ਪਏਗਾ ।

ਥਾਂ ਥਾਂ ਰਸ ਪਾਨ ਕਰਨ ਵਾਲੇ ਨੂੰ ਜੇ ਰੱਬ (ਮਾਧਵ) ਕਹਿਣਾ ਹੈ, ਤਾਂ ਭੌਰੇ ਨੂੰ ਵੀ ਰੱਬ ਹੀ ਮੰਨਣਾ ਪਏਗਾ, ਜੋ ਇਸ ਗੁਣ ਵਿੱਚ ਪ੍ਰਬੀਨ ਹੈ । ਜੇ ਕੰਧ ਉਤੇ ਜਾਲਾ ਉਣ ਸਕਣ ਦੀ ਤਾਕਤ ਰੱਖਣ ਮਾਤਰ ਕਾਰਨ ਕੋਈ ਰੱਬ (ਕਨ੍ਹਈਆ) ਅਖਵਾ ਸਕਦੀ ਹੈ ਤਾਂ ਅਟੇਰੂ ਅਥਵਾ ਮੱਕੜੀ ਨੂੰ ਭੀ ਰੱਬ ਕਰਕੇ ਪੂਜਣਾ ਪਏਗਾ । ਕੰਸ-ਘਾਤਕ ਹੋਣਾ ਵੀ ਕੌਈ ਰੱਬੀ ਗੁਣ ਨਹੀਂ, ਜਮਦੂਤ (ਮੌਤ) ਇੱਕ ਕੰਸ ਨਹੀਂ ਇਹ ਤਾਂ ਕ੍ਰੋੜਾਂ ਕੰਸਾਂ ਨੂੰ ਰੋਜ ਖ਼ਤਮ ਕਰਦਾ ਹੈ । ਤਾਂ ਫਿਰ ਜਮਦੂਤ ਨੂੰ ਵੀ ਰੱਬ ਹੀ ਮੰਨਣਾ ਪਏਗਾ । ਵਾਸਤਵ ਵਿੱਚ ਕੰਸ ਨੂੰ ਮਾਰਨ ਵਾਲੇ ਨੂੰ ਜਮਦੂਤ ਤੋਂ ਵੱਧ ਨਹੀਂ ਮੰਨਿਆ ਜਾ ਸਕਦਾ ।

ਸਤਿਗੁਰੂ ਜੀ ਅੰਤ ਵਿੱਚ ਫੁਰਮਾਉਂਦੇ ਹਨ ਕਿ ਮੂਰਖ ਲੋਕ ਰੂੜੀਆਂ ਨੂੰ ਭਾਵ ਫੋਕੀਆਂ ਅਰਥ-ਹੀਣ ਰਸਮਾਂ ਅਤੇ ਵਿਸ਼ਵਾਸ਼ਾਂ ਨੂੰ ਪਿਟਦੇ ਰਹਿੰਦੇ ਹਨ, ਅਤੇ ਤੱਤ ਜਾਂ ਅਸਲੀਅਤ ਦੀ ਗੱਲ ਦੀ ਤਹਿ ਤੱਕ ਪੁੱਜ ਕੇ ਰਾਜੀ ਨਹੀਂ । ਇਹ ਮੂਰਖ ਲੋਕ ਉਸ ਸਰਬ-ਸ਼ਕਤੀਮਾਨ ਪ੍ਰਭੂ ਦਾ ਸਿਮਰਨ ਕਰਨ ਲਈ ਤੇ ਉਸ ਨੂੰ ਮੰਨਣ ਲਈ ਤਿਆਰ ਨਹੀਂ, ਜਿਸ ਦੇ ਹੁਕਮ ਵਿੱਚ ਸਭ ਜੀਆਂ ਦੀ ਪਾਲਣਾਂ ਹੋ ਰਹੀ ਹੈ । ਪ੍ਰਭੂ ਦੀ ਕੇਵਲ ਹਸਤੀ ਨੂੰ ਛੱਡ ਕੇ ਕਿਰਤਮ, ਦੇਵੀ ਦੇਵਤਿਆਂ ਅਤੇ ਅਵਤਾਰਾਂ ਨੂੰ ਪੂਜ ਕੇ ਲੁਕਾਈ ਖ਼ੁਆਰ ਹੋ ਰਹੀ ਹੈ ।

[ਪੰਨਾ ੭੧੩-੧੪] ੩੩ ਸਵੈਯੇ ਪਾਤਸਾਹੀ ੧੦

੬੦- **ਕਾਹੂ ਲੈ ਠੋਕ ਬਧੇ ਉਰ ਠਾਕੁਰ, ਕਾਹੂ ਮਹੇਸ ਕੌ ਏਸ ਬਖਾਨਯੋ ॥**
**ਕਾਹੂ ਕਹਿਯੋ ਹਰਿ ਮੰਦਰ ਮੇ ਹਰਿ, ਕਾਹੂ ਮਸੀਤ ਕੈ ਬੀਚ ਪਰਮਾਨਿਯੋ ॥**
**ਕਾਹੂ ਨੇ ਰਾਮ ਕਹਯੋ, ਕ੍ਰਿਸ਼ਨਾ ਕਹੁ ਕਾਹੂ ਮਨੈ ਅਵਤਾਰਨ ਮਾਨਯੋ ॥ ,**
**ਫੋਕਟ ਧਰਮ ਬਿਸਾਰ ਸਬੈ, ਕਰਤਾਰ ਹੀ ਕੋ ਕਰਿਤਾ ਜੀਅ ਜਾਨਯੋ ॥ ੧੨॥**

**ਅਰਥ:**--ਕਈਆਂ ਨੇ ਕਈ ਤਰ੍ਹਾਂ ਦੇ ਠਾਕਰ ਹਿਰਦੇ ਵਿੱਚ ਦ੍ਰਿੜ੍ਹ ਕੀਤੇ ਹੋਏ ਹਨ ਕੋਈ ਸ਼ਿਵ ਨੂੰ ਹੀ ਪਰਮਾਤਮਾਂ ਕਹਿ ਰਿਹਾ ਹੈ । ਕੋਈ ਪ੍ਰਭੂ ਨੂੰ ਮੰਦਰ ਵਿੱਚ ਕਹਿਦਾ ਹੇ ਤੇ ਕੋਈ ਰੱਬ ਨੂੰ ਮਸੀਤ ਵਿੱਚ ਸਮਝਦਾ ਹੈ । ਕੋਈ ਰਾਮ ਅਤੇ ਕ੍ਰਿਸ਼ਨ ਨੂੰ ਹੀ ਪਰਮਾਤਮਾ ਦੇ ਅਵਤਾਰ ਕਹਿ ਰਿਹਾ ਹੈ । ਅਜੇਹੇ ਵਿਸ਼ਵਾਸ਼ ਸੱਭ ਫਜ਼ੂਲ ਹਨ ਮੈ ਤਾਂ ਸਿਰਫ਼ ਕਰਤਾਰ ਨੂੰ ਹੀ ਕਰਨ ਹਾਰ ਜਾਣਦਾ ਹਾਂ ।

[ ਪੰਨਾ ੭੧੧] ਹਜ਼ਾਰੇ ਸ਼ਬਦ ਪਾਤਸ਼ਾਹੀ ੧੦

੬੧- **ਸੋ ਕਿਮ ਮਾਨਸ ਰੂਪ ਕਹਾਏ ।**
**ਸਿਧ ਸਮਾਧ ਸਾਧ ਕਰ ਹਾਰੇ, ਕਯੋਹੂੰ ਨ ਦੇਖਨ ਪਾਏ ॥ ੧ ॥ ਰਹਾਉ ॥**

ਗੁਰਦੇਵ ਜੀ ਦਾ ਫ਼ਤਵਾ ਹੈ ਕਿ ਅਕਾਲਪੁਰਖ ਮਨੁਖਾ ਸਰੀਰ ਵਿੱਚ ਵਿਚਰ ਹੀ ਨਹੀਂ ਸਕਦਾ । ਅਤੇ ਫੁਰਮਾਇਆ ਹੇ ਕਿ ਬੜੇ ਬੜੇ ਸਿੱਧ ਸਮਾਧੀਆਂ ਲਾ ਲਾ ਕੇ ਹਾਰ ਗਏ ਪਰ ਅੱਜ ਤੱਕ ਪ੍ਰਮਾਤਮਾ ਦੇ ਵਿਅਕਤੀ-ਰੂਪ ਵਿੱਚ ਦਰਸ਼ਨ ਕਿਸੇ ਨੂੰ ਵੀ ਨਹੀਂ ਹੋਏ । (ਪਹਿਲਾਂ ਵੀ ਇਹ ਬਚਨ ਵਿਚਾਰਿਆ ਗਿਆ ਸੀ )

ਤਿਲੰਗ ਕਾਫੀ ਪਾਤਿਸਾਹੀ ੧੦

੬੨- **ਕੇਵਲ ਕਾਲਈ ਕਰਤਾਰ ॥**
**ਆਦਿ ਅੰਤ ਅਨੰਤ ਮੂਰਤਿ ਗੜ੍ਹਨ ਭੰਜਨਹਾਰ ॥ ੧ ॥ ਰਹਾਉ ॥**
**ਨਿੰਦ ਉਸਤਤ ਜਉਨ ਕੇ ਸਮ ਸਤ੍ਰ ਮਿਤ੍ਰ ਨ ਕੋਇ ॥**
**ਕਉਨ ਬਾਟ ਪਰੀ ਤਿਸੈ ਪਥ ਸਾਰਥੀ ਰਥ ਹੋਇ ॥ ੧ ॥**
**ਤਾਤ ਮਾਤ ਨ ਜਾਤ ਜਾਕਰ ਪੁਤ੍ਰ ਪੌਤ੍ਰ ਮੁਕੰਦ ॥**
**ਕਉਨ ਕਾਜ ਕਹਾਹਿੰਗੇ ਆਨ ਦੇਵਕੀ ਨੰਦ ॥ ੨॥**
**ਦੇਵ ਦੈਤ ਦਿਸਾ ਵਿਸਾ ਜਿਹ ਕੀਨ ਸਰਬ ਪਸਾਰ ॥**
**ਕਉ ਉਪਮਾ ਤੌਨ ਕੋ ਮੁਖ ਲੇਤ ਨਾਮੁ ਮੁਰਾਰ ॥ ੩ ॥**

**ਅਰਥ:**--ਸਿਰਜਨਾਂ ਅਤੇ ਖੈ ਕਰ ਸਕਣ ਵਾਲਾ , ਸਦੀਵੀ ਅਤੇ ਅਟੱਲ ਹਸਤੀ ਵਾਲਾ ਸਿਰਫ਼ ਅਕਾਲ ਪੁਰਖ ਹੀ ਹੈ ॥ ਭਾਵੇਂ ਕੋਈ ਉਸਦੀ ਨਿੰਦਿਆ ਕਰੇ ਤੇ ਭਾਵੇਂ ਕੋਈ ਉਸਤਤ ਕਰਦਾ ਰਹੇ ਪਰਮਾਤਮਾ ਨੂੰ ਕੋਈ ਫਰਕ ਨਹੀ । ਏਸੇ ਤਰ੍ਹਾਂ ਨਾ ਕੋਈ ਉਸ ਵਾਸਤੇ ਦੁਸ਼ਮਨ ਹੈ ਅਤੇ ਨਾਂ ਹੀ ਕੋਈ ਸੱਜਣ ਹੈ । ਉਸ ਦੇ ਵਾਸਤੇ ਸੱਭ ਇੱਕ ਹਨ । ਫਿਰ ਭਲਾ ਇਹ ਸੋਚੋ ਕਿ ਉਸ ਨੇ ਅਰਜੁਨ ਦੇ ਧੜੇ ਵਿੱਚ ਹੋ ਕੇ ਉਸ ਦਾ ਰਥਵਾਹੀ ਕਿਉਂ ਬਣਨਾ ਸੀ । ਅਰਜੁਨ ਦੇ ਰਥਵਾਈ ਨੂੰ ਰੱਬ ਨਹੀਂ ਕਿਹਾ ਜਾ ਸਕਦਾ । ਜਿਸ ਪ੍ਰਭੂ ਦਾ ਨਾ ਕੋਈ ਪਿਤਾ ਹੈ ਨਾ ਹੀ ਮਾਤਾ ਹੈ ਅਜੇਹਾ ਪ੍ਰਭੂ ਕਿਸ ਕਾਰਨ ਦੇਵਕੀ ਦਾ ਪੁੱਤ੍ਰ ਅਖਵਾ ਸਕਦਾ ਸੀ । ਅਰਥਾਤ ਇਹ ਝੂਠੀ ਗਾਥਾ ਹੈ ਕਿ ਅਕਾਲ ਪੁਰਖ ਕ੍ਰਿਸ਼ਨ ਰੂਪ ਹੋ ਕੇ ਜਨਮਿਆ ਸੀ । ਸਾਰੀ ਸ੍ਰਿਸ਼ਟੀ ਦਾ ਮਾਲਕ ਜਿਸ ਦੇ ਵੱਸ ਵਿੱਚ ਸੱਬ ਕਾਇਨਾਤ ਹੈ ਉਸ ਨੂੰ ਮੁਰ ਦੈਂਤ ਮਾਰਨ ਵਾਲਾ ਮੁਰਾਰ ਕਹਿਣਾ ਪ੍ਰਮਾਤਮਾ ਦੀ ਨਿੰਦਾ ਕਰਨ ਤੁੱਲ ਹੈ ।

ਰਤਨ ਸਿੰਘ ਭੰਗੂ, ਭਾਈ ਮਹਿਤਾਬ ਸਿੰਘ ਜੀ ਮੀਰਾਂ ਕੋਟੀਏ ( ਜਿਨ੍ਹਾਂ ਮੱਸੇ ਰੰਘੜ ਦਾ ਸਿਰ ਵੱਢਿਆ ਸੀ ) ਦੇ ਪੋਤੇ ਸਰਦਾਰ ਰਾਇ ਸਿੰਘ ਦੇ ਸਪੁੱਤਰ ਸਨ । ਉਨ੍ਹਾਂ ਨੇ ਆਪਣੀ ਪੁਸਤਕ ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਪੁਰਾਤਨ ਸਿੱਖਾਂ ਦੇ ਅੱਖੀਂ ਡਿਠੇ ਅਥਵਾ ਪਿਤਾ ਪਿਤਾਮਾ ਕੋਲੋਂ ਸੁਣੇ ਉਸ ਸਮੇਂ ਦੇ ਠੀਕ ਹਾਲਾਤ ਲਿਖੇ ਹਨ । ਉਨ੍ਹਾਂ ਲਿਖਿਆ ਹੈ ਕਿ ਹਿੰਦੂ ਲੋਕ ਜਿਨ੍ਹਾਂ ਨੂੰ ਅਵਤਾਰ ਅਥਵਾ ਦੇਵਤੇ ਮੰਨ ਕੇ ਪੂਜਦੇ ਹਨ ਸਿੱਖ ਉਨ੍ਹਾ ਨੂੰ ਮਨੁੱਖਾਂ ਵਾਂਗ ਪਰਮੇਸ਼ਰ ਦੇ ਸੇਵਕ ਹੀ ਸਮਝਦੇ ਹਨ :-

ਪੰਥ ਪ੍ਰਕਾਸ਼

**ਹਿੰਦੂ ਕਹਿਤ ਜਿਨ੍ਹੇ ਅਵਤਾਰ । ਪਰਮੇਸ਼੍ਰ ਤਨ ਧਾਰੇ ਸਾਰ ।**
**ਪਰਮੇਸ਼੍ਵਰ ਥਾਪਿ ਪੂਜਤ ਮਾਨਤ । ਭਜਨ ਧਯਾਨ ਉਨ ਹੀ ਕਾ ਠਾਨਤ ।**
**ਸਿੱਖ ਉਨ੍ਹੇ ਪਰਮੇਸ਼ਰ ਨ ਮਾਨੇ । ਪਰਮੇਸ਼੍ਵਰ ਕੇ ਸੇਵਕ ਜਾਨੈ ।**

ਗੁਰੂ ਕੇ ਸਿੱਖਾਂ ਦੀ ਗੱਲ ਤਾਂ ਕਿਤੇ ਰਹੀ ਵੇਦਾਂ ਨੂੰ ਮੰਨਣ ਵਾਲੇ ਆਰੀਆ-ਸਮਾਜੀ ਰਾਮ ਅਤੇ ਕ੍ਰਿਸ਼ਨ ਦੋਹਾਂ ਦੀ ਕਿਸੇ ਅਜੇਹੀ ਹਸਤੀ ਨੂੰ ਨਹੀਂ ਮੰਨਦੇ ਜੋ ਪੁਰਾਣਾਂ ਆਦਿ ਰਾਹੀਂ ਪਰਚਾਰੀ ਹੋਈ ਹੈ ।

ਅਸੀਂ ਪਿੱਛੇ ਵੇਖਿਆ ਹੈ ਕਿ ਲੁੱਟ-ਨੀਤੀ ਨਾਲ ਬਣਾਈ ਹੋਈ ਮਰਯਾਦਾ ਉਤੇ ਰੱਬੀ ਮੋਹਰ ਲਾਉਣ ਵਾਸਤੇ ਰਾਜੇ ਦਸ਼ਰਥ ਦੇ ਘਰ ਭਗਵਾਨ ਰਾਮਚੰਦ੍ਰ ਨੂੰ ਪੈਦਾ ਕੀਤਾ ਗਿਆ ਸੀ । ਉਸ ਦਾ ਹੀ ਅਸਰ ਹੈ ਕਿ ਆਰੀਆ ਸਮਾਜੀ ਰਾਮ ਨੂੰ ਮਾਨਤਾ ਬੇਸ਼ੱਕ ਨਹੀਂ ਦੇਂਦੇ ਪਰ ਰੱਬੀ ਮੋਹਰ ਵਾਲੀ ਬ੍ਰਾਹਮਣੀ-ਮਰਯਾਦਾ ਦੀ ਕੈਦ ਵਿੱਚੋਂ ਆਜ਼ਾਦ ਨਹੀਂ ਹੋ ਸਕੇ । ਵੇਦਾਂ ਅਥਵਾ, **ਕਾਗਦ ਕੀ ਓਬਰੀ ਮਸ ਕੇ ਕਰਮ ਕਪਾਟ ॥**(੧੩੧੭) ਵਿੱਚ ਪੂਰੀ ਤਰ੍ਹਾਂ ਬੱਝੇ ਹੋਏ ਹਨ । ਮਾਇਆ ਦੇ ਢੇਰ ਲੱਗ ਜਾਣ ਨਾਲ ਬ੍ਰਾਹਮਣ ਜਿਸ ਪ੍ਰਕਾਰ ਦਾ ਸ਼ਰਾਬੀ ਕਬਾਬੀ, ਦੁਰਾਚਾਰੀ ਝੂਠਾ, ਬਚਨਾਂ ਦਾ ਕੱਚਾ ਆਦਿ ਅਵਗੁਣਾ ਭੰਡਾਰ ਬਣ ਚੁੱਕਾ ਸੀ, ਇਹ ਪੂਰੀ ਗਾਥਾ ਪਿਛੇ ਪੜ੍ਹ ਚੁਕੇ ਹਾਂ । ਆਪਣੀਆਂ ਇਨ੍ਹਾਂ ਘਟੀਆ ਅਤੇ ਆਚਰਨ ਹੀਣ ਖ਼ਰਮੱਸਤੀਆਂ ਵਾਲੀ ਲੀਲ੍ਹਾ ਦੀ ਮਰਯਾਦਾ ਉਤੇ ਵੀ ਈਸ਼ਵਰੀ ਮੋਹਰ ਲਾ ਲੈਣੀ ਚਾਹੀ । ਰੱਬ ਨੂੰ ਰਾਮ ਰੂਪ ਵਿਚ ਵਰਤਨ ਵਾਲਾ ਤਜਰਬਾ ਪੂਰੀ ਤਰ੍ਹਾਂ ਸਫ਼ਲ ਰਿਹਾ ਸੀ । ਸੋ ਆਪਣੀ ਹੀ ਕਲਪਣਾ ਵਾਲੀ ਹਸਤੀ ਦਾ **ਕ੍ਰਿਸ਼ਨ-ਰੂਪੀ ਰੱਬ** ਪੈਦਾ ਕਰ ਲਿਆ । ਕ੍ਰਿਸ਼ਨ ਕੋਲੋਂ ਉਹ ਸੱਭ ਕੁੱਝ ਕਰਾ ਕੇ ਧਰਮ ਦਾ ਅਨਿਖੜਵਾਂ ਅੰਗ ਬਣਾ ਲਿਆ ਜੋ ਕੁੱਝ ਕਰਨਾ ਬ੍ਰਾਹਮਣ ਆਪ ਗਿੱਝ ਚੁੱਕਾ ਸੀ । ਉਸ ਨੂੰ ਮਹਾਂਭਾਰਤ ਦੇ ਜੰਗ ਵਿਚ ਆਪਣਾ ਬਚਨ ਭੰਗ ਕਰਕੇ ਹਥਿਆਰ ਚੁਕਦਾ ਵਿਖਾਇਆ, ਅਤੇ ਝੂਠ, ਦਗ਼ੇ, ਫ਼ਰੇਬ ਦਾ ਆਸਰਾ ਲੈ **ਦ੍ਰੋਣਾਚਾਰੀਆਂ** ਕੇ ਨੂੰ ਮਰਵਾਉਂਦਾ ਫਿਲਮਾਇਆ । ਫਿਰ ਦਾਨ ਵੀਰ, ਸੱਚੇ ਸੁੱਚੇ, ਨਿਰਭੈ ਅਤੇ ਅਸੂਲਾਂ ਦੇ ਪੱਕੇ ਮਹਾਨ ਜੋਧੇ, **ਕਰਣ** ਦੀ ਮੌਤ ਘਟੀਆ ਕਿਸਮ ਦੀ ਦਗ਼ੇਬਾਜ਼ੀ ਨਾਲ ਕਰਵਾਉਂਦਾ ਕ੍ਰਿਸ਼ਨ ਜੀ ਨੂੰ ਬ੍ਰਾਹਮਣ ਨੇ ਆਪਣੀ ਕਲਮ ਨਾਲ ਲਿਖਿਆ ਅਤੇ T.V. ਤੇ ਦਰਸਾਇਆ ਹੈ । ਏਥੇ ਹੀ ਬੱਸ ਨਹੀਂ, ਧਰਮ ਨੂੰ, ਮਨੁੱਖਤਾ ਦੇ ਸ਼ੁੱਭ ਗੁਣਾ ਨੂੰ, ਅਥਵਾ ਜੰਗ ਦੇ ਨਿਯਮਾਂ ਨੂੰ ਤਿਲਾਂਜਲੀ ਦੇ ਕੇ **ਦਰਯੋਦਨ** ਦੀ ਮੌਤ ਕਰਵਾਉਂਦਾ ਕ੍ਰਿਸ਼ਨ ਭਗਵਾਨ ਨੂੰ ਵਿਖਾ ਦਿੱਤਾ । ਫਿਰ ਆਪਣੇ ਇਸ ਇਸ਼ਟ ਨੂੰ ੧੬੧੦੮ ਇਸਤ੍ਰੀਆਂ ਦਾ ਪਤੀ ਅਤੇ ਹੋਰ ਬੇਅੰਤ ਬੀਬੀਆਂ ਦਾ ਭੋਗੀ ਪਰਮ-ਵਿਸ਼ਈ ਸਿੱਧ ਕਰ ਲੈਣ ਦੇ ਨਾਲ ਹੀ ਭੰਗ, ਪੋਸਤ, ਅਫ਼ੀਮ ਅਤੇ ਸ਼ਰਾਬ ਵਰਗੇ ਗੰਦੇ ਨਸ਼ਿਆਂ ਨੂੰ ਇਕੋ ਸਮੇ ਵਰਤਦਾ ਅਤੇ ਸ਼ਰਾਬ ਦੇ ਸਮੁੰਦਰ ਦੀ ਮੰਗ ਕਰਦਾ ਦਰਸਾ ਦਿੱਤਾ । ਇਸ ਤਰ੍ਹਾਂ ਦੇਵਕੀ ਨੰਦਨ ਸ੍ਰੀ ਕ੍ਰਿਸ਼ਨ ਜੀ ਨੂੰ ਬੜਾ ਵੱਡਾ ਵੈਲੀ ਸਿੱਧ ਕਰਕੇ **ਲੀਲ੍ਹਾ-ਪੁਰਸ਼ੋਤਮ** ਉਪਾਧੀ ਦਾ ਮੈਡਲ ਲਾ ਦਿੱਤਾ । ਰਾਮ-ਰੱਬ ਜੀ ਕੋਲੋਂ ਆਪਣੀ ਬਣਾਈ

ਮਰਯਾਦਾ ਉਤੇ ਤਸਦੀਕੀ ਮੋਹਰ ਲੁਆ ਲਈ ਸੀ, **ਹੁਣ ਅਪਣੀ ਹਵਸ ਪੂਰਤੀ ਵਾਲੀ ਲੀਲ੍ਹਾ ਉਤੇ ਕ੍ਰਿਸ਼ਨ-ਰੱਬ ਜੀ ਦੇ ਈਸ਼ਵਰੀ ਦਰਬਾਰ ਦਾ ਬੜਾ ਗੂਹੜਾ ਠੱਪ੍ਹ ਲੱਗ ਗਿਆ ਸੀ ।** ਸਮੇ ਨਾਲ ਸਾਰਾ ਕੁਝ ਧਰਮ ਦਾ ਅਨਿਖੜਵਾਂ ਅੰਗ ਬਣ ਗਿਆ ।

ਏਨਾਂ ਕਰਕੇ ਵੀ ਬ੍ਰਾਹਮਣ ਨਿਸਚਿੰਤ ਨਹੀਂ ਹੋਇਆ । ਹੋਰ ਕਈ ਅਵਤਾਰਾਂ ਦਾ ਨਾਮ ਅਸੀਂ ਪਿਛੇ ਪੜ੍ਹਿਆ ਹੈ, ਉਨ੍ਹਾਂ ਬਾਰੇ ਏਨਾ ਖੁਲ੍ਹਾ ਪਰਚਾਰ ਕਿਉਂ ਨਹੀਂ ਕੀਤਾ ਗਿਆ ? ਫ਼ਿਕਰ ਅਤੇ ਚਿੰਤਾ ਦਾ ਪਰਛਾਵਾਂ ਉਸ ਥਾਂ ਤੇ ਹੀ ਬਹੁਤਾ ਗੂਹੜਾ ਹੁੰਦਾ ਹੈ ਜਿਥੇ ਪਾਪ ਹੋਵੇ । ਪਾਪ ਵਾਲੀ ਥਾਂ ਦੀ ਸਫਾਈ ਰੱਖ ਕੇ ਪਵਿਤ੍ਰਤਾ ਦਾ ਭਰਮ ਬਣਾਈ ਰੱਖਣ ਲਈ ਮਨੁੱਖ ਦਾ ਉਚੇਚਾ ਧਿਆਨ ਹੁੰਦਾ ਹੈ । ਅਵਤਾਰਾਂ ਦੀ ਲਿਸਟ ਵਿਚ ਕਈਆਂ ਦੇ ਨਾਮ ਹਨ । ਬਾਵਨ, ਮਛ, ਕੱਛ, ਹਯਗ੍ਰੀਵ, ਆਦਿ ਨੂੰ ਕਿਨੇ ਕੁ ਲੋਕੀ ਜਾਣਦੇ ਹਨ ? ਰਾਮਚੰਦ੍ਰ ਅਤੇ ਕ੍ਰਿਸ਼ਨ ਦੋਵੇ ਵੀ ਤਾਂ ਬਾਕੀ ਅਵਤਾਰਾਂ ਵਾਂਗ ਵਿਸ਼ਨੂੰ ਦੇ ਹੀ ਅਵਤਾਰ ਸਨ । ਕੀ ਕਾਰਨ ਹੈ ਕਿ ਬਾਕੀਆਂ ਦਾ ਏਨਾ ਪਰਚਾਰ ਨਹੀਂ ਕੀਤਾ ਗਿਆ ਜਿਨਾਂ ਇਨ੍ਹਾਂ ਦੋਹਾਂ ਦਾ ਹੋਇਆ ਜਾਂ ਹੋ ਰਿਹਾ ਹੈ ?

ਆਚਰਨ ਹੀਣਤਾ, ਲਾਲਚ ਅਤੇ ਪਾਪਾਂ ਗ੍ਰਸੀ ਯੋਜਨਾਂ ਨਾਲ ਬਣੀ ਮਰਯਦਾ ਤੇ ਫ਼ਰਜ਼ੀ ਭਗਵਾਨਾਂ ਕੋਲੋਂ ਰੱਬੀ ਦਰਬਾਰ ਦੀ ਮੋਹਰ ਲਾਉਣ ਲਈ ਕਿਸੇ ਹੋਰ ਅਵਤਾਰ ਨੂੰ ਏਨਾ ਨਹੀਂ ਸੀ ਵਰਤਿਆ ਜਿਨਾਂ ਸ੍ਰੀ ਰਾਮ ਜੀ ਅਤੇ ਸ੍ਰੀ ਕ੍ਰਿਸ਼ਨ ਜੀ ਨੂੰ ਵਰਤਿਆ ਸੀ । ਲੋਕਾਂ ਦੇ ਮਨਾਂ ਵਿਚ ਇਨ੍ਹਾਂ ਦੋਹਾਂ ਭਗਵਾਨਾ ਦੀ ਵੱਧ ਤੋਂ ਵੱਧ ਸ਼ਰਧਾ ਬਣਾ ਦੇਣੀ--ਬ੍ਰਾਹਮਣ ਦੀ ਲੰਪਟੀ ਪਕੜ ਨੂੰ ਧਰਮ ਦਾ ਅੰਗ ਬਣਾ ਲੈਣ ਲਈ ਜ਼ਰੂਰੀ ਸੀ । ਏਸੇ ਲਈ ਇਨ੍ਹਾਂ ਦੋਹਾਂ ਭਗਵਾਨਾਂ ਦੀ ਲੀਲ੍ਹਾ ਨੂੰ ਡਰਾਮਿਆ ਵਿੱਚ ਅਜੇਹੀ ਯੋਜਨਾ-ਬੱਧ ਢੰਗ ਨਾਲ ਖੇਡਿਆ, ਕਿ ਬ੍ਰਾਹਮਣ ਦੇ ਪਾਪ ਕਰਮਾਂ ਦਾ ਲਿਬੜਿਆ ਸਾਰਾ ਝੂਠਾ ਡਰਾਮਾਂ, ਧਾਰਮਿਕ ਸੱਚ ਬਣ ਗਿਆ । {ਐਨ ਏਸੇ ਤਰ੍ਹਾਂ ਜਿਵੇਂ ਬ੍ਰਾਹਮਣ ਦੇ ਦਿਮਾਗ਼ ਦੀ ਹੀ ਉਪਜ, ਹੇਮਕੁੰਡ (ਸਾਹਿਬ) ਦੀ ਯਾਤਰਾ ਅਤੇ ਉਸ ਥਾਂ ਨਾਲ ਜੁੜ ਰਹੀਆਂ ਕਰਾਮਾਤੀ ਸ਼ਕਤੀਆਂ, ਪੂਰਨ ਸੱਚ ਦਾ ਰੂਪ ਬਣ ਰਹੀਆਂ ਹਨ} ਨਤੀਜਾ ਇਹ ਹੋਇਆ ਕਿ ਦੇਸ਼ ਦਾ ਸਾਰਾ ਹੁਸਨ ਕ੍ਰਿਸ਼ਨ ਮੂਰਤੀ ਨਾਲ ਵਿਆਹਿਆ ਗਿਆ । ਅਤੇ ਅੰਤ ਪੂਜਾ ਉਨ੍ਹਾਂ ਦੇ ਮਹਿਲੀ ਜਿਨ੍ਹਾਂ ਨੂੰ ਬ੍ਰਾਹਮਣ ਮਲੇਛ ਆਖਦਾ ਥੱਕਦਾ ਹੀ ਨਹੀਂ ਸੀ ।

ਕੀ ਨਾਰਾ ਜੀ ਨੇ ਪੰਚਮ ਪਾਤਿਸ਼ਾਹ ਜੀ ਦਾ ਇਹ ਸ਼ਬਦ ਨਾ ਪੜਿਆ ਹੋਵੇਗਾ:---

੬੩- **ਸਗਲੀ ਥੀਤਿ ਪਾਸਿ ਡਾਰਿ ਰਾਖੀ ॥ ਅਸਟਮ ਥੀਤਿ ਗੋਵਿੰਦ ਜਨਮਾਸੀ ॥ ੧ ॥**
**ਭਰਮਿ ਭੂਲੇ ਨਰ ਕਰਤ ਕਚਰਾਇਣ ॥ ਜਨਮ ਮਰਣ ਤੇ ਰਹਤ ਨਾਰਾਇਣ ॥ ੧ ॥ ਰਹਾਉ ॥**
**ਕਰਿ ਪੰਜੀਰੁ ਖਵਾਇਓ ਚੋਰ ॥ ਓਹੁ ਜਨਮਿ ਨ ਮਰੈ ਰੇ ਸਾਕਤ ਢੋਰ ॥ ੨ ॥**
**ਸਗਲ ਪਰਾਧ ਦੇਹਿ ਲੋਰੋਨੀ ॥ ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥ ੩ ॥**
**ਜਨਮਿ ਨ ਮਰੈ ਨ ਆਵੈ ਨ ਜਾਇ ॥ ਨਾਨਕ ਕਾ ਪ੍ਰਭੁ ਰਹਿਓ ਸਮਾਇ ॥ ੪ ॥** [੧੧੩੬]--੧

**ਅਰਥ:**--ਭਟਕਣਾ ਦੇ ਕਾਰਨ ਕੁਰਾਹੇ ਪਏ ਹੇ ਮਨੁੱਖ ! ਤੂੰ ਇਹ ਕੱਚੀ, ਭਾਵ ਝੂਠੀਆਂ ਗੱਲਾਂ ਕਰ ਰਿਹਾ ਹੈਂ (ਕਿ ਪਰਮਾਤਮਾ ਨੇ ਭਾਦੋਂ ਵਦੀ ਅਸ਼ਟਮੀ ਨੂੰ ਕ੍ਰਿਸ਼ਨ-ਰੂਪ ਵਿਚ ਜਨਮ ਲਿਆ) । ਪਰਮਾਤਮਾ ਜੰਮਣ ਮਰਨ ਤੋਂ ਪਰੇ ਹੈ **। ੧ । ਰਹਾਉ ।** (ਤੇਰੀ ਇਹ ਗੱਲ ਵੀ ਬੜੀ ਕੱਚੀ ਹੈ ਕਿ) ਪਰਮਾਤਮਾ ਨੇ ਹੋਰ ਸਾਰੀਆਂ ਥਿੱਤਾਂ ਲਾਂਭੇ ਰਹਿਣ ਦਿੱਤੀਆਂ, ਅਤੇ (ਭਾਦੋਂ ਵਦੀ) ਅਸ਼ਟਮੀ ਥਿੱਤ ਨੂੰ (ਜਹੜੀ ਥਿੱਤ ਤੇਰੇ ਜੋਤਸ਼ ਦੇ ਹਿਸਾਬ ਨਾਲ ਬੜੀ ਚੰਗੀ ਸੀ) ਉਸ ਨੇ ਜਨਮ ਲਿਆ **। ੧ ।** ਹੇ ਭਾਈ ! ਪੰਜੀਰੀ ਬਣਾ ਕੇ ਤੂੰ ਲੁਕਾ ਕੇ (ਆਪਣੇ ਵਲੋਂ ਪਰਮਾਤਮਾ ਨੂੰ ਕ੍ਰਿਸ਼ਨ-ਮੂਰਤੀ ਦੇ ਰੂਪ ਵਿਚ (ਖਵਾਉਂਦਾ ਹੈਂ । ਹੇ ਰੱਬ ਤੋਂ ਟੁੱਟੇ ਹੋਏ ਮੂਰਖ ! ਪ੍ਰਭੂ ਨਾ ਜੰਦਾ ਹੈ ਨਾ ਮਰਦਾ ਹੈ । ੨ । (ਕ੍ਰਿਸ਼ਨ ਸ੍ਰੀ ਮਤੀ ਦੇਵਕੀ ਦੇ ਪੇਟੋਂ ਜਨਮ ਲੈਂਦਾ ਅਤੇ ਇੱਕ ਸ਼ਿਕਾਰੀ ਦੇ ਤੀਰ ਨਾਲ ਮਰਦਾ ਬ੍ਰਾਹਮਣ ਨੇ ਆਪ ਹੀ ਲਿਖਿਆ ਹੈ) **। ੨ ।** ਹੇ ਭਾਈ ! ਤੂੰ (ਕ੍ਰਿਸ਼ਨ-ਮੂਰਤੀ ਨੂੰ ਪੰਘੂੜੇ ਵਿਚ ਪਾ ਕੇ) ਲੋਰੀਆਂ ਦਿੰਦਾ ਹੈ (ਆਪਣੇ ਵਲੋਂ ਤੂੰ ਰੱਬ ਨੂੰ ਲੋਰੀ ਦਿੰਦਾ ਹੈਂ, ਤੇਰਾ ਇਹ ਕੰਮ) ਸਾਂਰੇ ਅਪਰਾਧਾਂ (ਦਾ ਮੂਲ ਹੈ) (ਭਾਵ, ਏਸੇ ਪਖੰਡ ਦੇ ਪਰਦੇ ਵਿਚ ਤੂੰ ਸਾਰੇ ਅਪਰਾਧ ਕਰ ਰਿਹਾ ਹੈਂ) । ਸੜ ਜਾਏ ਤੇਰਾ ਉਹ ਮੂੰਹ ਜਿਸ ਦੀ ਰਾਹੀਂ ਤੂੰ ਆਖਦਾ ਹੈਂ ਕਿ ਮਾਲਕ-ਪ੍ਰਭੂ ਜੂਨਾਂ ਵਿਚ ਆਉਂਦਾ ਹੈ **। ੩ ।** ਹੇ ਭਾਈ ! ਨਾਨਕ ਦਾ ਪ੍ਰਭੂ ਤਾਂ ਹਰ ਥਾਈਂ (ਆਪਣੀ ਸਿਰਜਨਾਂ ਦੇ ਕਣ ਕਣ ਵਿਚ) ਵਿਆਪਕ ਹੈ, ਉਸ ਨੂੰ ਭਲਾ ਜਨਮ ਮਰਨ ਦੇ ਗੇੜ ਵਿਚ ਪੈਣ ਦੀ ਲੋੜ ਕੀ ਹੈ ?

ਗੁਰੂ ਗ੍ਰੰਥ ਸਾਹਿਬ ਦੇ ਇਸ ਫ਼ੁਰਮਾਨ ਦੇ ਹੁੰਦਿਆਂ ਜਿਹੜਾ ਸਿੱਖ, ਕ੍ਰਿਸ਼ਨ, ਅਥਵਾ ਰਾਮ ਆਦਿ ਨੂੰ ਬ੍ਰਾਹਮਣੀ ਕਲਪਣਾ ਦੀ ਉਪਜ ਮੰਨਣ ਦੇ ਥਾਂ ਉਨ੍ਹਾਂ ਬਾਰੇ ਧਾਰਮਿਕ ਸ਼ਰਧਾ ਰੱਖਦਾ ਹੈ, ਉਹ ਗੁਰੂ ਦਾ ਸਿੱਖ ਕਿਵੇਂ ਅਖਵਾ ਸਕਦਾ ਹੈ? ਗੁਰਦੇਵ ਦੇ ਫ਼ੁਰਮਾਨ ਤੋਂ ਸਿੱਧ ਹੋ ਜਾਂਦਾ ਹੈ ਕਿ ਕ੍ਰਿਸ਼ਨ ਮੂਰਤੀ ਦੀ ਪੂਜਾ ਬ੍ਰਾਹਮਣ ਲਈ ਕਈ ਅਪਰਾਧਾਂ ਦਾ ਮੂਲ ਬਣਦੀ ਹੈ ।

੧੫

# ਵਿਚਾਰ ਦੀ ਗੱਲ

ਸਿਖੀ ਭੇਖ ਵਾਲੇ ਲਿਖਾਰੀ ਗਿਆਨੀ ਈਸ਼ਰ ਸਿੰਘ ਜੀ, ਬਾਰ ਬਾਰ ਦਲੀਲਾਂ ਦੇ ਕੇ ਇਹ ਸਿੱਧ ਕਰਦੇ ਹਨ ਕਿ ਗੁਰੂ ਨਾਨਕ ਜੀ ਬਾਵਨ ਅਵਤਾਰ ਅਥਵਾ ਦੂਜੇ ਅਵਤਾਰਾਂ ਵਾਂਗ ਵਿਸ਼ਨੂੰ ਜੀ ਹੀ ਸਨ । ਅਤੇ **ਕ੍ਰਿਸ਼ਨ ਜੀ ਹੀ ਕਲਗੀਧਰ ਜੀ ਦੇ ਰੂਪ ਵਿਚ ਪ੍ਰਗਟ ਹੋਏ ਹਨ,** ਅਤੇ ਨਾਲ ਹੀ ਬੜੇ ਤਰਕਵਾਦੀ ਢੰਗ ਨਾਲ, ਇਹ ਲਿਖਦੇ ਹਨ ਕਿ, **ਗੁਰੂ ਗ੍ਰੰਥ ਸਾਹਿਬ ਦਾ ਸਿੱਖ ਉਹੀ ਹੈ ਜਿਹੜਾ ਕ੍ਰਿਸ਼ਨ ਜੀ ਨੂੰ ਵਾਹਿਗੁਰੂ ਮੰਨੇ ।** ਜੇ ਗਿਆਨੀ ਜੀ ਵਾਕਿਆ ਹੀ ਸੱਚੇ ਦਿਲੋਂ ਏਹੋ ਸਮਝਦੇ ਸਨ ਕਿ ਕ੍ਰਿਸ਼ਨ ਜੀ ਹੀ ਕਲਗ਼ੀਧਰ ਜੀ ਦੇ ਰੂਪ ਵਿਚ ਪ੍ਰਗਟ ਹੋਏ ਹਨ, ਤਾਂ ਕੀ ਕਾਰਨ ਹੈ ਕਿ ਉਨ੍ਹਾਂ ਨੇ ਕ੍ਰਿਸ਼ਨ ਭਗਤ ਹਿੰਦੂਆਂ ਨੂੰ ਕਿਤੇ ਇੱਕ ਵਾਰ ਵੀ ਇਹ ਮਸ਼ਵਰਾ ਨਹੀਂ ਦਿੱਤਾ ਕਿ, **ਸੁਧਰਿਆ ਹੋਇਆ ਨਿਆਰਾ ਗਿਆਨ ਲੈ ਕੇ ਆਏ ਆਪਣੇ ਕਲਗੀਧਰ-ਰੂਪੀ ਕ੍ਰਿਸ਼ਨ ਜੀ ਦਾ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਖ਼ਾਲਸਾ ਸੱਜ ਜਾਣ ।**

ਸਿਰਫ਼ ਸਿੱਖਾਂ ਨੂੰ ਹੀ ਕਿਉਂ ਕ੍ਰਿਸ਼ਨ ਭਗ਼ਤ ਬਣਾ ਲੈਣ ਲਈ ਬੇਚੈਨ ਹੋ ਰਹੇ ਹਨ ? ਕੀ ਕਾਰਨ ਹੈ ਕਿ ਆਪਣੀ ਪੁਸਤਕ ਲਿਖਣ ਸਮੇ ਸੁਹਿਰਦਤਾ ਅਥਵਾ ਈਮਾਨਦਾਰੀ ਨੂੰ ਤਲਾਂਜਲੀ ਦੇ ਕੇ ਦਸਮ ਗ੍ਰੰਥ ਦੀਆਂ ਲਿਖਤਾਂ ਦੀ ਇਕ ਵਾਗੀ ਚੋਣ ਕਰਕੇ ਪਾਠਕਾਂ ਦੇ ਮਨਾ ਵਿਚ ਅਸਲੀਤ ਦੇ ਉਲਟ ਭੁਲੇਖੇ ਪਾਉਣ ਦਾ ਪੂਰਾ ਯਤਨ ਕੀਤਾ ਹੋਇਆ ਹੈ ? ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਦੀ ਜਾਣ ਬੁੱਝ ਕੇ ਖੰਡਣਾ ਕਰਨ ਦਾ ਕੀ ਕਾਰਨ ਸੀ ? ਕੀ ਇਸ ਵਿਚ ਅਜੇ ਵੀ ਕੋਈ ਸ਼ੱਕ ਹੈ ਕਿ ਨਾਰਾ ਜੀ ਬ੍ਰਾਹਮਣ ਦੇ ਪੱਕੇ ਏਜੰਟ ਹਨ ?

੬੪- **ਐਸੇ ਕਾਹੇ ਭੂਲਿ ਪਰੇ ॥ ਕਰਹਿ ਕਰਾਵਹਿ ਮੂਕਰਿ ਪਾਵਹਿ ਪੇਖਤ ਸੁਨਤ ਸਦਾ ਸੰਗਿ ਹਰੇ ॥ ੧ ॥ ਰਹਾਉ ॥ ਕਾਚ ਬਿਹਾਜਨ ਕੰਚਨ ਛਾਡਨ ਬੈਰੀ ਸੰਗਿ ਹੇਤੁ ਸਾਜਨ ਤਿਆਗਿ ਖਰੇ ॥ ਹੋਵਨੁ ਕਉਰਾ ਅਨਹੋਵਨੁ ਮੀਠਾ ਬਿਖਿਆ ਮਹਿ ਲਪਟਾਇ ਜਰੇ ॥ ੧ ॥ ਅੰਧ ਕੂਪ ਮਹਿ ਪਰਿਓ ਪਰਾਨੀ ਭਰਮ ਗੁਬਾਰ ਮੋਹ ਬੰਧਿ ਪਰੇ ॥ ਕਹੁ ਨਾਨਕ ਪ੍ਰਭ ਹੋਤ ਦਇਆਰਾ ਗੁਰੁ ਭੇਟੈ ਕਾਢੈ ਬਾਹ ਫਰੇ ॥ ੨ ॥**

[੮੨੩]-੧੦-੯੬

## ੧੬

# ਸੁੱਚ ਆਚਾਰ ਅਤੇ ਗੁਰਮਤਿ

ਲੋਕਾਂ ਦੇ ਮਨਾ ਉਤੇ ਬ੍ਾਹਿਮਣ ਦੇ ਮਾਇਆ ਜਾਲ ਦੇ ਜਾਦੂ ਦਾ ਏਨਾ ਡੂੰਘਾ ਅਤੇ ਮਾਰੂ ਪ੍ਰਭਾਵ ਪੈ ਚੁੱਕਾ ਸੀ ਕਿ ਕਈ ਪ੍ਰਕਾਰ ਦੇ ਘਿਣਾਵੂਣੇ ਅਨਰਥ ਹੋਏ ਪਰ ਬ੍ਰਾਹਮਣ ਦੀ ਕੁਟਲ ਨੀਤੀ ਵਿਰੁੱਧ ਉਚਾ ਸਾਹ ਕੋਈ ਨਾ ਲੈ ਸਕਿਆ । ਆਖ਼ਰ ਉਸ ਸ਼ੇਰ ਮਰਦ ਨੇ ਮੁਰਦਾ ਹੋ ਚੁੱਕੇ ਦਿਲਾਂ ਨੂੰ ਝੰਜੋੜ ਕੇ ਜਗਾਇਆ ਜੋ ਮਨੁੱਖਤਾ ਦੇ ਅੰਦਰ ਉਚਾ ਆਚਰਨ ਪੈਦਾ ਕਰਨ ਆਇਆ ਸੀ । ਜਿਸ ਨੇ ਲੋਕਾਂ ਨੂੰ ਕ੍ਰਿਸ਼ਨ ਲੀਲ੍ਹਾ ਦੇ ਪ੍ਰਭਾਵ ਹੇਠੋਂ ਕੱਢ ਕੇ ਸੁੱਚ-ਆਚਾਰ ਦੇ ਮਾਲਕ ਬਣਾ ਕੇ ਜ਼ੁਲਮ ਦੇ ਵਿਰੁੱਧ ਜੂਝਣ ਜੋਗੇ ਬਣਾਇਆ । ਹਲਤ ਅਤੇ ਪਲਤ ਦੋਹਾਂ ਨੂੰ ਸੁਹੇਲਾ ਬਨਾਉਣ ਵਾਸਤੇ, ਸ੍ਰੀ ਗੁਰੂ ਨਾਨਕ ਦੇਵ ਜੀ ਦਿਲੋਂ ਚਾਹੁੰਦੇ ਸਨ ਕਿ ਮਨੁੱਖ ਹਰੀ ਦਾ ਜਨ ਬਣੇ ਅਤੇ ਉਸ ਦੇ ਆਚਰਨ ਦੀ ਸੁਗੰਧੀ ਜਗਤ ਵਿਚ ਸਦਾ ਏਵੇਂ ਫੈਲਦੀ ਰਹਿਣੀ ਚਾਹੀਦੀ ਹੈ ਜਿਵੇਂ ਚੰਦਨ ਆਪਣੀ ਖ਼ੁਸ਼ਬੋ ਨਿਰੰਤਰ ਵਾਯ-ਮੰਡਲ ਨੂੰ ਸੁਗੰਦਤ ਕਰਦੀ ਰਹਿੰਦੀ ਹੈ:---

੬੫- **ਚੰਦਨ ਗੰਧ ਸੁਗੰਧ ਹੈ ਬਹੁ ਬਾਸਨਾ ਬਹਿਕਾਰਿ ॥**
**ਹਰਿ ਜਨ ਕਰਣੀ ਊਤਮ ਹੈ ਹਰਿ ਕੀਰਤਿ ਜਗਿ ਬਿਸਥਾਰਿ ॥ ੩ ॥ [੧੨੬੦]-੯**

ਗੁਰ ਨਾਨਕ ਜੀ ਪਰਮਾਤਮਾ ਦੇ ਮਿਲਪ ਲਈ ਸੁਚੇ ਅਆਚਰਨ ਦੇ ਮਹੱਤਤਾ ਫ਼ੁਰਮਾਨ ਕਰਦੇ ਹਨ:--

੬੬- **ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ ॥**
**ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ ॥ ੫ ॥** [੫੯੭]--੬

**ਅਰਥ**:--ਪਵਿਤ੍ਰ ਹਿਰਦੇ ਵਿੱਚ ਹੀ ਸਦਾ ਕਾਇਮ ਰਹਿਣ ਵਾਲਾ ਪ੍ਰਭੂ ਟਿਕ ਸਕਦਾ ਹੈ, ਪਰ ਸੁਚੇ ਆਚਰਨ ਵਾਲੇ ਜਿਨ੍ਹਾਂ ਦਾ ਹਿਰਦਾ ਪਵਿਤ੍ਰ ਹੋਵੇ ਕੋਈ ਵਿਰਲੇ ਹੁੰਦੇ ਹਨ । ( ਗੁਰੂ ਦੀ ਸਿਖਿਆ ਅਨੁਸਾਰ ਜੀਵਨ ਜੁਗਤ ਸੁਆਰ ਲਈ ਜਾਵੇ ਤਾਂ ਉਸਦੀ ਮਿਹਰ ਨਾਲ ) ਜੀਵ ਨੂੰ ਪਰਮਾਤਮਾ ਮਿਲ ਪੈਂਦਾ ਹੈ । ਹੇ ਨਾਨਕ ! ਅਰਦਾਸ ਕਰ - ਹੇ ਪ੍ਰਭੂ ! ਮੈਂ ਤੇਰੀ ਸਰਨ ਹਾਂ ( ਮੈਨੂੰ ਆਪਣੇ ਚਰਨਾਂ ਵਿਚ ਜੋੜੀ ਰੱਖ ) । ੫ ।

ਅਸੀਂ ਲੋਕਾਂ ਦੀਆਂ ਨਜ਼ਰਾਂ ਵਿਚ ਬੜੇ ਸਫ਼ੈਦ-ਪੋਸ਼ ਬਣੇ ਹੋਏ ਇਹ ਸਮਝਦੇ ਹਾਂ ਕਿ ਸਾਢੀਆਂ ਲੁਕਵੀਆਂ ਕਰਤੂਤਾਂ ਦਾ ਕਿਸੇ ਨੂੰ ਕੀਹ ਪਤਾ ਹੈ ? ਅੰਤਰਜਾਮੀ ਸਤਿਗੁਰੂ ਨੇ ਬੜੇ ਮਿਠੇ ਢੰਗ ਨਾਲ ਸਾਨੂੰ ਸਾਢੇ ਅੰਦਰ ਦਾ ਨਕਸ਼ਾ ਦਿਖਾ ਦੇਣ ਦੇ ਨਾਲ ਹੀ ਉਚਾ ਆਚਰਨ ਬਣਾ ਕੇ ਜੀਵਨ ਸਫ਼ਲਾ ਕਰਨ ਦਾ ਅਨਮੋਲ ਉਪਦੇਸ਼ ਦਿਤਾ ਹੈ । ਸਤਿਗੁਰਾਂ ਨੇ ਫ਼ੁਰਮਾਨ ਕੀਤਾ ਹੈ :-

੬੭- **ਮ: ੧ ॥ ਗਲੀ ਅਸੀ ਚੰਗੀਆ, ਆਚਾਰੀ੧ ਬੁਰੀਆਹ ॥** ੧=ਚਾਲ-ਚਲਣ ਵਿਚ ॥ ੨= ਖੋਟੀਆਂ ॥
**ਮਨਹੁ ਕੁਸੁਧਾ੨ ਕਾਲੀਆ, ਬਾਹਰਿ ਚਿਟਵੀਆਹ ॥**
**ਰੀਸਾ ਕਰਹਿ ਤਿਨਾੜੀਆ੩, ਜੋ ਸੇਵਹਿ ਦਰੁ੪ ਖੜੀਆਹ ॥** ੩=ਉਨ੍ਹਾਂ ਦੀਆਂ ॥ ੪=ਜੋ ਬੂਹਾ ਮੱਲੀ ਬੈਠੀਆਂ ਹਨ ॥
**ਨਾਲਿ ਖਸਮੈ ਰਤੀਆ, ਮਾਣਹਿ ਸੁਖਿ ਰਲੀਆਹ ॥**
**ਹੋਦੈ ਤਾਣਿ ਨਿਤਾਣੀਆ, ਰਹਿਹ ਨਿਮਾਨਣੀਆਹ ॥**
**ਨਾਨਕ ਜਨਮੁ ਸਕਾਰਥਾ੫, ਜੇ ਤਿਨ ਕੈ ਸੰਗਿ ਮਿਲਾਹ ॥ ੨ ॥** [੮੫]--ਵਾਰ] ੫= ਸਫ਼ਲਾ ॥

**ਅਰਥ**:--ਅਸੀਂ ਗੱਲਾਂ ਵਿੱਚ ਸੁਚੱਜੀਆਂ ਹਾਂ, ਪਰ ਆਚਰਨ (ਆਚਾਰੀ) ਦੀਆਂ ਮਾੜੀਆਂ ਹਾਂ, ਮਨੋਂ ਖੋਟੀਆਂ ਤੇ ਕਾਲੀਆਂ ਹਾਂ ਪਰ ਬਾਹਰੋਂ (ਦਿਖਾਵੇ ਨੂੰ ਅਸੀਂ) ਸਾਫ਼ ਸੁਥਰੀਆਂ ਬਣੀਆਂ ਫਿਰਦੀਆਂ ਹਾਂ ਅਤੇ ਰੀਸਾਂ ਉਨ੍ਹਾਂ ਦੀਆਂ ਕਰਦੀਆਂ ਹਾਂ ਜੋ ਸਾਵਧਾਨ ਹੋ ਕੇ ਖਸਮ ਦੇ ਪਿਆਰ ਵਿੱਚ ਭਿਜੀਆਂ ਹੋਈਆਂ ਹਨ (ਭਾਵ, ਜੋ-ਜੀਵ ਇਸਤ੍ਰੀਆਂ ਉਚੇ ਆਚਰਨ ਦੀਆਂ ਹਨ) ਤੇ ਆਨੰਦ ਵਿੱਚ ਰਲੀਆਂ ਮਾਣਦੀਆਂ ਹਨ (ਭਾਵ, ਸਚਿਆਰ ਹੋਣ ਕਰਕੇ ਜਿਨ੍ਹਾਂ ਦਾ ਹਿਰਦਾ ਸਦਾ ਸੁਖੀ ਰਹਿੰਦਾ ਹੈ) । ਜੋ ਤਾਣ ਹੁੰਦਿਆਂ ਭੀ ਨਿਰਮਾਣ ਰਹਿੰਦੀਆਂ ਹਨ (ਭਾਵ, ਜਿਨ੍ਹਾਂ ਦੇ ਅੰਦਰ ਕਿਸੇ ਪ੍ਰਕਾਰ ਦਾ ਅਹੰਕਾਰ ਨਹੀਂ - ਹਉਮੈ ਬੂਝੈ ਤਾ ਦਰ ਸੂਝੈ ॥) ਹੇ ਨਾਨਕ ! ਸਾਡਾ ਜਨਮ ਤਾਂ ਹੀ ਸਫ਼ਲਾ ਹੋ ਸਕਦਾ ਹੈ ਜੇ ਉਨ੍ਹਾਂ (ਨੇਕ ਅਤੇ ਉਚੇ ਜੀਵਾਂ) ਦੀ ਸੰਗਤ ਕਰੀਏ । ੨ ।

ਬ੍ਰਾਹਮਣ ਨੇ ਸਿਰਫ਼ ਇਸਤ੍ਰੀ ਵਾਸਤੇ ਪਤੀ ਬ੍ਰਤਾ ਹੋਣ ਤੇ ਜ਼ੋਰ ਦਿੱਤਾ ਹੈ ਅਤੇ ਪਤੀ ਬ੍ਰਤਾ ਇਸਤ੍ਰੀਆਂ ਨੂੰ ਕਈ ਪ੍ਰਕਾਰ ਦੀਆਂ ਗਾਥਾਵਾਂ ਰਾਹੀਂ ਬੜਾ ਵਡਿਆਇਆ ਹੈ । ਸਤਿਯਾਵਾਨ ਸਾਵਿਤ੍ਰੀ ਅਥਵਾ ਅਨਸੂਈਆ ਆਦਿ ਇਸਤ੍ਰੀਆਂ ਨੂੰ ਸਿਰਫ਼ ਪਤੀ-ਬ੍ਰਤਾ ਹੋਣ ਕਾਰਨ ਹੀ ਵਡੀਆਂ ਰਿਧੀਆਂ ਸਿਧੀਆਂ ਦੀਆਂ ਮਾਲਕ ਦੱਸ ਕੇ ਪੂਜਨੀਕ ਬਣਾ ਦਿੱਤਾ ਪਰ ਮਰਦ ਵਾਸਤੇ ਇਸਤ੍ਰੀ-ਬ੍ਰਤਾ ਹੋਣ ਦੀ ਪਾਬੰਦੀ ਕਿਤੇ ਨਹੀਂ ਲਾਈ । ਸਗੋਂ ਦੇਵਤਿਆਂ ਅਤੇ ਅਵਤਾਰਾਂ ਨੂੰ ਵੀ ਪਰ-ਇਸਤ੍ਰੀ ਗਾਮੀ ਦਰਸਾਉਣ ਵਿੱਚ ਬੜੀ ਖੁਲ੍ਹ ਵਰਤੀ ਹੋਈ ਹੈ । ਗੁਰਬਾਣੀ ਵਿੱਚ ਜਿਥੇ ਹੋਰ ਅਵਗੁਣਾ ਨੂੰ ਨਿੰਦਿਆ ਹੈ ਉਥੇ ਪਰ-ਇਸਤ੍ਰੀ ਗਾਮੀ ਹੋਣ ਨੂੰ ਵਿਸ਼ੇਸ ਕਰਕੇ ਬੁਰਾ ਕਿਹਾ ਹੈ । ਪਰ-ਇਸਤ੍ਰੀ ਗਾਮੀ ਹੋਣ ਨੂੰ ਨਿੰਦਣ ਵਾਲੇ ਅਤੇ ਆਚਰਨ ਨੂੰ ਸੁਆਰਨ ਸਬੰਧੀ ਅਨੇਕ ਸ਼ਬਦਾਂ ਵਿਚੋਂ ਕੁੱਝ ਸ਼ਬਦ ਇਸ ਪ੍ਰਕਾਰ ਹਨ :-

੬੮- **ਅੰਮ੍ਰਿਤ ਕਾਇਆ ਰਹੈ ਸੁਖਾਲੀ ਬਾਜੀ ਇਹੁ ਸੰਸਾਰੋ ॥ ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ ॥**

**ਤੂੰ ਕਾਇਆ ਮੈ ਰੁਲਦੀ ਦੇਖੀ, ਜਿਉ ਧਰ ਉਪਰਿ ਛਾਰੋ ॥ ੧ ॥ ਸੁਣਿ ਸੁਣਿ ਸਿਖ ਹਮਾਰੀ ॥ ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ, ਬਹੁੜਿ ਨ ਆਵੈ ਵਾਰੀ ॥ ੧ ॥ ਰਹਾਉ ॥ ਹਉ ਤੁਧੁ ਆਖਾ ਮੇਰੀ ਕਾਇਆ, ਤੂੰ ਸੁਣਿ ਸਿਖ ਹਮਾਰੀ ॥ ਨਿੰਦਾ ਚਿੰਦਾ ਕਰਹਿ ਪਰਾਈ ਝੂਠੀ ਲਾਇਤਬਾਰੀ ॥ ਵੇਲਿ ਪਰਾਈ ਜੋਹਹਿ ਜੀਅੜੇ ਕਰਹਿ ਚੋਰੀ ਬੁਰਿਆਰੀ ॥ ਹੰਸੁ ਚਲਿਆ ਤੂੰ ਪਿਛੈ ਰਹੀਏਹਿ ਛੁਟੜਿ ਹੋਈਅਹਿ ਨਾਰੀ ॥ ੨ ॥ ਤੂੰ ਕਾਇਆ ਰਹੀਅਹਿ ਸੁਪਨੰਤਰਿ, ਤੁਧੁ ਕਿਆ ਕਰਮ ਕਮਾਇਆ ॥ ਕਰਿ ਚੋਰੀ ਮੈ ਜਾ ਕਿਛੁ ਲੀਆ, ਤਾ ਮਨਿ ਭਲਾ ਭਾਇਆ ॥ ਹਲਤਿ ਨ ਸੋਭਾ ਪਲਤਿ ਨ ਢੋਈ, ਅਹਿਲਾ ਜਨਮੁ ਗਵਾਇਆ ॥ ੩ ॥ ਹਉ ਖਰੀ ਦੁਹੇਲੀ ਹੋਈ ਬਾਬਾ, ਨਾਨਕ ਮੇਰੀ ਬਾਤ ਨ ਪੁਛੈ ਕੋਈ ॥ ੧ ॥ ਰਹਾਉ ॥** [੧੫੪]--੧੩

**ਅਰਥ:**--ਇਹ ਸਰੀਰ ਆਪਣੇ ਆਪ ਨੂੰ ਅਮਰ ਜਾਣ ਕੇ ਸੁਖ ਮਾਣਨ ਵਿੱਚ ਲੱਗਾ ਰਹਿੰਦਾ ਹੈ, (ਇਹ ਨਹੀਂ ਸਮਝਦਾ ਕਿ) ਇਹ ਜਗਤ ਇੱਕ ਖੇਡ ਹੀ ਹੈ । ਹੇ ਮੇਰੇ ਸਰੀਰ ! ਤੂੰ ਲਬ ਲੋਭ ਕਰ ਰਿਹਾ ਹੈਂ, ਤੂੰ ਬਹੁਤ ਕੂੜ ਕਮਾ ਰਿਹਾ ਹੈਂ (ਵਿਅਰਥ ਦੀ ਦੋੜ ਭਜ ਵਿੱਚ ਸਮਾ ਗੁਆ ਰਿਹਾ ਹੈਂ), ਤੂੰ (ਆਪਣੇ ਉੱਤੇ ਲੱਬ ਲੋਭ ਕੂੜ ਆਦਿਕ ਦੇ ਅਸਰ ਹੇਠ ਕੀਤੇ ਮਾੜੇ ਕੰਮਾ ਦਾ) ਭਾਰ ਚੁਕਦਾ ਜਾ ਰਿਹਾ ਹੈਂ । ਹੇ ਮੇਰੇ ਸਰੀਰ ! ਮੈਂ ਤੇਰੇ ਵਰਗੇ ਇਉਂ ਰੁਲਦੇ ਵੇਖੇ ਹਨ ਜਿਵੇਂ ਧਰਤੀ ਉਤੇ ਸੁਆਹ **। ੧ ।** ਹੇ ਮੇਰੀ ਜਿੰਦੇ ! ਮੇਰੀ ਸਿਖਿਆ ਧਿਆਨ ਨਾਲ ਸੁਣ । ਕੀਤੀ ਹੋਈ ਨੇਕ ਕਮਾਈ ਹੀ ਤੇਰੇ ਨਾਲ ਨਿਭੇਗੀ (ਉਚੇ ਆਚਰਨ ਨਾਲ ਕੀਤੇ ਹੋਏ ਲੋਕ ਭਲਾਈ ਵਾਲੇ ਨੇਕ ਕੰਮ ਹੀ ਅੰਤ ਤੇਰੇ ਸਹਾਈ ਹੋਣੇ ਹਨ) । (ਜੇ ਇਹ ਮਨੁੱਖਾ ਜਨਮ ਗੁਆ ਲਿਆ) ਤਾਂ ਮੁੜ ਛੇਤੀ ਵਾਰੀ ਨਹੀਂ ਮਿਲੇ ਗੀ (ਮਨੁੱਖਾ ਜਨਮ ਦੁਬਾਰਾ ਬੜੀ ਮੁਸ਼ਕਲ ਨਾਲ ਮਿਲਣਾ ਹੈ) **। ਰਹਾਉ ।** ਹੇ ਮੇਰੇ ਸਰੀਰ ! ਮੈਂ ਤੈਨੂੰ ਸਮਝਾਂਦਾ, ਮੇਰੀ ਨਸੀਹਤ ਧਿਆਨ ਨਾਲ ਸੁਣ । ਤੂੰ ਪਰਾਈ ਨਿੰਦਾ ਦਾ ਧਿਆਨ ਰਖਦਾ ਹੈਂ, ਤੂੰ ਹੋਰਨਾ ਦੀ ਝੂਠੀ ਚੁਗਲੀ ਕਰਦਾ ਰਹਿੰਦਾ ਹੈਂ । ਹੇ ਜੀਵ ! ਤੂੰ ਪਰਾਈ ਇਸਤ੍ਰੀ ਨੂੰ ਭੈੜੀ ਨਿਗਾਹ ਨਾਲ ਤੱਕਦਾ ਹੈਂ, ਤੂੰ ਚੋਰੀਆਂ ਕਰਦਾ ਹੈਂ, ਹੋਰ ਕਈ ਬੁਰਾਈਆਂ ਕਰਦਾ ਹੈਂ । ਹੇ ਮੇਰੀ ਕਾਇਆਂ ! ਜਦੋਂ ਜੀਵਾਤਮਾ ਤੁਰ ਜਾਵੇਗਾ, ਤੂੰ ਏਥੇ ਹੀ ਰਹਿ ਜਾਇੰਗੀ, ਤੂੰ ਤਦੋਂ ਛੁਟੱੜ ਇਸਤ੍ਰੀ ਵਾਂਗ ਹੋ ਜਾਏਂਗੀ । ੨ । ਹੇ ਮੇਰੇ ਸਰੀਰ ! ਤੂੰ (ਮਾਇਆ ਦੀ) ਨੀਂਦ ਵਿਚ ਹੀ ਸੁੱਤਾ ਰਿਹਾ (ਤੈਨੂੰ ਸਮਝ ਹੀ ਨ ਆਈ ਕਿ) ਤੂੰ ਕੀਹ ਕਰਤੂਤਾਂ ਕਰਦਾ ਰਿਹਾ । ਚੋਰੀ ਆਦਿਕ ਕਰ ਕੇ ਜੋ ਮਾਲ-ਧਨ ਮੈਂ (ਜੀਵ ਆਤਮਾ ਸਰੀਰ ਨੂੰ ਕਹਿ ਰਿਹਾ ਦਰਸਾਇਆ ਹੈ) ਲਿਆਉਂਦਾ ਰਿਹਾ, ਤੈਨੂੰ ਉਹ ਮਨ ਵਿਚ ਪਸੰਦ ਆਉਂਦਾ ਰਿਹਾ । (ਇਸ ਤਰ੍ਹਾਂ) ਨਾਹ ਇਸ ਲੋਕ ਵਿੱਚ ਸੋਭਾ ਖੱਟੀ, ਨਾਹ ਪਰਲੋਕ ਵਿਚ ਆਸਰਾ (ਮਿਲ ਸਕਣ ਦਾ ਪ੍ਰਬੰਧ) ਹੋਇਆ । ਕੀਮਤੀ ਮਨੁੱਖਾ ਜਨਮ ਜ਼ਾਇਆ ਕਰ ਲਿਆ, (ਗੁਆ ਲਿਆ) ।੩। (ਜੀਵਾਤਮਾ ਦੇ ਤੁਰ ਜਾਣ ਤੇ) ਮੈਂ ਕਾਂਇਆਂ ਬਹੁਤ ਦੁਖੀ ਹੋਈ ਹਾਂ । ਹੇ ਨਾਨਕ ! ਮੇਰੀ ਹੁਣ ਕੋਈ ਵਾਤ ਨਹੀਂ ਪੁੱਛਦਾ । ੧ । ਰਹਾਉ ।

੬੯- **ਮੁਖਿ ਨਿੰਦਾ ਆਖਾ ਦਿਨੁ ਰਾਤਿ ॥ ਪਰ ਘਰੁ ਜੋਹੀ ਨੀਚ ਸਨਾਤਿ ॥**
**ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ ॥ ਧਾਣਕ ਰੂਪਿ ਰਹਾ ਕਰਤਾਰ ॥ ੨ ॥** [੨੪]-੨੯

**ਅਰਥ:**--ਮੈਂ ਰਾਤ ਦਿਨੇ ਮੂਹੋਂ (ਦੂਜਿਆਂ ਦੀ) ਨਿੰਦਾ ਕਰਦਾ ਰਹਿੰਦਾ ਹਾਂ, ਮੈਂ ਨੀਚ ਤੇ ਨੀਵੇਂ ਅਸਲੇ ਵਾਲਾ ਹੋ ਗਿਆ ਹਾਂ, ਪਰਾਇਆ ਘਰ (ਪਰਾਇਆ ਤਨ ਤੇ ਧਨ) ਤੱਕਦਾ ਹਾਂ । ਮੇਰੇ ਸਰੀਰ ਵਿੱਚ ਕਾਮ ਤੇ ਕ੍ਰੋਧ ਚੰਡਾਲ ਵੱਸ ਰਹੇ ਹਨ, ਹੇ ਕਰਤਾਰ ! ਮੈਂ ਸਾਂਸੀਆਂ ਵਾਲੇ ਰੂਪ ਵਿੱਚ ਤੁਰਿਆ ਫਿਰਦਾ ਹਾਂ । ੨ । (ਸਾਂਸੀ ਜਾਤਿ ਨੂੰ ਮਾੜਾ ਨਹੀਂ ਕਿਹਾ, ਚੰਡਾਲਾਂ ਅਥਵਾ ਸਾਂਸੀਆਂ ਵਾਲੇ ਘਟੀਆਂ ਅਤੇ ਨੀਚ ਕਰਮਾ ਵੱਲ ਝਾਤ ਮਰਵਾਈ ਹੈ) ।

੭੦- **ਹਾਥ ਕਮੰਡਲੁ ਕਾਪੜੀਆ, ਮਨਿ ਤ੍ਰਿਸਨਾ ਉਪਜੀ ਭਾਰੀ ॥**
**ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ॥**
**ਸਿਖ ਕਰੇ, ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ ॥**
**ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ ॥ ੬ ॥** [੧੦੧੩]-੭

**ਅਰਥ:**--(ਮਨਮੁਖ ਮਨੁੱਖ ਤਿਆਗੀ ਬਣ ਕੇ) ਹੱਥ ਵਿੱਚ ਚਿੱਪੀ ਫੜ ਲੈਂਦਾ ਹੈ, ਲੀਰਾਂ ਦਾ ਚੋਲਾ ਪਹਿਨ ਲੈਂਦਾ ਹੈ, ਪਰ ਮਨ ਵਿੱਚ ਮਾਇਆ ਦੀ ਭਾਰੀ ਤ੍ਰਿਸ਼ਨਾ ਪੈਦਾ ਹੋਈ ਰਹਿੰਦੀ ਹੈ (ਆਪਣੇ ਵਲੋਂ ਤਿਆਗੀ ਬਣ ਕੇ) ਆਪਣੀ ਇਸਤ੍ਰੀ ਛੱਡ ਕੇ ਆਏ ਨੂੰ ਕਾਮ-ਵਾਸਨਾ ਨੇ ਆ ਦਬਾਇਆ, ਤਾਂ ਪਰਾਈ ਨਾਰ ਨਾਲ ਚਿੱਤ ਜੋੜਦਾ ਹੈ । ਚੇਲੇ ਬਣਾਂਦਾ ਹੈ, ਗੁਰੂ ਦੇ ਸ਼ਬਦ ਨੂੰ ਨਹੀਂ ਪਛਾਣਦਾ, ਕਾਮ-ਵਾਸ਼ਨਾ ਵਿੱਚ ਗ੍ਰਸਿਆ ਹੋਇਆ ਹੈ, ਤੇ (ਇਸ ਤਰ੍ਹਾਂ ਸੰਨਿਆਸੀ ਬਣਨ ਦੇ ਥਾਂ ਲੋਕਾਂ ਦੀਆਂ ਨਜ਼ਰਾਂ ਵਿੱਚ) ਮਸਖ਼ਰਾ ਬਣਿਆ ਹੋਇਆ ਹੈ । (ਮਨਮੁਖ ਦੇ ਅੰਦਰ ਆਤਮਕ ਮੌਤ ਲਿਆਉਣ ਵਾਲੀ ਤ੍ਰਿਸ਼ਨਾ ਦਾ) ਜ਼ਹਿਰ ਹੈ, ਬਾਹਰ ਲੋਕਾਂ ਨੂੰ ਵਿਖਾਣ ਵਾਸਤੇ ਸ਼ਾਂਤੀ ਧਾਰਨ ਕੀਤੀ ਹੋਈ ਹੈ । (ਅਜੇਹੇ ਪਖੰਡੀ ਨੂੰ) ਆਤਮਕ ਮੌਤ ਖ਼ੁਆਰ ਕਰਦੀ ਹੈ । ੬ ।

੭੧- **ਸਾਚੀ ਸੁਰਤਿ, ਨਾਮਿ ਨਹੀ ਤ੍ਰਿਪਤੇ, ਹਉਮੈ ਕਰਤ ਗਵਾਇਆ ॥**
**ਪਰ ਧਨ, ਪਰ ਨਾਰੀ ਰਤੁ, ਨੰਦਾ ਬਿਖੁ ਖਾਈ ਦੁਖੁ ਪਾਇਆ ॥**
**ਸਬਦੁ ਚੀਨਿ੍ ਭੈ ਕਪਟ ਨ ਛੂਟੇ, ਮਨਿ ਮੁਖਿ ਮਾਇਆ ਮਾਇਆ ॥**
**ਅਜਗਰਿ ਭਾਰਿ ਲਦੇ ਅਤਿ ਭਾਰੀ, ਮਰਿ ਜਨਮੇ ਜਨਮੁ ਗਵਾਇਆ ॥ ੧ ॥** [੧੨੫੪]-੩

**ਅਰਥ:**--ਜਿਨ੍ਹਾ ਦੀ ਸੁਰਤਿ ਅਡੋਲ ਹੋ ਕੇ ਪ੍ਰਭੂ ਦੇ ਨਾਮ ਵਿੱਚ ਨਹੀਂ ਜੁੜੀ, ਉਹ ਮਾਇਆ ਦੀ ਤ੍ਰਿਸਨਾ ਵਲੋਂ ਪਰਤ ਨਹੀਂ ਸਕੇ, ਮੈਂ ਵਡ੍ਹਾ ਬਣ ਜਾਂਵਾਂ, ਮੈਂ ਵਡ੍ਹਾ ਬਣ ਜਾਵਾਂ - ਇਹ ਆਖ ਆਖ ਕੇ ਉਨ੍ਹਾਂ ਆਪਣਾ ਜੀਵਨ ਗਵਾ ਲਿਆ । ਉਨ੍ਹਾਂ ਦਾ ਮਨ ਪਰਾਏ ਧਨ ਪਰਾਈ ਇਸਤ੍ਰੀ ਤੇ ਪਰਾਈ ਨਿੰਦਿਆ ਵਿਚ ਮਸਤ ਰਿਹਾ, ਉਹ (ਸਦਾ ਪਰ ਧਨ ਪਰ ਨਾਰੀ ਪਰ ਨਿੰਦਾ ਦੀ) ਜ਼ਹਿਰ ਖਾਂਦੇ ਰਹੇ (ਆਤਮਕ ਖ਼ੁਰਾਕ ਬਣਾਈ ਰੱਖੀ), ਤੇ ਦੁੱਖ ਹੀ ਸਹੇੜਦੇ ਰਹੇ । ਸਿਫ਼ਤ ਸਾਲਾਹ ਦੀ ਬਾਣੀ ਨੂੰ ਵਿਚਾਰ ਕੇ ਉਨ੍ਹਾਂ ਦੇ ਦੁਨੀਆਂ ਵਾਲੇ ਡਰ ਤੇ ਛਲ ਨਾਹ ਮੁੱਕੇ, ਉਨ੍ਹਾਂ ਦੇ ਮਨ ਵਿਚ ਵੀ ਮਾਇਆ (ਦੀ ਲਗਨ) ਹੀ ਰਹੀ, ਉਨ੍ਹਾਂ ਦੇ ਮੂੰਹ ਵਿੱਚ ਵੀ ਮਾਇਆ ਦੀ (ਦੰਦ ਕਥਾ) ਹੀ ਰਹੀ । ਉਹ ਸਦਾ (ਮਾਇਆ ਦੇ ਮੋਹ ਦੇ) ਬੇਅੰਤ ਵਡ੍ਹੇ ਭਾਰ ਹੇਠ ਲੱਦੇ ਰਹੇ, ਜਨਮ ਮਰਨ ਦੇ ਵਿੱਚ ਪੈ ਕੇ ਉਨ੍ਹਾਂ ਜੀਵਨ ਅਜਾਈਂ ਗਵਾ ਲਿਆ । ੧ ।

੭੨- **ਘਰ ਕੀ ਨਾਰਿ ਤਿਆਗੈ ਅੰਧਾ ॥ ਪਰ ਨਾਰੀ ਸਿਉ ਘਾਲੈ ਧੰਧਾ ॥**
**ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ ॥ ਅੰਤ ਕੀ ਬਾਰ ਮੂਆ ਲਪਟਾਨਾ ॥੧॥**
**ਪਾਪੀ ਕਾ ਘਰੁ ਅਗਨੇ ਮਾਹਿ ॥ ਜਲਤ ਰਹੈ ਮਿਟਵੈ ਕਬ ਨਾਹਿ ॥੧॥ ਰਹਾਉ ॥** [੧੧੬੪]--੨

**ਅਰਥ:**--ਅੰਨ੍ਹਾ (ਪਾਪੀ) ਆਪਣੀ ਵਹੁਟੀ ਛੱਡ ਦੇਂਦਾ ਹੈ, ਤੇ ਪਰਾਈ ਜ਼ਨਾਨੀ ਨਾਲ ਝਖਾਂ ਮਾਰਦਾ ਹੈ, (ਪਰਾਈ ਨਾਰ ਨੂੰ ਵੇਖ ਕੇ ਇਉਂ ਹੀ ਖ਼ੁਸ਼ ਹੁੰਦਾ ਹੈ) ਜਿਵੇਂ ਤੋਤਾ ਸਿੰਬਲ ਰੁੱਖ ਨੂੰ ਵੇਖ ਕੇ ਖ਼ੁਸ਼ ਹੁੰਦਾ ਹੈ (ਪਰ ਉਸ ਸਿੰਬਲ ਤੋਂ ਉਸ ਤੋਤੇ ਨੂੰ ਹਾਸਲ ਕੁਝ ਨਹੀਂ ਹੁੰਦਾ), ਆਖ਼ਰ ਨੂੰ ਅਜੇਹਾ ਵਿਕਾਰੀ ਮਨੁੱਖ (ਇਸ ਵਿਕਾਰ) ਵਿੱਚ ਗ੍ਰਸਿਆ ਹੋਇਆ ਮਰ ਜਾਂਦਾ ਹੈ । ੧ । ਵਿਕਾਰੀ ਬੰਦੇ ਦਾ ਟਿਕਾਣਾ ਸਦਾ ਉਸ ਅੱਗ ਵਿੱਚ ਰਹਿੰਦਾ ਹੈ ਜੋ ਅੱਗ ਸਦਾ ਬਲਦੀ ਹੀ ਰਹਿੰਦੀ ਹੈ, ਕਦੇ ਬੁਝਦੀ ਨਹੀਂ । ਰਹਾਉ ।

ਗੁਰੂ ਅਰਜਨ ਦੇਵ ਜੀ, ਕੰਨ ਪਾਟੇ ਜੋਗੀ ਦੀ ਅਸਲੀਅਤ ਦਸਦੇ ਹੋਏ ਪਰਾਈ ਇਸਤ੍ਰੀ ਤੇ ਬੁਰੀ-ਨਜ਼ਰ ਰਖਣ ਵਾਲੇ ਨੂੰ ਮਹਾਂ-ਦੁਖੀ ਦਸਦੇ ਹੋਏ ਫ਼ੁਰਮਾਨ ਕਰਦੇ ਹਨ ਕਿ ਨਿਰਾ ਧਾਰਮਿਕ ਭੇਖ ਧਾਰਨ ਕਰ ਲੈਣ ਨਾਲ ਪ੍ਰਭੂ ਨਹੀਂ ਮਿਲਦਾ :-

੭੩- **ਕਾਨ ਫਰਾਇ ਹਿਰਾਏ ਟੂਕਾ ॥ ਘਰਿ ਘਰਿ ਮਾਂਗੈ ਤ੍ਰਿਪਤਾਵਨ ਤੇ ਚੂਕਾ ॥**

**ਬਨਿਤਾ ਛੋਡਿ ਬਦ ਨਦਰਿ ਪਰ ਨਾਰੀ ॥ ਵੇਸਿ ਨ ਪਾਈਐ ਮਹਾ ਦੁਖਿਆਰੀ ॥ ੫ ॥**[੧੩੪੮]-੨

**ਪਦ ਅਰਥ:**--ਫਿਰਾਇ--(ਕੰਨ) ਪੜਾ ਕੇ । ਹਿਰਾਏ--[ਹੇਰੇ] ਤੱਕਦਾ ਫਿਰਦਾ ਹੈ । ਟੂਕਾ--ਟੁੱਕਰ । ਚੂਕਾ--ਰਹਿ ਜਾਂਦਾ ਹੈ । ਬਨਿਤਾ--ਇਸਤ੍ਰੀ । ਛੋਡਿ--ਛੱਡ ਕੇ । ਬਦ--ਮੰਦੀ । ਨਦਰਿ--ਨਿਗਾਹ । ਵੇਸਿ--ਵੇਸ ਨਾਲ, ਧਾਰਮਿਕ ਪਹਿਰਾਵੇ ਨਾਲ ।੫।

੭੪- **ਕਾਮਵੰਤ ਕਾਮੀ ਬਹੁ ਨਾਰੀ , ਪਰ ਗ੍ਰਿਹ ਜੋਹ ਨ ਚੂਕੈ ॥**

**ਦਿਨ ਪ੍ਰਤਿ ਕਰੈ, ਕਰੈ ਪਛੁਤਾਪੈ, ਸੋਗ ਲੋਭ ਮਹਿ ਸੂਕੈ ॥ ੩ ॥** [੬੭੨]--੬

**ਪਦ ਅਰਥ:**--ਕਾਮਵੰਤ--ਕਾਮ-ਵਾਸਨਾ ਵਾਲਾ । ਕਾਮੀ--ਵਿਸ਼ਈ । ਪਰ ਗ੍ਰਿਹ ਜੋਹ--ਪਰਾਏ ਘਰ ਦੀ ਤੱਕ ਤੋਂ । ਜੋਹ--ਤੱਕ, ਮੰਦ ਦ੍ਰਿਸ਼ਟੀ, ਭੈੜੀ ਵਿਕਾਰ ਭਰੀ ਨਿਗਾਹ । ਨ ਚੂਕੇ--ਕਦੇ ਨਹੀਂ ਖੁੰਜਦਾ (ਪਰਾਏ ਘਰ ਵਲੋਂ ਮੰਦੀ-ਨਜ਼ਰ ਹਟਾਂਉਂਦਾ ਹੀ ਨਹੀਂ)। ਦਿਨ ਪ੍ਰਤਿ--ਹਰ ਰੋਜ਼ । ਸੂਕੈ--(ਉਸ ਦਾ ਆਤਮਕ ਜੀਵਨ) ਸੁਕਦਾ ਜਾਂਦਾ ਹੈ । (ਬ੍ਰਾਹਮਣ ਨੇ ਆਪਣੇ ਇਸ਼ਟ ਕ੍ਰਿਸ਼ਨ ਨੂੰ ਜਿਵੇਂ ਮਹਾਂ ਕਾਮੀ ਸਿੱਧ ਕੀਤਾ ਹੋਇਆ ਹੈ)।

੭੫- **ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ ॥**

**ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ ॥ ੩ ॥** [੬੧੬]-੨੬

**ਅਰਥ :-** ਵਿਕਾਰੀ ਮਨੁੱਖ ਦਰਵਾਜ਼ੇ ਬੰਦ ਕਰਕੇ ਅਨੇਕਾਂ ਪਰਦਿਆਂ ਦੇ ਪਿਛੇ ਪਰਾਈ ਇਸਤ੍ਰੀ ਨਾਲ ਕੁਕਰਮ ਕਰਦਾ ਹੈ, (ਪਰ, ਹੇ ਭਾਈ !) ਜਦੋਂ (ਧਰਮ ਰਾਜ ਦੇ ਦੂਤ) ਚਿਤ੍ਰ ਗੁਪਤ (ਤੇਰੀਆਂ ਕਰਤੂਤਾਂ ਦਾ) ਹਿਸਾਬ ਮੰਗਣਗੇ, ਤਦੋਂ ਕੋਈ ਭੀ ਤੇਰੀਆਂ ਕਰਤੂਤਾਂ ਉਤੇ ਪਰਦਾ ਨਹੀਂ ਪਾ ਸਕੇਗਾ ।੩।) [ਧਰਮ ਰਾਜ ਵਾਲਾ ਬ੍ਰਾਹਮਣੀ-ਡਰ ਦਰਸਾ ਕੇ ਮੰਦ ਕਰਮਾ ਤੋਂ ਰੋਕਣ ਦਾ ਯਤਨ ਹੈ, ਉਂਜ ਗੁਰਮਤ ਕਿਸੇ ਧਰਮਰਾਜ ਨੂੰ ਨਹੀਂ ਮੰਨਦੀ ]

੭੬- **ਮ: ੫ ॥ ਕਿਆ ਗਾਲਾਇਓ ਭੂਛ, ਪਰ ਵੇਲਿ ਨ ਜੋਹੇ ਕੰਤ ਤੂ ॥**

**ਨਾਨਕ ਫੁਲਾ ਸੰਦੀ ਵਾੜਿ, ਖਿੜਿਆ ਹਭੁ ਸੰਸਾਰੁ ਜਿਉ ॥ ੩ ॥** [੧੦੯੫]-ਵਾਰ-੪

**ਅਰਥ:**--ਹੇ ਜੀਵ ਤੂੰ ਹਰ ਥਾਂ ਕੰਤ ਪ੍ਰਭੂ ਨੂੰ ਵੇਖ, ਪ੍ਰਾਈ ਇਸਤ੍ਰੀ ਨੂੰ (ਮੰਦ ਭਾਵਨਾ ਨਾਲ) ਨਾਹ ਵੇਖ, ਤੇ (ਕਾਮਾਤੁਰ) ਮਤਿ ਹੀਣੇ ਨਾਪਾਕ ਬੋਲ ਨਾਹ ਬੋਲ । ਹੇ ਨਾਨਕ ! ਜਿਵੇਂ ਫੁਲਵਾੜੀ ਖਿੜੀ ਹੁੰਦੀ ਹੈ ਤਿਵੇਂ, ਸਾਰਾ ਸੰਸਾਰ ਖਿੜਿਆ ਹੋਇਆ ਹੈ (ਏਥੇ ਕੋਈ ਫੁੱਲ ਤੋੜਨਾ ਨਹੀਂ ਹੈ, ਭਾਵ ਕਿਸੇ ਪਰਾਈ ਇਸਤ੍ਰੀ ਵੱਲ ਮੰਦ ਭਾਵਨਾ ਨਹੀਂ ਰੱਖਣੀ) । ੩ ।

ਗੁਰਮਤ ਦੇ ਪਰਚਾਰਕ ਭਾਈ ਗੁਰਦਾਸ ਜੀ ਨੇ ਆਪਣੀ ਪਤਨੀ ਤੋ ਬਿਨਾ ਸਭ ਇਸਤ੍ਰੀਆਂ ਨੂੰ ਧੀ ਭੈਂਣ ਸਮਝਣ ਦਾ ਉਪਦੇਸ਼ ਦਿਤਾ ਹੈ ਅਤੇ ਪਰ-ਇਸਤ੍ਰੀ ਤੇ ਮੰਦੀ ਨਜ਼ਰ ਨਾ ਰਖਣ ਵਾਲੇ ਨੂੰ ਸਲਾਹਿਆ ਹੈ :-

**ਏਕਾ ਨਾਰੀ ਜਤੀ ਹੋਇ, ਪਰ ਨਾਰੀ ਧੀ ਭੈਣੁ ਵਖਾਣੈ ।** ( ਵਾਰ ੬ ਪਉੜੀ ੮ )

**ਹਉ ਤਿਸੁ ਘੋਲਿ ਘੁਮਾਇਆ, ਪਰ ਨਾਰੀ ਦੇ ਨੇੜਿ ਨ ਜਾਵੈ ।** ( ਵਾਰ ੧੨ ਪਉੜੀ ੪ )

**ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ ।** ( ਵਾਰ ੨੯ ਪਉੜੀ ੧੧)

ਰਹਤਨਾਮਾ ਪ੍ਰਸ਼ਨ ਉਤੱਰ ਭਾਈ ਨੰਦ ਲਾਲ ਕਾ

**ਪਰ ਬੇਟੀ ਕੋ ਬੇਤੀ ਜਾਨੈ । ਪਰ ਇਸਤ੍ਰੀ ਕੋ ਮਾਤ ਬਖਾਨੈ ।**

**ਅਪਨੀ ਇਸਤ੍ਰੀ ਸੋਂ ਰਤ ਹੋਈ । ਰਹਤਵਾਨ ਗੁਰ ਕਾ ਸਿੱਖ ਸੋਈ ।**

ਗੁਰੂ ਗ੍ਰੰਥ ਸਾਹਿਬ ਜੀ ਏਥੋਂ ਤਕ ਵੀ ਫੁਰਮਾਨ ਕਰਦੇ ਹਨ ਕਿ ਜਿਸ ਮਨੁਖ ਨੇ ਪਰਾਏ ਧਨ ਅਤੇ ਪਰਾਈ ਇਸਤ੍ਰੀ ਦਾ ਤਿਆਗ ਕੀਤਾ ਹੈ, ਪਰਮਾਤਮਾ ਸਦਾ ਹੀ ਉਸ ਦੇ ਅੰਗ ਸੰਗ ਵੱਸ ਰਿਹਾ ਹੁੰਦਾ ਹੈ :--

੭੭- **ਪਰ ਧਨ, ਪਰ ਦਾਰਾ, ਪਰਹਰੀ ॥ ਤਾ ਕੈ ਨਿਕਟਿ ਬਸੈ ਨਰਹਰੀ ॥** [੧੧੬੩]--੨

ਪਦ ਅਰਥ:--ਦਾਰਾ--ਇਸਤ੍ਰੀ । ਪਰਹਰੀ--ਤਿਆਗੀ ਦਿਤੀ । ਨਰਹਰੀ--ਪਰਮਾਤਮਾ ।

ਜਿਵੇਂ ਸ੍ਰੀ ਰਾਮ ਚੰਦ੍ਰ ਦੀ ਆਪਣੀ ਮਰਯਾਦਾ ਕੋਈ ਨਹੀਂ ਸੀ, ਸਾਰੀ ਦੀ ਸਾਰੀ ਮਰਯਾਦਾ ਬ੍ਰਾਹਮਣ ਦੀ ਹੀ ਬਣਾਈ ਹੋਈ ਸੀ, ਉਸੇ ਤਰ੍ਹਾਂ ਆਚਰਨ ਹੀਣਤਾ ਵਾਲੀਆਂ ਜਿਨੀਆਂ ਕਹਾਣੀਆਂ ਕ੍ਰਿਸ਼ਨ ਜੀ ਦੇ ਨਾਮ ਨਾਲ ਮੜ੍ਹੀਆਂ ਹੋਈਆਂ ਹਨ ਉਹ ਸਾਰੀਆਂ ਬ੍ਰਾਹਮਣ ਦੇ ਆਪਣੇ ਆਚਰਨ ਦੀਆਂ ਸੱਚੀਆਂ ਸਾਖੀਆਂ ਦਾ ਰੂਪਾਂਤਰ ਮਾਤ੍ਰ ਹਨ । ਕ੍ਰਿਸ਼ਨ ਨੂੰ ਰੱਬ ਥਾਪ ਕੇ ਆਪਣੇ ਇਸ ਸਭ ਕੁਝ ਨੂੰ ਧਰਮ ਦਾ ਅੰਗ ਬਣਾ ਲੈਣ ਲਈ ਰਾਮਾਇਣ ਦੇ ਹੀ ਲਿਖਾਰੀ ਨੇ ਮਹਾਭਾਰਤ ਗ੍ਰੰਥ ਵੀ ਇੱਕ ਡਰਾਮਾ ਹੀ ਰਚਿਆ ਸੀ । ਬਿੱਪ੍ਰ ਜੀ ਨੇ ਰਾਮਾਇਣ ਗਾਥਾ ਵਾਂਗ ਏਥੇ ਵੀ ਆਪਣੇ ਝੂਠ ਨੂੰ ਗਿਆਨ ਦਾ ਅਜੇਹੇ ਮੋਟੇ ਬੁਰਕੇ ਵਿਚ ਲਪੇਟ ਕੇ ਪੇਸ਼ ਕੀਤਾ ਕਿ, ਨਿਰੋਲ ਝੂਠ ਦਾ ਪਾਠ ਕਰਨਾ ਕਲਿਆਣ ਕਾਰੀ ਮੰਨਿਆਂ ਜਾਣ ਲੱਗ਼ ਪਿਆ ।

੭੮- **ਝੂਠੁ ਬਾਤ ਸਾ ਸਚੁ ਕਰਿ ਜਾਤੀ ॥ ਸਤਿ ਹੋਵਨੁ ਮਨਿ ਲਗੈ ਨ ਰਾਤੀ ॥ ੨ ॥ ਬਾਵੈ ਮਾਰਗੁ ਟੇਢਾ ਚਲਨਾ ॥ ਸੀਧਾ ਛੋਡਿ ਅਪੂਠਾ ਬੁਨਨਾ ॥ ੩ ॥ ਦੁਹਾ ਸਿਰਿਆ ਕਾ ਖਸਮੁ ਪ੍ਰਭੁ ਸੋਈ ॥ ਜਿਸੁ ਮੇਲੇ ਨਾਨਕ ਸੋ ਮੁਕਤਾ ਹੋਈ ॥ ੪ ॥**

[੧੮੫]-੨੯-੯੮